ਸੁਜਾਨ ਸਿੰਘ ਦੀਆਂ

ਚੋਣਵੀਆਂ ਕਹਾਣੀਆਂ

ਅੰਤਰ-ਭਾਰਤੀ ਪੁਸਤਕਮਾਲਾ

ਸੁਜਾਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ

ਸੰਪਾਦਕ

ਡਾ. ਸੁਰਿੰਦਰਪਾਲ ਸਿੰਘ

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 81-237-1779-2

1996 (ਸ਼ੱਕ ਸੰਮਤ 1918)

Sujan Singh Dian Chonvian Kahanian *(Original Punjabi)*

ਮੁੱਲ : 66.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਏ-5, ਗਰੀਨ ਪਾਰਕ, ਨਵੀਂ ਦਿੱਲੀ-110016 ਵਲੋਂ ਪ੍ਰਕਾਸ਼ਿਤ।

ਤਤਕਰਾ

ਸਮਰੱਥ ਕਹਾਣੀਕਾਰ : ਸੁਜਾਨ ਸਿੰਘ

ਵੀਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਹੁਨਰੀ ਪੰਜਾਬੀ ਕਹਾਣੀ ਦਾ ਆਰੰਭ ਮੰਨਿਆ ਜਾਂਦਾ ਹੈ। ਜਦੋਂ ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ ਤੇ ਪ੍ਰੋ. ਮੋਹਨ ਸਿੰਘ ਦੀਆਂ ਕਹਾਣੀਆਂ ਪ੍ਰਕਾਸ਼ਿਤ ਰੂਪ ਵਿਚ ਪਾਠਕਾਂ ਦੇ ਸਾਹਮਣੇ ਆਉਣ ਲਗੀਆਂ। ਇਨ੍ਹਾਂ ਕਹਾਣੀ-ਕਾਰਾਂ ਦੀਆਂ ਰਚਨਾਵਾਂ ਵਿਚ ਬਿਰਤਾਂਤ ਅਤੇ ਬਿਰਤਾਂਤ ਵਿਹੀਣਤਾ ਦੇ ਸੰਯੁਕਤ ਰੂਪ ਨੂੰ ਪੇਸ਼ ਕੀਤਾ ਗਿਆ ਜਦ ਕਿ ਇਨ੍ਹਾਂ ਤੋਂ ਪਹਿਲਾਂ ਦੇ ਵੀਹਵੀਂ ਸਦੀ ਦੇ ਕਹਾਣੀਕਾਰ ਬਿਰਤਾਂਤ ਮੂਲਕ ਵਿਧੀ ਨੂੰ ਹੀ ਕਹਾਣੀ ਦਾ ਮੀਰੀ ਗੁਣ ਪ੍ਰਵਾਨ ਕਰਦੇ ਹਨ। ਜਿਸਦਾ ਆਧਾਰ ਰੂਪ ਪੰਜਾਬੀ ਕਥਾ ਪਰੰਪਰਾ ਵਿਚ ਸਾਖੀ, ਕਿੱਸਾ ਤੇ ਵਾਰ ਰੂਪ ਨੂੰ ਮੰਨਿਆ ਜਾਂਦਾ ਹੈ। ਪਰ ਉਪਰੋਕਤ ਚਾਰੇ ਕਹਾਣੀਕਾਰਾਂ ਨੇ ਪ੍ਰਸਪਰ ਵਖਰੇਵਿਆਂ ਦੇ ਬਾਵਜੂਦ ਪੰਜਾਬੀ ਕਹਾਣੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ, ਜਿਸ ਵਿਚ ਸੁਜਾਨ ਸਿੰਘ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ।

ਸੁਜਾਨ ਸਿੰਘ ਸ਼ਹਿਰੀ ਹੇਠਲੀ ਸ਼੍ਰੇਣੀ ਨਾਲ ਸੰਬੰਧਿਤ ਸੀ ਅਤੇ ਤੰਗੀਆਂ-ਤੁਰਸ਼ੀਆਂ ਤੇ ਸਮੱਸਿਆਵਾਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਸੀ। ਉਸਨੇ ਜੀਵਨ ਘੋਲ ਵਿਚ ਬਹੁਤ ਜ਼ਿਆਦਾ ਸਮੱਸਿਆਵਾਂ ਦਾ ਸਾਹਮਣਾ ਕੀਤਾ। ਕਈ ਰੋਜ਼ਗਾਰ ਬਦਲੇ ਅਤੇ ਜੀਵਨ ਦਾ ਘੋਲ ਕਰਦਾ ਕਰਦਾ ਸਕੂਲ ਵਿਚ ਮਾਸਟਰ ਲਗ ਗਿਆ ਪਰ ਜੀਵਨ ਦੀਆਂ ਅਵਾਜ਼ਾਰੀਆਂ ਨੇ ਇਥੇ ਵੀ ਪਿੱਛਾ ਨਾ ਛੱਡਿਆ। ਵਾਸਤਵ ਵਿਚ ਸੁਜਾਨ ਸਿੰਘ ਸਮਾਜ ਦੇ ਉਸ ਵਰਗ ਨਾਲ ਸੰਬੰਧਿਤ ਸੀ ਜੋ ਨਿਰੰਤਰ ਤੌਰ ਤੇ ਲੁੱਟ ਦਾ ਸ਼ਿਕਾਰ ਰਹਿੰਦਾ ਹੈ। ਇਸ ਲਈ ਉਸਦੀ ਹਮਦਰਦੀ ਵੀ ਲੁੱਟੀ ਜਾ ਰਹੀ ਜਮਾਤ ਨਾਲ ਹੋਣੀ ਸੁਭਾਵਿਕ ਹੀ ਹੈ। ਇਸ ਸਥਿਤੀ ਲਈ ਉਹ ਸਭ ਤੋਂ ਵੱਧ ਨਫ਼ਰਤ ਦਾ ਪਾਤਰ ਮੱਧ ਸ਼੍ਰੇਣੀ ਨੂੰ ਗਰਦਾਨਦਾ ਹੈ, ਜੋ ਨਿੱਜੀ ਛੋਟੇ ਲਾਭਾਂ ਦੀ ਖਾਤਰ ਲੋਟੂ ਸ਼੍ਰੇਣੀ ਦਾ ਹਿੱਸੇਦਾਰ ਬਣਦੀ ਹੈ। ਸੁਜਾਨ ਸਿੰਘ ਕਹਾਣੀਆਂ ਵਿਚ ਇਨ੍ਹਾਂ ਦਾ ਮਖੌਲ ਉਡਾਉਂਦਾ ਹੈ।

ਸੁਜਾਨ ਸਿੰਘ ਨੇ ਆਪਣੇ ਜੀਵਨ ਵਿਚ ਦਸ ਕਹਾਣੀ ਸੰਗ੍ਰਹਿ ਪੰਜਾਬੀ ਜਗਤ ਨੂੰ ਭੇਟ ਕੀਤੇ। ਕਹਾਣੀਆਂ ਦੀਆਂ ਪੁਸਤਕਾਂ ਤੋਂ ਇਲਾਵਾ ਨਿਬੰਧ ਤੇ ਕਵਿਤਾਵਾਂ ਦੀ ਰਚਨਾ ਕੀਤੀ। ਪਰ ਸੁਜਾਨ ਸਿੰਘ ਪੰਜਾਬੀ ਸਾਹਿਤ ਖੇਤਰ ਵਿਚ ਕੇਵਲ ਕਹਾਣੀਕਾਰ ਹੀ ਹੈ ਅਤੇ ਉਸਦੀ ਪ੍ਰਵਾਨਗੀ ਕਹਾਣੀਆਂ ਦੇ ਰਚਨਹਾਰੇ ਕਰਕੇ ਹੀ ਹੈ।

ਸੁਜਾਨ ਸਿੰਘ ਦੇ ਕਹਾਣੀ-ਇਤਿਹਾਸ ਨੂੰ ਤਿੰਨ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ। 'ਦੁਖ ਸੁਖ' ਉਸ ਦੀਆਂ ਕਹਾਣੀਆਂ ਦੀ ਪਹਿਲੀ ਪੁਸਤਕ ਹੈ। ਇਸ ਵਿਚਲੀਆਂ ਕਹਾਣੀਆਂ ਰਾਹੀਂ ਉਸ ਕੇਵਲ ਸਮਾਜ ਵਿਚ ਦੁਖਮਈ ਸਥਿਤੀਆਂ ਨੂੰ ਸਤਹੀ ਪੱਧਰ ਤੇ ਪਹਿਚਾਣ ਕੇ ਉਸਦਾ ਵਰਣਨ ਕਰ ਸਕਣ ਦੇ ਸਮਰੱਥ ਹੀ ਪ੍ਰਤੀਤ ਹੁੰਦਾ ਹੈ। ਉਹ ਇਨ੍ਹਾਂ ਕਹਾਣੀਆਂ ਵਿਚ ਸਮਾਜੀ ਪਰਿਸਥਿਤੀਆਂ ਨੂੰ ਕਲਾਤਮਕ ਢੰਗ ਰਾਹੀਂ

ਪੇਸ਼ ਕਰਨ ਦੇ ਸਮਰੱਥ ਪ੍ਰਤੀਤ ਹੁੰਦਾ ਹੈ। ਦੂਜੇ ਕਹਾਣੀ ਸੰਗ੍ਰਹਿ 'ਦੁਖ ਸੁਖ ਤੋਂ ਪਿਛੋਂ' ਦੀਆਂ ਕਹਾਣੀਆਂ ਰਾਹੀਂ ਉਹ ਕੇਵਲ ਦੁਖਾਂ ਦਾ ਬਿਆਨ ਹੀ ਨਹੀਂ ਕਰਦਾ ਸਗੋਂ ਦੁਖਾਂ ਦੇ ਕਾਰਨਾਂ ਨੂੰ ਵੀ ਸਮਝਣ ਲਗ ਪਿਆ ਹੈ ਅਤੇ ਇਸ ਦੇ ਸਮਾਧਾਨ ਦੀ ਤਲਾਸ਼ ਕਰਨ ਦੇ ਵੀ ਯੋਗ ਪ੍ਰਤੀਤ ਹੁੰਦਾ ਹੈ। ਇਸ ਪੜਾਅ ਤੇ ਉਹ ਸ਼ੋਸ਼ਣ ਤੇ ਸ਼ੋਸ਼ਿਤ ਵਰਗ ਦੀ ਪਹਿਚਾਣ ਕਰਦਾ, ਸਮਾਜੀ ਵਰਗ ਭੇਦ ਦੇ ਆਧਾਰ ਤੇ ਆਪਣੀਆਂ ਕਹਾਣੀਆਂ ਵਿਚ ਸਮੱਸਿਆਵਾਂ ਨੂੰ ਪੇਸ਼ ਕਰਦਾ ਹੋਇਆ, ਇਨ੍ਹਾਂ ਨੂੰ ਦੂਰ ਕਰਨ ਦੇ ਹੱਲ ਵਲ ਵੀ ਸੰਕੇਤ ਕਰਦਾ ਹੈ। ਤੀਜੇ ਪੜਾਅ ਵਿਚ 'ਨਰਕਾਂ ਦੇ ਦੇਵਤੇ', 'ਮਨੁੱਖ ਤੇ ਪਸ਼ੂ' ਤੇ 'ਨਵਾਂ ਰੰਗ' ਕਹਾਣੀ ਸੰਗ੍ਰਹਿ ਦੀਆਂ ਰਚਨਾਵਾਂ ਰਾਹੀਂ ਸਮਾਜਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ ਬਣਦਾ ਹੋਇਆ, ਲੁਟ ਦੀ ਸਥਿਤੀ ਪ੍ਰਤੀ ਅਪ੍ਰਵਾਨਗੀ ਪ੍ਰਗਟ ਕਰਦਾ ਹੋਇਆ ਇਸ ਨੂੰ ਸਹਿਣ ਤੋਂ ਵੀ ਇਨਕਾਰੀ ਹੈ। ਇਥੇ ਉਹ ਆਪਣੇ ਵਿਚਾਰਾਂ ਨੂੰ ਪ੍ਰਚਾਰਕ ਦੀ ਪੱਧਰ ਤੇ ਵੀ ਪੇਸ਼ ਕਰਨ ਤੋਂ ਸੰਕੋਚ ਨਹੀਂ ਕਰਦਾ।

ਸੁਜਾਨ ਸਿੰਘ ਦੀ ਕਹਾਣੀ ਯਾਤਰਾ ਦੇ ਦੋ ਧੁਰੇ ਹਨ, "ਮਾਨਵਵਾਦ ਤੇ ਕਰਮਸ਼ੀਲਤਾ। ਉਸਨੇ ਆਪਣੀ ਕਲਮ ਰਾਹੀਂ ਉਹੀ ਕਰਮ ਨਿਭਾਇਆ ਹੈ ਜੋ ਕੋਈ ਧਰਮ ਯੋਧਾ ਆਪਣੇ ਧਰਮ ਸ਼ਸਤਰ ਨਾਲ ਨਿਭਾਉਂਦਾ ਹੈ। ਉਸ ਦੀ ਕਲਾਕ੍ਰਿਤ ਦਾ ਆਧਾਰ ਮਨੁੱਖੀ ਵਿਅਕਤਿਤਵ ਤੇ ਰਿਸ਼ਤਿਆਂ ਦੇ ਯਥਾਰਥ ਨੂੰ ਸਮਾਜਿਕ ਨਿਆਂ ਦੇ ਝਰੋਖੇ 'ਚੋਂ ਦੇਖਣਾ ਅਤੇ ਉਸਦੇ ਕੱਚ ਤੇ ਸੱਚ ਨੂੰ ਉਜਾਗਰ ਕਰਨਾ ਹੈ। ਉਸਦੇ ਪਾਤਰ ਪਦਾਰਥਕ ਪੱਖ ਤੋਂ ਕਿਤਨੇ ਵੀ ਦੀਨ ਤੇ ਸਾਧਨਹੀਣ ਕਿਉਂ ਨਾ ਹੋਣ, ਉਹ ਮਾਨਵਤਾ ਦੇ ਨਿੱਘ ਅਤੇ ਸਵੈਮਾਣ ਤੋਂ ਸੱਖਣੇ ਨਹੀਂ ਹੁੰਦੇ।" ਡਾ. ਅਤਰ ਸਿੰਘ ਦਾ ਇਹ ਕਥਨ ਸੁਜਾਨ ਸਿੰਘ ਦੀ ਸਮੁੱਚੀ ਕਹਾਣੀ ਦੇ ਕੇਂਦਰੀ ਧੁਰੇ ਨੂੰ ਸਪਸ਼ਟ ਕਰਦਾ ਹੈ ਅਤੇ ਵਾਸਤਵ ਵਿਚ ਸੁਜਾਨ ਸਿੰਘ ਦਾ ਕਹਾਣੀਆਂ ਲਿਖਣ ਦਾ ਪ੍ਰਯੋਜਨ ਵੀ ਇਹ ਹੀ ਸੀ। ਸੁਜਾਨ ਸਿੰਘ ਨੂੰ ਲੁੱਟੀ ਜਾ ਰਹੀ ਜਮਾਤ ਦੇ ਹਿਤਾਂ ਦੀ ਰਾਖੀ ਕਰਨ ਵਾਲਾ ਸਾਹਿਤ ਹੀ ਪ੍ਰਵਾਨ ਹੈ। ਇਸ ਲਈ ਉਹ ਸਪਸ਼ਟ ਰੂਪ ਵਿਚ ਆਖਦਾ ਹੈ, "ਦੁਖੀ ਮਿਹਨਤੀ ਸ਼੍ਰੇਣੀ ਦੇ ਹਿਤਾਂ ਨੂੰ ਪਾਲਦੇ ਸਾਹਿਤ ਨੂੰ ਪ੍ਰਚਾਰ ਕਹਿ ਕੇ ਭੰਡਿਆ ਜਾਂਦਾ ਹੈ। ਮੇਰੀ ਜਾਚੇ ਪ੍ਰਚਾਰ ਸ਼ਬਦ ਤੋਂ ਸਾਡੇ ਸਾਹਿਤਕਾਰਾਂ ਨੂੰ ਡਰਨ ਦੀ ਲੋੜ ਨਹੀਂ। ਸ਼ਬਦ ਵਿਚਾਰਾਂ ਦੇ ਵਾਹਨ ਹਨ। ਸ਼ਬਦਾਂ ਦੀ ਕਲਾ ਵਿਚ ਕੁਦਰਤੀ ਤੌਰ ਤੇ ਪ੍ਰਚਾਰ ਹੋਵੇਗਾ, ਲੋੜ ਹੈ ਕੇਵਲ ਵਿਚਾਰਾਂ ਦੀ ਸੇਧ ਨੂੰ ਠੀਕ ਰਖਣ ਦੀ, ਸਰਬਤ ਮਾਨਵਤਾ ਲਈ ਸੁਖ ਸ਼ਾਂਤੀ ਲਿਆਉਣ ਵਲ ਮੂੰਹ ਰੱਖਣ ਦੀ, ਗੰਦ, ਗਰੀਬੀ, ਧੋਖੇ, ਜੰਗ, ਨਫ਼ਰਤ ਆਦਿ ਤੋਂ ਪਾਕ ਕਰਨ ਦੀ। ਜਿੰਨੀ ਕਲਾਕਾਰੀ ਵਧੇਰੇ, ਉਨੇ ਸਵਸਥ ਅਗਾਂਹਵਧੂ ਸਮਾਜਵਾਦ-ਮੁਖੀ ਵਿਚਾਰ ਉਸ ਵਿਚ ਸਮੋ ਸਕਣਗੇ। ਸਮਾਜਵਾਦ ਦੇ ਨਿੰਦਕ ਨਿੰਦਿਆ ਕਰਦੇ ਹੀ ਰਹਿਣਗੇ। ਇਨ੍ਹਾਂ ਤੋਂ ਡਰਨ ਦੀ ਸਮਾਜਵਾਦ-ਰੂਪੀ ਹੋਣ ਤੋਂ ਘਬਰਾਉਣ ਦੀ ਲੋੜ ਨਹੀਂ।"

ਇਸ ਤਰ੍ਹਾਂ ਸੁਜਾਨ ਸਿੰਘ ਆਪਣੀ ਕਹਾਣੀ ਨੂੰ ਕਲਾ ਤੇ ਵਿਚਾਰ ਦਾ ਸੁਮੇਲ ਪ੍ਰਵਾਨ ਕਰਦਾ ਹੈ ਅਤੇ ਸਾਰੀ ਉਮਰ ਇਸ ਪ੍ਰਤੀਬੱਧਤਾ ਨੂੰ ਨਿਭਾਉਂਦਾ ਹੈ। ਸੁਜਾਨ ਸਿੰਘ ਮਾਨਵਵਾਦੀ ਕਹਾਣੀਕਾਰ ਹੈ, ਜਿਸਦਾ ਆਪਣਾ ਆਪ ਅਤੇ ਉਸਦੀਆਂ ਲਿਖਤਾਂ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਣ ਦੇ ਸਮਰੱਥ ਹਨ।

ਪੰਜਾਬੀ ਅਧਿਐਨ ਸਕੂਲ —ਡਾ. **ਸੁਰਿੰਦਰਪਾਲ ਸਿੰਘ**
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਲੁਕਣ-ਮੀਚੀ

ਗੱਡੀ ਸ਼ੀ-ਸ਼ੀ ਕਰਦੀ ਤੁਰ ਪਈ ਸੀ, ਜਦ ਕੁਲੀ ਨੇ ਦਰਮਿਆਨੇ ਦਰਜੇ ਦੇ ਖੁੱਲ੍ਹੇ ਬੂਹੇ ਵਿਚ ਸੂਟਕੇਸ ਆਣ ਰੱਖਿਆ। ਅੰਦਰ ਖੜੀ ਕੁੜੀ ਨੇ ਆਪਣੀ ਵੀਣੀ ਨਾਲ ਲਮਕਦੇ ਬਟੂਏ ਵਿਚੋਂ ਇਕ ਦੁਆਨੀ ਕੱਢ ਕੇ ਨੱਠੇ ਆਉਂਦੇ ਕੁਲੀ ਦੀ ਤਲੀ 'ਤੇ ਸੁੱਟੀ, ਉਹ ਨਿਉਂ ਕੇ ਸਲਾਮਾਂ ਕਰਦਾ ਪਿਛਾਂਹ ਪਰਤ ਗਿਆ। ਗੱਡੀ ਸਟੇਸ਼ਨ ਦੀ ਹੱਦੋਂ ਬਾਹਰ ਨਿਕਲ ਕੇ ਆਪਣੀ ਚਾਲ ਫੜ ਰਹੀ ਸੀ, ਪਰ ਉਹ ਕੁੜੀ ਜਿਉਂ ਦੀ ਤਿਉਂ ਖੜੀ ਬੂਹੇ ਤੋਂ ਬਾਹਰ ਤੱਕ ਰਹੀ ਸੀ। ਆਖਰ ਉਹ ਹਿੱਲੀ, ਜਿਵੇਂ ਸੰਗ-ਮਰਮਰ ਦੀ ਮੂਰਤੀ ਵਿਚ ਜਾਨ ਪੈ ਗਈ ਹੋਵੇ। ਉਸ ਦਾ ਛਤਰੀ ਵਾਲਾ ਹੱਥ ਉਤਾਂਹ ਉਠਿਆ ਤੇ ਬਟੂਏ ਵਾਲਾ ਹੇਠਾਂ ਗਿਆ। ਇਕ ਅੰਗੜਾਈ ਦੇ ਨਾਲ ਉਸ ਦੀ ਛਾਤੀ ਉਭਰੀ ਤੇ ਦੂਸਰੇ ਪਲ ਇਕ ਠੰਢੇ ਸਾਹ ਨਾਲ ਬਹਿ ਗਈ। ਡੱਬੇ ਦੀ ਪਰਲੀ ਨੁੱਕਰੇ ਬੈਠੇ ਅਜੀਬ ਮਨੁੱਖ ਨੇ ਸ਼ਾਇਦ ਉਸ ਦੇ ਮੂੰਹੋਂ ਹੌਲੀ ਨਿਕਲਿਆ 'ਬਸੰਤ' ਸ਼ਬਦ ਸੁਣਿਆ ਹੋਣਾ ਹੈ। ਉਹ ਇੱਕ-ਟਕ ਸਾਹਮਣੇ ਪਏ ਇਕ ਗੱਤੇ ਤੇ ਚਮੇੜੇ ਕਾਗਜ਼ ਨੂੰ ਗਹੁ ਨਾਲ ਦੇਖ ਰਿਹਾ ਸੀ। ਉਹ ਧਿਆਨ-ਮਸਤ ਇੰਜ ਬੈਠਾ ਹੋਇਆ ਸੀ ਜਿਵੇਂ ਉਸ ਨੂੰ ਕਮਰੇ ਵਿਚ ਕਿਸੇ ਹੋਰ ਦੀ ਹੋਂਦ ਦਾ ਪਤਾ ਹੀ ਨਾ ਹੋਵੇ। ਪਿਛਲੇ ਤਿੰਨ ਸਟੇਸ਼ਨਾਂ ਤੋਂ ਇਸ ਡੱਬੇ ਵਿਚ ਹੋਰ ਕੋਈ ਬੈਠਾ ਹੀ ਨਹੀਂ ਸੀ। ਠੰਢੇ ਸਾਹ ਨਾਲ ਨਿਕਲੇ 'ਸਬੰਤ' ਸ਼ਬਦ ਵਿਚ ਖ਼ਬਰੇ ਕੀ ਅਸਰ ਸੀ, ਜਿਸ ਨੇ ਉਸ ਦੀ ਸੁਰਤ ਨੂੰ ਪਿੱਠ ਦੇ ਕੇ ਖੜੀ ਕੁੜੀ ਵਲ ਖਿੱਚ ਲਿਆ। 'ਕਮਾਲ ਹੈ ਪਿੱਠ ਵਲੋਂ ਕੁੜੀ' ਦਿਲ ਵਿਚ ਉਹ ਕਹਿ ਰਿਹਾ ਹੋਵੇਗਾ। ਜਦੋਂ ਕੁੜੀ ਇਕ-ਦਮ ਪਿਛਾਂਹ ਨੂੰ ਫਿਰੀ ਤੇ ਉਸ ਨੂੰ ਪਤਾ ਲੱਗਾ ਕਿ ਸਾਹਮਣੇ ਪਾਸਿਓਂ ਉਹ ਕੁੜੀ ਕਿੰਨੀ ਜ਼ਿਆਦਾ ਕਮਾਲ ਹੈ।

ਕੁੜੀ ਨੂੰ ਭੱਜੋ-ਨੱਸੀ ਵਿਚ ਇਹ ਪਤਾ ਨਹੀਂ ਸੀ ਲੱਗਾ ਕਿ ਇਸ ਕਮਰੇ ਵਿਚ ਕੋਈ ਹੋਰ ਵੀ ਬੈਠਾ ਹੋਇਆ ਹੈ। ਉਹ ਅਚਾਨਕ ਉਸ ਅਜੀਬ ਨੌਜਵਾਨ ਨੂੰ ਆਪਣੀ ਵੱਲ ਤੱਕਦਾ ਦੇਖ ਕੇ ਸ਼ਰਮਾ ਕੇ ਲਾਜਵੰਤੀ ਵਾਂਗ ਇਕੱਠੀ ਜਿਹੀ ਹੋ ਗਈ। ਪਤਾ ਨਹੀਂ ਉਸ ਦੀਆਂ ਪੀਲੀਆਂ ਗੋਲ ਗਲ੍ਹਾਂ ਉੱਤੇ ਇਕ ਪਲ ਭਰ ਲਈ ਲਾਲੀ ਕਿਥੋਂ ਆ ਗਈ ਸੀ। ਵਰ੍ਹਦੇ ਬੱਦਲਾਂ ਨੂੰ ਪਾੜ ਕੇ ਨਿਕਲੀ ਚੜ੍ਹਦੇ ਸੂਰਜ ਦੀ ਕਿਰਨ ਦੀ ਭਾਹ ਹੋਏਗੀ।

ਕੁੜੀ ਨੇ ਆਪਣੇ ਸਿਰ ਤੋਂ ਖਿਸਕਦੀ ਖੱਦਰ ਦੀ ਲਸੂੜੀਆ ਸਾੜ੍ਹੀ ਨੂੰ ਸੰਭਾਲਿਆ। ਸੂਟਕੇਸ 'ਤੇ ਉਸ ਦੀ ਨਜ਼ਰ ਪਈ, ਜੋ ਖੁਲ੍ਹੇ ਬੂਹੇ ਵਿਚੋਂ ਮੀਂਹ ਦੀ ਵਾਛੜ ਨਾਲ ਭਿੱਜ ਰਿਹਾ ਸੀ। ਉਹ ਉਸ ਨੂੰ ਚੁੱਕ ਕੇ ਫੱਟੇ 'ਤੇ ਰੱਖਣ ਦਾ ਯਤਨ ਕਰਨ ਲੱਗੀ,

ਪਰ ਉਹ ਬੇ-ਵੱਸਾ ਹੋ ਕੇ ਉਸ ਦੇ ਹੱਥਾਂ 'ਚੋਂ ਨਿਕਲ ਗਿਆ ਤੇ ਉਸ ਦਾ ਪੈਰ ਸੱਟ ਲਗਣੋਂ ਮਸੀਂ ਬਚਿਆ। ਉਹ ਉਸ ਨੂੰ ਮੁੜ ਕੇ ਚੁੱਕਣ ਲੱਗੀ ਸੀ ਕਿ ਉਹ ਜੁਆਨ ਉੱਠਿਆ ਤੇ ਸੂਟਕੇਸ ਨੂੰ ਅਧ-ਵਾਟਿਓਂ ਫੜ ਕੇ ਕਹਿਣ ਲੱਗਾ, "ਕੀ ਮੈਂ ਏਸ ਕੰਮ ਵਿਚ ਤੁਹਾਡੀ ਮਦਦ ਕਰ ਸਕਦਾ ਹਾਂ ?"

"ਮਿਹਰਬਾਨੀ" ਕੁੜੀ ਨੇ ਕਿਹਾ, ਪਰ ਉਸ ਦੇ ਬੁਲ੍ਹਾਂ ਨੇ "ਇਹ ਕੰਮ ਮੈਂ ਆਪ ਕਰ ਸਕਦੀ ਹਾਂ" ਨਾ ਨਿਕਲਣ ਦਿੱਤਾ।

ਉਹ ਨੌਜਵਾਨ "ਇਸ ਦੀ ਕੀ ਲੋੜ ਸੀ" ਕਹਿੰਦਾ ਸੂਟਕੇਸ ਨੂੰ ਫੱਟੇ 'ਤੇ ਰੱਖ ਕੇ ਆਪਣੀ ਸੀਟ ਤੇ ਜਾ ਬੈਠਾ। ਕੁੜੀ ਨੇ ਸੀਟਾਂ ਵੱਲ ਨਜ਼ਰ ਮਾਰੀ। ਜਿਸ ਪਾਸਿਓਂ ਉਹ ਚੜ੍ਹੀ ਸੀ ਉਸ ਪਾਸੇ ਦੀਆਂ ਦੋਵੇਂ ਗਦੇਲੇਦਾਰ ਸੀਟਾਂ ਵਾਛੜ ਨਾਲ ਭਿੱਜੀਆਂ ਹੋਈਆਂ ਸਨ। ਉਸ ਨੂੰ ਮੁਸ਼ਕਲ ਵਿਚ ਦੇਖ ਕੇ ਨੌਜਵਾਨ ਫੇਰ ਬੋਲਿਆ, "ਮਾਫ਼ ਕਰਨਾ, ਸਾਹਮਣੀਆਂ ਤਾਕੀਆਂ ਮੈਂ ਹੀ ਖੁਲ੍ਹੀਆਂ ਕਰ ਰੱਖੀਆਂ ਸਨ, ਠੰਢੀ ਹਵਾ ਮੈਨੂੰ ਜ਼ਰਾ ਚੰਗੀ ਲੱਗਦੀ ਹੈ। ਤੁਸੀਂ ਐਸ ਪਾਸੇ ਹੀ ਆਣ ਬੈਠੋ।"

ਕੁੜੀ ਕੋਈ ਚਾਰਾ ਨਾ ਦੇਖ ਕੇ ਆਪਣੇ ਕਪੜਿਆਂ ਤੇ ਆਪਣੇ ਆਪ ਨੂੰ ਸੰਭਾਲਦੀ ਹੋਈ ਉਸ ਦੇ ਸਾਹਮਣੀ ਸੀਟ 'ਤੇ ਜਾ ਬੈਠੀ। ਬਟੂਆ ਉਸ ਨੇ ਲਾਹ ਕੇ ਲਾਗੇ ਰੱਖ ਲਿਆ ਤੇ ਛਤਰੀ ਸੀਟ ਦੀ ਢੋਅ ਨਾਲੋਂ ਚੁੱਕ ਕੇ ਨੁੱਕਰ ਵਿਚ। ਉਹ ਓਪਰੀ ਜਿਹੀ ਨਜ਼ਰ ਨਾਲ ਬਾਰੀ ਵਿਚੋਂ ਭੱਜੇ ਜਾਂਦੇ ਖੂਹਾਂ, ਖੇਤਾਂ, ਦਰੱਖ਼ਤਾਂ, ਨਾਲਿਆਂ, ਟਿੱਬਿਆਂ, ਪਿੰਡਾਂ ਆਦਿ ਨੂੰ ਦੇਖਦੀ ਰਹੀ। ਉਸ ਦੀ ਕੋਈ ਤੀਸਰੀ ਅੱਖ ਉਸ ਨੌਜਵਾਨ ਨੂੰ ਵੀ ਦੇਖ ਰਹੀ ਸੀ। ਉਹ ਅਨੋਖਾ ਨੌਜਵਾਨ ਵੀਹਵੀਂ ਸਦੀ ਦਾ ਈਸਾ ਜਾਪਦਾ ਸੀ। ਮੋਟੇ ਖੱਦਰ ਦਾ ਚੋਲਾ ਤੇ ਤੈੜਾ ਪਜਾਮਾ ਉਸ ਦੀ ਪੁਸ਼ਾਕ ਸੀ, ਸਿਰ ਦੇ ਲੰਮੇ ਵਾਲ ਉਸ ਵਾਹ ਕੇ ਪਿਛਾਂਹ ਸੁੱਟੇ ਹੋਏ ਸਨ, ਮਲੂਮ ਹੁੰਦਾ ਸੀ ਕਿ ਉਸ ਕਦੇ ਕਟਾਏ ਨਹੀਂ ਸੋਹਣੇ, ਤਿੱਖੇ ਤੇ ਕਣਕ-ਵੰਨੇ ਚਿਹਰੇ 'ਤੇ ਚੱਪਾ ਚੱਪਾ ਦਾੜ੍ਹੀ ਚੰਗੀ ਫੱਬੀ ਹੋਈ ਸੀ ਤੇ ਪੈਰੀਂ ਮਮੂਲੀ ਚੱਪਲਾਂ ਸਨ। ਉਹ ਅੱਗੇ ਪਏ ਕਾਗਜ਼ ਤੇ ਵਾਹੀਆਂ ਕਾਲੀਆਂ ਲੀਕਾਂ ਵਿਚੋਂ ਕਿਸੇ ਚੰਦ ਦਾ ਪ੍ਰਕਾਸ਼ ਉਘਾੜਨਾ ਚਾਹੁੰਦਾ ਸੀ। ਇਹੋ ਜਿਹਾ ਅਸਰ ਪੈਦਾ ਕਰਨ ਵਾਲੀ ਲੀਕ ਉਸ ਨੂੰ ਸੁੱਝੀ ਹੋਈ ਸੀ। ਪਿਨਸਲ ਉਸ ਦੇ ਹੱਥ ਵਿਚ ਸੀ, ਪਰ ਗੱਡੀ ਬਹੁਤ ਤੇਜ਼ ਨੱਸ ਰਹੀ ਸੀ ਤੇ ਗੱਤੇ ਵਾਲਾ ਕਾਗਜ਼ ਬਹੁਤ ਕੰਬ ਰਿਹਾ ਸੀ। ਇਕ ਗਲਤ ਲਕੀਰ ਉਸ ਦੇ ਸੁਰਗ ਦਾ ਸਤਿਆਨਾਸ ਕਰ ਸਕਦੀ ਹੈ। ਉਹ ਲਕੀਰ ਗੱਡੀ ਖੜੀ ਹੋਣ 'ਤੇ ਲਾਏਗਾ। ਪਰ ਫਿਰ ਵੀ ਉਸ ਨੇ ਸਿਰ ਨਾ ਚੁੱਕਿਆ, ਉਹ ਨੀਵੀਂ ਅੱਖੇ ਕੁੜੀ ਦੀ ਸਾੜ੍ਹੀ-ਬੋਰਡ ਦੇ ਨਮੂਨੇ ਤੇ ਚੱਪਲਾਂ ਦੇ ਫੀਤਿਆਂ ਨੂੰ ਇੰਜ ਦੇਖਦਾ ਰਿਹਾ, ਜਿਵੇਂ ਉਹ ਕੁਝ ਦੇਖ ਹੀ ਨਹੀਂ ਰਿਹਾ ਹੁੰਦਾ।

ਕਾਗਜ਼ ਦੇ ਲਾਗੇ ਇਕ ਅੰਗਰੇਜ਼ੀ ਦਾ ਰਸਾਲਾ ਪਿਆ ਸੀ, ਉਸ ਦੇ ਉਪਰਲੇ ਵਰਕੇ 'ਤੇ ਹੱਥ ਨਾਲ ਲਿਖਿਆ ਹੋਇਆ ਸੀ:

ਕੰਵਲ ਜੀ ਨੂੰ,

ਐਡੀਟਰ ਦੇ ਸਤਿਕਾਰ ਸਹਿਤ।

ਕੁੜੀ ਦੀਆਂ ਅੰਦਰ ਮੁੜਦੀਆਂ ਨਜ਼ਰਾਂ ਨੇ ਉਸ ਨੂੰ ਪੜ੍ਹ ਲਿਆ। ਉਸ ਦੇ

ਅੰਦਰ ਇਕ ਸਵਾਲ ਪੁੱਛਣ ਦੀ ਮਜਬੂਰੀ ਪੈਦਾ ਹੋ ਗਈ। ਉਹ ਉਸ ਨੌਜਵਾਨ ਨੂੰ ਕਿਸ ਤਰ੍ਹਾਂ ਬੁਲਾਵੇ ? ਨੌਜਵਾਨ ਉਸ ਵੇਲੇ ਕਿਸੇ ਮਸਤੀ ਦੇ ਅਨੰਦ ਵਿਚ ਤਾਕੀਆਂ ਤੋਂ ਬਾਹਰ ਤੱਕ ਰਿਹਾ ਸੀ ਅਤੇ ਉਸ ਦੀਆਂ ਅੱਖਾਂ ਵਿਚ ਇਕ ਢਲੀ ਹੋਈ ਡਲ੍ਹਕ ਸੀ, ਜਿਹੋ ਜਿਹੀ ਤਾਰਿਆਂ ਵਿਚ ਪ੍ਰਭਾਤੇ ਹੁੰਦੀ ਹੈ, ਜਦੋਂ ਕਾਇਨਾਤ 'ਤੇ ਤ੍ਰੇਲ ਵਰ੍ਹ ਰਹੀ ਹੁੰਦੀ ਹੈ। ਕੁੜੀ ਨੇ ਗੱਲ ਪੁੱਛਣ ਦਾ ਤਰੀਕਾ ਸੋਚ ਲਿਆ ਸੀ ਤੇ ਹੁਣ ਉਹ ਉਸ ਨੂੰ ਅਸਲੀ ਸ਼ਕਲ ਦੇਣ ਲਈ ਹਿੱਲੀ। ਤਿਤਲੀ ਦੇ ਪਰਾਂ ਦੀ ਬੇ-ਮਲੂਮ ਫਰਫਰਾਹਟ ਨੇ ਗੁਲਾਬ ਦੇ ਮਹਿਕਦੇ ਸੁਪਨੇ ਉਘੇੜ ਦਿੱਤੇ। ਖੱਦਰ-ਪੋਸ਼ ਨੇ ਕੁੜੀ ਨੂੰ ਕਾਹਲੀ ਕਾਹਲੀ ਇੱਧਰ ਉਧਰ ਤੱਕਦਿਆਂ ਦੇਖਿਆ, ਜਿਵੇਂ ਉਹ ਕੁਝ ਲੱਭ ਰਹੀ ਹੋਵੇ ਤੇ ਸ਼ਹਿਤ-ਮਿੱਠੀ ਬੋਲੀ ਵਿਚ ਬੋਲਿਆ, "ਕੁਝ ਗੁਆਚ ਗਿਆ ਜੇ ?"

"ਹਾਂ !" ਕੁੜੀ ਨੇ ਡੂੰਘਾ ਸਾਹ ਖਿੱਚਦਿਆਂ ਕਿਹਾ, "ਮੈਂ ਆਪਣਾ ਰਸਾਲਾ ਗੁਆ ਆਈ ਹਾਂ, ਹਾਲੀ ਪੜ੍ਹਿਆ ਵੀ ਨਹੀਂ ਸੀ। ਤੁਹਾਡਾ ਰਸਾਲਾ ਦੇਖ ਕੇ ਯਾਦ ਆ ਗਿਆ।"

"ਇਹ ਪਰਚਾ ਤੁਸੀਂ ਦੇਖ ਸਕਦੇ ਹੋ, ਇਹ ਆ..." ਉਸ ਨੇ ਗੱਲ ਅੱਧ ਵਿਚ ਹੀ ਛਡਦਿਆਂ ਰਸਾਲਾ ਅਗਾਂਹ ਵਧਾਇਆ। ਕੁੜੀ ਨੇ ਉਹ ਫੜ ਲਿਆ। ਦੋ ਚਾਰ ਸਫ਼ੇ ਉੱਥਲ ਪੁੱਥਲੇ। ਇਕ ਤ੍ਰੈ-ਰੰਗੀ ਤਸਵੀਰ ਵੇਖ ਕੇ, ਉਸ ਦੀ ਨੁੱਕਰ 'ਚ ਚਿੱਟੇ ਹਰਫ਼ ਅੰਕਤ ਸਨ 'ਕੰਵਲ', ਉਸ ਬੰਸਰੀ ਦੀ ਧੁੰਨ ਨੇ ਪੁੱਛਿਆ :

"ਇਹ 'ਕੰਵਲ' ਕੌਣ ਹੈ ? ਕੁਝ ਪਤਾ ਜੇ ?"

"ਕੋਈ ਚਿੱਤਰਕਾਰ", ਛੋਟਾ ਜਿਹਾ ਉੱਤਰ ਮਿਲਿਆ।

"ਇਹ ਤਾਂ ਮੈਂ ਵੀ ਜਾਣਦੀ ਹਾਂ। ਏਸੇ ਦੀ ਪੂਰਬੀ ਚਿੱਤਰ-ਕਲਾ 'ਤੇ ਪਿਛਲੇ ਪਰਚੇ ਵਿਚ ਕਿਸੇ ਫ਼ਰਾਂਸੀਸੀ ਸਿਆਣੇ ਨੇ ਪੜਚੋਲ ਕੀਤੀ ਸੀ ਨਾ ?"

"ਹਾਂ, ਉਹ ਜੇ ਇਹ ਆਦਮੀ, ਤੇ ਤੁਸੀਂ ਇਸ ਰਸਾਲੇ ਦੇ ਪੱਕੇ ਗਾਹਕ ਮਲੂਮ ਹੁੰਦੇ ਹੋ।"

"ਹਾਂ, ਪਰ ਇਹ ਰਸਾਲਾ ਤੁਹਾਡੇ ਕੋਲ ਕਿਸ ਤਰ੍ਹਾਂ ? ਕੀ ਤੁਸੀਂ ਉਨ੍ਹਾਂ ਨੂੰ ਜਾਣਦੇ ਹੋ ?"

"ਆਹੋ ਜੀ, ਆਪਣੇ ਵਾਂਗ।"

"ਮੈਂ ਉਨ੍ਹਾਂ ਨੂੰ ਮਿਲਣਾ ਚਾਹੁੰਦੀ ਸਾਂ, ਕੀ ਤੁਸੀਂ ਉਨ੍ਹਾਂ ਦਾ ਪਤਾ ਦੱਸ ਸਕਦੇ ਹੋ ?"

"ਉਨ੍ਹਾਂ ਦਾ ਕੋਈ ਪਤਾ ਨਹੀਂ, ਫਿਰਦੇ ਤੁਰਦੇ ਹੀ ਰਹਿੰਦੇ ਨੇ।"

"ਅਜੀਬ ਗੱਲ ਹੈ ! ਉਨ੍ਹਾਂ ਦਾ ਪਤਾ ਕੋਈ ਨਹੀਂ! ਇਹੋ ਜਵਾਬ ਰਸਾਲੇ ਦੇ ਐਡੀਟਰ ਨੇ ਲਿਖ ਭੇਜਿਆ ਸੀ। ਫਿਰ ਵੀ ਰਸਾਲੇ ਉਨ੍ਹਾਂ ਨੂੰ ਮਿਲਦੇ ਤੇ ਉਹ ਆਪਣੇ ਮਿੱਤਰਾਂ ਦੋਸਤਾਂ ਨੂੰ ਮਿਲਦੇ-ਗਿਲਦੇ ਨੇ।" ਗੁੱਸਾ ਕੁੜੀ ਦੇ ਮੂੰਹ ਨੂੰ ਲਾਲ ਕਰ ਰਿਹਾ ਸੀ, ਪਰ ਛੇਤੀ ਹੀ ਉਸ ਨੇ ਆਪਣੇ ਆਪ ਨੂੰ ਕਾਬੂ ਵਿਚ ਕਰ ਲਿਆ ਤੇ ਬੋਲੀ:

"ਅਪ੍ਰੈਲ ਦਾ ਪਰਚਾ ਤੁਸੀਂ ਵੇਖਿਆ ਹੈ ?"

"ਹਾਂ ਜੀ !"

"ਉਸ ਦੀ ਪਹਿਲੀ ਤਸਵੀਰ ਵੀ ?"

"ਹਾਂ, ਉਹ ਇਸੇ ਚਿੱਤਰਕਾਰ ਦੀ ਹੈ। ਇਕ ਸੋਹਣੀ ਕੁੜੀ, ਅੱਧ-ਕੱਜੀ, ਹੱਥ ਵਿਚ ਕਾਸਾ, ਪੈਰ ਨੰਗੇ, ਵਾਲ ਖਿੱਲਰੇ, ਅੱਖਾਂ ਬੰਦ, ਇਕ ਵਿਸ਼ਾਲ ਮਾਰੂਥਲ ਵਿਚੋਂ ਦੀ ਪਤਾ ਨਹੀਂ ਕਿੱਧਰ ਨੂੰ ਜਾ ਰਹੀ ਹੈ...ਇਸ ਦਾ ਨਾਂ ਸੀ... ਨਾਂ ਸੀ... ਖ਼ਬਰੇ...ਪਿਆਰ—ਅੰਨ੍ਹੀ ?"

"ਠੀਕ ਉਹੋ ਈ,. ਮੈਂ ਇਸ ਦੇ ਭਾਵ ਨੂੰ ਸਮਝ ਗਈ ਹਾਂ, ਪਰ ਇਸ ਦੀ ਪ੍ਰੇਰਨਾ ਕੀ ਹੋ ਸਕਦੀ ਹੈ ?"

"ਕੋਮਲ ਚਿੱਤਰਾਂ ਦਾ ਜੀਵਨ ਇਕ ਜਾਦੂ-ਖੇਲ੍ਹ ਹੈ, ਪਰ ਫਿਰ ਵੀ ਹੁਨਰ ਦੀ ਪ੍ਰੇਰਨਾ ਪ੍ਰੇਮ, ਗਰੀਬੀ ਤੇ ਹਮਦਰਦੀ ਕਹੀ ਜਾ ਸਕਦੀ ਹੈ।"

"ਕਦੇ ਕਦੇ ਮਨ 'ਤੇ ਮਿੱਠੀਆਂ ਯਾਦਾਂ ਦੇ ਝਾਂਵਲੇ ਨਹੀਂ ?"

"ਹੋ ਸਕਦਾ ਹੈ, ਪੰਜਾਬੀ ਦੇ ਨਵੇਂ ਸਾਹਿਤ ਵਿਚ 'ਚੰਬੇਲੀ' ਦੀਆਂ ਕਵਿਤਾਵਾਂ ਨੂੰ ਮੈਂ ਏਸੇ ਸ਼੍ਰੇਣੀ 'ਚ ਗਿਣਦਾ ਹਾਂ।"

"ਤੇ ਮੈਂ 'ਕੰਵਲ' ਹੋਰਾਂ ਦੀਆਂ ਬਹੁਤੀਆਂ ਤਸਵੀਰਾਂ ਨੂੰ।"

"ਤੁਹਾਡੇ ਕੋਲ ਇਸ ਦੇ ਹੱਕ ਵਿਚ ਕੀ ਸਬੂਤ ਹਨ ?" ਉਸ ਪੁੱਛਿਆ ਅਤੇ ਉਸ ਦੇ ਪੁੱਛਣ ਦੇ ਢੰਗਾਂ ਤੋਂ ਪਤਾ ਲਗਦਾ ਸੀ ਕਿ ਉਸ ਨੂੰ ਇਸ ਵਿਚ ਕੋਈ ਦਿਲਚਸਪੀ ਹੈ।

"ਸਿਰਫ਼ ਇਕੋ, ਕਿ ਪਿਆਰ-ਅੰਨ੍ਹੀ ਦੀ ਨੁਹਾਰ ਇਕ ਕੁੜੀ ਨਾਲ ਮਿਲਦੀ ਹੈ..."

"ਜਿਸ ਨੂੰ ਤੁਸੀਂ ਜਾਣਦੇ ਹੋ," ਉਸ ਨੇ ਗੱਲ ਟੁਕਦਿਆਂ ਜਾਂ ਵਾਕ ਪੂਰਾ ਕਰਦਿਆਂ ਕਿਹਾ।

"ਜੀ ਹਾਂ"

"ਇਹ ਤਾਂ ਮਾਮੂਲੀ ਗੱਲ ਹੈ। ਪੂਰਬੀ ਹੁਨਰ ਵਿਚ ਸ਼ਕਲਾਂ 'ਤੇ ਓਨਾ ਜ਼ੋਰ ਨਹੀਂ ਦਿੱਤਾ ਜਾਂਦਾ ਜਿੰਨਾ ਭਾਵਾਂ ਤੇ। ਮੈਂ ਆਪ ਕਈ ਬੰਦੇ ਤੇ ਤੀਵੀਆਂ ਦੇਖੇ ਹਨ ਜੋ ਕਿਸੇ ਨਾ ਕਿਸੇ ਚਿੱਤਰਕਾਰ ਦੀਆਂ ਬਣਾਈਆਂ ਸ਼ਕਲਾਂ ਨਾਲ ਠੀਕ ਠੀਕ ਮਿਲਦੇ ਹਨ।"

"ਮੈਂ ਸਮਝਦੀ ਹਾਂ, ਚਿੱਤਰਕਾਰ", ਉਸ ਫਿਰ ਇਕ ਲੰਮਾ ਸਾਹ ਖਿਚਦਿਆਂ ਕਿਹਾ ਅਤੇ ਉਸ ਕੁੜੀ ਨੇ ਤਾੜ ਲਿਆ ਕਿ ਇਸ ਦੇ ਅੰਦਰ ਵੀ ਸਮੁੰਦਰ ਦੇ ਉਛਾਲੇ ਹਨ, ਜਿਸ ਨੂੰ ਕਿ ਉਹ ਛਾਤੀ ਵਿਚ ਕਾਬੂ ਰੱਖਣ ਦਾ ਬਹੁਤ ਯਤਨ ਕਰ ਰਿਹਾ ਹੈ।

ਇਕ-ਦਮ ਕੁੜੀ ਦੀਆਂ ਅੱਖਾਂ ਬੌਂਦਲ ਜਹੀਆਂ ਗਈਆਂ। ਉਸ 'ਤੇ ਨੀਂਦਰ ਦਾ ਅਸਰ ਜਾਪਣ ਲੱਗਾ ਤੇ ਉਹ ਇਉਂ ਆਪ-ਮੁਹਾਰੀ ਗੱਲਾਂ ਕਰਨ ਲੱਗੀ ਜਿਵੇਂ ਕੋਈ ਬੜਾਉਂਦਾ ਹੋਵੇ —

"ਮੈਂ ਵੀ ਪਿਆਰ ਕੀਤਾ ਹੈ, ਚਿੱਤਰਕਾਰ... ਇਕ ਚਿੱਤਰਕਾਰ ਨੂੰ... ਉਹ ਸਾਡਾ ਗੁਆਂਢੀ ਸੀ... ਗਰੀਬ ਸੀ... ਪਿਤਾ ਜੀ ਦੇ ਹੰਕਾਰ ਨੇ ਉਹ ਅਮੋਲ ਹੀਰਾ ਗੁਆ ਦਿੱਤਾ...ਉਹ ਵੀ ਪਸ਼ਚਾਤਾਪ ਕਰ ਕੇ ਉਸ ਨੂੰ ਢੂੰਡਦੇ ਸਵਰਗਵਾਸ ਹੋ ਗਏ...ਇਸ ਔਖੇ ਕੰਮ ਦਾ ਹੁਣ ਮੈਂ ਬੀੜਾ ਚੁੱਕਿਆ ਹੈ... ਮੈਂ 'ਕੱਲੀ ਹਾਂ...ਕੀ ਹਨ ਲੱਖਾਂ ਰੁਪਈਏ ਉਸ ਬਿਨਾਂ....

ਉਸ ਜੀਵਨ —'ਬਸੰਤ' ਬਿਨਾਂ। ਕੀ ਚਿੱਤਰਕਾਰ ਇੰਨੇ ਪੱਥਰ-ਦਿਲ ਹੋ ਸਕਦੇ ਹਨ ? 'ਚੰਬੇਲੀ' ਦੇ ਬਿਰਹੋਂ ਗੀਤਾ ਵੀ ਉਸ ਭੌਰ ਨੂੰ ਖਿਚ ਨਾ ਪਾ ਸਕੇ...ਇਹ ਸਵੈ-ਸਤਿਕਾਰ ਹੈ ਕਿ ਜ਼ੁਲਮ ਹੈ ? ਇਹ ਦੇਸ਼-ਸੇਵਾ ਹੈ ਕਿ ਪਾਪ ਹੈ ?"

ਇਹ ਬਿਲਕੁਲ ਸੁਦੈਣ ਜਾਪਦੀ ਸੀ। ਉਸ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਗੱਲਾਂ ਦਾ ਨੌਜਵਾਨ 'ਤੇ ਕੀ ਅਸਰ ਹੋਇਆ। ਉਸ ਨੂੰ ਤਾਂ ਆਪ ਨੂੰ ਇਹ ਪਤਾ ਨਹੀਂ ਸੀ ਕਿ ਉਹ ਬੇਹੋਸ਼ੀ ਵਿਚ ਕੀ ਕੁਝ ਬਕ ਗਈ ਹੈ। ਉਸ ਨੇ ਨਹੀਂ ਸੀ ਦੇਖਿਆ ਕਿ ਚਿੱਤਰਕਾਰ ਨੇ ਅੱਖਾਂ 'ਤੇ ਕਾਲੀ ਐਨਕ ਲਾ ਲਈ ਹੈ ਤੇ ਹੁਣ ਬਾਰੀ ਤੋਂ ਬਾਹਰ ਬੜੀ ਬੇਚੈਨੀ ਨਾਲ ਦੇਖ ਰਿਹਾ ਹੈ। ਕੁੜੀ ਆਪਣੇ ਆਪ ਵਿਚ ਆ ਰਹੀ ਸੀ ਤੇ ਹੁਣ ਆਪਣੀ ਮੂਰਖਤਾ 'ਤੇ ਸ਼ਰਮਸਾਰ ਜਾਪਦੀ ਸੀ। ਚਿੱਤਰਕਾਰ ਨੇ ਘਬਰਾ ਕੇ ਅੰਦਰ ਤੱਕਿਆ। ਉਸ ਦੇ ਵਾਲਾਂ ਨੇ ਮੱਥੇ 'ਤੇ ਜ਼ਖ਼ਮ ਦਾ ਨਿਸ਼ਾਨ ਲੁਕਾ ਲਿਆ ਸੀ ਅਤੇ ਉਹ ਉਸ ਦੀ ਸੂਰਤ ਵਾਂਗ ਖਿਲਰੇ ਹੋਏ ਸਨ। ਗੱਡੀ ਖਲੋ ਗਈ। ਦੋਹਾਂ ਪਾਸਿਆਂ ਤੋਂ ਚੁੱਪ ਰਹੀ। ਹੁਣ ਗੱਡੀ ਤੁਰਨ ਲਈ ਤਿਆਰ ਸੀ।

"ਤੁਸੀਂ ਤਕੜੇ ਨਹੀਂ ਜਾਪਦੇ, ਮੈਂ ਚਾਹ ਦੀ ਇਕ ਪਿਆਲੀ ਲਿਆਵਾਂ ?" ਜੁਆਨ ਨੇ ਕੁੜੀ ਦੇ ਬਰਫ਼ ਵਰਗੇ ਚਿਹਰੇ ਨੂੰ ਤੱਕਦਿਆਂ ਕਿਹਾ।

"ਨਹੀਂ, ਮੈਂ ਚਾਹ ਨਹੀਂ ਪੀਂਦੀ ਹੁੰਦੀ, ਮਿਹਰਬਾਨੀ !"

"ਏਸ ਹਾਲਤ ਵਿਚ ਮੈਂ ਤੁਹਾਨੂੰ ਜ਼ਰੂਰ ਪੀਣ ਲਈ ਜ਼ੋਰ ਦਿਆਂਗਾ।"

ਉਹ ਦਰਵਾਜ਼ਾ ਖੋਲ੍ਹ ਕੇ ਸਟੇਸ਼ਨ 'ਤੇ ਉਤਰ ਗਿਆ। ਥੋੜ੍ਹੇ ਚਿਰ ਮਗਰੋਂ ਗੱਡੀ ਨੇ ਚੀਕ ਮਾਰੀ ਤੇ ਤੁਰ ਪਈ। ਕੁੜੀ ਨੇ ਬਾਹਰ ਦੇਖਿਆ। ਉਹ ਜੁਆਨ ਸਟੇਸ਼ਨ ਦੇ ਬੂਹੇ ਵਲ ਨੱਠਾ ਜਾ ਰਿਹਾ ਸੀ। ਕੁੜੀ ਅੰਦਰ ਦੌੜੀ। ਜ਼ੰਜੀਰ ਖਿੱਚਦਿਆਂ ਹੀ ਬ੍ਰੇਕ ਦੀ ਟੀ...ਈ.... ਨਾਲ ਇੰਜਨ ਫੱਕ-ਫੱਕ...ਸ਼ੂੰ...ਊਂ...ਊਂ ਕਰ ਕੇ ਖਲੋ ਗਿਆ। ਗਾਰਡ ਉਸ ਕਮਰੇ ਵਲ ਨੱਸਾ ਆਇਆ। ਕੁੜੀ ਉਸ ਵਲ ਨੋਟਾਂ ਦੀ ਇਕ ਥਹੀ ਸੁੱਟ ਕੇ ਸਟੇਸ਼ਨ ਨੂੰ ਉੱਠ ਨੱਠੀ। ਗਾਰਡ ਹੱਕਾ-ਬੱਕਾ ਰਹਿ ਗਿਆ। ਰਕਮ ਪੰਜਾਹ ਤੋਂ ਕਿਤੇ ਬਹੁਤੀ ਸੀ। ਧੜੰਮ ਦੀ ਆਵਾਜ਼ ਨੇ ਗਾਰਡ ਦੀ ਨਜ਼ਰ ਫਿਰ ਉਸ ਪਾਸੇ ਖਿੱਚ ਲਈ। ਕੁੜੀ ਠੇਡਾ ਖਾ ਕੇ ਪੱਥਰਾਂ 'ਤੇ ਡਿੱਗ ਪਈ ਸੀ। ਉਹ ਉਸ ਦੀ ਮਦਦ ਕਰਨ ਲਈ ਦੌੜਿਆ, ਪਰ ਕੁੜੀ ਬਿਜਲੀ ਵਰਗੀ ਫੁਰਤੀ ਨਾਲ ਫੇਰ ਉੱਠ ਕੇ ਭੱਜੀ ਜਾ ਰਹੀ ਸੀ। ਉਸ ਦੇ ਵਾਲ ਖਿਲਰੇ ਹੋਏ ਸਨ। ਉਸ ਦੀਆਂ ਅਰਕਾਂ ਲਹੂ ਨਾਲ ਚੋ ਰਹੀਆਂ ਸਨ, ਉਸ ਦੀ ਸਾੜ੍ਹੀ ਦਾ ਸਿਰ ਵਾਲਾ ਲੜ ਪਿੱਛੇ ਘਸੀਟਿਆ ਜਾ ਰਿਹਾ ਸੀ। ਉਹ ਇਸ ਤਰ੍ਹਾਂ ਨੱਸ ਰਹੀ ਸੀ ਜਿਵੇਂ ਕੋਈ ਆਪਣੀ ਜਾਨ ਬਚਾਉਣ ਲਈ ਨੱਸ ਰਿਹਾ ਹੋਵੇ। ਸਟੇਸ਼ਨ 'ਤੇ ਪਹੁੰਚ ਕੇ ਉਸ 'ਬਸੰਤ! ਬਸੰਤ !! ਬਸੰਤ !!! ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਟੇਸ਼ਨ ਦੇ ਬਾਬੂ ਉਸ ਦੀ ਹਾਲਤ ਦੇਖ ਕੇ ਸਿੱਥਲ ਜਹੇ ਹੋ ਗਏ। ਟਿਕਟ-ਕੁਲੈਕਟਰ ਕੋਲੋਂ ਵੀ ਉਸ ਤੋਂ ਟਿਕਟ ਪੁੱਛਣ ਦੀ ਹਿੰਮਤ ਨਾ ਪਈ। ਉਸ ਨੇ ਪਤਾ ਨਹੀਂ ਕਿਉਂ ਟਾਂਗਿਆਂ ਦੇ ਅੱਡੇ ਵਲ ਉਂਗਲ ਕਰ ਦਿੱਤੀ। ਕੁੜੀ ਹੌਂਕਦੀ ਹੋਈ ਸਾਹਮਣੇ ਅੱਡੇ 'ਤੇ ਪਹੁੰਚੀ।

"ਕੋਈ...ਖੱਦਰ-ਪੋਸ਼...ਇੱਧਰ...ਆਇਆ ਹੈ ?" ਉਸ ਕੁੜੀ ਨੇ ਸਾਹ ਦੀ ਤੰਗੀ

ਨਾਲ ਪੁੱਛਿਆ।

"ਹਾਂ ਬੀਬੀ ਜੀ, ਹੁਣੇ ਸ਼ਹਿਰ ਨੂੰ ਟਾਂਗਾ ਭਜਾ ਕੇ ਲੈ ਗਿਆ ਹੈ", ਇੱਕ ਟਾਂਗੇ ਵਾਲੇ ਨੇ ਉਸ ਨੂੰ ਚੋਰ ਸਮਝਦਿਆਂ ਕਿਹਾ।

"ਜਲਦੀ ਪਿੱਛੇ" ਉਸ ਨੇ ਟਾਂਗੇ ਤੇ ਚੜ੍ਹਦਿਆਂ ਆਗਿਆ ਦਿੱਤੀ ਤੇ ਆਪ ਸੀਟ 'ਤੇ ਲੁੜ੍ਹਕ ਗਈ।

ਭੁਲੇਖਾ

1

ਕੜਾਣੇ ਪਹਾੜੀ ਦੇ ਦੁਆਲੇ ਖ਼ੁਸ਼ਕ ਪਹਾੜੀਆਂ ਦੀ ਇਕ ਲੜੀ ਹੈ ਜੋ ਸਰਗੋਧਿਓਂ ਝਨਾਂ, ਤੇ ਝਨਾਓਂ ਚਨਿਓਟ ਤੀਕ ਚਲੀ ਗਈ ਹੈ। ਝਨਾਓਂ ਪਾਰਲੀਆਂ ਪਹਾੜੀਆਂ ਵਿਚੋਂ ਕਿਸੇ ਇਕ ਦੇ ਪੈਰਾਂ ਵਿਚ ਉਸ ਦਾ ਸਹੁਰਾ ਪਿੰਡ ਸੀ। ਪਰੂੰ ਇਹਨੀਂ ਦਿਨੀਂ ਉਹ ਆਪਣੇ ਸਹੁਰੇ ਗਿਆ ਹੋਇਆ ਸੀ। ਉਸ ਦੇ ਸੰਬੰਧੀਆਂ ਵਿਚੋਂ ਕਿਸੇ ਦਾ ਵਿਆਹ ਸੀ। ਉਸ ਸੋਚਿਆ ਕਿ ਨਾਲੇ ਸਹੁਰੇ ਹੋਰਾਂ ਨੂੰ ਮਿਲ ਆਵਾਂਗੇ, ਉਸ ਦਾ ਸਹੁਰਾ ਬਹੁਤ ਚਿਰ ਮਗਰੋਂ ਬਾਹਰੋਂ ਆਇਆ ਸੀ-ਨਾਲੇ ਵਹੁਟੀ ਨੂੰ ਲੈ ਆਵਾਂਗੇ। ਥੋੜ੍ਹਾ ਚਿਰ ਹੋਇਆ ਉਸ ਦੇ ਘਰ ਪਹਿਲਾ ਕਾਕਾ ਹੋਇਆ ਸੀ। ਉਸ ਨੂੰ ਵੇਖਣ ਦਾ ਚਾਅ ਵੀ ਉਸ ਦੇ ਦਿਲ ਵਿਚ ਕੋਈ ਘਟ ਨਹੀਂ ਸੀ।

ਸਟੇਸ਼ਨੋਂ ਪਿੰਡ ਕੋਈ ਕੋਹ ਕੁ ਵਾਟ ਹੈ। ਗੱਡੀਓਂ ਉਤਰਦਿਆਂ ਉਸ ਇਕ ਜੁਆਨ ਨੂੰ ਸ਼ਹਿਰੀ ਲਿਬਾਸ ਵਿਚ ਘੋੜੇ ਨੂੰ ਲਗਾਮੋਂ ਫੜੀ ਖਲੋਤਾ ਡਿੱਠਾ। ਜੁਆਨ ਨੇ ਪਹਿਲਾਂ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਉੱਤਰ ਮਿਲਣ ਤੋਂ ਪਹਿਲਾਂ ਹੀ ਮੁਸਕਰਾਉਂਦਿਆਂ ਬੋਲਿਆ, "ਆ ਹੀ ਗਏ ਨਾ ਫੇਰ :"

"ਆ ਗਏ", ਉਸ ਓਸ ਨੂੰ ਬਿਨਾਂ ਪਛਾਣਿਆਂ ਉੱਤਰ ਦਿੱਤਾ।

"ਭੈਣ ਜੀ ਕਹਿੰਦੇ ਸਨ, ਅੱਜ ਦੀ ਉਡੀਕ ਹੈ, ਤਾਹੀਓਂ ਤੇ ਮੈਂ ਘੋੜਾ ਲੈ ਕੇ ਆਇਆ ਹਾਂ।" ਇਹ ਗੱਲ ਉਸ ਫਿਰ ਬੁਲ੍ਹਾਂ ਵਿਚ ਹੱਸਦਿਆਂ ਹੱਸਦਿਆਂ ਕੀਤੀ।

ਪ੍ਰਾਹੁਣੇ ਦੇ ਗੰਭੀਰ ਚਿਹਰੇ 'ਤੇ ਵੀ ਮੁਸਕਰਾਹਟ ਆਈ। ਇੰਨੇ ਨੂੰ ਜੁਆਨ ਨੇ ਪਰਲੇ ਪਾਸੇ ਹੋ ਕੇ ਘੋੜੇ ਦੀ ਰਕਾਬ 'ਤੇ ਭਾਰ ਪਾਉਂਦਿਆਂ ਆਖਿਆ, "ਲਓ, ਹੁਣ ਉਤੇ ਚੜ੍ਹੋ, ਘਰ ਚਲ ਕੇ ਬਾਕੀ ਗੱਲਾਂ ਕਰਾਂਗੇ। ਮਾਸੀ ਜੀ ਤੇ ਰਾਜ਼ੀ ਸਨ, ਨਾ ਸੱਚ।"

"ਰਾਜ਼ੀ-ਬਾਜ਼ੀ", ਉਸ ਕਿਹਾ, "ਤੇ ਘੋੜੇ 'ਤੇ ਤੁਸੀਂ ਹੀ ਚੜ੍ਹ ਬੈਠੋ। ਮੈਂ ਤੇ ਸ਼ਹਿਰ ਵੀ ਬਥੇਰਾ ਤੁਰ ਫਿਰ ਲੈਨਾ ਹਾਂ। ਨਾਲੇ ਕਿਹੜਾ ਦੂਰ ਹੈ ਪਿੰਡ, ਔਹ ਤੇ ਹੈ।"

"ਹੂੰ...ਊਂ..., ਇਹ ਕਦੇ ਹੋ ਸਕਦਾ ਹੈ ?"

"ਹਛਾ ਦੋਵੇਂ ਤੁਰੀ ਚਲਨੇ ਆਂ।"

ਰਾਹ ਵਿਚ ਕੋਈ ਗੱਲਬਾਤ ਨਾ ਹੋਈ। ਪਤਾ ਨਹੀਂ, ਇਸ ਦਾ ਕੀ ਕਾਰਨ ਸੀ। ਪ੍ਰਾਹੁਣਾ ਸੋਚਦਾ ਗਿਆ, ਪਈ ਇਹ ਜੁਆਨ ਹੈ ਕੌਣ। ਵਿਆਹ ਤੋਂ ਲੈ ਕੇ ਅੱਜ ਤਕ ਉਸ ਕਦੇ ਇਸ ਦੀ ਸ਼ਕਲ ਨਹੀਂ ਸੀ ਦੇਖੀ। ਹੈ ਵੀ ਸੀ ਬਾਂਕਾ ਸ਼ੂਕਾ। ਨੀਲੇ ਬਲੇਜ਼ਰ ਕੋਟ ਵਿਚੋਂ ਉਸ ਦੀ ਸਡੌਲਤਾ ਫੁਟ-ਫੁਟ ਪੈਂਦੀ ਸੀ। ਆਂਡਾ ਬੋਸਕੀ ਦੀ ਕਮੀਜ਼

ਗੋਡਿਆਂ ਤਕ ਪਲਮਦੀ ਸੀ। ਚਾਬੀ ਦੇ ਲੱਠੇ ਦੀ ਸਲਵਾਰ ਦਾ ਸਲੇਟੀ ਰੇਸ਼ਮੀ ਨਾਲਾ ਕਮੀਜ਼ ਦੇ ਵੱਖੀਆਂ ਵਾਲੇ ਕਾਂਚ ਵਿਚੋਂ ਝਾਤੀ ਮਾਰਦਾ ਸੀ। ਸਿਰ ਬਲੰਬਰੀ ਪੱਗ ਸੀ, ਜਿਸ ਦਾ ਪਿੱਛਲ ਲੜ ਅੱਧ ਵਿਚੋਂ ਮਰੋੜ ਕੇ ਪੱਗ ਵਿਚ ਦਿੱਤਾ ਹੋਇਆ ਸੀ ਅਤੇ ਉਥੋਂ ਮੋਰ-ਛਲ ਵਾਂਗ ਉਤਾਂਹ ਨੂੰ ਖਿਲਰਿਆ ਹੋਇਆ ਸੀ। ਨਿੱਕੀ ਨਿੱਕੀ ਦਾੜ੍ਹੀ ਤੇ ਨਿੱਕੀਆਂ ਨਿੱਕੀਆਂ ਮੁੱਛਾਂ ਸਾਫ਼ ਪਤਾ ਦਿੰਦੀਆਂ ਸਨ ਕਿ ਇਹ ਜੁਆਨ ਮਸਾਂ ਵੀਹਾਂ ਵਰ੍ਹਿਆਂ ਤੋਂ ਟਪਿਆ ਹੋਏਗਾ। ਰੰਗ ਜੇ ਗੋਰਾ ਨਹੀਂ ਤਾਂ ਕਾਲਾ ਵੀ ਨਹੀਂ ਸੀ। ਵੱਡੀਆਂ ਵੱਡੀਆਂ ਅੱਖਾਂ ਲੰਘ ਗਈ ਚੀਜ਼ ਨੂੰ ਮੁੜ ਮੁੜ ਕੇ ਵੇਖਦੀਆਂ ਸਨ, ਪਰ ਦੂਰੋਂ ਆਉਣ ਵਾਲੀ ਨੂੰ ਦੇਖਣੋਂ ਉੱਕੀਆਂ ਅਸਮਰਥ ਜਾਪਦੀਆਂ ਸਨ।

ਉਸ ਨੇ ਘਰ ਵੜਦਿਆਂ ਸੱਸ ਰਾਣੀ ਨੂੰ ਪੀੜ੍ਹੀ 'ਤੇ ਬੈਠ ਕੇ ਧੁੱਪ ਸੇਕਦਿਆਂ ਦੇਖਿਆ।

"ਮੱਥਾ ਟੇਕਨਾਂ, ਬੀਬੀ ਜੀ", ਉਸ ਨੇ ਕੁਝ ਸੰਗਦਿਆਂ ਸੰਗਦਿਆਂ ਕਿਹਾ।

ਸੱਸ ਨੇ ਅਸੀਸ ਦਿਤੀ ਤੇ ਪੀੜ੍ਹੀ ਤੋਂ ਉੱਠ ਕੇ ਪਿਆਰ ਵਾਲਾ ਹੱਥ ਸਿਰ ਤੇ ਫੇਰਿਆ ਤੇ ਬੋਲੀ, "ਮਾਂ ਤਕੜੀ ਸੀ ?" ਤੇ ਬਿਨਾਂ ਕੁਝ ਸੁਣਿਆਂ, "ਤੇ ਹੋਰ ਮਹੈਣ ? ਜੀ ਆਇਆਂ ਨੂੰ, ਕਾਕਾ। ਜੰਮ ਜੰਮ ਆ, ਮੈਂ ਵਾਰੀ।"

ਵਿਚਕਾਰਲੀ ਸਾਲੀ ਇਕ ਬਾਲ ਲੈ ਕੇ ਬਾਹਰ ਨਿਕਲੀ। ਨੀਵੀਆਂ ਅੱਖਾਂ ਨਾਲ 'ਸਤਿ ਸ੍ਰੀ ਅਕਾਲ ! ਕਹਿ ਕੇ ਪਾਸ ਖੜੋ ਗਈ। ਸੱਸ ਬੋਲੀ, "ਸੁਅਰਨ ਅੰਦਰ ਹੈ। ਛੱਡ ਨੀ ਨਿੱਕੀਏ, ਚਰਖੇ ਨੂੰ ਪਰੇ, ਭਾ ਲਈ ਚਾਹ ਬਣਾ।"

ਉਸ ਅੰਦਰ ਵੱਲ ਡਿੱਠਾ, ਇਕ ਲਹਿਰੀਆ ਚੁੰਨੀ ਦਾ ਲੜ ਬੂਹੇ ਕੋਲੋਂ ਹਿੱਲ ਕੇ ਅੰਦਰ ਨੂੰ ਹੋ ਗਿਆ। ਚਾਈਂ ਚਾਈਂ ਅੰਦਰ ਵੜਿਆ। ਸੁਅਰਨ ਮੰਜੇ 'ਤੇ ਬੈਠੀ ਆਪਣੇ ਨਾਂ ਵਰਗੀਆਂ ਨਿਖੜ ਕੇ ਗਲ੍ਹਾਂ 'ਤੇ ਡਿੱਗੀਆਂ ਲਿਟਾਂ ਨੂੰ ਉਂਗਲਾਂ 'ਤੇ ਵਲ੍ਹੇਟੀ ਜਾਂਦੀ ਸੀ।

"ਸਤਿ ਸ੍ਰੀ ਅਕਾਲ !"

"ਸਤਿ ਸ੍ਰੀ ਅਕਾਲ !" ਉਸ ਸਿਰ ਤੋਂ ਖਿਸਕਦੀ ਚੁੰਨੀ ਨੂੰ ਸੰਭਾਲਦਿਆਂ ਕਿਹਾ।

"ਸੁਅਰਨ, ਰਾਜ਼ੀ ?"

"ਹਾਂ ਜੀ, " ਉਸ ਕੁਝ ਨਿਹੋਰੇ ਨਾਲ ਕਿਹਾ।

"ਕੀ ਗੱਲ ਐ ?" ਉਸ ਕੁਝ ਕਾਹਲੇ ਪੈ ਕੇ ਪੁੱਛਿਆ।

ਸੁਅਰਨ ਮੁਸਕਰਾ ਪਈ ਤੇ ਛੇਤੀ ਨਾਲ ਆਖਿਆ, "ਕੁਝ ਨਹੀਂ ਜੀ। ਮਹਿੰਦਰੋਂ, ਐਧਰ ਆਈਂ।"

ਝੱਟ ਮਹਿੰਦਰੋ ਕਾਕਾ ਚੁੱਕੀ ਅੰਦਰ ਵੜੀ। ਸੁਅਰਨ ਲਾਡ ਵਿਚ ਬੋਲੀ, "ਬੜਾ ਯਾਦ ਕਰਦਾ ਸੀ ਕਾਕਾ ਤੁਹਾਨੂੰ। ਲਿਆ ਮਿੰਧੋ ਕਾਕਾ ਵਿਖਾ।"

"ਆਹੋ, ਕਾਕਾ ਦਿਖਾਓ ਇਨ੍ਹਾਂ ਨੂੰ : ਆਹ ਮੂੰਹ ਤੇ ਮਸਰਾਂ ਦੀ ਦਾਲ", ਮਿੰਧੋ ਨੇ ਸ਼ਹਿਰੀਆਂ ਦੀ ਬੋਲੀ ਨਕਲ ਕਰਦਿਆਂ ਆਖਿਆ, "ਤਿੰਨ ਮਹੀਨੇ ਵਾਤ ਨਹੀਂ ਨੇ ਪੁੱਛੀ, ਹੁਣ ਬਣ ਗਏ ਨੇ ਕਾਕੇ ਵਾਲੇ, ਵੱਡੇ !"

"ਬੱਸ ਨੀ ਮਿੱਧੋ...ਚੁੜੇਲੇ !" ਬੂਹੇ ਵੜਦਿਆਂ ਉਸ ਨੌਜਵਾਨ ਨੇ ਆਖਿਆ, ਜੋ ਘੋੜਾ ਕੰਮੀ ਨੂੰ ਫੜਾ ਕੇ ਬਾਹਰ ਇਕ ਮੁਜ਼ਾਰੇ ਨਾਲ ਗੱਲਾਂ ਕਰਦਾ ਰਿਹਾ ਸੀ।

2

ਉਹ ਪੱਧਰਾਂ ਕੋਲੋਂ ਉਚਾਣਾਂ ਨੂੰ ਚੰਗਾ ਗਿਣਦਾ ਸੀ। ਉਚਾਈਆਂ ਤੋਂ ਦੁਨੀਆ ਕਿੱਡੀ ਖੁੱਲ੍ਹੀ ਤੇ ਸੋਹਣੀ ਜਾਪਦੀ ਹੈ। ਕਦੇ ਕਦੇ ਉਹ ਸੋਚਦਾ ਕਿ ਰੱਬ ਨੇ ਬੰਦੇ ਨੂੰ ਪਰ ਕਿਉਂ ਨਾ ਲਾ ਦਿੱਤੇ, ਤਾਂ ਜੁ ਇਹ ਹਰ ਵੇਲੇ ਉਡਾਰੀਆਂ ਲਾਉਂਦਾ ਰਹਿੰਦਾ। ਇਸੇ ਕਰਕੇ ਕਈ ਪੇਂਡੂ ਦਿਨ ਵਿਚ ਇਕ ਦੋ ਵਾਰੀ ਉਸ ਨੂੰ ਸੁੱਕੀਆਂ ਪਹਾੜੀਆਂ ਦੀਆਂ ਪੱਥਰੀਲੀਆਂ ਵੱਖੀਆਂ 'ਤੇ ਲੰਮੀਆਂ ਲੰਮੀਆਂ ਉਲਾਂਘਾਂ ਮਾਰ ਕੇ ਚੜ੍ਹਦਿਆਂ ਦੇਖਦੇ ਸਨ। "ਉੱਚੀਆਂ ਥਾਵਾਂ ਰੱਬ ਨੇ ਦੁਨੀਆਂ ਤੋਂ ਛੁਟਕਾਰੇ ਲਈ ਬਣਾਈਆਂ ਹਨ ਅਤੇ ਹਰਿਆਵਲ ਕੋਮਲ ਰੂਹਾਂ ਦੇ ਖਲ੍ਹਿਆਰ ਲਈ", ਉਹ ਸੋਚਦਾ। ਓਸ ਪਹਾੜੀ ਦੇ ਉਤੇ ਉਸ ਨੇ ਇਕ ਕੁਰਸੀ ਜਹੀ ਲੱਭੀ ਹੋਈ ਸੀ, ਜਿਸ 'ਤੇ ਬੈਠ ਕੇ ਉਹ ਚਾਰ-ਚੁਫੇਰਾ ਦੇਖਦਾ ਅਤੇ ਕਈ ਵਾਰੀ ਖ਼ਿਆਲਾਂ ਵਿਚ ਇੰਨਾ ਮਗਨ ਹੋ ਜਾਂਦਾ ਕਿ ਸਰੀਰ ਦੀ ਵੀ ਹੋਸ਼ ਭੁਲਾ ਬੈਠਦਾ।

ਇਕ ਦਿਨ ਸੂਰਜ ਡੁੱਬਣ ਤੋਂ ਢੇਰ ਚਿਰ ਪਹਿਲਾਂ, ਜਦ ਉਹ ਜਾਗਦੇ ਸੁਪਨੇ ਦੇਖ ਰਿਹਾ ਸੀ, ਮੈਦਾਨ ਦੀ ਅਹਿੱਲ ਕੁਦਰਤ ਵਿਚੋਂ ਉਸ ਨੂੰ ਦੋ ਕਾਲੇ ਨਿਸ਼ਾਨ ਹਿੱਲਦੇ ਨਜ਼ਰ ਆਏ। ਜਦੋਂ ਮਨ ਕਿਸੇ ਖ਼ਿਆਲ ਵਿਚ ਮਸਤ ਹੁੰਦਾ ਹੈ ਤੇ ਅੱਖਾਂ ਸਾਰੇ ਆਲੇ ਦੁਆਲੇ ਨੂੰ ਇਕੋ ਸ਼ੈਅ ਵਾਂਗ ਤੱਕਦੀਆਂ ਹਨ, ਉਦੋਂ ਆਲੇ ਦੁਆਲੇ ਵਿਚੋਂ ਇਕ ਤਿੜ੍ਹ ਵੀ ਹਿੱਲ ਕੇ ਉਸ ਸੁਆਦ ਨੂੰ ਗੁਆ ਸਕਦੀ ਹੈ। ਹੌਲੀ ਹੌਲੀ ਉਹ ਦੋਵੇਂ ਨਿਸ਼ਾਨ ਪਹਾੜੀ ਦੇ ਪੈਰਾਂ ਵਲ ਆਉਂਦੇ ਗਏ ਤੇ ਅਨੁਮਾਨ ਤੋਂ ਪਤਾ ਲੱਗਣ ਲੱਗਾ ਕਿ ਮਨੁੱਖੀ ਸ਼ਕਲਾਂ ਹਨ, ਜੋ ਦੂਰੋਂ ਕਾਲੇ ਧੱਬੇ ਮਲੂਮ ਹੁੰਦੇ ਸਨ। ਕੁਝ ਹੋਰ ਕੋਲ ਆਇਆਂ ਸਾਫ਼ ਪ੍ਰਤੀਤ ਹੋਣ ਲੱਗਾ ਕਿ ਇਕ ਗੱਭਰੂ ਹੈ ਤੇ ਇਕ ਮੁਟਿਆਰ। ਪਰ ਇਸ ਉੱਚਾਈ ਤੋਂ ਇਹ ਤਾਂ ਪਤਾ ਚਲਦਾ ਸੀ ਕਿ ਉਹ ਕੁਝ ਗੱਲਾਂ ਕਰਦੇ ਹਨ, ਪਰ ਕੰਨ ਏਡੀ ਦੂਰ ਮਾਰ ਨਹੀਂ ਸਨ ਕਰਦੇ। ਪਹਾੜੀ ਵਾਲੇ ਖਾਲ-ਕੰਢੇ ਉਹ ਢੇਰ ਚਿਰ ਖਲੋਤੇ ਰਹੇ। ਗੱਲਾਂ ਉਸੇ ਤਰ੍ਹਾਂ ਜਾਰੀ ਰਹੀਆਂ। ਕਿਸੇ ਜੱਟ ਦੀ ਉੱਚੀ ਆਵਾਜ਼ ਪਹਾੜੀਆਂ ਵਿਚ ਗੂੰਜੀ, "ਕਿਹੜਾ ਈ ਓ ?" ਸਾਹਮਣੀਆਂ ਪੈਲੀਆਂ ਵਿਚੋਂ ਇਕ ਮਨੁੱਖ ਗੰਨੇ ਭੰਨਣੋਂ ਹਟ ਗਿਆ। ਇਹ ਦੋਵੇਂ ਗੱਲਾਂ ਕਰਨ ਵਾਲੇ ਵੀ ਠੰਠਬਰ ਗਏ। ਅੰਤ ਥੋੜ੍ਹੇ ਚਿਰ ਮਗਰੋਂ ਦੋਵੇਂ ਇਕ ਦੂਜੇ ਦੇ ਬਹੁਤ ਕੋਲ ਕੋਲ ਹੋ ਗਏ, ਇੰਦਾਂ ਜਾਪਿਆ ਜਿਵੇਂ ਇਕ ਨੇ ਦੂਜੇ ਦੇ ਕੰਨ ਵਿਚ ਨਿਉਂ ਕੇ ਕੋਈ ਗੱਲ ਕਹੀ। ਝੱਟ-ਪੱਟ ਉਹ ਵੱਖ ਹੋਏ। ਇਸਤਰੀ ਪਿੰਡ ਨੂੰ ਤੇ ਮਰਦ ਮੁਰੱਬਿਆਂ ਵੱਲ ਮੁੜਿਆ। ਚੋਰ ਨੇ ਕਿ ਯਾਰ, ਇਹ ਉਸ ਨੂੰ ਪਤਾ ਨਾ ਲੱਗਾ, ਚਿੱਤ ਨੂੰ ਪਚੁੱਤਰੀ ਲੱਗ ਗਈ। ਬਿਨ ਸੋਚਿਆਂ ਸੀਟੀ ਵਿਚ ਗਾਉਣ ਲੱਗਾ :

ਝੰਗ ਸਿਆਲੀ ਇਸ਼ਕ ਵਿਕੇਂਦਾ ਛੇ ਮਾਸੇ ਨੌਂ ਰੱਤੀਆਂ।

"ਝੰਗ ਕਿੱਥੇ ਤੇ ਇਹ ਪਿੰਡ ਕਿੱਥੇ ?' ਦਿਮਾਗ ਨੇ ਕਿਹਾ, 'ਪਰ ਹੈ ਤਾਂ ਝਨਾਂ ਦੇ ਲਾਗੇ', ਦਿਲ ਨੇ ਉਤਰ ਦਿੱਤਾ।

'ਜ਼ਰੂਰ ਪ੍ਰੇਮੀ ਨੇ' ਰਾਤ ਚਕਵੀ ਚਕਵੇ ਨੂੰ ਏਸੇ ਤਰ੍ਹਾਂ ਵਿਛੋੜਦੀ ਹੋਵੇਗੀ। ਅਸੀਂ ਹਰਨਾਂ ਦੀ ਜੋੜੀ ਨੂੰ ਕਿਉਂ ਡਰਾਈਏ ? ਪਰ ਪਤਾ ਤੇ ਕਰੀਏ, ਕੌਣ ਨੇ : ਛੱਡ ਪਰੇ, ਕੀ ਲੈਣਾ ਏ ਘੋਖਾਂ ਘੋਖ ਕੇ : ਨਹੀਂ ਯਾਰ, ਕੀ ਡਰ ਹੈ ? ਕਲ੍ਹ ਸਹੀ, ਪਤਾ ਕਰਾਂਗੇ। ਰਾਤ ਪੈਂਦੀ ਜਾਂਦੀ ਐ। ਉਤਰਾਂਗਾ ਕਿੱਦਾਂ ਇਸ ਪਹਾੜੀ ਤੋਂ ?'

ਉਹ ਝਟਪਟ ਉਠਿਆ ਅਤੇ ਛੇਤੀ ਛੇਤੀ ਪਹਾੜੀ ਤੋਂ ਉਤਰਨ ਲੱਗਾ, ਕੁਝ ਚਿਰ ਮਗਰੋਂ ਘਰ ਪਹੁੰਚਾ। ਸੁਅਰਨ ਬੂਹੇ ਵਿਚ ਖੜੀ ਸੀ।

"ਕੀ ਬਣਦਾ ਏ, ਹਜ਼ੂਰ ?" ਉਸ ਬੂਹੇ ਵੜਦਿਆਂ ਪੁੱਛਿਆ।

"ਕੁਝ ਨਹੀਂ ਜੀ, ਬਾਹਰ ਗਈ ਸਾਂ, ਪਹਾੜੀ ਵਾਲੇ ਖਾਲ, ਕੁਝ ਤਕੜੀ ਨਹੀਂ ਰਹਿੰਦੀ ਮੈਂ।"

"ਤੂੰ ! ਪਹਾੜੀ ਵਾਲੇ ਖਾਲ 'ਤੇ ! ਕਦੋਂ ?"

"ਪੰਜ ਸੱਤ ਘੜੀਆਂ ਹੋਈਆਂ", ਸੁਅਰਨ ਨੇ ਸੁਭਾਵਕ ਜੁਆਬ ਦਿੱਤਾ।

"ਰੋਟੀ ਪੱਕੀ ਐ ?" ਉਸ ਪੁੱਛਿਆ।

"ਆਹੋ ਜੀ, ਅੰਦਰ ਆਓ ਨਾ, ਨਾਲੇ ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਏ।"

"ਕੀ ?" ਅੰਦਰ ਵੜਦਿਆਂ ਉਸ ਪੁੱਛਿਆ।

"ਕੁਝ ਨਹੀਂ", ਸੁਅਰਨ ਨੇ ਮੁਸਕਰਾਉਂਦਿਆਂ ਉੱਤਰ ਦਿੱਤਾ।

3

ਦੂਜੇ ਦਿਨ ਉਹ ਉੱਕਾ ਹੀ ਪਹਾੜੀ 'ਤੇ ਨਾ ਚੜ੍ਹਿਆ। ਦਿਨ ਘੜੀਆਂ ਗਿਣ ਗਿਣ ਕੇ ਮੁੱਕਿਆ। ਸ਼ਾਮਾਂ ਪਈਆਂ। ਹੌਲੇ ਹੌਲੇ ਕਪੜੇ ਪਾ ਕੇ ਉਹ ਨਿਕਲਿਆ। ਸੱਸ ਆਖਿਆ, "ਹਾਲੀ ਬੜੀ ਠੰਢ ਪੈਂਦੀ ਏ ਕਾਕਾ, ਕਪੜੇ ਤੇ ਭਾਰੇ ਪਾ ਜਾ।"

"ਕੋਈ ਡਰ ਨਹੀਂ, ਬੀ ਜੀ," ਕਹਿੰਦਾ ਕਹਿੰਦਾ ਉਹ ਅਹਾਤੇ ਦਾ ਬੂਹਾ ਲੰਘ ਗਿਆ। ਪਿੰਡੋਂ ਬਾਹਰ ਮੁਰੱਬਿਆਂ ਵਿਚ ਅੱਧਾ ਕੁ ਘੰਟਾ ਫਿਰਦਾ ਰਿਹਾ। ਕਲ੍ਹ ਵਾਲੇ ਵੇਲੇ ਪਹਾੜੀ ਖਾਲ 'ਤੇ ਪੁੱਜਾ। ਉਥੇ ਕੋਈ ਨਹੀਂ ਸੀ। ਤੋਰੀਏ ਦੀਆਂ ਪੈਲੀਆਂ ਦੀ ਵੱਟੋ-ਵੱਟ ਤੁਰ ਪਿਆ। ਇੱਦਾਂ ਉਸ ਦੀ ਖਾਲ ਨਾਲੋਂ ਚੰਗੀ ਵਿੱਥ ਪੈ ਗਈ। ਅੱਧਾ ਕੋਹ ਟੁਰਿਆ ਗਿਆ, ਪਰ ਕੁਝ ਅਨਹੋਣਾ ਨਾ ਲੱਭਾ। ਰਾਹ ਵਿਚ ਇਕ ਵਾਗੀ ਮਿਲਿਆ ਤੇ ਹਾਕ ਮਾਰ ਕੇ ਆਖਣ ਲੱਗਾ, "ਪ੍ਰਾਹੁਣਿਆਂ, ਸੈਲੀਂ ਚੜ੍ਹਿਆ ਵਾਂ।" "ਹਾਹੋ", ਉਸ ਆਖਿਆ ਤੇ ਰਾਹ ਪਈ ਗਿਆ। ਦੂਰ ਸਾਰੇ ਜਾ ਕੇ ਮੁੜਿਆ। ਕਲ੍ਹ ਵਾਲੀ ਥਾਂ 'ਤੇ ਪੁੱਜਾ, ਪਰ ਉਥੇ ਕੁਝ ਨਹੀਂ ਸੀ। "ਮੈਂ ਸ਼ੁਦਾਈ ਆਂ," ਉਸ ਹੌਲੀ ਹੌਲੀ ਮੂੰਹ ਵਿਚ ਕਿਹਾ, "ਜਿਸ ਤਰ੍ਹਾਂ ਮੈਂ ਸੁਅਰਨ ਨੂੰ ਪਿਆਰ ਕਰਦਾ ਹਾਂ, ਉਸ ਤਰ੍ਹਾਂ ਕਿਉਂ ਨਾ ਕੋਈ ਹੋਰ ਕਿਸੇ ਆਪਣੀ ਪਿਆਰੀ ਨੂੰ ਕਰੇ ?" ਉਹ ਘਰ ਨੂੰ ਮੁੜ ਪਿਆ। ਵੀਹ ਵਿਚ ਵੜਦਿਆਂ ਉਸ ਸੁਅਰਨ ਨੂੰ ਅੱਗੇ ਅੱਗੇ ਤੁਰੀ ਜਾਂਦਿਆਂ ਵੇਖਿਆ। ਬੂਟਾਂ ਦਾ ਖੜਾਕ ਸੁਣ ਕੇ

ਉਹ ਮੁੜੀ ਤੇ ਦੇਖ ਕੇ ਪੱਲਾ ਕੁਝ ਨੀਵਾਂ ਕਰ ਲਿਆ। ਲਾਗੇ ਹੋ ਕੇ ਉਸ ਸੁਅਰਨ ਨੂੰ ਹੱਸਦਿਆਂ ਹੱਸਦਿਆਂ ਪੁੱਛਿਆ, "ਅੱਜ ਕਿਥੋਂ ? ਪਹਾੜੀ ਵਾਲੇ ਖਾਲ ਨਹੀਂ ਗਈ ਸਗੋਂ ?"

"ਨਹੀਂ, ਐਧਰ, ਐਸ ਪਾਸੇ, ਪਿੰਡ ਵਾਲੇ ਖਾਲ ਤੋਂ ਮੁੜ ਆਈ ਹਾਂ।"

"ਕੱਲੀ ਨਾ ਜਾਇਆ ਕਰ, ਸੁਅਰਨ !"

"ਤੇ ਓਥੇ ਕਿਹੜੇ ਬਘਿਆੜ ਪੈਂਦੇ ਨੇ ?"

"ਹੱਛਾ ! ਤੇਰੀ ਮਰਜ਼ੀ।"

ਘਰ ਵੜਦਿਆਂ ਉਸ ਦਿਨ ਵਾਲਾ ਜੁਆਨ ਨਜ਼ਰੀਂ ਪਿਆ, ਜੋ ਕਾਹਲੀ ਕਾਹਲੀ ਪੈਰ ਸਟਦਾ ਕੰਧ ਦੇ ਖੱਪੇ ਵਿਚੋਂ ਦੀ ਤੁਰਿਆ ਆਉਂਦਾ ਸੀ। ਸੁਅਰਨ ਅੰਦਰ ਚਲੀ ਗਈ। ਉਸ ਨੇ ਓਸ ਨੌਜਵਾਨ ਵਲ ਤੱਕ ਕੇ ਕਿਹਾ, "ਕਿਥੋਂ ਆਈ ਸਰਕਾਰ ?"

"ਮੁਰੱਬਿਓਂ", ਛੋਟਾ ਜਿਹਾ ਉੱਤਰ ਮਿਲਿਆ।

ਅੰਦਰਲੇ ਬੂਹੇ ਦੇ ਬਾਹਰ ਜੁੱਤੀ ਲਾਹ ਕੇ ਉਹ ਕੋਠੜੀ ਵਿਚ ਜਾ ਵੜਿਆ ਅਤੇ ਇਕ ਕੁਹਾੜੀ ਲੈ ਕੇ ਫਿਰ ਪਿਛਾਂਹ ਪਰਤ ਗਿਆ।

"ਮੁਰੱਬੇ ?" ਉਸ ਪੁੱਛਿਆ।

ਸਿਰ ਨਾਲ 'ਹਾਂ' ਕਰ ਕੇ ਅਹਾਤੇ ਦੇ ਬੂਹਿਓਂ ਬਾਹਰ ਹੋ ਗਿਆ।

4

ਦੁਪਹਿਰ ਵੇਲੇ ਉਹ ਅੰਦਰ ਵੱਡੇ ਪਲੰਘ 'ਤੇ ਇਕ ਪਤਲੇ ਪਸ਼ਮੀਨੇ ਦੀ ਚਾਦਰ ਲਈ ਸੁੱਤਾ ਹੋਇਆ ਸੀ। ਲਾਗਲੇ ਸਕੂਲ ਦੀ ਘੰਟੀ ਦੀ ਟਨ ਟਨ ਨੇ ਉਸ ਨੂੰ ਜਗਾ ਦਿੱਤਾ। ਚਾਦਰ ਮੂੰਹ ਤੋਂ ਬਿਨਾਂ ਲਾਹੇ ਉਹ ਉੱਸਲਵੱਟੇ ਭੰਨਣ ਲੱਗ ਪਿਆ। ਅੱਖਾਂ ਖੋਲ੍ਹ ਚਾਦਰ ਵਿਚ ਪਏ ਰਹਿਣ ਦਾ ਉਸ ਨੂੰ ਸੁਆਦ ਜਿਹਾ ਆਉਣ ਲੱਗ ਪਿਆ ਸੀ। ਸਾਹਮਣੇ ਬੂਹੇ ਵਿਚੋਂ ਸੂਰਜ ਦੀ ਨਿੱਘੀ ਧੁੱਪ ਪੈ ਰਹੀ ਸੀ ਅਤੇ ਇਕ ਪਰਛਾਵਾਂ ਉਸ ਧੁੱਪ ਵਿਚ ਕਿਸੇ ਖੜੀ ਸ਼ਕਲ ਦਾ ਪੈ ਰਿਹਾ ਸੀ। ਉਸ ਸੋਚਿਆ, ਸੁਅਰਨ ਸਿਰ ਨਹਾਤੀ ਸੀ, ਉਹੋ ਕੇਸ ਸੁਕਾਉਂਦੀ ਹੋਵੇਗੀ। ਇੰਨੇ ਨੂੰ ਇਕ ਹੋਰ ਪਰਛਾਵਾਂ, ਜੋ ਕਿਸੇ ਮਰਦ ਦਾ ਜਾਪਦਾ ਸੀ, ਸਾਹਮਣੀ ਕੰਧ 'ਤੇ ਪਿਆ। ਪਰਛਾਵੇਂ ਦੇ ਹੱਥ ਇਸ ਤਰ੍ਹਾਂ ਉੱਚੇ ਹੋ ਕੇ ਹਿੱਲੇ ਜਿਵੇਂ ਉਸ ਦਾ ਅਸਲ ਕਿਸੇ ਨੂੰ ਸੱਦਦਾ ਹੈ। ਪਹਿਲਾ ਪਰਛਾਵਾਂ ਦੂਸਰੇ ਪਰਛਾਵੇਂ ਦੇ ਕੋਲ ਹੋ ਗਿਆ। ਨਵੇਂ ਆਏ ਪਰਛਾਵੇਂ ਨੇ, ਇਉਂ ਜਾਪਿਆ ਜਿਵੇਂ ਪਹਿਲੇ ਦੇ ਕੰਨ ਵਿਚ ਕੋਈ ਗੱਲ ਕਹੀ, ਪਰ ਪਹਿਲੀ ਸ਼ਕਲ ਦੇ ਖੁੱਲ੍ਹੇ ਕੇਸ ਵਿਚਕਾਰ ਹੋ ਜਾਣ ਕਰਕੇ ਉਹ ਉਸ ਦੇ ਬੁਲ੍ਹਾਂ ਦਾ ਹਿੱਲਣਾ ਵੀ ਨਾ ਦੇਖ ਸਕਿਆ, ਨਹੀਂ ਤਾਂ ਕੁਝ ਨਾ ਕੁਝ ਪਤਾ ਬੁਲ੍ਹਾਂ ਦੇ ਹਿੱਲਣ ਤੋਂ ਹੀ ਉਹ ਉਸ ਹੋ ਰਹੀ ਗੱਲ ਦਾ ਲਾਉਂਦਾ। ਫੇਰ ਝਟਪਟ ਉਹ ਗੱਲ ਮੁੱਕੀ ਤੇ ਉਸ ਨਵੇਂ ਪਰਛਾਵੇਂ ਨੇ ਪਹਿਲੇ ਪਰਛਾਵੇਂ ਦੇ ਹੱਥ ਵਿਚ ਕੋਈ ਚੀਜ਼ ਦਿੱਤੀ। ਉਸੇ ਵੇਲੇ ਇਕ ਪਤਲੀ ਜਹੀ ਚੰਚਲ ਆਵਾਜ਼ ਆਈ, "ਭੈਣ ਭਾ ਨੇ ਤੈਨੂੰ ਕੀ ਦਿੱਤਾ ਏ ?"

ਇਹ ਆਵਾਜ਼ ਉਸ ਦੇ ਨਿੱਕੇ ਸਾਲੇ ਦੀ ਸੀ, ਜੋ ਹੁਣੇ ਸਕੂਲੋਂ ਅੱਧੀ ਛੁੱਟੀ ਵੇਲੇ ਕੁਝ ਖਾਣ-ਪੀਣ ਆਇਆ ਸੀ।

ਉਸ ਆਵਾਜ਼ ਦੇ ਜੁਆਬ ਵਿਚ ਸੁਅਰਨ ਨੇ ਹੌਲੀ ਹੌਲੀ ਜਿਹੀ ਕਿਹਾ, "ਕੁਝ ਨਹੀਂ, ਦੀਪ।"

ਦੋਵੇਂ ਪਰਛਾਵੇਂ ਸਾਹਮਣੀ ਬਾਰੀ ਤੋਂ ਹਟ ਗਏ ਤੇ ਨਿੱਕਾ ਜਿਹਾ ਪਰਛਾਵਾਂ ਪਟੀ ਹੱਥ ਵਿਚ ਫੜੀ ਸਾਹਮਣੇ ਪਿਆ। ਛੇਤੀ ਹੀ ਕੁਲਦੀਪ ਨੇ ਬੂਹੇ ਦੇ ਅੰਦਰ ਪੈਰ ਧਰਿਆ। ਉਸ ਨੇ ਵੀ ਓਸ ਨੂੰ ਆਉਂਦਿਆਂ ਦੇਖ ਕੇ ਮੂੰਹ 'ਤੋਂ ਕਪੜਾ ਲਾਹਿਆ ਤੇ ਆਖਣ ਲੱਗਾ, "ਅੱਜ ਮੈਂ ਤੈਨੂੰ ਮੁੜ ਕੇ ਸਕੂਲ ਨਹੀਂ ਜਾਣ ਦੇਣਾ, ਦੀਪ।"

"ਬਾਊ ਜੀ ਗੁੱਸੇ ਹੋਣਗੇ ਜੀ", ਦੀਪ ਨੇ ਅੱਖਾਂ ਵਿਚੋਂ ਹੱਸਦਿਆਂ ਪਰ ਮੂੰਹ ਬੁਰਾ ਬਣਾਉਂਦਿਆਂ ਕਿਹਾ।

"ਮੈਂ ਸੰਭਾਲ ਲਾਂਗਾ ਆਪੇ ਸਭ ਕੁਝ", ਉਸ ਸਖ਼ਤ ਜਹੀ ਆਵਾਜ਼ ਵਿਚ ਉੱਚੀ ਕਿਹਾ।

ਕੁਲਦੀਪ ਚੁੱਪ ਕਰ ਗਿਆ, ਪਰ ਕੁਝ ਚਿਰ ਪਿਛੋਂ ਬੋਲਿਆ, "ਮੂੰਹ ਕਿਉਂ ਨਹੀਂ ਪੂੰਝਦੇ ਤੁਸੀਂ ਧੋ ਕੇ, ਜੀਜਾ ਜੀ ?"

ਉਹ ਹੈਰਾਨ ਹੋ ਗਿਆ। ਉਸ ਮੱਥੇ 'ਤੇ ਹੱਥ ਫੇਰਿਆ। ਪਸੀਨੇ ਨਾਲ ਭਰਿਆ ਪਿਆ ਸੀ। 'ਸਿਆਲ ਵਿਚ ਪਸੀਨਾ ! ਅਜੀਬ ਗੱਲ ਹੈ', ਉਸ ਸੋਚਿਆ। ਉਸ ਦਾ ਹੱਥ ਅਚਾਨਕ ਛਾਤੀ 'ਤੇ ਜਾ ਪਿਆ। ਦਿਲ ਧੱਕ ਧੱਕ ਕਰ ਰਿਹਾ ਸੀ। ਸੁਅਰਨ ਉਸ ਵੇਲੇ ਅੰਦਰ ਵੜੀ ਤੇ ਦੀਪ ਵਲ ਮੂੰਹ ਕਰਕੇ ਬੋਲੀ, "ਆ ਵੇ ਦੀਪ, ਰੋਟੀ ਪਾ ਦਿਆਂ। ਖਬਰੇ ਕਿੱਥੇ ਚਲੀਆਂ ਜਾਂਦੀਆਂ ਨੇ ਸਾਰੀਆਂ।"

ਥਾਲੀ ਹੱਥ ਵਿਚ ਫੜ ਕੇ ਉਹ ਪੋਣੇ ਨਾਲ ਸਾਫ਼ ਕਰ ਰਹੀ ਸੀ, ਜਦੋਂ ਉਸ ਦੀ ਨਜ਼ਰ ਉਨ੍ਹਾਂ ਵਲ ਪਈ। ਥਾਲੀ ਉਥੇ ਹੀ ਸੁੱਟ ਕੇ ਉਹ ਉਨ੍ਹਾਂ ਵਲ ਦੌੜੀ। "ਕੀ ਗੱਲ ਏ ਜੀ ?" ਉਸ ਲਾਗੇ ਹੋ ਕੇ ਪੁੱਛਿਆ।

"ਕੁਝ ਨਹੀਂ, ਬੁਖ਼ਾਰ ਜਿਹਾ ਮਲੂਮ ਹੁੰਦਾ ਹੈ।"

ਛੇਤੀ ਨਾਲ ਉਸ ਉਨ੍ਹਾਂ ਦੀ ਬਾਂਹ ਦੇਖੀ ਤੇ ਕੁਝ ਚਿਰ ਮਗਰੋਂ ਬੋਲੀ, "ਪਿੰਡਾ ਤੇ ਠੀਕ ਹੈ।"

"ਪਰ ਮੈਨੂੰ ਢਿੱਡ-ਪੀੜ ਹੁੰਦੀ ਹੈ, ਸਵੇਰ ਦੀ।"

"ਤੁਸੀਂ ਮੈਨੂੰ ਨਹੀਂ ਦੱਸਿਆ, ਪਹਿਲੋਂ ?"

"ਪਹਿਲੋਂ ਥੋੜ੍ਹੀ ਸੀ, ਹੁਣ ਬਹੁਤ ਹੋਣ ਲੱਗ ਪਈ ਐ।"

"ਮੈਂ ਬੀਬੀ ਨੂੰ ਮੁਰੱਬਿਓਂ ਸਦਵਾਵਾਂ ?"

"ਨਹੀਂ, ਹੁਣ ਅਰਾਮ ਐ।"

"ਲਿਆਓ, ਮੈਂ ਮੱਥਾ ਪੂੰਝ ਦਵਾਂ।"

ਉਸ ਦੀਆਂ ਅੱਖਾਂ ਲਾਲ ਹੋ ਗਈਆਂ। ਉਹ ਬੋਲ ਉਠਿਆ, "ਪਰੇ ਹੋ...ਮੈਂ ਆਪ ਪੂੰਝ ਸਕਦਾ ਹਾਂ।"

"ਸਰਦਾਰ ਜੀ, ਇਉਂ ਨਾ ਕਰੋ।"

"ਦੀਪ ਨੂੰ ਰੋਟੀ ਦੇ" ਉਸ ਕਿਹਾ।

"ਉਹ ਆਪੇ ਖਾ ਲਏਗਾ। ਜਾ ਰੋਟੀ ਪਾ ਕੇ ਖਾ ਲੈ ਦੀਪ, ਬੜਾ ਬੀਬਾ ਐ।"

"ਪਰ ਤੂੰ ਏਥੋਂ ਚਲੀ ਜਾ।"

"ਕਿਉਂ ?"

"ਮੈਂ ਚਲਾ ਜਾਵਾਂਗਾ ਫੇਰ।"

"ਉਫ਼ ! ਮੈਂ ਨਹੀਂ ਸਹਾਰ ਸਕਦੀ, ਇਹ ਗੱਲ ਕੀ ਹੈ ਵਿਚੋਂ ? ਮੈਨੂੰ ਦੱਸੋ ਨਾ," ਸੁਅਰਨ ਨੇ ਅੱਖਾਂ ਵਿਚ ਅੱਥਰੂ ਭਰ ਕੇ ਕਿਹਾ।

"ਕੁਝ ਨਹੀਂ", ਉਸ ਗੁੱਸੇ ਭਰੇ ਰੁਹਬ ਵਿਚ ਕਿਹਾ।

ਸੁਅਰਨ ਦੇ ਹੱਥ ਉਨ੍ਹਾਂ ਦੇ ਪੈਰਾਂ 'ਤੇ ਚਲੇ ਗਏ ਤੇ ਅੱਥਰੂ ਕੇਰਦੀ ਬੋਲੀ, "ਕੀ ਮੈਂ ਤੁਹਾਡੇ ਦੁਖਾਂ ਦੀ ਭਾਈਵਾਲ ਨਹੀਂ ?"

"ਨਹੀਂ", ਕਹਿ ਕੇ ਉਹ ਉੱਠ ਬੈਠਾ ਤੇ ਦੋਹਾਂ ਹੱਥਾਂ ਨਾਲ ਦੋਵੇਂ ਪੈਰ ਛੁਡਾ ਕੇ ਪੱਗ ਬੰਨ੍ਹਣ ਲਗ ਪਿਆ। ਪੱਗ ਬੰਨ੍ਹ ਕੇ ਕੋਟ ਬੂਟ ਪਾਇਆ ਅਤੇ ਦੀਪ ਨੂੰ, ਜੋ ਇਹ ਸਭ ਕੁਝ ਦੇਖ ਰਿਹਾ ਸੀ, ਆਪਣੀ ਉਂਗਲੀ ਫੜਾਈ ਤੇ ਦੋਵੇਂ ਬਾਹਰ ਨੂੰ ਤੁਰ ਪਏ। ਸੁਅਰਨ ਨੇ ਕੋਟ ਦਾ ਪਿੱਛਾ ਆਣ ਫੜਿਆ।

"ਜ਼ਿਦ ਨਾ ਕਰੋ, ਸਰਦਾਰ ਜੀ, ਠੰਢ ਲਗ ਜਾਏਗੀ, ਅਜੇ ਹੁਣੇ ਪਸੀਨਾ ਆਇਆ ਹੋਇਆ ਸੀ।"

"ਤੈਨੂੰ ਕੀ ?" ਕਹਿ ਕੇ ਉਹ ਬਾਹਰ ਨਿਕਲ ਪਿਆ।

ਅਹਾਤਿਓਂ ਬਾਹਰ ਨਿਕਲ ਕੇ ਉਸ ਦੀਪ ਨੂੰ ਕਿਹਾ, "ਮੈਂ ਕਲ੍ਹ ਸਰਗੋਧੇ ਜਾਣਾ ਹੈ। ਦੀਪ, ਤੇਰੇ ਜੋਗਾ ਕੀ ਲਿਆਵਾਂ ?"

"ਨੱਚਣ ਵਾਲੀ ਮੇਮ", ਉਸ ਖੁਸ਼ ਹੋ ਕੇ ਕਿਹਾ ਅਤੇ ਫਿਰ ਆਪੇ ਹੀ ਬੋਲ ਉਠਿਆ, "ਮੈਂ ਸਾ'ਬ ਬਣਾਂਗਾ ਤੇ ਉਹਦੇ 'ਤੇ ਰੁਹਬ ਪਾਵਾਂਗਾ।"

"ਹੱਛਾ, ਕਿਹੜਾ ਭਾ ਸੀ ਬਾਹਰ ਤੇਰੀ ਭੈਣ ਜੀ ਨਾਲ ਗੱਲਾਂ ਕਰਦਾ ?"

"ਵੱਡਾ ਭਾ, ਵਟਾਲੇ ਵਾਲਾ।"

"ਹੂੰ...ਊਂ...ਊਂ..., ਤੇ ਉਸ ਕੀ ਫੜਾਇਆ ਸੀ ਤੇਰੀ ਭੈਣ ਨੂੰ।

"ਰੁਮਾਲ।"

"ਹੱਛਾ, ਹੁਣ ਤੂੰ ਸਕੂਲੇ ਜਾ।"

"ਤੁਸੀਂ ਤੇ ਕਹਿੰਦੇ ਸੀ, ਮੈਂ ਨਹੀਂ ਜਾਣ ਦੇਣਾ।"

"ਹੱਛਾ ਨਾ ਜਾ, ਪਰ ਘਰ ਜਾ ਕੇ ਖੇਡ।"

ਦੀਪ ਬੁਰਾ ਜਿਹਾ ਮੂੰਹ ਬਣਾ ਕੇ ਘਰ ਨੂੰ ਤੁਰ ਪਿਆ ਤੇ ਉਹ ਬਾਹਰ ਨੂੰ। ਰਾਹ ਵਿਚ ਉਸ ਦੀ ਸੱਸ ਤੇ ਦੋ ਸਾਲੀਆਂ ਉਸ ਦੇ ਕਾਕੇ ਨੂੰ ਲਈ ਆਉਂਦੀਆਂ ਮਿਲੀਆਂ।

"ਜੀਜਾ ਜੀ, ਦੇਖੋ ਕਾਕਾ ਸੁੱਤਾ ਪਿਆ ਐਵੇਂ ਈ ਦੁੱਧ ਚੁੰਘੀ ਜਾਂਦਾ ਜੇ", ਨਿੱਕੀ ਸਾਲੀ ਨੇ ਆਖਿਆ।

ਕੋਈ ਜਵਾਬ ਨਾ ਸੁਣ ਕੇ ਉਹ ਮੂੰਹ ਬਣਾ ਕੇ ਤੁਰ ਪਈ। ਸੱਸ ਬੋਲੀ, "ਮੁਰੱਬੇ ਚਲਿਆ ਏਂ ਕਾਕਾ, ਤਾਂ ਸੁਰਜੀਤ ਨੂੰ ਘੱਲੀਂ, ਹੁਣੇ ਹੁਣੇ ਮੁਰੱਬੇ ਨੂੰ ਗਿਆ ਸੀ। ਉਹਨੂੰ ਕਹੀਂ ਤੇਰੀ ਮਾਮੀ ਕਹਿੰਦੀ ਸੀ, ਟੇਸ਼ਨੋਂ ਸੋਡੇ ਦੀਆਂ ਬੋਤਲਾਂ ਲਿਆਉਣੀਆਂ ਨੇ, ਖਬਰੇ ਤੇਰਾ ਬਾਊ ਵੀ ਏਸ਼ ਗੱਡੀ ਲਾਇਲਪੁਰੋਂ ਆ ਈ ਜਾਵੇ, ਨਾਲੇ ਘੋੜਾ ਲੈ ਜਾਊ ਉਨ੍ਹਾਂ ਵਾਸਤੇ।"

"ਚੰਗਾ" ਉਸ ਨੇ ਬਿਨਾਂ ਸੋਚਿਆਂ ਆਖਿਆ ਤੇ ਛੇਤੀ ਛੇਤੀ ਪੈਰ ਪੁੱਟਣ ਲੱਗਾ। ਖਾਲ-ਕੰਢਾ ਛੱਡ ਉਹ ਵੱਟੋ-ਵੱਟ ਤੁਰ ਪਿਆ। ਆਪਣੇ ਖ਼ਿਆਲਾਂ ਵਿਚ ਮਸਤ ਉਹ ਤੁਰੀ ਗਿਆ, ਪਤਾ ਨਹੀਂ ਕਿਸ ਤਰ੍ਹਾਂ ਉਹ ਮੁਰੱਬੇ ਤਕ ਪਹੁੰਚਦਿਆਂ ਤਿੰਨ ਚਾਰ ਮੋੜ ਮੁੜਿਆ। ਉਸ ਨੂੰ ਓਦੋਂ ਹੀ ਪਤਾ ਲੱਗਾ ਜਦੋਂ ਉਹ ਬੇਰੀ ਕੋਲ ਜਾ ਪੁੱਜਾ, ਜਿਸ ਦੇ ਹੇਠਾਂ ਮਾਲ ਢਾਂਡਾ ਬੱਝਾ ਹੋਇਆ ਸੀ। ਕਾਮੇ ਨੂੰ, ਜੋ ਪੱਠਿਆਂ ਵਿਚ ਤੂੜੀ ਰਲਾਉਂਦਾ ਸੀ, ਉਸ ਕਾਹਲੀ ਜਹੀ ਪੁੱਛਿਆ, "ਸੁਰਜੀਤ ਆਇਆ ਸੀ ਮੁਰੱਬੇ, ਕਿੱਥੇ ਹੈ ਉਹ ?"

"ਕਮਾਦ ਓਹਲੇ ਹੋਣਾ ਏ, ਏਧਰ ਈ ਗਿਆ ਸੀ, ਮਖ।"

ਉਹ ਕਮਾਦ ਵੱਲ ਤੁਰ ਪਿਆ। ਉਥੇ ਦੇਖਿਆ ਕਿ ਸੁਰਜੀਤ ਟਾਹਲੀ ਦੇ ਨਿੱਕੇ ਜਹੇ ਬੂਟੇ ਨਾਲ ਢੋਅ ਲਾਈ ਗਾ ਰਿਹਾ ਹੈ :

ਮੁਝੇ ਜਿਸ ਦਮ ਖ਼ਿਆਲੇ ਨਰਗਸੇ ਮਸਤਾਨਾ ਆਤਾ ਹੈ,
ਬੜੀ ਮੁਸ਼ਕਿਲ ਸੇ ਕਾਬੂ ਮੇਂ ਦਿਲੇ ਦੀਵਾਨਾ ਆਤਾ ਹੈ।

ਹੱਥ ਵਿਚ ਉਸ ਇਕ ਰੁਮਾਲ ਫੜਿਆ ਹੋਇਆ ਹੈ। ਗਾ ਹਟਣ ਤੋਂ ਪਿਛੋਂ ਉਸ ਨੇ ਰੁਮਾਲ ਨੂੰ ਅੱਖਾਂ ਨਾਲ ਛੁਹਾਇਆ, ਬੁੱਲ੍ਹਾਂ ਨਾਲ ਪਿਆਰਿਆ ਤੇ ਦਿਲ ਨਾਲ ਲਾਇਆ।

ਇਹ ਤਮਾਸ਼ਾ ਦੇਖ ਕੇ ਉਸ ਨੂੰ ਬੁਲਾਉਣਾ ਉਸ ਨੇ ਚੰਗਾ ਨਾ ਸਮਝਿਆ, ਪਰ ਉਸ ਦੇ ਮੁੜਨ ਵੇਲੇ ਉੱਸ ਦੇ ਪੈਰਾਂ ਵਿਚ ਆ ਕੇ ਸੁੱਕੀ ਖੋਰੀ ਤਿੜਕੀ। ਸੁਰਜੀਤ ਨੇ ਉਸ ਨੂੰ ਦੇਖ ਲਿਆ ਤੇ ਛੇਤੀ ਨਾਲ ਰੁਮਾਲ ਖੀਸੇ ਵਿਚ ਪਾ ਕੇ ਬੋਲਿਆ, "ਕੀ ਗੱਲ ਜੇ ? ਮੁੜ ਚਲੇ ਓ ?"

"ਬੀਬੀ ਜੀ ਦਾ ਸੁਨਿਹਾ ਐ, ਪਈ ਬੋਤਲਾਂ ਸਟੇਸ਼ਨ ਤੋਂ ਲਿਆਉਣੀਆਂ ਨੇ ਤੇ ਨਾਲੇ ਬਾਊ ਜੀ ਸ਼ਾਇਦ ਆ ਜਾਣ, ਘੋੜਾ ਵੀ ਲਿਜਾਣਾ ਐ।"

"ਉਹ ਇਹ ਕੰਮ ਕਿਸੇ ਕਾਮੇ ਨੂੰ ਭੇਜ ਕੇ ਕਰਾ ਸਕਦੇ ਨੇ", ਸੁਰਜੀਤ ਜ਼ਰਾ ਤੜਿੰਗ ਹੋ ਕੇ ਬੋਲਿਆ।

"ਆਹ ਰੁਮਾਲ ਕਿਸ ਦਾ ਹੈ ?" ਉਸ ਖੀਸੇ ਵਿਚੋਂ ਰੁਮਾਲ ਖਿੱਚਦਿਆਂ ਪੁੱਛਿਆ।

"ਕਿਸੇ ਦਾ ?"

"ਕਿਸੇ ਦਾ, ਕਿਸ ਦਾ ?" ਉਸ ਅੱਖਾਂ ਤਾੜ ਕੇ ਪੁੱਛਿਆ।

"ਮਤਲਬ ?"

"ਇਹ ਕਿਸੇ ਮੇਰੇ ਵਾਕਫ਼ ਦਾ ਹੈ", ਉਸ ਗੁੱਸੇ ਦੇ ਅਸਰ ਹੇਠ ਆਖਿਆ।

"ਹੋ ਸਕਦਾ ਹੈ", ਕਹਿ ਕੇ ਸੁਰਜੀਤ ਧੌਣ ਅਕੜਾ ਕੇ ਮੁੜਿਆ ਤੇ ਉਸ ਦੇ ਹੱਥ ਵਿਚੋਂ ਫੁਰਤੀ ਨਾਲ ਰੁਮਾਲ ਖੋਹ ਕੇ ਚੱਕ ਵਾਲੀ ਡੰਡੀਏ ਪੈ ਗਿਆ।

ਉਸ ਸੋਚਿਆ, 'ਕੀ ਗੋਰਖ-ਧੰਧਾ ਹੈ ਇਹ ਜਿਸ ਦੇ ਪੇਚ ਹੀ ਨਹੀਂ ਖੁੱਲ੍ਹਣ ਵਿਚ ਆਉਂਦੇ ?' ਅੰਤ ਉਹ ਪਿੰਡ ਨੂੰ ਤੁਰ ਪਿਆ। ਰਾਹ ਵਿਚ ਇਕ ਵਾਗੀ ਗਾਉਂਦਾ ਜਾਂਦਾ ਸੀ :

ਦੋ ਤਲਵਾਰਾਂ ਦੇ ਵਿਚ ਮੇਰੀ ਜਾਨ ਫਸ ਗਈ
ਦਿੱਸਦਾ ਕੋਈ ਸਬੱਬ ਬਚਾ ਦਾ ਨਾ !

'ਠੀਕ ਗਾਉਂਦਾ ਹੈ' ਉਸ ਦਿਲ ਵਿਚ ਆਖਿਆ, 'ਮੇਰੇ ਦਿਲ ਦੀ ਹਾਲਤ ਦੱਸ ਰਿਹਾ ਹੈ।'

ਸੋਚਾਂ ਤੇ ਵਹਿਣੀ ਪਿਆ ਉਹ ਖਾਲ ਤੋਂ ਪਿੰਡ ਨੂੰ ਮੁੜਿਆ। ਮੋੜ 'ਤੇ ਖਾਲ ਕੰਢੇ ਕੋਈ ਖੜੋਤਾ ਸੀ, ਉਸ ਨਾ ਸੰਞਾਤਾ। ਕਿਸੇ ਆਵਾਜ਼ ਮਾਰੀ, "ਸਰਦਾਰ ਜੀ !" ਉਸ ਨਾ ਸੁਣੀ। ਨਿਆਈਂ ਦੀਆਂ ਧੈਲੀਆਂ ਵਿਚ ਉਸ ਕੋਲੋਂ ਕੋਈ ਮਨੁੱਖ ਲੰਘਿਆ। ਉਸ ਮੁੜ ਕੇ ਵੇਖਿਆ, ਚੂੜੀਦਾਰ ਪਜਾਮੇ ਤੇ ਅਚਕਨ ਵਿਚ ਸੁਰਜੀਤ ਤੁਰਿਆ ਜਾਂਦਾ ਸੀ। ਉਹ ਛੇਤੀ ਹੀ ਉਸ ਨੂੰ ਦੇਖ ਕੇ ਇਕ ਟਾਹਲੀ ਦੇ ਰੁੱਖ ਓਹਲੇ ਹੋ ਗਿਆ। ਸੁਰਜੀਤ ਖਾਲ ਦੇ ਮੋੜ 'ਤੇ ਪਹੁੰਚਾ। ਉਥੇ ਉਹੋ ਸ਼ਕਲ ਖੜੀ ਸੀ, ਜਿਸ ਨੇ ਆਵਾਜ਼ ਮਾਰੀ ਸੀ। ਸੁਰਜੀਤ ਕੋਲ ਜਾ ਖੜੋਤਾ। ਬੜਾ ਚਿਰ ਦੋਹਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅੰਤ ਸੁਅਰਨ ਪਿੰਡ ਨੂੰ ਤੁਰੀ ਤੇ ਸੁਰਜੀਤ ਪੈਦਲ ਸਟੇਸ਼ਨ ਨੂੰ। ਉਹ ਖੱਬੀ ਵੱਖੀ 'ਤੇ ਹੱਥ ਰੱਖ ਕੇ ਉਥੇ ਹੀ ਬਹਿ ਗਿਆ। ਕੁਝ ਚਿਰ ਮਗਰੋਂ ਸੁਅਰਨ ਦੇ ਸਲੀਪਰਾਂ ਦੀ ਆਵਾਜ਼ ਨੇ ਉਸ ਨੂੰ ਹੋਸ਼ ਵਿਚ ਆਂਦਾ। ਉਹ ਉਠਿਆ ਤੇ ਸੁਅਰਨ ਨੂੰ ਘੂਰ ਕੇ ਬੋਲਿਆ, "ਕੀ ਗੱਲਾਂ ਹੁੰਦੀਆਂ ਸਨ ?

"ਕੀਹਦੇ ਨਾਲ ?" ਸੁਅਰਨ ਨੇ ਹੈਰਾਨੀ ਨਾਲ ਪੁੱਛਿਆ।

"ਉਸੇ ਸੁਰਜੀਤ ਨਾਲ", ਉਸ ਸੁਅਰਨ ਦੇ ਚਿਹਰੇ ਵਲ ਇਕ ਤੇਜ਼ ਨਜ਼ਰ ਸੁੱਟਦਿਆਂ ਕਿਹਾ।

ਸੁਅਰਨ ਦਾ ਮੂੰਹ ਕੋਲ ਖੜੇ ਤੋਰੀਏ ਦੇ ਫੁੱਲਾਂ ਵਰਗਾ ਹੋ ਗਿਆ ਤੇ ਮੱਥੇ 'ਤੇ ਦੋ ਚਾਰ ਬੂੰਦਾਂ ਪਸੀਨੇ ਦੀਆਂ ਆ ਗਈਆਂ।

ਉਸ ਫਿਰ ਗੁੱਸੇ ਵਿਚ ਆਖਿਆ, "ਕਿਥੇ ਈ ਉਹ ਰੁਮਾਲ ਜਿਹੜਾ ਮੈਂ ਤੈਨੂੰ ਦਿੱਤਾ ਸੀ ?"

"ਉਹ ਮੈਂ ਆਪਣੀ ਸਹੇਲੀ ਸੰਤੋ ਨੂੰ ਦਿੱਤਾ ਹੋਇਐ।"

"ਮੈਂ ਸਭ ਕੁਝ ਜਾਣਨਾਂ, ਸੁਅਰਨ। ਕੋਈ ਹੋਰ ਹੁੰਦਾ ਤਾਂ ਖਬਰੇ ਕੀ ਕੁਝ ਕਰ ਬੈਠਦਾ। ਮੈਂ ਪੜ੍ਹਿਆ ਲਿਖਿਆ ਬੰਦਾ ਹਾਂ। ਮੈਨੂੰ ਤੂੰ ਚਾਰ ਨਹੀਂ ਸਕਦੀ।"

"ਮੈਂ...ਮੈਂ...।"

"ਮੈਂ...ਮੈਂ...ਕੀ ?" ਫੇਰ ਉਹ ਠੰਢਾ ਹੋ ਕੇ ਬੋਲਿਆ, "ਸੁਅਰਨ, ਸਵੇਰ ਦਾ ਭੁੱਲਾ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਾ ਨਹੀਂ ਕਹਿੰਦੇ।"

"ਕਹਿੰਦੇ ਕੀ ਹੋ ?" ਸੁਅਰਨ ਨੇ ਗੁੱਸੇ ਨਾਲ ਆਪਣੇ ਮੂੰਹ ਦਾ ਰੰਗ ਲਾਲ ਵਟਾਉਂਦਿਆਂ ਪੁੱਛਿਆ।

"ਤੂੰ ਸੁਰਜੀਤ ਨਾਲ ਬੋਲਣਾ ਛੱਡ ਦੇ।"

"ਇਹ ਗੱਲ ਹੈ ?" ਉਸ ਗੁੱਸੇ ਵਿਚ ਆਖਿਆ, "ਸੁਰਜੀਤ ਮੇਰਾ ਭਰਾ ਹੈ, ਮੈਂ ਨਹੀਂ ਛੱਡ ਸਕਦੀ।"

"ਹੱਛਾ ?"

ਕੋਲੋਂ ਇਕ ਪੇਂਡੂ ਲੰਘਿਆ, ਦੋਵੇਂ ਚੁੱਪ ਹੋ ਕੇ ਤੁਰ ਪਏ। ਰਾਹ ਵਿਚ ਕੋਈ ਗੱਲ ਨਾ ਹੋਈ। ਅਹਾਤੇ ਵਿਚ ਵੜਦਿਆਂ ਸੁਅਰਨ ਪਿੱਛੇ ਹੋਣਾ ਚਾਹੁੰਦੀ ਸੀ ਕਿ ਉਹ ਬੋਲ ਉਠਿਆ, "ਮੇਰੇ ਭਣੇਵੇਂ ਦਾ ਵਿਆਹ ਹੈ, ਅੱਜ ਬਾਊ ਜੀ ਆਉਣਗੇ, ਮੈਂ ਗੱਲ ਕਰਾਂਗਾ ਤੇ ਤੈਨੂੰ ਪਰਸੋਂ ਸਭ ਤਿਆਰੀ ਕਰ ਲੈਣੀ ਚਾਹੀਦੀ ਹੈ।"

"ਮੈਂ ਨਹੀਂ ਜਾਵਾਂਗੀ।" ਉਸ ਨੇ ਤਟ ਕੇ ਆਖਿਆ।

5

ਕਲ੍ਹ ਸ਼ਾਮ ਦਾ ਉਸ ਦਾ ਸਹੁਰਾ ਆਇਆ ਹੋਇਆ ਸੀ। ਉਸ ਰਾਤੀਂ ਉਨ੍ਹਾਂ ਨਾਲ ਗੱਲ ਕੀਤੀ ਕਿ ਉਹ ਸੁਅਰਨ ਨੂੰ ਨਾਲ ਲੈ ਕੇ ਸ਼ਹਿਰ ਚਲਾ ਜਾਏਗਾ ਕਿਉਂਕਿ ਉਸ ਦੇ ਭਣੇਵੇਂ ਦਾ ਵਿਆਹ ਲਾਗੇ ਹੈ। ਸਹੁਰੇ ਨੇ ਆਗਿਆ ਦੇ ਦਿੱਤੀ। ਸੁਅਰਨ ਹੁਣੇ ਸਹੇਲੀਆਂ ਨਾਲ ਖਾਲ ਵਲ ਨੂੰ ਗਈ ਸੀ। ਨਾਲ ਉਸ ਦੀ ਛੋਟੀ ਭੈਣ ਸੀ। ਅੱਜ ਸਨਿਚਰਵਾਰ ਹੋਣ ਕਰਕੇ ਕੁਲਦੀਪ ਮੁੜ ਕੇ ਸਕੂਲ ਨਹੀਂ ਸੀ ਗਿਆ। ਉਸ ਜੀਜੇ ਦੀਆਂ ਲੱਤਾਂ ਨੂੰ ਜੱਫੀ ਪਾ ਕੇ ਆਖਿਆ, "ਮੇਰੀ ਮੇਮ ਕਿੱਥੇ ਜੇ ?"

ਉਸ ਪੋਲਾ ਜਿਹਾ ਹਾਸਾ ਹੱਸਦਿਆਂ ਆਖਿਆ, "ਵੱਡਾ ਤੇ ਹੋ ਲੈ, ਤੈਨੂੰ ਨਚਾਉ ਵਾਲੀ ਅਸਲੀ ਮੇਮ ਲੈ ਦਵਾਂਗੇ।"

"ਮੈਂ ਨੱਚਣ ਵਾਲੀ ਲੈਣੀ ਜੇ, ਜੀਜਾ ਜੀ :"

"ਚੰਗਾ, ਉਹੋ ਲੈ ਦਵਾਂਗੇ ਫੇਰ।"

"ਹੁਣ ਮੈਨੂੰ ਕਲਮਾਂ ਲਈ ਕਾਨੇ ਲਿਆ ਦਿਓ ਖਾਂ", ਉਸ ਬੜੇ ਲਾਡ ਨਾਲ ਆਖਿਆ।

"ਹਟ ਪਰੇ, ਲਿਆ ਦਿਆਂ।"

ਉਸ ਆਪਣੇ ਸੂਟਕੇਸ ਨੂੰ ਖੋਲ੍ਹ ਇਕ ਚਾਕੂ ਕੱਢਿਆ ਅਤੇ ਬਾਹਰ ਨੂੰ ਤੁਰ ਪਿਆ। ਨਿਆਈਂ ਦੀਆਂ ਪੈਲੀਆਂ ਵਿਚੋਂ ਲੰਘਦਿਆਂ ਉਸ ਨੂੰ ਖਾਲ ਦੇ ਪਰਲੇ ਪਾਸੇ ਇਕ ਬਲੰਬਰੀ ਰੰਗ ਦਾ ਸਾਫ਼ਾ ਦਿਸਿਆ। ਉਰਲੇ ਪਾਸੇ ਸੁਅਰਨ ਤੇ ਉਸ ਦੀ ਭੈਣ ਖੜੀ ਸੀ। ਉਹ ਉਥੇ ਹੀ ਬੈਠ ਗਿਆ ਅਤੇ ਬਟੇਰੇ ਵਾਂਗੂੰ ਤੁਰਕਦਾ ਤੁਰਕਦਾ ਇਕ ਪਾਸੇ ਹੋ ਕੇ ਸਰ੍ਹੋਂ ਦੇ ਵਿਚ ਦੀ ਖਾਲ ਤਕ ਪੁੱਜਾ। ਉਥੋਂ ਸੁਅਰਨ ਤੀਹ ਕੁ ਕਰਮਾਂ ਤੇ ਖੜੋਤੀ ਸੀ। ਉਹ ਇਕਦਮ ਖਾਲ ਟੱਪਿਆ। ਪਰ ਦੂਸਰੇ ਪਾਸੇ ਕੋਈ ਨਹੀਂ ਸੀ। ਉਥੇ ਕੁ ਪੁੱਜਾ ਜਿਥੇ ਉਸ ਸਾਫ਼ਾ ਦੇਖਿਆ ਸੀ। ਉਥੇ ਨੱਸੀ ਜਾਂਦੀ ਜੁੱਤੀ ਦੇ ਨਿਸ਼ਾਨ

ਸਨ। ਉਸ ਅੱਗੇ ਵਲ ਦੇਖਿਆ, ਸਾਹਮਣੇ ਰਜਵਾਹੇ ਤੋਂ ਉਸੇ ਪੱਗ ਵਾਲਾ ਮਨੁੱਖ ਟੱਪ ਰਿਹਾ ਹੈ।

ਉਸ ਵੀ ਉਸੇ ਮਗਰ ਸ਼ੂਟ ਲਾਈ ਤੇ ਭੱਜੇ ਜਾਂਦਿਆਂ ਆਪਣੇ ਚਾਕੂ ਦੇ ਲੰਮੇ ਫਾਲ ਨੂੰ ਖੋਲ੍ਹਿਆ। ਰਜਵਾਹੇ 'ਤੇ ਇਕ ਮਨੁੱਖ ਕਪੜੇ ਧੋਂਦਾ ਸੀ। ਉਸ ਚਾਕੂ ਲੁਕਾ ਕੇ ਪੁੱਛਿਆ, "ਐਧਰ ਕੋਈ ਮਨੁੱਖ ਟੱਪ ਕੇ ਗਿਆ ਹੈ ?"

ਓਸ ਸਾਹਮਣੇ ਕਮਾਦ ਵਲ ਉਂਗਲ ਕੀਤੀ। ਉਹ ਫੇਰ ਨੱਸਾ। ਜੁੱਤੀ ਦੇ ਨਿਸ਼ਾਨਾਂ ਤੋਂ ਖੁਰਾ ਕੱਢਦਾ ਉਹ ਇਕ ਜਾਂਗਲੀ ਦੀ ਝੁੱਗੀ ਲਾਗੇ ਪੁੱਜਾ। ਉਸ ਜਾਂਗਲੀ ਨੂੰ ਪੁੱਛਿਆ, "ਐਧਰ ਕੌਣ ਗਿਆ ਹੈ ?"

ਜਾਂਗਲੀ ਨੇ ਅਵੱਲੀ ਜਹੀ ਬੋਲੀ ਵਿਚ ਦੱਸਿਆ ਕਿ ਉਧਰ ਸੁਰਜੀਤ, ਸਰਦਾਰਾਂ ਦਾ ਭਣੇਵਾਂ ਭੱਜਾ ਗਿਆ ਹੈ। 'ਦੇਖੀ ਜਾਏਗੀ', ਉਸ ਦਿਲ ਵਿਚ ਸੋਚਿਆ ਤੇ ਅਗਾਂਹ ਨੂੰ ਭੱਜਾ, ਪਰ ਅਗਲੀ ਡੰਡੀ ਤੋਂ ਖੁਰਾ ਗੁਆਚ ਗਿਆ। ਕਚੀਚੀਆਂ ਵੱਟਦਾ ਉਹ ਪਛਾਂਹ ਮੁੜਿਆ। ਉਥੇ ਪਹੁੰਚਾ ਜਿਥੇ ਸੁਅਰਨ ਤੇ ਸਿੰਧੋ ਨੂੰ ਡਿੱਠਾ ਸੀ। ਸੁਅਰਨ ਆਪਣੇ ਪਤੀ ਦੀ ਸ਼ਕਲ ਦੇਖ ਕੇ ਚੀਕ ਮਾਰ ਕੇ ਬੈਠ ਗਈ।

"ਔਰਤ !" ਇਕ ਬਿਜਲੀ ਵਰਗਾ ਖਿਆਲ ਉਸ ਦਿਮਾਗ ਵਿਚੋਂ ਹੱਥਾਂ ਨੂੰ ਦੌੜਿਆ ਅਤੇ ਉਸ ਦੇ ਹੱਥ ਆਪਣੀ ਕਾਰੋਂ ਰੁਕ ਗਏ। ਦੂਜੇ ਛਿਨ ਉਸ ਸਿੰਧੋ ਨੂੰ ਖੱਬੀ ਬਾਂਹ ਤੋਂ ਫੜ ਲਿਆ ਤੇ ਉਸ ਨੂੰ ਪਿੰਡ ਵਲ ਨੂੰ ਖਿਚਿਆ। ਵਿਚਾਰੀ ਸਿੰਧੋ ਡਰੀ ਹੋਈ ਨਾਲ ਤੁਰ ਪਈ।

ਘਰ ਵੜਦਿਆਂ ਉਸ ਸਹੁਰੇ ਨੂੰ ਕੁਰਸੀ ਅੱਗੇ ਮੇਜ਼ ਰੱਖ ਕੇ ਕੁਝ ਪੜ੍ਹਦਿਆਂ ਡਿੱਠਾ। ਸਾਹਮਣੀ ਕੁਰਸੀ 'ਤੇ ਘੜੱਪ ਕਰ ਕੇ ਬੈਠ ਗਿਆ ਅਤੇ ਚਾਕੂ ਵਾਲਾ ਹੱਥ ਏਸ ਜ਼ੋਰ ਨਾਲ ਮੇਜ਼ 'ਤੇ ਮਾਰਿਆ ਕਿ ਚਾਕੂ ਦਾ ਫਲਟਾ ਉਪਰਲੇ ਖੋਖੇ ਦੇ ਢੱਕਣ ਵਿਚੋਂ ਦੁਸਾਰ ਪਾਰ ਹੋ ਗਿਆ। ਸਹੁਰੇ ਨੇ ਨਜ਼ਰ ਉਤੇ ਚੁੱਕੀ, ਸਾਹਮਣੇ ਮੇਜ਼ ਵੱਲ ਦੇਖਿਆ ਅਤੇ ਉਸ ਦੇ ਚਿਹਰੇ ਵਲ ਵੀ। ਫੇਰ ਛੇਤੀ ਨਾਲ ਚਾਕੂ ਨੂੰ ਮੇਜ਼ ਵਿਚੋਂ ਖਿਚਦਿਆਂ ਆਵਾਜ਼ ਦਿੱਤੀ, "ਸੁਅਰਨ ਦੀ ਬੀਬੀ, ਕਾਕੇ ਨੂੰ ਇਕ ਗਲਾਸ ਪਾਣੀ ਦਾ ਦੇਵੀਂ।"

"ਮੈਂ ਗੁੱਸੇ ਵਿਚ ਨਹੀਂ, ਬਾਊ ਜੀ।"

"ਹੋਰ ਕੀ ਗੱਲ ਹੈ ਫੇਰ ?"

"ਸਿੰਧੋ ਕੋਲੋਂ ਪੁੱਛੋ", ਆਖ ਕੇ ਉਹ ਬਾਹਰ ਚਲਾ ਗਿਆ। ਇੰਨੇ ਨੂੰ ਸੁਅਰਨ ਅੰਦਰ ਵੜੀ। ਬਾਬੂ ਨੇ ਅੰਦਰ ਆਵਾਜ਼ ਮਾਰੀ ਤੇ ਬਹੁਤ ਚਿਰ ਗੱਲਾਂ ਹੁੰਦੀਆਂ ਰਹੀਆਂ, ਜਿਨ੍ਹਾਂ ਦਾ ਉਸ ਨੂੰ ਕੋਈ ਪਤਾ ਨਹੀਂ ਸੀ, ਕਿਉਂਕਿ ਉਹ ਬਾਹਰ ਵਾਲੀ ਬੈਠਕ ਵਿਚ ਜਾ ਕੇ ਲੇਟ ਗਿਆ ਸੀ। ਸ਼ਾਮਾਂ ਪਈ ਉਸ ਨੂੰ ਕਿਸੇ ਉਠਾਇਆ ਤੇ ਉਹ ਅੰਦਰ ਪਹੁੰਚਾ। ਸੁਰਜੀਤ ਨੀਵੀਂ ਧੌਣ ਪਾਈ ਉਸ ਦੇ ਸਹੁਰੇ ਕੋਲ ਖੜਾ ਸੀ। ਉਸ ਨੂੰ ਦੇਖ ਕੇ ਓਸ ਮੂੰਹ ਉਤਾਂਹ ਚੁੱਕਿਆ ਅਤੇ ਬੋਲਿਆ, "ਕੀ ਤੁਸੀਂ ਮੇਰੀਆਂ ਦੋ ਗੱਲਾਂ ਬੈਠਕ ਵਿਚ ਚੱਲੋ ਸੁਣ ਸਕਦੇ ਹੋ ?"

"ਨਹੀਂ ! ... ਹਾਂ, ਸੁਣ ਸਕਦਾ ਹਾਂ।"

"ਤਾਂ ਫਿਰ ਮੇਰੇ ਨਾਲ ਆਓ", ਸੁਰਜੀਤ ਨੇ ਅੱਗੇ ਹੋ ਕੇ ਤੁਰਦਿਆਂ ਆਖਿਆ।

ਦੋਵੇਂ ਬੈਠਕ ਵਲ ਤੁਰੇ। ਸੁਰਜੀਤ ਅੰਦਰ ਲੰਘ ਕੇ ਖਲੋ ਗਿਆ ਤੇ ਦੋਹਾਂ ਬਾਹਾਂ ਤੋਂ ਫੜ ਕੇ ਓਸ, ਉਸ ਨੂੰ ਅਰਾਮ-ਕੁਰਸੀ 'ਤੇ ਬਿਠਾਇਆ।

"ਤੁਸੀਂ ਮੇਰਾ ਭੇਦ ਕਿਉਂ ਖੋਲ੍ਹਣਾ ਚਾਹੁੰਦੇ ਹੋ ?" ਸੁਰਜੀਤ ਨੇ ਪੁੱਛਿਆ।

"ਮੈਂ ਉਸ ਨੂੰ ਪਿ...ਆ...ਰ ਕਰਦਾ ਹਾਂ !" ਸੁਰਜੀਤ ਨੇ ਡੂੰਘੇ ਜਜ਼ਬੇ ਨਾਲ ਕਿਹਾ।

"ਕਿਸ ਨੂੰ ?" ਉਸ ਨੇ ਤੂਫ਼ਾਨ ਵਾਂਗ ਉੱਠ ਕੇ ਖਲੋਂਦਿਆਂ ਪੁੱਛਿਆ।

"ਸੰਤੋ ਨੂੰ, ਭੈਣ ਸੁਅਰਨ ਦੀ ਸਹੇਲੀ ਨੂੰ।"

ਪਠਾਣ ਦੀ ਧੀ

ਗਫੂਰ ਪਠਾਣ ਜਦ ਵੀ ਸ਼ਾਮ ਨੂੰ ਆਪਣੀ ਲਾਂਢੀ ਵਿਚ ਆਉਂਦਾ, ਉਨ੍ਹਾਂ ਲਾਂਢੀਆਂ ਵਿਚ ਰਹਿਣ ਵਾਲੇ ਬੱਚੇ 'ਕਾਬਲੀ ਵਾਲਾ', 'ਕਾਬਲੀ ਵਾਲਾ' ਕਰਦੇ ਆਪੋ ਆਪਣੀ ਲਾਂਢੀ ਵਿਚ ਜਾ ਲੁਕਦੇ। ਇਕ ਨਿੱਕਾ ਜਿਹਾ ਸਿੱਖ ਮੁੰਡਾ ਬੇਖੌਫ਼ ਉਥੇ ਖੜਤਾ ਰਹਿੰਦਾ ਹੈ। ਉਸ ਦੇ ਥੈਲੇ, ਖੁੱਲ੍ਹੇ-ਡੁੱਲ੍ਹੇ ਕਪੜੇ, ਉਸ ਦੇ ਸਿਰ ਦੇ ਪਟੇ ਤੇ ਉਘੜ-ਦੁਘੜੀ ਪੱਗ ਵਲ ਦੇਖਦਾ ਰਹਿੰਦਾ। ਗਫੂਰ ਨੂੰ ਉਹ ਬੱਚਾ ਬੜਾ ਪਿਆਰਾ ਲਗਦਾ ਸੀ। ਇਕ ਦਿਨ ਉਸ ਨੇ ਮੁੰਡੇ ਕੋਲੋਂ ਪਠਾਣੀ ਲਹਿਜੇ ਦੀ ਹਿੰਦੁਸਤਾਨੀ ਵਿਚ ਪੁੱਛਿਆ, "ਕੀ ਤੈਨੂੰ ਮੇਰੇ ਕੋਲੋਂ ਡਰ ਨਹੀਂ ਆਉਂਦਾ, ਲੜਕੇ ?"

ਬੱਚੇ ਨੇ ਮੁਸਕਰਾ ਕੇ ਸਿਰ ਹਿਲਾ ਦਿੱਤਾ। ਗਫੂਰ ਦੇ ਸੁਰਖ਼ ਚਿਹਰੇ 'ਤੇ ਹੋਰ ਲਾਲੀ ਦੌੜ ਗਈ। ਉਸ ਬੱਚੇ ਵੱਲ ਦੋਵੇਂ ਬਾਹਾਂ ਬੜੀ ਕੋਮਲਤਾ ਤੇ ਪਿਆਰ ਭਰੇ ਜਜ਼ਬੇ ਨਾਲ ਵਧਾਈਆਂ। ਬੱਚਾ ਪਠਾਣ ਦੀ ਲੱਤ ਨਾਲ ਚੰਬੜ ਗਿਆ। ਪਰ ਗਫੂਰ ਨੇ ਉਸ ਨੂੰ ਕੱਛਾਂ ਵਿਚ ਹੱਥ ਦੇ ਕੇ ਆਪਣੇ ਸਿਰ ਤੋਂ ਉਪਰ ਚੁੱਕ ਲਿਆ ਤੇ ਪਾਸਿਓਂ ਪਾਸੇ ਹਿਲਾ ਜੁਲਾ ਕੇ ਲਾਡ ਕਰਨ ਲਗ ਪਿਆ। ਸਾਹਮਣੀ ਲਾਂਢੀ ਵਿਚੋਂ ਬੱਚੇ ਦੀ ਭੈਣ ਨਿਕਲੀ, ਜੋ ਮਸੀਂ ਅੱਠਾਂ ਕੁ ਵਰ੍ਹਿਆਂ ਦੀ ਸੀ। ਵੀਰ ਨਾਲ ਪਠਾਣ ਨੂੰ ਪਿਆਰ ਕਰਦਾ ਦੇਖ ਕੇ ਉਹ ਵੀ ਕੋਲ ਆਣ ਖਲੋਤੀ। ਪਠਾਣ ਬੜੀ ਜ਼ੋਰ ਦੀ ਖਿੜ-ਖਿੜਾ ਕੇ ਹੱਸ ਰਿਹਾ ਸੀ ਤੇ ਵੀਰੋ ਦਾ ਵੀਰ, ਅਜਮੇਰ, ਪੈਰ ਦੇ ਠੁੱਡਾਂ ਨਾਲ ਪਠਾਣ ਦੀ ਪੱਗ ਉਡਾਉਣੀ ਚਾਹੁੰਦਾ ਸੀ। ਆਖ਼ਰ ਇਕ ਠੁੱਡੇ ਨਾਲ ਉਸਦੀ ਪੱਗ ਥੱਲੇ ਜਾ ਹੀ ਪਈ। ਗਫੂਰ ਜ਼ੋਰ ਦੀ ਹੱਸਿਆ ਤੇ ਅਜਮੇਰ ਨੂੰ ਥੱਲੇ ਉਤਾਰ ਕੇ ਕਹਿਣ ਲੱਗਾ, "ਬਾਬਾ, ਤੁਮ ਜੀਤਾ।"

ਜਦ ਪਠਾਣ ਨੇ ਵੀਰੋ ਨੂੰ ਆਪਣੇ ਲਾਗੇ ਖੜਿਆਂ ਦੇਖਿਆ ਤਾਂ ਉਸ ਅਜਮੇਰ ਕੋਲੋਂ ਪੁੱਛਿਆ, "ਕੀ ਇਹ ਤੇਰੀ ਭੈਣ ਹੈ ?"

ਅਜਮੇਰ ਨੇ ਬੁੱਲ੍ਹ ਮੀਟ ਕੇ ਮੁਸਕਰਾਉਂਦਿਆਂ ਕਿਹਾ, "ਹੂੰ...ਊਂ।"

ਕਾਬਲੀ ਵਾਲੇ ਨੇ ਇਕ ਹੱਥ ਨਾਲ ਵੀਰੋ ਤੇ ਦੂਜੇ ਹੱਥ ਨਾਲ ਅਜਮੇਰ ਨੂੰ ਲੱਕ ਦੁਆਲਿਓਂ ਫੜ ਲਿਆ ਤੇ ਲੱਗਾ ਜ਼ੋਰ ਦੀ ਚੱਕਰ ਲਾਉਣ। ਬੱਚੇ ਖਿੜਖਿੜ ਹੱਸਦੇ ਸਨ ਤੇ ਗਫੂਰ ਉੱਚੀ ਉੱਚੀ ਹੂੰ...ਊਂ, ਹੂੰ...ਊਂ ਕਰੀ ਜਾਂਦਾ ਸੀ।

ਇਸ 'ਹੂੰ...ਊਂ...' ਨੂੰ ਸੁਣ ਕੇ ਨਿੱਕੀ ਕੁੜੀ ਨੂੰ ਕੁੱਛੜ ਚੁੱਕੀ ਤੇਜੋ ਬਾਹਰ ਨਿਕਲੀ ਤੇ ਆਪਣੇ ਬੱਚਿਆਂ ਨੂੰ ਗਫੂਰ ਕੋਲੋਂ ਹੂਟੇ ਲੈਂਦੇ ਦੇਖ ਕੇ ਡਰ ਜਹੀ ਗਈ, ਪਰ ਪੰਜਾਬਣਾਂ ਵਾਲਾ ਹੌਸਲਾ ਕਰ ਕੇ ਬੋਲੀ, "ਵੇ ਅਜਮੇਰ ! ਨੀ ਵੀਰੋ !"

ਗਫੂਰ ਉਥੇ ਦਾ ਉਥੇ ਖੜੋ ਗਿਆ ਤੇ ਬੱਚਿਆਂ ਦੀ ਮਾਂ ਦੀ ਚੜ੍ਹੀ ਹੋਈ ਤਿਊੜੀ

ਤੇ ਖਿੱਚੀਆਂ ਹੋਈਆਂ ਅੱਖਾਂ ਦੇਖ ਕੇ ਉਸ ਦੋਹਾਂ ਨੂੰ ਉਤਾਰ ਦਿਤਾ ਤੇ ਆਪ ਮਸੀਂ ਮਸੀਂ ਡਿੱਗਣੋਂ ਬਚਿਆ।

ਤੇਜੋ ਨੇ ਬੱਚਿਆਂ ਨੂੰ ਡਾਂਟਦਿਆਂ ਕਿਹਾ, "ਆ ਲੈਣ ਦਿਓ ਅੱਜ ਤੁਹਾਡੇ ਬਾਪੂ ਨੂੰ।"

ਵੀਰੋ ਤੇ ਝੱਟ ਅੰਦਰ ਜਾ ਵੜੀ, ਪਰ ਅਜਮੇਰ ਡੱਟ ਕੇ ਖੜੇ ਗਿਆ ਤੇ ਫੌਜੀਆਂ ਵਾਂਗ ਕਮਰ ਤੇ ਦੋਵੇਂ ਹੱਥ ਰਖ ਕੇ ਕਹਿਣ ਲੱਗਾ, "ਆ ਲੈਣ ਦੇ ਫੇਰ।"

ਤੇਜੋ ਨੇ ਅਗਾਂਹ ਵਧ ਕੇ ਅਜਮੇਰ ਨੂੰ ਬਾਹੋਂ ਫੜ ਲਿਆ ਤੇ ਉਸ ਨੂੰ ਧੂੰਹਦੀ ਧੂੰਹਦੀ ਆਪਣੀ ਲਾਂਢੀ ਵਿਚ ਲੈ ਗਈ। ਗਫ਼ੂਰ ਕਿੰਨਾ ਚਿਰ ਅਜਮੇਰ ਦਾ ਰੋਣਾ-ਧੋਣਾ ਸੁਣਦਾ ਰਿਹਾ। ਆਖ਼ਰ ਉਹ ਆਪਣੇ ਅੰਦਰ ਵੜਿਆ ਤੇ ਆਪਣੇ ਝੋਲੇ ਵਿਚੋਂ ਇਕ ਨਿੱਕਾ ਜਿਹਾ ਟੁੱਟਾ ਸ਼ੀਸ਼ਾ ਕੱਢ ਕੇ ਮੂੰਹ ਦੇਖਣ ਲਗ ਪਿਆ। ਉਸ ਦਿਨ ਉਸ ਰੋਟੀ ਨਾ ਪਕਾਈ ਤੇ ਐਵੇਂ ਹੀ ਸੌਂ ਗਿਆ।

* * *

ਕਿਸੇ ਨੂੰ ਪਤਾ ਨਹੀਂ ਸੀ ਕਿ ਗਫ਼ੂਰ ਕੀ ਕੰਮ ਕਰਦਾ ਹੈ। ਕੋਈ ਕਹਿੰਦਾ ਸੀ ਕਿ ਹਿੰਗ, ਜੀਰਾ ਤੇ ਸਾਲਬ ਵੇਚਦਾ ਹੈ ! ਕੋਈ ਕਹਿੰਦਾ ਸੀ ਸੂਦੀ ਰੁਪਏ ਦਿੰਦਾ ਹੈ ਤੇ ਬੜਾ ਬੜਾ ਵਿਆਜ ਲੈਂਦਾ ਹੈ, ਤੇ ਕੋਈ ਕਹਿੰਦਾ ਸੀ ਕਿ ਇਸ ਕੋਲੋਂ ਬਚ ਕੇ ਰਹਿਣਾ, ਇਹ ਨਿਆਣਿਆਂ ਨੂੰ ਚੁੱਕ ਕੇ ਲੈ ਜਾਂਦੇ ਹੁੰਦੇ ਜੇ ਪਠਾਣ। ਲਾਂਢੀ ਦੀਆਂ ਕਤਾਰਾਂ ਵਿਚ ਸਾਰੇ ਉੜੀਏ, ਬੰਗਾਲੀ ਤੇ ਬਿਹਾਰੀ ਮਜ਼ਦੂਰ ਰਹਿੰਦੇ ਸਨ। ਕਿਸੇ ਕਿਸੇ ਦਾ ਹੀ ਬਾਲ-ਬੱਚਾ ਨਾਲ ਸੀ। ਉਨ੍ਹਾਂ ਦੇ ਬੱਚੇ ਤੇ ਕਿਤੇ ਰਹੇ, ਉਹ ਆਪ ਵੀ ਪਠਾਣਾਂ ਕੋਲੋਂ ਬੜੇ ਡਰਦੇ ਸਨ। ਲਾਂਢੀਆਂ ਦੀਆਂ ਆਹਮੋ-ਸਾਹਮਣੀਆਂ ਕਤਾਰਾਂ ਦੇ ਸਿਰੇ 'ਤੇ ਅਜਮੇਰ ਤੇ ਗਫ਼ੂਰ ਪਠਾਣ ਦਾ ਘਰ ਸੀ। ਅਜਮੇਰ ਦਾ ਪਿਉ ਰਿਜ਼ਰਵ ਵਿਚ ਆਇਆ ਹੋਇਆ ਫੌਜੀ ਸੀ ਤੇ ਲਾਗਲੀ ਮਿੱਲ ਵਿਚ ਚੌਕੀਦਾਰ ਦਾ ਕੰਮ ਕਰਦਾ ਸੀ।

ਤੇਜੋ ਨੇ ਆਉਂਦਿਆਂ ਹੀ ਮਾਲਕ ਦੇ ਖ਼ੂਬ ਕੰਨ ਭਰੇ।

ਦਿਨ ਚੜ੍ਹਦਿਆਂ ਹੀ ਅਜਮੇਰ ਦੇ ਬਾਪੂ ਨੇ ਗਫ਼ੂਰ ਦੀ ਲਾਂਢੀ ਦਾ ਟੀਨ ਦਾ ਬੂਹਾ ਖੜਕਾਇਆ। ਕੁਝ ਚਿਰ ਮਗਰੋਂ ਗਫ਼ੂਰ ਸਿਰ ਨੰਗਾ, ਅੱਖਾਂ ਮਲਦਾ ਬਾਹਰ ਨਿਕਲਿਆ ਤੇ ਉਸ ਨੂੰ ਸਾਹਮਣੇ ਦੇਖ ਕੇ ਕਹਿਣ ਲੱਗਾ, "ਕਿਆ ਗੱਲ ਹੈ ਜਮਾਂਦਾਰਾ, ਸਰਦਾਰਾ ?"

ਵੀਰੋ ਦੇ ਪਿਉ ਨੇ ਟੁੱਟੀ ਭੱਜੀ ਹਿੰਦੁਸਤਾਨੀ ਵਿਚ ਕਿਹਾ, "ਦੇਖ ਭਈ, ਤੂੰ ਮੁਸਲਮਾਨ ਹੈਂ ਖ਼ਾਨ, ਤੇ ਅਸੀਂ ਹਾਂ ਸਿੱਖ ਲੋਗ। ਤੂੰ ਸਾਡੇ ਬੱਚਿਆਂ ਨਾਲ ਨਾ..."

"ਸਿੱਖ ਹੈ ਕਿ ਮੁਸਲਮਾਨ, ਬੱਚਾ ਤੋ ਸਭ ਕਾ ਏਕ ਹੈ, ਸਰਦਾਰ ! ਖ਼ੁਦਾ ਤੋ ਸਭ ਕਾ ਏਕ ਹੈ।"

ਜਮਾਂਦਾਰ ਨੇ ਗਰਮ ਹੁੰਦਿਆਂ ਕਿਹਾ, "ਏਕ ਵੇਕ ਕੋਈ ਨਹੀਂ ! ਤੂੰ ਸਾਡਿਆਂ ਬੱਚਿਆਂ ਨਾਲ ਨਾ ਖੇਲਿਆ ਕਰ। ਨਹੀਂ ਤੇ ਜੇ ਤੂੰ ਪਠਾਣ ਹੈ ਤਾਂ ਮੈਂ ਵੀ ਸਿੱਖ ਹਾਂ।"

ਪਠਾਣ ਨੇ ਆਪਣੇ ਕੌਮੀ ਸੁਭਾਅ ਤੋਂ ਉਲਟ ਹੋਰ ਨਰਮਾਈ ਨਾਲ ਕਿਹਾ, "ਸਭ ਬੱਚੇ ਮੇਰੇ ਕੋਲੋਂ ਡਰਦੇ ਹਨ, ਤੇਰੇ ਬੱਚੇ ਮੇਰੇ ਕੋਲੋਂ ਨਹੀਂ ਡਰਦੇ। ਮੈਨੂੰ ਉਹ ਚੰਗੇ ਲੱਗੇ ਸਨ। ਤੂੰ ਆਪਣੇ ਬੱਚਿਆਂ ਨੂੰ ਹਟਾ ਲੈ ਕਿ ਮੇਰੇ ਕੋਲ ਨਾ ਆਉਣ। ਮੈਂ ਕਿਸੇ ਨੂੰ ਸੱਦਦਾ ਨਹੀਂ। ਮੈਂ ਤੇ 'ਕੱਲਾ ਰਹਿਣ ਹੋ ਰਿਹਾ ਹੋਇਆ ਹਾਂ।"

"ਬਸ, ਬਸ", ਜਮਾਂਦਾਰ ਨੇ ਕਿਹਾ, "ਫ਼ੈਸਲਾ ਹੋ ਗਿਆ।"

*　　*　　*

ਬੱਚੇ ਅਕਸਰ ਦਾਅ ਬਚਾ ਕੇ ਗਫ਼ੂਰ ਦੇ ਸਾਹਮਣੇ ਆਉਂਦੇ ਸਨ, ਪਰ ਗਫ਼ੂਰ ਉਨ੍ਹਾਂ ਨੂੰ ਘੂਰੀ ਵੱਟ ਕੇ ਤੇ ਇਹ ਕਹਿ ਕੇ ਨਸਾ ਦਿੰਦਾ ਸੀ ਕਿ ਤੁਹਾਡਾ ਬਾਪ ਮਾਰੇਗਾ। ਫੇਰ ਵੀ ਕਈ ਵਾਰ ਗਫ਼ੂਰ ਦਾ ਜੀਅ ਪਸੀਜ ਜਾਂਦਾ ਸੀ ਤੇ ਉਹ ਚੋਰੀ ਚੋਰੀ ਉਨ੍ਹਾਂ ਨੂੰ ਕਾਬਲ ਦਾ ਸਰਧਾ ਜਾਂ ਕੰਧਾਰ ਦਾ ਅਨਾਰ ਦੇ ਦਿੰਦਾ ਸੀ ਤੇ ਕਹਿੰਦਾ ਸੀ ਕਿ ਚੋਰੀ ਚੋਰੀ ਖਾ ਕੇ ਘਰ ਜਾਣਾ। ਬੱਚੇ ਇਵੇਂ ਹੀ ਕਰਦੇ ਸਨ।

ਵੀਰੋ ਤੇ ਅਜਮੇਰ ਕੋਲੋਂ ਛੋਟੀ ਤੇ ਕੁੱਛੜਲੀ ਕੁੜੀ ਕੋਲੋਂ ਵੱਡੀ, ਤੇਜੋ ਦੀ ਇਕ ਹੋਰ ਧੀ ਸੀ। ਉਹ ਬਹੁਤ ਘੱਟ ਘਰੋਂ ਬਾਹਰ ਨਿਕਲਦੀ ਸੀ। ਨਿੱਕੀ ਕੁੜੀ ਦੇ ਜੰਮਣ ਤੋਂ ਪਹਿਲਾਂ ਉਹ ਬੜੀ ਛਿੰਦੀ ਸੀ। ਹੁਣ ਮਾਂ ਦਾ ਪਿਆਰ ਨਵੇਂ ਬਾਲ ਵਲ ਹੋਣ ਕਰਕੇ ਉਹ ਪਿਆਰ ਦੀ ਥੁੜ੍ਹ ਅਨਜਾਣਿਆਂ ਮਹਿਸੂਸ ਕਰਦੀ ਸੀ ਤੇ ਅਕਸਰ ਮਮੂਲੀ ਮਮੂਲੀ ਗੱਲ ਤੋਂ ਰੋ ਪੈਂਦੀ ਸੀ ਤੇ ਜ਼ਿੱਦਾਂ ਕਰਦੀ ਸੀ। ਤੇਜੋ ਉਸ ਨੂੰ ਗੁੱਸੇ ਹੁੰਦੀ ਸੀ। ਉਹ ਰੋਂਦੀ ਸੀ ਤੇ ਉਸ ਨੂੰ ਹੋਰ ਮਾਰ ਪੈਂਦੀ ਸੀ। ਤੇਜੋ ਵਲੋਂ ਕੁੜੀ ਦੀ ਹਾਲਤ ਦੇਖ ਕੇ ਵੀਰੋ ਤੇ ਅਜਮੇਰ ਵੀ ਉਸ ਨੂੰ ਦਾਅ ਲੱਗਦੇ ਕੁੱਟ ਲੈਂਦੇ ਸਨ ਤੇ ਜਦ ਉਹ ਰੋਂਦੀ ਸੀ ਤਾਂ "ਐਵੇਂ ਰੋਂਦੀ ਐ' ਕਹਿ ਕੇ ਤੇਜੋ ਕੋਲੋਂ ਹੋਰ ਮਾਰ ਪੁਆ ਦਿੰਦੇ ਸਨ। ਕੁੜੀ ਰੁਲ ਜਹੀ ਗਈ ਤੇ ਆਪਣੇ ਬਚਾਅ ਵਾਸਤੇ ਲਾਂਢੀਓਂ ਬਾਹਰ ਫਿਰਨਾ ਤੁਰਨਾ ਸ਼ੁਰੂ ਕੀਤਾ। ਵੱਡੇ ਬਾਲ ਫਿਰ ਵੀ ਉਸ ਦਾ ਪਿੱਛਾ ਨਹੀਂ ਸਨ ਛੱਡਦੇ। ਗਫ਼ੂਰ ਰੋਜ਼ ਸਭ ਦੇਖਦਾ ਸੀ ਪਰ ਕੁਝ ਕਹਿ ਨਹੀਂ ਸੀ ਸਕਦਾ। ਵੱਡਿਆਂ ਬੱਚਿਆਂ ਦੀ ਚਾਹ ਉਸ ਦੇ ਦਿਲ 'ਚੋਂ ਘੱਟਦੀ ਗਈ ਤੇ ਜ਼ਾਲਮਾਂ ਨੂੰ ਛੱਡ ਕੇ ਮਜ਼ਲੂਮ ਨਾਲ ਉਸ ਦੀ ਹਮਦਰਦੀ ਵਧੀ। ਬਹੁਤ ਚਿਰ ਪੰਜਾਬੀਆਂ ਦੇ ਸਾਹਮਣੇ ਰਹਿਣ ਕਰਕੇ ਉਹ ਪੰਜਾਬੀਆਂ ਦੀ ਬੋਲੀ ਕਾਫੀ ਸਮਝ ਲੈਂਦਾ ਸੀ ਤੇ ਤੇਜੋ ਦੀਆਂ ਨਿੱਕੀ ਕੁੜੀ ਨੂੰ ਦਿੱਤੀਆਂ ਗਾਲ੍ਹਾਂ ਸੁਣ ਕੇ ਬੜਾ ਦੁਖੀ ਹੁੰਦਾ ਸੀ।

ਇਨ੍ਹਾਂ ਦਿਨਾਂ ਵਿਚ ਕਿਸੇ ਖ਼ੁਨਾਮੀ ਕਰਕੇ ਦੋ ਮਹੀਨਿਆਂ ਲਈ ਜਮਾਂਦਾਰ ਦੀ ਨੌਕਰੀ ਟੁੱਟ ਗਈ। ਫੇਰ ਤੇ ਕੁੜੀ ਦੀ ਸ਼ਾਮਤ ਆ ਗਈ। ਜਿਹੜਾ ਆਵੇ ਉਸ ਨੂੰ ਕੁੱਟੇ। ਤੇਜੋ ਕਹੇ, "ਇਹ ਰੋਂਦੀ ਰਹਿੰਦੀ ਸੀ ਤਾਂ ਸਾਡੀ ਨੌਕਰੀ ਗਈ।" ਮਹੀਨੇ ਦੇ ਮਹੀਨੇ ਤਨਖਾਹ ਮਿਲਣ ਨਾਲ ਮਸੀਂ ਰੋਟੀ ਦਾ ਗੁਜ਼ਾਰਾ ਤੁਰਦਾ ਸੀ ਬੜੀ ਔਕੜ ਬਣੀ।

ਮਜ਼ਲੂਮ ਦੇ ਰਹਿਮ ਨੇ ਗਫ਼ੂਰ ਦੇ ਦਿਲ ਵਿਚ ਜ਼ਾਲਮ 'ਤੇ ਰਹਿਮ ਕਰਨ ਦਾ ਜਜ਼ਬਾ ਉਭਾਰਿਆ। ਉਸ ਇਕ ਦਿਨ ਜਮਾਂਦਾਰ ਨੂੰ ਸੱਦਿਆ ਤੇ ਕਿਹਾ, "ਸਰਦਾਰ, ਤੂੰ ਮੇਰਾ ਭਾਈ ਹੈਂ। ਮੈਨੂੰ ਪਤਾ ਹੈ ਤੈਨੂੰ ਤੰਗੀ ਹੈ। ਮੈਂ ਤੇਰੀ ਮਦਦ ਕਰਨੀ ਚਾਹੁੰਨਾਂ,

ਤੇ ਨਾਂਹ ਨਾ ਕਰੀਂ।"

ਸਰਦਾਰ ਚੁੱਪ ਸੀ ਤੇ ਗਫ਼ੂਰ ਨੇ ਪੰਦਰਾਂ ਦੇ ਨੋਟ ਉਸ ਦੇ ਹੱਥ ਵਿਚ ਦਿੱਤੇ। ਘਰ ਵਿਚ ਲੋੜ ਸੀ, ਦਿਲ ਪਠਾਣ ਕੋਲੋਂ ਮਦਦ ਲੈਣ ਨੂੰ ਨਹੀਂ ਸੀ ਕਰਦਾ, ਪਰ ਫੇਰ ਵੀ ਉਸ ਪੰਦਰਾਂ ਰੁਪਏ ਰੱਖ ਲਏ। ਸੋਚਿਆ, ਮੇਰੀ ਨੌਕਰੀ ਲੱਗ ਜਾਵੇਗੀ ਤਾਂ ਸਣੇ ਸੂਦ ਮੋੜ ਦੇਵਾਂਗਾ।

ਜਾਣ ਲੱਗਿਆਂ ਜਮਾਂਦਾਰ ਨੂੰ ਫੇਰ ਬੁਲਾ ਕੇ ਤੇ ਆਪਣਿਆਂ ਵਾਂਗ ਮੋਢੇ 'ਤੇ ਹੱਥ ਰੱਖ ਕੇ ਗਫ਼ੂਰ ਨੇ ਕਿਹਾ, "ਸਰਦਾਰ, ਤੇਰੀ ਔਰਤ ਤੇ ਦੋਵੇਂ ਵੱਡੇ ਬੱਚੇ ਛੋਟੀ ਲੜਕੀ ਨੂੰ ਮਾਰਦੇ ਰਹਿੰਦੇ ਹਨ, ਨਦਾਨ ਬੇਕਸੂਰ ਹੈ। ਉਸ ਨੂੰ ਮਤ ਮਾਰੋ। ਮੈਨੂੰ ਬੜੀ ਤਕਲੀਫ਼ ਹੁੰਦੀ ਹੈ। ਮਤ ਮਾਰੋ। ਦੇਖੋ, ਉਹ ਬਹੁਤ ਕਮਜ਼ੋਰ ਹੈ, ਮਰ ਜਾਏਗੀ।"

ਕਿੰਨਾ ਚਿਰ ਪਠਾਣ ਦੀਆਂ ਤਰਲਿਆਂ ਭਰੀਆਂ ਅੱਖਾਂ ਜਮਾਂਦਾਰ ਨੂੰ ਯਾਦ ਰਹੀਆਂ। ਉਸ ਤੇਜੋ ਨੂੰ ਆਖਿਆ ਕਿ ਉਹ ਕੁੜੀ ਨੂੰ ਨਾ ਮਾਰਿਆ ਕਰੇ। ਪਰ ਤੇਜੋ ਤੇ ਬੱਚਿਆਂ ਦੀ ਆਦਤ ਪੱਕ ਚੁੱਕੀ ਸੀ।

* * *

ਜਦ ਸਰਦਾਰ ਨੂੰ ਨਵੀਂ ਥਾਂ ਤੋਂ ਪਹਿਲੀ ਤਨਖ਼ਾਹ ਮਿਲੀ ਤਾਂ ਉਹ ਪਹਿਲੋਂ ਗਫ਼ੂਰ ਦੀ ਲਾਂਢੀ ਵਿਚ ਵੜਿਆ। ਪੰਦਰਾਂ ਰੁਪਿਆਂ ਦੇ ਨਾਲ, ਪਠਾਣ ਦਾ ਕਰੜੇ ਤੋਂ ਕਰੜਾ ਸੂਦ ਗਿਣ ਕੇ ਉਸ ਪੰਜਾਂ ਰੁਪਿਆਂ ਦਾ ਨੋਟ ਹੋਰ ਜੋੜ ਦਿੱਤਾ। ਗਫ਼ੂਰ ਨੋਟ ਦੇਖ ਕੇ ਹੈਰਾਨ ਹੋਇਆ ਤੇ ਆਖਣ ਲੱਗਾ, "ਸਰਦਾਰ, ਇਹ ਕਿਆ ?"

ਸਰਦਾਰ ਨੇ ਕਿਹਾ, "ਤੁਹਾਡਾ ਰੁਪਿਆ ਤੇ ਸੂਦ।"

"ਹਮ ਮੁਸਲਮਾਨ ਪਠਾਣ ਹੈ, ਸਰਦਾਰ", ਪਠਾਣ ਨੇ ਰੋਹ ਵਿਚ ਆਣ ਕੇ ਕਿਹਾ, "ਹਮ ਸੂਦ ਨੂੰ ਹਰਾਮ ਸਮਝਦਾ।"

ਗਫ਼ੂਰ ਦੀ ਤਮਤਮਾਈ ਹੋਈ ਸ਼ਕਲ ਦੇਖ ਕੇ ਜਮਾਦਾਰ ਨੇ ਕਿਹਾ, "ਮੈਨੂੰ ਪਤਾ ਨਹੀਂ ਸੀ ਕਿ ਕੋਈ ਪਠਾਣ ਵੀ ਸੂਦ ਨਹੀਂ ਲੈਂਦਾ, ਹੱਛਾ ਪਤਾ ਲੱਗ ਗਿਆ। ਪਰ ਇਹ ਲਓ ਆਪਣੇ ਰੁਪਏ।"

"ਇਹ ਤਾਂ ਮਦਦ ਸੀ", ਗਫ਼ੂਰ ਨੇ ਝਟ ਹੀ ਹੱਸਵੀਂ ਸ਼ਕਲ ਬਣਾਉਂਦਿਆਂ ਕਿਹਾ, "ਬੱਚਾ ਸਭ ਕਾ ਏਕ ਹੈ, ਸਰਦਾਰ !"

ਜਮਾਦਾਰ ਨੇ ਉਸ ਦੀ ਇਕ ਨਾ ਸੁਣੀ ਤੇ ਰੁਪਏ ਬਦੋਬਦੀ ਉਸ ਨੂੰ ਦੇ ਕੇ ਘਰ ਵੜਿਆ। ਬੂਹੇ ਵਿਚ ਨਿੱਕੀ ਕੁੜੀ ਰੋ ਰਹੀ ਸੀ, ਵੀਰੋ ਤੇ ਅਜਮੇਰ ਉਸ ਨੂੰ ਤੰਗ ਕਰ ਰਹੇ ਸਨ। ਤੇ ਤੇਜੋ ਚੌਕੇ ਵਿਚੋਂ ਬਿਨਾਂ ਦੇਖਿਆਂ ਉਸਨੂੰ ਗਾਲ੍ਹਾਂ ਕੱਢ ਰਹੀ ਸੀ। ਜਮਾਦਾਰ ਨੇ ਅਜਮੇਰ ਨੂੰ ਝਿੜਕਿਆ, ਵੀਰੋ ਨੂੰ ਇਕ ਲਾਈ ਤੇ ਕੁੜੀ ਨੂੰ ਕੁੱਛੜ ਚੁੱਕ ਕੇ ਮੂੰਹ ਪੂੰਝਦਾ ਚੌਕੇ ਕੋਲ ਪੁੱਜਾ। ਕੁਝ ਕਹਿਣਾ ਚਾਹੁੰਦਾ ਸੀ ਕਿ ਤੇਜੋ ਨੇ ਉਸ ਨੂੰ ਦੇਖ ਲਿਆ ਤੇ ਕਹਿਣ ਲਗੀ, "ਵੱਡੀ ਲਾਡਲੀ ! ਖਸਮ ਨੂੰ ਖਾਣੀ ਨੂੰ ਚੁੱਕ ਲਿਆ। ਸਾਰੀ ਸਾਰੀ ਦਿਹਾੜੀ ਰੋਂਦੀ ਹੀ ਰਹਿੰਦੀ ਐ, ਨਹਿਸ਼।"

ਜਮਾਦਾਰ ਨੇ ਉਸ ਨੂੰ ਖੂਬ ਝਾੜ ਪਾਈ ਤੇ ਉਹ ਮੂੰਹ ਸੁਜਾ ਕੇ ਇਕ ਨੁੱਕਰੇ ਬਹਿ ਗਈ।

* * *

ਤੇਜੋ ਚੇੜ੍ਹ ਨਾਲ ਕੁੜੀ ਨੂੰ ਹੋਰ ਮਾਰਨ ਲਗ ਪਈ। ਕੁੜੀ ਜ਼ਿੱਦਲ ਤੇ ਢੀਠ ਬਣ ਗਈ। ਗਫੂਰ ਕੁੜੀ ਦੀ ਸ਼ਾਮਤ ਆਉਂਦੀ ਰੋਜ਼ ਦੇਖਦਾ ਸੀ। ਉਸ ਨੂੰ ਇਕੱਲੀ ਧੁੱਪ ਵਿਚ ਡਿੱਗਦੀ ਢਹਿੰਦੀ ਦੇਖ ਕੇ ਉਸ ਦਾ ਦਿਲ ਪੰਘਰ ਜਾਂਦਾ ਸੀ।

ਇਕ ਦਿਨ ਇਹੋ ਜਿਹੀ ਮਾਨਸਿਕ ਹਾਲਤ ਵਿਚ ਛੋਟੀ ਕੁੜੀ ਨੂੰ ਗਫੂਰ ਨੇ ਸੈਨਤ ਨਾਲ ਸੱਦਿਆ। ਉਹ ਕੋਲ ਚਲੀ ਗਈ। ਉਹ ਉਸ ਨੂੰ ਚੁੱਕ ਕੇ ਅੰਦਰ ਲੈ ਗਿਆ। ਝੋਲੇ ਵਿਚ ਹੱਥ ਮਾਰਿਆ, ਉਸ ਵਿਚ ਕੁਝ ਨਹੀਂ ਸੀ।

ਪਠਾਣ ਦੀਆਂ ਅੱਖਾਂ ਵਿਚ ਦੋ ਅੱਥਰੂ ਆ ਗਏ। ਉਹ ਦਬੇ ਪੈਰੀਂ ਬਾਹਰ ਨਿਕਲ ਕੇ ਫਲਾਂ ਦੀ ਹੱਟੀ ਵਲ ਵਧਿਆ। ਉਸ ਉਥੋਂ ਦੋ ਤਿੰਨ ਕਿਸਮ ਦੇ ਫਲ ਲੈ ਕੇ ਕੁੜੀ ਨੂੰ ਫੜਾਏ। ਕੁੜੀ ਹਾਬੜੀ ਹੋਈ ਕਦੇ ਇਕ ਤੇ ਕਦੇ ਦੂਸਰੇ ਨੂੰ ਪਵੇ। ਗਫੂਰ ਦਾ ਹਉਕਾ ਨਿਕਲ ਗਿਆ। ਉਸ ਸੋਚਿਆ, ਇਸ ਦੀ ਮਾਂ, ਵੱਡੇ ਬੱਚੇ ਤੇ ਸਰਦਾਰ, ਇਸ ਨੂੰ ਮਾਰ ਕੇ ਛੱਡਣਗੇ। ਇਸ ਨੂੰ ਬਚਾਉਣਾ ਚਾਹੀਦਾ ਹੈ। ਉਸ ਬੋਝੇ ਵਾਲੀ ਗੁੱਥਲੀ ਵਿਚ ਹੱਥ ਮਾਰਿਆ, ਦੋ ਕੁ ਰੁਪਿਆਂ ਦਾ ਕਰਿਆਨਾ ਖੜਕਿਆ। ਸੋਚਿਆ, ਨੱਸ ਕੇ ਲਾਂਢੀ ਵਿਚੋਂ ਪੈਸੇ ਲੈ ਆਵਾਂ। ਉਥੇ ਤਾਂ ਮੇਰੇ ਕੋਲ ਹਜ਼ਾਰ ਤੋਂ ਉਪਰ ਰੁਪਿਆ ਹੈ। ਪਰ ਫਿਰ ਖ਼ਿਆਲ ਆਇਆ ਕਿ ਕੁੜੀ ਨੂੰ ਬਚਾਉਣ ਦਾ ਮੌਕਾ ਖੁੰਜ ਜਾਵੇਗਾ। ਇਸ ਦੀ ਮਾਂ ਰੌਲਾ ਪਾ ਦੇਵੇਗੀ, ਹੋ ਸਕਦਾ ਹੈ, ਸਰਦਾਰ ਨਾਲ ਬਖੇੜਾ ਹੋ ਜਾਵੇ।

ਉਹ ਘਰ ਨਾ ਮੁੜਿਆ। ਉਸ ਇਕ ਮੁਸਲਮਾਨ ਦੀ ਘੋੜਾ-ਗੱਡੀ ਪਕੜੀ ਤੇ ਸਟੇਸ਼ਨ 'ਤੇ ਪਹੁੰਚ ਕੇ ਕਿਤੋਂ ਦੀ ਟਿਕਟ ਕਟਾਈ।

ਪਿਛੋਂ ਰੌਲਾ ਪੈ ਗਿਆ, "ਕਾਬਲੀ ਵਾਲਾ ਲੜਕੀ ਉਠਾ ਕੇ ਲੈ ਗਿਆ।"

ਕੋਈ ਕਹੇ, "ਦੇਖਾ, ਸਿੱਖ ਡਰਤਾ ਨਹੀਂ ਥਾ।"

ਕੋਈ ਕਹੇ, "ਪਠਾਣ ਦਾਅ ਤੇ ਸੀ। ਲੈ ਉਡਿਆ।"

ਭਾਂਤੇ-ਭਾਂਤ ਗੱਲਾਂ ਨੇ ਸਰਦਾਰ ਦਾ ਦਿਲ ਗਫੂਰ ਵਲੋਂ ਖੱਟਾ ਕਰ ਦਿੱਤਾ। ਠਾਣੇ ਰਪੋਟ ਲਿਖਾਈ ਗਈ। ਤੇਜੋ ਰੋ ਰੋ ਕੇ ਫਾਵੀ ਹੁੰਦੀ ਜਾਂਦੀ ਸੀ ਤੇ ਪਠਾਣ ਦੇ ਬੱਚੇ -ਕੱਚੇ ਪਿਟਦੀ ਸੀ। ਪੁਲਸ ਹੈਰਾਨ ਸੀ ਕਿ ਪਠਾਣ ਇੰਨਾ ਰੁਪਿਆ ਤੇ ਬੂਹਾ ਖੁੱਲ੍ਹਾ ਛੱਡ ਕੇ ਕਿਉਂ ਨੱਸ ਗਿਆ।

* * *

ਪੂਰੇ ਮਹੀਨੇ ਮਗਰੋਂ ਜਮਾਂਦਾਰ ਨੂੰ ਸ਼ਨਾਖ਼ਤ ਵਾਸਤੇ ਠਾਣੇ ਸੱਦਿਆ ਗਿਆ। ਕੁੜੀ ਹੱਥਕੜੀਆਂ ਵਿਚ ਜਕੜੇ ਗਫੂਰ ਦੇ ਕੁੱਛੜ ਸੀ। ਪਿਉ ਦੀ ਆਵਾਜ਼ ਸੁਣ ਕੇ ਕੁੜੀ ਨੇ ਇਕ ਵਾਰੀ ਮੂੰਹ ਪਿਉ ਵਲ ਕਰ ਕੇ ਮੋੜ ਲਿਆ। ਤੇਜੋ ਦਾ ਵੀ ਉਥੇ ਕੋਈ ਚਾਰਾ ਨਾ ਚੱਲਿਆ। ਕੁੜੀ ਬੜੀ ਤਕੜੀ ਹੋਈ ਹੋਈ ਸੀ ਤੇ ਪਠਾਣ ਕਮਜ਼ੋਰ।

ਜਮਾਦਾਰ, ਤੇਜੋ ਤੇ ਹੋਰ ਹਮਸਾਇਆਂ ਨੇ ਸ਼ਨਾਖ਼ਤ ਕੀਤੀ। ਪਠਾਣ ਬਿਟ-ਬਿਟ ਉਨ੍ਹਾਂ ਵਲ ਤੱਕੀ ਜਾਂਦਾ ਸੀ। ਆਖ਼ਰ ਜਦ ਪੁਲਸ ਕੁੜੀ ਉਸ ਤੋਂ ਲੈ ਕੇ ਜਮਾਦਾਰ ਨੂੰ ਦੇਣ ਲੱਗੀ ਤਾਂ ਕੁੜੀ ਦੀਆਂ ਚੀਕਾਂ ਤੇ ਪਠਾਣ ਦੇ ਬਕੜਵਾਹ ਨੇ ਕਮਰੇ ਗੂੰਜਾ ਦਿੱਤੇ।

ਪਠਾਣ ਕਹਿੰਦਾ ਸੀ, "ਨਾ ਦਿਓ, ਕੁੜੀ ਜ਼ਾਲਮਾਂ ਨੂੰ ! ਬਚਾਓ ! ਬਚਾਓ !! ਇਹ ਮਾਰ ਦੇਣਗੇ। ਮੇਰੀ ਧੀ ਨੂੰ, ਇਹ ਜ਼ਾਲਮ...ਕਸਾਈ।"

ਠਾਣੇਦਾਰ ਕੜਕ ਕੇ ਬੋਲਿਆ, "ਤੋ ਤੁਮ ਇਸ ਕੋ ਬਚਾਨੇ ਕੇ ਲੀਏ ਉਠਾ ਕੇ ਲੇ ਗਿਆ ਥਾ।"

ਚਾਰੋਂ ਪਾਸੇ ਹਾਸੇ ਦਾ ਹੜ੍ਹ ਆ ਗਿਆ। ਵਿਚੋਂ ਕੋਈ ਕਹਿੰਦਾ ਸੀ, "ਸ਼ੁਦਾਈ ਹੈ"; ਕੋਈ ਕਹਿੰਦਾ ਸੀ, "ਮਚਲਾ ਹੈ", ਪਰ ਗਫ਼ੂਰ ਰੋਈ ਜਾ ਰਿਹਾ ਸੀ।

ਰਾਸ-ਲੀਲ੍ਹਾ

1

ਮੈਂ ਉਦੋਂ ਕੋਈ ਨਵਾਂ ਦਸਾਂ ਸਾਲਾਂ ਦਾ ਹੋਵਾਂਗਾ। ਜਿਸ ਕੋਠੀ ਵਿਚ ਅਸੀਂ ਰਹਿੰਦੇ ਸਾਂ ਉਸ ਦੇ ਵਿਚ ਰਹਿਣ ਲਈ ਤਿੰਨਾਂ ਟੱਬਰਾਂ ਲਈ ਖੁਲ੍ਹੀ ਥਾਂ ਸੀ। ਇਕ ਹਿੱਸੇ ਵਿਚ ਅਸੀਂ ਰਹਿੰਦੇ ਸਾਂ ਤੇ ਦੂਸਰੇ ਵਿਚ ਅੰਮ੍ਰਿਤਸਰ ਦੇ ਮਸ਼ਹੂਰ ਠੇਕੇਦਾਰ ਸਰਦਾਰ। ਤੀਸਰਾ ਵੀ ਇਕ ਹਿੰਦੂ ਵਪਾਰੀ ਸੀ ਤੇ ਉਸਦੀ ਉਮਰ ਮੇਰੀ ਹੁਣ ਦੀ ਪਰਖ ਅਨੁਸਾਰ ਕੋਈ ਸੱਠ-ਪੈਂਹਠ ਸਾਲ ਸੀ। ਉਹ ਮੇਰੇ ਜਨਮ ਤੋਂ ਹੀ ਇਸ ਕੋਠੀ ਵਿਚ ਰਹਿੰਦਾ ਸੀ ਤੇ ਮੇਰੇ ਨਾਲ ਬੜਾ ਪਿਆਰ ਕਰਦਾ ਸੀ। ਮੈਂ ਸੁਣਿਆ ਸੀ ਕਿ ਉਸ ਦਾ ਉਸ ਤੋਂ ਸਿਵਾ ਹੋਰ ਕੋਈ ਨਹੀਂ ਸੀ। ਖ਼ਬਰੇ ਇਸੇ ਕਰਕੇ ਉਸ ਨੇ ਆਪਣਾ ਵਿਆਹ ਉਥੋਂ ਦੇ ਗਰੀਬ ਬੰਗਾਲੀ ਘਰ ਨੂੰ ਪੈਸੇ ਦੇ ਕੇ ਕੀਤਾ ਸੀ। ਤਿੰਨ ਚਾਰ ਮਹੀਨੇ ਤੋਂ ਮੈਂ ਬਾਬੇ ਦਾ ਬੂਹਾ ਹਮੇਸ਼ਾ ਬੰਦ ਦੇਖਦਾ ਸਾਂ, ਭਾਵੇਂ ਬਾਹਰ ਜਿੰਦਾ ਕੁੰਡਾ ਕਦੇ ਨਹੀਂ ਸੀ ਲੱਗਾ ਹੁੰਦਾ।

ਇਕ ਦਿਨ ਜਦ ਮੈਂ ਸਕੂਲੋਂ ਮੁੜਿਆ, ਤਾਂ ਉਹ ਬੂਹਾ ਖੁੱਲ੍ਹਾ ਸੀ ਤੇ ਮੈਂ ਬਾਬੇ ਨੂੰ ਅੰਦਰ ਦੇਖ ਕੇ ਲਾਡ ਨਾਲ 'ਬਾਬਾ ! ਬਾਬਾ !!! ਕਰਦਾ ਜਿਉਂ ਹੀ ਅੰਦਰ ਵੜਿਆ, ਤਿਉਂ ਹੀ ਉਸ ਘੂਰੀ ਵਟ ਕੇ ਚਪੇੜ ਦਿਖਾਈ ਤੇ ਮੂੰਹ ਤੇ ਅੱਗੇ ਉਂਗਲ ਰਖ ਕੇ ਚੁੱਪ ਰਹਿਣ ਦਾ ਇਸ਼ਾਰਾ ਕਰਦਿਆਂ ਬਾਹਰ ਨਿਕਲ ਜਾਣ ਨੂੰ ਆਖਿਆ। ਮੈਂ ਹੈਰਾਨ ਸਾਂ ਤੇ ਹੈਰਾਨੀ ਦੇ ਨਿਸ਼ਾਨ ਜ਼ਰੂਰ ਬਾਬੇ ਨੇ ਵੀ ਮੇਰੇ ਚਿਹਰੇ ਤੋਂ ਪੜ੍ਹੇ ਹੋਣਗੇ। ਮੈਂ ਪਿਛਲੇ ਪੈਰੀਂ ਵਾਪਸ ਮੁੜਿਆ ਹੀ ਸਾਂ ਕਿ ਬਾਬੇ ਨੇ ਮੈਨੂੰ ਬਸਤ ਸਮੇਤ ਕੁਛੜ ਚੁੱਕ ਲਿਆ ਤੇ ਇਕ ਆਨਾ ਮੇਰੀ ਤਲ਼ੀ ਤੇ ਰੱਖ ਕੇ ਕਿਹਾ, "ਕਿਸ਼ਨ ! ਤੂੰ ਹੁਣ ਮੈਨੂੰ ਚਾਚਾ ਆਖਿਆ ਕਰ। ਕਹੇਂਗਾ ਨਾ ?" ਆਪਣੇ ਸਵਾਲ ਦਾ ਜਵਾਬ ਮੇਰੇ 'ਹਾਂ' ਵਿਚ ਸਿਰ ਹਿਲਾਉਣ ਤੋਂ ਲੈ ਕੇ, ਉਸ ਮੈਨੂੰ ਪਿਆਰ ਨਾਲ ਥੱਲੇ ਉਤਾਰ ਦਿੱਤਾ।

ਘਰ ਪਹੁੰਚਦਿਆਂ ਹੀ ਝਾਈ ਜੀ ਨੇ ਦੁੱਧ ਦਾ ਗਿਲਾਸ ਦਿੱਤਾ ਤੇ ਆਖਿਆ ਕਿ ਨਿੱਕੀ ਜਿਹੀ ਪਰੌਂਠੀ ਹੁਣੇ ਲਾਹ ਦਿੰਦੀ ਹਾਂ। ਇੰਨੇ ਨੂੰ ਬਾਬੇ ਦੀ ਨੌਕਰਾਣੀ ਮੈਨੂੰ ਬੁਲਾਣ ਆ ਗਈ। ਝਾਈ ਨੇ ਆਖਿਆ, "ਜਾਹ ਕਾਕਾ, ਤੇਰੇ ਤਾਏ ਨੇ ਸੱਦਿਆ ਹੋਣਾ ਏ।"

ਮੈਂ ਹੈਰਾਨ ਹੋ ਪੁੱਛਿਆ, "ਕਿਹੜਾ ਤਾਇਆ ? ਠੇਕੇਦਾਰ ਤਾਇਆ ?"

ਝਾਈ ਨੇ ਉਤਰ ਦਿੱਤਾ, "ਕਪੜੇ ਵਾਲਾ ਤਾਇਆ।"

ਮੈਂ ਕਿਹਾ, "ਬਾਬਾ ਤੇ ਆਖਦਾ ਸੀ, 'ਮੈਂ ਤੇਰਾ ਚਾਚਾ ਹਾਂ।'"

ਝਾਈ ਹੱਸ ਪਈ ਤੇ ਆਖਿਆ, "ਆਹੋ, ਉਸੇ ਸੱਦਿਆ ਹੈ। ਇਹ ਉਸ ਦੀ ਨਵੀਂ ਨੌਕਰਾਣੀ ਹੈ। ਕਾਕਾ ! ਤੇਰੀ ਤਾਈ ਨੇ ਸੱਦਿਆ ਹੋਣਾ ਏ।"

ਮੈਂ ਇਹੋ ਜਹੀਆਂ ਗੱਲਾਂ ਸੁਣ ਕੇ ਚੱਕਰਾ ਜਿਹਾ ਗਿਆ ਤੇ ਪਰੌਂਠੀ ਠਹਿਰ ਕੇ ਖਾਣ ਦੇ ਖ਼ਿਆਲ ਨਾਲ ਮੈਂ ਨੌਕਰਾਣੀ ਨਾਲ ਤੁਰ ਪਿਆ।

ਮੈਂ ਜਦ ਚਾਚੇ ਦੇ ਅੰਦਰ ਵੜਿਆ ਤਾਂ ਉਸ ਨੇ ਮੈਨੂੰ ਪਹਿਲੇ ਵਾਂਗ ਕੁੱਛੜ ਚੁੱਕ ਲਿਆ ਤੇ ਉਸੇ ਤਰ੍ਹਾਂ ਮੈਨੂੰ ਵੱਖੀ ਵਾਲੇ ਕਮਰੇ ਵਿਚ ਲੈ ਗਿਆ। ਲੋਹੇ ਦੇ ਪਲੰਘ ਲਾਗੇ ਇਕ ਲੰਮੀਂ ਅਲਮਾਰੀ ਦੇ ਆਦਮ-ਕੱਦ ਸ਼ੀਸ਼ੇ ਵਿਚ ਇਕ ਕਣਕ-ਭਿੰਨੀ ਪਤਲੀ ਮਲੂਕ ਤੀਵੀਂ ਆਪਣੇ ਗੋਡਿਆਂ ਤਕ ਲੰਮੇ, ਕਾਲੇ ਭਾਰੇ ਵਾਲਾਂ ਨੂੰ ਸਵਾਰ ਰਹੀ ਸੀ। ਸ਼ੀਸ਼ੇ ਵਿਚੋਂ ਸਾਨੂੰ ਆਉਂਦਿਆਂ ਦੇਖ ਕੇ ਉਸ ਮੂੰਹ ਸਾਡੇ ਵਲ ਕਰਨ ਤੋਂ ਪਹਿਲਾਂ ਪੰਜਾਬੀ ਰਿਵਾਜ ਅਨੁਸਾਰ, ਸਾੜ੍ਹੀ ਦਾ ਪੱਲਾ ਸਿਰ 'ਤੇ ਲੈ ਲਿਆ। ਚਾਚਾ ਜੀ ਨੇ ਕਿਹਾ, "ਕਿਸ਼ਨ, ਤੇਰੀ ਚਾਚੀ।"

ਮੈਂ ਘਰ ਦੀ ਸਿਖਿਆ ਮੂਜਬ ਚਾਚੀ ਜੀ ਦੇ ਪੈਰਾਂ 'ਤੇ ਮੱਥਾ ਟੇਕਣ ਲਈ ਉਤਰਿਆ ਤਾਂ ਚਾਚੀ ਨੇ ਪੈਰ ਪਿਛਾਂਹ ਖਿੱਚ ਲਏ ਤੇ ਮੈਨੂੰ ਫੜ ਕੇ ਆਪਣੇ ਨਾਲ ਘੁੱਟ ਲਿਆ। ਮੇਰੀਆਂ ਬਾਹਵਾਂ, ਜੋ ਮਸੀਂ ਉਸ ਦੀ ਕਮਰ ਤਕ ਪਹੁੰਚੀਆਂ ਸਨ, ਪਿਆਰ ਨਾਲ ਦੁਆਲੇ ਕੱਸੀਆਂ ਗਈਆਂ। ਉਸ ਨੇ ਮੇਰੇ ਸਿਰ ਦੇ ਵਾਲਾਂ ਵਿਚ ਲੰਮੇ ਲੰਮੇ ਕੋਮਲ ਪੋਟੇ ਫੇਰਦਿਆਂ ਕਿਹਾ, "ਕਿੱਡਾ ਪਿਆਰਾ ਹੈ, ਇਹ ਬਾਲਕ !"

"ਰਾਮ ਪਿਆਰੀ !" ਚਾਚੇ ਨੇ ਕਿਹਾ, "ਇਹ ਮੈਨੂੰ ਵੀ ਬੜਾ ਪਿਆਰਾ ਹੈ। ਮੈਂ ਇਸ ਨੂੰ ਪੋਟਿਆਂ ਨਾਲ ਮਿਣ ਮਿਣ ਕੇ ਪਾਲਿਆ ਹੈ।"

ਮੈਨੂੰ ਚੇਤਾ ਹੈ, ਜਦ ਮੈਂ ਚਾਚੀ ਦੇ ਦੁਆਲਿਓਂ ਆਪਣੀਆਂ ਬਾਹਾਂ ਖੋਲ੍ਹੀਆਂ ਸਨ ਤਾਂ ਉਸ ਇਕ ਡੂੰਘਾ ਸਾਹ ਖਿੱਚਿਆ ਸੀ।

ਚਾਚੇ ਨੇ ਪੁੱਛਿਆ, "ਕਿਉਂ ਕੀ ਗੱਲ ਹੈ, ਪਿਆਰੀ ?'

"ਕੁਝ ਨਹੀਂ !" ਉਸ ਫਿਰ ਉਸੇ ਤਰ੍ਹਾਂ ਕਰਦਿਆਂ ਕਿਹਾ ਤੇ ਕੁਝ ਚਿਰ ਠਹਿਰ ਕੇ ਮੈਨੂੰ ਬੜੇ ਪਿਆਰ ਨਾਲ ਪੁੱਛਿਆ, "ਤੇਰਾ ਨਾਂ ਕੀ ਹੈ, ਬੱਚੇ ?"

ਮੇਰੇ ਦੱਸਣ 'ਤੇ ਉਸ ਗੈਰ ਪੰਜਾਬੀਆਂ ਵਾਂਗ ਦੁਹਰਾਇਆ, "ਕਿਸ਼ਨ ਚੰਦ !"

ਵਾਲ ਬਿਨਾਂ ਸਾਂਭਿਆਂ, ਸਾਬਣ ਨਾਲ ਹੱਥ ਧੋ ਕੇ ਇਕ ਪਿਰਚ ਵਿਚ ਮਲਾਈ, ਚੌਲ ਪਾ ਕੇ ਉਸ ਮੈਨੂੰ ਖਾਣ ਲਈ ਦਿੱਤੇ। ਬੜੇ ਸੁਆਦਾਂ ਨਾਲ ਖਾ ਕੇ ਤੇ ਪਰੌਂਠੀ ਦਾ ਚੇਤਾ ਭੁਲਾ, ਮੈਂ ਬਾਹਰ ਖੇਡਣ ਤੁਰ ਪਿਆ।

ਕੋਈ ਤੀਸਰੇ ਦਿਨ ਮਗਰੋਂ ਦੀ ਗੱਲ ਹੈ ਕਿ ਜਦ ਮੈਂ ਸਕੂਲੋਂ ਮੁੜ ਰਿਹਾ ਸਾਂ ਤਾਂ ਚਾਚੇ ਦੇ ਥੋੜ੍ਹੇ ਜਿਹੇ ਖੁਲ੍ਹੇ ਬੂਹੇ ਅੰਦਰੋਂ ਮੈਨੂੰ ਕੋਈ ਪਛਾਣੀ ਹੋਈ ਆਵਾਜ਼ ਬੁਲਾਉਂਦੀ ਜਾਪੀ। ਮੈਂ ਬਸਤੇ ਸਮੇਤ ਬੂਹਾ ਖੋਲ੍ਹ ਕੇ ਅੰਦਰ ਜਾ ਵੜਿਆ। ਅੰਦਰ ਕੋਈ ਨਹੀਂ ਸੀ। ਪਤਾ ਨਹੀਂ ਕਿਉਂ, ਮੈਂ ਬਾਹਰ ਦਾ ਬੂਹਾ ਢੋਅ ਦਿੱਤਾ ਤੇ ਉਸ ਦਿਨ ਵਾਲੇ ਕਮਰੇ ਵਲ ਵਧਿਆ। ਚਾਚੀ ਓਸੇ ਤਰ੍ਹਾਂ ਫੇਰ ਵਾਲ ਸਵਾਰ ਰਹੀ ਸੀ। ਮੈਨੂੰ ਸ਼ੀਸ਼ੇ ਵਿਚੋਂ ਅੰਦਰ ਆਉਂਦ੍ਹਾ ਵੇਖ ਕੇ ਉਸ ਆਪਣਾ ਮੂੰਹ ਮੇਰੇ ਵਲ ਮੋੜ ਲਿਆ। ਪਰ ਕਲ੍ਹ ਵਾਂਗ ਉਸ

ਸਿਰ 'ਤੇ ਸਾੜ੍ਹੀ ਕੋਈ ਨਾ ਲਈ। ਕੁਝ ਚਿਰ ਝਿਜਕ ਕੇ ਉਸ ਦਿਨ ਵਾਂਗ, ਬਾਹਾਂ ਖਿਲਾਰ ਦਿੱਤੀਆਂ। ਮੈਂ ਓਥੇ ਖੜ੍ਹੋਤਾ ਹੀ ਉਸਦੇ ਗੋਲ, ਸੋਹਣੇ ਚਿਹਰੇ ਵੱਲ ਤੱਕਦਾ ਰਿਹਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਦੋ ਮੋਟੇ ਮੋਟੇ ਅੱਥਰੂ ਇਕੱਠੇ ਹੋ ਗਏ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਇਹ ਵੀ ਨਾ ਪੁੱਛਿਆ ਕਿ ਉਹ ਰੋਂਦੀ ਕਿਉਂ ਹੈ ਤੇ ਬਾਹਾਂ ਪਸਾਰ ਕੇ ਜਿਉਂ ਹੀ ਅਗਾਹ ਵਧਿਆ-ਉਹ ਗੋਡਿਆਂ ਭਾਰ ਹੋ ਗਈ। ਮੇਰੀਆਂ ਦੋਵੇਂ ਬਾਹਾਂ ਉਸ ਦੀ ਪਿੱਠ ਦੁਆਲੇ ਕੱਸੀਆਂ ਗਈਆਂ ਤੇ ਉਸ ਨੇ ਮੈਨੂੰ ਆਪਣੀ ਛਾਤੀ ਨਾਲ ਕੱਸ ਲਿਆ। ਉਸ ਦਿਨ ਮੈਂ ਪਹਿਲੀ ਵਾਰ ਵੱਖਰੀ ਹੀ ਕੋਮਲਤਾ ਦਾ ਅਹਿਸਾਸ ਕੀਤਾ। ਮੇਰੇ ਪਿੰਡੇ ਵਿਚ, ਸੱਚ ਦੱਸਦਾ ਹਾਂ, ਕੰਬਣੀ ਛਿੜ ਪਈ। ਚਾਚੀ ਨੇ ਸੱਜਾ ਹੱਥ ਢਿੱਲਾ ਕਰਕੇ ਮੇਰੀ ਗਲ੍ਹ ਆਪਣੀ ਖੱਬੀ ਗਲ੍ਹ ਨਾਲ ਲਾ ਲਈ ਤੇ ਕਿੰਨਾ ਚਿਰ ਹੀ ਅਸੀਂ ਏਸੇ ਤਰ੍ਹਾਂ ਰਹੇ। ਆਖ਼ਰ ਉਸ ਦੇ ਹੰਝੂ ਮੇਰੀ ਗਲ੍ਹ ਤੋਂ ਵਹਿ ਤੁਰੇ। ਇਹ ਗਿੱਲੇ ਵੀ ਸਨ ਤੇ ਕੋਸੇ ਵੀ। ਮੈਂ ਹੋਸ਼ ਵਿਚ ਆ ਗਿਆ ਸਾਂ। ਮੈਂ ਜਦ ਉਸ ਦੇ ਚਿਹਰੇ ਵਲ ਨੇੜਿਓਂ ਤੱਕਿਆ ਤਾਂ ਉਸ ਦੇ ਬੁਲ੍ਹ ਕੰਬ ਰਹੇ ਸਨ ਤੇ ਅੱਖਾਂ ਮੀਟੀਆਂ ਹੋਈਆਂ ਸਨ। ਆਖ਼ਰ ਉਸ ਦੀ ਦੂਸਰੀ ਬਾਂਹ ਵੀ ਢਿੱਲੀ ਹੋਈ ਤੇ ਉਸ ਹੌਲੀ ਹੌਲੀ ਅੱਖਾਂ ਖੋਲ੍ਹੀਆਂ। ਅੱਜ ਕਲ੍ਹ ਦੀ ਸੂਝ ਮੂਜਬ ਮੈਂ ਕਹਿ ਸਕਦਾ ਹਾਂ ਕਿ ਉਹ ਸੁੱਤੀਆਂ ਉੱਠੀਆਂ ਅੱਖਾਂ ਵਾਂਗ ਭਾਰੀਆਂ ਤੇ ਅਲਸਾਈਆਂ ਹੋਈਆਂ ਸਨ। ਮੈਂ ਪੁੱਛਣਾ ਚਾਹਿਆ, "ਚਾਚੀ..."

ਉਸ ਨੇ ਅੱਧ 'ਚੋਂ ਹੀ ਰਲੀ ਮਿਲੀ ਬੰਗਲਾ ਤੇ ਹਿੰਦੀ ਵਿਚ ਕਿਹਾ, "ਕਿਸ਼ਨ ਚੰਦ ਮੇਰਾ ਨਾਂ ਰਾਧਾ ਹੈ। ਰਾਧਾ ਕਹਿ ਕੇ ਆਵਾਜ਼ ਮਾਰਿਆ ਕਰੋ।"

ਮੈਂ ਸਿਰ ਨਾਲ ਸੱਤ-ਬਚਨ ਕਹਿ ਕੇ ਤੇ ਆਪਣੇ ਪਹਿਲੇ ਸੁਆਲ ਨੂੰ ਭੁੱਲਦਿਆਂ ਪੁੱਛਿਆ, "ਚਾਚਾ ਕਿੱਥੇ ਹੈ ?"

ਰਾਧਾ ਨੇ ਆਖਿਆ, "ਉਹ ਮੰਗਲਾ-ਹਾਟ ਦੁਕਾਨ ਲੈ ਕੇ ਗਿਆ ਹੈ। ਮੱਸਿਆ ਤੋਂ ਸਿਵਾ ਉਹ ਕਦੇ ਐਸ ਵੇਲੇ ਵਿਹਲਾ ਨਹੀਂ ਹੁੰਦਾ।"

"ਨੌਕਰਾਣੀ ?" ਮੈਂ ਪੁੱਛਿਆ।

"ਉਹ ਕੱਢ ਦਿੱਤੀ", ਉਸ ਉੱਤਰ ਦਿੱਤਾ, "ਉਹ ਚੰਗੀ ਨਹੀਂ ਸੀ ਤੇ ਹੁਣ ਮੈਂ ਸਭ ਕੰਮ ਆਪ ਕਰ ਸਕਾਂਗੀ।"

ਅਚਾਨਕ ਉਸ ਨੂੰ, ਪਤਾ ਨਹੀਂ, ਕੀ ਹੋਇਆ। ਉਸ ਮੇਰੇ ਬਸਤੇ ਨੂੰ, ਜੋ ਹਾਲੀ ਤਕ ਮੇਰੇ ਮੋਢੇ ਤੋਂ ਖੱਬੀ ਵੱਖੀ ਵੱਲ ਲਮਕ ਰਿਹਾ ਸੀ, ਉਤਾਰ ਦਿੱਤਾ। ਮੇਰਾ ਕੋਟ ਲਾਹ ਕੇ ਪਲੰਘ 'ਤੇ ਸੁੱਟ ਪਾਇਆ। ਮੇਰੇ ਬੂਟ ਤਸਮੇ ਖੋਲ੍ਹ ਕੇ ਲਾਹ ਦਿੱਤੇ। ਉਸ ਮੇਰੀ ਸੱਜੀ ਲੱਤ ਨੂੰ ਅਗਾਂਹ ਕਰ ਕੇ ਗੋਡੇ ਤੋਂ ਝੁਕਾ ਦਿੱਤਾ ਤੇ ਲੱਤ ਨੂੰ ਪੱਬ ਪਰਨੇ ਖੜੀ ਰਹਿਣ ਦਿੱਤਾ। ਖੱਬੀ ਲੱਤ ਜਿਉਂ ਦੀ ਤਿਉਂ ਸਿੱਧੀ ਰਹਿਣ ਦਿੱਤੀ। ਫੇਰ ਉਹ ਅੱਖਾਂ ਨਾਲ ਚਾਰ-ਚੁਫੇਰੇ ਭਾਲ ਕਰਦੀ ਜਾਪੀ, ਫੁਰਤੀ ਨਾਲ ਉਹ ਇਕ ਕਿੱਲੀ ਤੋਂ ਲਕੜ ਦੀ ਸੋਟੀ ਲਾਹ ਲਿਆਈ ਤੇ ਮੇਰੇ ਦੋਹਾਂ ਹੱਥਾਂ ਵਿਚ ਲੰਮੇ ਦਾਅ ਫੜਾ ਕੇ ਇਕ ਸਿਰੇ ਵਲੋਂ ਮੇਰੇ ਬੁਲ੍ਹਾਂ 'ਤੇ ਰੱਖ ਦਿੱਤੀ। ਫਿਰ ਉਹ ਪਿਛਾਂਹ ਹਟ ਕੇ ਦੇਖਣ ਲਗ ਪਈ। ਉਸ ਦੇ ਬੁਲ੍ਹਾਂ ਤੋਂ ਇਕ ਕੋਮਲ ਮੁਸਕਰਾਹਟ ਆਈ ਤੇ ਉਸ ਲੰਮੀ ਸਾਰੀ

'ਹੂੰ' ਕੀਤੀ। ਕੁਝ ਚਿਰ ਪਿਛੋਂ ਉਹ ਆਪਣੇ ਸ਼ਿੰਗਾਰ ਟੇਬਲ ਦੇ ਦਰਾਜ ਵਿਚੋਂ ਇਕ ਗੁਲਾਬੀ ਰੇਸ਼ਮੀ ਫੀਤਾ ਕੱਢ ਲਿਆਈ ਤੇ ਉਸਨੂੰ, ਮੇਰੇ ਸੁਨਹਿਰੀ ਵਾਲ ਪਰੇ ਹਟਾਉਂਦਿਆਂ ਹੋਇਆਂ, ਸਿਰ ਦੁਆਲੇ ਬੰਨ੍ਹ ਕੇ ਖੱਬੇ ਕੰਨ ਲਾਗੇ ਫੁੱਲ ਬਣਾ ਦਿੱਤਾ। ਸ਼ੀਸ਼ੇ ਵਾਲੀ ਲੰਮੀ ਅਲਮਾਰੀ ਖੋਲ੍ਹ ਕੇ ਉਸ ਇਕ ਪੀਲੀ ਬਨਾਰਸੀ ਸਾੜ੍ਹੀ ਕੱਢੀ। ਉਸ ਨੂੰ ਫੋਲਦੀ ਫੋਲਦੀ ਉਹ ਦੂਸਰੀ ਕੰਧ 'ਤੇ ਇਕ ਵੱਡੀ ਤਸਵੀਰ ਵੱਲ ਵਧੀ, ਜਿਸ ਨੂੰ ਇਕ ਸਿਹਰਾ ਚੜ੍ਹਾਇਆ ਹੋਇਆ ਸੀ। ਬੜੇ ਗਹੁ ਨਾਲ ਉਸ ਨੂੰ ਦੇਖ ਉਹ ਮੇਰੇ ਵੱਲ ਮੁੜੀ ਤੇ ਫਿਰ ਉਸ ਤਸਵੀਰ ਨੂੰ ਦੇਖ ਕੇ ਮੇਰੇ ਲੱਕ ਦੁਆਲੇ ਧੋਤੀ ਬੰਨ੍ਹਣ ਲੱਗੀ। ਧੋਤੀ ਸਜਾ ਕੇ ਉਹ ਬੜੀ ਪ੍ਰਸੰਨ ਜਿਹੀ ਬਿਹਲਤਾ ਵਿਚ ਨਿਚੱਲੀ ਦਿੱਸਣ ਲੱਗੀ। ਠੇਕੇਦਾਰ ਸਰਦਾਰਾਂ ਦੀ ਨਿੱਕੀ ਕੁੜੀ ਨਵੇਂ ਖਿਡੌਣੇ ਨੂੰ ਆਪਣੇ ਵੱਡੇ ਵੀਰ ਕੋਲੋਂ ਲੈ ਕੇ ਇਸੇ ਤਰ੍ਹਾਂ ਕਰਦੀ ਹੁੰਦੀ ਸੀ। ਮੈਨੂੰ ਰਾਧਾ ਓਹੋ ਜਿਹੀ ਹੀ ਜਾਪੀ।

ਥੋੜ੍ਹੇ ਚਿਰ ਮਗਰੋਂ ਉਸ ਫੁਰਤੀ ਨਾਲ ਸੋਟੀ ਖੋਹ ਕੇ ਬਸਤੇ ਲਾਗੇ ਵਗਾਹ ਮਾਰੀ। ਮੈਨੂੰ ਆਪਣੀਆਂ ਬਾਹਾਂ 'ਚ ਲੱਕ ਨਾਲ ਕੱਸ ਕੇ ਉਸ ਬੜੀ ਤੇਜ਼ੀ ਨਾਲ ਪੰਜ-ਸੱਤ-ਦਸ ਭੁਆਂ-ਭੁਆਂ-ਬਿੱਲੀਆਂ ਕਰ ਕੇ ਮੈਨੂੰ ਖ਼ਲ੍ਹਿਆਰ ਦਿੱਤਾ। ਮੈਂ ਡਿੱਗਦਾ ਡਿੱਗਦਾ ਬਚਿਆ। ਉਸ ਮੇਰੀਆਂ ਤੱਤੀਆਂ ਤੱਤੀਆਂ ਜਾਪਦੀਆਂ ਗਲ੍ਹਾਂ ਨੂੰ ਦੋਹਾਂ ਤਲੀਆਂ 'ਚ ਘੁਟ ਕੇ ਮੇਰਾ ਮੱਥਾ ਤੇ ਵਾਲ ਚੁੰਮ ਲਏ।

ਹੌਲੀ ਹੌਲੀ ਉਸ ਉਹ ਕੱਪੜੇ ਲਾਹ ਕੇ, ਮੇਰੇ ਕੱਪੜੇ ਪੁਆ ਕੇ ਮੈਨੂੰ ਅੱਗੇ ਵਰਗਾ ਬਣਾ ਦਿੱਤਾ। ਬਵਰਚੀ-ਖ਼ਾਨੇ 'ਚੋਂ ਦੁੱਧ ਦਾ ਨਿੱਕਾ ਚਾਂਦੀ ਦਾ ਗਲਾਸ ਤੇ ਇਕ ਛੋਟੀ ਚਾਂਦੀ ਦੀ ਰਕੇਬੀ ਵਿਚ ਅੰਗੂਰ ਲੈ ਕੇ ਉਸ ਮੇਰੇ ਅੱਗੇ ਲਿਆ ਰੱਖੇ। ਮੈਂ ਪਹਿਲੇ ਦਿਨ ਵਾਂਗ, ਮਾਪਿਆਂ ਦੀ ਆਗਿਆ ਦੇ ਵਿਰੁੱਧ, ਸਭ ਕੁਝ ਖਾ ਪੀ ਗਿਆ। ਇਸ਼ਨਾਨ-ਕਮਰੇ ਵਿਚ ਮੇਰੇ ਹੱਥ, ਤੇ ਮੂੰਹ ਵੀ ਧੁਆਇਆ ਗਿਆ। ਬਰਫ਼-ਚਿੱਟੇ ਤੌਲੀਏ ਨਾਲ ਮੂੰਹ ਸਾਫ਼ ਕਰ ਕੇ ਮੈਂ ਬਾਹਰ ਨਿਕਲਿਆ। ਰਾਧਾ ਮੇਰੇ ਮਗਰ ਸੀ। ਉਸ ਮੈਨੂੰ ਕਿਹਾ ਕਿ ਕਲ੍ਹ ਵੀ ਫੇਰ ਖੇਡਣ ਆਉਣਾ ਤੇ ਮੈਂ ਤੁਹਾਨੂੰ ਇਕ ਬੜਾ ਸੋਹਣਾ ਨਾਚ ਨੱਚ ਕੇ ਵਖਾਵਾਂਗੀ।

ਬੂਹਿਓਂ ਬਾਹਰ ਮੀਂਹ ਵੱਸ ਰਿਹਾ ਸੀ। ਤੇਜ਼ ਹਵਾ ਨਾਰੀਅਲ ਦੇ ਦਰੱਖ਼ਤਾਂ ਨੂੰ ਦੂਹਰਿਆਂ ਕਰਦੀ ਜਾਂਦੀ ਸੀ। ਮੈਂ ਭਿੱਜਦਾ ਭਿੱਜਦਾ ਆਪਣੀ ਨੁੱਕਰ ਮੁੜ ਕੇ ਅੰਦਰ ਵੜਿਆ। ਝਾਈ ਘਬਰਾਈ ਹੋਈ ਉਡੀਕ ਰਹੀ ਸੀ। ਮੈਨੂੰ ਪਿਆਰ ਨਾਲ ਘੁੱਟ ਕੇ ਓਪਰੇ ਗੁੱਸੇ ਨਾਲ ਉਸ ਪੁੱਛਿਆ, "ਕਿਥੇ ਰਿਹਾ ਏਂ ਏਨਾ ਚਿਰ ?"

ਮੈਂ ਮਾਪਿਆਂ ਤੇ ਕਿਤਾਬਾਂ ਦੀ ਸਿਖਿਆ ਦੇ ਉਲਟ ਪਹਿਲੀ ਵਾਰ ਝੂਠ ਬੋਲਦਿਆਂ ਉੱਤਰ ਦਿੱਤਾ, "ਅਵਿਨੇਂਦਰ ਦੇ ਘਰ। ਉਸ ਨਵਾਂ ਮਸ਼ੀਨੀ ਲਾਟੂ ਆਂਦੈ, ਝਾਈ ਜੀ !"

ਝਾਈ ਸ਼ਾਂਤ ਹੋ ਗਈ।

2

ਦੂਸਰੇ ਦਿਨ ਮੇਰਾ ਸਕੂਲ ਵਿਚ ਬਿਲਕੁਲ ਦਿਲ ਨਾ ਲੱਗਾ, ਮਸੀਂ ਮਸੀਂ ਛੁੱਟੀ ਦੀ ਘੰਟੀ ਵੱਜੀ। ਬਿਪਨ ਨੇ ਆਪੇ-ਤੁਰਨ ਵਾਲੀ ਮੋਟਰ ਬਸਤੇ ਵਿਚ ਪਾ ਕੇ ਆਂਦੀ

ਹੋਈ ਸੀ। ਉਹ ਚਾਹੁੰਦਾ ਸੀ ਕਿ ਸੜਕ ਦੇ ਫੁਟ-ਪਾਥ 'ਤੇ ਅਸੀਂ ਉਸ ਨੂੰ ਚਲਾ ਚਲਾ ਕੇ ਖੇਡੀਏ, ਪਰ ਮੈਂ ਅੱਜ ਉਸ ਨੂੰ ਸੁੱਕਾ ਜਵਾਬ ਦੇ ਦਿੱਤਾ। ਮੈਂ ਰਾਧਾ ਨਾਲ ਖੇਡਣਾ ਚਾਹੁੰਦਾ ਸਾਂ, ਤੇ ਦੇਖਣਾ ਚਾਹੁੰਦਾ ਸਾਂ ਉਹ ਹੋਣ ਵਾਲਾ ਨਾਚ।

ਮੈਂ ਘਰ ਜਾ ਕੇ ਦੁੱਧ ਨਾ ਪੀਣ ਦਾ ਬਹਾਨਾ ਘੜ ਸੁਣਾਇਆ। ਅਵਿਨੋਂਦਰ ਦੇ ਘਰ ਖੇਡਣ ਦਾ ਝੂਠ ਬੋਲ ਕੇ ਮੈਂ ਰਾਧਾ ਦੇ ਘਰ ਆਣ ਵੜਿਆ। ਰਾਧਾ ਅੱਗੇ ਹੀ ਖੜੀ ਉਡੀਕਦੀ ਸੀ। ਉਸ ਦੀ ਪੁਸ਼ਾਕ ਅੱਜ ਹੱਦ ਈ ਸੀ। ਮੈਂ ਕਦੇ ਕਿਸੇ ਤੀਵੀਂ ਨੂੰ ਇਹੋ ਜਹੀ ਸੋਹਣੀ ਸਾੜ੍ਹੀ ਤੇ ਸ਼ਿੰਗਾਰ ਵਿਚ ਨਹੀਂ ਸੀ ਦੇਖਿਆ। ਉਹ ਮੈਨੂੰ ਆਪਣੀ ਉਂਗਲ ਫੜਾ ਕੇ ਬਵਰਚੀ-ਖ਼ਾਨੇ ਵਲ ਲੈ ਗਈ। ਇਕ ਆਸਣ ਤੇ ਮੈਨੂੰ ਬਿਠਾ ਕੇ ਉਹ ਆਪ ਭੁੰਜੇ ਹੀ ਬਹਿ ਗਈ। ਸਾਹਮਣੇ ਪਏ ਚਾਂਦੀ ਦੇ ਭਾਂਡਿਆਂ ਵਿਚ ਦੁੱਧ, ਮਲਾਈ, ਚੌਲ, ਇਥੋਂ ਤੱਕ ਕਿ ਫੁਲਕੇ, ਸਬਜ਼ੀ ਤੇ ਮੱਖਣ ਵੀ ਪਏ ਸਨ। ਇਕ ਸੁਨਹਿਰੀ ਝਾਲ ਵਾਲੀ ਰਕੇਬੀ ਵਿਚ ਉਸ ਰੁੱਤ ਦੇ ਫਲ ਪਏ ਸਨ। ਮੇਰੀ ਨਾਂਹ-ਨੁੱਕਰ ਦਾ ਕੋਈ ਖ਼ਿਆਲ ਨਾ ਕਰਦਿਆਂ ਉਸ ਬੁਰਕੀਆਂ ਨਾਲ ਮੈਨੂੰ ਖੁਵਾਉਣਾ ਸ਼ੁਰੂ ਕਰ ਦਿੱਤਾ। ਮੈਂ ਝੱਟ ਹੀ ਰੱਜ ਗਿਆ। ਰਾਧਾ ਨੇ ਇਸ਼ਨਾਨ-ਕਮਰੇ ਵਿਚ ਮੇਰਾ ਮੂੰਹ-ਹੱਥ ਸਾਫ਼ ਕਰਾਇਆ।

ਅਸੀਂ ਵੱਖੀ ਵਾਲੇ ਕਮਰੇ ਵਿਚ ਵੜੇ। ਅਗਰਬੱਤੀ ਨਾਲ ਕਮਰਾ ਮਹਿਕਿਆ ਹੋਇਆ ਸੀ। ਸ਼ਿੰਗਾਰ-ਟੇਬਲ 'ਤੇ ਇਕ ਚਾਂਦੀ ਦੀ ਥਾਲੀ ਵਿਚ ਸਿਹਰੇ, ਫੁੱਲ ਤੇ ਘਿਓ ਦੇ ਅਣਜਗੇ ਦੀਵੇ ਸਨ। ਮੇਰੇ ਦੇਖਦਿਆਂ ਦੇਖਦਿਆਂ ਸਾੜ੍ਹੀ ਦੇ ਲੜ ਵਾਲੇ ਚਾਬੀਆਂ ਦੇ ਗੁੱਛੇ ਵਿਚੋਂ ਇਕ ਚਾਬੀ ਚੁਣ ਕੇ ਵਾਰਡ-ਰੋਬ ਖੋਲ੍ਹੀ ਗਈ। ਉਸ ਵਿਚੋਂ ਇਕ ਨਵੀਂ ਪੀਲੀ ਰੇਸ਼ਮੀ ਧੋਤੀ ਕੱਢ ਕੇ ਰਾਧਾ ਨੇ ਪਲੰਘ 'ਤੇ ਰੱਖੀ। ਇਕ ਕਿੱਲੀ ਤੋਂ ਮੋਰ ਦੇ ਖੰਭਾਂ ਦਾ ਇਕ ਮੁਕਟ ਲਾਹੁੰਦਿਆਂ ਰਾਧਾ ਨੇ ਕਿਹਾ, "ਕ੍ਰਿਸ਼ਨ ਚੰਦ੍ਰ, ਇਹ ਮੈਂ ਆਪਣੀ ਹੱਥੀਂ ਤੁਹਾਡੇ ਲਈ ਬਣਾਇਆ ਹੈ।"

ਮੈਂ ਹਾਲੀ ਵੀ ਹੈਰਾਨ ਖੜਾ ਸਾਂ, ਜਦ ਰਾਧਾ ਨੇ ਸ਼ਿੰਗਾਰ-ਟੇਬਲ ਦੇ ਦਰਾਜ਼ 'ਚੋਂ ਇਕ ਮੁਰਲੀ ਕੱਢ ਲਿਆਂਦੀ। ਦਸਾਂ ਮਿੰਟਾਂ ਦੇ ਅੰਦਰ ਧੋਤੀ, ਮੁਕਟ, ਸਿਹਰੇ ਤੇ ਬੰਸਰੀ ਨਾਲ ਸਜਾ ਕੇ ਮੈਨੂੰ ਕੱਲ੍ਹ ਵਾਂਗ ਖੜਾ ਕੀਤਾ ਗਿਆ। ਇਕ ਸਿਹਰਾ ਸਾਹਮਣੀ ਤਸਵੀਰ ਦੇ ਗਲ ਵੀ ਪਾਇਆ ਗਿਆ। ਮੈਂ ਆਪਣਾ ਮੂੰਹ ਜਦ ਸਾਹਮਣੇ ਸ਼ੀਸ਼ੇ ਵਿਚ ਦੇਖਿਆ ਤਾਂ ਉਹ ਹੂ-ਬ-ਹੂ ਸਾਹਮਣੀ ਤਸਵੀਰ ਵਰਗਾ ਸੀ।

ਮੈਂ ਪੁੱਛਿਆ, "ਰਾਧਾ, ਉਹ ਕਿਸ ਦੀ ਤਸਵੀਰ ਹੈ ?"

ਉਸ ਮੁਸਕਰਾਉਂਦਿਆਂ ਕਿਹਾ, "ਤੁਹਾਨੂੰ ਪਤਾ ਹੀ ਨਹੀਂ ? ਕ੍ਰਿਸ਼ਨ ਚੰਦ ਦੀ।"

"ਮੇਰੀ ?" ਮੈਂ ਪੁੱਛਿਆ।

"ਹਾਂ...ਹਾਂ ਕ੍ਰਿਸ਼ਨ ਚੰਦ੍ਰ ਦੀ।"

ਮਾਚਸ ਬਾਲ ਕੇ ਥਾਲੀ ਵਿਚਲੇ ਪੰਜੇ ਦੀਵੇ ਜਗਾਏ ਗਏ ਤੇ ਰਾਧਾ ਦੋਹਾਂ ਹੱਥਾਂ ਵਿਚ ਉਨ੍ਹਾਂ ਨੂੰ ਲੈ ਕੇ ਹਾਜ਼ਰ ਹੋਈ। ਮੇਰੇ ਸਾਹਮਣੇ ਖੜ੍ਹੋ ਕੇ ਉਸ ਦੋਵੇਂ ਅੱਖਾਂ ਮੀਟ ਲਈਆਂ। ਅੱਖਾਂ ਖੋਲ੍ਹ ਕੇ ਥਾਲੀ ਦੇ ਇਕ ਕੰਢੇ 'ਤੇ ਘੋਲੇ ਹੋਏ ਕੇਸਰ ਤੇ ਚੌਲਾਂ ਦਾ, ਉਸ ਆਪਣੀ ਚੀਚੀ ਨਾਲ ਦੀ ਉਂਗਲੀ ਨਾਲ ਮੈਨੂੰ ਟਿੱਕਾ ਲਾ ਦਿੱਤਾ। ਮੈਨੂੰ ਖ਼ਬਰੇ

ਕੀ ਸੁੱਝੀ, ਮੈਂ ਵੀ ਆਪਣੀ ਉਸੇ ਉਂਗਲੀ ਨੂੰ ਕੇਸਰ ਲਾ ਕੇ ਹੱਥ ਉਸ ਦੇ ਮੱਥੇ ਵੱਲ ਵਧਾਇਆ। ਉਸ ਮੱਥਾ ਝੁਕਾ ਦਿੱਤਾ। ਮੇਰੀ ਉਂਗਲੀ ਲੱਗਦਿਆਂ ਹੀ ਉਹ ਕੰਬ ਉਠੀ, ਉਸ ਦੀ ਦੀਵਿਆਂ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਕੰਬੀ, ਦੀਵਿਆਂ ਦੀਆਂ ਲਾਟਾਂ ਕੰਬੀਆਂ? ਧੂਫ਼ ਦਾ ਧੂਆਂ ਕੰਬਿਆ ਤੇ ਘੁੰਗਰੂਆਂ ਵਰਗੀ ਛਣਕਦੀ ਆਵਾਜ਼ ਖ਼ਬਰੇ ਕਿਵੇਂ ਉਸ ਦੇ ਪੈਰਾਂ ਵਿਚੋਂ ਕੰਬੀ। ਇਕਦਮ ਉਹ ਆਪਣੀ ਥਾਂ ਤੋਂ ਹਿੱਲੀ ਤੇ ਇਉਂ ਅਗਾਂਹ ਵਧੀ ਜਿਵੇਂ ਤਿਲ੍ਹਕ ਕੇ ਡਿੱਗਣ ਲੱਗੀ ਹੋਵੇ, ਪਰ ਝੱਟ ਹੀ ਉਹ ਧਰਤੀ ਨੂੰ ਛੂਹ ਜਾਂਦੇ ਸਨ। ਉਹ ਹਵਾ ਦੀ ਪੁਤਲੀ ਲਹਿਰਾਂ ਵਾਂਗ ਦੂਹਰੀ ਹੋ ਹੋ ਜਾਂਦੀ ਸੀ। ਚਾਲ ਤੇਜ਼ ਹੋਣੀ ਸ਼ੁਰੂ ਹੋਈ। ਘੁੰਗਰੂਆਂ ਦੀ ਘੂਕਰ ਨਾਲ ਕਮਰੇ ਵਿਚ ਇਕਸੁਰਤਾ ਜਹੀ ਛਾ ਗਈ। ਚਾਲ ਹੋਰ ਤੇਜ਼ ਹੋ ਗਈ। ਜਗਦੀਆਂ ਜੋਤਾਂ ਦਾ ਇਕ ਚੱਕਰ ਮੇਰੇ ਦੁਆਲੇ ਬੱਝ ਗਿਆ। ਮੇਰੀਆਂ ਅੱਖਾਂ ਅੱਗੇ ਭੰਬਰ ਤਾਰੇ ਉੱਡਣ ਲਗ ਪਏ। ਮੇਰੇ ਦੁਆਲੇ ਕਈ ਰਾਧਾਂ ਦਿੱਸਣ ਲਗ ਪਈਆਂ। ਮੇਰੀ ਆਪਣੀ ਸ਼ਕਲ ਦੇ ਕਈ ਮੁੰਡੇ ਮੇਰੇ ਹੁਣ ਦੀ ਪੁਸ਼ਾਕ ਵਿਚ ਉਨ੍ਹਾਂ ਨਾਲ ਸਨ। ਮੇਰੇ ਉਤੇ ਮੇਰਾ ਆਪਣਾ ਕਾਬੂ ਘੱਟ ਮਲੂਮ ਹੁੰਦਾ ਸੀ। ਐਉਂ ਮਲੂਮ ਹੋਣ ਲੱਗਾ ਜਿਵੇਂ ਕਿਸੇ ਨੇ ਮੇਰੀਆਂ ਉਂਗਲਾਂ ਮੁਰਲੀ ਦਿਆਂ ਛੇਕਾਂ 'ਤੇ ਬਦੋ-ਬਦੀ ਰੱਖ ਦਿਤੀਆਂ ਹਨ। ਮੈਂ ਵਡੇ ਛੇਕ 'ਤੇ ਹੇਠਲਾ ਬੁਲ੍ਹ ਰੱਖ ਕੇ ਫੂਕ ਮਾਰੀ। ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਖ਼ਬਰੇ ਕਿੱਦਾਂ ਉਨ੍ਹਾਂ ਛੇਕਾਂ 'ਤੇ ਨਾਚ ਕਰਨ ਲੱਗ ਪਈਆਂ। ਮੈਂ ਕਦੇ ਬੰਸਰੀ ਨਹੀਂ ਵਜਾਈ ਸੀ ਤੇ ਨਾ ਹੀ ਹੁਣ ਕੋਈ ਸਾਜ਼ ਵਜਾ ਸਕਦਾ ਹਾਂ; ਪਰ ਉਸ ਵੇਲੇ ਵਰਗੀ ਬੰਸਰੀ ਮੈਂ ਕਦੇ ਕਿਸੇ ਉਸਤਾਦ ਕੋਲੋਂ ਵੀ ਨਹੀਂ ਸੁਣ ਸਕਿਆ।

ਹੌਲੀ ਹੌਲੀ ਮੇਰੀਆਂ ਉਂਗਲਾਂ ਢਿੱਲੀਆਂ ਪੈਣੀਆਂ ਸ਼ੁਰੂ ਹੋ ਗਈਆਂ। ਨਾਚ ਦੀ ਚਾਲ ਘਟਦੀ ਘਟਦੀ ਘੱਟ ਗਈ। ਰਾਧਾ ਇਕ ਰਹਿ ਗਈ, ਮੈਂ ਇਕ ਰਹਿ ਗਿਆ। ਕਮਰੇ ਵਿਚ ਕਬਰ ਵਰਗੀ ਚੁੱਪ ਛਾ ਗਈ। ਰਾਧਾ ਸ਼ਰਾਬੀਆਂ ਵਾਂਗ ਹੁਲਾਰੇ ਖਾ ਰਹੀ ਸੀ, ਪਰ ਦੀਵਿਆਂ ਵਾਲੀ ਥਾਲੀ ਨੂੰ ਨਹੀਂ ਸੀ ਡਿੱਗਣ ਦੇਂਦੀ। ਮੈਂ ਆਪਣੀ ਥਾਂ ਛੱਡ ਕੇ ਅਗਾਂਹ ਵਧਿਆ। ਥਾਲੀ ਉਸ ਦੇ ਹਥੋਂ ਫੜ ਕੇ ਸ਼ਿੰਗਾਰ-ਟੇਬਲ 'ਤੇ ਰੱਖਣ ਦੀ ਦੇਰ ਸੀ ਕਿ ਉਹ ਘੜੱਮ ਕਰਕੇ ਭੁੰਜੇ ਡਿੱਗ ਪਈ। ਮੁਰਲੀ ਮੰਜੇ 'ਤੇ ਸੁੱਟ ਕੇ ਮੈਂ ਉਸ ਨੂੰ ਸਾਂਭਿਆ। ਪਤਾ ਨਹੀਂ ਉਦੋਂ ਮੇਰੇ ਵਿਚ ਇੰਨਾ ਬਲ ਕਿਥੋਂ ਆ ਗਿਆ ਸੀ। ਮੈਂ ਹਰ ਹਾਲਤ ਵਿਚ ਆਪਣੇ ਆਪ ਨੂੰ ਪੂਰਾ ਆਦਮੀ ਸਮਝਦਾ ਸਾਂ। ਆਪਣੀ ਧੋਤੀ ਦੇ ਪੱਲੇ ਨਾਲ ਮੈਂ ਉਸ ਨੂੰ ਪੱਖਾ ਕਰਕੇ ਪੂਰੀ ਹੋਸ਼ ਵਿਚ ਆਂਦਾ। ਉਸ ਉਠ ਕੇ ਮੇਰੀ ਗਲ੍ਹ ਚੁੰਮ ਲਈ। ਕੰਬਣੀਆਂ ਦਾ ਹੜ੍ਹ ਮੇਰੀ ਨਸ ਨਸ ਵਿਚ ਫਿਰ ਗਿਆ। ਮੈਂ ਨੀਮ-ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਉਹ ਵੀ ਫੇਰ ਕੰਬੀ ਤੇ ਇਕ ਵਾਰੀ ਆਪਣੀਆਂ ਬਾਹਾਂ ਨਾਲ ਮੈਨੂੰ ਘੁੱਟ ਕੇ, ਮੇਰੀਆਂ ਬਾਹਾਂ ਵਿਚ ਆਪਣੇ ਆਪ ਨੂੰ ਨਿੱਸਲ ਸੁੱਟ ਦਿੱਤਾ। ਮੈਂ ਉਸ ਦੀਆਂ ਗਲ੍ਹਾਂ ਚੁੰਮੀਆਂ, ਬੁਲ੍ਹ ਚੁੰਮੇ, ਅੱਖਾਂ ਚੁੰਮੀਆਂ, ਵਾਲ ਚੁੰਮੇ, ਪਰ ਉਹ ਨਿੱਸਲ ਪਈ ਸੀ। ਮੈਂ ਉਸ ਦੇ ਚਿਹਰੇ ਵਲ ਵੇਖਣ ਲੱਗ ਪਿਆ। ਕੁਝ ਚਿਰ ਮਗਰੋਂ ਉਸ ਆਪਣੀਆਂ ਨੀਮ ਬੇਹੋਸ਼ ਅੱਖਾਂ ਖੋਲ੍ਹੀਆਂ ਤੇ ਝੱਟ ਹੀ ਬੰਦ ਕਰ ਲਈਆਂ।

ਅਚਾਨਕ ਬੂਹਾ ਖੜਕਿਆ, ਅਸੀਂ ਉੱਠ ਖੜੋਤੇ। ਕੋਈ ਆਵਾਜ਼ ਨਾ ਆਈ। ਮੈਂ ਫੇਰ ਪਹਿਲਾਂ ਕ੍ਰਿਸ਼ਨ ਬਣਾਇਆ ਗਿਆ। ਕਾਫ਼ੀ ਦੇਰ ਹੋ ਗਈ ਸੀ ਜਦ ਮੈਂ ਆਪਣੇ ਘਰ ਪਹੁੰਚਾ।

3

ਡਾਕਟਰ ਨੂੰ ਦਿਖਾਇਆ ਗਿਆ। ਉਸ ਦੱਸਿਆ ਕਿ ਮੇਰੀ ਸਿਹਤ ਬਿਲਕੁਲ ਠੀਕ ਹੈ।

"ਭੁੱਖ ਕਿਉਂ ਨਹੀਂ ਲੱਗਦੀ ਇਸ ਨੂੰ ?" ਮੇਰੇ ਪਿਤਾ ਜੀ ਨੇ ਡਾਕਟਰ ਤੋਂ ਪੁੱਛਿਆ।

"ਹਾਜ਼ਮਾ ਤਾਂ ਦਰੁਸਤ ਹੈ", ਡਾਕਟਰ ਨੇ ਜਵਾਬ ਦਿੱਤਾ।

ਸਕੂਲ ਦੇ ਇਮਤਿਹਾਨ ਦੀ ਰਿਪੋਟ ਚੰਗੀ ਸੀ, ਪਰ ਫਿਰ ਵੀ ਮੇਰੀ ਨਿਗਰਾਨੀ ਰੱਖੀ ਜਾਣ ਲੱਗ ਪਈ।

ਮੈਂ ਰੋਜ਼ ਰਾਧਾ ਦੇ ਜਾਂਦਾ ਸਾਂ, ਇਸ ਦਾ ਕਦੇ ਕਿਸੇ ਨੂੰ ਸ਼ੱਕ ਨਹੀਂ ਸੀ। ਪਰ ਮੇਰੀ ਝਾਈ ਜੀ, ਜਿਨ੍ਹਾਂ ਨੂੰ ਮੇਰੀ ਰਾਤ ਦੀ ਰੋਟੀ ਰੋਜ਼ ਨਾ ਖਾਣ ਕਰਕੇ ਫ਼ਿਕਰ ਲੱਗਾ ਰਹਿੰਦਾ ਸੀ, ਖੁਫੀਆਂ ਪੁਲਸ ਵਾਂਗ ਮੇਰੇ ਮਗਰ ਲਗ ਗਏ। ਇਕ ਦਿਨ ਜਦ ਮੈਂ ਰਾਧਾ ਵੱਲ ਗਿਆ ਤਾਂ ਉਹ ਦੱਬੀਂ ਪੈਰੀਂ ਲੁਕ ਲੁਕ ਕੇ ਮੇਰੇ ਪਿੱਛੇ ਗਏ। ਬੂਹੇ ਨਾਲ ਕੰਨ ਲਾ ਕੇ ਖ਼ਬਰੇ ਕਿੰਨਾ ਚਿਰ ਖੜੇ ਰਹੇ ਹੋਣਗੇ। ਨਾਚ ਮੁੱਕਣ ਤੋਂ ਮਗਰੋਂ ਸਾਨੂੰ ਉਨ੍ਹਾਂ ਦੀਆਂ ਤੇਜ਼ ਆਵਾਜ਼ਾਂ ਸੁਣਾਈ ਦਿੱਤੀਆਂ। ਉਹ ਉੱਚੀ ਕਹਿ ਰਹੇ ਸਨ, "ਰਾਮ ਪਿਆਰੀ ! ਰਾਮ ਪਿਆਰੀ !!"

ਮੈਂ ਤਾਂ ਡਰ ਗਿਆ। ਪਰ ਰਾਧਾ ਨੇ ਉਹ ਕਪੜੇ ਛੇਤੀ ਹੀ ਲਾਹ ਦਿੱਤੇ ਤੇ ਮੇਰੇ ਪਾ ਦਿੱਤੇ। ਮੂੰਹ-ਹੱਥ ਵਾਜਾਂ ਦੀ ਵਾਛੜ ਵਿਚ ਹੀ ਧੁਆ ਦਿੱਤੇ ਸਨ। ਮੈਨੂੰ ਫੇਰ ਉਸੇ ਅੰਦਰ ਲੁਕਾ ਕੇ ਉਹ ਬਾਹਰ ਨਿਕਲੀ ਤੇ ਬੂਹਾ ਖੋਲ੍ਹ ਕੇ ਮੇਰੀ ਝਾਈ ਜੀ ਨੂੰ ਪੁੱਛਿਆ ਗਿਆ ਕਿ ਕੀ ਗੱਲ ਹੈ।

ਝਾਈ ਨੇ ਗੁੱਸੇ ਭਰੀਆਂ ਅੱਖਾਂ ਨਾਲ ਪੁੱਛਿਆ, "ਕਿਸ਼ਨ ਕਿੱਥੇ ਹੈ ?"

ਰਾਧਾ ਨੇ ਆਖਿਆ, "ਐਥੇ ਕਿਤੇ ਹੋਇਗਾ।"

"ਮੈਂ ਆਪ ਅੰਦਰ ਵੜਦਾ ਦੇਖਿਆ ਹੈ", ਝਾਈ ਨੇ ਕੜਕ ਕੇ ਕਿਹਾ।

"ਮੈਂ ਅੰਦਰ ਦੇਖਦੀ ਹਾਂ", ਰਾਧਾ ਨੇ ਬੜੀ ਸ਼ਾਂਤੀ ਨਾਲ ਕਿਹਾ, "ਮੇਰੇ ਸੁੱਤਿਆਂ ਸੁੱਤਿਆਂ ਕਈ ਵਾਰੀ ਅੰਦਰ ਦਾ ਬੂਹਾ ਅੜਾ ਕੇ, 'ਕੱਲਾ ਖੇਡਦਾ ਰਹਿੰਦਾ ਹੈ।"

ਅੰਦਰ ਆ ਕੇ ਉਸ ਮੈਨੂੰ ਬਾਹਾਂ ਤੋਂ ਫੜ ਲਿਆ। ਮੈਂ ਡਰ ਨਾਲ ਨਿਤਾਣਿਆਂ ਵਾਂਗ ਕੰਬ ਰਿਹਾ ਸਾਂ। ਰਾਧਾ ਨੇ ਹੌਲੀ ਜਿਹੀ ਕਿਹਾ, "ਡਰੋ ਨਾ, ਮੇਰੇ ਕ੍ਰਿਸ਼ਨ, ਅਸੀਂ ਚੋਰੀ ਨਹੀਂ ਕੀਤੀ, ਪਾਪ ਨਹੀਂ ਕੀਤਾ।"

ਮੈਂ ਹੌਸਲਾ ਕਰਕੇ ਉਸੇ ਤਰ੍ਹਾਂ ਧਰੀਕਦਾ ਉਸ ਨਾਲ ਬਾਹਰ ਆਂਦਾ ਗਿਆ। ਮੇਰੀ ਬਾਂਹ ਝਾਈ ਨੂੰ ਫੜਾਉਂਦਿਆਂ ਉਸ ਆਖਿਆ, "ਆਹ ਲਓ ਫੜੋ ਆਪਣਾ ਮੱਖਣ-ਚੋਰ, ਅੰਦਰਲੇ ਕਮਰੇ ਵਿਚ ਲੁਕਿਆ ਹੋਇਆ ਸੀ।"

ਮੇਰੀ ਝਾਈ ਮੈਨੂੰ ਛੱਡ ਕੇ ਅੰਦਰ ਵੜ ਗਈ। ਵੱਖੀ ਵਾਲੇ ਕਮਰੇ ਵਿਚ ਖਿਲਰੀਆਂ

ਚੀਜ਼ਾਂ ਤੇ ਜਗਦੀਆਂ ਜੋਤਾਂ ਦੇਖ ਉਸ ਉੱਚੀ ਦਿੱਤੀ "ਹੂੰ . . . ਉਂ . . . ਊਂ. . . "ਕੀਤਾ ਤੇ ਇਕ ਸ਼ੱਕ-ਭਰੀ ਨਜ਼ਰ ਰਾਧਾ 'ਤੇ ਸੁੱਟ ਕੇ ਬੜੀ ਆਕੜ ਨਾਲ ਮੁੜ ਆਈ। ਆਉਂਦਿਆਂ ਹੀ ਮੈਨੂੰ ਪੈਣੀਆਂ ਸ਼ੁਰੂ ਹੋ ਗਈਆਂ। ਰਾਧਾ ਛੁਡਾਉਣ ਵਾਸਤੇ ਬਾਹਰ ਆਈ। ਪਰ ਫਿਰ ਅੰਦਰ ਮੁੜ ਗਈ। ਫਿਰ ਆਈ, ਫਿਰ ਮੁੜ ਗਈ। ਮੇਰੀ ਗਲ੍ਹ 'ਤੇ ਚਪੇੜ ਪੈਂਦਿਆਂ ਹੀ ਉਹ 'ਕੱਠੀ ਹੋ ਜਾਂਦੀ ਸੀ।

4

ਕਮਰੇ ਵਿਚ ਮੈਨੂੰ ਡੱਕ ਕੇ ਝਾਈ ਜੀ ਪਿਤਾ ਜੀ ਨੂੰ ਉਡੀਕਦੇ ਰਹੇ। ਮੈਂ ਜਾਣ ਕੇ ਘੁਰਾੜੇ ਮਾਰਨ ਲਗ ਪਿਆ। ਬੜੇ ਪ੍ਰੇਮ ਨਾਲ ਝਾਈ ਜੀ ਨੇ ਪਿਤਾ ਜੀ ਨੂੰ ਰੋਟੀ ਖੁਆਈ। ਰੋਟੀ ਖਾ ਕੇ ਕੁਝ ਚਿਰ ਬਰਾਂਡੇ ਵਿਚ ਟਹਿਲਣ ਮਗਰੋਂ ਪਿਤਾ ਜੀ ਆਪਣੇ ਪਲੰਘ 'ਤੇ ਆ ਲੇਟੇ। ਝਾਈ ਜੀ ਨੇ ਵੀ ਬਾਕੀ ਕੰਮ ਖ਼ਤਮ ਕਰਕੇ ਆਪਣੀ ਮੰਜੀ ਮੱਲੀ। ਕੁਝ ਚਿਰ ਮਗਰੋਂ ਝਾਈ ਜੀ ਨੇ ਹੌਲੀ ਜਿਹੀ ਕਿਹਾ, "ਏ ਜੀ ! ਜਾਗਦੇ ਓ?"

ਪਿਤਾ ਜੀ ਨੇ ਪਾਸਾ ਮੋੜ ਕੇ ਕਿਹਾ "ਆਹੋ।"

"ਮੈਂ ਇਕ ਗੱਲ ਕਰਨੀ ਸੀ, "ਝਾਈ ਜੀ ਨੇ ਇਸ ਲਹਿਜੇ ਵਿਚ ਕਿਹਾ ਜਿਵੇਂ ਗੱਲ ਬੜੀ ਜ਼ਰੂਰੀ ਹੋਵੇ।"

"ਕੀ ਗੱਲ ਹੈ ?"

ਝਾਈ ਜੀ ਨੇ ਅੱਜ ਜੋ ਕੁਝ ਦੇਖਿਆ-ਸੁਣਿਆ ਸੀ, ਆਖ ਸੁਣਾਇਆ ਤੇ ਅੰਤ ਵਿਚ ਕਿਹਾ, "ਖਬਰੇ ਕੀ ਕਰਦੀ ਰਹਿੰਦੀ ਏ ਬੰਗਾਲਣ ਜਾਦੂਗਰਨੀ, ਮੇਰੇ ਲਾਲ ਨੂੰ ਅੰਦਰ ਵਾੜ ਕੇ !"

ਪਿਤਾ ਜੀ ਨੇ ਉੱਤਰ ਦਿੱਤਾ, "ਸੁਦੈਣ ਨਾ ਬਣਿਆ ਕਰ, ਸਧਾਂ।"

ਝਾਈ ਜੀ ਦੇ ਬਹੁਤ ਜ਼ੋਰ ਦੇਣ 'ਤੇ ਪਿਤਾ ਜੀ ਨੇ ਆਖਿਆ, "ਹੱਛਾ, ਮਿਲਾਂਗੇ ਬੁੱਢੇ ਨੂੰ ਸਵੇਰੇ।"

5

ਤੀਜੇ ਦਿਨ ਜਦ ਮੈਂ ਸਕੂਲੋਂ ਮੁੜਿਆ, ਮੈਂ ਆਪਣੇ ਘਰ ਜਾਣ ਦੀ ਥਾਂ, ਪਹਿਲੋਂ ਹੀ ਰਾਧਾ ਦੇ ਘਰ ਵਲ ਮੁੜਿਆ। ਬੂਹਾ ਚੌੜ-ਚਪੱਟ ਖੁੱਲ੍ਹਾ ਸੀ। ਅੰਦਰ ਕੋਈ ਸਮਾਨ ਨਹੀਂ ਸੀ। ਮੈਂ ਅੱਖਾਂ ਮਲ ਕੇ ਗਹੁ ਨਾਲ ਫੇਰ ਤੱਕਿਆ, ਫਿਰ ਵੀ ਨਹੀਂ ਸੀ। ਮੈਂ ਨਾਲ ਦੇ ਕਮਰੇ ਵਿਚ ਗਿਆ, ਉਥੇ ਵੀ ਕੋਈ ਨਹੀਂ ਸੀ। ਮੈਨੂੰ ਇੱਦਾਂ ਪ੍ਰਤੀਤ ਹੋਣ ਲੱਗਾ ਜਿਵੇਂ ਮੇਰੇ ਸਰੀਰ ਨਾਲੋਂ ਕੋਈ ਅੰਗ ਕੱਟ ਲਿਆ ਗਿਆ ਹੈ। ਮੈਂ ਬਸਤੇ ਸਮੇਤ ਕਮਰੇ ਦੀ ਇਕ ਨੁੱਕਰ ਵਿਚ ਧਸ ਗਿਆ। ਇੱਦਾਂ ਮਲੂਮ ਹੁੰਦਾ ਸੀ ਜਿਵੇਂ ਮੈਂ ਪਤਾਲ ਵੱਲ ਜਾ ਰਿਹਾ ਹਾਂ। ਅਚਾਨਕ ਕਿਸੇ ਮੇਰੀ ਬਾਂਹ ਆਣ ਪਕੜੀ। ਪਹਿਲੋਂ ਮੈਂ ਸਮਝਿਆ, ਰਾਧਾ ਹੋਏਗੀ। ਪਰ ਬਾਂਹ ਬੜੇ ਜ਼ੋਰ ਦੀ ਫੜੀ ਗਈ ਸੀ। ਮੈਂ ਉਤਾਂਹ ਤੱਕਿਆ, ਝਾਈ ਸੀ। ਮੈਂ ਰੋ ਰਿਹਾ ਸਾਂ। ਝਾਈ ਮੈਨੂੰ ਧੂਹ ਕੇ ਆਪਣੇ ਪਾਸੇ ਵੱਲ ਲਿਜਾ ਰਹੀ ਸੀ।

ਦੋ ਪ੍ਰੋਫੈਸਰ

ਮੈਂ ਦੋ ਕਿਤਾਬਾਂ ਤੇ ਇਕ ਕਾਪੀ ਕੱਛ ਵਿਚ ਮਾਰ ਕੇ ਪੌੜੀਆਂ ਉਤਰ ਰਿਹਾ ਸਾਂ, ਜਦੋਂ ਮਾਂ ਜੀ ਨੇ ਚੌਕੇ ਵਿਚੋਂ ਆਵਾਜ਼ ਦਿੱਤੀ, "ਕਾਕਾ ਰੋਟੀ ਤੇ ਖਾ ਜਾ।"

"ਮੈਨੂੰ ਅੱਜ ਭੁੱਖ ਨਹੀਂ", ਕਹਿੰਦਾ ਹੋਇਆ ਮੈਂ ਬੂਹਿਓਂ ਬਾਹਰ ਨਿਕਲਿਆ।

ਰੋਜ਼ ਤੋਂ ਉਲਟ, ਅੱਜ ਮੈਂ ਬਾਜ਼ਾਰ ਵਿਚ ਹੌਲੀ ਹੌਲੀ ਤੁਰਿਆ ਜਾ ਰਿਹਾ ਸਾਂ। ਜਿਹੜੀ ਤਸਵੀਰ ਆਪਣੀ ਮੇਰੇ ਦਿਲ ਦੀਆਂ ਅੱਖਾਂ ਸਾਹਮਣੇ ਆ ਰਹੀ ਸੀ, ਉਹ ਇਕ ਕੁੱਬੇ, ਬੁੱਢੇ ਤੇ ਥੱਕੇ ਹੋਏ ਰਾਹੀ ਦੀ ਸੀ, ਜੋ ਆਰਾਮ ਕਰਨ ਲਈ ਥਾਂ ਲੱਭ ਰਿਹਾ ਹੋਵੇ। ਮੈਂ ਸਾਰਾ ਜ਼ੋਰ ਲਾ ਕੇ ਵੀ ਸੱਤਰ ਰੁਪਏ ਇਕੱਠੇ ਨਹੀਂ ਕਰ ਸਕਿਆ ਸਾਂ ਤੇ ਅੱਜ ਇਮਤਿਹਾਨ ਦਾ ਦਾਖ਼ਲਾ ਭੇਜਣ ਦੀ ਅਖ਼ੀਰੀ ਤਰੀਕ ਸੀ। ਮਾਂ ਜੀ ਨੇ ਮੇਰੀ ਮਦਦ ਕਰਨੀ ਬਾਰ੍ਹਵੀਂ ਪਾਸ ਕਰਨ ਮਗਰੋਂ ਛੱਡ ਦਿਤੀ ਸੀ, ਅਤੇ ਰਹਿੰਦੇ ਰੁਪਏ ਨੂੰ ਉਹ, ਮੇਰੇ ਸੁਰਗਵਾਸੀ ਪਿਤਾ ਜੀ ਦੇ ਕਹੇ ਵਿਰੁੱਧ, ਮੇਰੀ ਪੜ੍ਹਾਈ ਤੇ ਖ਼ਰਚ ਨਾਲੋਂ ਵਿਆਹ 'ਤੇ ਖ਼ਰਚ ਕਰਨ ਨੂੰ ਚੰਗਾ ਹੀ ਨਹੀਂ ਸਗੋਂ ਆਪਣੀ ਮੁਕਤੀ ਦਾ ਸਾਧਨ ਸਮਝਦੇ ਸਨ। ਮੇਰੇ ਕੋਲ ਕੋਈ ਪੈਸਾ ਨਹੀਂ ਸੀ, ਪਰ ਫਿਰ ਵੀ ਮੈਂ ਕਾਲਜ ਤੁਰਿਆ ਜਾ ਰਿਹਾ ਸਾਂ। ਕਿਸ ਆਸ 'ਤੇ।

ਮੈਨੂੰ ਕੁਝ ਪਤਾ ਨਹੀਂ ਸੀ ਲੱਗਦਾ ਕਿ ਮੈਂ ਕੀ ਸੋਚਦਾ ਜਾ ਰਿਹਾ ਹਾਂ। ਅਚਾਨਕ ਇਕ ਬਾਈਸਿਕਲ ਵਾਲੇ ਨੇ ਟੀਂ . . . ਟੀਂ. . . . ਦੀ ਆਵਾਜ਼ ਨਾਲ ਆਪਣਾ ਬਾਈਸਿਕਲ ਮੇਰੇ ਪਾਟੇ ਹੋਏ ਬੂਟਾਂ ਉਤੇ ਆਣ ਖੜਾ ਕੀਤਾ। ਇਹ ਬੜੀ ਜ਼ਬਰਦਸਤ ਬ੍ਰੇਕ ਲੱਗਣ ਦੀ ਆਵਾਜ਼ ਸੀ। ਮੈਂ ਉਤਾਂਹ ਤੱਕਿਆ, ਸਾਈਕਲ ਵਾਲੇ ਨੇ ਰੁਖਾਈ ਨਾਲ ਕਿਹਾ, "ਬਾਊ ਜੀ, ਹੋਸ਼ ਕਾਇਮ ਐ ?" ਮੈਂ ਉਸ ਨੂੰ ਮੁਸਕਰਾਹਟ ਤੋਂ ਵਧ ਕੋਈ ਜਵਾਬ ਨਾ ਦੇ ਸਕਿਆ ਅਤੇ ਤੁਰ ਪਿਆ। ਸਚਮੁੱਚ ਮੇਰੀ ਹੋਸ਼ ਕਾਇਮ ਨਹੀਂ ਸੀ। ਉਸ ਦੇ ਮੇਰੇ ਵੱਲ ਵੇਖਣ ਤੋਂ ਜਾਪਦਾ ਸੀ ਕਿ ਉਸ ਕਾਫ਼ੀ ਟੱਲੀ ਖੜਕਾਈ ਹੈ।

ਮੈਂ ਸ਼ਹਿਰੋਂ ਬਾਹਰ ਹੋ ਕੇ ਪਰੇਡ-ਮੈਦਾਨ ਲਾਗਲੀ ਸੜਕ 'ਤੇ ਤੁਰਨ ਲੱਗਾ। ਖੁਲ੍ਹੀ ਪਰ ਠੰਡੀ ਹਵਾ ਨੇ ਮੇਰੀ ਹੋਸ਼ ਮੋੜ ਆਂਦੀ। ਆਸ ਦੀ ਤਸਵੀਰ ਮੇਰੇ ਸਾਹਮਣੇ ਧੁੰਦਾਂ ਉਤੇ ਚਿੱਤਰੀ ਗਈ। ਇਕ ਬਹੁਤ ਸੋਹਣੀ ਕੁੜੀ, ਅੱਖਾਂ 'ਤੇ ਪੱਟੀ, ਹੱਥ ਵਿਚ ਟੁੱਟੀਆਂ ਤਾਰਾਂ ਵਾਲਾ ਸਾਜ਼, ਜਿਸ ਦੀ ਇਕ ਤਾਰ ਬਾਕੀ ਹੈ, ਇਕ ਚਟਾਨ ਉਤੇ ਬੈਠੀ ਹੈ, ਅਤੇ ਦੁਆਲੇ ਭੁੱਖੀਆਂ ਲਹਿਰਾਂ ਨਿਗਲਣ ਲਈ ਤਿਆਰ ਹਨ। ਅਚਾਨਕ ਟੰਨ ਦੀ ਆਵਾਜ਼ ਨਾਲ ਉਹ ਸਤ-ਰੰਗੀ ਤਸਵੀਰ ਵਰਗਾ ਚਾਨਣ ਬਣ ਕੇ ਇਕ ਮੌਤ ਵਰਗੇ ਹਨੇਰੇ ਵਿਚ ਗੁੰਮ ਹੋ ਗਈ। ਮੇਰੀਆਂ ਕਿਤਾਬਾਂ ਖਿੱਲਰ ਗਈਆਂ। ਮੈਂ ਆਪਣੇ

ਦੋਹਾਂ ਹੱਥਾਂ ਨਾਲ ਸਿਰ ਫੜ ਕੇ ਬਹਿ ਗਿਆ। ਮੱਥੇ 'ਤੇ ਇਕ ਬਹੁਤ ਵੱਡਾ ਰੋੜਾ ਪੈ ਗਿਆ ਸੀ। ਮੈਂ ਤਾਰ ਦੇ ਖੰਭੇ ਨਾਲ ਟਕਰਾ ਗਿਆ ਸਾਂ।

ਐਨੀ ਸੱਟ ਨੇ ਵੀ ਮੈਨੂੰ ਫ਼ਾਇਦਾ ਨਾ ਪਹੁੰਚਾਇਆ। ਮੈਂ ਸੋਚ ਰਿਹਾ ਸਾਂ ਕਿ ਮੈਂ ਆਪਣੀ ਹੋਣ ਵਾਲੀ ਵਹੁਟੀ ਨੂੰ ਲਾਹੌਰ ਲਿਖਾਂ। ਉਹ ਅਮੀਰਾਂ ਦੀ ਧੀ ਹੈ, ਇਸ ਔਕੜ ਵੇਲੇ ਮੇਰੀ ਮਦਦ ਕਰੇਗੀ। ਕੀ ਹੋਇਆ ਜੇ ਮੈਂ ਉਸ ਨੂੰ ਕਦੀ ਨਹੀਂ ਦੇਖਿਆ, ਪਰ ਉਸ ਦੀਆਂ ਚਿੱਠੀਆਂ ਤੋਂ ਮਲੂਮ ਹੁੰਦਾ ਹੈ ਕਿ ਉਸ ਨੂੰ ਸਭ ਕੁਝ ਦੱਸ ਦਿਤਾ ਗਿਆ ਹੈ। ਮੈਨੂੰ ਇਹ ਵੀ ਮਲੂਮ ਹੁੰਦਾ ਸੀ ਕਿ ਉਹ ਮੈਨੂੰ ਜ਼ਰੂਰ ਪਿਆਰ ਕਰਦੀ ਹੈ। ਬਿਨ੍ਹਾਂ ਦੇਖਿਆਂ ? ਜ਼ਰੂਰ ! ਪਰ ਉਹ ਗੱਲ, ਜੋ ਇਕ ਵਾਰੀ ਮੈਂ ਆਪਣੀ ਮੰਗੇਤਰ ਨੂੰ ਲਿਖ ਦੇਣ ਲੱਗਾ ਸਾਂ, ਹੁਣ ਲਿਖਣੀ ਮੈਂ ਆਪਣੀ ਹੱਤਕ ਸਮਝਦਾ ਹਾਂ। ਇਹ ਮੇਰੇ ਸਵੈ-ਮਾਣ ਤੇ ਸੱਟ ਮਲੂਮ ਹੁੰਦੀ ਸੀ। ਮੈਂ ਫੈਸਲਾ ਕਰ ਲਿਆ ਕਿ ਮੈਂ . . .

ਛੰਨ -ਨ-ਨ-ਨ-ਨ ਦੀ ਆਵਾਜ਼ ਨਾਲ ਮੈਂ ਇਕ ਨਿੱਕੀ ਥਾਲੀ ਸੜਕ 'ਤੇ ਰਿੜ੍ਹਦੀ ਦੇਖੀ, ਸਿਹਰਾ ਤੇ ਫੁੱਲ ਖਿਲ੍ਹਰੇ ਹੋਏ ਦੇਖੇ, ਤੇ ਇਕ ਸੋਹਣੀ, ਪਤਲੀ, ਲੰਮੀ, ਜੁਆਨ, ਅਸਮਾਨੀ ਸਾੜ੍ਹੀ ਵਾਲੀ ਅਪ-ਟੁ-ਡੇਟ ਕੁੜੀ ਵੱਖੀ ਫੜ ਕੇ ਬਹਿੰਦੀ ਦੇਖੀ। ਮੈਂ ਹੱਕਾ-ਬੱਕਾ ਰਹਿ ਗਿਆ। ਮੈਂ ਉਸ ਕੁੜੀ ਨੂੰ ਚੁੱਕਣ ਦਾ ਹੀਆ ਨਹੀਂ ਸਾਂ ਕਰ ਸਕਦਾ। ਇਹ ਸਮਾਜ ਦੀ ਨਹੀਂ, ਮੇਰੀ ਮਜਬੂਰੀ ਸੀ ਅਤੇ ਮੇਰੀ ਟੱਕਰ ਦਾ ਇਹ ਨਤੀਜਾ ਸੀ।

ਸਕਿੰਟਾਂ ਵਿਚ ਦਰਜਨਾਂ ਆਦਮੀ ਮੇਰੇ ਦੁਆਲੇ ਆਣ ਹੋਏ। ਕੋਈ ਮੇਰੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਸੀ। ਕਿਸੇ ਨੇ ਕੁੜੀ ਨੂੰ ਨਾ ਚੁੱਕਿਆ। ਇਕ ਪਹਿਲਵਾਨ ਜਾਪਦੇ ਬੰਦੇ ਨੇ ਅਗਾਂਹ ਹੋ ਕੇ ਦੋ ਚਪੇੜਾਂ ਮੇਰੇ ਮੂੰਹ 'ਤੇ ਰੱਖ ਦਿੱਤੀਆਂ। ਪਰ ਉਨ੍ਹਾਂ ਚਪੇੜਾਂ ਦੀ ਮੈਨੂੰ ਕੋਈ ਪੀੜ ਨਾ ਹੋਈ।

"ਬੜੇ . . . ਹੁੰਦੇ ਨੇ ਇਹ ਕਾਲਜਾਂ ਦੇ ਮੁੰਡੇ", ਇਕ ਟਿੱਕੇ ਵਾਲੇ ਪੰਡਤ ਨੇ ਕਿਹਾ।

"ਇਸ ਨੂੰ ਮੱਤ ਸਿਖਾਓ", ਕੰਬਦੇ ਹੋਏ ਇਕ ਮੋਟੇ ਢਿੱਡ ਵਾਲੇ ਲਾਲੇ ਨੇ ਆਖਿਆ, "ਕੁੜੀਆਂ ਨੂੰ ਮਖੌਲ ਕਰਦੇ ਨੇ।"

ਕੁੜੀ ਆਪੇ ਉੱਠੀ ਤੇ ਥਾਲੀ ਚੁੱਕਣ ਤੋਂ ਪਹਿਲਾਂ ਉਨ੍ਹਾਂ ਵੱਲ ਵਧ ਕੇ ਕਹਿਣ ਲੱਗੀ, "ਇਨ੍ਹਾਂ ਦਾ ਕੋਈ ਦੋਸ਼ ਨਹੀਂ, ਮੈਂ ਹੀ ਬੇਧਿਆਨੇ ਤੁਰ ਰਹੀ ਸਾਂ, ਟੱਕਰ ਹੋ ਗਈ।"

ਲੋਕੀਂ ਕਾਨਾ-ਫੂਸੀਆਂ ਕਰਦੇ ਤੁਰ ਪਏ। ਮੈਂ ਸ਼ਬਦਾਂ ਨਾਲ ਉਸ ਕੁੜੀ ਦਾ ਧੰਨਵਾਦ ਕਰ ਹੀ ਨਹੀਂ ਸਾਂ ਸਕਦਾ, ਸੋ ਉਸ ਨੂੰ ਫੁੱਲ ਸੰਭਾਲਦਾ ਛੱਡ ਕੇ ਤੁਰ ਪਿਆ। ਉਹ ਕਿਉਂ ਬੇਧਿਆਨ ਤੁਰ ਰਹੀ ਸੀ ? ਕੀ ਉਸ ਨੂੰ ਵੀ ਮੇਰੇ ਵਰਗੀ ਕੋਈ ਤੰਗੀ ਸੀ ? ਤੰਗੀ ਦੇ ਨਾਂ ਤੋਂ ਮੈਂ ਘਬਰਾਇਆ। ਇਹੋ ਜਿਹੀ ਕੁੜੀ ਨੂੰ ਕੋਈ ਤੰਗੀ ਨਹੀਂ ਹੋਣੀ ਚਾਹੀਦੀ। ਹੋ ਸਕਦਾ ਹੈ, ਉਹ ਕਿਸੇ ਮੰਦਰ ਵਿਚੋਂ ਆਪਣੇ ਪ੍ਰੇਮ-ਰੁਮਾਂਸ ਦੀ ਸਫਲਤਾ ਦਾ ਵਰ-ਦਾਨ ਮੰਗ ਕੇ ਆਈ ਹੋਵੇ। ਮੇਰੇ ਦਿਲ ਦੇ ਅੰਦਰਲੇ ਰੱਬ ਨੇ 'ਤਥਾ ਅਸਤੁ' ਕਿਹਾ।

ਇਸ ਤਰ੍ਹਾਂ ਮੈਂ ਕਾਲਜ ਦੇ ਬਾਹਰਲੇ ਬੂਹੇ ਅੱਗੇ ਪਹੁੰਚ ਗਿਆ। ਕਾਲਜ ਦੇ ਗੁੰਮਟ ਵਿਚ ਲੱਗੀ ਵੱਡੀ ਘੜੀ ਨੇ ਬੜੀ ਗੰਭੀਰ ਆਵਾਜ਼ ਵਿਚ ਦਸ ਵਜਾਏ। ਮੈਂ ਆਪਣੀ ਚਾਲ ਨੂੰ ਤੇਜ਼ ਕੀਤਾ, ਹੋਰ ਤੇਜ਼ ਕੀਤਾ, ਆਖ਼ਰ ਮੈਂ ਨੱਠ ਪਿਆ। ਕਾਲਜ

ਦੇ ਵਿਹੜੇ ਨੂੰ ਮੈਂ ਬੜੀ ਤੇਜ਼ੀ ਨਾਲ ਪਾਰ ਕਰਦਾ ਦੋ ਛੜੱਪੇ ਮਾਰ ਕੇ ਦੂਸਰੀ ਮੰਜ਼ਲ ਚੜ੍ਹ ਗਿਆ। ਜਦ ਮੈਂ ਜਮਾਤ ਵਿਚ ਵੜਿਆ, ਉਦੋਂ ਅੰਗਰੇਜ਼ੀ ਦਾ ਪ੍ਰੋਫ਼ੈਸਰ ਮੇਰੀ ਹਾਜ਼ਰੀ ਬੋਲ ਰਿਹਾ ਸੀ। 'ਹਾਜ਼ਰ ਜਨਾਬ' ਕਹਿ ਕੇ ਮੈਂ ਪਿਛਲੀਆਂ ਬੈਂਚਾਂ 'ਤੇ ਜਾ ਬੈਠਾ।

ਪਰਸੋਂ ਦੀ ਅਧਵਾਟੇ ਰਹੀ ਕਵਿਤਾ ਉਸ ਸਮਝਾਉਣੀ ਸ਼ੁਰੂ ਕਰ ਦਿੱਤੀ। ਉਹ ਕਹਿ ਰਿਹਾ ਸੀ ਕਿ ਗ਼ਰੀਬੀ ਨੇ ਕਈ ਅਮੋਲ ਜ਼ਿੰਦਗੀਆਂ ਫ਼ਨਾਹ ਕਰ ਦਿੱਤੀਆਂ ਹਨ। ਉਸ ਦੀਆਂ ਅੱਖਾਂ ਵਿਚ ਗ਼ਰੀਬੀ ਲਈ ਹੰਝੂਆਂ ਦੇ ਹੜ੍ਹ ਡੱਕੇ ਜਾਪਦੇ ਸਨ। ਉਪਰਲੀਆਂ ਤੁਕਾਂ ਦੀ ਵਿਆਖਿਆ ਤੇ ਪ੍ਰੋੜ੍ਹਤਾ ਲਈ ਉਸ ਗ੍ਰੇ ਦੀਆਂ ਇਹ ਤੁਕਾਂ ਪੇਸ਼ ਕੀਤੀਆਂ :

'ਬਥੇਰੇ ਫੁੱਲ ਮੁਸਕਰਾ ਕੇ ਅਣਡਿੱਠੇ ਮੁਰਝਾ ਜਾਣ ਤੇ ਆਪਣੀ ਮਿਠਾਸ
ਨੂੰ ਸਹਿਰਾਈ ਹਵਾ ਵਿਚ ਜ਼ਾਇਆ ਕਰ ਦੇਣ ਵਾਸਤੇ ਜੰਮਦੇ ਹਨ।'

ਉਹ ਕਹਿ ਰਿਹਾ ਸੀ ਕਿ ਕਵੀ ਦੀ ਖ਼ੂਬੀ ਇਹ ਹੈ ਕਿ ਉਹ ਕੇਵਲ ਆਪ ਹੀ ਨਾ ਮਹਿਸੂਸ ਕਰੇ, ਸਗੋਂ ਆਪਣੇ ਪਾਠਕਾਂ ਨੂੰ ਵੀ ਮਹਿਸੂਸ ਕਰਾਵੇ। ਠੀਕ ਓਸੇ ਵੇਲੇ ਇਕ ਚਪੜਾਸੀ ਆਰਡਰ-ਬੁਕ ਲੈ ਕੇ ਜਮਾਤ ਵਿਚ ਆ ਵੜਿਆ। ਪ੍ਰੋਫ਼ੈਸਰ ਨੇ ਕਿਤਾਬ ਵਲ ਮਿੰਟ ਕੁ ਦੇਖ ਕੇ ਕਿਹਾ, "ਇਕਾਨਵੇਂ ਰੋਲ ਨੰਬਰ ਕੌਣ ਹੈ ?"

ਮੈਂ ਉਠ ਕੇ ਖਲੋ ਗਿਆ।

"ਅੱਛਾ ਤੂੰ ਹੈਂ !" ਉਸ ਆਪਣੀ ਨਜ਼ਰ ਮੇਰੇ 'ਤੇ ਜਮਾਉਂਦੇ ਕਿਹਾ, "ਜੇ ਤੂੰ ਆਪਣਾ ਦਾਖ਼ਲਾ ਅੱਜ ਚਾਰ ਵਜੇ ਤਕ ਨਹੀਂ ਦੇਵੇਂਗਾ ਤਾਂ ਤੂੰ ਯੂਨੀਵਰਸਿਟੀ ਇਮਤਿਹਾਨ ਵਿਚ ਨਹੀਂ ਬੈਠ ਸਕੇਂਗਾ। ਕਿਉਂ ਦੇ ਦੇਵੇਂਗਾ ਨਾ ?"

ਮੈਂ ਸਿਰ ਨੀਵਾਂ ਕਰ ਕੇ ਕਿਹਾ, "ਨਹੀਂ।"

"ਕਿਉਂ", ਉਸ ਪੁੱਛਿਆ।

"ਮੈਂ ਗ਼ਰੀਬ ਹਾਂ", ਮੈਂ ਉੱਤਰ ਦਿੱਤਾ।

"ਜੇ ਤੁਸੀਂ ਲੋਕ ਫੀਸਾਂ ਤੇ ਦਾਖ਼ਲੇ ਨਹੀਂ ਦੇ ਸਕਦੇ ਤਾਂ ਤੁਸੀਂ ਕਾਲਜਾਂ ਵਿਚ ਪੜ੍ਹਨ ਕਿਉਂ ਆ ਜਾਂਦੇ ਹੋ ?"

ਮੈਂ ਕੁਝ ਉੱਤਰ ਨਾ ਦਿੱਤਾ, ਪਰ ਇਕ ਗ਼ਰੀਬ ਮੁੰਡਾ, ਜਿਸ ਕਲ੍ਹ ਹੀ ਆਪਣਾ ਦਾਖ਼ਲਾ ਦਿਤਾ ਸੀ, ਮੇਰਾ ਜਵਾਬ ਦੇਣ ਲਈ ਉੱਠਿਆ। ਉਸ ਹਾਲੀ ਇੰਨਾ ਹੀ ਕਿਹਾ ਸੀ ਕਿ 'ਇਹ ਗੱਲ . . .' ਜਦੋਂ ਪ੍ਰੋਫ਼ੈਸਰ ਨੇ 'ਬੈਠੋ, ਬੈਠੋ' ਕਰ ਕੇ ਸਾਨੂੰ ਦੋਹਾਂ ਨੂੰ ਬਿਠਾ ਦਿੱਤਾ। ਅਤੇ ਜਮਾਤ ਨੇ ਬਿਨਾ ਸਮਝਿਆਂ-ਬੁਝਿਆਂ ਖਿਲੀ ਪਾ ਦਿੱਤੀ।

ਪੰਦਰਾਂ ਕੁ ਮਿੰਟਾਂ ਮਗਰੋਂ ਚਪੜਾਸੀ ਨੇ ਆਣ ਕੇ ਇਕ ਚਿੱਟ ਪ੍ਰੋਫ਼ੈਸਰ ਸਾਹਿਬ ਨੂੰ ਦਿੱਤੀ ਅਤੇ ਪ੍ਰੋਫ਼ੈਸਰ ਸਾਹਿਬ ਨੇ ਉੱਚੀ ਦਿੱਤੀ ਕਿਹਾ, "ਰੋਲ ਨੰਬਰ ਇਕਾਨਵੇਂ ਸੱਦੀਦਾ ਹੈ।" ਮੈਂ ਬਾਹਰ ਨਿਕਲਣ ਲੱਗਾ ਤਾਂ ਪ੍ਰੋਫ਼ੈਸਰ ਨੇ ਵਿਅੰਗ ਨਾਲ ਕਿਹਾ, "ਜਨਾਬ, ਕਿਤਾਬਾਂ ਵੀ ਨਾਲ ਲੈ ਜਾਓ।"

ਮੈਂ ਕਿਤਾਬਾਂ ਲੈ ਕੇ ਬਾਹਰ ਨਿਕਲਿਆ ਤਾਂ ਮੇਰਾ ਰੋਣ ਨੂੰ ਜੀਅ ਕਰਦਾ ਸੀ। ਮੈਂ ਚਪੜਾਸੀ ਨੂੰ ਪੁੱਛਿਆ, "ਕੌਣ ਸੱਦਦਾ ਹੈ ?"

"ਪ੍ਰੋਫ਼ੈਸਰ ਸਾਹਿਬ", ਉਸ ਹਲੀਮੀ ਨਾਲ ਉੱਤਰ ਦਿੱਤਾ।

"ਪ੍ਰਿੰਸੀਪਲ ਸਾਹਿਬ ਤੇ ਨਹੀਂ !" ਮੈਂ ਸੁਖ ਦਾ ਸਾਹ ਲੈਂਦਿਆਂ ਕਿਹਾ।

ਜਦੋਂ ਮੈਂ ਪ੍ਰੋਫ਼ੈਸਰ ਸਾਹਿਬ ਕੋਲ ਪਹੁੰਚਾ, ਉਹ ਇਕੱਲੇ ਹੀ ਕੋਈ ਸਾਇੰਸ ਦਾ ਤਜਰਬਾ ਕਰ ਰਹੇ ਸਨ। ਐਨਕ ਦੇ ਉਤੋਂ ਹੀ ਮੁਸਕਰਾਹਟ ਨਾਲ ਇਕ ਨਜ਼ਰ ਸੁੱਟਦਿਆਂ ਉਨ੍ਹਾਂ ਕਿਹਾ, "ਦਾਖ਼ਲਾ ਨਹੀਂ ਪੁਚਾਇਆ, ਯਾਰ !" ਮੈਂ ਚੁੱਪ ਰਿਹਾ।

ਉਨ੍ਹਾਂ ਕਿਹਾ, "ਕੋਈ ਪੀਰੀਅਡ ਲੱਗਾ; ਛੱਡ ਕੇ ਆਏ ਹੋ ?"

ਮੈਂ ਕਿਹਾ, "ਆਹੋ, ਪਰ ਮੈਂ ਹੁਣ ਕੋਈ ਪੀਰੀਅਡ ਅਟੈਂਡ ਨਹੀਂ ਕਰਾਂਗਾ।"

"ਕਿਉਂ ਨਹੀਂ ਕਰਨਾ ? ਜ਼ਰੂਰ ਕਰੋ", ਉਨ੍ਹਾਂ ਦਿਲਾਸਾ ਦਿੰਦਿਆਂ ਕਿਹਾ "ਕਿੰਨੇ ਵਜੇ ਵਿਹਲੇ ਹੋ ਅੱਜ ?"

"ਢਾਈ ਵਜੇ", ਮੈਂ ਛੋਟਾ ਜਿਹਾ ਉੱਤਰ ਦਿੱਤਾ।

"ਅੱਛਾ, ਢਾਈ ਵਜੇ ਮੇਰੇ ਕੋਲ ਆਓ", ਉਨ੍ਹਾਂ ਕੰਮ ਸ਼ੁਰੂ ਰਖਦਿਆਂ ਕਿਹਾ।

ਅੰਗਰੇਜ਼ੀ ਦੇ ਪ੍ਰੋਫ਼ੈਸਰ ਦੀ ਜਮਾਤ ਵਿਚ ਜਦੋਂ ਮੈਂ ਮੁੜ ਕੇ ਗਿਆ ਤਾਂ ਫੇਰ ਮੇਰਾ ਬੜਾ ਮੌਜੂ ਬਣਿਆ। ਮੇਰੇ ਜਮਾਤੀ ਮੇਰੇ ਵਲ ਦੇਖਦੇ ਦਿਲ ਵਿਚ ਜ਼ਰੂਰ ਕਹਿ ਰਹੇ ਸਨ ਕਿ ਇਹ ਕੀ ਕਰਦਾ ਫਿਰਦਾ ਹੈ। ਪ੍ਰੋਫ਼ੈਸਰ ਹੈਰਾਨ ਸੀ ਕਿ ਇਹ ਫਿਰ ਕਿਉਂ ਆ ਗਿਆ।

ਢਾਈ ਵਜੇ ਸਾਰੇ ਪੀਰੀਅਡ ਪੜ੍ਹ ਕੇ ਜਦੋਂ ਮੈਂ ਲੈਬੋਰਿਟਰੀ ਵਲ ਗਿਆ ਤਾਂ ਪ੍ਰੋਫ਼ੈਸਰ ਸਾਹਿਬ ਓਥੇ ਨਹੀਂ ਸਨ। ਚਪੜਾਸੀ ਨੇ ਇਕ ਚਿੱਟ ਮੇਰੇ ਹੱਥ 'ਤੇ ਆ ਰੱਖੀ। ਲਿਖਿਆ ਹੋਇਆ ਸੀ — 'ਬੰਗਲੇ ਪਹੁੰਚੋ'।

'ਬੰਗਲੇ ਮੇਰਾ ਕੰਮ ਕੀ ਹੈ ?' ਮੈਂ ਪਿਛਾਂਹ ਮੁੜਨ ਲੱਗਾ ਸਾਂ, ਪਰ ਹੁਕਮ-ਅਦੂਲੀ ਦੇ ਖ਼ਿਆਲ ਨੇ ਮੇਰੇ ਪੈਰ ਰੋਕ ਲਏ ਤੇ ਮੈਂ ਬੰਗਲੇ ਵਲ ਤੁਰ ਪਿਆ। ਉਥੇ ਪਹੁੰਚ ਕੇ ਮੈਂ ਕਾਲ-ਬੈਲ ਖੜਕਾਈ। ਝਟ ਹੀ ਬੂਹਾ ਖੁੱਲ੍ਹ ਗਿਆ ਤੇ ਪ੍ਰੋਫ਼ੈਸਰ ਸਾਹਿਬ ਨੇ ਨੋਟਾਂ ਦੀ ਇਕ ਥਹੀ ਮੇਰੇ ਹੱਥ 'ਤੇ ਰੱਖ ਦਿਤੀ। ਮੈਂ ਹੈਰਾਨ ਸਾਂ। ਮੇਰੀਆਂ ਅੱਖਾਂ ਤੇ ਪ੍ਰੋਫ਼ੈਸਰ ਸਾਹਿਬ ਦੇ ਵਿਚਕਾਰ ਦੋ ਹੰਝੂ ਆ ਗਏ ਸਨ। ਪ੍ਰੋਫ਼ੈਸਰ ਸਾਹਿਬ ਦੀ ਖੱਦਰ ਦੀ ਪੱਗ ਦੁਆਲੇ ਮੈਨੂੰ ਇਕ ਸਤਰੰਗਾ ਚੱਕਰ ਨਜ਼ਰ ਆਇਆ। ਮੈਂ ਪ੍ਰੋਫ਼ੈਸਰ ਸਾਹਿਬ ਨੂੰ ਰੁਪਏ ਨਾ ਲੈਣ ਲਈ ਕਹਿਣ ਦਾ ਹੌਸਲਾ ਤਿਆਰ ਕਰ ਰਿਹਾ ਸਾਂ, ਜਦ ਇਕ ਸੁਣੀ ਹੋਈ ਆਵਾਜ਼ ਨੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ।

ਉਹ ਸੋਹਣੀ ਕੁੜੀ, ਜਿਸ ਨਾਲ ਅੱਜ ਮੇਰੀ ਟੱਕਰ ਹੋਈ ਸੀ, ਪਿਆਰ ਭਰੇ ਹੱਥਾਂ ਨਾਲ ਮੈਨੂੰ ਮੋਢੇ ਤੋਂ ਹਿਲਾ ਕੇ ਕਹਿ ਰਹੀ ਸੀ, "ਲੈ ਲਓ ਨਾ ਜੀ, ਇਸ ਵਿਚ ਤੁਹਾਡੀ ਕੋਈ ਹੱਤਕ ਨਹੀਂ।" ਤੇ ਉਸ ਦੇ ਦੂਸਰੇ ਹੱਥ ਵਿਚ ਉਹ ਚਿੱਠੀ ਸੀ, ਜੋ ਮੈਂ ਆਪਣੀ ਹੋਣ ਵਾਲੀ ਪਤਨੀ ਨੂੰ ਲਾਹੌਰ, ਕਾਲਜ ਦੇ ਪਤੇ 'ਤੇ ਪਰਸੋਂ ਹੀ ਲਿਖੀ ਸੀ।

ਪ੍ਰੋਫ਼ੈਸਰ ਜੀ ਦੀ ਆਵਾਜ਼ ਵੱਡੇ ਕਮਰੇ ਵਿਚੋਂ ਗੂੰਜੀ, "ਬੇਟੀ, ਅੰਦਰ ਲੈ ਆ ਨਾ ਇਨ੍ਹਾਂ ਨੂੰ।"

ਪ੍ਰੋਫ਼ੈਸਰਾਣੀ ਜੀ ਨੇ ਅੰਦਰੋਂ ਆ ਕੇ ਮੇਰੀਆਂ ਅੱਖਾਂ ਵਿਚ ਅੱਥਰੂ ਦੇਖੇ ਤੇ ਮੈਨੂੰ ਖ਼ਬਰੇ ਕਿੱਡਾ ਨਿੱਕਾ ਬਾਲ ਤਸੱਵਰ ਕਰ ਕੇ, ਮੇਰੇ ਹੰਝੂ ਹੱਥਾਂ ਨਾਲ ਪੂੰਝਦਿਆਂ ਆਖਿਆ, "ਮੇਰਾ ਪੁੱਤਰ ਕਿਉਂ ਰੋਵੇ !"

ਪੁਨਰ-ਜਨਮ

ਸਾਨ ਫ਼ਰਾਂਸਿਸਕੋ ਸ਼ਹਿਰ ਦੇ ਬਾਹਰਲੇ ਇਲਾਕੇ ਵਿਚ ਜਿਥੇ ਘੱਟ ਉੱਚੀਆਂ ਪਰ ਬਹੁਤੀਆਂ ਫੈਲੀਆਂ ਹੋਈਆਂ ਸਿੱਧੀਆਂ ਸਾਦੀਆਂ ਬਿਲਡਿੰਗਾਂ ਅੱਜ ਕਲ੍ਹ ਦੇ ਨਵੀਨ ਉਸਾਰੀ ਢੰਗ ਦਾ ਵਿਰੋਧ ਕਰਦੀਆਂ ਹਨ, ਇਕ ਰੋਮਨ ਤਰਜ਼ ਦੀ ਇਮਾਰਤ ਵੀ ਹੈ, ਜੋ ਉੱਚੇ ਉੱਚੇ ਹਰੇ ਦਰੱਖਤਾਂ ਦੇ ਉਤੋਂ ਦੀ ਸ਼ਾਂਤ ਮਹਾਂ ਸਾਗਰ ਦੀਆਂ ਅਸ਼ਾਂਤ ਲਹਿਰਾਂ ਤੇ ਰੇਤਲਿਆਂ ਕੰਢਿਆਂ ਦਾ ਸਦੀਵੀ ਜੰਗ ਕਈ ਸਾਲਾਂ ਤੋਂ ਦੇਖ ਰਹੀ ਹੈ। ਇਸ ਦੀ ਵਧਵੀਂ ਪੋਰਚ ਹੇਠਾਂ ਮੋਟਰਾਂ ਆ ਕੇ ਪਲ ਭਰ ਲਈ ਖਲੋਂਦੀਆਂ ਸਨ ਤੇ ਉਤਰਨ ਵਾਲਿਆਂ ਨੂੰ ਉਤਾਰ ਕੇ ਜਾਂ ਤਾਂ ਇਕਲਵਾਂਝੇ ਬਣੇ ਤਬੇਲਿਆਂ ਵਿਚ ਜਾ ਖਲੋਂਦੀਆਂ ਸ਼ਨ ਤੇ ਜਾਂ ਵਾਪਸ ਬਾਹਰ ਆ ਜਾਂਦੀਆਂ ਸਨ। ਕਈ ਨੌਜਵਾਨ ਤੇ ਅੱਧਖੜ ਮਨੁੱਖ-ਤੀਵੀਆਂ ਪੈਦਲ ਤੇ ਮੋਟਰ-ਸਾਈਕਲਾਂ 'ਤੇ ਵੀ ਦਾਖ਼ਲ ਹੁੰਦੇ ਸਨ। ਕਿਸੇ ਕਿਸੇ ਕੋਲ ਇਕ ਕਾਪੀ ਤੇ ਇਕੱਲੀ-ਦੁਕੱਲੀ ਕਿਤਾਬ ਵੀ ਦੇਖੀ ਜਾ ਸਕਦੀ ਸੀ।

ਦਸ ਵਜਣ ਵਾਲੇ ਸਨ। ਪਲਾਟਾਂ ਵਿਚ ਸੈਰ ਕਰ ਰਹੇ ਜੋੜੇ ਤੇ ਇੱਕੜ-ਦੁਕੜ ਕੁੜੀਆਂ-ਮੁੰਡੇ ਆਪਣੇ ਕਦਮਾਂ ਦਾ ਰੁਖ ਇਮਾਰਤ ਦੇ ਮੁਖ ਦਰਵਾਜ਼ੇ ਵਲ ਕਰ ਰਹੇ ਸਨ। ਗੰਭੀਰ ਸੁਰ ਵਾਲੀ ਘੜੀ ਨੇ ਦਸ ਖੜਕਾਏ। ਨਾਲ ਹੀ ਇਕ ਬਰੀਕ ਬਿਜਲੀ ਦੀ ਘੰਟੀ ਵੱਜਣੀ ਸ਼ੁਰੂ ਹੋਈ। ਮੁੰਡੇ-ਕੁੜੀਆਂ ਕਤਾਰਾਂ ਵਿਚ ਪੌੜੀਆਂ ਚੜ੍ਹੇ ਜਾ ਰਹੇ ਸਨ। ਕਲਾਸ ਅੱਗੇ ਵੀ ਅੱਧੀ ਕੁ ਭਰੀ ਹੋਈ ਸੀ। ਘੰਟੀ ਖ਼ਤਮ ਹੁੰਦਿਆਂ ਇਕ ਸੋਹਣੇ ਕਦ ਦੀ ਹਿੰਦੁਸਤਾਨੀ ਕੁੜੀ ਅੰਦਰ ਦਾਖਲ ਹੋਈ। ਸਾਰਿਆਂ ਨੇ ਉਸ ਦੀ ਪਾਰਸੀ ਸਟਾਈਲ ਦੀ ਬੇਸ਼-ਕੀਮਤ ਸਾੜ੍ਹੀ ਨੂੰ ਦੇਖਿਆ। ਰੰਗ ਵਿਚ ਉਹ ਕੁੜੀ ਕਿਸੇ ਅਮਰੀਕਨ ਕੁੜੀ ਕੋਲੋਂ ਘੱਟ ਗੋਰੀ ਨਹੀਂ ਸੀ। ਉਸ ਦੀ ਪੁਸ਼ਾਕ ਤੋਂ ਇਲਾਵਾ ਉਸ ਦੇ ਨੈਣ ਨਕਸ਼ਾਂ ਵਿਚ ਵੀ ਕੋਈ ਫ਼ਰਕ ਜ਼ਰੂਰ ਸੀ ਜੋ ਉਸ ਦੀ ਸ਼ਕਲ ਨੂੰ ਅਮਰੀਕਨਾਂ ਨਾਲ ਨਹੀਂ ਸੀ ਮਿਲਣ ਦਿੰਦਾ। ਉਸ ਕੁੜੀ ਨੂੰ ਆਪਣੀ ਸਿੱਧੀ ਤੇ ਸ਼ਾਹਾਨਾ ਚਾਲ ਵਿਚ ਪਿਛਲੀਆਂ ਸੀਟਾਂ ਤਕ ਜਾਣਾ ਪਿਆ। ਬਾਵਜੂਦ ਹੈਰਾਨੀ ਦੇ ਕੋਈ ਲੜਕਾ ਜਾਂ ਲੜਕੀ ਉਸ ਦੇ ਲਾਗੋਂ ਲੰਘ ਜਾਣ ਮਗਰੋਂ ਪਿਛਾਂਹ ਮੁੜ ਕੇ ਨਹੀਂ ਸੀ ਦੇਖਦਾ। ਮੁੰਡਿਆਂ ਕੁੜੀਆਂ ਦੇ ਦਿਲ ਮੰਨਦੇ ਸਨ ਕਿ ਇਹ ਕੁੜੀ ਅੱਤ ਸੋਹਣੀ ਹੈ। ਉਸ ਦੇ ਚਿਹਰੇ 'ਤੇ ਲਾਲੀ ਦੀ ਮਿਕਦਾਰ ਕੁਝ ਘੱਟ ਸੀ। ਖ਼ਬਰੇ ਇਸ ਲਈ ਕਿ ਉਸ ਨੇ ਅਮਰੀਕਨ ਕੁੜੀਆਂ ਵਾਂਗ ਸਜਾਵਟ ਤੇ ਬਨਾਵਟ ਨਹੀਂ ਸੀ ਕੀਤੀ ਹੋਈ। ਅੱਜ ਇਸ ਟੀਚਰਜ਼ ਟਰੇਨਿੰਗ ਕਾਲਜ ਦੀ ਪਹਿਲੀ ਤਿਮਾਹੀ ਟਰਮ ਦਾ ਦੂਸਰਾ ਲੈਕਚਰ ਸੀ। ਪਹਿਲੇ ਦਿਨ ਇਹ ਕੁੜੀ ਨਹੀਂ ਸੀ ਆਈ।

ਪ੍ਰੋਫ਼ੈਸਰ ਸਾਹਿਬ ਪੰਜ ਮਿੰਟ ਮਗਰੋਂ ਦਾਖ਼ਲ ਹੋਏ। ਇਹ ਉਮਰ ਵਿਚ ਪੈਂਤੀ

ਸਾਲ ਤੋਂ ਵੱਡੇ ਨਹੀਂ ਸਨ ਜਾਪਦੇ, ਭਾਵੇਂ ਕਾਲਜ ਦੀਆਂ ਕਿਤਾਬਾਂ ਵਿਚ ਉਨ੍ਹਾਂ ਦੀ ਉਮਰ ਹੁਣ ਪੰਜਾਹ ਸਾਲ ਦੀ ਸੀ। ਕਿਸੇ ਨੂੰ ਇਨ੍ਹਾਂ ਦੀ ਨਸਲ ਦਾ ਪਤਾ ਨਹੀਂ ਸੀ, ਪਰ ਬਹੁਤੇ ਉਨ੍ਹਾਂ ਦੀ ਸ਼ਕਲ ਤੋਂ ਉਨ੍ਹਾਂ ਨੂੰ ਜਰਮਨ ਖ਼ਿਆਲ ਕਰਦੇ ਸਨ। ਪ੍ਰੋਫ਼ੈਸਰ ਸਾਹਿਬ ਦੇ ਅੰਗਰੇਜ਼ੀ ਬੋਲਣ ਦੇ ਲਹਿਜੇ ਤੇ ਰਵਾਨੀ ਤੋਂ ਪੜ੍ਹਨ ਵਾਲਿਆਂ ਦਾ ਸ਼ੱਕ ਦੂਰ ਹੋ ਜਾਂਦਾ ਸੀ ਤੇ ਉਹ ਉਨ੍ਹਾਂ ਨੂੰ ਅੰਗਰੇਜ਼ੀ ਮੁੱਢ ਦਾ ਅਮਰੀਕਨ ਸਮਝਣ ਲੱਗ ਪੈਂਦੇ ਸਨ। ਕਈ ਇਹ ਸੋਚਦੇ ਸਨ ਕਿ ਇਨ੍ਹਾਂ ਦੇ ਜਰਮਨ ਬਾਪ-ਦਾਦੇ ਇਥੇ ਆ ਕੇ ਵੱਸੇ ਹੋਣਗੇ।

ਟੋਪੀ ਟੇਬਲ 'ਤੇ ਰੱਖ ਕੇ ਉਸ ਕਾਲੇ ਗਾਊਨ ਵਿਚੋਂ ਆਪਣੇ ਹੱਥ ਕੱਢੇ। ਬਿਨ੍ਹਾਂ ਹਾਜ਼ਰੀ ਲਾਇਆਂ ਉਸ ਆਪਣਾ ਲੈਕਚਰ ਸ਼ੁਰੂ ਕੀਤਾ। ਦਾੜ੍ਹੀ ਮੁੱਛ ਦੀ ਅਣਹੋਂਦ ਨਾਲ ਉਸ ਦੇ ਚਿਹਰੇ ਦਾ ਉਤਰਾਅ-ਚੜ੍ਹਾਅ ਉਸ ਦੇ ਲੈਕਚਰ ਨੂੰ ਬੜਾ ਸੁਆਦਲਾ ਬਣਾਈ ਜਾ ਰਿਹਾ ਸੀ। ਸਭ ਦੀਆਂ ਨਜ਼ਰਾਂ ਉਸ ਦੇ ਚਿਹਰੇ 'ਤੇ, ਨਹੀਂ ਨਹੀਂ, ਉਸ ਦੀਆਂ ਬੋਲਦੀਆਂ ਅੱਖਾਂ ਵਿਚ ਗੱਡੀਆਂ ਹੋਈਆਂ ਸਨ। ਜਦ ਉਹ ਬਲੈਕ-ਬੋਰਡ ਵਲ ਜਾਂਦਾ ਸੀ ਤਾਂ ਸਾਰੀਆਂ ਅੱਖਾਂ ਉਧਰ ਭੌਂ ਜਾਂਦੀਆਂ ਸਨ।

ਅੱਧਾ ਕੁ ਪੀਰੀਅਡ ਗੁਜ਼ਰਨ ਮਗਰੋਂ ਉਹ ਹਿੰਦੁਸਤਾਨੀ ਕੁੜੀ ਆਪਣੀ ਸੀਟ ਤੋਂ ਉਠੀ। ਆਪਣੇ ਕਪੜਿਆਂ ਨੂੰ ਇਵੇਂ ਸਾਂਭਿਆ ਕਿ ਸਰ-ਸਰ ਦੀ ਆਵਾਜ਼ ਨਾ ਹੋਵੇ। ਹੌਲੀ ਹੌਲੀ ਉਹ ਇਵੇਂ ਅਗਾਂਹ ਵਧਣ ਲੱਗੀ ਜਿਵੇਂ ਬੱਚੇ ਕਈ ਵਾਰੀ ਆਪਣੇ ਕੋਮਲ ਪੋਟਿਆਂ ਨਾਲ ਤਿੱਤਲੀ ਦੇ ਨਾਜ਼ਕ ਪਰਾਂ ਨੂੰ ਕਾਬੂ ਕਰਨ ਲਈ ਵਧਦੇ ਹਨ। ਕਿਸੇ ਮੁੰਡੇ ਨੂੰ ਉਸ ਦੀ ਹਰਕਤ ਦਾ ਪਤਾ ਨਾ ਲੱਗਾ। ਜਦ ਉਹ ਸੀਟਾਂ ਦੀ ਹੱਦ ਵਿਚੋਂ ਲੰਘਦੀ ਹੋਈ ਭੂਤਨਿਆਂ ਵਾਂਗ ਅਗਾਂਹ ਵਧਦੀ ਆਈ ਤਾਂ ਪ੍ਰੋਫ਼ੈਸਰ ਚੁੱਪ ਹੋ ਗਿਆ। ਸਾਰੇ ਲੜਕੇ-ਲੜਕੀਆਂ ਦੀ ਨਜ਼ਰ ਹੁਣ ਉਸ 'ਤੇ ਪਈ। ਸਾਰਿਆਂ ਦੇਖਿਆ ਕਿ ਪ੍ਰੋਫ਼ੈਸਰ ਦੀ ਨਜ਼ਰ ਵੀ ਉਸ ਕੁੜੀ 'ਤੇ ਬੜੇ ਹੈਰਾਨੀ ਭਰੇ ਗਹੁ ਨਾਲ ਪੈ ਰਹੀ ਹੈ। ਅਚਾਨਕ ਪ੍ਰੋਫ਼ੈਸਰ ਨੇ ਆਪਣਾ ਆਪ ਸਾਂਭਿਆ ਤੇ ਆਖਿਆ ਕਿ ਅੱਜ ਦਾ ਲੈਕਚਰ ਇਥੇ ਬੰਦ ਹੁੰਦਾ ਹੈ, ਤੇ ਬਾਹਰ ਜਾਣ ਲੱਗਾ। ਕੁੜੀ ਨੇ ਭਜ ਕੇ ਪ੍ਰੋਫ਼ੈਸਰ ਦਾ ਗਾਊਨ ਫੜ ਲਿਆ ਤੇ ਉਹ ਹਿੰਦੁਸਤਾਨੀ ਵਿਚ ਉੱਚੀ ਉੱਚੀ ਕਹਿਣ ਲੱਗੀ, "ਹੁਣ ਮੈਂ ਫੇਰ ਤੁਹਾਨੂੰ ਲੱਭ ਲਿਆ ਹੈ। ਹੁਣ ਮੈਂ ਤੁਹਾਨੂੰ ਕਦੇ ਨਹੀਂ ਗੁਆਚਣ ਦੇਵਾਂਗੀ।"

ਪ੍ਰੋਫ਼ੈਸਰ ਨੇ ਅੰਗਰੇਜ਼ੀ ਵਿਚ ਕਿਹਾ, "ਇਹ ਕੀ ਮੁਆਮਲਾ ਹੈ ? ਇਹ ਕੀ ਤਮਾਸ਼ਾ ਦਿਖਾਇਆ ਜਾ ਰਿਹਾ ਹੈ ?"

ਵਿਦਿਆਰਥੀਆਂ ਵਿਚੋਂ ਕੋਈ ਨਹੀਂ ਸੀ ਹਿੱਲਿਆ ਤੇ ਉਹ ਪਰਦੇ 'ਤੇ ਹੋ ਰਹੇ ਛਾਇਆ-ਨਾਟਕ ਵਾਂਗ ਇਸ ਸਭ ਕੁਝ ਨੂੰ ਦੇਖ ਰਹੇ ਸਨ।

"ਤੁਸੀਂ ਮੈਨੂੰ ਇਸ ਵਾਰ ਧੋਖਾ ਨਹੀਂ ਦੇ ਸਕਦੇ। ਮੈਂ ਕਦੇ ਤੁਹਾਨੂੰ ਨਹੀਂ ਛੱਡਾਂਗੀ।" ਕੁੜੀ ਨੇ ਸ਼ੁਧ ਵਲੈਤੀ ਲਹਿਜੇ ਦੀ ਅੰਗਰੇਜ਼ੀ ਵਿਚ ਕਿਹਾ।

"ਹੱਛਾ ! ਹੱਛਾ ! ! ਤਮਾਸ਼ਾ ਨਾ ਦਿਖਾਓ, ਮੇਰੇ ਕਮਰੇ ਵਿਚ ਆ ਕੇ ਮੈਨੂੰ ਸਮਝਾਓ, ਤੁਹਾਡਾ ਕੀ ਮਤਲਬ ਹੈ। ਤੁਸੀਂ ਕੋਈ ਵੱਡਾ ਧੋਖਾ ਖਾਧਾ ਮਲੂਮ ਹੁੰਦਾ ਹੈ।"

ਮੁੰਡੇ ਹੈਰਾਨ ਸਨ। ਕੁੜੀਆਂ ਮੁਸਕਰਾ ਰਹੀਆਂ ਸਨ। ਹੌਲੀ ਹੌਲੀ ਸਭ ਥੱਲੇ ਉਤਰ ਆਏ। ਕੁਝ ਮੁੰਡੇ ਕੁੜੀਆਂ ਬਾਹਰਲੇ ਪਲਾਟਾਂ ਵਿਚ ਇਕ ਕੁੜੀ ਦੁਆਲੇ ਘੇਰਾ ਪਾ ਕੇ ਖੜੇ ਹੋ ਗਏ, ਜੋ ਆਖ ਰਹੀ ਸੀ : "ਇਸ ਕੁੜੀ ਦਾ ਨਾਂ ਕਵਿਤਾ ਕੁਮਾਰੀ ਹੈ। ਹਿੰਦੁਸਤਾਨ ਦੀ ਰਹਿਣ ਵਾਲੀ ਹੈ। ਕਰੋੜਾਂ-ਪਤੀ ਪਿਉ ਦੀ ਜਾਇਦਾਦ ਦੀ ਵਾਰਸ ਹੈ। ਦੁਨੀਆ ਦੀ ਸੈਰ ਕਰਨ ਨਿਕਲੀ ਹੈ। ਇਸ ਨੇ ਇਕ ਵੱਡਾ ਬੱਚਿਆਂ ਦਾ ਸਕੂਲ ਹਿੰਦੁਸਤਾਨ ਵਿਚ ਖੋਲ੍ਹਿਆ ਹੋਇਆ ਹੈ। ਮੇਰੇ ਨਾਲ ਦਾ ਬੰਗਲਾ ਇਸ ਕਿਰਾਏ 'ਤੇ ਲਿਆ ਸੀ। ਗੱਲਾਂ ਗੱਲਾਂ ਵਿਚ ਮੈਂ ਇਸ ਨੂੰ ਆਪਣੇ ਕਾਲਜ ਦਾ ਪਤਾ ਦੱਸਿਆ ਸੀ ਤੇ ਇਹ ਦਾਖ਼ਲ ਹੋ ਗਈ। ਹੋਰ ਕੁਝ ਮੈਨੂੰ ਪਤਾ ਨਹੀਂ।"

ਹੌਲੀ ਹੌਲੀ ਵਿਦਿਆਰਥੀ ਖਿਲਰ-ਪੁਲਰ ਗਏ। ਕੁਝ ਕੁ ਪੈਦਲ ਜਾਣ ਵਾਲਿਆਂ ਨੇ ਕਾਰ ਵਿਚ ਪ੍ਰੋਫ਼ੈਸਰ ਤੇ ਉਸ ਕੁੜੀ ਨੂੰ ਜਾਂਦਿਆਂ ਦੇਖਿਆ।

ਦੂਸਰੇ ਦਿਨ ਵਿਦਿਆਰਥੀ ਕਾਲਜ ਆਏ ਤਾਂ ਨੋਟਿਸ-ਬੋਰਡ ਉਤੇ ਡੀਨ ਦਿਆਂ ਦਸਖਤਾਂ ਸਮੇਤ ਇਉਂ ਲਿਖਿਆ ਹੋਇਆ ਸੀ : 'ਮੈਨੂੰ ਅਫ਼ਸੋਸ ਨਾਲ ਦੱਸਣਾ ਪੈਂਦਾ ਹੈ ਕਿ ਪ੍ਰੋਫ਼ੈਸਰ ਪਾਲ ਨੇ ਚੌਵੀ ਘੰਟੇ ਦੇ ਨੋਟਿਸ 'ਤੇ ਪ੍ਰੋਫ਼ੈਸਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਅੱਜ ਉਹ ਦੂਸਰੀ ਟਰਮ ਵਾਲੀ ਕਲਾਸ ਨੂੰ ਹੀ ਪੜ੍ਹਾਉਣਗੇ। ਪਰਸੋਂ ਉਨ੍ਹਾਂ ਨੂੰ ਕਾਲਜ ਵਲੋਂ ਵਿਦਾਇਗੀ ਪਾਰਟੀ ਦਿੱਤੀ ਜਾਵੇਗੀ। ਸਾਰਿਆਂ ਅੱਗੇ ਹਾਜ਼ਰ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।"

ਤੀਸਰੇ ਦਿਨ ਕਾਲਜ ਵਿਚ ਬੜੀਆਂ ਰੌਣਕਾਂ ਸਨ। ਕਈ ਬਾਹਰਲੇ ਪ੍ਰਤਿਸ਼ਠਿਤ ਸੱਜਣ ਵੀ ਉਚੇਚੇ ਸੱਦੇ 'ਤੇ ਆਏ ਸਨ। ਵਿਦਿਆਰਥੀ-ਵਿਦਿਆਰਥਣਾਂ ਇਸ ਅਜੀਬ ਭੇਤ ਦੇ ਖੁਲ੍ਹਣ ਦੀ ਉਡੀਕ ਵਿਚ ਸਨ। ਆਖ਼ਰ ਕਾਲਜ ਦੇ ਪ੍ਰੋਫ਼ੈਸਰਾਂ, ਪ੍ਰਬੰਧਕਾਂ, ਪੁਰਾਣੇ ਤੇ ਨਵੇਂ ਵਿਦਿਆਰਥੀਆਂ ਦੇ ਪ੍ਰਤਿਨਿਧਾਂ ਤੇ ਬਾਹਰਲੇ ਸੱਜਣਾਂ ਦੀਆਂ ਤਾਰੀਫ਼ੀ ਸਪੀਚਾਂ ਤੋਂ ਮਗਰੋਂ ਪ੍ਰੋਫ਼ੈਸਰ ਪਾਲ ਸਾਹਿਬ ਧੰਨਵਾਦ ਦੀ ਸਪੀਚ ਕਰਨ ਲਈ ਉੱਠੇ। ਤਾੜੀਆਂ ਨਾਲ ਹਾਲ ਗੂੰਜ ਉੱਠਿਆ। ਲਿਸ਼ਕਦੀਆਂ ਟਾਇਲਾਂ ਤੇ ਘੱਟ ਤੋਂ ਘੱਟ ਆਵਾਜ਼ ਕਰਨ ਦਾ ਯਤਨ ਕਰਦੇ ਹੋਏ ਪ੍ਰੋਫ਼ੈਸਰ ਸਾਹਿਬ ਅਗਾਂਹ ਵਧੇ ਤੇ ਇਉਂ ਬੋਲਣਾ ਸ਼ੁਰੂ ਕੀਤਾ :

"ਮੈਂ ਦਿਲ ਦੀਆਂ ਡੂੰਘਾਈਆਂ ਵਿਚੋਂ ਆਪ ਦਾ ਧੰਨਵਾਦ ਕਰਦਾ ਹਾਂ। ਅਸਲ ਵਿਚ ਜੋ ਵਧੀ-ਚੜ੍ਹੀ ਤਾਰੀਫ਼ ਆਪ ਨੇ ਮੇਰੀ ਛੇਆਂ ਸਾਲਾਂ ਦੀ ਕਾਰਗੁਜ਼ਾਰੀ ਦੀ ਕੀਤੀ ਹੈ, ਮੇਰੀ ਕਾਰ-ਗੁਜ਼ਾਰੀ ਆਪਣੇ ਆਪ ਨੂੰ ਉਸ ਦੇ ਲਾਇਕ ਨਹੀਂ ਸਮਝਦੀ। ਵਿਦਿਆਰਥੀਓ, ਮੈਂ ਵੀ ਇਸ ਕਾਲਜ ਦਾ ਵਿਦਿਆਰਥੀ ਰਹਿ ਚੁੱਕਾ ਹਾਂ। ਮੈਨੂੰ ਇਥੇ ਹੀ ਪ੍ਰੋਫ਼ੈਸਰ ਲਾ ਲੈਣਾ, ਅਮਰੀਕਾ ਦਾ ਹਿੰਦੁਸਤਾਨ ਦੀ ਇੱਜ਼ਤ-ਅਫ਼ਜ਼ਾਈ ਕਰਨਾ ਹੈ।

ਵਿਦਿਆਰਥੀਆਂ ਤੇ ਪ੍ਰਤਿਸ਼ਠਿਤ ਸੱਜਣਾਂ ਨੂੰ ਅੱਜ ਪਤਾ ਹੈ ਕਿ ਪ੍ਰੋਫ਼ੈਸਰ ਪਾਲ ਹਿੰਦੁਸਤਾਨੀ ਹੈ। ਉਨ੍ਹਾਂ ਨੇ ਹਿੰਦੁਸਤਾਨੀ ਕਾਲੇ ਆਦਮੀ ਹੀ ਪੜ੍ਹੇ ਹੋਏ ਸਨ ਤੇ ਜਿਹੜੇ ਹਿੰਦੁਸਤਾਨੀ ਉਨ੍ਹਾਂ ਕਦੇ ਅੱਗੇ ਦੇਖੇ ਵੀ ਸਨ, ਉਹ ਇਸ ਤਰ੍ਹਾਂ ਦੇ ਗੋਰੇ ਨਹੀਂ ਸਨ ਹੁੰਦੇ।

ਪ੍ਰੋਫ਼ੈਸਰ ਨੇ ਸਪੀਚ ਜਾਰੀ ਰਖਦਿਆਂ ਕਿਹਾ, "ਮੈਂ ਕਿਹੜੇ ਲਫ਼ਜ਼ਾਂ ਨਾਲ ਆਪ ਦਾ ਧੰਨਵਾਦ ਕਰ ਸਕਦਾ ਹਾਂ। ਮੇਰਾ ਖ਼ਿਆਲ ਸੀ ਕਿ ਮੈਂ ਅੱਜ 'ਧੰਨਵਾਦ ! ਧੰਨਵਾਦ ! !'

ਆਖਦਾ ਆਪਣੀ ਸਪੀਚ ਨੂੰ ਖ਼ਤਮ ਕਰ ਦੇਵਾਂ, ਪਰ ਤੁਸੀਂ ਹੈਰਾਨ ਹੋਵੋਗੇ ਕਿ ਮੈਂ ਤੁਹਾਨੂੰ ਇਕ ਕਹਾਣੀ ਸੁਣਾਉਣੀ ਚਾਹੁੰਦਾ ਹਾਂ। ਮੈਂ ਇਹ ਕੱਲ੍ਹ ਹੀ ਲਿਖੀ ਹੈ।"

ਪ੍ਰੋਫ਼ੈਸਰ ਨੇ ਆਪਣੇ ਕੋਟ ਦੀ ਜੇਬ ਵਿਚੋਂ ਕੁਝ ਕਾਗਜ਼ ਕੱਢਦਿਆਂ ਕਿਹਾ, "ਇਸ ਦਾ ਨਾਂ ਹੈ 'ਪੁਨਰ-ਜਨਮ'। ਪੁਨਰ-ਜਨਮ 'ਤੇ ਤੁਹਾਡੇ ਵਿਚੋਂ ਬਹੁਤੇ ਵਿਸ਼ਵਾਸ ਨਹੀਂ ਰੱਖਦੇ ਹੋਣਗੇ, ਕੋਈ ਹਰਜ ਨਹੀਂ। ਮੈਂ ਵੀ ਤੁਹਾਡੇ ਵਾਂਗ ਨਹੀਂ ਸੀ ਰੱਖਦਾ। ਆਖ਼ਰ ਕਹਾਣੀ ਕਹਾਣੀ ਹੀ ਤਾਂ ਹੁੰਦੀ ਹੈ, ਹਾਂ ਹੁਣ ਮੈਂ ਕਹਾਣੀ ਸ਼ੁਰੂ ਕਰਦਾ ਹਾਂ।"

ਵਿਦਿਆਰਥੀ ਤੇ ਹੋਰ ਲੋਕ ਸੋਚਦੇ ਸਨ ਕਿ ਪ੍ਰੋਫ਼ੈਸਰ ਜੀ ਆਪਣੀ ਨੌਕਰੀ ਛੱਡਣ ਦਾ ਕਾਰਨ ਦੱਸਣਗੇ, ਪਰ ਉਨ੍ਹਾਂ ਨੂੰ ਇਸ ਪਾਸਿਓਂ ਇਸ ਵੇਲੇ ਨਿਰਾਸ਼ ਹੀ ਰਹਿਣਾ ਪਿਆ। ਕਈਆਂ ਨੇ ਸੋਚਿਆ, ਖਬਰੇ ਇਸ ਕਹਾਣੀ ਵਿਚ ਹੀ ਕੋਈ ਕਾਰਨ ਲੁਕਾ ਰਖਿਆ ਹੋਵੇ। ਜਾ ਰਹੇ ਪ੍ਰੋਫ਼ੈਸਰ ਦੀ ਆਖ਼ਰੀ ਚਾਹ ਦਾ ਸਤਿਕਾਰ ਕਰਦਿਆਂ ਹੋਇਆਂ ਸਾਰਿਆਂ ਪੂਰੀ ਸ਼ਾਂਤੀ ਨਾਲ ਕਹਾਣੀ ਸੁਣਨ ਲਈ ਕੰਨ ਤਿਆਰ ਕਰ ਲਏ।

ਪ੍ਰੋਫ਼ੈਸਰ ਨੇ ਸ਼ੁਰੂ ਕੀਤਾ, "ਹਿੰਦੁਸਤਾਨ ਦੀ ਸ਼ਾਹੀ ਰਾਜਧਾਨੀ ਦਿੱਲੀ ਦੇ ਇਕ ਕਰੋੜ-ਪਤੀ ਸੇਠ ਰਾਮ ਨਰਾਇਣ ਦੀ ਕੋਠੀ ਦੇ ਬਗ਼ੀਚੇ ਵਲ ਦੇ ਵੱਧਾ 'ਤੇ, ਇਕ ਚਿੱਟ-ਕੱਪੜੀਆ ਮਾਸਟਰ ਇਕ ਸੋਲ੍ਹਾਂ ਸਤਾਰਾਂ ਸਾਲ ਦੀ ਹੱਦ-ਸੋਹਣੀ ਕੁੜੀ ਨੂੰ ਪੜ੍ਹਾ ਰਿਹਾ ਸੀ। ਢਲਦੀ ਦੁਪਹਿਰ ਦੀ ਤਰੇਸ਼ਵੀਂ ਧੁੱਪ ਸਿਆਲੇ ਦੀ ਸਰਦੀ ਨੂੰ ਦੂਰ ਕਰਦੀ ਉਨ੍ਹਾਂ ਦੇ ਚਿਹਰਿਆਂ, ਟੇਬਲ ਤੇ ਕਿਤਾਬਾਂ 'ਤੇ ਪੈ ਰਹੀ ਸੀ। ਕੁੜੀ ਦੀ ਪੁਸ਼ਾਕ ਬੜੀ ਸਿੱਧੀ ਸਾਦੀ ਸੀ। ਪੁਸ਼ਾਕ ਤੋਂ ਉਹ ਅਮੀਰ ਪਿਉ ਦੀ ਇਕੱਲੀ ਧੀ ਨਹੀਂ ਸੀ ਜਾਪਦੀ। ਮਾਸਟਰ ਰੋਜ਼ ਦਿਲ ਵਿਚ ਸੋਚਦਾ ਸੀ ਕਿ ਇਹੋ ਜਿਹੀ ਅਹਿਸਾਸ ਰਹਿਤ ਕੁੜੀ ਮੈਂ ਕਦੇ ਨਹੀਂ ਪੜ੍ਹਾਈ।

"ਇਕ ਵਾਰੀ ਕੋਲਰਿਜ ਦੀ 'ਪਿਆਰ' ਨਾਂ ਦੀ ਕਵਿਤਾ ਸ਼ੁਰੂ ਸੀ। ਕੁੜੀ ਨੇ ਇਕ ਵਾਰੀ ਵੀ ਨਜ਼ਰ ਚੁੱਕ ਕੇ ਮਾਸਟਰ ਵਲ ਨਹੀਂ ਸੀ ਦੇਖਿਆ। ਅਸਲ ਵਿਚ ਇਹ ਉਸ ਦੀ ਆਦਤ ਹੀ ਨਹੀਂ ਸੀ। ਜਦ ਮਾਸਟਰ ਪੜ੍ਹਾ ਰਿਹਾ ਸੀ, 'ਉਸ ਬਹਾਦਰ ਦੇ ਪਿਆਰ-ਹਾਵਿਆਂ ਦੀ ਕਹਾਣੀ ਦਾ ਗੀਤ, ਉਸ ਦਾ ਆਪਣਾ ਪਿਆਰ ਉਸ ਸੁਣਨ ਵਾਲੀ ਕੁੜੀ 'ਤੇ ਜ਼ਾਹਰ ਕਰਦਾ ਸੀ', ਉਸ ਦੀ ਆਵਾਜ਼ ਕੁਝ ਬਦਲੀ, ਜਿਸ ਨੂੰ ਕਿ ਉਹ ਆਪ ਵੀ ਨਾ ਪਛਾਣ ਸਕਿਆ। ਕੁੜੀ ਨੇ ਆਪਣੇ ਸੁਭਾਅ ਦੇ ਵਿਰੁੱਧ ਮਾਸਟਰ ਵਲ ਤੱਕਿਆ। ਉਸ ਨੂੰ ਮਹਿਸੂਸ ਹੋਇਆ, ਜਿਵੇਂ ਮਾਸਟਰ ਛਾਤੀ ਨੂੰ ਉਭਰਨ ਤੋਂ ਰੋਕਣ ਦਾ ਜਤਨ ਕਰ ਰਿਹਾ ਹੈ। ਕਿਸੇ ਜਗ ਕੇ ਬੁਝ ਰਹੀ ਅਗਨੀ ਦੀ ਲਿਸ਼ਕ ਹਾਲੀ ਵੀ ਉਸ ਦੀਆਂ ਅੱਖਾਂ ਵਿਚ ਕੁੜੀ ਨੂੰ ਦਿੱਸੀ। ਇਹ ਇਹੋ ਜਿਹੀ ਲਿਸ਼ਕ ਸੀ, ਜਿਹੜੀ ਕਿ ਉਸ ਨੇ ਕਦੇ ਨੌਜਵਾਨ ਕਾਲਜੀਏਟ ਮੁੰਡਿਆਂ ਦੀਆਂ ਅੱਖਾਂ ਵਿਚ ਵੀ ਨਹੀਂ ਸੀ ਦੇਖੀ, ਤੇ ਇਹ ਸੀ ਅੱਧਖੜ ਮਾਸਟਰ। ਉਸ ਨੇ ਉਸੇ ਵੇਲੇ ਆਪਣੀ ਕਿਤਾਬ ਰੱਖ ਦਿੱਤੀ ਤੇ ਬੜੇ ਮਿੱਠੇ ਤੇ ਤਰਲੇ ਭਰੇ ਲਹਿਜੇ ਵਿਚ ਆਖਿਆ, 'ਮਾਸਟਰ ਜੀ, ਮੈਂ ਅੱਜ ਹੋਰ ਨਹੀਂ ਪੜ੍ਹਨਾ।'

"ਮਾਸਟਰ ਨੇ ਕੋਈ ਹੀਲ-ਹੁੱਜਤ ਨਾ ਕੀਤੀ ਤੇ ਉਸੇ ਵੇਲੇ ਉੱਠ ਕੇ ਟੁਰ ਪਿਆ। ਰਾਹ ਵਿਚ ਉਸ ਨੇ ਸੋਚਿਆ, 'ਕੁੜੀ ਨੂੰ ਕੁਝ ਤਕਲੀਫ਼ ਹੋਵੇਗੀ ਜਾਂ ਕਿਤੇ ਜਾਣਾ

ਹੋਵੇਗਾ। ਕੀ ਪਤਾ, ਐਵੇਂ ਹੀ ਨਾ ਪੜ੍ਹਿਆ ਹੋਵੇ। ਪਿਉ ਦੀ ਲਾਡਲੀ ਧੀ ਜੁ ਹੋਈ।' ਕੁਝ ਚਿਰ ਮਗਰੋਂ ਉਸ ਦੇ ਵਿਚਾਰਾਂ ਦਾ ਰੁਖ ਬਦਲਿਆ ਤੇ ਉਹ ਸੋਚਣ ਲਗਾ, 'ਪਰ ਕੁੜੀ ਨੇ ਅੱਜ ਬੜੀ ਜੁਰਅਤ ਕੀਤੀ, ਉਸ ਮੇਰੇ ਵਲ ਡੂੰਘੀ ਨਿਗਾਹ ਨਾਲ ਕਿਉਂ ਦੇਖਿਆ ? ਕੀ ਮੇਰੀ ਆਵਾਜ਼ ਉਸ ਵੇਲੇ ਕਮਜ਼ੋਰ ਹੋ ਗਈ ਸੀ ? ਨਹੀਂ, ਪਰ ਠੰਡਾ ਸਾਹ ਤਾਂ ਮੈਂ ਕੋਸ਼ਿਸ਼ ਨਾਲ ਰੋਕਿਆ ਸੀ। ਉਹ ਕੁੜੀ ਇਹਨਾਂ ਗੱਲਾਂ ਨੂੰ ਨਹੀਂ ਸਮਝ ਸਕਦੀ। ਪਰ ਉਹ ਪੜ੍ਹਾਈ ਨੂੰ ਸਮਝਦੀ ਹੈ, ਤਦੇ ਤਾਂ ਇਮਤਿਹਾਨ ਵਿਚ ਪਾਸ ਹੁੰਦੀ ਹੈ। ਕਿਤੇ ਇਸ ਗੱਲ ਨੂੰ ਮੇਰੀ ਕਮਜ਼ੋਰੀ ਸਮਝ ਕੇ ਮੇਰਾ ਪੜ੍ਹਾਉਣ ਜਾਣਾ ਨਾ ਰੁਕਵਾ ਦੇਵੇ। ਮੁੜ ਕੇ ਮੈਂ ਇਹੋ ਜਿਹੀ ਗ਼ਲਤੀ ਨਹੀਂ ਕਰਾਂਗਾ।'

"ਦੂਸਰੇ ਦਿਨ ਜਦ ਉਹ ਵਕਤ ਸਿਰ ਸੇਠ ਰਾਮ ਨਰਾਇਣ ਦੀ ਕੋਠੀ ਪਹੁੰਚਾ, ਤਾਂ ਘੰਟੀ ਦਾ ਜਵਾਬ ਦੇਣ ਉਸ ਕੁੜੀ ਦੀ ਥਾਂ ਇਕ ਨੌਕਰਾਣੀ ਆਈ। ਮਾਸਟਰ ਘਬਰਾਇਆ, ਪਰ ਛੇਤੀ ਹੀ ਨੌਕਰਾਣੀ ਬੋਲੀ, 'ਮਾਸਟਰ ਜੀ ! ਬੀਬੀ 'ਹੋਰੀਂ ਬਾਗ ਵਿਚ ਬੈਠੇ ਹਨ। ਅੱਜ ਉਥੇ ਹੀ ਪੜ੍ਹਨਗੇ।'

ਮਾਸਟਰ ਰਵਸ਼ਾਂ 'ਤੇ ਤੁਰਦਾ ਕੋਠੀ ਦੇ ਪਿੱਛਲੇ ਪਾਸੇ ਨਿਕਲ ਗਿਆ। ਇਕ ਫੁਆਰੇ ਦੇ ਲਾਗੇ ਦੋ ਕੁਰਸੀਆਂ ਡੱਠੀਆਂ ਹੋਈਆਂ ਸਨ ਤੇ ਵਿਚਕਾਰ ਇਕ ਨਿੱਕਾ ਜਿਹਾ ਮੇਜ਼। ਮੇਜ਼ ਦੇ ਉਤੇ ਕਿਤਾਬਾਂ ਤੇ ਇਕ ਚਾਹ ਦੀ ਪਿਆਲੀ ਪਈ ਸੀ।

"ਮਾਸਟਰ ਦਾ ਆਦਰ ਕੁੜੀ ਨੇ ਗੁਲਾਬ ਦੀ ਇਕ ਝਾੜੀ ਲਾਗੇ ਖੜੋਤਿਆਂ ਕੀਤਾ ਤੇ ਨਾਲ ਚਾਹ ਦੀ ਪੁੱਛ ਕੀਤੀ।

"ਮਾਸਟਰ ਨੇ ਕਿਹਾ, 'ਮੈਂ ਚਾਹ ਨਹੀਂ ਪੀਂਦਾ ਹੁੰਦਾ।'

"ਦੁੱਧ ਆ ਸਕਦਾ ਹੈ", ਕੁੜੀ ਨੇ ਮੁਸਕਰਾਉਂਦਿਆਂ ਉੱਤਰ ਦਿੱਤਾ।

"ਪਰ ਮੈਂ ਦੁੱਧ ਪੀ ਕੇ ਆਇਆ ਹਾਂ।"

"ਇਸ ਤਰ੍ਹਾਂ ਉਹ ਦੋਵੇਂ ਕੁਰਸੀਆਂ 'ਤੇ ਬੈਠ ਗਏ। ਮਾਸਟਰ ਨੂੰ ਅੱਜ ਕੁੜੀ ਦਾ ਰਵੱਈਆ ਬਹੁਤ ਹੀ ਬਦਲਿਆ ਜਾਪਦਾ ਸੀ। ਅੱਜ ਉਸ ਕੁੜੀ ਨੇ ਬੇਸ਼-ਕੀਮਤ ਪੁਸ਼ਾਕ ਪਹਿਨੀ ਹੋਈ ਸੀ, ਤੇ ਵਾਧਾ ਇਹ ਸੀ ਕਿ ਉਸ ਪੰਜਾਬੀ ਕਿਸਮ ਦਾ ਜ਼ਨਾਨਾ ਪਜਾਮਾ ਪਾਇਆ ਹੋਇਆ ਸੀ। ਵਾਲ ਉਸ ਨੇ ਇਕ ਗੁਲਾਬ ਦੇ ਲਾਲ ਸੂਹੇ ਫੁੱਲ ਨਾਲ ਸਜਾਏ ਹੋਏ ਸਨ, ਜੋ ਸਿਰ ਦੇ ਬਰੀਕ ਕਪੜੇ ਵਿਚੋਂ ਵੀ ਦਿਸ ਰਿਹਾ ਸੀ।

"ਮਾਸਟਰ ਨੇ ਬੈਠ ਕੇ ਵਾਰਤਕ ਦੀ ਕਿਤਾਬ ਪੜ੍ਹਾਉਣ ਲਈ ਚੁੱਕੀ, ਪਰ ਕੁੜੀ ਨੇ ਕੱਲ੍ਹ ਦੀ ਅੱਧ ਵਿਚ ਰਹੀ ਨਜ਼ਮ ਨੂੰ ਪੂਰਾ ਕਰਨ ਲਈ ਆਖਿਆ। ਮਜਬੂਰਨ ਮਾਸਟਰ ਨੇ ਉਹੋ ਕਿਤਾਬ ਸ਼ੁਰੂ ਕੀਤੀ। ਕੁਝ ਚਿਰ ਮਗਰੋਂ ਕੁੜੀ ਨੇ ਆਖਿਆ, 'ਮਾਸਟਰ ਜੀ ਤੁਸੀਂ ਕੱਲ੍ਹ ਵਾਂਗ ਨਹੀਂ ਪੜ੍ਹਾ ਰਹੇ।'

ਮਾਸਟਰ ਨੇ ਚੋਟ ਸਹਾਰਦਿਆਂ ਕਿਹਾ, 'ਮੈਂ ਸਦਾ ਇਕੋ ਜਿਹਾ ਪੜ੍ਹਾਉਨਾ ਹਾਂ।'

"ਨਹੀਂ, ਕੁੜੀ ਨੇ ਉਤਰ ਦਿੱਤਾ।

" 'ਕੀ ਫ਼ਰਕ ਹੈ ?' ਮਾਸਟਰ ਨੇ ਹੈਰਾਨੀ ਨਾਲ ਪੁੱਛਿਆ।

" 'ਤੁਹਾਡੀਆਂ ਅੱਖਾਂ ਵਿਚ ਕੱਲ੍ਹ ਵਾਲੀ ਚਮਕ ਨਹੀਂ।'

" 'ਕੀ ਗੱਲਾਂ ਪਏ ਕਰਦੇ ਹੋ ?' ਮਾਸਟਰ ਨੇ ਕੁਝ ਗੁੱਸੇ ਤੇ ਕੁਝ ਉਸ ਦੇ ਇਕਦਮ ਬਦਲ-ਗਏ ਰਵੱਈਏ ਨੂੰ ਦੇਖ ਕੇ ਆਖਿਆ।

" 'ਮੈਨੂੰ ਉਹ ਚਮਕ ਚੰਗੀ ਲੱਗਦੀ ਹੈ', ਕੁੜੀ ਨੇ ਡਾਢੀ ਦਿਲਕਸ਼ ਤੇ ਅਧੀਨਗੀ ਭਰੀ ਮੁਸਕਰਾਹਟ ਨਾਲ ਕਿਹਾ।

" 'ਕੀ ਤੁਸੀਂ ਸ਼ੁਦਾਈ ਨਹੀਂ ਹੋ ਗਏ ?'

'ਨਹੀਂ, ਮਾਸਟਰ ਜੀ, ਤੁਸੀਂ ਇਹ ਦੱਸੋ ਕਿ ਤੁਸੀਂ ਕਿਹੜੀ ਗੱਲ ਆਪਣੇ ਦਿਲ ਵਿਚ ਲੁਕਾਈ ਫਿਰਦੇ ਹੋ ?'

" 'ਕੋਈ ਨਹੀਂ, ਉੱਕੀ ਕੋਈ ਗੱਲ ਨਹੀਂ।'

" 'ਤੁਹਾਨੂੰ ਗੱਲ ਦੱਸਣੀ ਪਏਗੀ, ਨਹੀਂ ਤੇ ਕਲ੍ਹ ਤੋਂ ਛੁੱਟੀ ਕਰਨੀ ਪਏਗੀ।'

"ਮਾਸਟਰ ਅੱਜ ਦੀ ਗੱਲਬਾਤ ਤੋਂ ਉੱਕਾ ਹੀ ਹੈਰਾਨ ਸੀ। ਉਹ ਇਹੋ ਜਹੀ ਟੀਊਸ਼ਨ ਛੱਡ ਦੇਣੀ ਚਾਹੁੰਦਾ ਸੀ, ਪਰ ਇਸ ਵੇਲੇ ਉਹ ਮਜਬੂਰ ਸੀ। ਉਸ ਕੋਲ ਇਹੋ ਇਕ ਟੀਊਸ਼ਨ ਸੀ, ਜਿਸ ਨੂੰ ਉਹ ਛੱਡਣਾ ਨਹੀਂ ਸੀ ਚਾਹੁੰਦਾ। ਇਹੋ ਜਿਹੀ ਵੱਡੀ ਟੀਊਸ਼ਨ ਦੇ ਆਧਾਰ 'ਤੇ ਹੀ ਉਸ ਨੂੰ ਹੋਰ ਟੀਊਸ਼ਨਾਂ ਮਿਲਣੀਆਂ ਸਨ।

"ਆਖ਼ਰ ਉਸ ਕਿਹਾ, 'ਜਿਹੜੀ ਗੱਲ ਮੇਰੇ ਦਿਲ ਵਿਚ ਹੈ, ਜੇ ਮੈਂ ਉਹ ਦੱਸਾਂ, ਤਾਂ ਤੁਸੀਂ ਮੈਨੂੰ ਨਫ਼ਰਤ ਕਰਨ ਲੱਗ ਪਓਗੇ। ਮੇਰੀ ਇੱਜ਼ਤ ਬਣੀ ਰਹਿਣ ਦਿਓ ਤੇ ਰੋਜ਼ੀ ਵੀ।'

"ਮੈਂ ਤੁਹਾਡੀ ਗੱਲ ਕਿਸੇ ਨੂੰ ਨਹੀਂ ਦੱਸਾਂਗੀ। ਤੁਸੀਂ ਫ਼ਿਕਰ ਨਾ ਕਰੋ।"

"ਮਾਸਟਰ ਨੇ ਇਉਂ ਕਹਿਣਾ ਸ਼ੁਰੂ ਕੀਤਾ, 'ਮੈਂ ਲਾਹੌਰ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਜੀ ਚੰਗੇ ਅਮੀਰ ਸਨ। ਮਾਤਾ ਦਾ ਦੇਹਾਂਤ ਮੇਰੇ ਜੰਮਦਿਆਂ ਹੀ ਹੋ ਚੁੱਕਾ ਸੀ। ਮਾਤਾ ਦੀ ਅਣਹੋਂਦ ਵਿਚ ਸਾਡੇ ਗੁਆਂਢੀ ਪ੍ਰੇਮ ਸਹਾਇ ਜੀ ਦੀ ਪਤਨੀ ਮੇਰੇ ਨਾਲ ਬੜਾ ਪਿਆਰ ਕਰਦੀ ਹੁੰਦੀ ਸੀ ਤੇ ਉਨ੍ਹਾਂ ਦੀ ਲੜਕੀ ਲੀਲ੍ਹਾ, ਜੋ ਮੇਰੇ ਕੋਲੋਂ ਤਿੰਨ ਵਰ੍ਹੇ ਛੋਟੀ ਸੀ, ਮੇਰੇ ਨਾਲ ਬਚਪਨ ਵਿਚ ਖੇਡਦੀ ਹੁੰਦੀ ਸੀ। ਬਚਪਨ ਤੋਂ ਹੀ ਸਾਡਾ ਆਪੋ ਵਿਚ ਬੜਾ ਪਿਆਰ ਸੀ, ਪਰ ਜਵਾਨੀ ਵਿਚ ਪੈਰ ਧਰਦਿਆਂ ਹੀ ਇਸ ਪਿਆਰ ਵਿਚ ਇਕ ਅਨੂਪਮ-ਪਰਿਵਰਤਨ ਆਇਆ, ਜਿਸ ਸਾਡੀ ਦੁਨੀਆ ਨੂੰ ਸੁਨਹਿਰੀ ਆਸਾਂ ਨਾਲ ਰੰਗ ਦੇਣ ਦਾ ਝਉਲਾ ਦਿਖਾਇਆ। ਇਨ੍ਹਾਂ ਦਿਨਾਂ ਵਿਚ ਪਿਤਾ ਜੀ ਨੂੰ ਰੂੰ ਦੇ ਸਿੱਟੇ ਵਿਚ ਬੜਾ ਘਾਟਾ ਪਿਆ ਤੇ ਉਨ੍ਹਾਂ ਦੀ ਸਾਰੀ ਆਪਣੀ ਬਣਾਈ ਜਾਇਦਾਦ ਉੱਜੜ ਗਈ। ਗਲੀ ਵਾਲਾ ਮਕਾਨ ਜੱਦੀ ਹੋਣ ਕਰਕੇ ਬਚ ਗਿਆ, ਪਰ ਪਿਤਾ ਜੀ ਬੁੱਢੇ ਵਾਰੇ ਇਹ ਸੱਟ ਨਾ ਸਹਾਰ ਸਕੇ ਤੇ ਕਾਲ-ਵਸ ਹੋ ਗਏ। ਧਨ ਦੇ ਨਾਸ ਤੇ ਪਿਤਾ ਦੀ ਮੌਤ ਨੇ ਲੀਲ੍ਹਾ ਦੇ ਮਾਤਾ ਪਿਤਾ ਦੇ ਖ਼ਿਆਲ ਬਦਲਾ ਦਿੱਤੇ, ਪਰ ਲੀਲ੍ਹਾ ਆਪਣੇ ਖ਼ਿਆਲਾਂ 'ਤੇ ਅੜੀ ਰਹੀ। ਜਵਾਨੀ ਦੇ ਆਲਮ ਵਿਚ ਮੇਰਾ ਆਪਣੇ-ਆਪ ਤੇ ਬੜਾ ਕਾਬੂ ਸੀ। ਇਕ ਵਾਰੀ ਮੈਂ ਲੀਲ੍ਹਾ ਨੂੰ ਕਾਲਜੋਂ ਵਾਪਸ ਆ ਕੇ ਮਿਲਿਆ ਤੇ ਆਖਿਆ ਕਿ ਮੈਂ ਘਰ ਗਹਿਣੇ ਰਖ ਦੇਣ ਦਾ ਫ਼ੈਸਲਾ ਕੀਤਾ ਹੈ। ਅਸੀਂ ਹੁਣ ਬਾਲਗ ਹਾਂ ਤੇ ਆਓ ਅਸੀਂ ਨੱਸ ਚੱਲੀਏ। ਲੀਲ੍ਹਾ ਨੇ ਇਸ ਗੱਲ 'ਤੇ ਬੜਾ ਗੁੱਸਾ ਕੀਤਾ। ਉਸ ਦੀ ਸ਼ਕਲ ਤੋਂ ਮੈਨੂੰ ਉਸ ਵੇਲੇ ਇਉਂ ਜਾਪਿਆ ਜਿਵੇਂ ਉਹ ਮੈਨੂੰ

ਹਮੇਸ਼ਾ ਲਈ ਨਫ਼ਰਤ ਕਰਨ ਲਗ ਪਏਗੀ। ਪਰ ਗੱਲ ਇਉਂ ਨਾ ਹੋਈ। ਉਸ ਉਸੇ ਦਿਨ ਆਪਣੀ ਮਾਤਾ ਜੀ ਨੂੰ ਜਾ ਕੇ ਕਿਹਾ ਕਿ ਮੇਰੇ ਮਨ ਦਾ ਸੰਕਲਪ ਬੜੇ ਚਿਰ ਤੋਂ ਉਨ੍ਹਾਂ ਨਾਲ ਸ਼ਾਦੀ ਕਰਨ ਦਾ ਹੈ ਤੇ ਤੁਸੀਂ ਖ਼ਿਆਲ ਰੱਖਣਾ।

"ਮਾਤਾ ਬੜੇ ਗੁੱਸੇ ਵਿਚ ਆਈ ਤੇ ਆਖਿਆ ਕਿ 'ਉਸ ਭਿੱਖ-ਮੰਗੇ ਨਾਲ !'

"ਲੀਲ੍ਹਾ ਨੇ ਕਿਹਾ, 'ਮਾਤਾ ਜੀ, ਅੱਜ ਕਲ੍ਹ ਦੇ ਲੋਕਾਂ ਦੇ ਖ਼ਿਆਲ ਕਿਸੇ ਦੀ ਪੈਸੇ ਦੀ ਕਮੀ ਦੇਖ ਕੇ ਕਿਉਂ ਬਦਲ ਜਾਂਦੇ ਹਨ ? ਅੱਗੇ ਤਾਂ ਤੁਹਾਡਾ ਕਦੇ ਇਹੋ ਜਿਹਾ ਖ਼ਿਆਲ ਨਹੀਂ ਸੀ।'

"ਲੀਲ੍ਹਾ ਦੀ ਮਾਂ ਨੇ ਕਿਹਾ, 'ਨੀ ਸਿਰ-ਸੜੀਏ, ਤੇਰੇ ਕੋਲੋਂ ਇਹੋ ਜਿਹੀਆਂ ਗੱਲਾਂ ਸੁਣਨ ਵਾਸਤੇ ਅਸੀਂ ਤੈਨੂੰ ਪੜ੍ਹਾਇਆ ਹੈ ?'

"ਮੁੱਕਦੀ ਗੱਲ, ਲੀਲ੍ਹਾ ਨੇ ਇਥੋਂ ਤਕ ਕਹਿ ਦਿੱਤਾ ਕਿ ਜੇ ਹੋਰਥੇ ਸ਼ਾਦੀ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਮੈਂ ਮਰ ਜਾਵਾਂਗੀ। ਲੀਲ੍ਹਾ ਦੇ ਮਾਤਾ ਪਿਤਾ ਨੇ ਉਸ ਦੀ ਰਾਖੀ ਰੱਖਣੀ ਸ਼ੁਰੂ ਕਰ ਦਿੱਤੀ ਤੇ ਉਸ ਦੀ ਕੁੜਮਾਈ ਚੋਰੀ ਚੋਰੀ ਕਿਤੇ ਹੋਰਥੇ ਕਰ ਦਿੱਤੀ ਗਈ। ਆਖ਼ਰ ਇਕ ਦਿਨ ਮੈਂ ਆਪਣਾ ਘਰ ਛੱਡ ਕੇ ਤੁਰ ਜਾਣਾ ਚਾਹੁੰਦਾ ਸਾਂ, ਤੇ ਮੈਂ ਤੁਰ ਵੀ ਪਿਆ। ਬਾਹਰ ਆ ਕੇ ਮੇਰੇ ਦਿਲ ਵਿਚ ਖ਼ਿਆਲ ਆਇਆ ਕਿ ਮੈਂ ਬੁਜ਼ਦਿਲ ਹਾਂ। ਮੈਂ ਉਸੇ ਵੇਲੇ ਜੰਝ ਦੀ ਸੇਵਾ ਆਦਿ ਕਰਨ ਲਈ ਮੁੜਿਆ। ਗਲੀ ਵਿਚ ਰੌਲਾ ਪਿਆ ਹੋਇਆ ਸੀ ਕਿ ਲੀਲ੍ਹਾ ਮਰ ਗਈ। ਲੀਲ੍ਹਾ ਦੇ ਘਰ ਰੋਣਾ ਪਿੱਟਣਾ ਪਿਆ ਹੋਇਆ ਸੀ। ਮੈਂ ਆਪਣੇ ਅੰਦਰ ਵੜ ਕੇ ਸੁੰਨ-ਮੁੰਨ ਜਿਹਾ ਹੋ ਗਿਆ। ਰਾਤ ਮੈਨੂੰ ਨੀਂਦ ਆ ਗਈ। ਨੌਂ ਵਜੇ ਪੁਲੀਸ ਨੇ ਮੈਨੂੰ ਆ ਜਗਾਇਆ। ਠਾਣੇ ਲਿਜਾ ਕੇ ਮੇਰੇ 'ਤੇ ਸਵਾਲ ਕੀਤੇ ਗਏ ਤੇ ਡਰਾਇਆ ਧਮਕਾਇਆ ਵੀ ਗਿਆ। ਸ਼ਾਮੀਂ ਠਾਣੇ ਪਤਾ ਪਹੁੰਚਾ ਕਿ ਪੋਸਟ-ਮਾਰਟਮ ਨਾਲ ਲੀਲ੍ਹਾ ਦੇ ਅੰਦਰ ਕੋਈ ਜ਼ਹਿਰ ਸਾਬਤ ਨਹੀਂ ਹੋਈ ਤੇ ਨਾ ਹੀ ਕੋਈ ਤਸ਼ੱਦਦ ਦਾ ਨਿਸ਼ਾਨ। ਸੋ ਮੈਨੂੰ ਛੱਡ ਦਿਤਾ ਗਿਆ ਤੇ ਮੈਂ ਲਾਹੌਰੋਂ ਨਿਕਲ ਤੁਰਿਆ ਤੇ ਮੁੜ ਕਦੇ ਉਥੇ ਨਹੀਂ ਗਿਆ। ਮੈਂ ਇਕੱਲਾ ਰਹਿੰਦਾ ਹਾਂ। ਟੀਊਸ਼ਨਾਂ ਪੜ੍ਹਾਉਂਦਾ ਹਾਂ। ਇਹੋ ਨਜ਼ਮ ਮੈਂ ਲੀਲ੍ਹਾ ਨੂੰ ਇਕ ਵਾਰ ਪੜ੍ਹਾਈ ਸੀ। ਮੈਂ ਕਾਤਲ ਹਾਂ, ਮੈਂ ਅਗਵਾ ਕਰਨ ਵਾਲਾ ਹਾਂ, ਮੈਂ ਬੁਰੇ ਤੋਂ ਬੁਰਾ ਆਦਮੀ ਹਾਂ ! ਕਿਉਂ, ਤੁਹਾਡਾ ਕੀ ਖ਼ਿਆਲ ਹੈ ?' ਤੇ ਉਹ ਰੋ ਰਿਹਾ ਸੀ।

"ਉਸ ਕੁੜੀ ਨੇ ਰੁਮਾਲ ਨਾਲ ਅੱਖਾਂ ਪੂੰਝਦਿਆਂ ਕਿਹਾ, 'ਤੁਸੀਂ ਬੜੇ ਚੰਗੇ ਆਦਮੀ ਹੋ। ਕਾਤਲ ਲੀਲ੍ਹਾ ਦੇ ਮਾਪੇ ਸਨ।'

"ਨਹੀਂ ਤੁਸੀਂ ਮੇਰੀ ਰਈ ਕਰਦੇ ਹੋ", ਮਾਸਟਰ ਨੇ ਅਪੱਣਤ ਭਾਵ ਨਾਲ ਕਿਹਾ।

"ਅੱਛਾ ਤੁਸੀਂ ਦੱਸੋ", ਕੁੜੀ ਨੇ ਕਿਹਾ, 'ਤੁਹਾਡਾ ਮਕਾਨ ਨਿੱਕੀਆਂ ਇੱਟਾਂ ਦਾ ਬਣਿਆ ਹੋਇਆ ਸੀ ? ਕੀ ਤੁਹਾਡੇ ਮਕਾਨ ਦੀ ਦੂਸਰੀ ਛੱਤ 'ਤੇ ਸਾਹਮਣੇ ਚੁਬਾਰੇ ਦੀਆਂ ਤਿੰਨ ਬਾਰੀਆਂ ਵਧ ਕੇ ਪੱਛਮ ਵਲ ਖੁੱਲ੍ਹਦੀਆਂ ਸਨ ? ਕੀ ਬਾਰੀਆਂ ਦੇ ਫੱਟੇ ਉਤਾਂਹ ਨੂੰ ਚੁੱਕੇ ਜਾਂਦੇ ਸਨ ? ਕੀ ਗਲੀ ਦਾ ਮੂੰਹ ਦੱਖਣ ਵੱਲ ਸੀ ?"

"ਤੇਜ਼ੀ ਨਾਲ ਕੀਤੇ ਗਏ ਸਾਰਿਆਂ ਸਵਾਲਾਂ ਦਾ ਜਵਾਬ ਮਾਸਟਰ ਨੇ 'ਹਾਂ, ਹਾਂ ਵਿਚ ਦੇ ਕੇ ਪੁੱਛਿਆ, 'ਕੀ ਤੁਸੀਂ ਉਥੇ ਕਦੀ ਗਏ ਹੋ ?'

"ਨਹੀਂ, ਮੈਂ ਲਾਹੌਰ ਕਦੀ ਨਹੀਂ ਗਈ।"

"ਫਿਰ ਤੁਸੀਂ ਉਹ ਗੱਲਾਂ ਕਿਵੇਂ ਦੱਸੀਆਂ ਨੇ ?"

"ਮੈਂ ਤੁਹਾਨੂੰ ਵੀ ਪਛਾਣਦੀ ਹਾਂ। ਤੁਸੀਂ ਓਦੋਂ ਦਾੜ੍ਹੀ ਸ਼ੇਵ ਕਰਦੇ ਸਾਓ।"

"ਮਾਸਟਰ ਆਪਣੀ ਦਾੜ੍ਹੀ ਫੜ ਕੇ ਹੈਰਾਨ ਹੋ ਕੇ ਖੜੋ ਗਿਆ।

"ਕੁੜੀ ਨੇ ਫਿਰ ਆਖਣਾ ਸ਼ੁਰੂ ਕੀਤਾ, 'ਲੀਲ੍ਹਾ ਨੇ ਬਚਪਨ ਵਿਚ ਤੁਹਾਡੀ ਲੱਤ ਵਿਚ ਡੰਕ ਦੀ ਨਿੱਬ ਖੁਭੋ ਦਿੱਤੀ ਸੀ, ਜਿਸ ਦੀ ਮੁਆਫ਼ੀ ਉਹ ਵੱਡੀ ਹੋ ਕੇ ਬਹੁਤ ਵਾਰ ਮੰਗਿਆ ਕਰਦੀ ਸੀ।'

"ਮਾਸਟਰ ਨੇ ਪਹਿਲੋਂ ਆਪਣਾ ਚੌੜਾ ਪਜਾਮਾ ਚੁੱਕ ਕੇ ਆਪਣੇ ਜ਼ਖ਼ਮ ਵਲ ਦੇਖਿਆ ਤੇ ਫਿਰ ਕੁੜੀ ਦੇ ਚਿਹਰੇ ਵੱਲ। ਉਹ ਚਿਹਰੇ ਤੋਂ ਸੋਲ੍ਹਾਂ-ਸਤਾਰਾਂ ਸਾਲ ਦੀ ਹੀ ਜਾਪਦੀ ਸੀ। ਕੁਝ ਦਿਨ ਹੋਏ, ਉਸ ਨੇ ਉਸ ਦੀ ਮੈਟ੍ਰਿਕ ਦੀ ਸਨਦ ਦੇਖੀ ਸੀ। ਜਨਮ ਦੀ ਤਰੀਕ ਮੁਜਬ ਹਾਲੀ ਉਹ ਪੂਰੀ ਸਤਾਰ੍ਹਾਂ ਦੀ ਨਹੀਂ ਹੋਈ ਸੀ।

"ਕੁੜੀ ਨੇ ਫਿਰ ਕਹਿਣਾ ਸ਼ੁਰੂ ਕੀਤਾ, 'ਹੁਣ ਮੈਂ ਤੁਹਾਡਾ ਕਹਿਣਾ ਨਹੀਂ ਮੋੜਾਂਗੀ। ਮੈਨੂੰ ਲੈ ਚਲੋ। ਮੈਂ ਸਾਰੀ ਉਮਰ ਤੁਹਾਡੀ ਸੇਵਾ ਕਰਾਂਗੀ। ਤੁਸੀਂ ਬੜੀ ਤਪੱਸਿਆ ਕੀਤੀ ਹੈ। ਚਲੋ ਹੁਣੇ ਚੱਲੀਏ, ਪਿਤਾ ਜੀ ਅੱਜ ਘਰ ਨਹੀਂ।'

"ਮਾਸਟਰ ਦੀ ਦਾੜ੍ਹੀ ਵਿਚ ਭਾਵੇਂ ਕੋਈ ਚਿੱਟਾ ਵਾਲ ਨਹੀਂ ਸੀ, ਪਰ ਉਹ ਬੁਢਾਪੇ ਦੇ ਹੋਰ ਨਿਸ਼ਾਨ ਅਕਸਰ ਸ਼ੀਸ਼ੇ ਵਿਚੋਂ ਦੇਖਿਆ ਕਰਦਾ ਸੀ।

"ਆਖ਼ਰ ਉਹ ਬੋਲਿਆ, 'ਮੈਨੂੰ ਪਤਾ ਹੈ ਕਿ ਮੈਂ ਭੁੱਖਾ ਮਰ ਜਾਵਾਂਗਾ, ਪਰ ਫੇਰ ਵੀ ਮੈਂ ਤੁਹਾਡੀ ਟੀਊਸ਼ਨ ਨਹੀਂ ਪੜ੍ਹਾ ਸਕਦਾ। ਮੇਰੀ ਸਾਲਾਂ ਦੀ ਬਣੀ ਇੱਜ਼ਤ ਤੁਸੀਂ ਤਬਾਹ ਕਰਨਾ ਚਾਹੁੰਦੇ ਹੋ ਤੇ ਰੋਟੀਓਂ ਆਤਰ ਮਾਰਨਾ ਚਾਹੁੰਦੇ ਹੋ।'

"ਉਦੋਂ ਮੇਰੀ ਇੱਜ਼ਤ ਪਿਆਰ ਦੇ ਰਾਹ ਵਿਚ ਰੋਕ ਬਣੀ, ਹੁਣ ਉਹੋ ਬਿਮਾਰੀ ਤੁਹਾਨੂੰ ਆ ਚੰਬੜੀ ਹੈ ? ਮੈਂ ਇਸ ਜਨਮ ਵਿਚ ਕਦੇ ਨਾਕਾਮ ਨਹੀਂ ਹੋਣਾ ਚਾਹੁੰਦੀ।'

"ਕਿਹਾ ਜਨਮ ? ਕਿਹੜਾ ਜਨਮ ? ਕੀਹਦਾ ਜਨਮ ?' ਕਰਦਾ ਕਰਦਾ ਮਾਸਟਰ ਉਠਿਆ ਤੇ ਪਾਗਲਾਂ ਵਾਂਗ ਬਾਹਰ ਤੁਰ ਗਿਆ।"

* * *

"ਕੁੜੀ ਦੀ ਸਾਰੀ ਰਾਤ ਤੱਲੋ-ਮੱਛੀ ਹੋ ਕੇ ਬੀਤੀ ਸੀ। ਸਵੇਰੇ ਉਹ ਕਾਲਜ ਨਾ ਗਈ। ਮਾਸਟਰ ਹੋਰੀਂ ਵਕਤ ਸਿਰ ਨਾ ਬਹੁੜੇ। ਸੇਠ ਸਾਹਿਬ ਸ਼ਾਮੀ ਕਲਕੱਤਿਓਂ ਆ ਗਏ। ਕੁੜੀ ਨੇ ਆਪਣੇ ਪਿਤਾ ਕੋਲੋਂ ਪਿਆਰ ਨਾਲ ਮਾਸਟਰ ਦਾ ਪਤਾ ਪੁੱਛ ਲਿਆ। ਉਸ ਵੇਲੇ ਕਾਰ ਲੈ ਕੇ ਉਹ ਮਾਸਟਰ ਦੇ ਘਰ ਪਹੁੰਚੀ। ਘਰ ਵਾਲਿਆਂ ਕੋਲੋਂ ਪਤਾ ਲਿਆ। ਉਨ੍ਹਾਂ ਕਿਹਾ, 'ਕਲ੍ਹ ਸ਼ਾਮ ਦੇ ਬਿਮਾਰ ਸਨ। ਹੁਣ ਤਕ ਕੁਝ ਖਾਧਾ ਪੀਤਾ ਨਹੀਂ ਸੀ। ਅੱਜ ਤੇ ਪੜ੍ਹਾਉਣ ਵੀ ਨਹੀਂ ਸਨ ਗਏ। ਆਹ, ਹੁਣੇ ਸਾਡਾ ਕਿਰਾਇਆ ਛੇ ਦਿਨ ਪਹਿਲੋਂ ਹੀ ਅਦਾ ਕਰ ਕੇ ਥੱਲੇ ਉਤਰੇ ਨੇ। ਬੜੇ ਭਲੇ ਪੁਰਸ਼ ਨੇ। ਔਹ ਉਨ੍ਹਾਂ ਦੇ ਦੋਵੇਂ ਕਮਰੇ ਨੇ।'

"ਕੁੜੀ ਨੇ ਹੋਰ ਕੁਝ ਨਾ ਸੁਣਿਆ ਤੇ ਥੱਲੇ ਉਤਰੀ। ਗਲੀ ਦੇ ਬੂਹੇ ਉੱਤਲੀ ਦੁਕਾਨ ਤੋਂ ਪੁੱਛਿਆ। ਦੁਕਾਨ ਵਾਲੇ ਨੇ ਕਿਹਾ, 'ਅਕਸਰ ਇਸ ਵੇਲੇ ਜਮਨਾ ਸੈਰ ਕਰਨ ਨਿਕਲ ਜਾਇਆ ਕਰਦੇ ਹਨ।'

"ਇਕ ਹੋਰ ਆਦਮੀ ਕਹਿਣ ਲੱਗਾ, 'ਕਿਸ ਨੂੰ ਲੱਭਦੇ ਨੇ ? ਮਾਸ਼ਟਰ ਸਾਹਿਬ ਨੂੰ? ਉਹ ਟਾਂਗੇ 'ਤੇ ਮੈਨੂੰ ਜਮਨਾ ਵਾਲੀ ਸੜਕ 'ਤੇ ਮਿਲੇ ਸਨ, ਕੋਈ ਅੱਧਾ ਘੰਟਾ ਹੋ ਗਿਐ।'

"ਤੀਵੀਆਂ ਦਾ ਹੁਣੇ ਵੀ ਅਧੇ ਘੰਟੇ ਦਾ ਹੁੰਦਾ ਹੈ', ਕਹਿੰਦੀ ਕਹਿੰਦੀ ਕੁੜੀ ਕਾਰ ਵਿਚ ਜਾ ਬੈਠੀ ਤੇ ਸਟਾਰਟ ਕਰ ਕੇ, ਉਸੇ ਨੂੰ ਚਾਲੇ ਪਾ ਕੇ ਟਾਪ-ਸਪੀਡ ਤੇ ਦੁੜਾਉਣਾ ਸ਼ੁਰੂ ਕੀਤਾ। ਮਿੰਟਾਂ ਵਿਚ ਉਹ ਜਮਨਾ-ਘਾਟ 'ਤੇ ਪਹੁੰਚੀ। ਆਪਣੇ ਬੂਟ ਕਾਰ ਵਿਚ ਲਾਹ ਕੇ, ਉਹ ਪੌੜੀਆਂ ਉਤਰਦੀ ਪਾਣੀ ਦੀ ਸਤਹ ਤਕ ਪਹੁੰਚੀ। ਦੂਜ ਦੇ ਚੰਦ ਦਾ ਬੇ-ਮਲੂਮ ਚਾਨਣ ਬੱਦਲਾਂ ਦੇ ਟੋਟਿਆਂ ਵਿਚ ਗੁੰਮ ਹੁੰਦਾ ਜਾਂਦਾ ਸੀ। ਇਕ ਪੌੜੀ 'ਤੇ ਮਾਸਟਰ ਦੇ ਕਪੜੇ ਪਏ ਸਨ। ਇਕ ਬੰਦਾ ਪਾਣੀ ਵਿਚੋਂ ਨਿਕਲਿਆ। ਕੁੜੀ ਨੂੰ ਮਾਸਟਰ ਦਾ ਭੁਲੇਖਾ ਪਿਆ, ਪਰ ਝਟ ਹੀ ਉਹ ਕੋਈ ਹੋਰ ਸਾਬਤ ਹੋਇਆ। ਕੁੜੀ ਨੇ ਉਸ ਨੂੰ ਪੁੱਛਿਆ, 'ਇਨ੍ਹਾਂ ਕਪੜਿਆਂ ਵਾਲਾ ਕਿੱਥੇ ਹੈ ?'

"ਹੁਣੇ ਤੇ ਉਸ ਮੇਰੇ ਨਾਲ ਚੁੱਭੀ ਮਾਰੀ ਸੀ', ਉਸ ਬੁੱਢੇ ਪੰਡਤ ਨੇ ਠਰੂੰ ਠਰੂੰ ਕਰਦਿਆਂ ਕਿਹਾ, ਜੋ ਮੰਦਰ ਦੀ ਪੂਜਾ ਲਈ ਹਾੜ-ਸਿਆਲ ਨਿੱਤ ਇਸ ਵੇਲੇ ਨਹਾਇਆ ਕਰਦਾ ਸੀ।

"ਕੁੜੀ ਉਡੀਕਦੀ ਰਹੀ। ਕੋਈ ਬਾਹਰ ਨਾ ਆਇਆ। ਆਖ਼ਰ ਕੁੜੀ ਦੀਆਂ ਚੀਕਾਂ ਨਿਕਲ ਗਈਆਂ। ਲੋਕੀਂ ਇਕੱਠੇ ਹੋ ਗਏ। ਸੇਠ ਸਾਹਿਬ ਨੂੰ ਸੱਦ ਕੇ ਲਿਆਂਦਾ ਗਿਆ। ਪਰ ਕੁੜੀ ਰੋਈ ਜਾ ਰਹੀ ਸੀ। ਸੇਠ ਲਈ ਮਾਸਟਰ ਦੀ ਮੌਤ ਮਮੂਲੀ ਗੱਲ ਸੀ, ਪਰ ਧੀ ਪਲ ਪਲ ਪਿਛੋਂ ਬਿਹੋਸ਼ ਹੋਈ ਜਾਂਦੀ ਸੀ। ਧੀ ਦੀ ਜਾਨ ਦੀ ਸੁੱਖ ਲਈ ਹਜ਼ਾਰਾਂ ਰੁਪਈਏ ਮਾਸਟਰ ਦੀ ਲਾਸ਼ ਲੱਭਣ ਲਈ ਖ਼ਰਚ ਕੀਤੇ ਗਏ, ਪਰ ਲਾਸ਼ ਨਾ ਲੱਭੀ।"

ਪ੍ਰੋਫ਼ੈਸਰ ਚੁੱਪ ਹੋ ਗਿਆ ਤੇ ਥੋੜ੍ਹੇ ਚਿਰ ਮਗਰੋਂ ਫਿਰ ਬੋਲਿਆ, "ਇਹ ਕਹਾਣੀ ਮੈਂ ਇਕੱਲਾ ਕਦੇ ਨਹੀਂ ਸੀ ਲਿਖ ਸਕਦਾ, ਇਹ 'ਕਿਸੇ' ਦੀ ਮਦਦ ਨਾਲ ਕੱਲ੍ਹ ਲਿਖੀ ਗਈ ਹੈ।"

"ਕੀ ਕਹਾਣੀ ਖ਼ਤਮ ਹੋ ਗਈ ?" ਉਸ ਕੁੜੀ ਨੇ ਉੱਠ ਕੇ ਕਿਹਾ, ਜੋ ਪਰਸੋਂ ਉਸ ਹਿੰਦੁਸਤਾਨੀ ਕੁੜੀ ਬਾਰੇ ਮੁੰਡਿਆਂ-ਕੁੜੀਆਂ ਨੂੰ ਕੁਝ ਦੱਸ ਰਹੀ ਸੀ।

"ਹਾਂ", ਪ੍ਰੋਫ਼ੈਸਰ ਨੇ ਜ਼ੋਰ ਨਾਲ ਕਿਹਾ, "ਇਹ ਛੋਟੀ ਕਹਾਣੀ ਹੈ, ਇਸਦਾ ਅੰਤ ਇਹੋ ਜਿਹਾ ਹੀ ਹੁੰਦਾ ਹੈ, ਕੁਮਾਰੀ।"

ਜਨਤਾ ਵਿਚੋਂ ਇਕ ਮਸ਼ਹੂਰ ਮਹਾਂ-ਪੁਰਸ਼ ਨੇ ਉਠ ਕੇ ਕਿਹਾ, "ਪ੍ਰੋਫ਼ੈਸਰ ਸਾਹਿਬ, ਵਾਸਤਵਿਕਤਾ ਅਗਲੇ ਹਿੱਸੇ ਦੀ ਮੰਗ ਕਰਦੀ ਹੈ।" ਤੇ ਉਸ ਨੇ ਪ੍ਰੋਫ਼ੈਸਰ ਵਲ ਭੇਤ ਭਰੀ ਨਜ਼ਰ ਨਾਲ ਦੇਖਿਆ।

ਪ੍ਰੋਫ਼ੈਸਰ ਨੇ ਕਿਹਾ, "ਤੁਸੀਂ ਮੇਰੇ ਅਸਤੀਫ਼ੇ ਦਾ ਕਾਰਨ ਪੁੱਛ ਕੇ ਹੀ ਛੱਡੋਗੇ। ਅੱਛਾ! ਬਾਕੀ ਦੀ ਕਹਾਣੀ ਕੱਲ੍ਹ ਪਹਿਲੀ ਟਰਮ ਦੇ ਵਿਦਿਆਰਥੀਆਂ ਨੇ ਕਲਾਸ ਵਿਚ ਐਕਟ ਹੁੰਦੀ ਦੇਖੀ ਹੈ ਤੇ ਮੈਂ ਕਵਿਤਾ ਕੁਮਾਰੀ ਨਾਲ ਹਿੰਦੁਸਤਾਨ ਜਾ ਰਿਹਾ ਹਾਂ।"

ਹਾਲ ਤਾੜੀਆਂ ਨਾਲ ਗੂੰਜ ਉਠਿਆ।

ਚਿੱਠੀ ਦੀ ਉਡੀਕ

ਹਾਲੀ ਤਕ ਚਿੱਠੀ-ਰਸਾਨ ਨਹੀਂ ਆਇਆ, ਕਮਬਖ਼ਤ ! ਪਤਾ ਨਹੀਂ ਕਿਹੋ ਜਹੇ ਆਦਮੀ ਲਾ ਦਿੰਦੇ ਨੇ ਪੋਸਟਮੈਨ, ਜਿਨ੍ਹਾਂ ਨੂੰ ਵਕਤ ਸਿਰ ਚਿੱਠੀ ਪਹੁੰਚਾਉਣੀ ਵੀ ਨਹੀਂ ਆਉਂਦੀ। ਇਹ ਲੋਕ ਆਪਣੀ ਜ਼ਿਮੇਵਾਰੀ ਨੂੰ ਮਹਿਸੂਸ ਨਹੀਂ ਕਰਦੇ। ਵਲੈਤ ਦੇ ਚਿੱਠੀ-ਰਸਾਨ ਕਿੱਡੇ ਸਿਆਣੇ ਹਨ। ਪਤੇ ਦੀ ਥਾਂ ਪਤੇ ਵਾਲੇ ਦੀ ਫ਼ੋਟੋ ਲਿਫ਼ਾਫ਼ੇ 'ਤੇ ਲਾ ਦਿਓ ਤੇ ਸ਼ਹਿਰ ਦਾ ਨਾਂ ਲਿਖ ਦਿਓ, ਵਕਤ ਸਿਰ ਡਾਕ ਪਹੁੰਚ ਜਾਏਗੀ। ਅਸਲ ਵਿਚ ਡਾਕ ਦਾ ਮਹਿਕਮਾ ਬੜਾ ਕੰਮ ਦਾ ਮਹਿਕਮਾ ਹੈ। ਜਦ ਡਾਕ ਨਹੀਂ ਸੀ ਹੁੰਦੀ, ਚਿੱਠੀਆਂ ਰਾਹੀਂ ਮੁਲਾਕਾਤਾਂ ਨਾਮੁਮਕਿਨ ਸਨ। ਡਾਕਖ਼ਾਨੇ ਦਾ ਪ੍ਰਬੰਧ ਕਮਾਲ ਹੈ। ਕਿਸ ਤਰ੍ਹਾਂ ਡਾਕ-ਬਾਬੂ ਆਪੋ ਆਪਣੇ ਕੰਮਾਂ 'ਤੇ ਸ਼ਹਿਤ ਦੀਆਂ ਮੱਖੀਆਂ ਵਾਂਗ ਲੱਗੇ ਹੁੰਦੇ ਹਨ। ਇਹ ਮਹਿਕਮਾ ਪਿੰਡ ਪਿੰਡ ਵਿਚ ਫੈਲਿਆ ਹੋਇਆ ਹੈ। ਪੋਸਟਮੈਨ ਵੀ ਕਿੱਡੇ ਚੰਗੇ ਹੁੰਦੇ ਹਨ, ਸਾਡੀਆਂ ਚਿੱਠੀਆਂ ਸਾਨੂੰ ਪਹੁੰਚਾ ਦਿੰਦੇ ਹਨ। ਅੱਗੇ ਪਿੱਛੇ ਦੀ ਕੀ ਗੱਲ ਹੈ! ਚਿੱਠੀਆਂ ਬਹੁਤੀਆਂ ਹੋਈਆਂ, ਜ਼ਰਾ ਦੇਰ ਲਗ ਗਈ; ਥੋੜ੍ਹੀਆਂ ਹੋਈਆਂ, ਛੇਤੀ ਆ ਗਏ। ਕਾਰਡ ਲਿਫ਼ਾਫ਼ਾ ਕਿਹੜਾ ਰਜਿਸਟਰ ਹੋਇਆ ਹੁੰਦਾ ਹੈ, ਜੇ ਨਾ ਪਹੁੰਚਾਉਣ ਤਾਂ ਅਸੀਂ ਕੀ ਕਰ ਸਕਦੇ ਹਾਂ ? ਬੜੇ ਦਿਆਨਤਦਾਰ ਹੁੰਦੇ ਨੇ ਇਹ। ਪਰ ਮੇਰੀ ਚਿੱਠੀ ਕਿਉਂ ਨਹੀਂ ਆਈ ਹਾਲੀ ਤਕ ? ਚਿੱਠੀ ਕੱਲ੍ਹ ਪਹੁੰਚਣੀ ਚਾਹੀਦੀ ਸੀ। ਅੱਛਾ ਅੱਜ ਹੀ ਆ ਜਾਂਦੀ। ਅੱਜ ਜ਼ਰੂਰ ਹੀ ਆਏਗੀ। ਪਹਿਲੀ ਡਾਕ ਨੌਂ ਵਜੇ ਆਉਂਦੀ ਹੈ। ਹੁਣ ਯਾਰਾਂ ਵਜਣ ਵਿਚ ਤਿੰਨ ਮਿੰਟ ਹਨ। ਮੈਂ ਦਫ਼ਤਰ ਜਾਣੋਂ ਕਿਉਂ ਬੈਠਾ ਹਾਂ ? ਮੂਰਖ, ਅੱਜ ਤਾਂ ਐਤਵਾਰ ਹੈ। ਜੇ ਕੋਈ ਮੇਰੀ ਮੂਰਖਤਾ ਸੁਣੇ ਤਾਂ ਕੀ ਆਖੇ ! ਤਾਂ ਹੀ ਪੋਸਟਮੈਨ ਹਾਲੀ ਤਕ ਨਹੀਂ ਆਇਆ, ਐਤਵਾਰ ਇਕੋ ਡਾਕ ਆਉਂਦੀ ਹੈ ਨਾ, ਯਾਰ੍ਹਾਂ ਵਜੇ। ਵਕਤ ਸਿਰ ਜ਼ਰੂਰ ਡਾਕੀਆ ਆ ਜਾਏਗਾ।

ਪਰਸੋਂ ਚਿੱਠੀ ਲਿਖੀ ਹੋਵੇਗੀ ਸੋਭਾਂ ਨੇ। ਸੋਭਾਂ ਭਲਾ ਕੀ ਨਾਂ ਹੋਇਆ ? ਸੁਭੱਦਰਾਂ; ਸੁਭੱਦਰਾਂ, ਕ੍ਰਿਸ਼ਨ ਜੀ ਦੀ ਭੈਣ, ਅਰਜਨ ਦੀ ਦੂਸਰੀ ਸੁਪਤਨੀ। ਅਰਜਨ ਕੇਡਾ ਬਲੀ ਸੀ, ਤੇ ਆਹਾ ! ਕਿੱਡਾ ਤੀਰ-ਅੰਦਾਜ਼, ਪਰ ਮੈਂ ਅਰਜਨ ਨਹੀਂ, ਸੋਭਾਂ ਸੁਭੱਦਰਾਂ ਨਹੀਂ। ਮੈਂ ਸੋਭਾਂ ਨੂੰ ਵਿਆਹ ਕੇ ਆਂਦਾ ਹੈ, ਅਰਜਨ ਵਾਂਗ ਕੱਢ ਕੇ ਨਹੀਂ। ਅਰਜਨ ਤੇ ਸੁਭੱਦਰਾਂ ਦਾ ਪਿਆਰ ਪਹਿਲੋਂ ਜ਼ਰੂਰ ਹੋਵੇਗਾ, ਪਰ ਅਸੀਂ ਇਕ ਦੂਸਰੇ ਨੂੰ ਜਾਣਨਾ ਤੇ ਕਿਤੇ ਰਿਹਾ ਸ਼ਕਲ ਦੇ ਵਾਕਫ਼ ਵੀ ਨਹੀਂ ਸਾਂ। ਪਿਆਰ ਤੋਂ ਬਿਨਾਂ ਕੌਣ ਕਿਸੇ ਨਾਲ ਨਿਕਲਦਾ ਹੈ ? ਵਿਸ਼ੇ-ਵਾਸ਼ਨਾ ਤਾਂ ਖ਼ੁਦਗਰਜ਼ੀ ਹੁੰਦੀ ਹੈ, ਦੋਹਾਂ ਪਾਸਿਆਂ ਦੀ। ਕਿੱਡੇ ਘਟੀਆ ਆਦਮੀ ਹਨ, ਜੋ ਇਸ ਵਾਸਤੇ ਨਿਕਲ ਤੁਰਦੇ ਹਨ। ਪਿਆਰ ! ਪਿਆਰ !! ਇਹ ਇਕ ਸੁਰਗੀ ਸ਼ੈ ਹੈ, ਸਾਰਿਆਂ ਜਜ਼ਬਿਆਂ ਦਾ ਮੁੱਢ, ਉੱਚੇ ਖ਼ਿਆਲਾਂ

ਦਾ ਸੰਚਾਲਕ। ਮੈਂ ਵੀ ਤਾਂ ਸੋਭਾਂ ਨੂੰ ਪਿਆਰ ਕਰਦਾ ਹਾਂ ਤੇ ਉਹ ਵੀ...ਪਰ ਉਸ ਕਦੇ ਮੂੰਹੋਂ ਤੇ ਨਹੀਂ ਕਿਹਾ ਕਿ ਮੈਂ ਤੁਹਾਨੂੰ ਪਿਆਰ ਕਰਦੀ ਹਾਂ। ਪਰ ਉਹ ਪਿਆਰ ਜ਼ਰੂਰ ਕਰਦੀ ਹੈ। ਕੀ ਹੋਇਆ ਜੇ ਉਹ ਕਹਿੰਦੀ ਨਹੀਂ। ਕਹਿਣ ਕੋਲੋਂ ਕਰਨਾ ਕਿਤੇ ਵਧ ਕੇ ਹੈ। ਪਰ ਦੂਸਰੇ ਪਾਸੇ ਕਹਿੰਦੇ ਹਨ ਕਿ ਸਾਹਿਤਕ ਅਵਸਥਾ ਦਾ ਮਨ ਵਿਚ ਪੈਦਾ ਹੋਣਾ ਸਾਹਿਤ ਨਹੀਂ, ਉਸ ਦਾ ਪ੍ਰਕਾਸ਼ ਵੀ ਹੋਣਾ ਚਾਹੀਦਾ ਹੈ। ਉਹ ਪਿਆਰ ਕੀ ਹੋਇਆ ਜੋ ਸ਼ਬਦਾਂ ਵਿਚ ਜ਼ਾਹਰ ਨਹੀਂ ਹੁੰਦਾ ? ਸੁਰਮੇ ਨਾਲ ਸਜੀ ਅੱਖ ਕਿਸ ਕੰਮ, ਜੇ ਮਟਕਾਉਣੀ ਹੀ ਨਾ ਆਈ ? ਫਿਰ ਮੈਂ ਕਿਨ੍ਹਾਂ ਖ਼ਿਆਲਾਂ ਵਿਚ ਪੈ ਗਿਆ ਹਾਂ ? ਮੈਂ ਸ਼ਹਿਰ ਵਿਚ ਮਟਕਾਉਣ ਵਾਲੀਆਂ ਦੇ ਹਾਲ ਨਹੀਂ ਦੇਖੇ ? ਉਹ ਪਿਆਰ ਦੀ ਬਾਹਰਲੀ ਸ਼ਕਲ ਬਹੁਰੂਪੀਆਂ ਵਾਂਗ ਧਾਰ ਲੈਂਦੀਆਂ ਹਨ। ਕੀ ਫ਼ਰਕ ਹੈ ਉਨ੍ਹਾਂ ਦਾ ਤੇ ਬਜ਼ਾਰੀ ਤੀਵੀਆਂ ਦਾ ? ਨਿਰਾ ਪਿਆਰ ਦਾ ਦਿਖਾਵਾ ! ਪਿਆਰ ਨੂੰ ਤਾਂ ਉਹ ਲਾਗੇ ਨਹੀਂ ਫਟਕਣ ਦਿੰਦੀਆਂ। ਸਾੜ੍ਹੀਆਂ ਬੰਨ੍ਹ ਕੇ ਮੁੰਡਿਆਂ ਵਾਂਗ ਕਾਲਜਾਂ ਨੂੰ ਤੁਰੀਆਂ ਜਾਂਦੀਆਂ ਹਨ। ਕੋਟ, ਟਾਈ ਤੋਂ ਬਿਨਾਂ ਤੇ ਇਹ ਜਵਾਹਰ ਲਾਲ ਦੀ ਵੀ ਪਰਵਾਹ ਨਾ ਕਰਨ, ਜੇ ਇਨ੍ਹਾਂ ਉਸ ਦੀ ਮੂਰਤ ਬਜ਼ਾਰਾਂ ਵਿਚ ਨਾ ਲੱਗੀ ਦੇਖੀ ਹੋਵੇ। ਇਨ੍ਹਾਂ ਵਿਚੋਂ ਇਸਤ੍ਰੀ-ਮਨ ਉੱਡਦਾ ਜਾ ਰਿਹਾ ਹੈ। ਉਹ ਕੋਮਲਤਾ, ਜੋ ਪਿਆਰ ਨੇ ਇਨ੍ਹਾਂ ਦੇ ਦਿਲ ਨੂੰ ਦਿੱਤੀ ਸੀ, ਹੁਣ ਕਿੱਥੇ ਹੈ। ਉਸ ਸ਼ਾਇਰ ਨੇ ਉਸ ਦਿਨ ਠੀਕ ਕਿਹਾ ਸੀ:

'ਕਲੀਆਂ ਨੂੰ ਸਿਖਾਇਆ ਜਾ ਰਿਹਾ ਹੈ ਸੰਗ-ਦਿਲ ਹੋਣਾ।'

ਮੇਰੀ ਸੋਭਾਂ ਸੰਗ-ਦਿਲ ਨਹੀਂ। ਉਹ ਜੇ ਹਰ ਆਦਮੀ ਨੂੰ ਪਿਆਰ ਨਹੀਂ ਕਰਦੀ ਤਾਂ ਨਫ਼ਰਤ ਵੀ ਤਾਂ ਨਹੀਂ ਕਰਦੀ। ਸੱਚੀ-ਮੁੱਚੀ ਉਹ ਤਾਂ ਲੁਕਵੀਂ ਕਵਿਤਾ ਹੈ। ਉਸ ਦਿਨ, ਜਦ ਮੈਂ ਛੁੱਟੀਆਂ 'ਤੇ ਗਿਆ ਹੋਇਆ ਸਾਂ ਤੇ ਅਸੀਂ ਤੜਕੇ ਬਾਹਰ ਨਿਕਲੇ ਸਾਂ, ਕਿਵੇਂ ਨਰਮ ਗਾਚੇ ਵਿਚੋਂ ਸਬਜ਼ੀ ਦੀ ਸੁਗੰਧ ਨੂੰ ਅਸਾਂ ਇਕੱਠਿਆਂ ਮਹਿਸੂਸਿਆ ਸੀ, ਕਿਵੇਂ ਸਾਡੇ ਸੀਨੇ ਉਭਰੇ ਸਨ, ਕਿਸ ਤਰ੍ਹਾਂ ਉਹ ਮੇਰੇ ਚਿਹਰੇ ਵੱਖ ਦੇਖੀ ਹੀ ਜਾਂਦੀ ਸੀ। ਉਸ ਮੇਰੇ ਪੁੱਛਣ 'ਤੇ ਕੁਝ ਨਹੀਂ ਸੀ ਦੱਸਿਆ, ਪਰ ਉਹ ਅਸਲ ਪਿਆਰ ਸੀ। ਉਸ ਦੀ ਨਜ਼ਰ ਮੇਰੇ ਦਿਲ ਨੂੰ ਤੇਜ਼ ਹਰਕਤ ਦੇਂਦੀ ਹੈ। ਉਹ ਮੇਰੇ ਜੀਵਨ ਦੇ ਕਾਫ਼ਲੇ ਨੂੰ ਤੋਰਦੀ ਹੈ, ਭਾਵੇਂ ਉਸ ਨੂੰ ਮੈਂ ਅਰਜਨ ਵਾਂਗ ਕੱਢ ਕੇ ਨਹੀਂ ਆਂਦਾ।

ਉਹ ਆਪਣੇ ਆਪ ਨੂੰ, ਆਪਣੇ ਪਿਆਰ ਨੂੰ ਬੋਲ ਕੇ ਕਦੇ ਜ਼ਾਹਰ ਨਹੀਂ ਕਰਦੀ। ਪਰ ਲਿਖ ਕੇ ਵੀ ਕਦ ਕਰਦੀ ਹੈ ? ਚਿੱਠੀ ਵਿਚ ਕੀ ਲਿਖਿਆ ਹੁੰਦਾ ਹੈ : ਲਿਖਤਮ ਸੋਭਾਂ, ਪੜ੍ਹਤਮ ਬਾਊ ਜੀ। ਹੋਰ ਲਿਖਿਆ ਹੁੰਦਾ ਹੈ : ਖ਼ਰਚ ਭੇਜੋ, ਕੋਠੇ ਦੀ ਛੱਤ ਡਿਗਣ ਵਾਲੀ ਹੈ। ਜਾਂ : ਕਾਕਾ ਬੀਮਾਰ ਸੀ, ਹੁਣ ਤਕੜਾ ਹੈ। ਤੇ ਕਦੇ ਕਦੇ : ਕਾਕਾ ਤੁਹਾਨੂੰ ਯਾਦ ਕਰਦਾ ਹੈ। ਪਰ ਫਿਰ ਵੀ ਮੈਂ ਉਸ ਚਿੱਠੀ ਬਿਨਾਂ ਬਿਹਬਲ ਹੋ ਰਿਹਾ ਹਾਂ। ਖ਼ਬਰੇ ਉਨ੍ਹਾਂ ਸ਼ਬਦਾਂ ਵਿਚ ਕੀ ਰਹੱਸਮਈ ਤਾਕਤ ਹੁੰਦੀ ਹੈ। ਸੋਭਾਂ ਮੇਰੇ ਸਾਹਮਣੇ ਤਾਂ ਕਦੇ ਲਿਖਦੀ ਨਹੀਂ। ਖ਼ਬਰੇ ਚਿੱਠੀ ਦੀਆਂ ਸਤਰਾਂ ਲਿਖਣ ਵਾਸਤੇ ਉਹ ਸਾਰਾ ਸਾਰਾ ਦਿਨ ਲਾ ਦਿੰਦੀ ਹੋਵੇਗੀ। ਉਸ ਦਾ ਲਿਖਿਆ ਮੈਂ ਹੀ ਪੜ੍ਹ ਸਕਦਾ ਹਾਂ, ਹੋਰਨਾਂ ਲਈ ਤਾਂ ਉਹ ਕੀ ਕਹਿੰਦੇ ਨੇ ਅੰਗਰੇਜ਼ੀ ਵਿਚ—ਲਾਤੀਨੀ ਜਾਂ ਯੂਨਾਨੀ ਹੀ ਹੈ।

ਪਿਛਲੀ ਚਿੱਠੀ ਉਸ ਨੇ ਪਤਾ ਨਹੀਂ ਕਿਸ ਤੋਂ ਲਿਖਾਈ ? ਕਿਸੇ ਆਦਮੀ ਕੋਲੋਂ

ਤਾਂ ਉਹ ਲਿਖਾਉਣੋਂ ਰਹੀ। ਓਹ ਹੋ ! ਸਾਡੇ ਕਸਬੇ ਵਿਚ ਕੁੜੀਆਂ ਦਾ ਸਕੂਲ ਖੁਲ੍ਹਣਾ ਸੀ। ਕਿਸੇ ਮਾਸਟਰਾਣੀ ਨੇ ਸਾਡਾ ਕੋਈ ਕਮਰਾ ਕਿਰਾਏ ਲਿਆ ਹੋਵੇਗਾ। ਪਰ ਜੇ ਉਸ ਕਿਰਾਏ ਲਿਆ ਹੁੰਦਾ ਤਾਂ ਸੋਭਾਂ ਜ਼ਰੂਰ ਮੈਨੂੰ ਲਿਖਦੀ। ਗੁਆਂਢ ਵਿਚ ਕਿਤੇ ਲੈ ਲਿਆ ਹੋਵੇਗਾ। ਉਹ ਜ਼ਰੂਰ ਕਿਸੇ ਉਸਤਾਨੀ ਦੀ ਲਿਖਤ ਸੀ। ਕਿੱਡੀ ਸਾਫ਼, ਸੁਥਰੀ ਤੇ ਸੁੰਦਰ ਲਿਖਾਈ ਸੀ, ਤੇ ਚਿੱਠੀ ਵੀ ਨਵੇਂ ਢੰਗ ਦੀ ਲਿਖੀ ਹੋਈ ਸੀ। ਉੱਤੇ ਪਿੰਡ ਦਾ ਨਾਂ, ਅੰਗਰੇਜ਼ੀ ਤਰੀਕ, ਅੱਗੇ 'ਪ੍ਰਾਣ-ਪਤੀ ਜੀ' ਤੇ ਥੱਲੇ 'ਆਪ ਦੀ ਚਰਨ ਦਾਸੀ'। ਮਜ਼ਮੂਨ ਕਿੱਡਾ ਸੁਥਰਾ ਸੀ।

ਮਲੂਮ ਹੁੰਦਾ ਸੀ, ਮਾਸਟਰਾਣੀ ਨੇ ਸੋਭਾਂ ਦੇ ਦਿਲ ਵਿਚ ਵੜ ਕੇ ਲਿਖਿਆ ਹੁੰਦਾ ਹੈ। ਸੋਭਾਂ ਕਿਸੇ ਨੂੰ ਆਪਣਾ ਦਿਲ ਖੋਲ੍ਹ ਕੇ ਨਹੀਂ ਦੱਸ ਸਕਦੀ। ਉਸ ਦੇ ਵਿਚ ਦੱਸਣ ਤੋਂ ਕਿਸੇ ਵਧ ਪਿਆਰ ਹੈ। ਉਸਤਾਨੀ ਨੇ ਕਿਉਂ ਇਸ ਤਰ੍ਹਾਂ ਚਿੱਠੀ ਲਿਖੀ ? ਕੀ ਉਹ ਆਪਣੇ ਮਨੋਂ ਜੋੜ ਜੋੜ ਕੇ ਗੱਲਾਂ ਲਿਖਦੀ ਰਹੀ ਹੈ ? ਜੇ ਇਹ ਗੱਲ ਹੈ ਤਾਂ ਉਸਤਾਨੀ ਬੜੀ ਜਜ਼ਬੇ ਵਾਲੀ ਕੁੜੀ ਹੋਵੇਗੀ। ਕੁੜੀ ਕਿਉਂ ? ਜ਼ਰੂਰ ਕੁੜੀ ਹੀ ਹੋਵੇਗੀ। ਪੁਰਾਣੀਆਂ ਉਸਤਾਨੀਆਂ ਨੂੰ ਨਵਾਂ ਲਿਖਣ-ਢੰਗ ਕਿਵੇਂ ਆ ਸਕਦਾ ਹੈ ? ਮੇਰਾ ਅੰਦਰਲਾ ਕਹਿੰਦਾ ਹੈ ਕਿ ਉਹ ਜ਼ਰੂਰ ਕੁੜੀ ਹੋਵੇਗੀ। ਉਹ ਰੰਗ ਦੀ ਗੋਰੀ ਨਹੀਂ ਹੋ ਸਕਦੀ। ਉਹ ਕਾਲੀ ਹੋਵੇਗੀ। ਸੋਭਾਂ ਦੀ ਸੁੰਦਰਤਾ ਵਿਚ ਉਹ ਕਦੇ ਮੁਕਾਬਲਾ ਨਹੀਂ ਕਰ ਸਕਦੀ। ਨਾਲੇ ਗੋਰੀਆਂ ਕੁੜੀਆਂ ਨੂੰ ਹਾਲੀ ਘੱਟ ਹੀ ਪੜ੍ਹਾਉਂਦੇ ਹਨ। ਕਾਲੀਆਂ ਕੁੜੀਆਂ ਨੂੰ ਹੀ ਵਿਦਿਆ ਦਾ ਬਣਾਉਟੀ ਰੰਗ ਦਿੱਤਾ ਜਾਂਦਾ ਹੈ। ਉਹ ਕੁੜੀ, ਕੁੜੀ ਹੀ ਹੈ; ਵਿਆਹੀ ਹੋਈ ਨਹੀਂ। ਉਸ ਦੇ ਸੰਬੰਧੀਆਂ ਵਿਚੋਂ ਕੋਈ ਜ਼ਰੂਰ ਉਸ ਦੇ ਨਾਲ ਆਇਆ ਹੋਵੇਗਾ। ਉਹ ਕਿਤੇ ਕੋਈ ਵਿਧਵਾ ਨਾ ਹੋਵੇ ! ਪਰ ਮੈਂ ਤਾਂ ਉਸ ਨੂੰ ਕੁਆਰੀ ਕੁੜੀ ਹੀ ਮੰਨਾਂਗਾ, ਭਾਵੇਂ ਇਸ ਨੂੰ ਦਲੀਲ ਮੰਨੇ ਜਾਂ ਨਾ ਮੰਨੇ।

ਅੱਜ ਫਿਰ ਉਸ ਦੇ ਹੱਥ ਦੀ ਲਿਖੀ ਚਿੱਠੀ ਆਵੇਗੀ। ਇਹ ਗੱਲ ਠੀਕ ਹੈ ਕਿ ਮੈਂ ਪਿਛਲੀ ਚਿੱਠੀ ਸੋਭਾਂ ਨੂੰ ਹੀ ਲਿਖੀ ਹੈ ਤੇ ਬੜੀ ਭਾਵ-ਪੂਰਤ ਚਿੱਠੀ ਲਿਖੀ ਹੈ। ਸੁਆਦੀ ਚਿਠੀ ਦੇ ਉੱਤਰ ਦੇਣ ਦਾ ਵੀ ਸੁਆਦ ਆ ਜਾਂਦਾ ਹੈ। ਸੋਭਾਂ ਤਾਂ ਕਹੇਗੀ, ਖ਼ਬਰੇ ਮੇਰੇ ਪਤੀ ਨੂੰ ਕੀ ਹੋ ਗਿਆ ਹੈ। ਭਾਵੇਂ ਉਹ ਮੇਰੀ ਸੁੱਥਰੀ ਲਿਖਾਈ ਅਟਕ ਅਟਕ ਕੇ ਆਪ ਵੀ ਪੜ੍ਹ ਹੀ ਲਵੇਗੀ। ਪਰ ਜੋ ਗੱਲਾਂ ਮੈਂ ਉਸ ਨੂੰ ਲਿਖੀਆਂ ਹਨ, ਉਸ ਦੇ ਪਿੜ-ਪੱਲੇ ਨਹੀਂ ਪੈਣੀਆਂ। ਉਸ ਨੂੰ ਮਜਬੂਰਨ ਚਿੱਠੀ ਉਸ ਕੁੜੀ ਨੂੰ ਦਿਖਲਾਣੀ ਪਏਗੀ। ਉਹ ਮੇਰੇ ਭਾਵ ਸੋਭਾਂ ਨੂੰ ਸਮਝਾਵੇਗੀ, ਤੇ ਜਿੱਡੇ ਜਜ਼ਬੇ ਵਾਲੀ ਕੁੜੀ ਉਹ ਉਸ ਚਿੱਠੀ ਤੋਂ ਜਾਪਦੀ ਹੈ, ਉਹ ਜ਼ਰੂਰ ਮੇਰੇ ਖ਼ਿਆਲ, ਮੇਰੇ ਅਹਿਸਾਸ ਤੇ ਮੇਰਾ ਪਿਆਰ ਆਪਣੇ ਦਿਲ ਤੇ ਦਿਮਾਗ ਵਿਚੋਂ ਲੰਘਾ ਕੇ ਉਸ ਨੂੰ ਸ਼ਬਦਾਂ ਦੀ ਵਿਆਖਿਆ ਰਾਹੀਂ ਪ੍ਰਭਾਵਿਤ ਕਰੇਗੀ। ਕੀ ਪਤਾ ਜੇ ਉਹ ਸੋਭਾਂ ਤੋਂ ਬਹੁਤੀ ਆਪ ਪ੍ਰਭਾਵਿਤ ਹੋ ਜਾਵੇ ! ਪਰ ਇਸ ਗੱਲ ਦਾ ਪਤਾ ਅੱਜ ਦੀ ਚਿੱਠੀ ਤੋਂ ਲੱਗ ਜਾਵੇਗਾ। ਓਹ ਹੋ ! ਮੈਂ ਕਿੱਡਾ ਬੇਵਕੂਫ ਹਾਂ। ਮੈਂ ਸਮਝਦਾ ਸਾਂ ਕਿ ਸੋਭਾਂ ਦੇ ਹੱਥ ਦੀ ਲਿਖੀ ਚਿੱਠੀ ਆਵੇਗੀ। ਉਸ ਦੇ ਆਪਣੀ ਹੱਥੀਂ ਚਿੱਠੀ ਨਾ ਲਿਖਣ ਦਾ ਬਾਨ੍ਹਣੂ ਤਾਂ ਮੈਂ ਆਪ ਹੀ ਬੰਨ੍ਹ ਦਿੱਤਾ ਹੈ।

ਉਸ ਕੁੜੀ ਦੇ ਪ੍ਰਭਾਵਿਤ ਹੋਣ ਦਾ ਕੀ ਅਸਰ ਹੋ ਸਕਦਾ ਹੈ ? ਉਹ ਉਸਤਾਨੀ ਸੋਭਾਂ ਬਹਾਨੇ ਆਪਣੇ ਦਿਲ ਦੀਆਂ ਗੱਲਾਂ ਲਿਖਣ ਲਗ ਪਏਗੀ। ਹੋ ਸਕਦਾ ਹੈ, ਉਹ ਮੈਨੂੰ ਪਿਆਰ ਕਰਨ ਲਗ ਪਏ, ਉਹ ਕਾਲੀ ਕੁੜੀ ! ਉਹ ਕੁੜੀ ਕਾਲੀ ਤਾਂ ਜ਼ਰੂਰ ਹੋਵੇਗੀ, ਪਰ ਨਕਸ਼ ਉਸ ਦੇ ਬੜੇ ਤਿੱਖੇ ਹੋਣਗੇ ਤੇ ਅੱਖੀਆਂ ਮੋਟੀਆਂ ਮੋਟੀਆਂ ਤੇ ਕਾਲੀਆਂ, ਜਿਸ ਨੂੰ ਪੁਰਾਣੇ ਪੂਰਬੀ ਚਿੱਤਰਕਾਰਾਂ ਤੇ ਕਵੀਆਂ ਨੇ ਨਮੂਨੇ ਦੀਆਂ ਅੱਖਾਂ ਮੰਨਿਆ ਹੈ। ਪਰ ਹੋ ਸਕਦਾ ਹੈ ਕਿ ਉਸ ਦੇ ਨੈਣ-ਨਕਸ਼ ਵੀ ਚੰਗੇ ਨਾ ਹੋਣ। 'ਪਿਆਰ ਦਾ ਇਵਜ਼ਾਨਾ ਜਵਾਬੀ ਪਿਆਰ ਹੈ', ਪਾਲ ਸਿੰਘ ਕਹਿੰਦਾ ਹੁੰਦਾ ਹੈ ਕਿ ਬਰਾਊਨਿੰਗ ਨੇ ਕਿਹਾ ਸੀ। ਉਸ ਕੁੜੀ ਦਾ ਪਿਆਰ ਹੱਦ ਹੁੰਦਾ ਹੋਇਗਾ, ਜਿਸ ਵਿਚ ਪਿਆਰ ਹੋਵੇ ਤੇ ਉਹ ਉਸਨੂੰ ਜ਼ਾਹਰ ਵੀ ਕਰ ਸਕੇ। ਅੱਜ ਜ਼ਰੂਰ ਉਹ ਸੋਭਾਂ ਦੀ ਚਿੱਠੀ ਦੇ ਜਵਾਬ ਵਿਚ ਆਪਣੇ ਪਿਆਰ ਦਾ ਕੋਈ ਨਾ ਕੋਈ ਇਸ਼ਾਰਾ ਸੁੱਟੇਗੀ। ਉਹ ਸੋਭਾਂ ਬਣ ਕੇ ਜ਼ਰੂਰੀ ਲਿਖੇਗੀ, 'ਤੁਹਾਡੀ ਚਿੱਠੀ ਨੂੰ ਮੈਂ ਤੁਹਾਡਾ ਸਰੂਪ ਜਾਣ ਕੇ ਉਡੀਕਦੀ ਰਹਿੰਦੀ ਹਾਂ ਤੇ ਉਸ ਉਡੀਕ ਵਿਚ ਕਿਹੋ ਜਿਹੀ ਤੜਪ ਹੁੰਦੀ ਹੈ, ਤੁਸੀਂ ਜਾਣਦੇ ਹੋ', ਆਦਿ। ਕਿਉਂ ਨਹੀਂ ਸੋਭਾ ਇਸ ਤਰ੍ਹਾਂ ਲਿਖ ਸਕਦੀ ? ਇਹ ਕਿਸ ਦਾ ਕਸੂਰ ਹੈ ? ਮੇਰਾ, ਉਸ ਦਾ ਜਾਂ ਉਸ ਦੇ ਮਾਪਿਆਂ ਦਾ ? ਇਸੇ ਕਰਕੇ ਉਹ ਮੈਨੂੰ ਚੰਗੀ ਨਹੀਂ ਲੱਗਦੀ। ਕਿਥੇ ਉਹ ਉਸਤਾਨੀ ਕੁੜੀ ਤੇ ਕਿੱਥੇ ਸੋਭਾਂ, ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ। ਉਹ ਬਦਬਖ਼ਤ ਚਿੱਠੀ ਕਿਉਂ ਨਹੀਂ ਲੈ ਕੇ ਆਉਂਦਾ। ਇਹ ਉਡੀਕ ਮੈਨੂੰ ਮਾਰ ਦੇਵੇਗੀ ਜਾਂ ਘੱਟ ਤੋਂ ਘੱਟ ਮੈਨੂੰ ਪਾਗਲ ਜ਼ਰੂਰ ਕਰ ਦੇਵੇਗੀ! ਕਿੰਨਾ ਫ਼ਜ਼ੂਲ ਹੈ ਡਾਕ ਦਾ ਮਹਿਕਮਾ ?

ਇਹ ਕੌਣ ਹੈ ਇਸ ਵੇਲੇ ਮੰਦਰ ਦੀ ਹਰਟੀ ਨੂੰ ਖੱਟ ਖੱਟ ਚਲਾਉਣ ਵਾਲਾ ! ਬੇਹੂਦਾ, ਫ਼ਜ਼ੂਲ, ਬੇਵਕੂਫ਼, ਹਰਾਮ...। ਕਿੱਡੀ ਭੈੜੀ ਆਵਾਜ਼ ਹੈ ਲੋਹੇ ਦੇ ਕੁੱਤੇ ਦੀ ! ਉਹ ਸਾਡੇ ਪਿੰਡ ਵਾਲਾ ਲੱਕੜੀ ਦਾ ਹਰਟ ਕਿਵੇਂ ਸੋਹਣੀਆਂ ਸੋਹਣੀਆਂ ਸੁਰਾਂ ਕੱਢਦਾ ਹੈ ਤੇ ਲੱਕੜ ਦਾ ਕੁੱਤਾ ਉਸ ਦੇ ਬੇ-ਸ਼ਬਦ ਗੀਤਾਂ ਨੂੰ ਤਾਲ ਦਿੰਦਾ ਰਹਿੰਦਾ ਹੈ। ਕਿੱਡੀਆਂ ਰੋਮਾਂਚਕ ਚੀਜ਼ਾਂ ਹਨ ਪੁਰਾਣੀਆਂ। ਮਸ਼ੀਨਾਂ ਦੇ ਜ਼ਮਾਨੇ ਨੇ ਸੁੰਦਰਤਾ ਉੱਕੀ ਨਹੀਂ ਰਹਿਣ ਦਿੱਤੀ। ਹੁਣ ਨੇ ਨਵੀਨਤਾ ਦੇ ਚਾਅ ਵਿਚ ਸੁੰਦਰਤਾ ਗਵਾ ਛੱਡੀ ਹੈ। ਮਸ਼ੀਨਾਂ ਦੇ ਸਤਿਆਨਾਸ ਕਰ ਦਿੱਤਾ ਹੈ ਇਨਸਾਨੀਅਤ ਦਾ। ਲੋਕੀ ਭੁੱਖੇ ਮਰ ਰਹੇ ਹਨ। ਮਸ਼ੀਨਾਂ ਤੇ ਮਸ਼ੀਨਾਂ ਵਾਲਿਆਂ ਨੂੰ ਕੋਈ ਖ਼ਬਰ ਨਹੀਂ। ਜਿੱਥੇ ਹਜ਼ਾਰ ਆਦਮੀ ਕੰਮ ਕਰ ਸਕਦਾ ਸੀ ਉਥੇ ਦਸ ਮਸ਼ੀਨਾਂ ਤੇ ਦਸ ਆਦਮੀ ਕਾਫ਼ੀ ਹਨ। ਨੌਂ ਸੌ ਨੱਵੇ ਆਦਮੀ ਕਿਥੋਂ ਰੋਟੀ ਖਾਣਗੇ ? ਉਹ ਭੁੱਖੇ ਹੀ ਮਰਨਗੇ ਨਾ। ਇਸੇ ਕਰਕੇ ਗਾਂਧੀ ਦਾ ਚਰਖਾ-ਸਿਧਾਂਤ ਚੰਗਾ ਹੈ। ਪਰ ਚਰਖਾ ਵੀ ਤਾਂ ਮਸ਼ੀਨ ਹੀ ਹੈ। ਇਹ ਮਸ਼ੀਨ ਕੰਮ ਨੂੰ ਸੌਖ ਨਾਲ ਕਰਨ ਵਾਸਤੇ ਹੈ, ਕਿਸੇ ਨੂੰ ਰੋਟੀਓਂ ਆਤਰ ਕਰਨ ਲਈ ਨਹੀਂ। ਪਰ ਸਾਮਵਾਦੀ ਸਿਧਾਂਤ ਇਸ ਤੋਂ ਵੀ ਚੰਗਾ ਹੈ। ਮਸ਼ੀਨਾਂ ਨੂੰ, ਉਸ ਦੇ ਅਨੁਸਾਰ, ਆਦਮੀ ਦੇ ਆਰਾਮ ਲਈ ਵਰਤਿਆ ਜਾਂਦਾ ਹੈ। ਚੀਜ਼ਾਂ ਲੋੜ ਅਨੁਸਾਰ ਬਣਦੀਆਂ ਹਨ। ਕੰਮ ਦਾ ਵਕਤ ਘਟਾਇਆ ਤੇ ਆਦਮੀ ਦਾ ਅਰਾਮ ਵਧਾਇਆ ਜਾਂਦਾ ਹੈ। ਇਹ ਅੱਜ ਕੱਲ੍ਹ ਦੀ ਸਾਇੰਸ ਕੀ ਹੈ ? ਤਰੱਕੀ ਨੂੰ ਤਬਾਹੀ ਵਲ ਖੜਨਾ। ਕਿਸ ਨੇ ਬੂਹਾ

ਖੜਕਾਇਆ ? ਹਵਾ ! ਖਸਮ ਨੂੰ ਖਾਣੀ ! ਸਿਰ ਮੁੰਨੀ ! ਬੇਵਕੂਫ ਚਿੱਠੀ-ਰਸਾਨ ! ਹਾਲੀ ਤਕ ਚਿੱਠੀ ਨਹੀਂ ਲਿਆਇਆ।

ਅਸੀਂ ਪੜ੍ਹੇ ਹੋਏ ਕਿੰਨੇ ਚਲਾਕ ਹਾਂ। ਸੋਭਾਂ ਨੂੰ ਮੈਂ ਚਿੱਠੀ ਲਿਖਦਾ ਹਾਂ, ਸੋਭਾਂ ਦੀ ਥਾਂ ਮਾਸਟਰਾਣੀ ਚਿੱਠੀ ਲਿਖਦੀ ਹੈ। ਗੱਲਾਂ ਅਸੀਂ ਕਰਦੇ ਹਾਂ, ਅਨੰਦ ਅਸੀਂ ਲੈਂਦੇ ਹਾਂ, ਪਰ ਨਾਂ ਸੋਭਾ ਦਾ। ਮੇਰਾ ਖ਼ਿਆਲ ਹੈ ਹੌਲੀ ਹੌਲੀ ਸਾਡਾ ਵੱਖਰਾ ਚਿੱਠੀ-ਪੱਤਰ ਸ਼ੁਰੂ ਹੋ ਜਾਵੇਗਾ। ਉਸ ਵੇਲੇ ਦੀਆਂ ਚਿੱਠੀਆਂ ਦੇ ਮਜ਼ਮੂਨਾਂ ਦਾ ਮੈਂ ਅਨੁਮਾਨ ਕਰ ਸਕਦਾ ਹਾਂ, ਪਰ ਉਨ੍ਹਾਂ ਨੂੰ ਵਾਕਾਂ ਵਿਚ ਪੇਸ਼ ਨਹੀਂ ਕਰ ਸਕਦਾ। ਚਿੱਠੀਆਂ ਦਾ ਪਿਆਰ ਸਾਨੂੰ ਮਜਬੂਰ ਕਰੇਗਾ ਕਿ ਅਸੀਂ ਇਕ ਦੂਸਰੇ ਨੂੰ ਦੇਖੀਏ। ਮੈਨੂੰ ਛੁੱਟੀ ਲੈਣੀ ਪਵੇਗੀ। ਮੈਂ ਕਿਸ ਤਰ੍ਹਾਂ ਧੜਕਦਾ ਦਿਲ ਲੈ ਕੇ ਘਰ ਪਹੁੰਚਾਂਗਾ ! ਉਸ ਕੁੜੀ ਦਾ ਪਤਾ ਮੈਂ ਸੋਭਾਂ ਕੋਲੋਂ ਤਾਂ ਨਹੀਂ ਪੁੱਛ ਸਕਾਂਗਾ। ਕੀ ਇੰਨੇ ਚਿੱਠੀ-ਪੱਤਰ ਦੇ ਮਗਰੋਂ ਵੀ ਉਹ ਮੈਨੂੰ ਪਤਾ ਨਾ ਲਿਖ ਕੇ ਭੇਜ ਚੁੱਕੀ ਹੋਵੇਗੀ ? ਪਰ ਜੇ ਉਹ ਆਪਣਾ ਪਤਾ ਨਾ ਲਿਖੇ ਤਾਂ ਮੈਨੂੰ ਜੰਟਲਮੈਨ ਹੋਣ ਦੀ ਹੈਸੀਅਤ ਵਿਚ ਪੁੱਛਣਾ ਚੰਗਾ ਨਹੀਂ ? ਆਖ਼ਰ ਸਕੂਲ ਦੇ ਸਾਹਮਣੇ ਖੜਾ ਹੋ ਕੇ ਮੈਂ ਉਸ ਨੂੰ ਪਛਾਣ ਹੀ ਲਵਾਂਗਾ। ਕਿਸੇ ਨਾ ਕਿਸੇ ਬਹਾਨੇ ਉਸ ਨੂੰ ਬੁਲਾਵਾਂਗਾ। ਕਹਾਂਗਾ, ਮੈਂ ਹੀ ਹਾਂ 'ਮੋਹਨ', ਸੋਭਾਂ ਦਾ ਘਰਵਾਲਾ। ਮੇਰਾ ਦਿਲ ਕਿੰਨਾ ਕੰਬਦਾ ਹੈ ਇਹ ਸੋਚ ਕੇ ! ਉਹ ਕਹੇਗੀ, ਮੈਂ ਤੇ ਆਪਣੇ ਪਤੀ ਨੂੰ ਚਿੱਠੀਆਂ ਲਿਖਣ ਦਾ ਅਭਿਆਸ ਕਰਦੀ ਸਾਂ, ਅਤੇ ਨਾਲ ਹੀ ਉਹ ਮੁਸਕਰਾ ਪਵੇਗੀ ਤੇ ਖ਼ਬਰੇ ਉਹ ਤੀਉੜੀਆਂ ਵੱਟ ਕੇ...।

ਬੂਹਾ ਖੁੱਲ੍ਹਿਆ ਤੇ ਮੋਹਨ ਡਾਕੀਏ ਤੋਂ ਚਿੱਠੀ ਲੈਣ ਉੱਠਿਆ। ਪਰ ਡਾਕੀਏ ਦੀ ਥਾਂ ਤਿੰਨ ਸ਼ੁਕੀਨ ਅੰਦਰ ਆ ਵੜੇ। ਇਕ ਨੇ ਗਰਾਮੋਫ਼ੋਨ ਵਰਗੀ ਮਸ਼ੀਨ ਕੱਢ ਕੇ ਉਤੇ ਇਕ ਵੱਡਾ ਸਾਰਾ ਰਿਕਾਰਡ ਲਾ ਦਿੱਤਾ ਤੇ ਆਪਣੇ ਇਕ ਸਾਥੀ ਵਲ ਉਂਗਲ ਕਰ ਕੇ ਕਹਿਣ ਲੱਗਾ, "ਇਹ ਪ੍ਰੋਫ਼ੈਸਰ ਪਰਮ ਹੰਸ ਹਨ। ਇਨ੍ਹਾਂ ਦਿਲ ਦੀਆਂ ਗੱਲਾਂ ਰਿਕਾਰਡ ਕਰਨ ਵਾਲੀ ਮਸ਼ੀਨ ਬਣਾਈ ਹੈ। ਇਹ ਦੂਸਰੇ, ਗੌਰਮਿੰਟ ਦੇ ਵੱਡੇ ਅਫ਼ਸਰ ਨੇ, ਜੋ ਇਸ ਗੱਲ ਦੀ ਗਵਾਹੀ ਤੁਹਾਡੇ ਕੋਲੋਂ ਲੈਣਗੇ।"

ਰਿਕਾਰਡ ਵੱਜਣ ਲੱਗ ਪਿਆ ਤੇ ਉਪਰ ਲਿਖੇ ਸਾਰੇ ਵਾਕ ਉਸ ਵਿਚੋਂ ਬੋਲ ਉੱਠੇ। ਘੜੀ 'ਤੇ ਯਾਰ੍ਹਾਂ ਵਜ ਕੇ ਤਿੰਨ ਮਿੰਟ ਹੋਏ ਸਨ।

ਦੂਜਾ ਵਿਆਹ

ਕ੍ਰਿਸ਼ਨ ਨਾਨੀ ਵਾਲਾ ਮੇਰਾ ਪੱਕਾ ਯਾਰ ਸੀ। ਅਸੀਂ ਜਮਾਤੀ ਰਹੇ ਸਾਂ। ਪਰ ਜਮਾਤੀ ਤਾਂ ਹੋਰ ਵੀ ਸਨ। ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ ਤੇ ਕਈਆਂ ਦੀਆਂ ਸ਼ਕਲਾਂ ਵੀ ਮੈਨੂੰ ਯਾਦ ਨਹੀਂ। ਸ਼ਾਇਦ ਉਸ ਨਾਲ ਮੇਰਾ ਪਿਆਰ ਨਾਨੀ ਵਾਲਾ ਹੋਣ ਕਰਕੇ ਸੀ। ਨਾਨੀ ਵਾਲੇ ਤੋਂ ਭਾਵ ਨਾਨੀ ਦਾ ਪਾਲਿਆ ਹੋਇਆ ਸੀ। ਮੈਂ ਵੀ ਆਪਣੀ ਨਾਨੀ ਦਾ ਮੁਤਬੰਨਾਂ ਸਾਂ ਤੇ ਇਹੋ ਅਗਿਆਤ ਸੰਬੰਧ ਸੀ ਜੋ ਸ਼ਾਇਦ ਸਾਨੂੰ ਇਕ ਦੂਜੇ ਦੇ ਕਰੀਬ ਖਿਚਦਾ ਸੀ।

ਨਾਨੀ ਵਾਲੇ ਦੀ ਸ਼ਾਦੀ ਚਾਰ ਪੰਜ ਦਿਨ ਨੂੰ ਹੋਣ ਵਾਲੀ ਸੀ, ਜਦ ਉਸ ਮੈਨੂੰ ਸੱਦਿਆ। ਮੈਂ ਛੁੱਟੀ ਲੈ ਕੇ ਉਥੇ ਪਹੁੰਚ ਗਿਆ। ਮੈਂ ਭਾਵੇਂ ਹਾਲੀ ਤਕ ਆਪਣਾ ਕੁਝ ਨਹੀਂ ਬਣਾ ਸਕਿਆ ਸਾਂ ਪਰ ਨਾਨੀ ਵਾਲਾ ਚੰਗਾ ਗੁਜ਼ਾਰੇ ਵਾਲਾ ਕਪੜੇ ਦਾ ਵਪਾਰੀ ਬਣ ਚੁੱਕਾ ਸੀ ਤੇ ਉਸ ਦੀ ਆਹਲੂਵਾਲੇ ਕਟੜੇ ਵਿਚ ਥੋਕ ਦੀ ਹੱਟੀ ਸੀ। ਜਦ ਮੈਂ ਘਰ ਪਹੁੰਚਿਆ, ਵਿਆਹ ਦਾ ਸਾਮਾਨ ਤਿਆਰ ਹੋ ਰਿਹਾ ਸੀ। ਬੈਠਕ ਵਿਚ ਜ਼ਰੀ ਦੇ ਕੱਪੜੇ ਕੱਢੇ ਜਾ ਰਹੇ ਸਨ। ਅੰਦਰਲੇ ਵਿਹੜੇ ਵਿਚ ਮਠਿਆਈ ਲਈ ਕੜਾਹੀ ਤਪ ਰਹੀ ਸੀ। ਕਿਸ਼ਨ ਨੇ ਮੇਰੀ ਆਵਾਜ਼ ਕੋਠੇ ਤੋਂ ਹੀ ਪਛਾਣ ਲਈ ਤੇ ਨੰਗੇ ਪੈਰੀਂ ਦੌੜਿਆ ਆਇਆ। ਜੱਫੀ ਪਾ ਕੇ ਉਹ ਬੜੇ ਪਿਆਰ ਨਾਲ ਮਿਲਿਆ। "ਭਰਾ ਜੀ, ਤੁਸੀਂ ਆ ਗਏ। ਬਸ ਹੁਣ ਮੈਨੂੰ ਕੋਈ ਫ਼ਿਕਰ ਨਹੀਂ।"

ਮੈਨੂੰ ਪਤਾ ਸੀ ਕਿ ਉਸ ਦਾ, ਉਸ ਦੀ ਭੈਣ ਤੇ ਉਸ ਦੀ ਬਾਰਾਂ ਸਾਲ ਦੀ ਭਣੇਵੀਂ ਤੋਂ ਬਿਨਾਂ ਕੋਈ ਰਿਸ਼ਤੇਦਾਰ ਨਹੀਂ ਸੀ। ਨਾਨੀ ਮਰ ਚੁੱਕੀ ਸੀ। ਪਿਤਾ ਮਰਿਆਂ ਬਰਾਬਰ ਸੀ, ਜੋ ਉਸ ਦੇ ਜਨਮ ਤੋਂ ਕੁਝ ਹੀ ਚਿਰ ਮਗਰੋਂ ਬਰਮਾ ਚਲਾ ਗਿਆ ਸੀ। ਕਿਸ਼ਨ ਦੀ ਮਾਤਾ ਉਸ ਦੇ ਵਿਛੋੜੇ ਵਿਚ ਘੁਲ ਘੁਲ ਕੇ ਮਰ ਗਈ ਸੀ, ਪਰ ਉਸ ਦਾ ਕੋਈ ਪਤਾ ਨਹੀਂ ਸੀ ਲੱਗਾ। ਕਿਸ਼ਨ ਦੀ ਭੈਣ ਕ੍ਰਿਸ਼ਨਾ ਦੇ ਵਿਆਹ ਤੋਂ ਕੁਝ ਚਿਰ ਪਹਿਲੋਂ, ਉਸ ਦਾ ਪਤਾ ਲੱਗਾ ਸੀ ਕਿ ਉਸ ਬਰਮਾ ਵਿਚ ਕਿਸੇ ਬਰਮਣ ਨਾਲ ਸ਼ਾਦੀ ਕਰਾਈ ਹੋਈ ਹੈ ਅਤੇ ਉਥੇ ਬੜੇ ਅਮੀਰੀ ਠਾਠ ਵਿਚ ਰਹਿੰਦਾ ਸੀ।

ਕ੍ਰਿਸ਼ਨਾ ਦੇ ਵਿਆਹ ਤੋਂ ਦੋ ਦਿਨ ਪਹਿਲਾਂ ਕਿਸ਼ਨ ਦੀ ਨਾਨੀ ਦੇ ਪਤੇ 'ਤੇ ਉਸ ਦਾ ਦੋ ਹਜ਼ਾਰ ਰੁਪਈਆਂ ਦਾ ਡਰਾਫ਼ਟ ਆਇਆ ਸੀ, ਪਰ ਅਣਖੀਲੀ ਨਾਨੀ ਨੇ ਉਹ ਵਾਪਸ ਕਰ ਦਿੱਤਾ ਸੀ। "ਮੇਰੀ ਧੀ ਰੋਲ ਕੇ ਮਾਰ ਦਿੱਤੀ। ਮੈਂ ਤੇ ਕਦੇ ਉਸ ਪਾਪੀ ਦਾ ਆਪਣੀ ਦੋਹਤ੍ਰੀ ਦੇ ਵਿਆਹ 'ਤੇ ਧੇਲਾ ਨਾ ਲੁਆਵਾਂ। ਰੱਬ ਦਰਸ਼ਨ ਨਾ ਕਰਾਵੇ ਐਸੇ ਦੁਸ਼ਟ ਦਾ !" ਉਸ ਲੋਕਾਂ ਨੂੰ ਆਖਿਆ ਸੀ।

ਮੈਨੂੰ ਇੰਨਾ ਪਤਾ ਸੀ ਕਿ ਕ੍ਰਿਸ਼ਨਾ ਦਾ ਵਿਆਹ ਹੋ ਗਿਆ ਸੀ ਤੇ ਮਗਰੋਂ ਨਾਨੀ

ਚਲ ਵਸੀ ਸੀ। ਪਰ ਕ੍ਰਿਸ਼ਨਾ ਨੂੰ ਮੈਂ ਹਮੇਸ਼ਾ ਨਾਨੀ ਵਾਲੇ ਘਰ ਵਿਚ ਹੀ ਵੇਖਿਆ ਸੀ। ਪਹਿਰਾਵੇ ਤੇ ਚਲਣ ਤੋਂ ਉਹ ਵਿਧਵਾ ਮਲੂਮ ਹੁੰਦੀ ਸੀ। ਹੈਰਾਨ ਹਾਂ ਕਿ ਮੈਂ ਕਿਸ਼ਨ ਤੋਂ ਕਿਉਂ ਕਦੇ ਉਸ ਦੇ ਜੀਵਨ ਬਾਬਤ ਨਹੀਂ ਸੀ ਪੁੱਛਿਆ। ਉਹ ਮੈਨੂੰ ਭਰਾ ਤੋਂ ਵਧ ਪਿਆਰ ਕਰਦੀ ਸੀ ਤੇ ਮੈਂ ਵੀ ਉਸ ਨੂੰ 'ਭੈਣ ਜੀ' ਕਹਿ ਕੇ ਸੱਦਦਾ ਹੁੰਦਾ ਸਾਂ। ਉਹ ਮਸੂਮ ਇਸਤ੍ਰੀ ਮੈਨੂੰ ਦੇਵੀ ਭੈਣ ਜਾਪਦੀ ਸੀ, ਖਬਰੇ ਇਸ ਕਰਕੇ ਕਿ ਮੇਰੀ ਕੋਈ ਭੈਣ ਨਹੀਂ ਸੀ। ਹਾਂ ਇੰਨਾ ਮੈਨੂੰ ਜ਼ਰੂਰ ਪਤਾ ਸੀ ਕਿ ਕਿਸ਼ਨ ਨੂੰ ਜਦ ਉਸ ਦੇ ਪਿਤਾ ਨੇ ਬਰਮਾ ਸੱਦ ਭੇਜਿਆ ਸੀ ਤਾਂ ਉਸ ਦੇ ਪਿਤਾ ਨੂੰ ਕਰੜਾ ਜਵਾਬ ਦੇ ਕੇ ਨਾਂਹ ਕਰ ਦਿੱਤੀ ਸੀ।

ਅੱਜ ਨੌਕਰਾਂ ਤੋਂ ਸਿਵਾ ਕੋਈ ਮਰਦ ਤੇ ਕ੍ਰਿਸ਼ਨਾ ਤੋਂ ਬਿਨ੍ਹਾਂ ਕੋਈ ਤੀਵੀਂ ਉਸ ਸੋਹਣੇ ਸਜਾਏ ਘਰ ਵਿਚ ਨਹੀਂ ਸੀ। ਕਮਲਾ, ਕਿਸ਼ਨ ਦੀ ਭਣੇਵੀਂ, ਕੋਈ ਬਾਰ੍ਹਾਂ ਕੁ ਸਾਲਾਂ ਦੀ ਸੀ ਤੇ ਉਸ ਦਾ ਚਾਅ ਅਥਾਹ ਸੀ। "ਮਾਮੀ ਆਏਗੀ, ਮਾਮੀ ਆਏਗੀ" ਕਰਦੀ ਕਦੇ ਉਹ ਵਿਹੜੇ ਵਿਚ, ਕਦੇ ਚੁਬਾਰੇ ਵਿਚ, ਕਦੇ ਦੀਵਾਨ ਖ਼ਾਨੇ ਵਿਚ ਤੇ ਕਦੇ ਗਲੀ ਵਿਚ ਭੱਜੀ ਫਿਰਦੀ ਸੀ। ਗੁਆਂਢੀ, ਰਿਸ਼ਤੇਦਾਰ ਤਾਂ ਨਹੀਂ ਸਨ, ਜੋ ਚਾਰ ਦਿਨ ਪਹਿਲੋਂ ਦੁਕਾਨਾਂ ਬੰਦ ਕਰਕੇ ਜਾਂ ਛੁੱਟੀਆਂ ਲੈ ਕੇ ਉਥੇ ਬੈਠੇ ਰਹਿੰਦੇ। ਹਾਂ ਗੁਆਂਢਣਾਂ ਜ਼ਰੂਰ ਕ੍ਰਿਸ਼ਨਾਂ ਭੈਣ ਨੂੰ ਕਹਿ ਜਾਂਦੀਆਂ, "ਬੀਬੀ, ਕੰਮ ਕਾਰ ਹੋਊ ਤਾਂ ਸਾਨੂੰ ਦੱਸੀਂ।" ਉਨ੍ਹਾਂ ਨੂੰ ਪਤਾ ਸੀ ਕੰਮ ਕਾਰ ਨੂੰ ਨੌਕਰ ਬਥੇਰੇ ਹਨ।

"ਹੁਣ ਕੋਈ ਡਰ ਨਹੀਂ, ਮੇਰਾ ਵੀਰ ਆ ਗਿਆ ਹੈ। ਮਾਮੀ, ਤੁਸੀਂ ਹੀ ਕਰਦੀਓ ਜੇ ਨਾ", ਉਹ ਕਹਿੰਦੀ ਸੀ। ਤੇ ਗੁਆਂਢਣਾਂ ਮਾਮੀਆਂ, ਭਰਜਾਈਆਂ ਤੇ ਮਾਸੀਆਂ ਹਿੰਦੂਆਂ ਦੇ ਸਿੱਖ ਭਰਾ ਨੂੰ ਦੇਖ ਕੇ ਹੈਰਾਨ ਹੁੰਦੀਆਂ ਸਨ, ਕਿਉਂਕਿ ਉਨ੍ਹਾਂ ਨੂੰ ਪਤਾ ਸੀ, ਕਿਸ਼ਨ ਤੋਂ ਬਿਨ੍ਹਾਂ ਕ੍ਰਿਸ਼ਨਾ ਦਾ ਹੋਰ ਕੋਈ ਸੱਕਾ ਭਰਾ ਨਹੀਂ।

ਵਿਆਹ ਦੇ ਸਾਰੇ ਇੰਤਜ਼ਾਮ ਦਾ ਭਾਰ ਮੇਰੇ 'ਤੇ ਸੁੱਟਿਆ ਗਿਆ। ਕਿਸ਼ਨ ਦਾ ਵਿਸ਼ਵਾਸ-ਪਾਤਰ ਬਣਨ ਵਿਚ ਮੈਨੂੰ ਐਨੀ ਖੁਸ਼ੀ ਸੀ ਕਿ ਬਹੁਤਾ ਕੰਮ ਕਰਨ ਦਾ ਮੈਨੂੰ ਕੋਈ ਅਕੇਵਾਂ-ਥਕੇਵਾਂ ਨਹੀਂ ਸੀ ਜਾਪਦਾ।

ਵਿਆਹ ਤੋਂ ਇਕ ਦਿਨ ਪਹਿਲੋਂ ਸਾਡੇ ਇਕ ਦੋ ਹੋਰ ਯਾਰ-ਦੋਸਤ ਆ ਗਏ ਤੇ ਮੈਨੂੰ ਕੁਝ ਆਰਾਮ ਮਿਲਿਆ। ਮੈਂ ਕੁਝ ਸਿਰ ਭਾਰਾ ਮਹਿਸੂਸ ਕਰ ਰਿਹਾ ਸਾਂ। ਕ੍ਰਿਸ਼ਨਾ ਮੇਰੀ ਮਿਆਨੀ ਵਿਚ ਆਈ, "ਵੀਰਾ ਜੀ, ਬਸ ਹੁਣ ਤੁਸੀਂ ਕੋਈ ਕੰਮ ਨਹੀਂ ਕਰਨਾ। ਆਪੇ ਦੂਸਰੇ ਭਰਾ ਸੰਭਾਲ ਲੈਣਗੇ ਕੰਮ। ਤੁਸੀਂ ਅੱਜ ਪੂਰਾ ਆਰਾਮ ਕਰੋ।"

"ਕੋਈ ਇਹੋ ਜਹੀ ਗੱਲ ਨਹੀਂ, ਭੈਣ।"

ਕ੍ਰਿਸ਼ਨਾ ਸਕੂਲ-ਮਾਸਟਰਾਣੀਆਂ ਵਾਂਗ ਰੋਹਬ ਵਿਚ ਬੋਲੀ, "ਬਸ ਭਰਾ ਜੀ, ਮੇਰਾ ਹੁਕਮ। ਮੈਂ ਭਲਾ ਜਾਣਦੀ ਨਹੀਂ, ਥੱਕੇ ਹੋਏ ਆਦਮੀ ਦੇ ਕੀ ਲੱਛਣ ਹੁੰਦੇ ਨੇ।"

ਮੈਂ ਮੁਸਕਰਾ ਕੇ ਕਿਹਾ, "ਬੀਬੀ, ਮੈਂ ਤੇਰਾ ਵਿਦਿਆਰਥੀ ਨਹੀਂ ਜੋ ਰੋਹਬ ਪਾਵੇਂਗੀ।"

ਉਸੇ ਵੇਲੇ ਮੇਰੀ ਨਜ਼ਰ ਉਸ ਦੀਆਂ ਅੱਖਾਂ 'ਤੇ ਪਈ। ਤੁਸੀਂ ਹੈਰਾਨ ਹੋਵੋਗੇ ਤੇ ਇਸ ਬਿਆਨ ਨੂੰ ਝੂਠਾ ਸਮਝ ਸੁੱਟ ਪਾਓਗੇ, ਪਰ ਅਸਲੀਅਤ ਇਹੋ ਸੀ ਕਿ ਉਸ

ਦੇ ਮੱਥੇ, ਗਲ੍ਹਾਂ ਆਦਿ 'ਤੇ ਕਿਸ਼ਨ ਦੇ ਵਿਆਹ ਦੀ ਖੁਸ਼ੀ ਮੋਟੇ ਅੱਖਰਾਂ ਵਿਚ ਲਿਖੀ ਜਾਪਦੀ ਸੀ, ਪਰ ਉਸ ਦੀਆਂ ਅੱਖਾਂ ਵਿਚ ਇਕ ਸੂਖਮ ਪ੍ਰਭਾਵ ਸੀ, ਜੋ ਖੁਸ਼ੀ ਦੇ ਉਲਟ ਸੀ। ਉਸ ਦੀ ਧੀ ਕਮਲਾ ਨਾਲ, ਜਿਸ ਦੇ ਚਿਹਨ-ਚੱਕਰ ਪੂਰੇ ਉਸ 'ਤੇ ਸਨ, ਉਸ ਦਾ ਮੁਕਾਬਲਾ ਮੈਂ ਮਨ ਹੀ ਮਨ ਕੀਤਾ। ਪਰ ਕਮਲਾ ਦੀਆਂ ਮਾਂ ਵਰਗੀਆਂ ਅੱਖਾਂ ਮੁਸਕਰਾ ਰਹੀਆਂ ਸਨ, ਹੱਸ ਰਹੀਆਂ ਸਨ। ਖਿੜੇ ਹੋਏ ਫੁੱਲ ਦੇ ਮੁਕਾਬਲੇ 'ਤੇ ਅੰਦਰੋਂ ਮੁਰਝਾਏ ਹੋਏ ਫੁੱਲ ਵਾਲੀ ਗੱਲ ਸੀ, ਜਿਨ੍ਹਾਂ ਦੇ ਪੱਤੇ ਤੇ ਕਰੂੰਬਲਾਂ ਇਕੋ ਜਿਹੇ ਸਰ-ਸਬਜ਼ ਤੇ ਲਾਲ ਹੋਣ।

"ਕੀ ਦੁਖ ਭਰੀ ਗੱਲ ਲੁਕਾਈ ਫਿਰਨੀ ਹੈ, ਕ੍ਰਿਸ਼ਨਾ ਭੈਣ ! ਤੂੰ ਇਸ ਖੁਸ਼ੀ ਦੇ ਆਲੇ-ਦੁਆਲੇ ਵਿਚ ?"

"ਕੀ ਪਏ ਕਹਿੰਦੇ ਹੋ ? ਗੱਲ ? ਕੋਈ ਗੱਲ ਨਹੀਂ।" ਤੇ ਉਸ ਨੇ ਆਪਣੀਆਂ ਅੱਖਾਂ ਇਕ ਪਾਸੇ ਹਟਾ ਕੇ, ਨੀਵੀਆਂ ਹੀ ਨਹੀਂ ਪਾ ਲਈਆਂ ਸਗੋਂ ਉਹ ਥੋੜ੍ਹਾ ਜਿਹਾ ਕੰਧ ਵਲ ਮੁੜ ਵੀ ਗਈ।

"ਸ਼ਾਇਦ", ਮੇਰੇ ਮੂੰਹੋਂ ਬਦੋ-ਬਦੀ ਨਿਕਲ ਗਿਆ, "ਤੂੰ ਸੋਚ ਰਹੀ ਹੈਂ ਕਿ ਮੇਰੇ ਪਤੀ ਇਸ ਸੰਸਾਰ 'ਤੇ ਹੁੰਦੇ...।"

"ਕੀ ਕਹਿ ਰਹੇ ਹੋ, ਵੀਰਾ ਜੀ ? ਰੱਬ ਉਨ੍ਹਾਂ ਦੀ ਵੱਡੀ ਵੱਡੀ ਉਮਰ ਕਰੇ ! ਮੈਂ ਸੁਹਾਗਣ ਹਾਂ।"

ਮੈਂ ਹੈਰਾਨ ਸਾਂ। ਉਸ ਦੇ ਪਤੀ ਨੂੰ ਮੈਂ ਕਦੇ ਨਹੀਂ ਸੀ ਦੇਖਿਆ। ਉਹ ਕਦੇ ਸਹੁਰੇ ਜਾਂਦੀ ਵੀ ਨਹੀਂ ਸੀ ਦੇਖੀ।

"ਮੁਆਫ਼ ਕਰਨਾ, ਭੈਣ," ਮੈਂ ਕਿਹਾ, "ਮੈਨੂੰ ਪਤਾ ਨਹੀਂ ਸੀ। ਕਿਸ਼ਨ ਨੇ ਵੀ ਮੈਨੂੰ ਕਦੇ ਕੁਝ ਨਹੀਂ ਦੱਸਿਆ। ਪਰ ਉਹ ਹਨ ਕਿਥੇ ? ਉਹ ਆਏ ਕਿਉਂ ਨਹੀਂ ?"

"ਵੀਰਾ ਜੀ, ਕਿਸ਼ਨ ਨੂੰ ਆਪ ਬਹੁਤ ਕੁਝ ਪਤਾ ਨਹੀਂ। ਉਹ ਬਾਲ ਸੀ ਜਦੋਂ ਮੇਰੀ ਸ਼ਾਦੀ ਹੋਈ ਸੀ। ਉਹ ਹਾਲੀ ਬਾਲ ਹੀ ਸੀ, ਜਦ ਮੈਂ ਮੁੜ ਨਾਨੀ ਦੇ ਘਰ ਆ ਗਈ ਸਾਂ।"

ਏਨੇ ਨੂੰ ਨੌਕਰ ਕੋਈ ਜ਼ਰੂਰੀ ਸਲਾਹ ਲੈਣ ਲਈ ਆਇਆ। ਮੈਂ ਕਿਹਾ, "ਭੈਣ, ਮੈਂ ਜਾਣ ਨਹੀਂ ਦੇਣਾ। ਜਾ ਬਈ, ਕਿਸ਼ਨ ਤੋਂ ਪੁੱਛ ਲੈ।"

"ਬਾਊ ਜੀ ਥੱਲੇ ਨਹੀਂ ਹਨ," ਉਸ ਕਿਹਾ।

"ਭੈਣ ਜੀ ਹਾਲੀ ਵਿਹਲੇ ਨਹੀਂ, ਠਹਿਰ ਕੇ ਆਈਂ। ਜੇ ਕੁਝ ਲੈਣਾ ਹੈ ਤੇ ਮਨੋਹਰ ਬਾਊ ਥੱਲੇ ਹਨ, ਲੈ ਲੈ।"

"ਹੱਛਾ ਜੀ", ਕਹਿ ਕੇ, ਸਿਰ ਨੀਵਾਂ ਪਾਈ ਨੌਕਰ ਚਲਾ ਗਿਆ।

"ਵੀਰਾ ਜੀ, ਐਸ ਵੇਲੇ ਮੈਂ ਕੁਝ ਨਹੀਂ ਜੇ ਸੁਣਾਉਣਾ। ਮੇਰੇ ਨਿੱਕੇ ਵੀਰ ਦੇ ਵਿਆਹ ਵਿਚ ਮੇਰੇ ਵਰਗੀ ਭਾਗਾਂ-ਸੜੀ ਦੀ ਕਥਾ ਨਹੀਂ ਹੋਣੀ ਚਾਹੀਦੀ। ਸ਼ੁਭ...!"

ਮੈਂ ਬੇਚੈਨ ਹੋ ਕੇ ਆਖਿਆ, "ਦੁਖੀ ਹੋਵੇ ਭੈਣ ਤੇ ਭਰਾ ਦੀ ਹੋਵੇ ਸ਼ਾਦੀ।"

"ਨਾ ਵੀਰਾ ਜੀ", ਉਸ ਨੇ ਤਰਲੇ ਲੈਂਦਿਆਂ ਕਿਹਾ, "ਕਿਸ਼ਨ ਸਦੀ-ਮੁੱਚੀ ਸ਼ਾਦੀ

ਕਰਨੋਂ ਨਾਂਹ ਕਰ ਦੇਵੇਗਾ। ਜੇ ਉਹ ਮੇਰਾ ਕਿਹਾ ਨਹੀਂ ਮੋੜਦਾ ਤਾਂ ਤੁਹਾਡਾ ਵੀ ਨਹੀਂ ਮੋੜਦਾ। ਕੁਝ ਹੋਰ...।"

"ਅੱਛਾ, ਫੇਰ ਮੈਂ ਅੱਜੋ ਚਲਾ ਜਾਵਾਂਗਾ। ਸੌਦਾ ਇਵੇਂ ਹੀ ਮੁੱਕਦਾ ਹੈ।" ਤੇ ਮੈਂ ਵਾਸਣਾ ਹਟਾ ਲਈ।

"ਵੀਰਾ ਜੀ, ਮੈਂ ਸੁਣਾਉਨੀ ਹਾਂ। ਕਿਸ਼ਨ ਵੀਰ ਦਾ ਵਿਆਹ ਨਾ ਰੁਕੇ। ਇਹੋ ਮੇਰੀ ਚਾਹ ਹੈ। ਮੈਂ ਇਕ ਸੁਖੀ ਵਸਦਾ ਜੋੜਾ ਘਰ ਵਿਚ ਵੇਖਣਾ ਚਾਹੁੰਦੀ ਹਾਂ। ਲਓ ਸੁਣੋ।" ਇਹ ਕਹਿ ਕੇ ਉਹ ਸਾਹਮਣੀ ਕੁਰਸੀ 'ਤੇ ਬੈਠ ਗਈ।

"ਮੈਂ ਜਦ ਦਸਵੀਂ ਜਮਾਤ ਪਾਸ ਕਰ ਚੁੱਕੀ ਤਾਂ ਦੂਸਰੇ ਵਰ੍ਹੇ ਹੀ ਮੇਰੀ ਨਾਨੀ ਨੇ ਮੇਰੇ ਲਈ ਇਕ ਸੋਹਣਾ ਵਰ ਲੱਭਿਆ। 'ਉਹ' ਵੀ ਮੇਰੇ ਜਿੰਨਾ ਪੜ੍ਹੇ ਹੋਏ ਸਨ ਤੇ ਕਪੜੇ ਦਾ ਵਪਾਰ ਕਰਦੇ ਸਨ। ਆਮਦਨ ਉਨ੍ਹਾਂ ਦੀ ਕਾਫ਼ੀ ਤੋਂ ਜ਼ਿਆਦਾ ਸੀ। ਮੇਰੇ ਵਿਆਹ ਉਤੇ ਉਨ੍ਹਾਂ ਬੜਾ ਖ਼ਰਚ ਕੀਤਾ ਸੀ। ਗਹਿਣਿਓਂ ਕਪੜਿਓਂ ਉਨ੍ਹਾਂ ਮੈਨੂੰ ਵਾਂਜੀ ਨਹੀਂ ਸੀ ਰਹਿਣ ਦਿੱਤਾ। ਮੇਰੀ ਸੱਸ ਤਾਂ ਮੈਨੂੰ ਦੇਖ ਕੇ ਬਾਗ ਬਾਗ ਹੋ ਗਈ ਸੀ। ਸਹੁਰਾ ਮੇਰਾ ਹੈ ਨਹੀਂ ਸੀ। ਸੱਸ ਮੇਰੀ ਹੱਥੀਂ ਛਾਵਾਂ ਕਰਦੀ ਸੀ। ਪਤੀ ਮੇਰੇ ਮੈਨੂੰ ਹੱਦੋਂ ਬਹੁਤਾ ਪਿਆਰ ਕਰਦੇ ਸਨ ਤੇ ਇੱਜ਼ਤ ਵੀ। ਮੈਂ ਸਮਝਦੀ ਸਾਂ...।"

ਇਥੇ ਸ਼ਰਮਾ ਕੇ ਕ੍ਰਿਸ਼ਨਾ ਕੁਝ ਰੁਕ ਗਈ। ਮੈਂ ਕਿਹਾ "ਭੈਣ, ਮਾਵਾਂ-ਧੀਆਂ ਹੀ ਨਹੀਂ, ਭੈਣਾਂ-ਭਰਾਵਾਂ ਦਾ ਵੀ ਇਕੋ ਪੜਦਾ ਹੁੰਦਾ ਹੈ।"

"ਮੈਂ ਸਮਝਦੀ ਸਾਂ", ਉਸ ਨੇ ਬਾਲਾਂ ਵਾਂਗ ਸੰਗਦਿਆਂ ਸ਼ੁਰੂ ਕੀਤਾ, "ਕਿ ਮੈਂ ਉਨ੍ਹਾਂ ਬਿਨ੍ਹਾਂ ਜੀ ਨਹੀਂ ਸਕਦੀ। ਵਿਆਹ ਤੋਂ ਦੋ ਮਹੀਨੇ ਮਗਰੋਂ ਇਕ ਦਿਨ ਉਹ ਲੜਖੜਾਉਂਦੇ ਹੋਏ ਘਰ ਆਏ। ਉਨ੍ਹਾਂ ਦੇ ਮੂੰਹ ਵਿਚੋਂ ਬੋ ਆ ਰਹੀ ਸੀ। ਸਚ ਜਾਣੋ ਭਰਾ ਜੀ, ਉਹ ਬੋ ਮੈਨੂੰ ਬੜੀ ਬੁਰੀ ਲੱਗੀ। ਪਰ ਉਨ੍ਹਾਂ ਦੇ ਪਿਆਰ ਪਿੱਛੇ ਮੈਂ ਬਰਦਾਸ਼ਤ ਕਰ ਲਈ। ਪਰ ਮੈਨੂੰ ਉਲਟੀ ਆਉਣ ਵਾਲੀ ਹੋ ਗਈ। ਦੂਸਰੇ-ਤੀਸਰੇ ਉਹ ਇਵੇਂ ਆਉਂਦੇ। ਮੈਂ ਸੱਸ ਤੋਂ ਤੇ ਨਾਨੀ ਤੋਂ ਇਹ ਗੱਲ ਲੁਕਾਉਂਦੀ ਰਹੀ। ਆਖ਼ਰ ਆਦਤ ਵਧਦੀ ਗਈ। ਹਾਰ ਕੇ ਮੈਂ ਸੱਸ ਨੂੰ ਕਿਹਾ। ਉਨ੍ਹਾਂ ਆਪ ਆ ਕੇ ਦੇਖਿਆ। ਕਹਿਣ ਲਗੇ, ਸ਼ਰਾਬ ਪੀਣ ਲੱਗ ਪਿਆ ਹੈ। ਸਵੇਰੇ ਉਨ੍ਹਾਂ ਮੇਰੇ ਸਾਹਮਣੇ ਝਾੜ-ਝਪਾੜ ਕੀਤੀ। 'ਉਹ' ਕ੍ਰੋਧ-ਭਰੀਆਂ ਅੱਖਾਂ ਨਾਲ ਮੇਰੀ ਵਲ ਵੇਖਦੇ ਰਹੇ। ਰਾਤੀਂ ਅੰਨ੍ਹੇ-ਵਾਹ ਪੀ ਕੇ ਉਹ ਘਰ ਆਏ। ਬੂਹਾ ਬੰਦ ਕਰਕੇ ਮੈਨੂੰ ਬੜਾ ਕੁਟਿਆ। ਆਖੀ ਜਾਂਦੇ ਸਨ, 'ਪੀਂਦਾ ਹਾਂ ਤੇ ਤੇਰੇ ਪਿਉ ਦੇ ਪੈਸਿਆਂ ਦੀ ਪੀਂਦਾ ਹਾਂ ?' ਪਤਾ ਨਹੀਂ ਉਨ੍ਹਾਂ ਨੂੰ ਕੀ ਹੋ ਗਿਆ ਸੀ। ਆਪਣਾ ਕੰਮ ਉਹ ਠੀਕ ਕਰਦੇ ਸਨ, ਪਰ ਸ਼ਾਮ ਨੂੰ ਪੀ ਕੇ ਮੈਨੂੰ ਮਾਰਦੇ ਸਨ। ਉਹ ਮੇਰੀ ਸੱਸ ਦੇ ਹੱਥਾਂ ਵਿਚੋਂ ਵੀ ਨਿਕਲ ਗਏ। ਮੈਂ ਨਾਨੀ ਨੂੰ ਕੁਝ ਨਹੀਂ ਦੱਸਦੀ ਸਾਂ।

"ਕਮਲਾ ਹਾਲਾਂ ਮਹੀਨੇ ਦੀ ਸੀ ਕਿ ਇਕ ਦਿਨ ਰਾਤੀਂ ਮੈਨੂੰ ਉਨ੍ਹਾਂ ਬੁਰੀ ਤਰ੍ਹਾਂ ਕੁੱਟਿਆ। ਕਹਿਣ ਲੱਗੇ, "ਨਿਕਲ ਜਾ ਮੇਰੇ ਘਰੋਂ !' ਮੈਨੂੰ ਮੁੰਨੀ ਸਮੇਤ ਪੌੜੀਆਂ ਵਿਚੋਂ ਧੱਕਾ ਦੇ ਦਿੱਤਾ। ਮੁੰਨੀ ਨੂੰ ਬਚਾਉਣ ਲਈ ਮੈਂ ਸਿਰ ਅਗਾਂਹ ਸੁੱਟ ਦਿੱਤਾ। ਮੇਰਾ ਸਿਰ ਪਾਟ ਗਿਆ। ਮੈਂ ਉੱਠ ਕੇ ਮੁੜ ਉਪਰ ਚੜ੍ਹਨਾ ਚਾਹੁੰਦੀ ਸਾਂ ਕਿ ਉਨ੍ਹਾਂ ਕਿਹਾ, 'ਗਈ ਨਹੀਂ ਹਾਲੇ ? ਜਾ ਨਿਕਲ ਜਾ ਮੇਰੇ ਘਰੋਂ।' ਮੈਂ ਕਿਹਾ, 'ਤੁਸੀਂ ਸ਼ਰਾਬ ਪੀਤੀ ਹੋਈ

ਹੈ। ਤੁਸੀਂ ਹੋਸ਼ ਵਿਚ ਨਹੀਂ। ਮੇਰਾ ਸਿਰ ਪਾਟ ਗਿਆ ਹੈ। 'ਪਾਟ ਗਿਆ ਹੈ ਤਾਂ ਪਾਟ ਜਾਏ', ਉਹ ਕਹਿਣ ਲਗੇ, 'ਤੇਰੇ ਜਹੀਆਂ ਹੋਰ ਬਥੇਰੀਆਂ।' ਮੈਂ ਕਿਹਾ, 'ਜੀ, ਮੈਂ ਤੁਹਾਡੀ ਧਰਮ-ਪਤਨੀ ਹਾਂ।' ਹੁਣ ਗੁਆਂਢੀ ਆਣ ਇਕੱਠੇ ਹੋਏ ਸਨ। ਸੱਸ ਆਪਣੇ ਕਮਰੇ ਅੰਦਰ ਦਿੱਤੀ ਹਾਲ ਹਾਲ ਕਰ ਰਹੀ ਸੀ। ਲੋਕਾਂ ਕਿਹਾ, 'ਮੂਰਖਾ,ਕੀ ਕਰਦਾ ਹੈਂ, ਇਹੋ ਜਹੀ ਵਹੁਟੀ ਤੈਨੂੰ ਕਿਥੋਂ ਲੱਭਣੀ ਹੈ ?' ਮੈਂ ਫੇਰ ਉਪਰ ਚੜ੍ਹਨ ਲੱਗੀ, ਪਰ ਉਨ੍ਹਾਂ ਬਾਹੋਂ ਫੜ ਕੇ ਥੱਲੇ ਝੰਜੋੜ ਮਾਰਿਆ। ਤੀਸਰੀ ਵਾਰੀ ਮੈਂ ਫਿਰ ਹੱਲਾ ਕੀਤਾ, ਪਰ 'ਉਨ੍ਹਾਂ' ਲੋਕਾਂ ਦੇ ਸਾਹਮਣੇ ਮੈਨੂੰ ਫੇਰ ਪਟਕਾ ਮਾਰਿਆ। ਲੋਕੀਂ ਉਨ੍ਹਾਂ ਨੂੰ ਮਾਰਨ ਲੱਗੇ, ਮੈਂ ਰੋਕ ਦਿੱਤਾ। ਪਰ ਮੇਰਾ ਗੁੱਸਾ ਵਧ ਰਿਹਾ ਸੀ। ਮੈਂ ਉੱਚੀ ਦਿੱਤੀ ਪੁੱਛਿਆ, 'ਕੀ ਤੁਸੀਂ ਹੋਸ਼ ਵਿਚ ਹੋ ?' 'ਕੁੱਤੀ, ਸਮਝਦੀ ਹੈ ਮੈਂ ਬੇਹੋਸ਼ ਹਾਂ', ਉਨ੍ਹਾਂ ਗੱਜਦਿਆਂ ਕਿਹਾ। 'ਕੀ ਤੁਸੀਂ ਮੇਰੇ ਪਤੀ ਨਹੀਂ ਜੁ ਮੇਰੀ ਇਸ ਤਰ੍ਹਾਂ ਬੇਪਤੀ ਕਰਦੇ ਹੋ ?' 'ਨਹੀਂ, ਮੈਂ ਤੇਰਾ ਪਤੀ ਨਹੀ', ਉਨ੍ਹਾਂ ਜ਼ੋਰ ਦਿੰਦਿਆਂ ਕਿਹਾ। 'ਮੈਂ ਅੱਜ ਜਾ ਕੇ ਫੇਰ ਕਦੀ ਨਹੀਂ ਆਵਾਂਗੀ', ਮੈਂ ਭੀਸ਼ਮ-ਪ੍ਰਤੱਗਿਆ ਧਾਰ ਕੇ ਕਿਹਾ। 'ਜਾ ਜਾ, ਇਹ ਰੋਹਬ ਕਿਸੇ ਹੋਰ ਨੂੰ ਦਿਖਾ', ਉਨ੍ਹਾਂ ਕਿਹਾ। ਮੈਂ ਤੁਰ ਪਈ। ਲੋਕਾਂ ਉਨ੍ਹਾਂ ਨੂੰ ਲਾਹਨਤਾਂ ਪਾਈਆਂ। ਮੈਨੂੰ ਆਪਣੇ ਘਰਾਂ ਵਿਚ ਠਹਿਰਨ ਨੂੰ ਕਿਹਾ। ਸਿਆਲੀ ਰਾਤ ਵਿਚ ਠਰੂੰ ਠਰੂੰ ਕਰਦੀ ਮੈਂ ਨਾਨੀ ਨੂੰ ਆਵਾਜ਼ ਮਾਰੀ। ਉਸ ਬਿਪਤਾ ਦੀ ਮਾਰੀ ਨੇ ਜਦ ਮੇਰੀ ਇਹ ਹਾਲਤ ਦੇਖੀ ਤਾਂ ਢਾਹਾਂ ਮਾਰ ਰੋਈ। ਫੇਰ ਰੇਸ਼ਮ ਸਾੜ ਸਿਰ ਦੇ ਜ਼ਖਮ ਵਿਚ ਦਿੱਤਾ। ਮੁੰਨੀ ਨੂੰ ਗਲ ਲਾਇਆ। ਮੈਨੂੰ ਨਿਘਿਆਂ ਕੀਤਾ। ਮੇਰੀ ਕਹਾਣੀ ਸੁਣ ਕੇ ਕਹਿਣ ਲਗੀ, 'ਨਹੀਂ ਜਾਣਾ ਉਸ ਦੁਸ਼ਟ ਦੇ। ਤੇਰੇ ਪਿਉ ਵਰਗਾ ਹੀ ਨਿਕਲਿਆ, ਪਾਪੀ ! ਪਰ ਆਖ਼ਰ ਧੀਏ, ਆਖ਼ਰ ਉਥੇ ਹੀ ਜਾਣਾ ਪਏਗਾ। ਸਾਡੇ ਵਿਚ ਦੂਸਰਾ ਵਿਆਹ ਤੇ ਕਿਤੇ ਰਿਹਾ, ਵਿਧਵਾ ਵਿਆਹ ਵੀ ਪਾਪ ਹੈ।' ਮੈਂ ਕਿਹਾ, 'ਮੈਂ ਤੇ ਮਾਂ ਜੀ, ਕਦੇ ਨਹੀਂ ਜਾਣਾ ਉਸ ਦੇ ਘਰ। ਮੈਂ ਵੀ ਪ੍ਰਤੱਗਿਆ ਕਰ ਚੁੱਕੀ ਹਾਂ।'

"ਉਹ ਸ਼ਰਾਬ ਪੀਂਦੇ ਰਹੇ। ਸ਼ਰਾਬੀ ਹੋ ਕੇ ਮੋਰੀਆਂ ਵਿਚ ਢਹਿੰਦੇ, ਸਾਰੀ ਸਾਰੀ ਰਾਤ ਬਾਜ਼ਾਰਾਂ ਵਿਚ ਪਏ ਰਹਿੰਦੇ। ਇਸ ਦਾ ਉਨ੍ਹਾਂ ਦੇ ਵਪਾਰ ਤੇ ਵੀ ਅਸਰ ਪਿਆ। ਮੈਨੂੰ ਸਕੂਲ ਵਿਚ ਉਸਤਾਨੀ ਦੀ ਨੌਕਰੀ ਮਿਲ ਗਈ। ਮੇਰੀ ਸੱਸ ਮੈਨੂੰ ਬਾਹਰ ਕਿਤੇ ਨਾ ਕਿਤੇ, ਕਦੇ ਕਦੇ ਮਿਲਦੀ। ਪਿਆਰ ਨਾਲ ਗਲੇ ਲਾਉਂਦੀ, ਅਸੀਸਾਂ ਦਿੰਦੀ, 'ਪ੍ਰਮਾਤਮਾ ਤੇਰੇ ਘਰ ਵਾਲੇ ਨੂੰ ਸੁਮੱਤ ਬਖ਼ਸ਼ੇ !' ਉਹ ਆਖ ਕੇ ਇਕ ਡੂੰਘਾ ਸਾਹ ਲੈਂਦੀ। ਕਮਲਾ ਨੂੰ ਚੁਕ ਕੇ ਗੁੱਡੀਆਂ ਵਾਂਗ ਹੱਥਾਂ ਵਿਚ ਨਚਾਉਂਦੀ।"

ਕੁਝ ਚਿਰ ਠਹਿਰਨ ਤੋਂ ਮਗਰੋਂ ਡੂੰਘਾ ਸਾਹ ਲੈ ਕੇ ਕ੍ਰਿਸ਼ਨਾ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਇਕ ਦਿਨ ਮੈਨੂੰ ਸੱਸ ਦਾ ਸੁਨੇਹਾ ਆਇਆ ਕਿ ਉਹ ਕਮਲਾ ਨੂੰ ਦੇਖਣਾ ਚਾਹੁੰਦੀ ਹੈ। ਨੌਕਰ ਦੇ ਹੱਥ ਮੈਂ ਦੋ ਸਾਲਾਂ ਦੀ ਕਮਲਾ ਨੂੰ ਭੇਜ ਦਿੱਤਾ। ਮੇਰੀ ਸੱਸ ਮਰਨ ਵਾਲੀ ਸੀ। ਕਮਲਾ ਨੂੰ ਦੇਖ ਕੇ ਉਸ ਕਿਹਾ, 'ਧੀਏ, ਭਾਗਾਂ ਵਾਲੀ ਹੋਈਂ। ਆਪਣੀ ਮਾਂ ਨੂੰ ਘਰ ਲਿਆਵੀਂ।' ਨੌਕਰ ਨੇ ਸਭ ਕੁਝ ਆ ਕੇ ਦੱਸਿਆ ਸੀ। ਮਗਰੋਂ ਮੇਰੀ ਸੱਸ ਸਵਰਗਵਾਸ ਹੋ ਗਈ। ਮੈਨੂੰ 'ਉਨ੍ਹਾਂ' ਦਾ ਸੁਨੇਹਾ ਆਇਆ, ਮੈਂ ਨਾ ਗਈ। ਪਰ ਜਦ ਦਾਹ ਦੇ ਕੇ ਸਾਰੇ ਸ਼ਮਸ਼ਾਨ-ਭੂਮੀ ਤੋਂ ਮੁੜ ਆਏ ਤਾਂ ਮੈਂ ਤੇ ਨਾਨੀ

ਜੀ ਉਥੇ ਗਏ। ਇਹੋ ਜਹੀ ਸੱਸ ਦੀ ਚਿਖਾ ਲਾਗੇ ਬੈਠ ਕੇ ਜੀਅ ਭਰ ਕੇ ਰੋਈ। ਮੈਂ ਦੇਖਿਆ, 'ਉਹ' ਆ ਰਹੇ ਹਨ। ਮੈਂ ਉੱਠ ਖਲੋਤੀ। ਉਨ੍ਹਾਂ ਮੈਨੂੰ ਦੇਖ ਲਿਆ, ਪਰ ਮੈਨੂੰ ਕੁਝ ਨਹੀਂ ਆਖਿਆ। ਮੈਂ ਰੋਂਦੀ ਹਾਤਿਓਂ ਬਾਹਰ ਨਿਕਲ ਆਈ।"

ਮੈਂ ਦੇਖਿਆ, ਕ੍ਰਿਸ਼ਨਾ ਰੋ ਰਹੀ ਸੀ।

"ਉਸ ਤੋਂ ਮਗਰੋਂ ਮੈਨੂੰ ਪਤਾ ਲੱਗਾ, "ਕ੍ਰਿਸ਼ਨਾ ਚਾਲ ਨੂੰ ਹੌਲੀ ਕਰ ਕੇ ਕਹਿਣ ਲੱਗੀ, "ਉਨ੍ਹਾਂ ਸ਼ਰਾਬ ਛੱਡ ਦਿਤੀ ਹੈ। ਉਨ੍ਹਾਂ ਦਾ ਕੰਮ ਫਿਰ ਵਧ ਰਿਹਾ ਸੀ। ਮੈਂ ਵੀ ਜੇ. ਏ. ਵੀ. ਪਾਸ ਕਰ ਲਈ ਸੀ ਤੇ ਕਿਸ਼ਨ ਦੇ ਸਕੂਲ ਦੇ ਖ਼ਰਚ ਅਤੇ ਆਪਣੇ ਤੇ ਕਮਲਾ ਜੋਗਾ ਕਾਫੀ ਕਮਾ ਲੈਂਦੀ ਸਾਂ। ਨਾਨੀ ਜੀ ਨੇ ਮੈਨੂੰ ਆਪਣੀ ਪੈਰੀਂ ਖੜੀ ਦੇਖ ਕੇ ਪਰਲੋਕ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪੂਜਾ ਪਾਠ ਕਰਦੇ ਆਖ਼ਰ ਨਾਨੀ ਜੀ ਵੀ ਤੁਰ ਹੀ ਗਏ। ਮੈਂ ਪੁੱਤਰਾਂ ਵਾਂਗ ਉਨ੍ਹਾਂ ਨੂੰ ਵੱਡਿਆਂ ਕੀਤਾ। ਕਿਸ਼ਨ ਨੇ ਚੌਰੀ ਫੜੀ। ਕਮਲਾ ਨੇ ਘੰਟੇ ਖੜਕਾਏ।"

ਕ੍ਰਿਸ਼ਨਾ ਹੁਣ ਨਾ ਸਹਾਰ ਸਕੀ। ਉਹ ਖੁਲ੍ਹ ਕੇ ਰੋ ਪਈ। ਮੈਂ ਚੁਪ ਕਰਾਉਣ ਦਾ ਜਤਨ ਨਾ ਕੀਤਾ ਤਾਂ ਜੁ ਉਸ ਦਾ ਗਮ ਅੱਥਰੂ ਬਣ ਕੇ ਵਹਿ ਜਾਏ ਤੇ ਦਿਲ ਥੋੜ੍ਹਾ ਬਹੁਤਾ ਹੌਲਾ ਹੋ ਜਾਏ। ਰੋਣਾ ਛੱਡ ਕੇ ਉਹ ਚੁਪ ਸੀ, ਜਦ ਮੈਂ 'ਅਗੇ ਕੀ ਹੋਇਆ ?' ਪੁੱਛਿਆ।

ਇਕ ਠੰਢਾ ਸਾਹ ਲੈ ਕੇ ਉਸ ਕਿਹਾ, "ਇਕ ਦਿਨ ਮੈਂ ਕਮਲਾ ਨੂੰ ਉਂਗਲੀ ਲਾਈ ਸਕੂਲ ਜਾ ਰਹੀ ਸਾਂ ਕਿ ਉਹ ਮੇਰਾ ਰਸਤਾ ਘੇਰ ਖਲੋਤੇ, ਕਹਿਣ ਲੱਗੇ, 'ਕ੍ਰਿਸ਼ਨਾ, ਚੱਲ, ਘਰ ਚੱਲ। ਮੇਰਾ ਘਰ ਤੇਰੇ ਬਿਨ੍ਹਾਂ ਵਰਾਨ ਹੋ ਗਿਆ ਹੈ।' ਸੜ ਜਾਏ ਜੀਭ ਮੇਰੀ ! ਮੈਂ ਕਿਹਾ, "ਤੂੰ ਕੌਣ ਹੈਂ ? ਛੱਡ ਦੇ ਬਾਂਹ ਮੇਰੀ। ਰਾਹ ਜਾਂਦੀਆਂ ਤੀਵੀਆਂ ਦੀਆਂ ਬਾਹਾਂ ਨਹੀਂ ਪਕੜੀਦੀਆਂ।' ਉਹ ਡੌਰ-ਭੌਰੇ ਕਿੰਨਾ ਚਿਰ ਮੇਰੇ ਵਲ ਤੱਕਦੇ ਰਹੇ। ਫਿਰ ਕਮਲਾ ਵੱਲ ਦੇਖਿਆ, ਫਿਰ ਮੇਰੇ ਵੱਲ। ਆਖ਼ਰ ਉਹ ਬੋਲੇ, 'ਕੀ ਤੁਸੀਂ ਮੇਰੀ ਪਤਨੀ ਕ੍ਰਿਸ਼ਨਾ ਨਹੀਂ ਹੋ ?' 'ਕ੍ਰਿਸ਼ਨਾ ਤੇ ਹਾਂ, ਪਰ ਮੈਂ ਕਿਸੇ ਦੀ ਪਤਨੀ ਨਹੀਂ।' ਉਨ੍ਹਾਂ ਦੀ ਪਕੜ ਢਿੱਲੀ ਪੈ ਗਈ। ਲੋਕਾਂ ਨੇ ਤਾੜੀਆਂ ਲਾ ਦਿੱਤੀਆਂ। ਸੱਚ ਜਾਣਨਾ ਭਰਾ ਜੀ, ਮੇਰਾ ਮਤਲਬ ਉਹ ਕੁਝ ਨਹੀਂ ਸੀ ਜੋ ਮੈਂ ਉਸ ਵੇਲੇ ਬਕ ਦਿਤਾ। 'ਉਨ੍ਹਾਂ' ਦੇ ਚਿਹਰੇ ਤੋਂ ਮਲੂਮ ਹੁੰਦਾ ਸੀ ਕਿ ਉਨ੍ਹਾਂ ਨੂੰ ਬੜੀ ਚੋਟ ਲੱਗੀ ਹੈ। ਪਤਾ ਨਹੀਂ ਕਿਉਂ ਮੇਰਾ ਮੂੰਹ ਬੰਦ ਰਿਹਾ। ਸਕੂਲ ਦਾ ਵਕਤ ਹੋ ਰਿਹਾ ਸੀ। ਉਹ ਸਿਰ ਸੁੱਟੀ ਦੂਸਰੇ ਪਾਸੇ ਤੁਰੀ ਜਾ ਰਹੇ ਸਨ। ਸਕੂਲ ਜਾ ਕੇ ਮੈਂ ਕਿਸੇ ਜਮਾਤ ਨੂੰ ਚੰਗੀ ਤਰ੍ਹਾਂ ਨਾ ਪੜ੍ਹਾ ਸਕੀ। ਅੱਧੀ ਛੁੱਟੀ ਤਕ ਮੈਨੂੰ ਸਿਰ-ਪੀੜ ਹੁੰਦੀ ਰਹੀ। ਹੈੱਡ-ਮਾਸਟਰਾਣੀ ਨੇ ਮੈਨੂੰ ਕੋਈ ਜ਼ਨਾਨੀਆਂ ਵਾਲੀ ਅਹੁਰ ਸਮਝ ਕੇ ਛੁੱਟੀ ਦਿਤੀ ਤੇ ਮਾਈ ਮੈਨੂੰ ਘਰ ਤਕ ਛੱਡਣ ਆਈ।

"ਉਸ ਦਿਨ ਤੋਂ ਮੇਰੇ ਪ੍ਰਣ ਤੇ ਉਨ੍ਹਾਂ ਦੇ ਮੇਰੇ ਨਾਲ ਕੀਤੇ ਜਾ ਰਹੇ ਵਰਤਾ ਵਿਚ ਜੰਗ ਸ਼ੁਰੂ ਹੋ ਗਿਆ। ਮੈਂ ਉਨ੍ਹਾਂ ਦੀ ਦੁਕਾਨ ਵਾਲੇ ਬਜ਼ਾਰ ਵਿਚੋਂ ਕਦੇ ਨਹੀਂ ਸੀ ਲੰਘਦੀ। ਇਕ ਦਿਨ ਸਕੂਲੋਂ ਆ ਰਹੀਆਂ ਮਾਸਟਰਾਣੀਆਂ ਨੇ ਮੈਨੂੰ ਉਧਰੋਂ ਲੰਘਣ ਲਈ ਮਜਬੂਰ ਕਰ ਲਿਆ। ਉਨ੍ਹਾਂ ਨੂੰ ਮੇਰੀ ਕਹਾਣੀ ਦਾ ਕੋਈ ਪਤਾ ਨਹੀਂ ਸੀ। ਉਹ

ਵੀ ਤੁਹਾਡੇ ਵਾਂਗੂੰ, ਮੈਨੂੰ, ਰੱਬ ਨਾ ਕਰੇ, ਵਿਧਵਾ ਹੀ ਸਮਝਦੀਆ ਸਨ। ਤੇ ਮੈਂ ਅੱਜ ਤੋਂ ਪਹਿਲੋਂ ਸੁਹਾਗ ਦੀ ਬਿੰਦੀ ਵੀ ਕਦੇ ਨਹੀਂ ਸੀ ਲਾਈ।"

ਮੈਂ ਦੇਖਿਆ ਕਿ ਜਿਹੜੀਆਂ ਅੱਖਾਂ ਭੈਣ ਕ੍ਰਿਸ਼ਨਾ ਦੀਆਂ ਅੱਖਾਂ ਵਿਚੋਂ ਦੁਖ ਦੇ ਅੱਤ ਸੂਖਮ ਅਸਰ ਨੂੰ ਪੜ੍ਹ ਸਕੀਆਂ ਸਨ, ਉਨ੍ਹਾਂ ਹਾਲੀ ਤਕ ਕ੍ਰਿਸ਼ਨਾ ਦੇ ਮੱਥੇ ਵਿਚਕਾਰ ਬਰੀਕ ਜਹੀ ਲਾਲ ਬਿੰਦੀ ਨੂੰ ਨਹੀਂ ਦੇਖਿਆ ਸੀ।

ਭੈਣ ਨੇ ਗੱਲ ਜਾਰੀ ਰਖਦਿਆਂ ਕਿਹਾ, "ਮੈਂ ਉਸ ਬਜ਼ਾਰ ਵਿਚੋਂ ਲੰਘੀ। ਜਿਸ ਪਾਸਿਓਂ ਮੈਂ ਜਾ ਰਹੀ ਸਾਂ ਉਸ ਪਾਸੇ ਹੀ ਉਨ੍ਹਾਂ ਦੀ ਨਜ਼ਰ ਸੀ। ਉਨ੍ਹਾਂ ਆਮ ਤੁਰੇ ਜਾਂਦੇ ਲੋਕਾਂ ਵਾਂਗ ਮੇਰੇ ਨਾਲ ਉਸਤਾਨੀਆਂ ਨੂੰ ਦੇਖਿਆ। ਉਨ੍ਹਾਂ ਦੀ ਨਜ਼ਰ ਮੇਰੇ 'ਤੇ ਆਣ ਕੇ ਅਟਕ ਗਈ। ਅਚਾਨਕ ਇਕ ਝਟਕੇ ਨਾਲ ਉਨ੍ਹਾਂ ਮੇਰੇ ਵਲੋਂ ਨਜ਼ਰ ਪਰਤਾ ਲਈ ਤੇ ਉੱਚੀ ਜਹੀ ਬੋਲੇ, 'ਓਇ ਕਾਕਾ, ਤੈਨੂੰ ਕਦੇ ਕੋਈ ਚੀਜ਼ ਨਹੀਂ ਲੱਭੇਗੀ।' ਇਹ ਕਹਿ ਕੇ ਅੰਦਰ ਚਲੇ ਗਏ। ਮੈਂ ਹੱਟੀ ਦੇ ਅੰਦਰ ਤਕਿਆ, ਕੋਈ ਮੁੰਡਾ ਅੰਦਰ ਨਹੀਂ ਸੀ। ਕੇਵਲ ਉਹ ਘਬਰਾਏ ਹੋਏ ਥਾਨਾਂ ਦੇ ਖ਼ਾਨਿਆਂ ਵਿਚ ਹੱਥ ਮਾਰ ਰਹੇ ਸਨ। ਇਕ ਦੋ ਹੋਰ ਦੁਕਾਨਦਾਰ ਮੈਨੂੰ ਪਛਾਣਦੇ ਸਨ ਤੇ ਮੈਂ ਨੰਗੇ ਮੂੰਹ ਸਾਂ। ਉਨ੍ਹਾਂ ਵੀ ਮੈਨੂੰ ਦੇਖਿਆ ਤੇ ਫੇਰ ਖ਼ਾਲੀ ਗੱਦੀ ਵਲ ਨਜ਼ਰ ਮਾਰ ਕੇ ਮੇਰੀ ਵਲ ਦੇਖਣ ਲਗ ਪਏ। ਮੈਂ ਰੁਕੀ, ਤੁਰੀ, ਫਿਰ ਰੁਕੀ, ਤੁਰੀ ਤੇ ਲੰਘ ਆਈ। ਘਰ ਆ ਕੇ ਮੇਰੀ ਬੁਰੀ ਦਸ਼ਾ ਹੋਈ। ਮੈਂ ਪ੍ਰਣ ਤੋੜ ਦੇਣ ਨੂੰ ਤਿਆਰ ਸਾਂ। ਉਨ੍ਹਾਂ ਜ਼ਿਆਦਤੀ ਨਸ਼ੇ ਦੇ ਅਸਰ ਹੇਠ ਕੀਤੀ ਸੀ। ਹੁਣ ਉਹ ਨਸ਼ਾ ਨਹੀਂ ਪੀਂਦੇ। ਪਰ ਮੈਂ ਤੇ ਪ੍ਰਣ ਨਸ਼ੇ ਦੇ ਅਸਰ ਹੇਠ ਨਹੀਂ ਕੀਤਾ। ਉਹ ਇਕ ਛੱਡ ਕੇ ਦਸ ਵਿਆਹ ਕਰ ਸਕਦੇ ਸਨ, ਪਰ ਉਨ੍ਹਾਂ ਵਿਆਹ ਨਹੀਂ ਸੀ ਕੀਤਾ। ਉਨ੍ਹਾਂ ਨੂੰ ਬੜੀ ਮਾਨਸਿਕ ਤਕਲੀਫ਼ ਹੈ !" ਇਹੋ ਜਿਹਾ ਕੁਝ ਮੈਂ ਉਨ੍ਹਾਂ ਦਿਨਾਂ ਵਿਚ ਸੋਚਦੀ ਸਾਂ। ਮੈਂ ਚਾਹੁੰਦੀ ਸਾਂ ਕਿ ਕਿਸੇ ਦਿਨ ਉਹ ਮੇਰੀ ਬਾਂਹ ਫੇਰ ਪਕੜ ਲੈਣ ਤੇ ਉਸੇ ਤਰ੍ਹਾਂ ਪੁੱਛਣ ਕਿ ਤੂੰ ਮੇਰੀ ਪਤਨੀ ਨਹੀਂ, ਤੇ ਮੈਂ ਉਨ੍ਹਾਂ ਦੇ ਚਰਨਾਂ ਵਿਚ ਡਿੱਗ ਕੇ ਆਖਾਂ ਕਿ ਮੈਂ ਤਾਂ ਤੁਹਾਡੀ ਦਾਸੀ ਹਾਂ। ਪਰ ਫਿਰ ਪਤਾ ਨਹੀਂ ਦਿਲ ਨੂੰ ਕੀ ਹੋ ਜਾਂਦਾ ਸੀ। ਉਹ ਕਰੜਾ ਹੋ ਜਾਂਦਾ ਸੀ-ਪੱਥਰ, ਮੈਂ ਕਹਾਂਗੀ, ਪੱਥਰ !"

ਮੈਂ ਸੋਚ ਰਿਹਾ ਸਾਂ, ਇਹ ਗੱਲ ਤਾਂ ਉਨ੍ਹਾਂ ਦੇ ਖ਼ਾਨਦਾਨ ਵਿਚ ਟੁਰੀ ਹੀ ਆ ਰਹੀ ਹੈ। ਨਾਨੀ ਵਿਚ ਸੀ, ਮਾਂ ਵਿਚ ਸੀ, ਭਰਾ ਵਿਚ ਹੈ ਪਿਉ ਵੀ ਕਿਹੜਾ ਘੱਟ ਸੀ। ਤੇ ਮੈਂ ਸੋਚਿਆ ਕਿ ਇਸ ਵਿਚ ਨਰਮਾਈ ਸ਼ਾਇਦ ਕੁਝ ਕੁਝ ਵਿਦਿਆ ਦੇ ਅਸਰ ਨਾਲ ਆਈ ਹੈ-ਵਿਦਿਆ ਦਾ ਅਸਰ, ਫਿਰ ਇਸਤ੍ਰੀ-ਦਿਲ ਤੇ...।

ਕਹਾਣੀ ਤੁਰੀ ਜਾ ਰਹੀ ਸੀ ਕੁਝ ਤੇਜ਼ ਵੇਗ ਨਾਲ। "ਮੈਂ ਫੇਰ ਇਕ ਵਾਰ ਉਥੋਂ ਲੰਘੀ। ਇਕੱਲੀ ਸਾਂ ਮੈਂ। ਕਮਲਾ ਵੀ ਨਾਲ ਨਹੀਂ ਸੀ। ਉਹ ਫੇਰ ਬਹਾਨਾ ਕਰ ਕੇ ਉੱਠ ਗਏ। ਮੇਰੇ ਦਿਲ 'ਤੇ ਧੱਕ ਕਰਕੇ ਚੋਟ ਲੱਗੀ। ਮੈਂ ਉਨ੍ਹਾਂ ਦੀ ਹੱਟੀ 'ਤੇ ਚੜ੍ਹ ਜਾਣਾ ਚਾਹੁੰਦੀ ਸਾਂ। ਪਰ ਸਵੈਮਾਣ, ਪ੍ਰਣ, ਨਾਨੀ ਦੇ ਸਾਹਮਣੇ ਕੀਤਾ ਪ੍ਰਣ ਵਿਚ ਆ ਖਲੋਤਾ। ਮੈਂ ਤੁਰ ਆਈ। ਮੇਰੇ ਪਛਾਣੂਆਂ ਫੇਰ ਮੈਨੂੰ ਦੇਖਿਆ। ਤੀਸਰੀ ਵਾਰ ਮੈਂ ਲੰਘੀ। 'ਪਹਿਲ ਉਹ ਕਰਨ, ਮੈਂ ਮੰਨ ਜਾਵਾਂਗੀ।' ਪਰ ਐਤਕੀਂ ਉਹ ਉਠੇ ਨਹੀਂ। ਉਹ

ਮੇਰੇ ਵਲ ਤੱਕਦੇ ਰਹੇ ਜਿੰਨਾ ਚਿਰ ਮੈਂ ਉਨ੍ਹਾਂ ਦੀ ਨਜ਼ਰ ਦੇ ਜ਼ਾਵੀਏ ਵਿਚ ਰਹੀ, ਉਵੇਂ ਜਿਵੇਂ ਕੋਈ ਅਣਪਛਾਤੀ, ਪਹਿਲੀ ਵਾਰੀ ਤੱਕੀ ਚੀਜ਼ ਵਲ ਤੱਕਦਾ ਹੈ। ਇਹ ਮੇਰੇ ਲਈ ਅਸਹਿ ਸੀ। ਮੈਂ ਅੰਦਰੋ-ਅੰਦਰ ਕੁਰਲਾ ਉੱਠੀ। ਮੇਰੀਆਂ ਚੀਕਾਂ ਬਾਹਰ ਕਿਸੇ ਨਾ ਸੁਣੀਆਂ। ਹੈਰਾਨ ਹਾਂ ਉਨ੍ਹਾਂ ਵੀ ਨਾ ਸੁਣੀਆਂ !"

ਭੈਣ ਕ੍ਰਿਸ਼ਨਾ ਅੱਜ ਅੱਤ ਜਜ਼ਬਾਤੀ ਹੋ ਰਹੀ ਸੀ। ਕਹਾਣੀ ਪਹਾੜੀ ਤੋਂ ਨਿਵਾਣ ਵਲ ਵਗਦੇ ਪਾਣੀ ਵਾਂਗ ਜਾ ਰਹੀ ਸੀ। ਕ੍ਰਿਸ਼ਨਾ ਕਹਿ ਰਹੀ ਸੀ, "ਉਸ ਮੇਰੇ ਦਿਲ ਦੇ ਮਾਲਕ ਨੇ ਵੀ ਨਾ ਸੁਣੀਆਂ ! ਉਨ੍ਹਾਂ ਦਾ ਇਹ ਰਵੱਈਆ ! ਪੱਥਰਾਈਆਂ ਅੱਖਾਂ ਨਾਲ ਦੇਖਣਾ ! ਉਸ ਵਲ, ਜਿਹੜੀ ਉਨ੍ਹਾਂ ਦੀ ਆਪਣੀ ਸੀ...ਆਪਣੀ ਹੈ। ਕਿੰਨਾ ਤਰਸ-ਹੀਨ ਕੰਮ ਹੈ ਇਹ ? ਦਿਲ ਦਾ ਖ਼ੂਨ ਛਾਤੀ ਦੇ ਅੰਦਰ ਨੁੱਚੜ ਰਿਹਾ ਸੀ। ਕਿਤੇ ਛਾਤੀ ਪਾੜ ਕੇ ਬਾਹਰ ਆ ਜਾਂਦਾ, ਮੇਰੇ ਕਪੜੇ ਰੰਗੇ ਜਾਂਦੇ। ਉਹ ਵੀ ਦੇਖ ਲੈਂਦੇ। ਮੈਨੂੰ ਡਿੱਗਦੀ ਨੂੰ ਬੋਚ ਲੈਂਦੇ। ਮੇਰਾ ਦਵਾ-ਦਾਰੂ ਕਰਦੇ। ਪਰ ਮੈਂ ਐਨੀ ਭਾਗਾਂ ਵਾਲੀ ਕਿਥੇ ਸਾਂ ! ਮੈਂ ਤੁਰ ਆਈ। ਮੈਂ ਬੀਮਾਰ ਹੋ ਗਈ। ਕਿਸ਼ਨ ਨੇ ਬੜੀ ਸੇਵਾ ਕੀਤੀ। ਤੁਸੀਂ ਵੀ ਪਹਿਲੀ ਵਾਰ ਉਦੋਂ ਆਏ ਸਾਓ। ਮੈਂ ਤਕੜੀ ਹੋ ਗਈ ਸਾਂ। ਮੈਂ ਐਤਕੀ ਇਸ ਇਰਾਦੇ ਨਾਲ ਗਈ ਸਾਂ ਕਿ ਐਤਕੀਂ ਮੈਂ ਆਪ ਬੁਲਾ ਲਵਾਂਗੀ, ਉਨ੍ਹਾਂ ਦੀ ਧੀ ਉਨ੍ਹਾਂ ਦੀ ਗੋਦ ਵਿਚ ਬਿਠਾ ਦੇਵਾਂਗੀ, ਗਲ ਵਿਚ ਪੱਲਾ ਪਾ ਕੇ ਮੁਆਫ਼ੀ ਮੰਗਾਂਗੀ, ਪ੍ਰਣ ਤੋੜ ਦੇਵਾਂਗੀ। ਆਪਣੇ ਸਵਾਮੀ ਨੂੰ ਨਰਾਜ਼...ਜੀਉਂਦੇ ਸਵਾਮੀ ਨੂੰ ਨਰਾਜ਼ ਰੱਖ ਕੇ, ਮੈਂ ਮੋਈ ਨਾਨੀ ਨੂੰ ਖ਼ੁਸ਼ ਨਹੀਂ ਰਖ ਸਕਦੀ। ਮੈਂ ਪਰਲੋਕ ਵਿਚ ਝੂਠੀ ਹੋ ਜਾਵਾਂਗੀ। ਇਹ ਕੁਝ ਸੋਚ ਕੇ ਮੈਂ ਬਾਜ਼ਾਰ ਪਹੁੰਚੀ। ਹੱਟੀ ਬੰਦ ਸੀ। 'ਕਿਰਾਏ ਕੇ ਲੀਏ ਖ਼ਾਲੀ' ਦਾ ਬੋਰਡ ਲੱਗਾ ਹੋਇਆ ਸੀ। ਮੈਂ ਘਬਰਾ ਕੇ ਉਸੇ ਥੜ੍ਹੇ 'ਤੇ ਬੈਠ ਗਈ। ਮੈਂ ਲੇਟ ਜਾਣਾ ਚਾਹੁੰਦੀ ਸਾਂ। ਮਸੀਂ ਮਸੀਂ ਮੈਂ ਆਪਣੇ ਆਪ ਨੂੰ ਕਾਬੂ ਕੀਤਾ। ਮੈਂ ਸਾਹਮਣੀ ਹੱਟੀ ਤੋਂ ਪੁੱਛਿਆ। ਉਹ ਹੱਟੀ ਛੱਡ ਕੇ ਕਿਤੇ ਚਲੇ ਗਏ ਸਨ। ਕਿਸੇ ਨੂੰ ਕੋਈ ਪਤਾ ਨਹੀਂ ਸੀ।"

ਕ੍ਰਿਸ਼ਨਾ ਰੋ ਰਹੀ ਸੀ। ਅੱਥਰੂ ਗਲ੍ਹਾਂ ਤੋਂ ਵਹਿ ਕੇ ਕੀਮਤੀ ਗੁਲਾਬੀ ਸਾੜ੍ਹੀ ਨੂੰ ਭਿਉਂ ਰਹੇ ਸਨ। ਮੈਂ ਉਸ ਨੂੰ ਧੀਰਜ ਬੰਨ੍ਹਾਇਆ। ਕੁਝ ਚਿਰ ਮਗਰੋਂ ਮੈਂ ਪੁੱਛਿਆ, "ਭੈਣ ਕ੍ਰਿਸ਼ਨਾ, ਜੇ ਹੁਣ ਉਹ ਆ ਜਾਣ ਤਾਂ ਤੂੰ ਉਨ੍ਹਾਂ ਨੂੰ ਮਾਫ਼ੀ ਦੇ ਦੇਵੇਂਗੀ ?"

ਕ੍ਰਿਸ਼ਨਾ ਸੰਭਲ ਗਈ। ਉਹ ਪੱਥਰ ਦੀ ਮੂਰਤੀ ਬਣ ਰਹੀ ਸੀ। 'ਹਾਂ' ਤੋਂ ਬਹੁਤੀ 'ਨਾਂਹ' ਮੈਨੂੰ ਉਸ ਦੀਆਂ ਅੱਖਾਂ ਤੇ ਉਸ ਦੇ ਸਖ਼ਤ ਹੋ ਰਹੇ ਚਿਹਰੇ ਤੋਂ ਦਿਸ ਰਹੀ ਸੀ। ਫਿਰ ਉਹ ਨਰਮ ਹੋ ਰਹੀ ਸੀ, ਬਹੁਤ ਨਰਮ। ਉਹ ਬੋਲੀ, "ਮੈਂ ਉਨ੍ਹਾਂ ਨੂੰ ਅੱਜ ਇਥੇ ਦੇਖਣਾ ਚਾਹੁੰਦੀ ਹਾਂ।"

ਮੈਨੂੰ ਕਵੀ ਟੈਨੀਸਨ ਯਾਦ ਆ ਰਿਹਾ ਸੀ। ਉਹਦੀ ਤੁਕ :

Let What broken so remain
The gods are ar.l to reconule

ਮੈਨੂੰ ਯਾਦ ਆ ਰਹੀ ਸੀ। ਨਾਲੇ ਉਸ ਕੈਦੀ ਦੀ, ਜੋ ਬੈਸਟੀਲ ਦੇ ਕੈਦਖ਼ਾਨੇ ਦੇ ਤੋੜੇ ਜਾਣ 'ਤੇ ਵੀ ਕੈਦ ਤੋਂ ਨਹੀਂ ਨਿਕਲਣਾ ਚਾਹੁੰਦਾ ਸੀ, ਉਸ ਨੂੰ ਇੰਨਾ ਪਿਆਰ

ਹੋ ਗਿਆ ਸੀ ਕੈਦ ਦੀ ਕੋਠੜੀ ਨਾਲ।

ਇੰਨੇ ਨੂੰ ਨੌਕਰ ਨੇ ਆਣ ਕੇ ਕਿਹਾ, "ਸੇਠ ਜੀ ਨੂੰ ਕੋਈ ਮਿਲਣਾ ਚਾਹੁੰਦਾ ਹੈ।"

ਮੈਂ ਕਿਹਾ, "ਉਪਰ ਲੈ ਆ, ਉਨ੍ਹਾਂ ਨੂੰ ।"

ਇਸ ਤੋਂ ਪਹਿਲੋਂ ਕਿ ਕ੍ਰਿਸ਼ਨਾ ਬਾਹਰ ਜਾਏ, ਉਹ ਆਦਮੀ ਉਪਰ ਹੀ ਆ ਗਿਆ ਸੀ। ਸੋਹਣਾ ਭਾਰਾ, ਗੋਰਾ ਜਵਾਨ, ਕੁਝ ਫ਼ਿਕਰ ਦੇ ਚਿੰਨ੍ਹ ਉਸ ਦੀਆਂ ਅੱਖਾਂ ਦੇ ਆਲੇ-ਦੁਆਲੇ ਨਾ ਹੁੰਦੇ ਤਾਂ ਉਸ ਨੂੰ ਪੰਝੀਆਂ ਤੋਂ ਉਪਰ ਨਹੀਂ ਸੀ ਕਿਹਾ ਜਾ ਸਕਦਾ। ਮੈਂ ਕਿਹਾ, "ਆਓ ਦਰਸ਼ਨ ਦਿਓ, ਬਾਊ ਜੀ, ਕੁਰਸੀ ਲਓ।"

ਕ੍ਰਿਸ਼ਨਾ ਬਾਹਰ ਜਾਣਾ ਚਾਹੁੰਦੀ ਸੀ। ਉਹ ਘਬਰਾਈ ਹੋਈ ਸੀ, ਪਰ ਉਹ ਆਦਮੀ ਕੁਰਸੀ ਖਿੱਚ ਕੇ ਬੂਹੇ ਵਿਚ ਬੈਠ ਗਿਆ। ਮੇਰੀ ਵਲ ਦੇਖ ਕੇ ਉਸ ਕਿਹਾ, "ਸਰਦਾਰ ਜੀ, ਬਰਖ਼ੁਦਾਰ ਕਿਸ਼ਨ ਦੀ ਸ਼ਾਦੀ ਕਦੋਂ ਹੈ ?"

"ਕੱਲ੍ਹ ਹੀ, ਬਾਬੂ ਜੀ।"

"ਮੈਨੂੰ ਕੰਮ ਹੈ, ਕਿਥੇ ਹਨ ਉਹ ?" ਤੇ ਉਸ ਵੇਲੇ ਉਸ ਕ੍ਰਿਸ਼ਨਾ ਦੇ ਝੁਕੇ ਹੋਏ ਚਿਹਰੇ ਵਲ ਦੇਖਿਆ। ਉਹ ਸ਼ੁਦਾਈਆਂ ਵਾਂਗ ਉਠ ਖੜੋਤਾ। "ਬੁਝਾ ਦੇ ਉਹ ਬਿੰਦੀ, ਕ੍ਰਿਸ਼ਨਾ ! ਬੁਝਾ ਕੇ, ਨਹੀਂ ਤੇ ਮੈਂ ਆਪ ਬੁਝਾ ਦਵਾਂਗਾ। ਵਿਧਵਾ ਦਾ ਕੋਈ ਹੱਕ ਨਹੀਂ ਕਿ ਉਹ ਬਿੰਦੀਆਂ ਲਾਵੇ।"

ਉਹ ਅਗਾਂਹ ਵਧਿਆ। ਕ੍ਰਿਸ਼ਨਾ ਚੀਕ ਮਾਰ ਕੇ ਚਿਹਰੇ ਨੂੰ ਗੋਡਿਆਂ ਵਿਚ ਲੈ ਕੇ ਬੈਠ ਗਈ। "ਇਹ ਕਦੀ ਨਹੀਂ ਹੋ ਸਕਦਾ ! ਕਦੀ ਨਹੀਂ ?" ਉਹ ਰੋ ਰਹੀ ਸੀ, "ਮੇਰੇ ਪਤੀ ਹਨ। ਜੀਉਂਦੇ ਹਨ। ਜੁਗ ਜੁਗ ਜੀਉਣ ਉਹ !"

ਆਦਮੀ ਬਾਹਰ ਨਿਕਲ ਰਿਹਾ ਸੀ, ਜਦ ਕਿਸ਼ਨ ਅੰਦਰ ਦਾਖ਼ਲ ਹੋਇਆ। ਮੈਂ ਨੱਸ ਕੇ ਉਸ ਨੂੰ ਜੱਫੀ ਪਾ ਲਈ। "ਜੀਜਾ ਜੀ", ਮੈਂ ਕਿਹਾ, "ਤੁਹਾਡੀ ਸਾਨੂੰ ਬੜੀ ਲੋੜ ਹੈ।" ਜੀਜਾ ਜੀ ਜ਼ੋਰ ਲਾ ਰਹੇ ਸਨ। ਮੈਂ ਕ੍ਰਿਸ਼ਨਾ ਭੈਣ ਵਲ ਤੱਕਿਆ, ਉਹ ਪੱਥਰ ਦੀ ਮੂਰਤ ਵਾਂਗ ਖੜੀ ਸੀ। ਮੈਂ ਪੁਕਾਰ ਉਠਿਆ, "ਕ੍ਰਿਸ਼ਨਾ, ਭੈਣ !" ਮੈਂ ਵਿਜੈ ਪ੍ਰਾਪਤ ਕਰ ਰਿਹਾ ਸਾਂ। ਉਹ ਹਿੱਲੀ, ਵਧੀ, ਜੀਜਾ ਜੀ ਦੇ ਸਾਹਮਣੇ ਝੁਕੀ। ਉਨ੍ਹਾਂ ਦੇ ਪੰਪ-ਸ਼ੂ ਨੂੰ ਹੱਥ ਲਾਇਆ। ਜੀਜਾ ਜੀ ਦੀ ਸਾਰੀ ਤਾਕਤ ਖ਼ਤਮ ਹੋ ਗਈ।

ਥੋੜ੍ਹੇ ਚਿਰ ਮਗਰੋਂ ਕ੍ਰਿਸ਼ਨਾ ਉਨ੍ਹਾਂ ਲਈ ਖਾਣ-ਪੀਣ ਦਾ ਪ੍ਰਬੰਧ ਕਰ ਰਹੀ ਸੀ। ਕਮਲਾ ਜੀਜਾ ਜੀ ਦੀ ਗੋਦੀ ਵਿਚ ਸੀ, ਤੇ ਜੀਜਾ ਜੀ ਮੇਰੇ ਨਾਲ ਸ਼ਾਨਦਾਰ ਜੰਞ ਬਣਾਉਣ ਦੀ ਸਲਾਹ ਕਰ ਰਹੇ ਸਨ।

ਨਰਸ

1

ਜਦੋਂ ਉਸ ਨੂੰ ਸਟ੍ਰੈਚਰ 'ਤੇ ਪਾ ਕੇ ਉਪ੍ਰੇਸ਼ਨ-ਕਮਰੇ ਤੋਂ ਬਾਹਰ ਆਂਦਾ ਗਿਆ ਉਹ ਪੂਰੀ ਹੋਸ਼ ਵਿਚ ਸੀ। ਬਾਹਰ ਉਸ ਦੇ ਦੋ ਤਿੰਨ ਦੋਸਤ ਖੜੇ ਸਨ। ਇਕ ਡਾਕਟਰ, ਜੋ ਉਸ ਦੇ ਨਾਲ ਹੀ ਬਾਹਰ ਆਇਆ ਸੀ, ਉਨ੍ਹਾਂ ਨੂੰ ਦੇਖ ਕੇ ਕਹਿਣ ਲੱਗਾ, "ਉਪ੍ਰੇਸ਼ਨ ਕਾਮਯਾਬ ਹੋ ਗਿਆ। ਕੋਈ ਫ਼ਿਕਰ ਦੀ ਗੱਲ ਨਹੀਂ।"

ਜਵਾਬ ਵਿਚ ਤਿੰਨੇ ਵੱਖੋ ਵੱਖਰੀਆਂ ਕਿਸਮਾਂ ਤੇ ਰੰਗਾਂ ਵਾਲੀਆਂ ਹੈਟਾਂ ਵਾਲੇ ਦੋਸਤ ਸਾਂਝਾ ਸ਼ੁਕਰੀਆ ਆਖ ਕੇ ਸਟ੍ਰੈਚਰ ਨਾਲ ਉਸ ਦੇ ਵਾਰਡ ਵਲ ਹੋ ਤੁਰੇ। ਉਹ ਜੈ ਪ੍ਰਕਾਸ਼ ਨੂੰ ਦੇਖ ਕੇ ਮੁਸਕਰਾਇਆ, ਇਉਂ ਜਿਵੇਂ ਉਸ ਦੀ ਮੁਸਕਰਾਹਟ ਹੇਠਾਂ ਕੋਈ ਪੀੜ ਹੈ ਹੀ ਨਹੀਂ ਸੀ। ਮੁਨੀਰ ਨੇ ਅੱਗੇ ਹੋ ਕੇ ਪੁੱਛਿਆ, "ਕੀ ਹਾਲ ਹੈ, ਸਿੰਘ ?"

"ਸਭ ਠੀਕ !" ਉਸ ਨੇ ਧੰਨਵਾਦ-ਭਰੇ ਲਹਿਜੇ ਵਿਚ ਆਖ ਕੇ ਕੁਝ ਹੋਰ ਕਹਿਣਾ ਚਾਹਿਆ। ਨਾਲ ਤੁਰੀ ਜਾਂਦੀ ਨਰਸ ਨੇ ਲੰਮੀ ਜਹੀ 'ਸ਼ੀ...ਈ...ਈ' ਮਗਰੋਂ ਬੁਲ੍ਹਾਂ ਨੂੰ ਗੋਲਾਕਾਰ ਬਣਾ ਕੇ ਵਧਾਉਂਦਿਆਂ ਤੇ ਉਪਰ ਸੱਜੇ ਅੰਗੂਠੇ ਨਾਲ ਦੀ ਉਂਗਲ ਸਿੱਧੀ ਰੱਖਦਿਆਂ ਉਸ ਵਲ ਵੇਖਿਆ। ਉਹ ਚੁਪ ਹੋ ਗਿਆ। ਨਰਸ ਨੇ ਉਸ ਦੇ ਦੋਸਤਾਂ ਵਲ ਮੁੜ ਕੇ ਦੇਖਦਿਆਂ ਤੇ ਅੰਗਰੇਜ਼ਾਂ ਦੀ ਬਾਂਦਰ-ਨਕਲ ਕਰਦਿਆਂ ਤੇ ਤੋਤਾ-ਬੋਲੀ ਬੋਲਦਿਆਂ ਕਿਹਾ, "ਟੁਮਰਾ ਡੋਸਤ ਬੋਲਨੇ ਨਹੀਂ ਸਕਦਾ, ਸਮਜਾ ?"

"ਯਾਨੀ ਹਮਰਾ ਡੋਸਤ ਕੋ ਬੋਲਨੇ ਕੀ ਇਜਾਜ਼ਟ ਨਹੀਂ ਹੈ ?"ਮੁਨੀਰ ਨੇ ਆਖਿਆ।

"ਯੈਸ", ਨਕਲ ਤੋਂ ਖਿਝ ਕੇ ਅਰਧ-ਹਿੰਦੁਸਤਾਨੀ ਨਰਸ ਨੇ ਕਿਹਾ ਤੇ ਨਜ਼ਰ ਸਿੱਧੀ ਵਾਰਡ ਦੇ ਬੂਹੇ ਵੱਲ ਕਰ ਲਈ,ਜਿਵੇਂ ਉਸ ਨੂੰ ਦੁਨੀਆ ਵਿਚ ਕਿਸੇ ਦੀ ਕੋਈ ਪਰਵਾਹ ਨਹੀਂ ਹੁੰਦੀ।

ਤਿੰਨੇ ਦੋਸਤ ਮੁਸਕਰਾਹਟਾਂ ਵਿਚ ਖੁੱਲ੍ਹ ਕੇ ਹੱਸੇ ਤੇ ਉਸ ਕੋਲੋਂ ਵੀ ਨਾ ਰਹਿ ਹੋਇਆ। ਇੰਨੇ ਨੂੰ ਵਾਰਡ ਦਾ ਬੂਹਾ ਆ ਗਿਆ। ਸਟ੍ਰੈਚਰ ਅੰਦਰ ਖੜਿਆ ਗਿਆ। ਨਰਸ ਅੰਦਰ ਦਾਖ਼ਲ ਹੋਈ। ਮਗਰੇ ਹੀ ਤਿੰਨੇ ਦੋਸਤ ਦਾਖ਼ਲ ਹੋਣ ਵਾਲੇ ਸਨ ਕਿ ਬਦਲੇ ਦਾ ਪੂਰਾ ਮੌਕਾ ਦੇਖ ਕੇ ਨਰਸ ਨੇ ਅੰਗਰੇਜ਼ੀ ਵਿਚ ਬਾਹਰੋਂ ਬੜੇ ਨਰਮ ਸ਼ਬਦਾਂ ਰਾਹੀਂ ਕਿਹਾ "ਤੁਸੀਂ ਅੰਦਰ ਨਹੀਂ ਆ ਸਕਦੇ, ਮਿਹਰਬਾਨ !"

ਬੂਹੇ ਲਾਗੇ ਵਾਰਡ ਦੀ ਡਿਊਟੀ ਵਾਲੀ ਨਰਸ ਇਸ ਕੇਸ ਦਾ ਚਾਰਜ ਲੈਣ ਲਈ ਪਹੁੰਚੀ ਹੋਈ ਸੀ। ਪਹਿਲੀ ਨਰਸ ਵੱਲ ਦੇਖ ਕੇ ਕਹਿਣ ਲੱਗੀ, "ਸਿਸਟਰ ਇਸ

ਮੌਕੇ 'ਤੇ ਇਨ੍ਹਾਂ ਨੂੰ ਤੁਸੀਂ ਮਿਹਰਬਾਨੀ ਕਰ ਕੇ ਅੰਦਰ ਕਿਉਂ ਨਹੀਂ ਔਣ ਦੇਂਦੇ ?"

ਸਿਸਟਰ ਨੇ ਅੰਦਰਲੀ ਨਰਸ ਨੂੰ ਕਿਹਾ, "ਹੁਣ ਮਿਲਣ ਵਾਲਿਆਂ ਦਾ ਵ੍ਕਤ ਨਹੀਂ ਹੈ।"

ਤਿੰਨੇ ਦੋਸਤ ਸਿਸਟਰ ਨੂੰ ਚੋੜ੍ਹਵੀਂ ਧੰਨਵਾਦ ਲਾ ਕੇ ਮੁੜ ਪਏ।

ਡਿਊਟੀ ਵਾਲੀ ਨਰਸ ਨੇ ਇੰਜਣ ਦੀ ਚੀਕ ਵਰਗੀ ਆਵਾਜ਼ ਵਿਚ ਬੇਨਿਸ਼ਾਨੇ ਗੱਲ ਸੁੱਟਦਿਆਂ ਕਿਹਾ, 'ਬੇਅਰਰ, ਨੰਬਰ ਟੈੱਨ ਬੈੱਡ ਤੱਯਾਰ ਹੈ ?"

"ਹਾਂ, ਮਿਸ ਸਾਹਿਬ", ਦੂਰੋਂ ਕਿਤੋਂ ਨੁੱਕਰੋਂ ਆਵਾਜ਼ ਆਈ।

"ਤੋ ਮਰੀਜ਼ ਕੋ ਚਲਦੀ ਬੈੱਡ ਪਰ ਲੋ।"

ਛੇਤੀ ਹੀ ਦੋ ਨੌਕਰ ਭੱਜੇ ਭੱਜੇ ਆਏ ਤੇ ਕਾਹਲੀ ਨਾਲ ਉਸ ਨੂੰ ਸਟ੍ਰੈੱਚਰ ਤੋਂ ਪੈਰਾਂ ਵਲੋਂ ਉੱਚੇ ਕੀਤੇ ਪਲੰਘ 'ਤੇ ਚੁੱਕ ਕੇ ਲਿਟਾਉਣ ਲੱਗੇ।

"ਅਰਾਮ ਸੇ, ਆਰਾਮ ਸੇ", ਮਿਸ ਨੇ ਕਿਹਾ।

ਨੌਕਰਾਂ ਦਾ ਵਤੀਰਾ ਨਰਮ ਹੋ ਗਿਆ। ਸਿਸਟਰ ਨੇ ਕਾਗਜ਼ ਆਦਿ ਨਰਸ ਦੇ ਹੱਥ ਫੜਾਏ। ਅਚਾਨਕ ਨਰਸ ਦੀ ਨਜ਼ਰ ਮਰੀਜ਼ 'ਤੇ ਪਈ। ਮਰੀਜ਼ ਪੂਰੀ ਹੋਸ਼ ਵਿੱਚ ਸੀ।

"ਸਿਸਟਰ, ਕੀ ਮਰੀਜ਼ ਨੂੰ ਕਲੋਰੋਫ਼ਾਰਮ ਨਹੀਂ ਕੀਤਾ ਗਿਆ ?" ਉਸ ਨੇ ਸੋਹਣੀ ਅੰਗਰੇਜ਼ੀ ਵਿਚ ਪੁੱਛਿਆ।

"ਕੀਤਾ ਤੇ ਗਿਆ ਸੀ ਪਰ ਮਰੀਜ਼ ਉਪ੍ਰੇਸ਼ਨ ਦੇ ਦੌਰਾਨ ਹੋਸ਼ ਵਿਚ ਆ ਗਿਆ। ਜਦ ਡਾਕਟਰ ਫੇਰ ਕਲੋਰੋਫ਼ਾਰਮ ਕਰਨ ਲੱਗੇ ਤਾਂ ਇਸ ਇਸ਼ਾਰੇ ਨਾਲ ਕਿਹਾ ਕਿ ਕਲੋਰੋਫ਼ਾਰਮ ਦੀ ਕੋਈ ਲੋੜ ਨਹੀਂ। ਉਪ੍ਰੇਸ਼ਨ ਅਜੇ ਇਕ-ਤਿਹਾਈ ਰਹਿੰਦਾ ਸੀ। ਇਸ ਨੇ ਬਿਨਾਂ ਚੂੰ-ਚਰਾਂ ਦੇ ਕਰਾ ਲਿਆ। ਡਾਕਟਰ ਵੀ ਹੈਰਾਨ ਸਨ।"

ਨਰਸ ਨੇ ਉਸ ਦੀ ਨਬਜ਼ ਪਕੜ ਲਈ ਤੇ ਆਪਣੀ ਨੰਨ੍ਹੀ ਜਹੀ ਹੱਥ-ਘੜੀ ਵੱਲ ਦੇਖਣ ਲੱਗ ਪਈ।

"ਠੀਕ ਹੈ", ਨਰਸ ਨੇ ਬਾਂਹ ਨੂੰ ਆਰਾਮ ਨਾਲ ਸਰੀਰ ਦੇ ਨਾਲ ਲੰਮਿਆ ਪਾ ਕੇ ਕੰਬਲ ਨਾਲ ਕੱਜਦਿਆਂ ਕਿਹਾ।

"ਸ਼ੁਕਰੀ...", ਉਸ ਆਖਿਆ।

ਸਿਸਟਰ ਕੜਕ ਉੱਠੀ, "ਟੁਮ ਕ ਏਕ ਡਫਾ ਬੋਲਾ, ਮਟ ਬੋਲੋ।"

"ਨਾ ਬੋਲੋ ਨਾ, ਸਰਦਾਰ ਜੀ !" ਨਰਸ ਨੇ ਮਿੱਠੀ ਪੰਜਾਬੀ ਵਿਚ ਆਖਿਆ।

"ਮੈਂ ਭੁੱਲ ਗਿਆ।"

"ਤੁਸੀਂ ਫੇਰ ਗਲਤੀ ਕਰ ਰਹੇ ਹੋ", ਨਰਸ ਨੇ ਮੁਸਕਰਾ ਕੇ ਆਖਿਆ ਤੇ ਸਿਸਟਰ ਦੀ ਝਿੜਕ ਕੋਲੋਂ ਮਰੀਜ਼ ਨੂੰ ਬਚਾ ਲਿਆ।

ਮਰੀਜ਼ ਨੇ ਆਪਣੇ ਸਿਰ੍ਹਾਣੇ ਵਲ ਸੱਜੀ ਬਾਂਹ ਕੱਢ ਕੇ ਇਸ਼ਾਰਾ ਕੀਤਾ। ਨਰਸ ਨੇ ਪੁੱਛਿਆ, "ਕੀ ਗੱਲ ਹੈ ਜੀ ?"

ਮਰੀਜ਼ ਨੇ ਬੁੱਲ੍ਹਾਂ 'ਤੇ ਹੱਥ ਰਖ ਲਿਆ। ਨਰਸ ਸਿਸਟਰ ਵੱਲ ਦੇਖ ਕੇ ਮੁਸਕਰਾਈ ਤੇ ਉਸ ਨੂੰ ਮੁਸਕਰਾਉਣ ਲਈ ਮਜਬੂਰ ਕੀਤਾ। ਨਰਸ ਆਪਣੇ ਮੇਜ਼ ਤੋਂ ਪੈਡ ਚੁਕ ਲਿਆਈ ਤੇ ਆਪਣਾ ਪੈਨ ਸਿੱਖ ਮਰੀਜ਼ ਦੇ ਹੱਥ ਵਿਚ ਦੇ ਕੇ ਲਿਖਣ ਨੂੰ ਕਿਹਾ।

ਮਰੀਜ਼ ਨੇ ਪੰਜਾਬੀ ਵਿਚ ਲਿਖਿਆ, 'ਪਤਾ ਨਹੀਂ ਸਿਰ੍ਹਾਣਾ ਕਿਉਂ ਸਖਤ ਪ੍ਰਤੀਤ ਹੋ ਰਿਹਾ ਹੈ ?'

ਨਰਸ ਨੇ ਕਿਹਾ, "ਮੈਂ ਇਹ ਅੱਖਰ ਨਹੀਂ ਪੜ੍ਹ ਸਕਦੀ।"

ਮਰੀਜ਼ ਨੇ ਉਸ ਦਾ ਅੰਗਰੇਜ਼ੀ ਅਨੁਵਾਦ ਉਸੇ ਕਾਗਜ਼ 'ਤੇ ਲਿਖ ਦਿੱਤਾ।

ਨਰਸ ਨੇ ਮਿੰਨਤ-ਭਰੀਆਂ ਅੱਖਾਂ ਨਾਲ ਸਿਸਟਰ ਨੂੰ ਕਿਹਾ, "ਕੀ ਮਰੀਜ਼ ਵਾਸਤੇ ਰਬੜ ਦੇ ਸਿਰ੍ਹਾਣੇ ਦਾ ਇੰਤਜ਼ਾਮ ਨਹੀਂ ਹੋ ਸਕਦਾ ?"

"ਉਹ ਸਪੈਸ਼ਲ ਵਾਰਡ ਵਾਸਤੇ ਹਨ", ਕੁਝ ਰੋਹਬ ਵਿਚ ਸਿਸਟਰ ਨੇ ਕਿਹਾ।

"ਕੀ ਤੁਸੀਂ ਮੇਰੇ ਵਾਸਤੇ...ਇਸ ਮਰੀਜ਼ ਵਾਸਤੇ, ਇਕ ਸਿਰ੍ਹਾਣੇ ਦਾ ਇੰਤਜ਼ਾਮ ਨਾ ਕਰਾ ਸਕੋਗੇ ?"

"ਪੈਨਸੀ", ਸਿਸਟਰ ਨੇ ਨਰਸ ਦੀਆਂ ਅੱਖਾਂ ਵਿਚ ਗਹੁ ਨਾਲ ਤੱਕਦਿਆਂ ਕਿਹਾ, "ਤੂੰ ਇਸ ਮਰੀਜ਼ ਵਿਚ ਕੁਝ ਜ਼ਿਆਦਾ ਹੀ ਦਿਲਚਸਪੀ ਰੱਖਦੀ ਮਲੂਮ ਹੁੰਦੀ ਹੈਂ।"

"ਨਹੀਂ, ਸਿਸਟਰ, ਅਸੀਂ ਸਾਰੀਆਂ ਆਖ਼ਰ ਨਰਸਾਂ ਹਾਂ। ਨਰਸ ਦੀ ਦਿਲਚਸਪੀ ਦੁਨੀਆ ਦੇ ਹਰ ਮਰੀਜ਼ ਨਾਲ ਹੁੰਦੀ ਹੈ। ਇਹੋ ਨਾਈਟਿੰਗੇਲ ਦੀ ਸਿੱਖਿਆ ਹੈ", ਉਸ ਦੇ ਸ਼ਬਦ ਕੋਮਲ ਤੇ ਲਹਿਜਾ ਅਧੀਨਗੀ-ਭਰਿਆ ਹੋ ਰਿਹਾ ਸੀ।

"ਅੱਛਾ, ਮੈਂ ਜਤਨ ਕਰਾਂਗੀ", ਸਿਸਟਰ ਨੇ ਕਿਹਾ ਤੇ ਬਾਹਰ ਚਲੀ ਗਈ।

ਪੈਨਸੀ ਥਰਮਾਮੀਟਰ ਲਿਆ ਕੇ ਮਰੀਜ਼ ਦਾ ਸਰੀਰਕ ਨਿੱਘ ਦੇਖਣ ਲੱਗ ਪਈ। ਸਾਹਮਣੇ ਸ਼ੀਸ਼ੇ ਦੇ ਬੰਦ ਬੂਹੇ ਅੱਗੇ ਤਿੰਨੇ ਦੋਸਤ ਖੜੇ ਸਨ। ਪੈਨਸੀ ਨੇ ਅੰਦਰ ਆਉਣ ਦਾ ਇਸ਼ਾਰਾ ਕੀਤਾ।

2

ਖ਼ਸ ਦੀਆਂ ਟੱਟੀਆਂ ਵਿਚੋਂ ਗੁਜ਼ਰ ਰਹੇ ਪਾਣੀ ਤੇ ਸੂਖਮ ਸੁਗੰਧ ਵਾਲੀ ਠੰਢੀ ਹਵਾ ਨੂੰ ਚਾਰ ਵੱਡੇ ਵੱਡੇ ਪੱਖੇ ਵਾਰਡ ਨੰਬਰ ਚਾਰ ਦੇ ਅੰਦਰ ਧੱਕ ਰਹੇ ਸਨ। ਛੱਤਾਂ ਵਾਲੇ ਪੱਖੇ ਉਸ ਹਵਾ ਨੂੰ ਅਰਸ਼ੀ ਹੱਥਾਂ ਵਾਂਗ ਵੰਡ ਰਹੇ ਸਨ। ਖ਼ਸ ਦੀ ਸੂਖਮ ਸੁਗੰਧ ਵਿਚ ਕਿਸੇ ਮਰੀਜ਼ ਦੇ ਘਾਵਾਂ 'ਤੇ ਲੱਗੀ ਆਈਡੋਫ਼ਾਰਮ ਦੀ ਤੇਜ਼ ਬੋ ਮਿਲ ਕੇ ਕਈਆਂ ਮਰੀਜ਼ਾਂ ਲਈ ਸਾਹ ਲੈਣਾ ਮੁਸ਼ਕਲ ਬਣਾ ਰਹੀ ਸੀ।

ਸਿਸਟਰ ਕਿਤੇ ਬਾਹਰ ਗਈ ਹੋਈ ਸੀ। ਇਕ ਨਰਸ ਦਵਾਈਆਂ ਬਣਾ ਬਣਾ ਕੇ ਮਰੀਜ਼ਾਂ ਨੂੰ ਪਿਲਾ ਰਹੀ ਸੀ। ਪੈਨਸੀ ਮਰੀਜ਼ਾਂ ਦੇ ਬਿਸਤਰਿਆਂ ਦੀ ਸਫ਼ਾਈ ਦੇਖ ਰਹੀ ਸੀ। ਜਦ ਉਹ ਉਸ ਮਰੀਜ਼ ਦੇ ਪਲੰਘ ਲਾਗੇ ਪਹੁੰਚੀ ਤਾਂ ਉਹ ਢੋ ਨਾਲ ਲਾਏ ਸਿਰ੍ਹਾਣਿਆਂ ਦੇ ਆਸਰੇ ਕੋਈ ਪੁਸਤਕ ਪੜ੍ਹ ਰਿਹਾ ਸੀ। ਨਰਸ ਨੇ ਦੇਖਿਆ- ਅੰਗਰੇਜ਼ੀ ਦੀ ਪੁਸਤਕ ਹੈ। ਬਰੀਕ ਜਿਹੀ ਆਵਾਜ਼ ਵਿਚ ਉਸ ਹੌਲੀ ਜਹੀ ਪੜ੍ਹਿਆ,

"ਫ਼ਾਰਸਾਈਟ ਸਾਗਾ।"

ਮਰੀਜ਼ ਨੇ ਨਜ਼ਰ ਚੁੱਕੀ ਤੇ ਪੈਨਸੀ ਨੂੰ ਦੇਖ ਕੇ ਮੁਸਕਰਾਇਆ। ਪੈਨਸੀ ਵੀ ਕੁਝ ਚਿਰ ਬੋਲਣ ਤੋਂ ਬਿਨਾਂ ਅਹਿੱਲ ਉਸ ਦੀਆਂ ਨਜ਼ਰਾਂ ਸਾਹਵੇਂ ਖਲੋਤੀ ਰਹੀ। ਉਹ ਆਪਣੇ ਚਿੱਟੇ ਲਿਬਾਸ ਵਿਚ ਸਾਖਿਆਤ ਪਵਿੱਤਰਤਾ ਦਿਸਦੀ ਸੀ। ਪੈਨਸੀ ਨੇ ਉਥੇ ਖੜੋਣਾ ਕੁਝ ਅਜੀਬ ਜਿਹਾ ਸਮਝਿਆ। ਪਰ ਫਿਰ ਵੀ ਉਹ ਉਥੋਂ ਨਾ ਹਿੱਲੀ। ਦੂਸਰੀ ਨਰਸ ਦਵਾਈ ਦੇਣ ਲਈ ਮੁਕਾਬਲੇ ਦੇ ਮਰੀਜ਼ ਕੋਲ ਆਈ। ਚੋਰ-ਅੱਖੀਂ ਉਸ ਨੂੰ ਦੇਖਦੀ ਹੋਈ ਦਵਾ ਮਰੀਜ਼ ਦੇ ਸੰਘ ਵਿਚ ਸੁੱਟ ਕੇ ਚਲੀ ਗਈ। ਉਸ ਨੇ ਪਹਿਲੋਂ ਚੁੱਪ ਤੋੜੀ।

"ਮਿਸ !", ਉਸ ਨੇ ਕਿਹਾ, "ਹੁਣ ਮੈਨੂੰ ਇਸ ਸਿਰ੍ਹਾਣੇ ਦੀ ਕੋਈ ਲੋੜ ਨਹੀਂ, ਧੰਨਵਾਦ !"

"ਮੈਂ ਮਿਸ ਨਹੀ", ਪੈਨਸੀ ਨੇ ਕਿਹਾ।

"ਤੁਸੀਂ ਮਿਸ ਨਹੀਂ ?" ਸਿੰਘ ਨੇ ਹੈਰਾਨੀ ਨਾਲ ਸਵਾਲ ਕੀਤਾ ਜਿਵੇਂ ਉਸ ਦੇ ਮਿਸ ਹੋਣ ਵਿਚ ਉਸ ਨੂੰ ਦਿਲਚਸਪੀ ਹੋਵੇ, "ਪਰ ਮਿ...ਸ...ਪਰ ਤੁਹਾਨੂੰ ਤਾਂ ਸਾਰੇ ਮਿਸ ਕਹਿੰਦੇ ਹਨ।"

"ਸਾਰੇ ਕਿਹੜੇ ? ਬਸ ਇਹੋ ਅਨਪੜ੍ਹ ਨੌਕਰ ਤੇ ਮਿਹਤਰ ਹੀ ਕਹਿੰਦੇ ਹਨ। ਇਨ੍ਹਾਂ ਦੀ ਦੇਖਾ-ਦੇਖੀ ਕਈ ਮਰੀਜ਼ ਵੀ ਕਹਿਣ ਲਗ ਪੈਂਦੇ ਹਨ। ਪਰ ਤੁਸੀਂ ਤਾਂ ਪੜ੍ਹੇ ਲਿਖੇ ਸਿਆਣੇ ਆਦਮੀ ਮਲੂਮ ਹੁੰਦੇ ਹੋ।"

"ਤਾਂ ਮੈਂ ਤੁਹਾਨੂੰ ਕੀ ਕਹਿ ਕੇ ਸੰਬੋਧਿਆ ਕਰਾਂ ?"

"ਤੁਸੀਂ ਮੈਨੂੰ ਨਰਸ ਕਹਿ ਕੇ ਬੁਲਾ ਸਕਦੇ ਹੋ ਜਾਂ ਮੇਰਾ ਨਾਂ, ਪੈਨਸੀ, ਕੀ ਇਹ ਕਾਫ਼ੀ ਨਹੀਂ ?"

"ਨਰਸ ? ਇਹ ਮੈਨੂੰ ਸਤਿਕਾਰਯੋਗ ਸ਼ਬਦ ਨਹੀਂ ਜਾਪਦਾ, ਤੇ ਜਦੋਂ ਡਾਕਟਰ ਸਹਿਗਲ ਤੁਹਾਨੂੰ ਆਪਣੀ ਭਾਰੀ ਖਰ੍ਹਵੀ ਆਵਾਜ਼ ਵਿਚ ਇਸ ਤਰ੍ਹਾਂ ਸੱਦਦਾ ਹੈ ਤਾਂ ਮੈਨੂੰ ਬੁਰਾ ਲਗਦਾ ਹੈ। ਬਿਅਦਬੀ ਜਹੀ ਮਲੂਮ ਹੁੰਦੀ ਹੈ।"

"ਧੰਨਵਾਦ ! ਬੜੀ ਮਿਹਰਬਾਨੀ...।"

"ਤੇ ਪੈਨਸੀ...ਇਹ ਨਾਂ ਦੋਸਤ ਸੱਦ ਸਕਦੇ ਹਨ, ਮੇਰਾ ਮਤਲਬ ਤੁਹਾਡੀਆਂ ਸਹੇਲੀਆਂ, ਹਮ-ਪੇਸ਼ਾ ਜਾਂ ਤੁਹਾਡੇ ਪਤੀ...ਜੀ।"

ਪੈਨਸੀ ਨੇ ਇਸ ਵੇਲੇ ਆਪਣੇ ਡੂੰਘੇ ਭਰੇ ਸਾਹ ਨੂੰ ਅੰਦਰ ਹੀ ਦਬਾਅ ਲਿਆ। ਨਹੀਂ ਤੇ ਉਭਰਦੀ ਛਾਤੀ ਕੋਈ ਰਾਜ਼, ਕੋਈ ਦੁਖਾਂਤ ਕਥਾ ਕਹਿ ਕੇ ਰੱਖ ਦਿੰਦੀ।

"ਤੁਹਾਡੀ ਦਿੱਤੀ ਕਿਤਾਬ ਬੜੀ ਸੁਆਦੀ ਹੈ। ਥੋੜ੍ਹੀ ਜਹੀ ਬਾਕੀ ਰਹਿੰਦੀ ਹੈ। 'ਲ...ਮਿਜ਼ਰਾਬਲ'। ਗਰੀਬਾਂ ਨੂੰ ਇਹੋ ਜਿਹਾ ਹੀ ਜੀਵਨ ਬਿਤਾਉਣਾ ਪੈਂਦਾ ਹੈ। ਤੇ ਇਹ 'ਸਾਗਾ' ਤੁਹਾਡਾ ਮੁੱਕਣ ਵਾਲਾ ਹੈ। ਮੁਕਾ ਕੇ ਮੈਨੂੰ ਦੇਣਾ।"

"ਤੁਸੀਂ ਹੁਣੇ ਲੈ ਸਕਦੇ ਹੋ", ਕਿਤਾਬ ਨੂੰ ਝਟ ਬੰਦ ਕਰ ਕੇ ਵਧਾਉਂਦਿਆਂ ਸਿੰਘ ਨੇ ਆਖਿਆ।

"ਨਹੀਂ, ਹਾਲੀ ਤੇ ਅਗਲੀ ਨਹੀਂ ਮੁੱਕੀ..."

"ਪੈਨਸੀ, ਤੂੰ ਸਾਰੇ ਬਿਸਤਰੇ ਦੇਖਣੇ ਹਨ। ਥੋੜ੍ਹੀ ਦੇਰ ਤਕ ਡਾਕਟਰ ਆਉਣ ਵਾਲਾ ਹੈ", ਪੈਨਸੀ ਦੀ ਦੂਸਰੀ ਸਾਥਣ ਨੇ ਤੁਰੇ ਤੁਰੇ ਜਾਂਦਿਆਂ, ਬਿਨ੍ਹਾਂ ਉਸ ਵੱਲ ਦੇਖਦਿਆਂ ਕਿਹਾ।

ਡਾਕਟਰ ਦਾ ਨਾਂ ਸੁਣ ਕੇ ਪੈਨਸੀ ਕੁਝ ਕੰਬ ਜਹੀ ਗਈ। ਉਹ ਤੁਰ ਪਈ।

"ਅੱ...ਛਾ...ਆ !" ਉਸ ਸਿੱਖ ਮਰੀਜ਼ ਵਲ ਮੁੜ ਕੇ ਦੇਖਦਿਆਂ ਕਿਹਾ।

ਉਹ ਤੁਰ ਗਈ, ਬਿਸਤਰਿਆਂ ਦੀ ਕਤਾਰ ਛੇਤੀ ਛੇਤੀ ਦੇਖਦੀ। ਕਦੇ ਕਦੇ ੭ਹ ਬਰੀਕ ਚੀਰਵੀਂ ਜਹੀ ਬਣਾਵਟੀ ਆਵਾਜ਼ ਵਿਚ ਪੁਕਾਰ ਉਠਦੀ ਸੀ, "ਬੇਅਰਰ, ਯੇ ਚਾਦਰ ਬਦਲੋ। ਵੋ ਤਕੀਆ ਬਦਲੋ।"

ਉਹ ਵਾਪਸ ਮੁੜੀ। ਉਸ ਦਾ ਕੰਮ ਤਕਰੀਬਨ ਪੂਰਾ ਹੋ ਗਿਆ ਸੀ। ਆਪਣੀ ਮੇਜ਼ ਦੇ ਖ਼ਾਨੇ ਵਿਚੋਂ ਉਸ ਕੁਝ ਫਲ ਕੱਢੇ ਤੇ ਉਨ੍ਹਾਂ ਨੂੰ ਨੰਬਰ ਦਸ ਵਲ ਲੈ ਤੁਰੀ। "ਮਿਸਟਰ ਸਿੰਘ, ਇਹ ਕੁਝ ਫਲ ਮੈਂ ਤੁਹਾਡੇ ਲਈ ਲਿਆਈ ਹਾਂ, ਜੇ..."

"ਮਿ...ਆ...ਮੈਂ..., ਮੈਨੂੰ ਫਲਾਂ ਦੀ ਲੋੜ ਨਹੀਂ, ਧੰਨਵਾਦ ! ਕੀ ਸੱਚੀਂ-ਮੁੱਚੀਂ ਮਰੀਜ਼ਾਂ ਦੇ ਰਿਸ਼ਤੇਦਾਰ ਨਰਸਾਂ ਨੂੰ ਫਲ ਦੇ ਜਾਂਦੇ ਹਨ ? ਮੈਂ ਇਦਾਂ ਸੁਣਿਆ ਹੈ।"

"ਜੀ" ਪੈਨਸੀ ਨੇ ਕਿਹਾ ਤੇ ਫਲਾਂ ਨੂੰ ਲੈ ਕੇ ਵਾਪਸ ਹੋਣ ਹੀ ਲੱਗੀ ਸੀ ਕਿ ਨੰਬਰ ਤੇਰ੍ਹਾਂ ਮਰੀਜ਼ ਕਰਾਹ ਉੱਠਿਆ। ਉਸ ਵੇਲੇ ਡਾਕਟਰ ਅੰਦਰ ਦਾਖ਼ਲ ਹੋਇਆ। ਪੈਨਸੀ ਦੀ ਸਾਥਣ ਨਰਸ ਦਵਾਈ ਬਣਾ ਰਹੀ ਸੀ। ਪੈਨਸੀ ਉਥੋਂ ਨਾ ਹਿੱਲ ਸਕੀ, ਜਿਵੇਂ ਉਸ ਦੇ ਪੈਰਾਂ ਵਿਚ ਕਿੱਲ ਠੁਕ ਗਏ ਹੋਣ।

ਡਾਕਟਰ ਅਗਾਂਹ ਵਧਿਆ, ਤੇਰ੍ਹਾਂ ਨੰਬਰ ਵਲ। ਪੈਨਸੀ ਵਲ ਉਸ ਬੇਰਹਿਮੀ ਭਰੀ ਨਜ਼ਰ ਨਾਲ ਦੇਖਿਆ।

"ਨਰਸ, ਇਹ ਕੀ ਹੈ ?" ਉਸ ਅੰਗਰੇਜ਼ੀ ਵਿਚ ਕਿਹਾ।

ਇਹ ਇਕ ਅਜੀਬ ਘਟਨਾ ਸੀ। ਪੈਨਸੀ ਤੋਂ ਕੋਈ ਉਤਰ ਨਹੀਂ ਸੀ ਬਣ ਆਉਂਦਾ।

"ਬੋਲੋ...ਬੋਲੋ...ਬੋਲੋ ਵੀ ਨਾ ਜੀ", ਉਸ ਇਕੋ ਵਾਕ ਵਿਚ ਤਿੰਨ ਲਹਿਜੇ ਬਦਲਾਉਂਦਿਆਂ ਕਿਹਾ।

ਪੈਨਸੀ ਚੁੱਪ ਸੀ। ਦਸ ਨੰਬਰ ਮਰੀਜ਼ ਵੀ ਹਾਲਾਤ ਨੂੰ ਸਮਝਦਾ ਸੀ, ਪਰ ਉਸ ਨੂੰ ਵੀ ਉਸ ਦੇ ਬਚਾ ਦੀ ਕੋਈ ਗੱਲ ਨਹੀਂ ਸੀ ਸੁਝਦੀ।

ਆਖ਼ਰ ਉਸ ਨੂੰ ਕੁਝ ਸੁਝ ਹੀ ਪਿਆ। ਉਹ ਬੋਲਿਆ, ਅਮਰੂਦ ਭੈੜੇ ਹੁੰਦੇ ਹਨ, ਅੱਜ ਕੱਲ੍ਹ ਦੇ, ਡਾਕਟਰ ਸਾਹਿਬ ! ਮੈਨੂੰ ਵਹਿਮ ਜਿਹਾ ਪੈ ਗਿਆ ਹੈ। ਨਰਸ ਸਾਹਿਬਾ, ਤੁਸੀਂ ਅਮਰੂਦ ਸੁਟਵਾ ਦਿਓ ਤੇ ਅੰਗੂਰ ਵੀ ਗਲ ਗਏ ਹਨ, ਤੇ ਸੇਬ ਇਹ ਕਿਸੇ ਗਰੀਬ...।"

ਡਾਕਟਰ ਸਾਹਿਬ ਨੇ ਇਕ ਲੰਮੀ ਸਾਰੀ 'ਹੂੰ' ਤੋਂ ਮਗਰੋਂ ਕਿਹਾ, "ਸਰਦਾਰ ਸਾਹਿਬ, ਹਸਪਤਾਲ ਦੀਆਂ ਨਰਸਾਂ ਇਸ ਕੰਮ ਲਈ ਨਹੀਂ। ਨੌਕਰ ਹਨ ਇਸ ਕੰਮ ਲਈ।"

ਨਰਸ ਵਲ ਤਕ ਕੇ ਉਸ ਮੁੜ ਆਖਿਆ, "ਤੁਸੀਂ ਇਸ ਮਰੀਜ਼ ਵਿਚ ਕੁਝ

ਜ਼ਿਆਦਾ ਹੀ ਦਿਲਚਸਪੀ ਲੈ ਰਹੇ ਹੋ। ਦਿਓ, ਦਿਓ ਇਹ ਨੌਕਰ ਨੂੰ ਸੁੱਟ ਆਵੇ। ਨੰਬਰ ਤੇਰ੍ਹਾਂ ਲਈ ਟੀਕਾ ਜ਼ਰੂਰੀ ਹੈ। ਹੈਂ ?"

ਨੌਕਰ ਨੂੰ ਫਲ ਫੜਾਉਂਦਿਆਂ ਤੇ ਉਸ ਨੂੰ ਸਮਝਾਉਂਦਿਆਂ ਉਹ ਅੰਦਰੋਂ ਅੰਦਰ ਮਰੀਜ਼ ਨੰਬਰ ਦਸ ਦੀ ਅਕਲ ਦੀ ਵੀ ਦਾਦ ਦੇ ਰਹੀ ਸੀ। ਅੱਜ ਜਾਂ ਉਹ ਵੱਢੀ ਲੈਣ ਵਾਲੀ ਜਾਂ ਉਸ ਤੋਂ ਵੱਧ, ਬਿਨ੍ਹਾਂ ਕਿਸੇ ਕਾਰਨ ਲੋਕਾਂ ਨੂੰ ਫਲਾਂ ਦੀ ਡਾਲੀ ਦੇਣ ਵਾਲੀ ਸਾਬਤ ਹੋ ਰਹੀ ਸੀ। ਉਹ ਜਾਣਦੀ ਸੀ ਡਾਕਟਰ ਬੜਾ ਚਲਾਕ, ਖ਼ਰਾਂਟ ਤੇ ਮੱਕਾਰ ਹੈ। ਉਹ ਉਸ ਦੇ ਮਗਰ ਪਿਆ ਹੋਇਆ ਹੈ। ਸਭ ਨਰਸਾਂ ਉਸ ਦੇ ਹੱਥਾਂ ਹੇਠਾਂ ਹਨ।

ਥੋੜ੍ਹੇ ਚਿਰ ਮਗਰੋਂ ਪੈਨਸੀ ਟੀਕੇ ਦਾ ਸਾਮਾਨ ਤਿਆਰ ਕਰ ਰਹੀ ਸੀ।

3

ਸਿਵਲ ਸਰਜਨ ਨੇ ਉਸ ਨੂੰ ਥੋੜ੍ਹਾ ਬਹੁਤ ਤੁਰਨ ਫਿਰਨ ਦੀ ਆਗਿਆ ਦੇ ਦਿੱਤੀ ਸੀ। ਪਰ ਬਹੁਤਾ ਜ਼ੋਰ ਲਾਉਣਾ ਜਾਂ ਥਕਾਵਟ ਵਾਲਾ ਕੋਈ ਕੰਮ ਕਰਨਾ ਉਸ ਲਈ ਮਨ੍ਹਾ ਸੀ। ਅੱਜ ਉਹ ਹੱਥ ਵਿਚ ਪੰਜਾਬੀ ਦੇ ਨਵੇਂ ਕਵੀਆਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਫੜੀ ਟਹਿਲ ਰਿਹਾ ਸੀ। ਨਵੇਂ ਕਵੀਆਂ ਦੀਆਂ ਵਿਸ਼ੇਸ਼ਤਾਵਾਂ ਦੇ ਵਿਚਾਰ ਉਸ ਦੇ ਦਿਮਾਗ਼ ਵਿਚ ਇਕੱਠੇ ਹੋ ਰਹੇ ਸਨ।

"ਮਰੀਜ਼, ਹੋਸ਼ ਸੇ ਚਲੋ", ਕਹਿ ਕੇ ਅਰਧ-ਹਿੰਦੁਸਤਾਨੀ ਨਰਸ ਲਾਗੋਂ ਦੀ ਲੰਘ ਗਈ। ਉਸਨੂੰ ਇਸ ਸਿਸਟਰ ਤੇ ਉਸ ਡਾਕਟਰ 'ਤੇ ਬਹੁਤ ਗੁੱਸਾ ਆਉਂਦਾ ਸੀ। ਉਹ ਦੋਵੇਂ ਆਪਣੇ ਪੇਸ਼ੇ ਦੇ ਸਭ ਤੋਂ ਵੱਡੇ ਅਸੂਲ-ਹਮਦਰਦੀ-ਦੇ ਵਿਰੁੱਧ ਕੰਮ ਕਰਦੇ ਨਜ਼ਰ ਆਉਂਦੇ ਸਨ। ਉਸੇ ਵੇਲੇ ਮਿਸ ਸ਼ੀਲਾ, ਕਾਲੀ ਹਿੰਦੁਸਤਾਨੀ ਨਰਸ ਲਾਗੋਂ ਦੀ ਲੰਘੀ।

ਨੰਬਰ ਦਸ ਮਰੀਜ਼ ਨੇ ਪੁੱਛਿਆ, "ਮਿਸ ਸ਼ੀਲਾ, ਮਿਸ ਪੈਨਸੀ ਕਬ ਆ ਰਹੀ ਹੈ ?'

ਸ਼ੀਲਾ ਖੜੀ ਹੋ ਗਈ ਤੇ ਉਸ ਦੀ ਵੱਲ ਚੰਗੀ ਤਰ੍ਹਾਂ ਤੱਕਦੀ ਹੋਈ ਹਿੰਦੁਸਤਾਨੀ ਵਿਚ ਕਹਿਣ ਲੱਗੀ, "ਸਰਦਾਰ ਸਾਹਿਬ, ਤੁਸੀਂ ਉਸ ਦੀ ਬੇੜੀ ਵਿਚ ਵੱਟੇ ਪਾ ਰਹੇ ਹੋ!"

"ਮੈਂ ! ਕਿਸ ਤਰ੍ਹਾਂ ? ਇਹ ਤੁਸੀਂ ਕੀ ਕਹਿ ਰਹੇ ਹੋ ?"

"ਮੈਂ ਠੀਕ ਕਹਿ ਰਹੀ ਹਾਂ ! ਮੈਂ ਪੈਨਸੀ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਉਹ ਮੈਥੋਂ ਕੁਝ ਨਹੀਂ ਲੁਕਾਉਂਦੀ। ਇਕ ਉਹ ਡਾਕਟਰ ਉਸ ਦੇ ਮਗਰ ਪਿਆ ਹੋਇਆ ਹੈ। ਇਕ ਤੁਸੀਂ...। ਇਹ ਕੰਮ ਚੰਗਾ ਨਹੀਂ। ਨਰਸ ਡਾਕਟਰ ਨਾਲ ਵਿਗਾੜ ਕੇ ਕਿਵੇਂ ਰਹਿ ਸਕਦੀ ਹੈ...?"

ਇੰਨੇ ਚਿਰ ਨੂੰ ਸਿਸਟਰ ਉਧਰ ਆਣ ਨਿਕਲੀ ਤੇ ਸ਼ੀਲਾ ਅਗਾਂਹ ਨਿਕਲ ਗਈ। ਸਰਦਾਰ ਕਿੰਨਾ ਚਿਰ ਸੋਚਦਾ ਰਿਹਾ ਕਿ ਕਾਲੀ ਮਿਸ ਕੀ ਕਹਿ ਗਈ ਹੈ। ਉਸ ਦੀ ਸਮਝ ਵਿਚ ਕੁਝ ਨਹੀਂ ਸੀ ਆਉਂਦਾ। ਉਸ ਕਿਤਾਬ ਆਪਣੀਆਂ ਵਸਤਾਂ ਰੱਖਣ ਵਾਲੀ ਅਲਮਾਰੀ 'ਤੇ ਰੱਖ ਦਿੱਤੀ ਤੇ ਆਪ ਪਲੰਘ 'ਤੇ ਬਹਿ ਕੇ ਸੋਚੀਂ ਪੈ ਗਿਆ। ਉਸ ਨੂੰ ਕੁਝ ਪਤਾ ਨਾ ਲੱਗਾ ਕਿ ਨਰਸਾਂ ਦੀ ਡਿਊਟੀ ਬਦਲ ਗਈ ਹੈ,

ਜਦ ਤਕ ਕਿ ਪੈਨਸੀ ਨੇ ਥਰਮਾਮੀਟਰ ਸਾਫ ਕਰ ਕੇ ਉਸ ਦੇ ਮੂੰਹ ਵਲ ਨਾ ਵਧਾ ਦਿੱਤਾ। ਉਸ ਨੇ ਮੂੰਹ ਚੁਕਿਆ ਤੇ ਪੈਨਸੀ ਵਲ ਡਿੱਠਾ। ਚੁੱਪ-ਚਾਪ ਥਰਮਾਮੀਟਰ ਜੀਭ ਹੇਠਾਂ ਲੈ ਲਿਆ। ਬਾਂਹ ਦਿਖਾਉਣ ਦਾ ਉਸ ਨੂੰ ਕੁਝ ਚੇਤਾ ਹੀ ਨਾ ਰਿਹਾ। ਪੈਨਸੀ ਨੂੰ ਉਸ ਦੀ ਬਾਂਹ ਆਪ ਚੁੱਕਣੀ ਪਈ।

"ਕੁਝ ਗੁਆਚੇ ਗੁਆਚੇ ਜਾਪਦੇ ਹੋ ਤੁਸੀਂ, ਸਰਦਾਰ ਜੀ !"

ਸਰਦਾਰ ਚੁਪ ਰਿਹਾ, ਜਿਵੇਂ ਉਸ ਨੇ ਕੁਝ ਸੁਣਿਆਂ ਹੀ ਨਹੀਂ। ਬਾਂਹ ਛੱਡ ਕੇ ਜਦ ਪੈਨਸੀ ਨੇ ਟੈਂਪ੍ਰੇਚਰ-ਗ੍ਰਾਫ਼ ਬਣਾਉਣ ਲਈ ਥਰਮਾਮੀਟਰ ਖਿਚਿਆ ਤਾਂ ਪਾਰੇ ਵਾਲਾ ਬਲਭ ਨਾਲ ਨਹੀਂ ਸੀ। ਡਾਢੀ ਘਬਰਾ ਕੇ ਉਸ ਕਿਹਾ, "ਸਰਦਾਰ ਜੀ, ਕੀ ਕੀਤਾ ਜੇ ! ਥੁੱਕ ਸੁੱਟੋ, ਥੁੱਕ ਸੁੱਟੋ, ਛੇਤੀ ਥੁੱਕੋ, ਭੁੰਜੇ ਹੀ ਥੁੱਕ ਦਿਓ।"

ਸਰਦਾਰ ਤਿਰਛੇ ਭਰਵਟਿਆਂ ਵਾਲੀ ਨਜ਼ਰ ਨਾਲ ਉਸ ਨੂੰ ਦੇਖ ਰਿਹਾ ਸੀ। ਆਖ਼ਰ ਪੈਨਸੀ ਨੇ ਉਸਨੂੰ ਗਰਦਨੋਂ ਫੜ ਕੇ ਝੁਕਾਉਣਾ ਚਾਹਿਆ। ਉਹ ਅਹਿੱਲ ਸੀ।

"ਤੁਸੀਂ ਕੀ ਕਰ ਰਹੇ ਹੋ ? ਥਰਮਾਮੀਟਰ ਟੁੱਟ ਗਿਆ ਹੈ ! ਪਾਰਾ ਅੰਦਰ ਲੰਘ ਜਾਏਗਾ !!" ਉਹ ਘਬਰਾ ਕੇ ਕਹਿ ਰਹੀ ਸੀ।

ਪੈਨਸੀ ਨੂੰ ਉਹ ਪੱਥਰ ਦਾ ਬਣਿਆ ਆਦਮੀ ਜਾਪ ਰਿਹਾ ਸੀ। ਮਲੂਮ ਹੁੰਦਾ ਸੀ ਕਿ ਉਸ ਦਾ ਦਿਲ, ਦਿਮਾਗ, ਸਰੀਰ ਸਭ ਪਥਰਾ ਗਿਆ ਹੈ। ਪੈਨਸੀ ਨੇ ਉਸ ਦੀ ਨਬਜ਼ ਪਕੜੀ, ਬਾਕਾਇਦਾ ਚਲ ਰਹੀ ਸੀ। ਦੂਸਰੇ ਹੀ ਪਲ ਉਸ ਨੇ ਗਿੜ-ਗਿੜਾ ਕੇ ਆਖਿਆ, "ਸਰਦਾਰ ਜੀ, ਮੇਰੇ ਵਾਸਤੇ...ਰੱਬ ਦੇ ਵਾਸਤੇ ਮੂੰਹ ਖੋਲ੍ਹ ਦਿਓ... ਮੇਰੀਆਂ ਤਕਲੀਫ਼ਾਂ ਨਾ ਵਧਾਓ।"

"ਸੋ ਤੁਹਾਡਾ ਵੀ ਖ਼ਿਆਲ ਹੈ ਕਿ ਮੈਂ ਤੁਹਾਡੀਆਂ ਤਕਲੀਫ਼ਾਂ ਵਧਾ ਰਿਹਾ ਹਾਂ ? ਹੈਂ ਨਾ ?' ਕਹਿੰਦਿਆਂ ਕਹਿੰਦਿਆਂ ਥਰਮਾਮੀਟਰ ਦਾ ਬਲਭ ਤੇ ਉਸ ਦਾ ਪਾਰਾ ਬਾਹਰ ਜਾ ਪਿਆ।

"ਆ...ਹ !" ਪੈਨਸੀ ਨੇ ਸੁਖ ਦਾ ਸਾਹ ਲਿਆ।

"ਤੁਹਾਨੂੰ ਕਿਸ ਗੱਲ ਤੋਂ, ਮੇਰੇ ਕਿਸ ਕੰਮ ਤੋਂ ਇਹ ਪਤਾ ਲਗਾ ਹੈ ਕਿ ਮੈਂ ਤੁਹਾਡੀਆਂ ਤਕਲੀਫ਼ਾਂ ਵਧਾ ਰਿਹਾ ਹਾਂ ? ਕੀ ਤੁਸੀਂ ਮੈਨੂੰ ਭਲਾਮਾਣਸ ਆਦਮੀ ਨਹੀਂ ਸਮਝਦੇ ?" ਸਰਦਾਰ ਦੀਆਂ ਅੱਖਾਂ ਵਿਚ ਗੁੱਸਾ ਭਖ ਰਿਹਾ ਸੀ।

ਇਸ ਤੋਂ ਪਹਿਲਾਂ ਕਿ ਪੈਨਸੀ ਆਪਣਾ ਮੂੰਹ ਖੋਲ੍ਹੇ, ਉਸ ਨੇ ਫਿਰ ਕਹਿਣਾ ਸ਼ੁਰੂ ਕੀਤਾ, "ਤੁਸੀਂ ਮੈਨੂੰ ਹਰ ਇਕ ਦੀ ਨਜ਼ਰ ਵਿਚ ਜ਼ਲੀਲ ਕੀਤਾ ਹੋਇਆ ਹੈ। ਡਾਕਟਰ ਮੇਰੀ ਵਲ ਇਵੇਂ ਦੇਖਦਾ ਹੈ ਜਿਵੇਂ ਕਾਣੀ ਮਹਿੰ ਕਸਾਈ ਵਲ। ਸਿਸਟਰ ਵੱਖ ਗੁੱਸੇ ਵਿਚ ਭਰੀ ਫਿਰਦੀ ਹੈ। ਤੁਹਾਡੀਆਂ ਸਹੇਲੀਆਂ ਨਰਸਾਂ ਮੈਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀਆਂ ਹਨ। ਆਖ਼ਰ ਮੈਂ ਵੀ ਇਜ਼ਤਦਾਰ ਹਾਂ। ਮੈਂ ਕੀ ਗੁਨਾਹ ਕੀਤਾ ਹੈ ਕਿ ਇਹ ਸਭ ਕੁਝ ਹੋਵੇ ?"

ਇਹ ਗੱਲਬਾਤ ਕੁਝ ਉਚੀ ਹੋ ਰਹੀ ਸੀ। ਲਾਗਲੇ ਅਨਪੜ੍ਹ ਮਰੀਜ਼ ਕੁਝ ਸਮਝ ਨਹੀਂ ਸਕਦੇ ਸਨ। ਦੂਸਰੀ ਨਰਸ 'ਸ਼ੀ-ਸ਼ੀ' ਕਰਦੀ ਲਾਗੋਂ ਦੀ ਲੰਘ ਗਈ। ਸਰਦਾਰ

ਚੁੱਪ ਹੋ ਗਿਆ। ਪੈਨਸੀ ਦਾ ਚਿਹਰਾ ਸੁਰਖ਼ ਹੋ ਗਿਆ ਸੀ। ਪਾਟਣ ਵਾਲਾ ਜਵਾਲਾ-ਮੁੱਖੀ, ਜੋ ਪਲ ਦੋ ਪਲ ਵਿਚ ਲਾਵੇ ਦੀ ਵਹਿੰਦੀ ਅੱਗ ਦੇ ਹੜ੍ਹ ਲਿਆ ਦਿੰਦਾ ਹੈ, ਉਸ ਤੋਂ ਬਹੁਤਾ ਭਿਆਨਕ ਨਹੀਂ ਸੀ ਲਗ ਸਕਦਾ। ਦੂਸਰੇ ਪਲ ਹੀ ਚਿਹਰੇ ਦੀ ਲਾਲੀ ਨੂੰ ਕਾਇਮ ਰਖਦਿਆਂ ਉਸ ਬੜੀਆਂ ਨਰਮ ਨਜ਼ਰਾਂ ਤੇ ਸ਼ੀਰੀਂ ਸ਼ਬਦਾਂ ਵਿਚ ਕਹਿਣਾ ਸ਼ੁਰੂ ਕੀਤਾ, "ਸਰਦਾਰ ਜੀ, ਇਸ ਵਿਚ ਮੇਰਾ ਕੋਈ ਦੋਸ਼ ਨਹੀਂ। ਲੋਕਾਂ ਦੀ ਰਾਇ ਦੀ ਮੈਂ ਤੇ ਨਹੀਂ ਨਾ ਜ਼ਿਮੇਂਵਾਰ ਹੋ ਸਕਦੀ। ਮੈਂ ਵੀ ਹਾਲੀ ਤਕ ਕੋਈ ਜ਼ਲੀਲ ਔਰਤ ਨਹੀਂ, ਭਾਵੇਂ ਸਾਰੇ ਮੈਨੂੰ ਜ਼ਲੀਲ ਦੇਖਣਾ ਚਾਹੁੰਦੇ ਹਨ। ਨਰਸ ਹੋਣ ਦੀ ਹੈਸੀਅਤ ਵਿਚ ਮੇਰੀ ਹਮਦਰਦੀ ਹਰ ਬਿਮਾਰ ਨਾਲ ਹੁੰਦੀ ਹੈ। ਪਰ ਮਨੁੱਖੀ ਦਿਲ ਰਖਣ ਕਰਕੇ ਕਿਸੇ ਨਾਲ ਬਹੁਤੀ ਕਿਸੇ ਨਾਲ ਥੋੜ੍ਹੀ, ਪਰ ਨਫ਼ਰਤ...ਨਫ਼ਰਤ, ਹਾਂ ਤੁਸੀਂ ਕਹਿ ਸਕਦੇ ਹੋ, ਨਫ਼ਰਤ ਕਿਸੇ ਨਾਲ ਨਹੀਂ। ਇਕ ਅਦਨਾ ਨਰਸ 'ਤੇ ਤੁਹਾਨੂੰ ਏਨਾ ਗੁੱਸਾ ਨਹੀਂ ਆਉਣਾ ਚਾਹੀਦਾ।"

'ਅਦਨਾ ਨਰਸ' 'ਤੇ ਪੈਨਸੀ ਨੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ ਸੀ। ਇਹ ਠੰਢੇ ਦਿਲ ਨਾਲ ਕਹੇ ਤਲਖ਼ ਸ਼ਬਦ ਸਰਦਾਰ ਨੂੰ ਅੱਗ ਹੋਈਆਂ ਲੋਹੇ ਦੀਆਂ ਸੀਖਾਂ ਵਾਂਗ ਲਗੇ। ਕਸੀਸ ਵਟ ਕੇ ਉਹ ਸਹਾਰ ਗਿਆ।

"ਮੈਨੂੰ ਗਲਤੀ ਲੱਗੀ, ਪਿਆਰ।"

ਉਸ ਨੂੰ ਝੱਟ ਸਮਝ ਆ ਗਈ, ਉਸ ਤੋਂ ਕੀ ਸ਼ਬਦ ਨਿਕਲ ਗਿਆ ਹੈ। ਉਸ ਨੂੰ ਪੈਨਸੀ ਤੋਂ ਕਿਸੇ ਤਲਖ਼ ਜਵਾਬ ਸੁਣਨ ਦਾ ਖ਼ਤਰਾ ਸੀ। ਉਸ ਨਜ਼ਰਾਂ ਨੂੰ ਨੀਵੇਂ ਰਖਦਿਆਂ ਹੀ ਛੇਤੀ ਨਾਲ ਜੋੜ ਦਿੱਤਾ, "ਪਿਆਰ ਮੇਰੀ ਛੋਟੀ ਭੈਣ ਦਾ ਨਾਂ ਹੈ ਤੇ ਮੇਰੇ ਮੂੰਹੋਂ ਅਕਸਰ ਨਿਕਲ ਜਾਂਦਾ ਹੈ। ਆਸ ਹੈ ਤੁਸੀਂ ਦੋਵੇਂ ਗਲਤੀਆਂ ਮੁਆਫ਼ ਕਰੋਗੇ।"

ਇੰਨਾ ਕਹਿ ਕੇ ਉਸ ਸਿਰ੍ਹਾਣਾ ਚੁਕ ਕੇ ਆਪਣਾ ਬਟੂਆ ਕੱਢਿਆ। ਇੰਨੇ ਚਿਰ ਵਿਚ ਪੈਨਸੀ ਆਪਣੇ ਟੇਬਲ ਵਲ ਜਾ ਰਹੀ ਸੀ। ਛੇਤੀ ਹੀ ਉਸ ਦਰਾਜ ਵਿਚੋਂ ਇਕ ਹੋਰ ਥਰਮਾਮੀਟਰ ਕੱਢਿਆ। ਬਟੂਆ ਖੋਲ੍ਹ ਕੇ ਕੁਝ ਲੱਭਦਾ ਸਰਦਾਰ ਵੀ ਉਥੇ ਪਹੁੰਚ ਗਿਆ, "ਕੀ ਕੀਮਤ ਹੁੰਦੀ ਹੈ, ਥਰਮਾਮੀਟਰ ਦੀ।"

"ਕੁਝ ਨਹੀਂ", ਹੁਣ ਭਾਵੇਂ ਨਰਸ ਦੇ ਚਿਹਰੇ ਵਿਚ ਨਹੀਂ, ਸ਼ਬਦਾਂ ਵਿਚ ਗੁੱਸਾ ਸੀ।

ਸਰਦਾਰ ਨੇ ਇਕ ਨੋਟ ਕੱਢਿਆ। ਡਾਕਟਰ ਅੰਦਰ ਆ ਚੁੱਕਾ ਸੀ।

"ਇਹ ਕੀ ਹੈ ?" ਡਾਕਟਰ ਨੇ ਨੋਟ ਵੱਲ ਦੇਖਦਿਆਂ ਕਿਹਾ।

ਸਰਦਾਰ ਨੇ ਅੰਦਰਲੇ ਚੋਰ ਨੂੰ ਲੁਕਾਉਂਦਿਆਂ ਕਿਹਾ, "ਮੈਥੋਂ ਥਰਮਾਮੀਟਰ ਟੁੱਟ ਗਿਆ ਹੈ। ਕੀਮਤ ਦੇਣਾ ਚਾਹੁੰਦਾ ਹਾਂ।"

ਡਾਕਟਰ ਨੇ ਸਰਦਾਰ ਵਲ ਦੇਖਦੇ ਤੇ ਪੈਨਸੀ ਨੂੰ ਸੁਣਾਉਂਦਿਆਂ ਕਿਹਾ, "ਹੁਣ ਥਰਮਾਮੀਟਰ ਹੀ ਟੁੱਟਣਗੇ ਨਾ ?"

"ਤੁਹਾਡਾ ਕੀ ਮਤਲਬ ਹੈ ?" ਸਰਦਾਰ ਨੇ ਕਿਹਾ।

ਪੈਨਸੀ ਨੇ ਆਪਣੇ ਮੂੰਹ 'ਤੇ ਹੱਥ ਰਖ ਲਿਆ ਜਿਵੇ ਉਸ ਦੇ ਮੂੰਹੋਂ ਹੀ ਉਸ

ਦੇ ਜਜ਼ਬਾਤ ਬਣ ਕੇ ਨਿਕਲ ਗਏ ਹੋਣ।

"ਮਤਲਬ ਕੁਝ ਨਹੀਂ। ਇਕ ਰੁਪਿਆ ਛੇ ਆਨੇ ਜਮ੍ਹਾਂ ਕਰਾ ਦਿਓ ਸਿਸਟਰ ਨੂੰ।"

"ਡਾਕਟਰ ਸਾਹਿਬ, ਤੁਸੀਂ ਮੈਨੂੰ ਕਦੋਂ ਛੁੱਟੀ ਦੇ ਰਹੇ ਹੋ ?"

"ਜਦ ਤੁਸੀਂ ਰਾਜ਼ੀ ਹੋ ਜਾਵੋਗੇ, ਸਰਦਾਰ ਸਾਹਿਬ।"

"ਉਫ਼...।"

"ਤੇ ਤੁਸੀਂ ਪੈਨਸੀ ?"

"ਕੀ ?"

"ਕੁਝ ਨਹੀਂ।"

ਪੈਨਸੀ ਦੀਆਂ ਨਜ਼ਰਾਂ ਤੋਂ ਪਤਾ ਚਲਦਾ ਸੀ ਕਿ ਘੱਟ ਤੋਂ ਘੱਟ ਇਕ ਆਦਮੀ ਦੁਨੀਆ ਦੇ ਤਖ਼ਤੇ ਉਤੇ ਜ਼ਰੂਰ ਸੀ ਜਿਸ ਨੂੰ ਉਹ ਨਫ਼ਰਤ ਕਰਦੀ ਸੀ।

4

ਇਹ ਇਕ ਗਰਮ ਤੇ ਅੰਨ੍ਹੇਰੀ ਰਾਤ ਸੀ। ਵਾਰਡ ਨੰਬਰ ਚਾਰ ਦੇ ਅੰਦਰ ਮੇਜ਼ 'ਤੇ ਪੈਨਸੀ ਕੁਝ ਕਾਗਜ਼ਾਤ ਪੂਰ ਕਰ ਰਹੀ ਸੀ। ਉਸ ਦਾ ਸਹਾਇਕ ਚਪੜਾਸੀ ਇਕ ਨੁਕਰੇ ਉਂਘਲਾ ਰਿਹਾ ਸੀ। ਸਿਵਾਏ ਦੋ ਬੱਤੀਆਂ ਦੇ ਸਭ ਬੱਤੀਆਂ ਬੁਝੀਆਂ ਹੋਈਆਂ ਸਨ। ਹਾਂ, ਪੱਖੇ ਚਲ ਰਹੇ ਸਨ। ਕੋਈ ਬੀਮਾਰ ਅੱਜ ਨਹੀਂ ਕਰਾਹ ਰਿਹਾ ਸੀ। ਮਲੂਮ ਹੁੰਦਾ ਸੀ ਸ਼ਾਂਤੀ ਤੇ ਆਰਾਮ ਦੇ ਫ਼ਰਿਸ਼ਤਿਆਂ ਦੇ ਪਰਾਂ ਦਾ ਸਾਇਆ ਇਸ ਵਾਰਡ ਦੇ ਮਰੀਜ਼ਾਂ 'ਤੇ ਪੈ ਰਿਹਾ ਹੈ।

ਸਰਦਾਰ ਦਾ ਖ਼ਿਆਲ ਸੀ ਕਿ ਪੈਨਸੀ ਦੀ ਨਾਈਟ ਡਿਊਟੀ 'ਤੇ ਕਦੇ ਵੀ ਕਿਸੇ ਨੂੰ ਤਕਲੀਫ਼ ਨਹੀਂ ਹੁੰਦੀ। ਹਾਂ, ਉਸ ਨੂੰ ਤਕਲੀਫ਼ ਨਹੀਂ ਹੁੰਦੀ। ਹਾਂ, ਉਸਨੂੰ ਤਕਲੀਫ਼ ਹੁੰਦੀ ਸੀ। ਪਰ ਉਹ ਤਾਂ ਮਾਨਸਿਕ ਦੁਖ ਸੀ ਜਿਸ ਨੂੰ ਐਕਸ-ਰੇ ਵੀ ਨਹੀਂ ਪ੍ਰਗਟ ਕਰ ਸਕਦੀ। ਉਸ ਪੈਨਸੀ ਨਾਲ ਆਪਣੀ ਮਰਜ਼ੀ ਦੇ ਵਿਰੁੱਧ, ਬੋਲਣਾ ਛੱਡ ਦਿਤਾ ਸੀ। ਪੈਨਸੀ ਦਾ ਰਵੱਈਆ ਜਿਉਂ ਦਾ ਤਿਉਂ ਸੀ। ਸਰਦਾਰ ਸੋਚਦਾ ਸੀ ਕਿ ਅੱਗੇ ਵੀ ਉਸ ਕਦੇ ਕੋਈ ਗੱਲ ਬਹੁਤੀ ਦਿਲਚਸਪੀ ਵਾਲੀ ਨਹੀਂ ਕੀਤੀ। ਪਰ ਉਸ ਦੀ ਨਜ਼ਰ ਜਿਵੇਂ ਮੇਰੇ ਉਤੇ ਪੈਂਦੀ ਹੈ ਕਿਸੇ ਹੋਰ 'ਤੇ ਨਹੀਂ ਪੈਂਦੀ। ਪਰ ਫਿਰ ਉਹ ਸੋਚਦਾ ਸੀ ਕਿ 'ਇਹ ਮੇਰੀਆਂ ਅੱਖਾਂ ਦਾ ਭਰਮ ਵੀ ਹੋ ਸਕਦਾ ਹੈ।' ਉਸ ਨੂੰ ਉਸ ਨਾਲ ਬੋਲਣਾ ਛੱਡਣ ਵਿਚ ਦੁੱਖ ਸੀ, ਪਰ ਸ਼ਾਇਦ ਉਸ ਦੁਖ ਨਾਲ ਪੈਨਸੀ ਨੂੰ ਫ਼ਾਇਦਾ ਹੋ ਸਕੇ। ਤੇ ਫੇਰ ਇਕ ਦਿਨ ਉਹ ਚਲਾ ਜਾਏਗਾ ਤੇ ਸਭ ਕੰਮ ਠੀਕ ਹੋ ਜਾਏਗਾ। ਉਹ ਚੀਰਾ ਜੋ ਡਾਕਟਰਾਂ ਨੇ ਦਿੱਤਾ ਸੀ ਭਰ ਜਾਏਗਾ, ਪਰ ਇਕ ਨਵੀਂ ਪੀੜ ਸਦਾ ਜਾਗਦੀ ਰਹੇਗੀ। ਕੀ ਉਸ ਦੇ ਜਾਣ ਨਾਲ ਪੈਨਸੀ ਸੁਖੀ ਹੋ ਜਾਏਗੀ ? ਕੀ ਉਹ ਡਾਕਟਰ ਉਸ ਨੂੰ ਸਤਾਉਣਾ ਛੱਡ ਦਏਗਾ ? ਕੀ ਨਰਸਾਂ ਕੀ ਇਸਤ੍ਰੀਆਂ ਦੇ ਭਾਗਾਂ ਵਿਚ ਇਹੋ ਕੁਝ ਲਿਖਿਆ ਹੈ ?

ਫਿਰ ਕਦੇ ਉਸ ਦਾ ਖ਼ਿਆਲ ਆਪਣੀ ਪਿਆਰੀ ਭੈਣ ਪਿਆਰ ਵਲ ਚਲਾ

ਜਾਂਦਾ ਜੋ ਸਕੂਲ ਵਿਚ ਪੜ੍ਹਦੀ ਸੀ ਤੇ ਜਿਸ ਦਾ ਉਸ ਤੋਂ ਤੇ ਉਸ ਦੀ ਮਾਂ ਤੋਂ ਬਿਨ੍ਹਾਂ ਕੋਈ ਸਹਾਰਾ ਨਹੀਂ ਸੀ। 'ਜੇ ਕਦੇ ਉਸ ਦਾ ਕੋਈ ਸਹਾਰਾ ਨਾ ਰਹੇ ਤਾਂ ਕੀ ਉਸ ਦਾ ਵੀ ਰੋਟੀ ਕਮਾਉਣ ਲਈ ਇਹੋ ਹਾਲ ਹੋਵੇ ?' ਉਹ ਇਹ ਖ਼ਿਆਲ ਸੋਚ ਕੇ ਕੰਬ ਉਠਿਆ ਤੇ ਪਾਸਾ ਬਦਲ ਲਿਆ। 'ਕੀ ਨਰਸਾਂ ਸਾਰੀਆਂ ਬੇਸਹਾਰਾ ਹੁੰਦੀਆਂ ਹਨ ? ਜ਼ਰੂਰ ਹੁੰਦੀਆਂ ਹੋਣਗੀਆਂ, ਨਹੀਂ ਤੇ ਉਸ ਡਾਕਟਰਾਂ ਦੇ ਹੇਠਾਂ ਲੱਗੀਆਂ ਤੇ ਅਦਨੇ ਦੌਮੀਆਂ ਦੇ ਨਾਲ ਤੁਰੀਆਂ ਜਾਂਦੀਆਂ ਨਾ ਦੇਖੀਆਂ ਜਾਣ।'

ਇਹ ਪੈਨਸੀ ਨਾਲ ਆਪ ਧਾਰਿਆ ਮੋਨ-ਵਰਤ ਉਸ ਲਈ ਦੁਖਦਾਈ ਜਾਪ ਰਿਹਾ ਸੀ। ਉਹ ਉਸ ਦੀ ਸਹਾਇਤਾ ਕਰਨਾ ਚਾਹੁੰਦਾ ਸੀ, ਪਰ ਸਿੱਖਾਂ ਵਾਲਾ ਸਵੈ-ਮਾਣ ਉਸ ਨੂੰ ਬੋਲਣੋਂ ਰੋਕ ਰਿਹਾ ਸੀ। ਆਪਣੇ ਸਾਹਮਣੇ ਖੜੋਤਿਆਂ ਉਸ ਦੀਆਂ ਅੱਖਾਂ ਵਿਚ ਉਹ ਕੋਈ ਖਾਸ ਚਮਕ ਦੇਖਦਾ ਸੀ। ਉਸ ਆਪਣੀ ਸ਼ਕਲ ਨੂੰ ਇਉਂ ਦੇਖਿਆ ਜਿਵੇਂ ਉਹ ਸ਼ੀਸ਼ੇ ਵਿਚ ਦੇਖ ਰਿਹਾ ਹੋਵੇ। ਉਸ ਦੀ ਸ਼ਕਲ ਚੰਗੀ ਨਹੀਂ ਕਹੀ ਜਾ ਸਕਦੀ ਸੀ। ਰੰਗ ਵੀ ਡਾਕਟਰ ਤੋਂ ਕਿਤੇ ਮਧਮ ਸੀ, ਭਾਵੇਂ ਡਾਕਟਰ ਦਾ ਵੀ ਕੋਈ ਬਹੁਤਾ ਗੋਰਾ ਨਹੀਂ ਸੀ। ਪੈਨਸੀ ਦੀ ਹਿੰਦੁਸਤਾਨੀ ਵੀ ਕ੍ਰਿਸਤਾਨੀ ਨਹੀਂ ਸੀ। ਉਹ ਠੀਕ ਹਿੰਦੁਸਤਾਨੀ ਲਹਿਜੇ ਵਿਚ ਬੋਲਦੀ ਸੀ, ਪਰ ਜਦ ਅੰਗਰੇਜ਼ੀ ਬਲਾਊਜ਼ ਤੇ ਸਟੋਕਿੰਗ ਵਿਚ ਹੁੰਦੀ ਸੀ ਤਾਂ ਬਹੁਤ ਸਜਦੀ ਸੀ। ਇਕ ਦਿਨ ਉਹ ਸਾਦੀ ਸਾੜ੍ਹੀ ਪਹਿਨ ਕੇ ਹਿੰਦੁਸਤਾਨੀ ਲਿਬਾਸ ਵਿਚ ਆਈ ਸੀ। ਉਸ ਵਿਚ ਵੀ ਉਹ ਹੱਦ ਸਜਦੀ ਸੀ। ਪਰ ਉਸ ਦਾ ਖ਼ਿਆਲ ਸੀ, ਮੁਸਕਰਾਂਦਿਆਂ-ਹੱਸਦਿਆਂ ਹੋਇਆਂ ਵੀ ਇਕ ਦੁਖ ਭਰੀ ਬੇਮਲੂਮ ਚੀਸ ਦਾ ਝਓਲਾ ਪੈਨਸੀ ਦੇ ਚਿਹਰੇ ਤੋਂ ਪੈਂਦਾ ਰਹਿੰਦਾ ਸੀ। ਉਹ ਉਸ ਦੀ ਕਹਾਣੀ ਸੁਣਨ ਦਾ ਚਾਹਵਾਨ ਸੀ, ਪਰ ਬਿਨ੍ਹਾਂ ਪੁੱਛਿਆਂ ਕੌਣ ਸੁਣਾ ਸਕਦਾ ਸੀ ? ਕਾਲੀ ਨਰਸ, ਸ਼ੀਲਾ ਨੇ ਵੀ ਉਸ ਨਾਲ ਉਸੇ ਤਰ੍ਹਾਂ ਬੋਲਣਾ ਛੱਡ ਦਿਤਾ ਸੀ। ਨਹੀਂ ਤੇ ਉਸ ਨੇ ਤਾਂ ਕਿਹਾ ਸੀ ਕਿ ਉਸ ਦੀ ਬਾਬਤ ਸਭ ਜਾਣਦੀ ਹੈ। ਪਰ ਪੈਨਸੀ ਤੇ ਰਵੱਈਏ ਵਿਚ ਕੋਈ ਫ਼ਰਕ ਨਹੀਂ ਸੀ। ਖ਼ਬਰੇ ਉਹ ਜਾਣਦੀ ਸੀ ਕਿ ਉਸ ਦੀ ਉਹ ਚੁੱਪ ਉਸ ਦੇ ਫ਼ਾਇਦੇ ਲਈ ਹੀ ਹੈ। ਉਹ ਕਿਉਂ ਨਹੀਂ ਆਪਣੀ ਕਹਾਣੀ ਆਪ ਆ ਕੇ ਸੁਣਾ ਦੇਂਦੀ ?

ਸਰਦਾਰ ਨੇ ਪੱਖੇ ਦੇ ਹੇਠਾਂ ਵੀ ਗਰਮੀ ਮਹਿਸੂਸ ਕੀਤੀ ਤੇ ਪਲਸੇਟੇ ਮਾਰਨ ਲਗ ਪਿਆ। ਕੁਝ ਚਿਰ ਤੱਲੋ-ਮੱਛੀ ਹੋਣ ਤੋਂ ਮਗਰੋਂ ਉਹ ਉੱਠ ਖੜੋਤਾ ਤੇ ਚਿੱਟੀ ਚਾਦਰ ਦੀ ਬੁੱਕਲ ਮਾਰ ਕੇ ਬੈੱਡਾਂ ਦੀਆਂ ਦੋਹਾਂ ਕਤਾਰਾਂ ਦੇ ਵਿਚ ਟਹਿਲਣ ਲਗ ਪਿਆ। ਸਭ ਮਰੀਜ਼ ਆਰਾਮ ਵਿਚ ਸੌਂ ਰਹੇ ਸਨ।

ਨਵੇਂ ਆਏ ਹਵਾਲਦਾਰ ਮਰੀਜ਼ ਨੇ, ਜਿਸ ਦਾ ਉਪ੍ਰੇਸ਼ਨ ਕੁਝ ਦਿਨ ਠਹਿਰ ਕੇ ਹੋਣਾ ਸੀ, ਕਿਹਾ, "ਸਰਦਾਰ ਜੀ, ਸੁਖ ਤੇ ਹੈ ਨਾ ?"

"ਨੀਂਦ ਨਹੀਂ ਆਉਂਦੀ", ਕਹਿ ਕੇ ਉਹ ਮੁੜ ਆਇਆ ਤੇ ਬੂਹਿਓਂ ਬਾਹਰ ਨਿਕਲ ਗਿਆ।

ਪੈਨਸੀ ਹਮੇਸ਼ਾ ਉਸ ਦੀ ਹਰ ਹਰਕਤ ਨੂੰ ਦੇਖਦੀ ਰਹਿੰਦੀ ਸੀ। ਉਸਨੇ ਦੇਖਿਆ ਕਿ ਉਹ ਕੁਝ ਚਿਰ ਬਰਾਂਡੇ ਵਿਚ ਟਹਿਲਦਾ ਰਿਹਾ। ਫੇਰ ਉਹ ਬਰਾਂਡੇ ਦੀਆਂ

ਪੰਜ ਚਾਰ ਪੌੜੀਆਂ ਉਤਰ ਹਸਪਤਾਲ ਦੀ ਸੜਕ ਪਾਰ ਕਰਕੇ ਭੌਂਦੀ ਚਰਖੜੀ ਰਾਹੀਂ ਤਾਰਾਂ ਦੀ ਰੋਕ ਨੂੰ ਪਾਰ ਕਰਕੇ ਬਾਹਰਲੀ ਸੜਕ ਵੀ ਲੰਘ ਗਿਆ ਤੇ ਸਾਹਮਣੇ ਬਾਗ ਵਿਚ ਦਾਖ਼ਲ ਹੋਇਆ। ਬਾਹਰ ਘੋਰ ਹਨ੍ਹੇਰਾ ਸੀ। ਅਸਮਾਨ ਵਿਚ ਇਕ ਤਾਰਾ ਵੀ ਬੱਦਲਾਂ ਵਿਚੋਂ ਨਹੀਂ ਸੀ ਝਾਕ ਰਿਹਾ। ਰਵਿਸ਼ਾਂ ਤੇ ਖੰਭਿਆਂ ਉਪਰ ਜਗਦੀਆਂ ਬਿਜਲੀਆਂ ਦਾ ਚਾਨਣ ਕਿਤੇ ਕਿਤੇ ਦਰੱਖ਼ਤਾਂ ਦੀਆਂ ਟਾਹਣੀਆਂ ਤੇ ਪੱਤਿਆਂ ਵਿਚੋਂ ਛਣ ਛਣ ਕੇ ਪਲੈਂਟਾਂ ਤੇ ਪੈ ਰਿਹਾ ਸੀ। ਪੈਨਸੀ ਨੇ ਹਨੇਰੇ ਵਿਚ ਦੇਖਿਆ ਕਿ ਇਕ ਚਿੱਟੀ ਚਾਦਰ ਫਿਰਦੀ-ਤੁਰਦੀ ਇਕ ਹਨੇਰੀ ਨੁੱਕਰ ਵਿਚਲੀ ਲਤਾ-ਕੁੰਜ ਦੀ ਬੈਂਚ 'ਤੇ ਆਰਾਮ ਕਰਨ ਲਗ ਗਈ। ਪੈਨਸੀ ਪਿਛਾਂਹ ਮੁੜੀ, ਸਭ ਸੌਂ ਰਹੇ ਸਨ। ਹਵਾਲਦਾਰ ਜੋ ਹਾਲੀ ਤਕ ਉਸਲਵੱਟੇ ਭੰਨ ਰਿਹਾ ਸੀ, ਘੁਰਾੜੇ ਮਾਰ ਰਿਹਾ ਸੀ, ਪਰ ਪੈਨਸੀ ਨੂੰ ਪਤਾ ਨਹੀਂ ਸੀ ਕਿ ਇਹ ਘੁਰਾੜੇ ਬਣਾਉਟੀ ਹਨ। ਉਸ ਪਹਿਲੋਂ ਵਾਰਡ ਦੀ ਘੜੀ ਵਲ ਦੇਖਿਆ ਤੇ ਫੇਰ ਪਿਨ ਨਾਲ ਸਟ੍ਰੈਪ ਸਮੇਤ ਛਾਤੀ 'ਤੇ ਲਮਕਾਈ ਘੜੀ ਨੂੰ। ਫਿਰ ਉਹ ਬਾਹਰ ਨੂੰ ਤੁਰ ਪਈ। ਬਰਾਂਡਾ, ਪੌੜੀਆਂ, ਅੰਦਰਲੀ ਸੜਕ ਤੇ ਬਾਹਰਲੀ ਸੜਕ ਪਾਰ ਕਰਕੇ ਉਹ ਬਾਗ਼ ਵਿਚ ਦਾਖ਼ਲ ਹੋਈ। ਡਿਊਰੈਂਟੇ ਦੀ ਕਤਾਰ ਉੱਤੇ ਉਸ ਆਪਣਾ ਸਰਵਿਸ ਗਾਊਨ ਲਾਹ ਦਿੱਤਾ। ਥੱਲੇ ਸਫ਼ੈਦ ਸਾੜ੍ਹੀ ਤੇ ਹਿੰਦੁਸਤਾਨੀ ਪੁਸ਼ਾਕ ਸੀ। ਸਾੜ੍ਹੀ ਦੇ ਲੜ ਨੂੰ ਲੱਕ ਦੁਆਲਿਓਂ ਖੋਲ੍ਹ ਕੇ ਉਸ ਸਿਰ 'ਤੇ ਲੈ ਲਿਆ ਅਤੇ ਹੌਲੀ ਹੌਲੀ ਲਤਾ-ਕੁੰਜ ਵਲ ਵਧੀ। ਸਰਦਾਰ ਨੇ ਚਾਦਰ ਨਾਲ ਮੂੰਹ ਕੱਜਿਆ ਹੋਇਆ ਸੀ ਤੇ ਖ਼ਬਰੇ ਚਾਦਰ ਦੇ ਅੱਖਾਂ ਸਾਹਮਣੇ ਹਿੱਸੇ 'ਤੇ ਕਿਸੇ ਫ਼ਿਲਮ ਦਾ ਖੇਲ ਦੇਖ ਰਿਹਾ ਸੀ। ਪੈਨਸੀ ਨੇ ਝੁਕ ਕੇ ਉਸ ਦੇ ਮੋਢੇ 'ਤੇ ਹੱਥ ਰੱਖਿਆ।

ਚਾਦਰ ਦੇ ਅੰਦਰੋਂ ਹੀ ਸਰਦਾਰ ਬੇਖੌਫ਼ੀ ਨਾਲ ਬੋਲਿਆ, "ਕੌਣ ?"

"ਪੈਨਸੀ, ਸੰਤੋਸ਼, ਤੁਹਾਡੀ ਨਰਸ", ਉਸ ਕਾਹਲੀ ਪਰ ਨਰਮੀ ਨਾਲ ਆਖਿਆ।

"ਹੂੰ...ਊਂ", ਉਸ ਬਿਨਾਂ ਚਾਦਰ ਮੂੰਹ ਤੋਂ ਲਾਹਿਆਂ ਕਿਹਾ।

"ਉਠੋ, ਸੁਣੋ ਮੇਰੀ ਕਹਾਣੀ। ਜਿਸ ਤੋਂ ਬਿਨਾਂ ਤੁਸੀਂ ਬੇਚੈਨ ਹੋ ਰਹੇ ਹੋ। ਮੈਂ ਆਪਣੀ ਕਹਾਣੀ ਹੀ ਸੁਣਾਉਣ ਤੁਹਾਨੂੰ ਆਈ ਹਾਂ।"

"ਕੀ ਤੁਸੀਂ ਆਪਣੇ ਆਪ ਨੂੰ ਆਪੇ ਨਵੇਂ ਦੁੱਖਾਂ ਵਿਚ ਨਹੀਂ ਪਾ ਰਹੇ ?" ਉਸ ਨੇ ਜ਼ਰਾ ਤਲਖ਼ ਲਹਿਜੇ ਵਿਚ ਕਿਹਾ, "ਤੇ ਤੁਹਾਨੂੰ ਕਿਵੇਂ ਪਤਾ ਹੈ ਕਿ ਮੈਂ ਤੁਹਾਡੀ ਕਹਾਣੀ ਸੁਣਨਾ ਚਾਹੁੰਦਾ ਹਾਂ ?"

"ਉਠੋ, ਉੱਠ ਕੇ ਸੁਣੋ", ਤੇ ਪੈਨਸੀ ਨੇ ਉਸ ਨੌਜਵਾਨ ਸਿੱਖ ਨੂੰ ਬਾਹੋਂ ਪਕੜਿਆ ਹੀ ਸੀ ਕਿ ਉਹ ਉੱਠ ਬੈਠਾ।

"ਮੈਂ ਯੂ.ਪੀ. ਵਿਚ ਪਲੀ ਪੰਜਾਬਣ ਹਾਂ। ਦਸ ਜਮਾਤਾਂ ਪਿਤਾ ਜੀ ਨੇ ਪੜ੍ਹਾਇਆ ਸੀ। ਮਾਂ ਬਚਪਨ ਵਿਚ ਹੀ ਮਰ ਚੁੱਕੀ ਸੀ। ਇਕ ਪੜ੍ਹੇ ਲਿਖੇ ਨੌਜਵਾਨ ਨਾਲ, ਜੋ ਮੇਰੇ ਪਿਤਾ ਕੋਲ ਨੌਕਰ ਸੀ ਮੇਰੀ ਸ਼ਾਦੀ ਮੇਰੇ ਦਿਆਲ ਪਿਤਾ ਨੇ ਇਸ ਕਰਕੇ ਕੀਤੀ ਕਿ ਉਸ਼ ਦਾ ਕੋਈ ਨਹੀਂ ਸੀ ਮੈਂ ਉਸ ਨੂੰ ਆਪਣਾ ਆਪ, ਤਨ, ਮਨ, ਧਨ ਅਰਪ ਦਿਤਾ। ਪਿਤਾ ਜੀ ਗੁਜ਼ਰ ਗਏ। ਸਾਰੀ ਜਾਇਦਾਦ ਵਸੀਅਤ ਨਾ ਹੋਣ ਕਰਕੇ ਮੇਰੇ ਚਾਚੇ ਦੇ ਪੁੱਤਰਾਂ ਦੇ ਹੱਥ ਆ ਗਈ। ਅਸੀਂ ਧੱਕੇ ਗਏ। ਕੁਝ ਚਿਰ ਮਗਰੋਂ ਪਤੀ ਨੂੰ

ਟੈਟਨਿਸ ਰੋਗ ਹੋਇਆ ਤੇ ਉਹ ਪਲਾਂ ਝਲਾਂ ਵਿਚ ਤੁਰਦੇ ਬਣੇ...।" ਪੈਨਸੀ ਦੇ ਹਉਕੇ ਲੈਣ ਤੋਂ ਪਤਾ ਲੱਗਾ ਕਿ ਉਹ ਰੋ 'ਰਹੀ ਹੈ। ਇੰਨੇ ਨੂੰ ਬਿਜਲੀ ਦੇ ਚਾਨਣ ਦੀ ਇਕ ਕਿਰਨ ਨੇ ਉਸ ਦੀਆਂ ਗਲ੍ਹਾਂ 'ਤੇ ਹੰਝੂ ਨੂੰ ਲਿਸ਼ਕਾ ਦਿੱਤਾ।

ਸਰਦਾਰ ਜੀ ਨੇ ਕਿਹਾ, "ਬਸ ਮੈਂ ਇੰਨੀ ਹੀ ਕਹਾਣੀ ਸੁਣ ਸਕਦਾ ਹਾਂ। ਹੋਰ ਨਾ ਸੁਣਾਉਣੀ, ਸੰਤੋਸ਼ !"

"ਬਸ ! ਹੋਰ ਰਹਿ ਹੀ ਕੀ ਗਿਆ ਹੈ। ਕਹਾਣੀ ਖ਼ਤਮ ਹੋ ਚੁੱਕੀ ਹੈ। ਮੈਂ ਸਮਝਿਆ ਸੀ ਕਿ ਮੈਂ ਆਪਣੇ ਪਤੀ ਵਾਲਾ ਪਿਆਰ ਸਾਰੀ ਦੁਨੀਆ ਨੂੰ ਵੰਡ ਦਵਾਂਗੀ। ਮੈਂ ਫ਼ਲੋਰੈਂਸ ਨਾਈਟਿੰਗੇਲ ਦੀ ਕਹਾਣੀ ਪੜ੍ਹੀ ਸੀ। ਪਰ ਲੋਕੀਂ ਨਰਸਾਂ ਤੋਂ ਪਿਆਰ ਨਹੀਂ, ਸਰੀਰ ਚਾਹੁੰਦੇ ਹਨ। ਡਾਕਟਰ, ਹਾਊਸ-ਸਰਜਨ, ਵਿਦਿਆਰਥੀ, ਚਪੜਾਸੀ, ਭੰਗੀ, ਸਭ ਦੀ ਨਰਸ 'ਤੇ ਅੱਖ ਹੁੰਦੀ ਹੈ। ਟੌਮੀ ਉਨ੍ਹਾਂ 'ਤੇ ਜਮਾਂਦਰੂ ਹੱਕ ਸਮਝਦੇ ਹਨ। ਲਿਬੜੇ ਬਿਨਾਂ ਇਸ ਪਾਪ ਦੀ ਦੁਨੀਆ ਵਿਚ ਬਹੁਤ ਘੱਟ ਰਹਿ ਸਕਦੇ ਹੋਣਗੇ।"

"ਸੰਤੋਸ਼ ! ਕੀ ਇਹ ਫ਼ਲੌਰੈਂਸ ਦੀ ਉੱਮਤ ਕੁਰਾਹੇ ਨਹੀਂ ਪੈ ਗਈ ? ਜਾਂ ਸ਼ੈਤਾਨ-ਨਫ਼ਸ ਇਨਸਾਨ ਹੀ ਇਨ੍ਹਾਂ ਪਰੀ-ਰੂਹਾਂ ਨੂੰ ਕੁਰਾਹੇ ਨਹੀਂ ਪਾ ਰਿਹਾ ?"

"ਲੋੜ, ਲੋੜ ਸਰਦਾਰ ਜੀ, ਬੁਰਾਈ ਕਰਾਉਂਦੀ ਹੈ ਤੇ ਹੋ ਸਕਦਾ ਹੈ ਫਿਰ ਬੁਰਾਈ ਦਾ ਸੁਆਦ ਪੈ ਜਾਂਦਾ ਹੋਵੇ।"

"ਠੀਕ ਪਿਆਰ...ਮੁਆਫ਼ ਕਰਨਾ, ਸੰਤੋਸ਼, ਮੈਂ ਵੀ ਕਈ ਵਾਰੀ ਇਵੇਂ ਸੋਚਿਆ ਹੈ।"

"ਨਹੀਂ, ਤੁਸੀਂ ਮੈਨੂੰ ਉਸੇ ਨਾਂ ਨਾਲ ਸੱਦ ਸਕਦੇ ਹੋ। ਉਸ ਨਾਂ ਨਾਲ ਮੇਰੇ ਸਵਰਗਵਾਸੀ ਪਤੀ ਮੈਨੂੰ ਸੱਦਦੇ ਹੁੰਦੇ ਸਨ।'" ਉਸ ਦੇ ਚਿਹਰੇ 'ਤੇ ਸਤਿਕਾਰ ਤੇ ਅਫ਼ਸੋਸ ਦੇ ਭਾਵਾਂ ਨੂੰ ਹਨੇਰੇ ਵਿਚ ਸਰਦਾਰ ਨਾ ਪੜ੍ਹ ਸਕਿਆ, ਪਰ ਉਸ ਦੇ ਗਲੇ ਦੀ ਭਰੀ ਆਵਾਜ਼ ਉਸ ਲਈ ਕਾਫ਼ੀ ਸੀ।

ਉਹ ਕਾਫ਼ੀ ਚਿਰ ਚੁੱਪ ਰਿਹਾ। ਫਿਰ ਉਸ ਕਿਹਾ, "ਤੁਹਾਡੇ ਪਤੀ ਜ਼ਰੂਰ ਬੜੇ ਚੰਗੇ ਹੋਣਗੇ, ਜ਼ਰੂਰ।"

"ਐਨ ਤੁਹਾਡੇ ਵਰਗੇ। ਕਦ-ਕਾਠ ਤੇ ਅੱਖਾਂ ਦੀ ਚਮਕ ਉਸੇ ਤਰ੍ਹਾਂ ਦੀ ਹੈ ਤੁਹਾਡੀ। ਸ਼ਕਲ ਵਿਚ ਥੋੜ੍ਹਾ ਫ਼ਰਕ ਹੈ। ਇਸ ਚੀਜ਼ ਨੇ ਪਹਿਲੇ ਦਿਨ ਹੀ ਮੇਰੇ 'ਤੇ ਅਸਰ ਕੀਤਾ ਸੀ ਤੇ ਹੁਣ ਤੁਹਾਡਾ ਖ਼ਿਆਲ ਵੀ ਉਹੋ ਜਿਹੇ ...।"

ਸੰਤੋਸ਼ "ਇਹ ਕੁਦਰਤ ਦੇ ਖੇਲ ਹਨ," ਤੇ ਗੱਲ ਨੂੰ ਹੋਰ ਪਾਸੇ ਪਾਉਣ ਲਈ ਉਸ ਕਿਹਾ, ਮੇਰਾ ਖਿਆਲ ਹੈ ਕਿ ਇਕ ਇਸਤ੍ਰੀ ਮਰਦ ਇਕੋ ਮਰਦ ਇਸਤ੍ਰੀ ਨੂੰ ਤੀਬਰਤਾ ਨਾਲ ਪਿਆਰ ਕਰ ਸਕਦਾ ਹੈ। ਜਿਵੇਂ ਬੈਟਰੀ ਟੌਰਚ ਦੀ ਲਾਈਟ ਇਕ ਨੁਕਤੇ 'ਤੇ ਤੇਜ਼ ਹੁੰਦੀ ਹੈ, ਬਾਕੀ ਥਾਂ 'ਤੇ ਉਸਦਾ ਪਰਤੋਂ ਰੌਸ਼ਨੀ ਕਰਦਾ ਹੈ। ਇਨ੍ਹਾਂ ਉਸ ਕੇਂਦਰ ਤੋਂ ਇਸਤ੍ਰੀ ਜਾਂ ਮਰਦ ਆਪਣੇ ਪਿਆਰ ਨੂੰ ਦੁਨੀਆ 'ਤੇ ਪਵਿੱਤਰਤਾ ਨਾਲ ਨਹੀਂ ਖਿਲਾਰ ਸਕਦਾ।"

"ਸਰਦਾਰ ਜੀ, ਤਜਰਬੇ ਨਾਲ ਮੈਂ ਵੀ ਇਹੋ ਸੋਚਣ 'ਤੇ ਮਜਬੂਰ ਹੋਈ ਹਾਂ। ਤੁਸੀਂ ਤਾਂ ਬਿਲਕੁਲ ਮੇਰੇ ਵਾਂਗ ਹੀ ਸੋਚ ਰਹੇ ਹੋ।"

ਦੋਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਸਮਾਂ ਕਿਵੇਂ ਤੁਰਿਆ ਜਾ ਰਿਹਾ ਹੈ। ਦੂਰ ਬਾਗੋਂ ਪਾਰ 'ਜਾਗਤੇ ਰਹੀਓ' ਦੀ ਆਵਾਜ਼ ਸ਼ਾਇਦ ਉਹ ਨਹੀਂ ਸੁਣ ਰਹੇ ਸਨ।

"ਅੱਛਾ ਸੰਤੋਸ਼, ਸੱਚੋ ਸੱਚ ਦੱਸੋਗੇ ਕਿ ਕੀ ਕੋਈ ਨਰਸ ਬਚੀ ਵੀ ਰਹਿ ਸਕਦੀ ਹੈ ?"

"ਸਰਦਾਰ ਜੀ, ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ।"

"ਮੈਂ ਆਪਣੇ ਸਵਾਲ ਦਾ ਉੱਤਰ ਮਿਲਿਆ ਸਮਝਾਂ, ਸੰਤੋਸ਼ ?"

"ਉਹ ਤੁਸੀਂ ਬੜੇ ਡੂੰਘੇ ਸਵਾਲ ਪੁੱਛਦੇ ਹੋ, ਪਰ ਮੇਰੇ ਵਿਚ 'ਹਾਂ' ਕਹਿਣ ਦਾ ਸਵੈਮਾਣ ਹਾਲੀ ਕਾਇਮ ਹੈ।"

"ਅੱਛਾ ! ਮੈਂ ਜ਼ਰਾ ਸਿੱਧੀ ਗੱਲ ਕਰਨ ਵਾਲਾ ਆਦਮੀ ਹਾਂ। ਮੈਂ ਤੇ ਮੇਰੀ ਮਾਤਾ, ਨਿੱਕੀ ਭੈਣ ਪਿਆਰ, ਇਹ ਸਾਡਾ ਟੱਬਰ ਹੈ। ਮੈਂ ਲੋੜ ਤੋਂ ਕਾਫ਼ੀ ਬਹੁਤਾ ਕਮਾ ਰਿਹਾ ਹਾਂ। ਫ਼ਜ਼ੂਲ-ਖ਼ਰਚ ਮੈਂ ਨਹੀਂ। ਕੀ ਤੁਸੀਂ ਇਹ ਨੌਕਰੀ ਛੱਡ ਕੇ ਮੇਰੇ ਘਰ ਦਾ ਇਕ ਜੀਵ ਬਣ ਕੇ, ਭੈ ...।"

"ਬਸ", ਕਹਿ ਕੇ ਸੰਤੋਸ਼ ਨੇ ਸਰਦਾਰ ਨੂੰ ਡਰਾ ਦਿੱਤਾ, "ਮੈਂ ਕੇਵਲ ਇਕ ਨਰਸ ਬਣ ਕੇ ਤੁਹਾਡੇ ਘਰ ਰਹਿ ਸਕਦੀ ਹਾਂ। ਦੁਨੀਆ ਦੇ ਹਰ ਘਰ ਨੂੰ ਨਰਸਾਂ ਦੀ ਲੋੜ ਹੈ। ਘਰ ਘਰ ਵਿਚ ਸਹੀ ਨਰਸਾਂ ਹੋਣ ਤਾਂ ਖ਼ਬਰੇ ਹਸਪਤਾਲਾਂ ਦੀ ਲੋੜ ਹੀ ਨਾ ਰਹੇ।"

ਇਕ ਕੁੱਤਾ ਜ਼ੋਰ ਦੀ ਭੌਂਕ ਉਠਿਆ। ਸੰਤੋਸ਼ ਅਚਾਨਕ ਉਠ ਖੜੋਤੀ।

"ਡਾਕਟਰ !" ਉਸ ਘਬਰਾ ਕੇ ਚੀਕਿਆ।

"ਕੁੱਤਾ ਭੌਂਕ ਰਿਹਾ ਹੈ", ਸਰਦਾਰ ਨੇ ਕਿਹਾ।

"ਨਹੀਂ, ਸਰਦਾਰ ਜੀ, ਤੁਸੀਂ ਨਹੀਂ ਜਾਣਦੇ।"

ਸੰਤੋਸ਼ ਨੇ ਵਧਦੀ ਹੋਈ ਘਬਰਾਹਟ ਦੇ ਅਸਰ ਹੇਠ ਕਿਹਾ, "ਉਹ ਬੜਾ ਜ਼ਾਲਮ ਹੈ। ਔਹ ਦੇਖੋ, 'ਵਾਜਾਂ ਮਾਰ ਰਿਹਾ ਹੈ।"

"ਤਾਂ ਮੈਂ ਅੱਜ ਉਥੇ ਤੁਹਾਨੂੰ ਨਹੀਂ ਜਾਣ ਦਿਆਂਗਾ।"

ਸੰਤੋਸ਼ ਤੁਰ ਰਹੀ ਸੀ। ਸਰਦਾਰ ਨੇ ਉਸ ਨੂੰ ਪਿਛੋਂ ਦੋਹਾਂ ਬਾਹਾਂ ਤੋਂ ਫੜ ਲਿਆ।

"ਕੀ ਕਰ ਰਹੇ ਹੋ, ਸਰਦਾਰ ਜੀ ? ਤੁਸੀਂ ਨਹੀਂ ਜਾਣਦੇ ਇਹ ਮੇਰੀ ਇੱਜ਼ਤ ਦਾ ਸਵਾਲ ਹੈ ?" ਸੰਤੋਸ਼ ਵਿਚ ਪਤਾ ਨਹੀਂ ਕਿਥੋਂ ਅੰਨ੍ਹਾ ਜ਼ੋਰ ਆ ਗਿਆ ਸੀ।

ਡਾਕਟਰ ਤੇ ਚੂੜ੍ਹੇ ਦੀਆਂ ਆਵਾਜ਼ਾਂ ਵਧ ਰਹੀਆਂ ਸਨ।

"ਸੰਤੋਸ਼, ਮੈਂ ਉਸ ਜ਼ਾਲਮ ਦੇ ਵਸ ਤੈਨੂੰ ਕਦੇ ਨਾ ਪੈਣ ਦਿਆਂਗਾ ! ਉਹ ਦੈਂਤ ! ਉਹ ਰਾਕਸ਼ !! ਉਹ ਕੁੱਤਾ !!!"

ਸੰਤੋਸ਼ ਬਿਨ੍ਹਾਂ ਸੋਚੇ ਜ਼ੋਰ ਲਾ ਰਹੀ ਸੀ। ਸਰਦਾਰ ਦੇ ਹੱਥ ਢਿੱਲੇ ਪੈ ਗਏ। ਉਹ ਲੜਖੜਾਉਣ ਲੱਗਾ। ਉਹ ਹੌਲੀ ਹੌਲੀ ਨਾਲ ਦੇ ਘਾਹ 'ਤੇ ਲੇਟ ਗਿਆ। ਛਣ ਛਣ ਕੇ ਆ ਰਹੀ ਬਿਜਲੀ ਦੀ ਰੌਸ਼ਨੀ ਵਿਚ ਸੰਤੋਸ਼ ਨੇ ਮੁੜ ਕੇ ਦੇਖਿਆ, ਉਸ ਦਾ ਚਿਹਰਾ ਪੀਲਾ ਭੂਕ ਹੈ। ਉਫ ! ਉਸ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ।

ਉਸ ਨੇ ਓਸ ਨੂੰ ਸੰਭਾਲਿਆ। ਇੱਜ਼ਤ ਦਾ ਕੋਈ ਖ਼ਿਆਲ ਨਾ ਕਰਦਿਆਂ ਉਹ ਕੂਕ ਉੱਠੀ, "ਡਾਕਟਰ ! ਡਾਕਟਰ ! ਇਸ ਪਾਸੇ ਬਾਗ਼ ਵਿਚ ਛੇਤੀ।"

ਡਾਕਟਰ ਤੇ ਬਹਿਰਾ ਉਸ ਪਾਸੇ ਨੱਸੇ। ਅੱਧੇ ਮਿੰਟ ਤੋਂ ਪਹਿਲਾਂ ਉਥੇ ਪਹੁੰਚ ਗਏ। ਸੰਤੋਸ਼ ਸਿਰ ਨੂੰ ਪਛਤਾਵੇ ਵਿਚ ਹਿਲਾਉਂਦੀ ਹੌਲੀ ਹੌਲੀ ਕਹਿ ਰਹੀ ਸੀ, "ਮੈਂ ਮਰ ਗਈ ! ਛੇਤੀ, ਬਹੁਤ ਛੇਤੀ ਡਾਕਟਰ, ਬਹੁਤ ਛੇਤੀ !" ਡਾਕਟਰ ਨੂੰ ਦੇਖ ਕੇ ਉਹ ਗਿੜਗਿੜਾ ਉੱਠੀ, "ਡਾਕਟਰ, ਇਨ੍ਹਾਂ ਨੂੰ ਬਚਾਓ। ਰੱਬ ਦੇ ਵਾਸਤੇ ਬਚਾਓ। ਜੋ ਤੁਸੀਂ ਮੰਗੋਗੇ ਮੈਂ ਦਵਾਂਗੀ, ਡਾਕਟਰ !"

ਡਾਕਟਰ ਨੇ ਨਬਜ਼ ਦੇਖੀ। "ਹਾਲੀ ਆਸ ਹੈ, ਪੈਨਸੀ", ਉਸਨੇ ਡਾਕਟਰਾਂ ਵਾਂਗ ਕਿਹਾ।

ਉਸ ਨੇ ਸਰਦਾਰ ਨੂੰ ਹੱਥਾਂ 'ਤੇ ਲੈ ਲਿਆ, ਤੇ ਬਹਿਰੇ ਤੇ ਸੰਤੋਸ਼ ਦੀ ਸਹਾਇਤਾ ਨਾਲ ਉਪ੍ਰੇਸ਼ਨ-ਰੂਮ ਵਿਚ ਦਾਖ਼ਲ ਕੀਤਾ।

ਪਛਾਣ

ਪਹਿਲੇ ਪਹਿਲ ਜਦੋਂ ਮੈਂ ਉਸ ਨੂੰ ਦੇਖਿਆ ਉਦੋਂ ਰਾਤ ਦਾ ਵੇਲਾ ਸੀ। ਮੈਂ ਸ਼ਾਇਦ ਬਾਜ਼ਾਰ ਵਿਚ ਕੁਝ ਮਠਿਆਈ ਲੈਣ ਆਇਆ ਸਾਂ। ਵਾਪਸੀ ਤੇ ਮੈਨੂੰ, ਨਿੱਕਾ ਚੌਕ ਲੰਘ ਇਕ ਦੋ ਮਕਾਨਾਂ ਦੀ ਦੂਸਰੀ ਮੰਜ਼ਲ 'ਤੇ ਮਾਮੂਲੀ ਤੋਂ ਬਹੁਤਾ ਚਾਨਣਾ ਜਾਪਿਆ। ਨਜ਼ਰ ਚੁਕ ਕੇ ਦੇਖਿਆ ਪਤਾ ਲੱਗਾ ਕਿ ਇਹ ਉਹ ਬਾਜ਼ਾਰ ਹੈ ਜਿਸ ਨੂੰ ਸਿੱਧੇ ਨਾਂ ਨਾਲ ਕੇਵਲ ਅੰਮ੍ਰਿਤਸਰ ਹੀ ਸੱਦਿਆ ਜਾਂਦਾ ਹੈ। ਦੋਹੀਂ ਪਾਸੀਂ ਸ਼ਾਨਦਾਰ ਬਿਲਡਿੰਗਾਂ ਦੀਆਂ ਬਾਰੀਆਂ ਵਿਚ ਉਹ ਤੀਵੀਆਂ ਬੈਠੀਆਂ ਸਨ ਜਿਨ੍ਹਾਂ ਨੂੰ ਕਦੇ ਕੰਚਨੀਆਂ ਕਿਹਾ ਜਾਂਦਾ ਸੀ ਤੇ ਹੁਣ ਕੰਜਰੀਆਂ ਕਿਹਾ ਜਾਂਦਾ ਹੈ। ਮੈਨੂੰ ਉਨ੍ਹਾਂ ਵਿਚੋਂ ਇਕ ਨੇ ਅੱਖਾਂ ਚੁਰਾਉਣ ਨਾ ਦਿਤੀਆਂ। ਗੈਸ ਦੇ ਚਾਨਣ ਹੇਠ ਸਜੀ-ਫੱਬੀ ਸੁੰਦਰ ਸ਼ਕਲ ਨੂੰ ਦੇਖਦਾ ਦੇਖਦਾ ਮੈਂ ਲੰਘ ਗਿਆ। ਜੀਅ ਕੀਤਾ ਮੁੜ ਕੇ ਦੇਖਾਂ, ਜਾਂ ਕਿਸੇ ਬਹਾਨੇ ਮੁੜ ਬਾਜ਼ਾਰ ਚਲਾ ਜਾਵਾਂ ਤੇ ਆਉਂਦਾ ਹੋਇਆ ਉਸ ਸ਼ਕਲ ਦਾ ਨਜ਼ਾਰਾ ਫਿਰ ਹਾਸਲ ਕਰਾਂ। ਮੈਂ ਨਵਾਂ ਹੀ ਇਸ ਸ਼ਹਿਰ ਵਿਚ ਆਇਆ ਸਾਂ ਤੇ ਸ਼ਰਾਫ਼ ਦੇ ਸਹਾਰੇ ਮੇਰੇ ਕੰਮ ਦੇ ਵਧਣ ਦੀ ਆਸ ਸੀ। ਸੋ ਮੈਂ ਲੰਘ ਗਿਆ। ਕੋਠੀ ਆ ਕੇ ਸੋਚਦਾ ਰਿਹਾ ਕਿ ਕਦੇ ਵੀ ਕਿਸੇ ਸੋਹਣੀ ਤੋਂ ਸੋਹਣੀ ਕੁੜੀ ਨੇ ਮੇਰੇ 'ਤੇ ਇਹੋ ਜਿਹਾ ਪ੍ਰਭਾਵ ਨਹੀਂ ਪਾਇਆ ਜਿਹੋ ਜਿਹਾ ਇਸ ਕੰਜਰੀ ਨੇ। ਇਸ ਦਾ ਕੀ ਕਾਰਨ ਹੈ ? ਮੈਂ ਕੁਝ ਸਮਝ ਨਾ ਸਕਿਆ।

ਕਈ ਵਾਰੀ ਦਫ਼ਤਰੋਂ ਵਾਪਸ ਮੁੜਦਿਆਂ ਸ਼ਾਮ ਨੂੰ ਅੱਖਾਂ ਉਤਾਂਹ ਚੁਕ ਕੇ ਤੱਕਦਾ। ਉਹ ਆਪਣੀ ਥਾਂ 'ਤੇ ਬਣ-ਫੱਬ ਕੇ ਬੈਠੀ ਹੁੰਦੀ। ਕੁਝ ਸਮੇਂ ਮਗਰੋਂ ਮੈਂ ਮਹਿਸੂਸ ਕੀਤਾ ਕਿ ਉਹ ਮੇਰੇ ਵਲ ਖ਼ਾਸ ਗਹੁ ਨਾਲ ਦੇਖਦੀ ਹੈ। ਪਰ ਮੈਂ ਇਸਨੂੰ ਆਪਣੀਆਂ ਅੱਖਾਂ ਦਾ ਭਰਮ ਜਾਂ ਮਨ ਦਾ ਵਹਿਮ ਸਮਝਦਾ ਰਿਹਾ।

ਇਕ ਦਿਨ ਰਾਤੀਂ ਮੈਂ ਗ੍ਰਾਮੋਫ਼ੋਨ ਦੀਆਂ ਸੂਈਆਂ ਮੁੱਲ ਲੈ ਕੇ ਹਨੇਰੇ ਮੁੜ ਰਿਹਾ ਸਾਂ। ਦੂਰੋਂ, ਚੌਕ ਤੋਂ ਪਰਿਓਂ ਈ ਮੈਂ ਅੰਦਾਜ਼ਾ ਲਾਇਆ ਕਿ ਉਹ ਮੇਰੇ ਵਲ ਤੱਕ ਰਹੀ ਹੈ। ਅਚਾਨਕ ਉਹ ਉਠ ਬੈਠੀ ਤੇ ਅੰਦਰ ਚਲੀ ਗਈ। ਮੈਂ ਸਮਝਿਆ ਕੋਈ 'ਹੀਰਿਆਂ ਦਾ ਵਪਾਰੀ' ਉਪਰ ਚਲਾ ਗਿਆ ਹੋਵੇਗਾ। ਮੇਰੀ ਇਸ ਪੇਸ਼ੇ ਨਾਲ ਇਸ ਖ਼ਿਆਲ ਤੋਂ ਬੜੀ ਨਫ਼ਰਤ ਵਧ ਗਈ। ਕੰਜਰੀਆਂ ਮੈਨੂੰ ਚੂਨੇ-ਗਾਚੀ ਬੈਠਕਾਂ ਦੀ ਸ਼ਾਨ ਵਾਲੀਆਂ ਟੱਟੀਆਂ ਜਾਪੀਆਂ। ਮੈਂ ਤੁਰੀ ਜਾ ਰਿਹਾ ਸਾਂ ਬਿਨ੍ਹਾਂ ਤੱਕੇ ਕਿ ਉਸ ਮਕਾਨ ਦੇ ਥੜ੍ਹੇ ਤੋਂ ਉਸੇ ਕੰਜਰੀ ਨੇ ਮੈਨੂੰ 'ਬਾਬੂ ਜੀ' ਕਹਿ ਕੇ ਬੁਲਾਇਆ। ਉਸ ਦੇ ਹੱਥ ਵਿਚ ਇਕ ਕਾਰਡ ਸੀ ਜੋ ਪਫੜਾਉਣ ਲਈ ਉਸ ਮੇਰੇ ਅੱਗੇ ਤਰਲਾ ਕੀਤਾ। ਮੇਰੇ ਪੈਰ ਝਿਜਕੇ ਪਰ ਖਲੋ ਗਏ।

ਕਾਰਡ ਹੱਥ ਵਿਚ ਫੜਾਉਂਦਿਆਂ ਉਸ ਕਿਹਾ, "ਬਾਬੂ ਜੀ, ਐਉਂ ਮਲੂਮ ਹੁੰਦੈ

ਜਿਵੇਂ ਹਜ਼ੂਰ ਨੂੰ ਕਿਤੇ ਪਹਿਲੋਂ ਦੇਖਿਆ ਹੋਇਆ ਹੋਵੇ।"

ਮੈਂ ਲਾਪਰਵਾਹੀ ਨਾਲ ਕਿਹਾ, "ਮੈਂ ਇਥੋਂ ਅਕਸਰ ਗੁਜ਼ਰਦਾ ਹਾਂ, ਦੇਖਿਆ ਹੋਵੇਗਾ।"

"ਮੇਰਾ ਮਤਲਬ ਹੈ, ਏਥੇ ਪਹਿਲੇ ਦਿਨ ਤੁਹਾਨੂੰ, ਦੇਖਣ ਤੋਂ ਪਹਿਲਾਂ ਵੀ ਕਿਤੇ ਦੇਖਿਆ ਹੈ, ਪਰ ਚੇਤਾ ਨਹੀਂ ਆਉਂਦਾ।"

ਮੈਂ ਇਸ ਸਾਰੀ ਗੱਲ ਨੂੰ ਉਸ ਦਾ ਚਲਿੱਤਰ ਸਮਝਿਆ ਤੇ ਉਸ ਦੀ ਲਾਲਟੈਨ ਦੀ ਮੱਧਮ ਰੌਸ਼ਨੀ ਵਿਚ ਕਾਰਡ ਪੜ੍ਹਨ ਵਲ ਧਿਆਨ ਦਿੱਤਾ। ਕਾਰਡ ਬੜੀ ਪੁਰਾਣੀ ਤਰੀਕ ਦਾ, ਹਾਫਜ਼ਾਬਾਦੋਂ ਕਿਸੇ ਗੁਜਰਾਂਵਾਲੇ ਦੇ ਰਾਮ ਚੰਦ ਖੱਤਰੀ ਨੂੰ ਲਿਖਿਆ ਹੋਇਆ ਸੀ। ਮੈਨੂੰ ਗੁੱਸਾ ਆ ਗਿਆ ਤੇ ਖ਼ਤ ਉਸ ਨੂੰ ਮੋੜ ਕੇ ਕਿਹਾ, "ਮੈਨੂੰ ਖ਼ਤ ਨਹੀਂ ਪੜ੍ਹਨਾ ਆਉਂਦਾ।"

"ਮਖੌਲ ਕਰਦੇ ਓ, ਬਾਬੂ ਜੀ ?"

"ਮਖੌਲ ਤੇ ਤੁਸੀਂ ਕਰਦੇ ਓ।"

"ਜੇ ਤੁਹਾਨੂੰ ਸ਼ਰਮ ਆਉਂਦੀ ਹੈ ਤਾਂ ਅੰਦਰ ਆ ਕੇ ਪੜ੍ਹ ਦਿਓ। ਪਰ ਮੈਂ...ਤੁਹਾਨੂੰ ਦੇਖਿਆ ਕਿੱਥੇ ਹੈ ?"

ਮੈਂ ਸੋਚਿਆ ਮੱਕੜੀ ਜਾਲਾ ਤਣ ਰਹੀ ਹੈ। ਅਚਾਨਕ ਮੈਨੂੰ ਆਪਣੀ ਇੱਜ਼ਤ, ਆਪਣੇ ਕੰਮ ਦਾ ਖ਼ਿਆਲ ਆ ਗਿਆ ਤੇ ਗੱਲਬਾਤ ਨੂੰ ਅਧਵਾਟੇ ਛੱਡ ਕੇ ਮੈਂ ਤੁਰਦਾ ਬਣਿਆ।

ਉਸ ਦੀ ਜਵਾਨੀ, ਉਸ ਦਾ ਗੱਲਬਾਤ ਕਰਨ ਦਾ ਸਲੀਕਾ, ਉਸ ਕੇ ਕੱਪੜੇ ਤੇ ਸ਼ਿੰਗਾਰ, ਰਾਹ ਵਿਚ ਮੈਨੂੰ ਚੇਤੇ ਆਉਂਦੇ ਰਹੇ। ਸੋਹਣੀ ਵੀ ਤੇ ਉਹ ਰੱਜ ਕੇ ਸੀ। ਪਰ ਉਸ ਦਾ ਪੇਸ਼ਾ ਪੈਸਿਆਂ ਪਿੱਛੇ ਸਰੀਰ, ਬਿਨ੍ਹਾਂ ਕਿਸੇ ਫ਼ਰਕ-ਸ਼ਨਾਸ ਦੇ, ਕੁਝ ਸਮੇਂ ਲਈ ਕਿਰਾਏ ਦੇਣਾ ! ਮੇਰੀ ਉਸ ਨਾਲ ਨਫ਼ਰਤ ਵਧਦੀ ਗਈ। ਤੇ ਸਰੀਰ ਬਿਨਾਂ ਪਿਆਰ ਤੋਂ ਪੈਸੇ ਲਈ ਵੇਚਣਾ, ਕੀ ਇਹ ਖੋਟਾ ਸੌਦਾ ਨਹੀਂ ? ਕੌਣ ਜਾਣੇ ਕਿਸ ਬਿਪਤਾ ਦੀਆਂ ਮਾਰੀਆਂ ਕੰਜਰੀਆਂ ਬਣਦੀਆਂ ਹਨ ? ਬਹੁਤੀਆਂ, ਸੁਣਿਐ, ਸਮਾਜ ਦੀਆਂ ਧੱਕੀਆਂ ਹੋਈਆਂ ਹੀ ਤੇ ਇਹ ਕਿੱਤਾ ਫੜਦੀਆਂ ਹਨ। ਰੋਟੀ ਕਿਥੋਂ ਖਾਣ ? ਸਕੂਲ-ਮਾਸਟਰਨੀਆਂ, ਨਰਸਾਂ, ਟਾਈਪਿਸਟਾਂ ਬਣ ਕੇ ਵੀ ਜਦ ਮਰਦਾਂ ਦੀ ਕਿਰਪਾ ਨਾਲ, ਉਨ੍ਹਾਂ ਨੂੰ ਇਹੋ ਹੀ ਕੰਮ ਕਰਨਾ ਪੈਂਦਾ ਹੈ ਤਾਂ ਫਿਰ ਸਿੱਧਾ ਹੀ ਇਹ ਕੰਮ ਕਰ ਲੈਣਾ ਤੇ ਖਰਾ ਸੌਦਾ ਹੈ। ਹੌਲੀ ਹੌਲੀ ਮੇਰਾ ਝੁਕਾਅ ਉਸ ਵੱਲ ਹਮਦਰਦੀ ਵਾਲਾ ਬਣ ਗਿਆ। ਜੀਅ ਕਰਨ ਲੱਗਾ ਕਿ ਮੈਂ ਜਿਵੇਂ ਕਿਵੇਂ ਉਸ ਦੀ ਜੀਵਨ-ਕਹਾਣੀ ਸੁਣ ਸਕਾਂ। ਪੁੱਛ ਸਕਾਂ ਕਿ ਕੀ ਦਿਲਾਂ ਦੇ ਪਿਆਰ ਬਿਨਾਂ ਉਹ ਕੋਈ ਸਰੀਰਕ ਸੁਆਦ ਹਾਸਲ ਕਰ ਸਕਦੀਆਂ ਹਨ ਕਿ ਨਹੀਂ। ਸਮਾਜ ਦੀ ਬੇਰਹਿਮੀ ਤੇ ਮਾਇਆ ਦੇ ਲੋਭ ਨਾਲ ਪਥਰਾਏ ਦਿਲ ਵਿਚ ਕਿਸੇ ਵਾਸਤੇ ਪਿਆਰ ਫੁੱਟ ਸਕਦਾ ਹੈ ਕਿ ਨਹੀਂ ? ਜੇ ਉਸ ਦੱਸ ਸਕੇ ਕਿ ਗੰਦੇ ਕੋਝੇ ਅਮੀਰ ਨੂੰ ਉਹ ਨਫ਼ਰਤ ਕਰਦੀ ਵੀ ਤਾਂ ਵੀ ਸਾਬਤ ਹੋ ਸਕਦਾ ਹੈ ਕਿ ਉਹ ਦੇ ਉਲਟ ਉਨ੍ਹਾਂ ਵਿਚ ਪਿਆਰ ਦਾ ਜਜ਼ਬਾ ਵੀ ਹੈ। ਮੈਨੂੰ ਇਉਂ ਜਾਪਿਆ ਜਿਵੇਂ ਸਾਇੰਸਦਾਨ ਨੂੰ ਤਜਰਬਾ ਕਰਨ ਲਈ ਕੋਈ ਨਵਾਂ ਮਜ਼ਮੂਨ

ਤੇ ਸਭ ਤਰ੍ਹਾਂ ਸੰਪੂਰਨ ਪ੍ਰਯੋਗਸ਼ਾਲਾ ਮਿਲ ਗਈ ਹੁੰਦੀ ਹੈ। ਪਰ ਮੇਰਾ ਕੰਮ ! ਮੇਰੀ ਇੱਜ਼ਤ !

ਕੁਝ ਦਿਨ ਮੈਂ ਵਲ ਪਾ ਕੇ ਦਫ਼ਤਰ ਨੂੰ ਜਾਂਦਾ ਰਿਹਾ। ਦਿਲ ਮੇਰਾ ਸਿੱਧੇ ਉਥੋਂ ਦੀ ਲੰਘਣ ਨੂੰ ਕਰਦਾ ਸੀ। ਪਤਾ ਨਹੀਂ ਕਿਉਂ ? ਇਕ ਦਿਨ ਮੈਂ ਸੋਚਿਆ : ਇਹ ਪੁੱਛਗਿੱਛ ਲੁਕਵੇਂ ਤਰੀਕੇ ਨਾਲ ਵੀ ਕੀਤੀ ਜਾ ਸਕਦੀ ਹੈ। ਮੈਂ ਇੰਨਾਂ ਕਮਜ਼ੋਰ-ਦਿਲ ਨਹੀਂ ਕਿ ਕਿਸੇ ਕੰਜਰੀ ਦੇ ਦਿਖਾਵੇ ਮਾਤਰ ਪਿਆਰ ਵਿਚ ਫਸ ਜਾਵਾਂ।

ਦੂਸਰੇ ਦਿਨ ਜਦ ਮੈਂ ਉਰਲੇ ਚੌਕੋਂ ਮੁੜ ਕੇ, ਵੱਲ ਪਾ ਕੇ, ਘਰ ਵਲ ਜਾਣ ਲੱਗਾ ਤਾਂ ਇਉਂ ਜਾਪਿਆ ਜਿਵੇਂ ਮੇਰਾ ਖੱਬਾ ਪੈਰ ਸਿੱਧੇ ਰਸਤੇ ਵਲ ਉਠਦਾ ਹੈ ਤੇ ਸੱਜਾ ਵਲੇ ਵਾਲੇ ਰਸਤੇ ਵੱਲ। ਕੁਝ ਚਿਰ ਪੈਰ ਥਿੜਕਦੇ ਜਾਪੇ ਤੇ ਮੈਂ ਖਲੋ ਗਿਆ। ਐਉਂ ਮਲੂਮ ਹੋਇਆ ਜਿਵੇਂ ਮੇਰੇ ਦਿਲ ਦੇ ਨਾਟਕ-ਮੰਡਪ ਅੰਦਰ ਦੋ ਇਕੋ ਸ਼ਕਲ ਦੇ ਪਾਤਰ ਜਵਾਬ-ਸਵਾਲ ਕਰ ਰਹੇ ਹਨ ਤੇ ਮੈਂ ਸੁਣ ਰਿਹਾ ਹਾਂ।

ਇਕ-ਕਹਿੰਦਾ ਸੈਂ ਬੜਾ ਪੱਕਾ ਦਿਲ ਤੇ ਇਰਾਦਾ ਹੈ ਮੇਰਾ। ਬੱਚੂ, ਵਲੇ ਪਾ ਕੇ ਕਿਉਂ ਲੰਘਦਾ ਹੈ ?

ਦੂਸਰਾ-ਬੁਰੇ ਰਸਤੇ ਤੋਂ ਸਦਾ ਬਚਣਾ ਚਾਹੀਦਾ ਹੈ। ਸ਼ਰਾਬ ਤਜਰਬੇ ਵਾਸਤੇ ਲੱਗੀ ਵੀ ਨਹੀਂ ਛੁਟਦੀ।

ਪਹਿਲਾ-ਤਾਂ ਤੂੰ ਕਮਜ਼ੋਰ-ਦਿਲ ਦੇ ਨਾਲ ਬੇਵਕੂਫ਼ ਵੀ ਹੈਂ। ਅਕਲਮੰਦ ਆਦਮੀ ਤਜਰਬੇ ਲਈ ਖ਼ਤਰਨਾਕ ਰਸਤੇ ਪੈ ਕੇ ਵੀ ਮੁੜ ਸਕਦਾ ਹੈ।

ਦੂਸਰਾ-ਤੀਵੀਆਂ ਵਾਲੇ ਮਿਹਣੇ ਨਾ ਦੇ। ਮੈਂ ਆਪਣੀ ਅਕਲ ਤੇ ਮਜ਼ਬੂਤ-ਦਿਲੀ ਦਾ ਸਬੂਤ ਦੇ ਕੇ ਹੀ ਰਹਾਂਗਾ।

ਪਹਿਲਾ — ਅੱਛਾ ਦੇਖਾਂਗੇ।

ਮੈਂ ਸਿੱਧੇ ਰਸਤੇ ਤੁਰ ਪਿਆ। ਨਿੱਕੇ ਚੌਕ ਤੋਂ ਉਰੇ ਹੀ ਮੈਨੂੰ ਉਹ ਆਪਣੇ ਵਲ ਤੱਕਦੀ ਨਜ਼ਰ ਆਈ। ਤੱਕ ਤਾਂ ਉਹ ਜ਼ਰੂਰ ਮੇਰੇ ਵਲ ਰਹੀ ਸੀ, ਪਰ ਚੌਂਕ ਵਿਚ ਆਉਣ 'ਤੇ ਹੀ ਉਸ ਨੇ ਮੈਨੂੰ ਪਛਾਣਿਆ। ਮੈਨੂੰ ਜਾਪਿਆ ਕਿ ਉਸ ਸੁੱਕੇ ਫੁੱਲ 'ਤੇ ਮੇਰੇ ਆਉਣ ਨਾਲ ਖੇੜਾ ਆਇਆ ਹੈ। ਮੈਂ ਸੋਚ ਰਿਹਾ ਸਾਂ ਕਿ ਉਸ ਦਾ ਜ਼ਹਿਰ ਮੇਰੇ 'ਤੇ ਅਸਰ ਕਰ ਰਿਹਾ ਹੈ। ਮੇਰੀਆਂ ਅੱਖਾਂ ਮੈਨੂੰ ਧੋਖਾ ਦੇ ਰਹੀਆਂ ਹਨ ਜਾਂ ਇਹ ਕੰਜਰੀ ਮੈਨੂੰ ਕਾਬੂ ਕਰਨ ਲਈ ਨਾਟਕ-ਚੇਟਕ ਕਰ ਰਹੀ ਹੈ। ਉਹ ਆਪਣੀ ਗੱਦੀ ਤੋਂ ਉਠ ਖਲੋਤੀ। ਜਦੋਂ ਮੈਂ ਉਸ ਮਕਾਨ ਅੱਗੋਂ ਲੰਘਿਆ, ਉਹ ਥੜ੍ਹੇ 'ਤੇ ਖੜੀ ਸੀ। ਮੈਂ ਉਸ ਵੱਲ ਸਿੱਧੀ ਨਜ਼ਰੇ ਨਾ ਤੱਕਿਆ। ਉਹ ਮੇਰੇ ਵਲ ਤੱਕਦੀ ਰਹੀ। ਮੈਂ ਲੰਘ ਗਿਆ। ਕਾਫ਼ੀ ਦੂਰੋਂ ਮੁੜ ਕੇ ਮੈਂ ਦੇਖਿਆ, ਉਹ ਥੜ੍ਹੇ 'ਤੇ ਖੜੀ ਸੀ। ਮੈਂ ਕੋਠੀ ਆ ਗਿਆ ਤੇ ਨੌਕਰ ਨੂੰ ਚਾਹ ਦਾ ਹੁਕਮ ਦੇ ਕੇ ਕਾਫ਼ੀ ਚਿਰ ਸੋਚਦਾ ਰਿਹਾ। ਚਾਹ ਪੀਣ ਤਕ ਫ਼ੈਸਲਾ ਕੀਤਾ ਕਿ ਤਜਰਬਾ ਅੱਜ ਰਾਤ ਤੋਂ ਹੀ ਸ਼ੁਰੂ ਹੋਣਾ ਚਾਹੀਦਾ ਹੈ।

ਰਾਤੀਂ 11 ਵਜੇ ਮੈਂ ਨੌਕਰ ਤੋਂ ਵੀ ਚੋਰੀ ਇਕ ਕੰਬਲ ਵਿਚ ਮੂੰਹ-ਸਿਰ ਵਲ੍ਹੇਟ ਕੇ ਉਸ ਬਾਜ਼ਾਰ ਪਹੁੰਚਿਆ। ਦਿਲ ਵਿਚ ਜੁਰਅੱਤ ਨਹੀਂ ਸੀ। ਕਈ ਵਾਰੀ

ਇਧਰੋਂ ਉਧਰ ਤੇ ਉਧਰੋਂ ਇਧਰ ਜਾਣ ਤੋਂ ਮਗਰੋਂ ਵੀ ਥੜ੍ਹਾ ਚੜ੍ਹਨ ਦਾ ਹੀਆ ਨਹੀਂ ਸੀ ਪੈਂਦਾ। ਮੇਰਾ ਜੀਅ ਕੀਤਾ ਮੈਂ ਵਾਪਸ ਚਲਾ ਜਾਵਾਂ, ਮੈਂ ਇਹੋ ਜਿਹੇ ਕੰਮ ਨਹੀਂ ਕਰ ਸਕਦਾ। ਪਰ ਮੈਂ ਆਪਣੇ ਆਪ ਕੋਲੋਂ ਕਮਜ਼ੋਰ ਦਿਲ ਵੀ ਨਹੀਂ ਸੀ ਅਖਵਾਉਣਾ ਚਾਹੁੰਦਾ। ਇਧਰ ਉਧਰ ਦੇਖ ਕੇ, ਲੁਕਾਏ ਹੋਏ ਮੂੰਹ ਨੂੰ ਹੋਰ ਲੁਕਾ ਕੇ, ਮੈਂ ਛੜੱਪਾ ਮਾਰ ਕੇ ਥੜ੍ਹਾ ਚੜ੍ਹ ਹੀ ਗਿਆ। ਮੈਨੂੰ ਇਕ ਘੇਰਨੀ ਜਿਹੀ ਆਈ, ਪਰ ਮੈਂ ਅੰਦਰ ਲੰਘ ਗਿਆ। ਮੈਂ ਮਹਿਸੂਸ ਕੀਤਾ ਕਿ ਸਾਰੀ ਤਾਕਤ ਮੇਰੇ ਵਿਚੋਂ ਖ਼ਤਮ ਹੋ ਗਈ ਹੈ ਤੇ ਮੈਂ ਡਿੱਗ ਪਵਾਂਗਾ। ਡਰਦਾ ਮੈਂ ਕੰਧ ਨਾਲ ਲਗ ਗਿਆ ਤੇ ਠੰਢੀ ਤ੍ਰੇਲੀ ਮੈਂ ਆਪਣੇ ਮੱਥੇ 'ਤੇ ਮਹਿਸੂਸ ਕੀਤੀ। ਮੈਂ ਡਿੱਗ ਪੈਂਦਾ ਜੇ ਕਿਸੇ ਦਾ ਖ਼ੁਸ਼ਬੋਦਾਰ ਜਿਸਮ ਆਪਣੇ ਕੂਲੇ ਹੱਥ ਨਾਲ ਮੈਨੂੰ ਪਕੜ ਕੇ ਆਸਰਾ ਨਾ ਦੇ ਦਿੰਦਾ, "ਤੁਸੀਂ ਆ ਗਏ ! ਮੇਰਾ ਖ਼ਿਆਲ ਸੀ ਤੁਸੀਂ ਜ਼ਰੂਰ ਆਓਗੇ।"

ਮੈਂ ਕੁਝ ਬੋਲ ਨਾ ਸਕਿਆ। ਉਹ ਮੈਨੂੰ ਥੱਲੇ ਦੀ ਮੰਜ਼ਲ ਦੇ ਹੀ ਇਕ ਕਮਰੇ ਵਿਚ ਲੈ ਗਈ ਤੇ ਕਹਿਣ ਲੱਗੀ, "ਇਹ ਮੇਰਾ ਖ਼ਾਸ ਕਮਰਾ ਹੈ, ਵਪਾਰ-ਕਮਰਾ ਨਹੀਂ।"

ਮੈਨੂੰ ਉਸ ਨੇ ਸੋਫ਼ੇ 'ਤੇ ਬਿਠਾ ਦਿੱਤਾ ਤੇ ਬੋਲੀ, "ਤੁਹਾਨੂੰ ਚਾਹ ਦੀ ਪਿਆਲੀ ਦੀ ਬੜੀ ਲੋੜ ਹੈ।"

ਮੈਂ ਲੋੜ ਨੂੰ ਅਨੁਭਵ ਕਰਦਿਆਂ ਹੋਇਆਂ ਵੀ ਕਿਹਾ, "ਨਹੀਂ ਜੀ।"

"ਆਪਣੀ ਲੋੜ ਨੂੰ ਤੁਸੀਂ ਮੈਥੋਂ ਵਧ ਨਹੀਂ ਜਾਣ ਸਕਦੇ। ਬਾਹਰੋਂ ਮੰਗਾਉਂਦੀ ਹਾਂ। ਤੁਹਾਡੇ ਲਈ ਤਾਂ ਮੈਂ ਆਪ ਬਣਾ ਦਿੰਦੀ...ਪਰ ਮਜ਼ਬ ਦਾ ਸਵਾਲ ਹੈ...ਕਹਿੰਦੀ ਕਹਿੰਦੀ ਉਹ ਚਲੀ ਗਈ ਤੇ ਝਟ ਹੀ ਫਿਰ ਅੰਦਰ ਆ ਗਈ।

ਉਹ ਕਹਿਣਾ ਸ਼ੁਰੂ ਕੀਤਾ, "ਮੈਂ ਮੁਆਫ਼ੀ ਚਾਹੁੰਦੀ ਹਾਂ, ਉਸ ਦਿਨ ਦੀ ਗਲਤੀ ਦੀ। ਮੈਨੂੰ ਆਪ ਨੂੰ ਬਾਜ਼ਾਰ ਵਿਚ ਖੜਾ ਕਰਨਾ ਨਹੀਂ ਚਾਹੀਦਾ ਸੀ, ਕਿੱਥੇ ਮੇਰੇ ਜਿਹੀ ਜ਼ਲੀਲ ਔਰਤ, ਜਿਸ ਨੂੰ ਸ਼ਾਇਦ ਔਰਤ ਅਖਵਾਉਣ ਦਾ ਵੀ ਹੱਕ ਹਾਸਲ ਨਹੀਂ..."

"ਕੀ ਤੁਸੀਂ ਪੜ੍ਹੇ ਹੋਏ ਹੋ ?" ਮੈਂ ਹੈਰਾਨੀ ਨਾਲ ਪੁੱਛਿਆ।

ਹੁਣ ਮੇਰੇ ਪਿੰਡੇ ਵਿਚ ਨਿੱਘ ਤੇ ਤਾਕਤ ਮੁੜ ਸਰਕ ਰਹੀ ਸੀ।

"ਹਾਂ ਪੜ੍ਹੇ ਲਿਖੇ ਗਾਹਕਾਂ ਨੂੰ ਵਣਜਣ ਜੋਗੀਆਂ ਦਸ ਜਮਾਤਾਂ ਪੜ੍ਹੀ ਹੋਈ ਹਾਂ।"

"ਤੇ ਓਦਣ ਖ਼ਤ...।"

ਉਸ ਮੂੰਹ ਨੀਵਾਂ ਕਰ ਲਿਆ ਜਿਵੇਂ ਉਸ ਨੂੰ ਆਪਣੇ ਉਸ ਦਿਨ ਦੇ ਕੰਮ ਤੋਂ ਬੜੀ ਸ਼ਰਮ ਆ ਰਹੀ ਹੋਵੇ।

ਉਹ ਫਿਰ ਬੋਲੀ, 'ਮੈਂ ਉਸ ਦਿਨ ਆਪ ਨੂੰ ਆਪਣਾ ਗਾਹਕ ਬਣਾਉਣਾ ਚਾਹੁੰਦੀ ਸਾਂ। ਪਰ ਇਕ ਗੱਲ ਮੈਂ ਉਸ ਦਿਨ ਵੀ ਠੀਕ ਕਹੀ ਸੀ, ਜਿਵੇਂ ਕਿਤੇ ਪਹਿਲੇ ਵੀ ਆਪ ਨੂੰ ਵੇਖਿਆ ਹੋਵੇ। ਸ਼ਾਇਦ ਸੁਪਨੇ ਵਿਚ ਹੀ...।"

"ਤੇ ਕੀ ਹੁਣ ਤੁਸੀਂ ਮੈਨੂੰ ਆਪਣਾ ਗਾਹਕ ਨਹੀਂ ਸਮਝਦੇ ?" ਮੈਂ ਸਵਾਲ ਕੀਤਾ।

"ਨਹੀਂ।"

"ਮੈਂ ਤੁਹਾਡਾ ਗਾਹਕ ਹੀ ਹਾਂ।"

"ਮੈਂ ਖ਼ੂਬ ਸਮਝਦੀ ਹਾਂ।"

"ਅੱਛਾ ! ਤੁਸੀਂ ਜੋ ਮਰਜ਼ੀ ਸਮਝੋ।"

ਇੰਨੇ ਨੂੰ ਹੋਟਲ ਦਾ ਇਕ ਹਿੰਦੂ ਨੌਕਰ ਇਕ ਲਕੜੀ ਦੀ ਟ੍ਰੇ ਵਿਚ ਕੁਝ ਕੇਕ-ਪੇਸਟਰੀ ਤੇ ਅੱਧਾ ਸੈਟ ਚਾਹ ਲੈ ਕੇ ਬਾਹਰ ਹਾਜ਼ਰ ਹੋਇਆ ਤੇ ਅੰਦਰ ਆਉਣ ਦੀ ਆਗਿਆ ਮੰਗੀ।

ਮੈਨੂੰ ਇਕ ਕੰਬਣੀ ਜਹੀ ਆ ਗਈ ਤੇ ਮੈਂ ਆਪਣਾ ਮੂੰਹ ਕੰਬਲ ਨਾਲ ਇਉਂ ਲੁਕਾ ਲਿਆ ਕਿ ਪਛਾਣਿਆਂ ਨਾ ਜਾ ਸਕੇ। ਬਹਿਰਾ ਮੇਰੇ ਸਾਹਮਣੀ ਤਿਪਾਈ 'ਤੇ ਚਾਹ ਰਖ ਕੇ ਚਲਾ ਗਿਆ।

ਉਹ ਕਹਿਣ ਲੱਗੀ, "ਭਾਵੇਂ ਮੇਰਾ ਫਰਜ਼ ਹੈ ਕਿ ਮੈਂ ਚਾਹ ਬਣਾਵਾਂ, ਪਰ ਤੁਸੀਂ ਮੈਨੂੰ ਮੁਆਫ਼ ਕਰੋਗੇ ਤੇ ਚਾਹ ਆਪ ਹੀ ਬਣਾ ਲਵੋਗੇ।"

ਮੈਂ ਸਗੋਂ ਸੁਖ ਦਾ ਸਾਹ ਲੈਂਦਿਆਂ ਕਿਹਾ, "ਕੋਈ ਨਹੀਂ, ਇਸ ਵਿਚ ਮੁਆਫ਼ੀ ਦੀ ਕੀ ਲੋੜ ਹੈ ?" ਤੇ ਕੰਬਲ ਲਾਹ ਕੇ ਇਕ ਪਿਆਲੀ ਚਾਹ ਦੀ ਬਣਾ ਕੇ ਪੀਤੀ।

"ਕੀ ਤੁਸੀਂ ਕੋਈ ਗਾਣਾ ਸੁਣੋਗੇ ?" ਉਸ ਪੁੱਛਿਆ।

"ਹਾਂ, ਗਾਣਾ ਮੈਨੂੰ ਚੰਗਾ ਲਗਦਾ ਹੈ। ਮੈਂ ਸੁਣਾਂਗਾ। ਜੇ ਮੈਨੂੰ ਸੁਣਦਿਆਂ ਦੇਖਣ ਵਾਲਾ ਕੋਈ ਨਾ ਹੋਵੇ।"

ਉਹ ਕਹਿਣ ਲਗੀ, "ਮੈਂ ਸਭ ਕੁਝ ਸਮਝਦੀ ਹਾਂ।" ਉਸ ਕਿਸੇ ਸਾਜ਼ਿੰਦੇ ਨੂੰ ਨਾ ਸਦਿਆ ਤੇ ਮੇਰੇ ਸਾਹਮਣੇ ਭੁੰਜੇ ਬਹਿ ਕੇ ਹੌਲੀ ਹੌਲੀ ਗਾਉਣ ਲੱਗੀ। ਮੈਂ ਅੱਗੇ ਕਦੇ ਵੀ ਕਿਸੇ ਪੇਸ਼ਾਵਰ ਗਵੱਈਏ ਜਾਂ ਗਾਉਣ ਵਾਲੀ ਤੋਂ ਇਹੋ ਜਿਹਾ ਗੀਤ ਨਹੀਂ ਸੀ ਸੁਣਿਆ। ਮਲੂਮ ਹੁੰਦਾ ਸੀ ਇਹ ਪਿਆਰ-ਗੀਤ ਉਸ ਦੇ ਦਿਲੋਂ ਨਿਕਲ ਰਿਹਾ ਹੈ। ਗੀਤ ਖ਼ਤਮ ਹੋ ਗਿਆ ਤੇ ਮੈਂ ਉੱਠ ਖਲੋਤਾ।

ਮੈਂ ਪੁੱਛਿਆ, "ਗਾਣਾ ਸੁਣਨ ਵਾਲੇ ਆਮ ਤੌਰ ਤੇ ਤੁਹਾਨੂੰ ਕੀ ਦੇ ਜਾਂਦੇ ਹਨ ?"

"ਉਨ੍ਹਾਂ ਤੋਂ ਉਨ੍ਹਾਂ ਦੀ ਹੈਸੀਅਤ ਜਾਂ ਆਪਣੀ ਖ਼ੂਬਸੂਰਤੀ ਦੇ ਅਸਰ ਮੁਤਾਬਕ ਲਈਦਾ ਹੈ।"

ਮੈਂ ਬਟੂਏ ਵਿਚੋਂ ਦਸਾਂ ਦਾ ਨੋਟ ਕੱਢਦਿਆਂ ਕਿਹਾ, "ਮੇਰੀ ਹੈਸੀਅਤ ਇਹੋ ਹੀ ਹੈ।"

"ਮਖ਼ੌਲ ਕਰਦੇ ਓ ?"

ਮੈਂ ਦਸਾਂ ਦਾ ਨੋਟ ਹੋਰ ਰਲਾ ਕੇ ਪੇਸ਼ ਕੀਤਾ।

"ਤੁਸੀਂ ਮੇਰੀ ਬੇਇਜ਼ਤੀ ਕਰ ਰਹੇ ਓ", ਉਸ ਇਸ ਵਾਰੀ ਕੁਝ ਤਲਖ਼ੀ ਨਾਲ ਕਿਹਾ।

ਮੈਂ ਸਾਰੇ ਨੋਟ ਕੱਢ ਕੇ ਉਸ ਦੇ ਹੱਥ 'ਤੇ ਰੱਖ ਦਿੱਤੇ। ਉਸ ਉਹ ਫੜ ਕੇ ਆਪਣੇ ਸਿਰ 'ਤੇ ਰਖ ਲਏ। ਫੇਰ ਬਟੂਆ ਮੇਰੇ ਹੱਥੋਂ ਲੈ ਕੇ ਉਹ ਸਾਰੇ ਉਸ ਵਿਚ ਪਾ ਕੇ ਉਸ ਨੇ ਮੇਰੇ ਹੱਥ ਫੜਾਉਂਦਿਆਂ ਕਿਹਾ, "ਬਾਊ ਜੀ, ਮੈਂ ਔਰਤ ਹਾਂ। ਮੈਂ ਵੀ ਦਿਲ ਰੱਖਦੀ ਹਾਂ !"

ਉਸਦੀਆਂ ਅੱਖਾਂ ਵਿਚ ਇਕ ਡਲ੍ਹਕ ਸੀ, ਇਕ ਅਪੀਲ ਸੀ। ਤੇ ਮੈਨੂੰ ਉਸ

ਦੇ ਚਿਹਰੇ ਵਿਚੋਂ ਕਿਸੇ ਕਦੇ ਦੇਖੇ ਹੋਏ ਚਿਹਰੇ ਦਾ ਝਾਵਲਾ ਪੈਣ ਲਗ ਪਿਆ ਸੀ। ਸ਼ਾਇਦ ਇਹ ਚਿਹਰਾ ਜਿਸ ਚਿਹਰੇ ਤੋਂ ਵਧਿਆ ਫੁਲਿਆ ਸੀ, ਉਹ ਮੇਰੀ ਯਾਦ ਸਾਹਮਣੇ ਸੀ। ਮੈਂ ਉਸ ਨੂੰ ਆਖ਼ਰ ਪਛਾਣ ਹੀ ਲਿਆ। ਮੈਂ ਉਸ ਦਿਨ ਬਿਨਾਂ ਕੁਝ ਹੋਰ ਕਿਹਾਂ ਚਲਾ ਗਿਆ।

ਮੈਂ ਉਸ ਦੇ ਅਕਸਰ ਜਾਣ ਲੱਗ ਪਿਆ। ਮੇਰੇ ਵੱਲ ਦਿਤੇ ਜਾ ਰਹੇ ਧਿਆਨ ਤੋਂ ਉਸ ਦੀ ਮਾਂ ਤੇ ਉਸ ਦਾ ਉਸਤਾਦ ਸੜਦੇ ਸਨ। ਉਹ ਕਈ ਵਾਰੀ ਆਪਣੇ ਲੱਗੇ ਬੱਧੇ ਗਾਹਕਾਂ ਨੂੰ ਛੱਡ ਕੇ ਮੇਰੇ ਕੋਲ ਆ ਜਾਇਆ ਕਰਦੀ ਸੀ, ਭਾਵੇਂ ਮੈਂ ਵੀ ਲਗਦੀ-ਵਾਹੇ ਉਸ ਨੂੰ ਏਦਾਂ ਕਰਨ ਤੋਂ ਰੋਕਦਾ ਸਾਂ।

ਉਸ ਮੈਨੂੰ ਦੱਸਿਆ ਕਿ ਬੁੱਢੀ ਉਸ ਦੀ ਮਾਂ ਹੈ ਤੇ ਉਸ ਦਾ ਆਪਣਾ ਨਾਂ ਸ਼ਮਸ਼ਾਦ ਹੈ। ਉਸ ਸਾਰਾ ਬਚਪਨ ਇਸੇ ਸ਼ਹਿਰ ਵਿਚ ਹੀ ਗੁਜ਼ਾਰਿਆ ਹੈ। ਪੜ੍ਹਾਈ ਵੀ ਉਹ ਘਰ ਵਿਚ ਹੀ ਗਈ ਹੈ। ਉਹ ਇਸ ਗੱਲ 'ਤੇ ਬੜਾ ਮਾਣ ਕਰਦੀ ਸੀ ਕਿ ਉਹ ਖ਼ਾਨਦਾਨੀ ਕੰਜਰ ਹਨ, ਐਰੇ ਗੈਰੇ ਨਹੀਂ। ਮੇਰੀ ਸਾਰੀ ਪਛਾਣ ਵਾਲੀ ਕਹਾਣੀ ਗਰਕਦੀ ਜਾਂਦੀ ਸੀ; ਪਰ ਮੈਨੂੰ ਆਪਣੇ ਚੇਤੇ 'ਤੇ ਮਾਣ ਸੀ।

ਸ਼ਮਸ਼ਾਦ ਨੂੰ ਮੇਰੇ ਲਾਗੇ, ਨਾਲ ਲਗ ਕੇ ਬੈਠਣ ਦੀ ਬੜੀ ਚਾਹ ਸੀ। ਮੈਂ ਅੱਗੇ ਇਸ ਗੱਲ ਤੋਂ ਪਰਹੇਜ਼ ਕਰਦਾ ਸਾਂ। ਹੁਣ ਮੈਂ ਆਪਣੀ ਸਕੀਮ ਮੁਤਾਬਕ ਉਸ ਨੂੰ ਆਪਣੇ ਨਾਲ ਲੱਗਣ ਦਿੰਦਾ। ਇਸ ਹਾਲਤ ਵਿਚ ਮੈਂ ਉਸ ਤੋਂ ਕਈ ਗੱਲਾਂ ਪੁੱਛ ਸਕਦਾ। ਮੈਂ ਉਸ ਤੋਂ ਉਸ ਦੇ ਬਚਪਨ ਦੀਆਂ ਘਟਨਾਵਾਂ ਪੁੱਛਦਾ। ਪਰ ਉਹ ਛੇ ਸਾਲ ਦੀ ਉਮਰ ਤੋਂ ਪਹਿਲਾਂ ਦੀ ਕੋਈ ਘਟਨਾ ਨਾ ਦੱਸ ਸਕਦੀ।

ਪਹਿਲੋਂ ਮੈਂ ਸਮਝਦਾ ਸਾਂ ਕਿ ਉਹ ਮੈਨੂੰ ਫਸਾ ਰਹੀ ਹੈ। ਛੇਤੀ ਹੀ ਮੇਰਾ ਇਹ ਖ਼ਿਆਲ ਗਲਤ ਸਾਬਤ ਹੋ ਗਿਆ। ਮੈਂ ਉਸ ਨੂੰ ਸਮਝਾਇਆ ਕਿ ਜੇ ਤੂੰ ਤੇ ਮੈਂ ਮਿਲਣਾ ਚਾਹੁੰਦੇ ਹਾਂ ਤਾਂ ਸਾਡੀ ਮੁਲਾਕਾਤ ਤੇਰੇ ਸੱਕਿਆਂ ਲਈ ਲਾਭਵੰਦੀ ਹੋਣੀ ਚਾਹੀਦੀ ਹੈ। ਕਦੇ ਮੈਂ ਉਸ ਦੀ ਫੀਸ ਦੇ ਜਾਂਦਾ, ਕਦੇ ਉਹ ਆਪਣੇ ਨਿੱਜੀ ਖ਼ਰਚ ਵਿਚੋਂ ਮੇਰੇ ਆਉਣ ਦੀ ਫ਼ੀਸ ਅਦਾ ਕਰ ਦਿੰਦੀ।

ਮੈਂ ਉਸ ਨਾਲ ਪਿਆਰ ਦਾ ਨਾਟਕ ਰਚਾਇਆ। ਮੈਂ ਉਸ ਨੂੰ ਆਪਣੀ ਕੋਠੀ 'ਤੇ ਵੀ ਬੁਲਾ ਲੈਂਦਾ। ਕਦੀ ਕਦੀ ਮੈਂ ਉਸ ਨੂੰ ਸਾਰੀ ਰਾਤ ਲਈ ਬੁਲਾਉਂਦਾ। ਹੁਣ ਉਸ ਦੀ ਮਾਂ ਮੈਨੂੰ ਆਮਦਨ ਦਾ ਸੋਮਾ ਸਮਝ ਕੇ ਘੱਟ ਹੀ ਸ਼ੱਕ ਕਰਦੀ। ਕਈ ਵਾਰੀ ਟਾਂਗੇ ਤੇ ਉਸ ਨੂੰ ਇਕੱਲਿਆਂ ਹੀ ਭੇਜ ਦਿੰਦੀ। ਮੈਨੂੰ ਪਤਾ ਸੀ ਕਿ ਦਿਨੋ-ਦਿਨ ਘਟ ਰਹੇ ਬੈਂਕ-ਬੈਲੰਸ ਨਾਲ ਮੈਂ ਇਹ ਤਜਰਬਾ ਕਾਇਮ ਨਹੀਂ ਰਖ ਸਕਦਾ। ਸ਼ਮਸ਼ਾਦ ਨੂੰ ਵੀ ਪਤਾ ਸੀ ਕਿ ਉਹ ਇਸ ਤਰ੍ਹਾਂ ਆਪਣੇ ਪਿਆਰ ਨੂੰ ਸਦਾ ਲਈ ਕਾਇਮ ਨਹੀਂ ਰਖ ਸਕਦੀ। ਮੈਂ ਜਾਣਦਾ ਸਾਂ ਕਿ ਉਸ ਨੂੰ, ਮੇਰੇ ਉਤੇ, ਉਸ ਨਾਲ ਘੁਲਮਿਲ ਨਾ ਜਾਣ ਕਰਕੇ ਗੁੱਸਾ ਸੀ। ਜਿਵੇਂ ਉਸ ਨੂੰ ਮੇਰੀ ਖੇਡ ਦਾ ਪਤਾ ਸੀ।

ਇਕ ਦਿਨ ਜਦ ਮੈਂ ਉਸ ਨੂੰ ਸਾਰੀ ਰਾਤ ਵਾਸਤੇ ਬੁਲਾਇਆ ਸੀ, ਮੈਂ ਉਸ ਨੂੰ ਪੁੱਛਿਆ ਕਿ ਉਸ ਨੂੰ ਮੇਰੇ ਨਾਲ ਕਿੰਨਾ ਕੁ ਪਿਆਰ ਹੈ। ਉਸ ਨੇ ਮੈਨੂੰ ਬੇਹੱਦ ਪਿਆਰ ਹੋਣ ਦਾ ਵਿਸ਼ਵਾਸ ਦਿਵਾਇਆ। ਮੈਂ ਉਸ ਨੂੰ ਕਿਹਾ ਕਿ 'ਅੱਜ ਮੈਂ ਇਸ ਗੱਲ

ਦਾ ਸਬੂਤ ਚਾਹੁੰਦਾ ਹਾਂ ਤੇ ਤੈਨੂੰ ਮੇਰੇ ਨਾਲ ਅੱਜ ਰਾਤ ਸ਼ਹਿਰੋਂ ਬਾਹਰ ਜਾਣਾ ਪਵੇਗਾ।' ਉਹ ਤਿਆਰ ਹੋ ਗਈ। ਕੋਠੀ ਦੇ ਦੂਸਰੇ ਪਾਸਿਓਂ ਨਿਕਲ ਕੇ ਅਸੀਂ ਸਟੇਸ਼ਨ ਤੇ ਪਹੁੰਚੇ। ਸਾਢੇ ਦਸ ਵਜੇ ਦੀ ਗੱਡੀ ਵਿਚ ਅਸੀਂ ਸੈਕੰਡ ਕਲਾਸ ਦੀ ਟਿਕਟ ਲੈ ਕੇ ਆਪਣੇ ਸ਼ਹਿਰ ਰਵਾਨਾ ਹੋਏ। ਰਾਹ ਵਿਚ ਮੈਂ ਉਸ ਨੂੰ ਆਖਿਆ ਕਿ 'ਮੈਂ ਉਸ ਨੂੰ ਕੱਢ ਲਿਚਲਿਆ ਹਾਂ।' ਉਹ ਹੱਸ ਪਈ ਤੇ ਕਹਿਣ ਲਗੀ, " 'ਦੋਜ਼ਖ਼' ਵਿਚੋਂ ਕਢ ਕੇ ਬਹਿਸ਼ਤ ਵਿਚ ਲੈ ਜਾਣ ਵਾਲਾ ਕੋਈ ਫ਼ਰਿਸ਼ਤਾ ਹੀ ਹੋ ਸਕਦਾ ਹੈ।" ਜੰਕਸ਼ਨ ਸਟੇਸ਼ਨ 'ਤੇ ਪਹੁੰਚ ਕੇ ਅਸੀਂ ਕੁਝ ਚਿਰ ਆਰਾਮ ਕੀਤਾ ਤੇ ਪਹਿਲੀ ਗੱਡੀ ਪਕੜ ਕੇ ਪੰਜ ਵਜੇ ਤੜਕੇ ਆਪਣੇ ਸ਼ਹਿਰ ਪਹੁੰਚ ਗਏ। ਸ਼ਮਸ਼ਾਦ ਦੇ ਮੂੰਹ 'ਤੇ ਕੋਈ ਘਬਰਾਹਟ ਨਹੀਂ ਸੀ। ਖ਼ਬਰੇ ਉਹ ਆਪ ਅੱਜ ਇਹੋ ਸੋਚ ਕੇ ਘਰੋਂ ਤੁਰੀ ਸੀ ਤੇ ਰੱਬ ਵਲੋਂ ਉਸ ਦੇ ਇਰਾਦੇ ਸੱਚ ਹੋ ਰਹੇ ਸਨ।

ਟਾਂਗੇ ਚੜ੍ਹ ਕੇ ਅਸੀਂ ਮੁਨ੍ਹੇਰੇ ਘਰ ਪਹੁੰਚੇ। ਕੁੰਜੀ ਲਾ ਕੇ ਮੈਂ ਮਕਾਨ ਖੋਲ੍ਹਿਆ। ਮਹੀਨਿਆਂ ਤੋਂ ਲਗਾਤਾਰ ਬੰਦ ਰਹਿਣ ਕਰਕੇ ਘਰ ਸਫ਼ਾਈ ਦਾ ਮੁਹਤਾਜ ਸੀ। ਸ਼ਮਸ਼ਾਦ ਸਫ਼ਾਈ ਕਰਨੀ ਚਾਹੁੰਦੀ ਸੀ। ਉਹ ਇਸ ਨੂੰ ਆਪਣਾ ਘਰ ਸਮਝ ਰਹੀ ਸੀ। ਮੈਂ ਕਿਹਾ, "ਥੋੜ੍ਹੀ ਸੈਰ ਕਰ ਆਈਏ, ਫੇਰ ਸਫ਼ਾਈ ਕਰਵਾਉਂਦੇ ਰਹਾਂਗੇ।"

ਘੰਟਾ ਡੇਢ ਘੰਟਾ ਬਾਗ਼ ਵਿਚ ਬੈਠਣ ਤੇ ਟਹਿਲਣ ਤੋਂ ਮਗਰੋਂ ਅਸੀਂ ਵਾਪਸ ਮੁੜੇ। ਆਪਣੇ ਇਲਾਕੇ ਵਿਚ ਆ ਕੇ ਮੈਂ ਉਸ ਨੂੰ ਉਸ ਥਾਂ ਲੈ ਗਿਆ ਜਿਥੇ ਨਵਾਂ ਨਵਾਂ ਸਕੂਲ ਬਣਿਆ ਸੀ। ਇਹ ਬਚਪਨ ਵਿਚ ਸਾਡੀ ਖੇਡ ਦਾ ਮੈਦਾਨ ਸੀ। ਆਲੇ-ਦੁਆਲੇ ਕਾਫ਼ੀ ਇਮਾਰਤਾਂ, ਦਰੱਖਤ, ਬਚਪਨ ਵਿਚ ਗੁਜ਼ਰੀਆਂ ਘਟਨਾਵਾਂ ਨੂੰ ਯਾਦ ਕਰਉਂਦੇ ਸਨ। ਮੈਂ ਸ਼ਮਸ਼ਾਦ ਨੂੰ ਬੁਰਕਾ ਉਲਟ ਕੇ ਆਲੇ-ਦੁਆਲੇ ਦੇਖਣ ਨੂੰ ਕਿਹਾ। ਉਸ ਪਹਿਲੋਂ ਸਕੂਲ ਦੀ ਇਮਾਰਤ ਦੇਖੀ। ਫੇਰ ਉਸ ਮਨੀ ਰਾਮ ਦੀ ਸਦੀਆਂ ਤੋਂ ਖੜੀ ਹਵੇਲੀ ਵਲ ਦੇਖਿਆ। ਫੇਰ ਉਸ ਬੇਰੀ ਵੱਲ, ਜਿਥੋਂ ਅਸੀਂ ਬੇਰ ਚੁਗਦੇ ਹੁੰਦੇ ਸਾਂ। ਫੇਰ ਉਸ ਪਿੱਪਲ ਵਲ, ਜਿਸ ਦੇ ਪੱਤਿਆਂ ਦੀਆਂ ਪੀਪਣੀਆਂ ਬਣਾ ਕੇ ਵਜਾਉਂਦੇ ਸਾਂ ਤੇ ਕੋਕਲੇ ਬਣਾ ਕੇ ਕੁੜੀਆਂ ਕੰਨਾਂ ਵਿਚ ਪਾਉਂਦੀਆਂ ਹੁੰਦੀਆਂ ਸਨ। ਮੈਂ ਸ਼ਮਸ਼ਾਦ ਦੀਆਂ ਅੱਖਾਂ ਵਿਚ ਦੇਖ ਰਿਹਾ ਸਾਂ। ਉਨ੍ਹਾਂ ਵਿਚ ਧੁੰਦਲਾਪਨ ਸੀ। ਉਹ ਕਹਿ ਰਹੀ ਸੀ, "ਯਾਦ ਨਹੀਂ ਆਉਂਦਾ, ਇਹੋ ਜਹੀ ਥਾਂ ਮੈਂ ਕਦੇ ਦੇਖੀ ਸੀ। ਪਰ ਮੈਂ ਤਾਂ ਇਸ ਸ਼ਹਿਰ ਕਦੇ ਆਈ ਨਹੀਂ।"

ਫੇਰ ਉਹ ਬੋਲ ਉੱਠੀ, "ਮੈਂ ਕਹਿੰਦੀ ਆਂ, ਮੈਂ ਤੁਹਾਨੂੰ ਵੀ ਕਿਤੇ ਇਹੋ ਜਹੀ ਥਾਂ ਦੇਖਿਆ ਹੋਇਆ ਹੈ।"

ਉਸ ਦੀਆਂ ਅੱਖਾਂ ਕੁਝ ਸਾਫ਼ ਹੋ ਰਹੀਆਂ ਸਨ। ਮੁੜ ਉਹ ਬੋਲ ਉੱਠੀ, "ਇਥੇ ਹੀ ਤਾਂ ਮੈਂ ਬਚਪਨ ਵਿਚ ਖੇਡਦੀ ਹੁੰਦੀ ਸਾਂ, ਉਨ੍ਹਾਂ ਨਿੰਮਾਂ ਦੀਆਂ ਨਿਮੋਲੀਆਂ ਮੈਂ ਚੁਗਦੀ ਹੁੰਦੀ ਸਾਂ।"

ਮੇਰਾ ਤਜਰਬਾ ਠੀਕ ਹੋ ਰਿਹਾ ਸੀ...ਉਹ ਮੇਰਾ ਕੀਮਤੀ ਤਜਰਬਾ !

ਬੁੱਢਾ ਪੰਡਤ ਹਰਿਆ ਆਪਣੇ ਪੁੱਤਰ ਨੂੰ ਡੰਗੋਰੀ ਆਸਰੇ ਆਵਾਜ਼ਾਂ ਮਾਰ ਰਿਹਾ ਸੀ।

"ਇਹ ਪਛਾਣੀ ਹੋਈ ਆਵਾਜ਼ ਹੈ", ਉਹ ਬੋਲ ਉਠੀ, "ਇਹ ਕੌਣ ਮੇਰੇ ਭਰਾ

ਨੂੰ ਆਵਾਜ਼ਾਂ ਮਾਰ ਰਿਹਾ ਹੈ ?"

ਉਹ ਤੇਜ਼ੀ ਨਾਲ ਬੁਰਕੇ ਨੂੰ ਸੁੱਟਦੀ ਹੋਈ ਨੱਸ ਉੱਠੀ ਤੇ ਹਰੇ ਪੰਡਤ ਨੂੰ ਜੱਫੀ ਜਾ ਪਾਈ, "ਮੇਰੇ ਅੱਬਾ, ਮੈਂ ਆ ਗਈ ਆਂ। ਚਾਚਾ ਜੀ, ਮੈਂ ਆ ਗਈ ਆਂ।"

ਹਰੇ ਪੰਡਤ ਨੇ ਸ਼ਮਸ਼ਾਦ ਨੂੰ ਆਪਣੀਆਂ ਬਾਹਾਂ ਵਿਚ ਕੱਸ ਲਿਆ।

"ਤੂੰ ਆ ਗਈ ਐਂ, ਸੀਤੋ। ਹੁਣ ਨਾ ਜਾਈਂ, ਪੁੱਤ !" ਪੰਡਤ ਨੂੰ ਸਾਹ ਚੜ੍ਹ ਗਿਆ ਸੀ। ਉਹ ਰੋ ਰਿਹਾ ਸੀ। ਸੀਤੋ ਰੋ ਰਹੀ ਸੀ।

ਵੱਡੇ ਭਰਾ ਨੇ ਝਟ ਭੈਣ ਨੂੰ ਪਛਾਣ ਲਿਆ।

"ਮੇਰੀ ਭੈਣ !" ਕਹਿ ਕੇ ਉਹ ਖੜੋਤਾ ਰਿਹਾ।

ਫਿਰ ਉਸ ਮੈਨੂੰ ਦੇਖਿਆ, "ਤੂੰ ਲੱਭਿਆ ਸੀਤੋ ਨੂੰ, ਭਰਾ ?"

ਮੈਂ 'ਹਾਂ' ਵਿਚ ਸਿਰ ਹਿਲਾਇਆ। ਲੋਕ ਇਕੱਠੇ ਹੋ ਗਏ ਸਨ। ਸੀਤੋ ਦੇ ਗਾਇਬ ਹੋ ਜਾਣ ਦੀ ਕਹਾਣੀ ਬੁੱਢਿਆਂ ਦੀਆਂ ਜੀਭਾਂ 'ਤੇ ਸੀ। ਲੋਕੀਂ ਤਰਸ ਰਹੇ ਸਨ : "ਵਿਚਾਰੀ ਦੀ ਮਾਂ ਇਸੇ ਦੁੱਖੋਂ ਮਰ ਗਈ !" "ਪਿਉ ਵੀ ਅੰਨ੍ਹਿਆਂ ਵਰਗਾ ਈ ਐ !" "ਜੁਗ ਜੁਗ ਜੀਵੇ ਵਿਚਾਰਾ ਭਰਾ !"

ਸ਼ਮਸ਼ਾਦ ਕਦੇ ਮੇਰੇ ਵੱਲ ਵੇਖਦੀ ਸੀ, ਕਦੇ ਆਪਣੇ ਪਿਤਾ ਵੱਲ, ਕਦੇ ਆਪਣੇ ਭਰਾ ਵੱਲ ਤੇ ਕਦੇ ਲੋਕਾਂ ਵੱਲ।

ਉਸੇ ਵੇਲੇ ਗੋਵਰਧਨ ਪੰਡਤ ਆਪਣੀ ਗੋਗੜ ਸੰਭਾਲਦਾ ਆਇਆ। ਗੱਲਬਾਤ ਸੁਣ ਕੇ ਉਸ ਮੈਥੋਂ ਪੁੱਛਿਆ, "ਕਿਥੋਂ ਲੱਭੀ, ਕਾਕਾ, ਤੂੰ ਕੁੜੀ ?"

ਮੈਂ ਉਸ ਨੂੰ ਦੱਸਿਆ, "ਇਕ ਕੰਜਰੀ ਦੇ ਕੋਠੇ 'ਤੋਂ।"

"ਪੇਸ਼ਾ ਕਰਦੀ ਸੀ ?"

ਮੈਂ ਚੁੱਪ ਰਿਹਾ। ਉਸ ਸਿਰ ਹਿਲਾਇਆ।

"ਹੁਣ ਕਿੱਦਾਂ ਇਹ, ਹਰਿਆ, ਤੇਰੇ ਘਰ ਆ ਸਕਦੀ ਹੈ। ਹੈ !! ਹੈ !!! ਜਨਮ ਭ੍ਰਿਸ਼ਟ ਕਰ ਸੁੱਟਿਆ ਇਸ ਕੁੜੀ ਨੇ। ਜਾਣ ਦਿਓ ਜਿਥੋਂ ਇਹ ਆਈ ਹੈ।"

ਸੀਤੋ ਨੇ ਪਿਤਾ ਨੂੰ ਜੱਫੀ ਪਾ ਲਈ, "ਚਾਚਾ ਜੀ, ਉਸ ਦੋਜ਼ਖ਼ ਵਿਚ ਮੈਨੂੰ ਮੁੜ ਨਾ ਸੁੱਟਿਓ।"

ਉਸ ਨੂੰ ਚਾਚੇ ਦਾ ਸਰੀਰ ਪੱਥਰ ਦਾ ਬਣਿਆ ਜਾਪਿਆ। ਪਿਉ ਨੂੰ ਛੱਡ ਕੇ ਉਹ ਭਰਾ ਵਲ ਹੋਈ। ਉਹ ਕਈ ਕਦਮ ਪਿੱਛੇ ਹਟ ਗਿਆ, ਪਰ ਫੇਰ ਵੀ ਅੱਥਰੂ ਉਸ ਦੀਆਂ ਅੱਖਾਂ ਵਿਚੋਂ ਜਾਰੀ ਸਨ। ਗੋਵਰਧਨ ਪੰਡਤ ਸ਼ਮਸ਼ਾਦ ਨੂੰ ਕਸਾਈ ਜਾਪਿਆ।

ਮੈਂ ਉਸ ਨੂੰ ਉਠਾਇਆ ਤੇ ਉਥੇ ਹੋਰ ਠਹਿਰਣਾ ਮੁਨਾਸਬ ਨਾ ਸਮਝਿਆ। ਅਸੀਂ 'ਆਪਣੇ' ਘਰ ਆ ਗਏ।

ਮੋਤੀ

ਮੋਤੀ ਮੇਰਾ ਨਿੱਕਾ ਜਿਹਾ ਪਿਆਰਾ ਕੁੱਤਾ ਸੀ। ਇਹ ਪਿਸਤੀ ਨਸਲ 'ਚੋਂ ਸੀ ਤੇ ਕੰਨਾਂ ਤੋਂ ਫੜ ਕੇ ਚੁੱਕਿਆਂ ਨਹੀਂ ਸੀ ਚੂੰਕਦਾ। ਪਿਤਾ ਜੀ ਨੇ ਮੇਰੇ ਮਗਰ ਪੈਣ 'ਤੇ ਮੈਨੂੰ ਇਸ ਕੁੱਤੇ ਦੇ ਰੱਖਣ ਦੀ ਆਗਿਆ ਦਿਤੀ ਸੀ।

ਜਦ ਮੈਂ ਛੇ ਸਾਲ ਦਾ ਸਾਂ, ਪਿਤਾ ਜੀ ਆਪਣੀ ਜਵਾਨੀ ਦੀਆਂ ਗੱਲਾਂ ਸੁਣਾਉਂਦੇ ਹੁੰਦੇ ਸਨ ਤੇ ਉਨ੍ਹਾਂ ਨਾਲ ਕੁੱਤਿਆਂ ਦਾ ਬੜਾ ਸੰਬੰਧ ਹੁੰਦਾ ਸੀ। ਮੇਰੇ ਪਿਤਾ ਜੀ ਜਵਾਨੀ ਵਿਚ ਚੰਗੇ ਸ਼ਿਕਾਰੀ ਰਹੇ ਸਨ। ਅਤੇ ਬੰਦੂਕਾਂ ਤੇ ਕੁੱਤਿਆਂ ਦੇ ਖ਼ਰੀਦਣ ਦਾ ਉਨ੍ਹਾਂ ਨੂੰ ਬੜਾ ਸ਼ੌਕ ਸੀ। 'ਬਾਜ਼' ਤੇ 'ਪਿਲਕ' ਦੀਆਂ ਸ਼ਿਕਾਰੀ ਬਹਾਦਰੀਆਂ ਸੁਣਾ ਸੁਣਾ ਕੇ ਉਹ ਬਹੁਤ ਖੁਸ਼ ਹੁੰਦੇ ਸਨ। ਇਹ ਸ਼ਿਕਾਰੀ ਕੁੱਤਾ ਤੇ ਕੁੱਤੀ ਉਨ੍ਹਾਂ ਨੂੰ ਸੁਪੈਜ਼ੰਡ ਦੇ ਇਕ ਪਠਾਣ ਨੇ ਮਿਤ੍ਰਾਨੇ ਦੀ ਨਿਸ਼ਾਨੀ ਵਜੋਂ ਦਿੱਤੇ ਸਨ। ਪਿਤਾ ਜੀ ਕਹਿੰਦੇ ਹੁੰਦੇ ਸਨ ਕਿ ਉਸ ਮੁਸਲਮਾਨ ਪਠਾਣ ਨਾਲ ਅਸੀਂ ਪੱਗ ਵਟਾਈ ਹੋਈ ਸੀ। ਉਹ ਕਈ ਵਾਰੀ ਪਿਤਾ ਜੀ ਨੂੰ ਬਲੋਚਿਸਤਾਨੋਂ ਚੱਲ ਕੇ ਕਲਕੱਤੇ ਮਿਲਣ ਆਉਂਦਾ ਹੁੰਦਾ ਸੀ ਤੇ ਕਈ ਵਾਰੀ ਪਿਤਾ ਜੀ ਉਸ ਨੂੰ ਮਿਲਣ ਸੁਪੈਜ਼ੰਡ ਜਾਂਦੇ ਹੁੰਦੇ ਹਨ। ਉਨ੍ਹਾਂ ਜ਼ਮਾਨਿਆਂ ਵਿਚ ਮਜ਼੍ਹਬ ਪਿਆਰ ਸਮਝਿਆ ਜਾਂਦਾ ਸੀ। ਮੁਸਲਿਮ-ਲੀਗਾਂ, ਸਿੱਖ-ਲੀਗਾਂ ਤੇ ਹਿੰਦੂ-ਸਭਾਵਾਂ ਦਾ ਅਜੇ ਜਨਮ ਨਹੀਂ ਸੀ ਹੋਇਆ।

ਪਿਤਾ ਜੀ ਕਹਿੰਦੇ ਸਨ ਕਿ 'ਪਿਲਕ' ਨੇ ਇਕ ਵਾਰੀ ਚਿਤਰੇ ਨੂੰ ਕੰਨੋਂ ਫੜ ਲਿਆ ਤੇ ਓਨਾ ਚਿਰ ਨਾ ਛੱਡਿਆ ਜਿੰਨਾ ਚਿਰ ਉਨ੍ਹਾਂ ਉਸ ਨੂੰ ਗੋਲੀ ਦਾ ਨਿਸ਼ਾਨਾ ਨਾ ਬਣਾ ਲਿਆ। ਇਨ੍ਹਾਂ ਦੋਹਾਂ ਤੋਂ ਛੁੱਟ ਪਿਤਾ ਜੀ ਇਕ ਹੋਰ ਛੋਟੇ ਜਹੇ ਕੁੱਤੇ ਦਾ ਜ਼ਿਕਰ ਕਰਦੇ ਸਨ, ਜਿਸ ਦਾ ਨਾਂ ਸੀ ਮੋਤੀ ਤੇ ਜੋ ਸਹਿਆਂ ਤੇ ਸੇਹਾਂ ਦੀਆਂ ਰੁੱਡਾਂ ਵਿਚ ਵੜ ਕੇ ਸ਼ਿਕਾਰ ਕਰਦਾ ਹੁੰਦਾ ਸੀ। ਇਹ ਨਿਕਚੂ ਜਿਹਾ ਕੁੱਤਾ, ਕਹਿੰਦੇ ਸਨ ਕਿ ਦੇਖਣ ਨੂੰ ਬਣਾ ਸੋਹਣਾ ਸੀ। ਇਕ ਵਾਰੀ ਇਹ ਇਕ ਸੇਹ ਦੀ ਰੁੱਡ ਵਿਚ ਫਸ ਗਿਆ। ਸਾਰੇ ਸ਼ਿਕਾਰੀ ਟੁਰ ਆਏ। ਪਿਤਾ ਜੀ ਉਥੇ ਰਾਤ ਭਰ ਬੈਠੇ ਰਹੇ। ਦੂਸਰੇ ਦਿਨ ਮੋਤੀ ਸੇਹ ਦੇ ਤਕਲਿਆਂ ਨਾਲ ਜ਼ਖ਼ਮੀ, ਲਹੂ ਨਾਲ ਲਿਬੜੇ ਮੂੰਹ ਨਾਲ ਨਿਕਲਿਆ। ਇਸ ਕੁੱਤੇ ਨਾਲ ਪਿਤਾ ਜੀ ਦਾ ਪੁੱਤਰਾਂ ਵਰਗਾ ਪਿਆਰ ਹੋ ਗਿਆ ਸੀ ਤੇ ਉਸ ਨੂੰ ਉਹ ਮਗਰੋਂ ਸ਼ਿਕਾਰ ਲਈ ਰੁੱਡਾਂ ਵਿਚ ਨਹੀਂ ਸੀ ਵਾੜਦੇ। ਇਕ ਦਿਨ ਉਹ ਸ਼ਹਿਰ ਕਾਰਤੂਸ ਖ਼ਰੀਦਣ ਗਏ ਹੋਏ ਸਨ ਕਿ ਚਾਚਾ ਜੀ ਨੇ ਮੋਤੀ ਨੂੰ ਇਕ ਰੁੱਡ ਵਿਚ ਵਾੜ ਦਿੱਤਾ। ਮੋਤੀ ਉਸ ਰੁੱਡ ਵਿਚੋਂ ਮੁੜ ਨਾ ਨਿਕਲਿਆ। ਪਿਤਾ ਜੀ ਆਪਣੇ ਭਰਾ ਨਾਲ ਬੜੇ ਲੜੇ ਤੇ ਕਈ ਰਾਤਾਂ ਰੁੱਡ ਦੇ ਮੂੰਹ ਅੱਗੇ ਜਾ ਕੇ ਉਸ ਦੀ ਉਡੀਕ ਕਰਦੇ ਤੇ ਆਵਾਜ਼ਾਂ ਦੇ ਕੇ ਰੋਂਦੇ ਰਹੇ। ਓਦੋਂ ਤੋਂ ਉਨ੍ਹਾਂ ਦਾ ਦਿਲ ਕੁੱਤੇ ਰੱਖਣ ਤੋਂ ਚਿੜ੍ਹ ਗਿਆ।

'ਪਿਲਕ' ਦੀ ਮੌਤ ਨੇ ਉਨ੍ਹਾਂ ਨੂੰ ਹੋਰ ਸੱਟ ਮਾਰੀ। ਸਾਰਾ ਦਿਨ ਲੱਭਣ ਤੋਂ ਮਗਰੋਂ ਉਹ ਪਿਤਾ ਜੀ ਦੇ ਪਲੰਘ ਉਤੇ ਰਜਾਈ ਹੇਠਾਂ ਮੋਈ ਹੋਈ ਦੇਖੀ ਗਈ। ਪਿਤਾ ਜੀ ਕਹਿੰਦੇ ਹੁੰਦੇ ਸਨ ਕਿ ਉਹ ਮੋਈ ਹੋਈ ਉਨ੍ਹਾਂ ਨੂੰ ਮੁਸਕਰਾਉਂਦੀ ਲਗਦੀ ਸੀ ਤੇ ਇਹ ਨਜ਼ਾਰਾ ਉਨ੍ਹਾਂ ਲਈ ਅਸਹਿ ਸੀ। 'ਬਾਜ਼' ਦੀ ਮੌਤ ਉਨ੍ਹਾਂ ਅੱਖੀਂ ਨਹੀਂ ਸੀ ਦੇਖੀ, ਪਰ ਉਸ ਦੀ ਮੌਤ ਦਾ ਵੀ ਉਨ੍ਹਾਂ 'ਤੇ ਘੱਟ ਅਸਰ ਨਹੀਂ ਸੀ। ਉਹ ਕਹਿੰਦੇ ਹੁੰਦੇ ਸਨ, 'ਕਿਸੁ ਨਾਲਿ ਕੀਚੈ ਦੋਸਤੀ, ਸਭੁ ਜਗੁ ਚਲਣਹਾਰੁ।'

ਉਨ੍ਹਾਂ ਦੀਆਂ ਬੀਤੀਆਂ ਕਹਾਣੀਆਂ ਤੋਂ ਮੇਰੇ ਵਿਚ ਕੁੱਤਿਆਂ ਦਾ ਸ਼ੌਕ ਜਾਗ ਪਿਆ। ਆਖ਼ਰ ਮੈਂ ਵੀ ਤਾਂ ਆਪਣੇ ਪਿਤਾ ਦਾ ਪੁੱਤਰ ਸਾਂ। ਸਾਰਾ ਸਾਰਾ ਦਿਨ ਡੰਮੀ ਬੰਦੂਕ ਲੈ ਕੇ ਫ਼ਰਜ਼ੀ ਸ਼ਿਕਾਰ ਕਰਦਾ ਫਿਰਦਾ ਸਾਂ ਤੇ ਫ਼ਰਜ਼ੀ ਮੋਤੀ ਨੂੰ ਸੀਟੀਆਂ ਮਾਰਦਾ ਸਾਂ।

ਇਕ ਦਿਨ ਪਿਤਾ ਜੀ ਆਪਣੇ ਇਕ ਬੰਗਾਲੀ ਮਿੱਤਰ ਨੂੰ ਮਿਲਣ ਗਏ। ਮੈਂ ਵੀ ਨਾਲ ਸਾਂ। ਕਾਊਚ ਦੇ ਹੇਠੋਂ ਕੋਈ ਕੂਲੀ ਕੂਲੀ ਚੀਜ਼ ਮੈਨੂੰ ਛੋਹੀ। ਮੈਂ ਥੱਲੇ ਦੇਖਿਆ ਤੇ ਡਰਿਆ। ਇਹ ਇਕ ਕੁੱਤੇ ਦੀ ਬੂਥੀ ਸੀ। ਪਿਤਾ ਜੀ ਦੇ ਦੋਸਤ ਨੇ ਕਿਹਾ, "ਡਰ ਨਾ, ਬੱਚਾ, ਇਹ ਵੱਢਦਾ ਨਹੀਂ।"

ਕੁੱਤਾ ਬੜਾ ਚਿਰ ਮੇਰੇ ਨਾਲ ਪਿਆਰ ਕਰਦਾ ਰਿਹਾ। ਮੈਂ ਉਸ ਨਾਲ ਚੰਪਕ-ਕੁੰਜ ਵਿਚ ਕਿੰਨਾ ਚਿਰ ਖੇਡਦਾ ਵੀ ਰਿਹਾ। ਆਉਣ ਲੱਗਿਆਂ ਮੇਰਾ ਚਿਹਰਾ ਉਦਾਸ ਜਿਹਾ ਦੇਖ ਕੇ ਪਿਤਾ ਜੀ ਦੇ ਮਿੱਤਰ ਨੇ ਕਿਹਾ, "ਕੀ ਗੱਲ ਹੈ ਬੇਟਾ, ਉਦਾਸ ਕਿਉਂ ਹੈ ? ਮਾਂ ਕੋਲ ਜਾਏਂਗਾ।" ਮੈਂ ਉਸ ਵਲ ਬਿਨਾਂ ਦੇਖਿਆਂ ਤੇ ਬਿਨਾਂ ਉਤਰ ਦਿੱਤਿਆਂ ਪਿਤਾ ਜੀ ਵਲ ਬੜੀ ਮਿਠਾਸ ਤੇ ਅਰਜ਼ੋਈ ਭਰੀ ਨਜ਼ਰ ਤੱਕਦਿਆਂ ਉਸ ਆਪਣੇ ਯਾਰ ਕੁੱਤੇ ਵਲ ਇਸ਼ਾਰਾ ਕੀਤਾ। ਪਿਤਾ ਜੀ ਨੇ ਅੱਖ ਦੀ ਬੇਮਲੂਮ ਘੂਰੀ ਦਿੱਤੀ ਤੇ ਮੈਂ ਸਹਿਮ ਗਿਆ। ਪਿਤਾ ਜੀ ਦੇ ਮਿੱਤਰ ਨੇ ਕਿਹਾ, "ਦੋਸਤ, ਇਕ ਕੁੱਤੇ ਪਿਛੇ ਮੈਂ ਆਪਣੇ ਬੇਟੇ ਨੂੰ ਨਰਾਜ਼ ਤੇ ਉਦਾਸ ਨਹੀਂ ਦੇਖਣਾ ਚਾਹੁੰਦਾ।" ਮੇਰੇ ਵਲ ਪਿਆਰ ਭਰੀ ਨਜ਼ਰ ਤੱਕ ਕੇ ਉਸ ਕਿਹਾ "ਬੇਟਾ, ਤੂੰ ਮੋਤੀ ਲੈਣਾ ਹੈ ? ਜਾ ਲੈ ਜਾ, ਬੀਬਾ ਪੁੱਤਰ।"

ਮੈਨੂੰ ਚੇਤਾ ਹੈ ਮੋਤੀ ਦਾ ਨਾਂ ਸੁਣ ਕੇ ਪਿਤਾ ਜੀ ਤਭਕੇ ਸਨ। ਉਨ੍ਹਾਂ ਦਾ ਚਿਹਰਾ ਉਦਾਸ ਹੋ ਗਿਆ ਸੀ, ਪਰ ਮੇਰੀ ਉਦਾਸੀ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਪਿਤਾ ਜੀ ਦੇ ਮਿੱਤਰ ਨੇ ਮੋਤੀ ਨੂੰ ਸੱਦ ਕੇ ਸੰਗਲੀ ਪਟੇ ਵਿਚ ਪਾਈ ਤੇ ਮੇਰੇ ਹੱਥ ਫੜਾ ਦਿੱਤੀ। ਮੋਤੀ ਹੈਰਾਨ ਸੀ। ਸ਼ਾਇਦ ਸੋਚ ਰਿਹਾ ਹੋਵੇ ਕਿ ਦੋ ਘੜੀ ਦੀ ਪ੍ਰੀਤ ਲਈ ਉਮਰ ਕੈਦ ! ਮੋਤੀ ਮੁੜ ਮੁੜ ਆਪਣੇ ਮਾਲਕ ਵਲ ਦੇਖਦਾ ਸੀ। ਪਰ ਉਸ ਦੇ ਕਹਿਣ 'ਤੇ ਕਿ 'ਜਾ ਮੋਤੀ, ਹੁਣ ਤੇਰਾ ਮਾਲਕ ਨਿੱਕਾ ਕਾਕਾ ਹੈ', ਉਹ ਮੇਰੇ ਨਾਲ ਤੁਰ ਪਿਆ। ਉਸੇ ਵੇਲੇ ਪੱਪੀ, ਮੋਤੀ ਦੀ ਮਾਂ, ਅੰਦਰੋਂ ਨਿਕਲ ਆਈ ਤੇ ਸਾਡੇ ਨਾਲ ਤੁਰਨ ਲਗ ਪਈ। ਮੋਤੀ ਦਾ ਚਿਹਰਾ ਉਦਾਸਿਆ ਜਿਹਾ ਗਿਆ। ਪੱਪੀ ਮਾਲਕ ਦੇ ਇਸ਼ਾਰੇ ਨਾਲ ਮਨ ਮਾਰ ਕੇ ਵਾਪਸ ਮੁੜ ਗਈ। ਕੋਠੀ ਤੋਂ ਬਾਹਰ ਆ ਕੇ ਪਿਤਾ ਜੀ ਨੇ ਟੈਕਸੀ ਫੜੀ ਤੇ ਅਸੀਂ ਆਪਣੇ ਘਰ ਪਹੁੰਚੇ।

ਮਾਤਾ ਜੀ ਨੇ ਮੇਰੇ ਹੱਥ ਵਿਚ ਕੁੱਤੇ ਦੀ ਸੰਗਲੀ ਦੇਖ ਕੇ ਪਿਤਾ ਜੀ ਨੂੰ ਕਿਹਾ,

"ਤੁਸੀਂ ਫੇਰ ਪੁਰਾਣੀਆਂ ਬਿਮਾਰੀਆਂ ਖ਼ਰੀਦਣ ਲਗ ਪਏ ਹੋ ਨਾ ਜੀ !"

ਪਿਤਾ ਜੀ ਨੇ ਉਤਰ ਦਿੱਤਾ, "ਕਾਕੇ ਦੀ ਮਾਂ, ਕਾਕੇ ਨੂੰ ਇਹ ਚੰਗਾ ਲੱਗਾ ਸੀ ਤੇ ਪਰੋਸ਼ਤਮ ਬਾਬੂ ਨੇ ਇਹ ਦੇ ਦਿੱਤਾ।"

ਮਾਤਾ ਜੀ ਨੇ ਹੋਰ ਕੁਝ ਨਾ ਕਿਹਾ। ਕਿੰਨਾ ਚਿਰ ਮੋਤੀ ਅਫਸੋਸਿਆ ਰਿਹਾ। ਉਹ ਕੁਝ ਨਹੀਂ ਸੀ ਖਾਂਦਾ। ਦੁੱਧ ਦਾ ਪਿਆਲਾ ਸਵੇਰ ਤੋਂ ਸ਼ਾਮ ਤਕ ਪਿਆ ਰਹਿੰਦਾ ਸੀ। ਪਿਤਾ ਜੀ ਦੀਆਂ ਅੱਖਾਂ ਵਿਚ ਵੀ ਕੋਈ ਖ਼ੁਸ਼ੀ ਨਹੀਂ ਸੀ ਨਜ਼ਰ ਆਉਂਦੀ। ਮੈਂ ਪਿਤਾ ਜੀ ਨੂੰ ਇਕ ਦਿਨ ਇਹ ਕੁੱਤਾ ਮੋੜ ਆਉਣ ਲਈ ਕਿਹਾ, ਪਰ ਪਿਤਾ ਜੀ ਨਾਂ ਮੰਨੇ, ਸਗੋਂ ਉਹ ਉੱਠ ਕੇ ਮੋਤੀ ਨੂੰ ਪਿਆਰ ਕਰਨ ਲਗ ਪਏ। ਮੋਤੀ ਪਿਤਾ ਜੀ ਦੇ ਹੱਥਾਂ ਨੂੰ ਚੱਟਣ ਲਗ ਪਿਆ। ਪਿਤਾ ਜੀ ਨੇ ਨੌਕਰਾਣੀ ਨੂੰ ਤਾਜ਼ਾ ਦੁੱਧ ਲਿਆਉਣ ਦੀ ਆਗਿਆ ਕੀਤੀ। ਜਦ ਪਿਤਾ ਜੀ ਨੇ ਮੋਤੀ ਨੂੰ ਦੁੱਧ ਪਿਲਾਇਆ ਤਾਂ ਉਹ ਅੱਧ-ਪਚੱਧਾ ਪੀ ਗਿਆ। ਉਸ ਦਿਨ ਤੋਂ ਮੋਤੀ ਫੇਰ ਮੇਰੇ ਨਾਲ ਖੇਡਣ ਲਗ ਪਿਆ। ਹੌਲੀ ਹੌਲੀ ਉਸ ਦੀ ਸੰਗਲੀ ਖੋਲ੍ਹੀ ਜਾਣ ਲਗ ਪਈ ਤੇ ਉਹ ਘਰ ਦਾ ਵਿਸ਼ਵਾਸੀ ਬਣ ਗਿਆ।

ਪਤਾ ਨਹੀਂ ਕਿਉਂ ਮੋਤੀ ਫ਼ਕੀਰਾਂ, ਮੰਗਤਿਆਂ ਤੇ ਸਾਧੂਆਂ ਨੂੰ ਚੋਰ ਸਮਝਦਾ ਸੀ। ਖ਼ਬਰੇ ਉਸ ਦੀ ਨਜ਼ਰ ਇਨਸਾਨਾਂ ਕੋਲੋਂ ਤਿੱਖੀ ਸੀ ਜੋ ਉਹ ਕਪੜਿਆਂ ਤੇ ਸਰੀਰ ਦੇ ਹੇਠਾਂ ਲੁਕੇ ਇਨਸਾਨ ਨੂੰ ਦੇਖ ਲੈਂਦਾ ਸੀ। ਪਰ ਕਦੇ ਕਦੇ ਕਿਸੇ ਸਾਧੂ ਨੂੰ ਬਿਨਾਂ ਭੌਂਕਿਆਂ ਲੰਘ ਵੀ ਜਾਣ ਦਿੰਦਾ ਸੀ।

ਜਦੋਂ ਕਦੇ ਉਹ ਮੇਰੇ ਸਕੂਲ ਜਾਣ ਦੇ ਸਮੇਂ ਖੁੱਲ੍ਹਾ ਹੁੰਦਾ ਸੀ ਉਹ ਮੇਰੇ ਮਗਰ ਦਬੇ ਪੈਰੀਂ ਤੁਰ ਪੈਂਦਾ ਸੀ ਤੇ ਮੈਨੂੰ ਉਦੋਂ ਹੀ ਪਤਾ ਲੱਗਣ ਦਿੰਦਾ ਸੀ ਜਦੋਂ ਮੈਂ ਜਮਾਤ ਦੇ ਕਮਰੇ ਵਿਚ ਦਾਖ਼ਲ ਹੋਵਾਂ। ਮੇਰੇ ਜਮਾਤੀ ਨਿੱਕੇ ਜਹੇ ਕੁੱਤੇ ਨੂੰ ਦੇਖ ਕੇ ਬੜੇ ਖ਼ੁਸ਼ ਹੁੰਦੇ ਸਨ ਤੇ ਉਸ ਨਾਲ ਪਿਆਰ ਕਰਦੇ ਸਨ। ਉਹ ਕਿਸੇ ਦਾ ਮੂੰਹ ਚੱਟ ਲੈਂਦਾ ਸੀ ਤਾਂ ਉਸ ਨੂੰ ਨਲਕੇ ਤੋਂ ਮੂੰਹ ਧੋਣਾ ਪੈਂਦਾ ਸੀ। ਗੇਂਦ ਨਾਲ ਖੇਡਦੇ ਮੁੰਡਿਆਂ ਦਾ ਗੇਂਦ ਮੂੰਹ ਵਿਚ ਲੈ ਕੇ ਉੱਠ ਨੱਸਦਾ ਸੀ ਤੇ ਮੇਰੇ ਹੱਥ ਵਿਚ ਫੜਾ ਕੇ ਸਾਹ ਲੈਂਦਾ ਸੀ। ਇਕ ਦਿਨ ਸਾਡਾ ਬੁੱਢਾ ਮਾਸਟਰ ਕੁੱਤੇ ਨੂੰ ਜਮਾਤ ਵਿਚ ਦੇਖ ਕੇ ਬੜਾ ਗੁੱਸੇ ਵਿਚ ਆਇਆ ਤੇ ਉਸ ਨੂੰ ਰੂਲ ਲੈ ਕੇ ਮਾਰਨ ਦੌੜਿਆ। ਮੋਤੀ ਕੋਈ ਉਸ ਦਾ ਵਿਦਿਆਰਥੀ ਥੋੜ੍ਹਾ ਸੀ ਜੋ ਉਸ ਦਾ ਰੋਹਬ ਝੱਲ ਲੈਂਦਾ। ਉਸ ਨੇ ਵਧ ਕੇ ਇਕ ਘੁਰਕੀ ਸੁਣਾਈ ਤੇ ਨਾਲ ਹੀ ਚਿੱਟੇ ਦੁੱਧ ਦੰਦ ਦਿਖਾਏ। ਮਾਸਟਰ ਰੂਲ ਸਮੇਤ ਆਪਣੀ ਕੁਰਸੀ ਉਤੇ ਡਿੱਗ ਪਿਆ ਤੇ ਲੱਤਾਂ ਉਪਰ ਚੁੱਕ ਲਈਆਂ। ਮੋਤੀ 'ਮਾਰੇ ਕੋਲੋਂ ਦੁੜਾਇਆ ਚੰਗਾ' ਦੇ ਅਖਾਣ ਦਾ ਕਾਇਲ ਸੀ। ਮਾਸਟਰ ਦੀ ਇਹ ਹਾਲਤ ਦੇਖ ਕੇ ਉਹ ਮੇਰੇ ਕੋਲ ਮੁੜ ਆਇਆ ਤੇ ਬੈਂਚ ਦੇ ਹੇਠਾਂ ਵੜ ਕੇ ਬਹਿ ਗਿਆ।

"ਤਾਂ ਇਹ ਕੁੱਤਾ ਤੇਰਾ ਹੈ ?" ਜ਼ਿਲ੍ਹਾ ਆਰਾ ਦੇ ਬੁੱਢੇ ਮਾਸਟਰ ਨੇ ਹਿੰਦੀ ਦੇ ਸ਼ਬਦਾਂ ਨੂੰ ਇਵੇਂ ਲਮਕਾਉਂਦਿਆਂ ਪੁੱਛਿਆ, ਜਿਵੇਂ ਉਹ ਕੁੱਤੇ ਤੋਂ ਡਰਦਾ ਹੀ ਨਹੀਂ।

ਮੈਂ ਡਰਦਿਆਂ ਡਰਦਿਆਂ ਮਾਸਟਰ ਨੂੰ ਕਿਹਾ, "ਇਹ ਕੁੱਤਾ ਮੇਰਾ ਹੀ ਹੈ।" ਉਸ ਉਸੇ ਵੇਲੇ ਆਗਿਆ ਦਿੱਤੀ ਕਿ ਮੈਂ ਮੋਤੀ ਨੂੰ ਘਰ ਛੱਡ ਕੇ ਆਵਾਂ। ਮੈਨੂੰ ਉਸ ਦਿਨ

ਇਕ ਘੰਟੇ ਦੀ ਛੁੱਟੀ ਮਿਲ ਗਈ। ਮੈਂ ਬੜਾ ਖ਼ੁਸ਼ ਸਾਂ, ਪਰ ਕੀ ਪਤਾ ਸੀ ਕਿ ਮਾਸਟਰ ਸਾਹਿਬ ਨੇ ਮੁੜਦਿਆਂ-ਸਾਰ ਸੇਵੀਆਂ ਦਾ ਸੁਆਦ ਚਖਾਉਣਾ ਹੈ- ਇਹ ਮਾਸਟਰ ਚਪੇੜਾਂ ਮਾਰਨ ਨੂੰ ਸੇਵੀਆਂ ਦਾ ਸੁਆਦ ਆਖਦਾ ਹੁੰਦਾ ਸੀ। ਘਰ ਜਾ ਕੇ ਮੈਂ ਚਪੇ ੜਾਂ ਦੀ ਕਹਾਣੀ ਮਾਤਾ ਜੀ ਨੂੰ ਸੁਣਾਈ, ਪਰ ਮਾਤਾ ਜੀ ਕੋਲੋਂ ਮੈਨੂੰ ਮੋਤੀ ਬਹੁਤਾ ਗੌਰ ਨਾਲ ਸੁਣਦਾ ਦਿਖਾਈ ਦਿੰਦਾ ਸੀ। ਮੈਂ ਉਂਗਲ ਕਰਕੇ ਉਸ ਵਲ ਇਸ਼ਾਰਾ ਕਰਦਿਆਂ ਕਹਿ ਹੀ ਰਿਹਾ ਸਾਂ, "ਹੱਛਾ ਬੱਚੂ ਮੈਨੂੰ ਮਾਰ ਪੁਆਈ...!" ਕਿ ਉਹ ਮੇਰੇ ਕੋਲ ਆ ਕੇ ਲੰਮਾ ਪੈ ਗਿਆ ਤੇ ਪੂਛ ਹਿਲਾ ਕੇ ਆਪਣੀ ਬੋਲੀ ਬੋਲਣ ਲਗ ਪਿਆ। ਖ਼ਬਰੇ ਉਹ ਮੈਨੂੰ ਕਹਿ ਰਿਹਾ ਸੀ ਕਿ 'ਮਿੱਤਰ, ਆਪਣੇ ਵੰਡੇ ਦਾ ਮੈਨੂੰ ਮਾਰ ਲੈ।'

ਉਸ ਤੋਂ ਮਗਰੋਂ ਉਸ ਨੇ ਸਕੂਲ ਜਾਣ ਦੀ ਇਕੋ ਵਾਰ ਕੋਸ਼ਿਸ਼ ਕੀਤੀ। ਮੈਨੂੰ ਉਦੋਂ ਹੀ ਪਤਾ ਲੱਗਾ ਜਦੋਂ ਅੱਧੀ ਛੁੱਟੀ ਵੇਲੇ ਮੈਂ ਬਾਹਰ ਨਿਕਲਿਆ। ਇਹ ਸਕੂਲ ਦੇ ਬੂਹੇ ਲਾਗੇ ਮੇਰੀ ਉਡੀਕ ਕਰ ਰਿਹਾ ਸੀ। ਮੈਂ ਉਸ ਨੂੰ ਜਮਾਤ ਦੇ ਕਮਰੇ ਵਿਚ ਲਿਜਾਣ ਲਈ ਪੁਚਕਾਰਿਆ, ਪਰ ਉਹ ਕਦ ਐਸੇ ਖ਼ੁਸ਼ਕ ਮਾਸਟਰ ਦੇ ਕਮਰੇ ਵਿਚ ਜਾਣਾ ਚਾਹੁੰਦਾ ਸੀ ਜਿਸ ਨੂੰ ਕੁੱਤਿਆਂ ਨਾਲ ਵੀ ਵਰਤਾਓ ਕਰਨਾ ਨਹੀਂ ਸੀ ਆਉਂਦਾ। ਮੈਂ ਗੁੱਸੇ ਵਿਚ ਆ ਕੇ ਕਿਹਾ, "ਨੱਠ ਜਾ, ਮੋਤੀ ! ਨਹੀਂ ਤੇ ਮੈਂ ਮਾਰਾਂਗਾ।" ਮੋਤੀ ਸੱਚੀ-ਮੁੱਚੀ ਉੱਠ ਦੌੜਿਆ। ਮੈਨੂੰ ਬੜਾ ਅਫ਼ਸੋਸ ਲੱਗਾ। ਮਤੇ ਮੇਰਾ ਮਿੱਤਰ ਗੁਆਚ ਜਾਵੇ। ਸਕੂਲ ਦੀ ਟੱਲੀ ਵਜਣ ਵਾਲੀ ਸੀ, ਚਪੜਾਸੀ ਨੇ ਬਾਹਰਲਾ ਬੂਹਾ ਮਾਰ ਦਿਤਾ। ਮੇਰਾ ਧਿਆਨ ਮੋਤੀ ਵਲ ਹੀ ਲੱਗਾ ਰਿਹਾ। ਬੇਖ਼ਿਆਲੀ ਵਿਚ ਮੈਂ ਕਈ ਸ਼ਬਦਾਂ ਦੇ ਅਰਥ ਤੇ ਜੋੜ ਗਲਤ ਦੱਸ ਕੇ ਮਾਰ ਖਾਧੀ। ਸਾਰੀ ਛੁੱਟੀ ਮਗਰੋਂ ਜਦ ਮੈਂ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਤਾਂ ਮੋਤੀ ਮੈਨੂੰ ਰਾਹ ਵਿਚ ਮਿਲਿਆ ਤੇ ਮੇਰੇ ਨਾਲ ਕੋਠੇ 'ਤੇ ਗਿਆ। ਮੇਰੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ। "ਕੁਝ ਲੱਭਾ ਹੈ ?" ਮਾਤਾ ਨੇ ਜਾਂਦਿਆਂ ਹੀ ਪੁੱਛਿਆ। "ਮੋਤੀ ਗੁਆਚ ਚਲਿਆ ਸੀ, ਉਹ ਲੱਭ ਪਿਆ ਹੈ।" "ਉਹ ਤੇ ਸਾਰਾ ਦਿਨ ਰਸੀਆ ਨਾਲ ਖੇਲਦਾ ਰਿਹਾ ਹੈ", ਮਾਤਾ ਜੀ ਨੇ ਬਾਲ-ਵਿਧਵਾ ਹਿੰਦੁਸਤਾਨੀ ਨੌਕਰਾਣੀ ਵਲ ਇਸ਼ਾਰਾ ਕਰਕੇ ਕਿਹਾ। ਉਸ ਵੇਲੇ ਮੈਨੂੰ ਕੁੱਤੇ ਦੇ ਇਸ ਡਬਲ ਰੋਲ ਦਾ ਪਤਾ ਨਾ ਲੱਗਾ।

ਮੋਤੀ ਵਿਚ ਬੜੇ ਗੁਣ ਸਨ। ਰਾਖੀ ਕਰਦਾ ਸੀ, ਦੂਰ ਸੁੱਟੀ ਚੀਜ਼ ਚੁੱਕ ਲਿਆਉਂਦਾ ਸੀ, 'ਸਿੱਟ ਡਾਊਨ' ਕਿਹਾਂ ਅਗਲੇ ਦੋਵੇਂ ਪੰਜੇ ਚੁੱਕ ਕੰਗਰੂ ਵਾਂਗ ਬੈਠ ਜਾਂਦਾ ਸੀ ਤੇ ਹਨੇਰੀਆਂ ਰਾਤਾਂ ਵਿਚ ਕਈ ਵਾਰੀ ਸੋਟੇ ਨਾਲ ਲਮਕਾਈਆਂ ਦੋ ਨਿੱਕੀਆਂ ਲਾਲਟੈਣਾਂ ਚੁੱਕ ਕੇ ਪਿਤਾ ਜੀ ਦੇ ਜੰਗਲੀ ਰਸਤਿਆਂ 'ਤੇ ਚਾਨਣ ਕਰਦਾ ਹੁੰਦਾ ਸੀ। ਪਿਤਾ ਜੀ ਉਸ ਦੀ ਕਦਰ ਉਦੋਂ ਤੋਂ ਹੋਰ ਵੀ ਬਹੁਤੀ ਕਰਨ ਲੱਗ ਪਏ ਜਦ ਉਸ ਨੇ ਉਨ੍ਹਾਂ ਦੀ ਜਾਨ ਬਚਾਈ ਸੀ। ਪਿਤਾ ਜੀ ਆਪਣੇ ਦਫ਼ਤਰ 'ਚੋਂ ਨਿਕਲ ਕੇ ਇੰਜੀਨੀਅਰ ਨਾਲ ਕਿਸੇ ਮਸ਼ੀਨ ਦੀ ਫਿਟਿੰਗ ਬਾਰੇ ਗੱਲਬਾਤ ਕਰ ਰਹੇ ਸਨ। ਅਚਾਨਕ ਮੋਤੀ ਨੇ-ਜੋ ਉਸ ਦਿਨ ਉਨ੍ਹਾਂ ਨਾਲ ਗਿਆ ਹੋਇਆ ਸੀ-ਉਨ੍ਹਾਂ ਦੀ ਪਤਲੂਨ ਫੜ ਲਈ। ਪਿਤਾ ਜੀ ਉਸ ਦਾ ਮਤਲਬ ਨਹੀਂ ਸਮਝਦੇ ਸਨ, ਪਰ ਮੋਤੀ ਉਨ੍ਹਾਂ ਨੂੰ ਪਤਲੂਨੋਂ ਫੜ ਕੇ ਖਿੱਚੀ ਜਾਂਦਾ ਸੀ। ਅਚਾਨਕ ਉਨ੍ਹਾਂ ਦੀ ਨਜ਼ਰ ਆਪਣੇ ਪੈਰਾਂ ਦੇ ਵਿਚਕਾਰ ਪਈ।

ਦੋਹਾਂ ਬੂਟਾਂ ਦੇ ਵਿਚਕਾਰ ਇਕ ਕਰੁੰਡੀਆ ਗੁੱਛੀ ਹੋਇਆ ਬੈਠਾ ਸੀ। ਪਿਤਾ ਜੀ ਛਾਲ ਮਾਰ ਕੇ ਲਾਂਭੇ ਹੋ ਗਏ ਤੇ ਮੋਤੀ ਉਸ ਨੂੰ ਦੇਖ ਕੇ ਭੌਂਕਣ ਲਗ ਪਿਆ। ਪਿਤਾ ਜੀ ਨੇ ਇਕ ਡਬਲ ਇੱਟ ਨਾਲ ਉਸ ਨੂੰ ਟਿਕਾਣੇ ਲਾ ਦਿੱਤਾ।

ਮੋਤੀ ਮੇਰੇ ਨਾਲ ਛੁੱਟੀ ਵਾਲੇ ਦਿਨ ਰਾਜਗੰਜ ਜਾਇਆ ਕਰਦਾ ਸੀ। ਇਕ ਦਿਨ ਪਿਤਾ ਜੀ, ਮੈਂ ਤੇ ਮੋਤੀ ਅਗਨਬੋਟ ਵਿਚ ਬੈਠੇ ਸਾਂ। ਜਹਾਜ਼ ਦੇ ਤੁਰਨ ਦਾ ਵਿਸਲ ਹੋ ਚੁੱਕਾ ਸੀ। ਜਹਾਜ਼ ਜੈਟੀ ਨਾਲੋਂ ਨਿੱਖੜ ਚੁੱਕਾ ਸੀ। ਮੋਤੀ ਮੈਨੂੰ ਨਾ ਦਿਸਿਆ। ਅਚਾਨਕ ਉਹ ਮੈਨੂੰ ਜੈਟੀ 'ਤੇ ਦਿਸਿਆ। ਮੈਂ ਚੀਕ-ਚਿਹਾੜਾ ਪਾ ਦਿੱਤਾ। ਪਿਤਾ ਜੀ ਛਾਲ ਮਾਰ ਕੇ ਜੈਟੀ 'ਤੇ ਚਲੇ ਗਏ। ਮੋਤੀ ਨੂੰ ਗਲੋਂ ਫੜ ਕੇ ਕਛ ਵਿਚ ਦੇ ਲਿਆ। ਉਸ ਦਿਨ ਪਿਤਾ ਜੀ ਨੇ ਉਹ ਕਾਰਨਾਮਾ ਕੀਤਾ ਜੋ ਮੈਨੂੰ ਕ਼ਦੇ ਨਹੀਂ ਭੁੱਲੇਗਾ। ਜਹਾਜ਼ ਤੇ ਜੈਟੀ ਵਿਚਕਾਰ ਵੀਹ-ਬਾਈ ਫੁਟ ਦਾ ਪਾੜ ਸੀ ਤੇ ਦਰਿਆ ਹੁਗਲੀ ਸ਼ਾਂ-ਸ਼ਾਂ ਕਰਦਾ ਵਗ ਰਿਹਾ ਸੀ। ਪਿਤਾ ਜੀ ਨੇ ਦੋ ਕੁ ਕਦਮ ਪਿਛਾਂਹ ਹਟ ਕੇ ਛਾਲ ਮਾਰੀ ਤੇ ਜਹਾਜ਼ ਦੇ ਜੰਗਲੇ ਨਾਲ ਮੋਤੀ ਸਮੇਤ ਆਣ ਚੰਬੜੇ। ਪੰਜਾਬੀ ਦਾ ਇਕ ਕਾਰਨਾਮਾ ਕਈ ਬੰਗਾਲੀ ਹੈਰਾਨੀ ਨਾਲ ਦੇਖ ਰਹੇ ਸਨ। ਉਨ੍ਹਾਂ ਦੀਆਂ ਇਸਤ੍ਰੀਆਂ ਇਸ ਜਵਾਨ ਨਾਲ ਆਪਣੇ ਪਤੀਆਂ, ਭਰਾਵਾਂ ਤੇ ਸੰਬੰਧੀਆਂ ਦਾ ਮੁਕਾਬਲਾ ਕਰ ਰਹੀਆਂ ਸਨ। ਅਚਾਨਕ ਉਪਰਲੀਆਂ ਪੌੜੀਆਂ ਤੋਂ ਇਕ ਮੇਮ ਉਤਰੀ ਤੇ ਪਿਤਾ ਜੀ ਨੂੰ ਆਪਣੀ ਬੋਲੀ ਵਿਚ ਕਹਿਣ ਲੱਗੀ, "ਤੁਸੀਂ ਬੜੇ ਬਹਾਦਰ ਹੋ। ਪਰ ਤੁਸੀਂ ਇਸ ਕੁੱਤੇ ਪਿੱਛੇ ਐਨਾ ਖ਼ਤਰਾ ਕਿਉਂ ਮੁੱਲ ਲਿਆ ?"

ਮੇਮ ਪਿਤਾ ਜੀ ਦੇ ਵਾਕਫ਼ ਮਿਲ-ਮੈਨੇਜਰ ਦੀ ਵਹੁਟੀ ਸੀ ਤੇ ਜਾਣਦੀ ਸੀ ਕਿ. ਪਿਤਾ ਜੀ ਤਰਨਾ ਨਹੀਂ ਜਾਣਦੇ। ਪਿਤਾ ਜੀ ਨੇ ਉੱਤਰ ਦਿੱਤਾ ਸੀ ਕਿ ਮੇਰਾ ਬੱਚਾ ਇਸ ਕੁੱਤੇ ਨੂੰ ਬੜਾ ਪਿਆਰ ਕਰਦਾ ਹੈ ਤੇ ਮੈਂ ਵੀ ਇਸ ਨੂੰ ਬੱਚੇ ਵਾਂਗੂੰ ਪਿਆਰ ਕਰਦਾ ਹਾਂ।

ਮੇਮ ਨੇ ਮੇਰੀ ਵਲ ਦੇਖਿਆ ਤੇ ਕਹਿਣ ਲੱਗੀ, "ਤਾਂ ਇਹ ਤੁਹਾਡਾ ਬੱਚਾ ਹੈ ?" ਉਸ ਨੇ ਮੇਰੀ ਖੱਬੀ ਗਲ੍ਹ ਨੂੰ ਥਪਕਿਆ ਤੇ ਉਸ ਦਿਨ ਤੋਂ ਮੇਰਾ ਤੇ ਮੋਤੀ ਦਾ ਉਸ ਨਾਲ ਮਿੱਤਰਾਨਾ ਪੈ ਗਿਆ। ਮੋਤੀ ਮੇਰੇ ਮਿੱਤਰ ਦਾ ਝਟ ਦੋਸਤ ਬਣ ਜਾਂਦਾ ਸੀ।

ਮੈਨੂੰ ਹੁਣ ਚੇਤਾ ਆਉਂਦਾ ਹੈ ਕਿ ਮੇਮ ਸਾਹਿਬ ਦਾ ਮੇਰੇ ਨਾਲੋਂ ਕੁੱਤੇ ਨਾਲ ਬਹੁਤਾ ਪਿਆਰ ਸੀ। ਇਸ ਕੁੱਤੇ ਨਾਲ ਕਈ ਤਰ੍ਹਾਂ ਦਾ ਪਿਆਰ ਹੁੰਦਾ ਸੀ : ਮੈਂ ਉਸ ਨੂੰ ਦੋਸਤਾਂ ਵਾਂਗ ਪਿਆਰ ਕਰਦਾ ਸਾਂ। ਪਿਤਾ ਜੀ ਦਾ ਪਿਆਰ ਹੌਲੀ ਹੌਲੀ ਮਾਪਿਆਂ ਵਾਲਾ ਹੋ ਰਿਹਾ ਸੀ। ਮਾਤਾ ਜੀ ਇਸ ਨੂੰ ਮੇਰੇ ਪਿੱਛੇ ਚੰਗਾ ਜਾਣਦੇ ਸਨ, ਪਰ ਇਸ ਮੇਮ ਦਾ ਪਿਆਰ ਅਜੀਬ ਸੀ। ਸ਼ਾਇਦ ਉਹ ਇਸ ਲਈ ਇਸ ਨੂੰ ਪਿਆਰ ਕਰਦੀ ਸੀ ਕਿਉਂਕਿ ਪਿਤਾ ਜੀ ਇਸਨੂੰ ਪਿਆਰ ਕਰਦੇ ਸਨ।

ਛੁੱਟੀ ਵਾਲੇ ਦਿਨ ਉਹ ਅਕਸਰ ਸਟੀਮਰ ਦੇ ਪਹੁੰਚਣ ਦੇ ਵੇਲੇ ਆਪਣੇ ਬੰਗਲੇ ਦੇ ਬਰਾਂਡੇ ਵਿਚੋਂ ਮੋਤੀ ਦੀ ਉਡੀਕ ਕਰ ਰਹੀ ਹੁੰਦੀ ਸੀ। ਮੋਤੀ ਪਿੱਛੇ ਮੈਨੂੰ ਅੰਡੇ, ਦੁੱਧ, ਕੇਕ, ਬਿਸਕੁਟ, ਚਾਕਲੇਟ ਤੇ ਸੈਂਡਵਿਚਾਂ ਦਾ ਗੱਫਾ ਮਿਲਿਆ ਕਰਦਾ ਸੀ। ਮੇਮ ਦੇ ਦੋ ਵੱਡੇ ਵੱਡੇ ਕੁੱਤੇ ਹੋਰ ਸਨ। ਮੋਤੀ ਉਨ੍ਹਾਂ ਨੂੰ ਕਦੇ ਡਾਹੀ ਨਹੀਂ ਸੀ ਦਿੰਦਾ।

ਗੁਲਾਬ, ਟਿਊਲਿਪ ਤੇ ਟਮਾਟਰਾਂ ਦੇ ਬੂਟਿਆਂ ਉਤੋਂ ਹੀ ਉਹ ਦੁੱਧ-ਚਿੱਟੀਆਂ ਪਰੀਆਂ ਵਾਂਗ ਉੱਡਿਆ ਫਿਰਦਾ। ਵੱਡੇ ਕੁੱਤੇ ਹੱਫ ਜਾਂਦੇ ਤਾਂ ਉਨ੍ਹਾਂ ਨੂੰ ਛੇੜ ਛੇੜ ਕੇ ਨੱਸਦਾ। ਪਤਾ ਨਹੀਂ ਇਸ ਨਿੱਕੇ ਜਹੇ ਕਤੂਰੇ ਵਿਚ ਇਹ ਅਟੱਕ ਤਾਕਤ ਕਿਥੋਂ ਆ ਗਈ ਸੀ। ਖੁਸ਼ਬੋਦਾਰ ਫੁੱਲਾਂ ਨਾਲ ਖਹਿ ਖਹਿ ਕੇ ਉਸ ਦਾ ਢਿਡ ਪੀਲਾ ਹੋ ਜਾਂਦਾ ਤੇ ਉਹ ਤੁਰਦਾ-ਫਿਰਦਾ ਫੁੱਲ ਜਾਪਦਾ।

ਮੈਨੂੰ ਪਤਾ ਹੈ ਮੇਮ ਨੇ ਮੂੰਹ ਪਾੜ ਕੇ ਇਕ ਵਾਰੀ ਪਿਤਾ ਜੀ ਤੋਂ ਇਸ ਕੁੱਤੇ ਦੀ ਮੰਗ ਕੀਤੀ ਸੀ ਪਰ ਪਿਤਾ ਨੇ ਕੇਵਲ ਇੰਨਾ ਉੱਤਰ ਦਿਤਾ ਸੀ ਕਿ ਇਹ ਮੇਰੇ ਬੱਚੇ ਦਾ ਖਿਲੌਣਾ ਹੈ। ਪਤਾ ਨਹੀਂ ਉਹ ਮੈਥੋਂ ਮੇਰਾ ਮਿੱਤਰ ਤੇ ਪਿਤਾ ਜੀ ਤੋਂ ਉਨ੍ਹਾਂ ਦਾ ਪੁੱਤਰ ਖੋਹਣ ਲਈ ਕਿਉਂ ਬੇਚੈਨ ਸੀ। ਪੇਸ਼ ਨਾ ਚਲਦੀ ਦੇਖ ਕੇ ਉਸ ਮੇਰੇ 'ਤੇ ਮਾਇਆ ਦਾ ਜਾਦੂ ਪਾਉਣਾ ਸ਼ੁਰੂ ਕੀਤਾ। ਨੋਟ ਦਿਖਾਏ, ਚਮਕਦੇ ਟਣਕਦੇ ਰੁਪਿਆਂ ਦੀ ਢੇਰੀ ਲਾ ਦਿਤੀ ਪਰ ਜਾਂ ਤਾਂ ਮੈਨੂੰ ਰੁਪਈਆਂ ਦੀ ਕੀਮਤ ਦਾ ਪਤਾ ਨਹੀਂ ਸੀ, ਜਾਂ ਘਰ ਵਿਚ ਰੁਪਈਆਂ ਦੀ ਕਮੀ ਨਾ ਹੋਣ ਕਰਕੇ ਪਰਵਾਹ ਨਹੀਂ ਸੀ ਅਤੇ ਜਾਂ ਬਚਪਨ ਉਹ ਸਮਾਂ ਸੀ ਜਦੋਂ ਯਾਰ ਰੁਪਈਆਂ ਪਿੱਛੇ ਨਹੀਂ ਸੀ ਵੇਚੇ ਜਾਂਦੇ। ਮੈਂ ਸਾਫ਼ ਨਾਂਹ ਕਰ ਦਿੱਤੀ।

ਢੇਰ ਚਿਰ ਪਿਛੋਂ ਸਾਡੇ ਦਿਨ ਪੁੱਠੇ ਹੋ ਚੁਕੇ ਸਨ। ਪਿਤਾ ਜੀ ਆਸਾਮ ਵਿਚੋਂ ਬਿਮਾਰ ਹੋਏ ਆਏ ਸਨ। ਉਨ੍ਹਾਂ ਦੀ ਆਖ਼ਰੀ ਚਾਹ ਵਤਨ ਮੁੜਨ ਦੀ ਸੀ। ਅਸਾਂ ਪੰਜਾਬ ਆਉਣ ਦੀ ਤਿਆਰੀ ਕੀਤੀ। ਸਾਮਾਨ, ਮਕਾਨ ਸਭ ਮਾਤਾ ਜੀ ਨੇ ਵੇਚ ਕੇ ਉਧਾਰ ਮੁਕਾ ਦਿੱਤੇ ਸਨ। ਟੈਕਸੀ ਤਿਆਰ ਸੀ। ਪਿਤਾ ਜੀ ਅੱਧ-ਬੇਹੋਸ਼ੀ ਦੀ ਹਾਲਤ ਵਿਚ ਲੰਮੇ ਪਾਏ ਗਏ। ਮੋਤੀ ਲਾਗੇ ਖੜਾ ਸੀ। ਮੈਂ ਉਸ ਨੂੰ ਟੈਕਸੀ ਵਿਚ ਬਿਠਾਉਣ ਦਾ ਚਾਹਵਾਨ ਸਾਂ ਜਦ ਮਾਤਾ ਜੀ ਨੇ ਡਰਾਈਵਰ ਨੂੰ ਚਲਣ ਦਾ ਹੁਕਮ ਦਿਤਾ। ਮੋਤੀ ਦੇ ਹੱਕ ਵਿਚ ਅੱਖਾਂ ਰਾਹੀਂ ਕੀਤੀ ਅਪੀਲ ਘੂਰੀ ਨਾਲ ਨਾ-ਮਨਜ਼ੂਰ ਹੋਈ। ਕਲਕੱਤੇ ਦੇ ਗਹਿਮਾ-ਗਹਿਮ ਬਾਜ਼ਾਰਾਂ ਵਿਚ ਮੋਤੀ ਮੋਟਰ ਨਾਲ ਦੌੜ ਲਾ ਰਿਹਾ ਸੀ। ਹੈਰੀਸਨ ਰੋਡ ਵਿਚ ਆ ਕੇ ਮੋਟਰ ਨੇ ਚਾਲ ਫੜੀ ਤੇ ਮੋਤੀ ਉਸ ਦਾ ਪਿੱਛਾ ਨਾ ਕਰ ਸਕਿਆ। ਸੂਰਦਾਸ ਦਾ ਗੀਤ:

"ਕਦਮ ਬੜ੍ਹੇ, ਆਗੇ, ਮਨ ਪਾਛੇ ਭਾਗੇ।"

ਸੁਣ ਕੇ ਮੈਨੂੰ ਆਪਣੀ ਉਸ ਵੇਲੇ ਦੀ ਹਾਲਤ ਚੇਤੇ ਆ ਜਾਂਦੀ ਹੈ।

ਗੱਡੀ ਵਿਚ ਸੀਟਾਂ ਬੁੱਕ ਸਨ। ਅਸੀਂ ਆਪਣੇ ਕਮਰੇ ਵਿਚ ਬੈਠੇ। ਪੰਦਰਾਂ ਵੀਹਾਂ ਮਿੰਟਾਂ ਬਾਅਦ ਜਦ ਕਿ ਗੱਡੀ ਚੀਕ ਮਾਰ ਕੇ ਤੁਰ ਚੁਕੀ ਸੀ, ਮੋਤੀ ਸ਼ੁਦਾਈਆਂ ਵਾਂਗ ਕਿਸੇ ਗੁਆਚੇ ਨੂੰ ਲੱਭਦਾ ਪਲੇਟਫ਼ਾਰਮ 'ਤੇ ਦਾਖ਼ਲ ਹੋਇਆ। ਮੇਰੇ ਕੋਲੋਂ ਨਾ ਰਿਹਾ ਗਿਆ। ਮੈਂ ਆਵਾਜ਼ ਦਿਤੀ। ਅੰਨ੍ਹੇ-ਵਾਹ ਨਠਦਾ ਮੋਤੀ ਡੱਬੇ ਨਾਲ ਆਣ ਮਿਲਿਆ। ਪਲੇਟਫ਼ਾਰਮ ਲੰਘ ਚੁੱਕਾ ਸੀ। ਦੌੜ ਲਾਈਨਾਂ ਵਿਚ ਸ਼ੁਰੂ ਸੀ। ਮੋਤੀ ਹਲਕਾਏ ਕੁੱਤੇ ਵਾਂਗ ਝੱਗ ਸੁੱਟ ਰਿਹਾ ਸੀ। ਉਹ ਝਈਆਂ ਲੈਂਦਾ ਸੀ। ਮਲੂਮ ਹੁੰਦਾ ਸੀ ਉਹ ਇਕ ਚੱਕ ਭਰ ਕੇ ਗੱਡੀ ਖੜੀ ਕਰ ਲਵੇਗਾ। ਪਰ ਬੇ-ਰਹਿਮ, ਬੇ-ਦਿਲ ਇੰਜਣ ਤੇਜ਼ ਹੋ ਰਿਹਾ ਸੀ : ਮਾਤਾ ਜੀ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਪਤਾ ਨਹੀਂ ਕਿਉਂ

ਮਾਤਾ ਜੀ ਜ਼ੰਜੀਰ ਖਿਚ ਕੇ ਗੱਡੀ ਖੜੀ ਨਹੀਂ ਸਨ ਕਰਦੇ। ਸ਼ਾਇਦ ਮਾਤਾ ਜੀ ਨੂੰ ਵਹਿਮ ਹੋ ਚੁੱਕਾ ਸੀ ਕਿ ਪਿਤਾ ਜੀ ਦੀ ਬਿਮਾਰੀ ਦਾ ਕਾਰਨ ਉਹੋ ਹੈ। ਮੋਤੀ ਅੱਜ ਦੌੜ ਵਿਚ ਹਾਰ ਖਾ ਰਿਹਾ ਸੀ। ਮੈਂ, ਜਦੋਂ ਤਕ ਉਹ ਮਾੜਾ ਜਿਹਾ ਨੁਕਤਾ ਹੋ ਕੇ ਦਿਸਣੋਂ ਨਾ ਹਟ ਗਿਆ, ਉਸ ਨੂੰ ਵੇਖਦਾ ਰਿਹਾ। ਛਾਲ ਮਾਰਨ ਨੂੰ ਜੀਅ ਨਹੀਂ ਸੀ ਕਰਦੈਂਾ। ਪਿਤਾ ਜੀ ਹੋਸ਼ ਵਿਚ ਹੁੰਦੇ ਤਾਂ ਜ਼ਰੂਰ ਉਸਨੂੰ ਫੜ ਲਿਆਉਂਦੇ।

ਮਗਰੋਂ ਸਾਨੂੰ ਗੁਆਂਢੀਆਂ ਦੀ ਚਿੱਠੀ ਆਈ ਸੀ ਕਿ ਲਗਾਤਾਰ ਇਕ ਮਹੀਨਾ ਮੋਤੀ ਸਾਡੇ ਵੇਚੇ ਹੋਏ ਮਕਾਨ ਅੱਗੇ ਬੈਠਾ ਰਹਿੰਦਾ ਸੀ। ਦਿਨ ਰਾਤ ਵਿਚ ਇਕ ਘੰਟਾ ਉਹ ਕਿਤੇ ਗਾਇਬ ਰਹਿੰਦਾ ਸੀ। ਕੀ ਪਤਾ ਆਪਣੇ ਮਿੱਤਰ ਨੂੰ ਸਟੇਸ਼ਨ 'ਤੇ ਦੇਖਣ ਜਾਂਦਾ ਹੋਵੇ। ਇਕ ਦਿਨ ਰਾਤੀਂ ਉਹ ਬੜਾ ਰੋਇਆ। ਖ਼ਬਰੇ ਉਹੋ ਰਾਤ ਮੇਰੇ ਪਿਤਾ ਜੀ ਦੇ ਸੰਸਾਰ ਤਿਆਗਣ ਦੀ ਰਾਤ ਸੀ, ਤੇ ਫੇਰ ਉਸ ਨੂੰ ਕਿਸੇ ਨੇ ਨਹੀਂ ਦੇਖਿਆ। ਹੁਣ ਵੀ ਮੋਤੀ ਦਾ ਖ਼ਿਆਲ ਮੈਨੂੰ ਬੰਗਾਲ ਵਲ ਖਿਚਦਾ ਰਹਿੰਦਾ ਹੈ। ਪਰ ਸਮੇਂ ਦੇ ਗੇੜ ਅਜੀਬ ਹਨ !

ਭੁੱਖ

ਮੇਰੀ ਪਤਨੀ ਨੇ ਬਦੋ-ਬਦੀ ਦੇਰ ਕਰਾ ਦਿਤੀ ਸੀ। ਉਹ ਹਮੇਸ਼ਾ ਏਦਾਂ ਕਰਦੀ ਹੈ। ਅਸਾਂ ਲਾਇਲਪੁਰ ਛੇਤੀ ਤੋਂ ਛੇਤੀ ਪਹੁੰਚਣਾ ਸੀ। ਮੇਰੀ ਸੱਸ ਦਾ ਭਣਵੱਈਆ ਗੁਜ਼ਰ ਗਿਆ ਸੀ। ਅਸੀਂ ਤਿੰਨ ਜਣੇ ਸਾਂ। ਮੈਂ, ਸੱਸ ਰਾਣੀ ਤੇ ਮੇਰਾ ਛੋਟਾ ਸਾਲਾ, ਜਿਸ ਦੇ ਚਾ-ਮਲ੍ਹਾਰ ਵਿਚ ਜਿੰਦੇ ਨੇ ਗੱਡੀ ਖੁੰਝਾ ਦਿੱਤੀ ਸੀ। ਪਤਨੀ ਦੀਆਂ ਬੇਵਕੂਫੀਆਂ ਯਾਦ ਕਰ ਕਰ ਕੇ ਮੇਰਾ ਪਾਰਾ ਚੜ੍ਹ ਰਿਹਾ ਸੀ।

ਅਸੀਂ ਲਾਹੌਰ ਸਟੇਸ਼ਨ ਤੋਂ ਸ਼ਹੀਦ-ਗੰਜ ਵਾਲੇ ਅੱਡੇ ਨੂੰ ਮੁੜੇ। ਗੋਲ ਚੌਕ ਤੋਂ ਹੀ ਕਲੀਨਰ ਦੀ ਕੰਨ ਪਾੜਵੀਂ ਆਵਾਜ਼ ਸੁਣਾਈ ਦੇ ਰਹੀ ਸੀ। ਉਹ ਹੋਕ ਰਿਹਾ ਸੀ, "ਲਾਇਲਪੁਰ ! ਲਾਇਲਪੁਰ !" ਗੱਡੀ ਤੋਂ ਰਹਿ ਗਏ ਮੁਸਾਫ਼ਰ ਅੱਡੇ ਵੱਲ ਨੂੰ ਆ ਰਹੇ ਸਨ। ਕੁਝ ਲਾਰੀ ਲਾਗੇ ਖੜੋਤੇ ਸਨ। ਪਰ ਟਿਕਟਾਂ ਖਰੀਦਣੋਂ ਜਕੋ-ਤਕੇ ਕਰਦੇ ਸਨ। ਮੈਂ ਅਗਾਂਹ ਵਧ ਕੇ ਪੁੱਛਿਆ, "ਲਾਇਲਪੁਰ ਜਾਣ ਵਾਲੀ ਕੋਈ ਸੁਆਰੀ ਵੀ ਹੈ ?" ਛੋਟੀ ਜਹੀ ਭੀੜ ਵਿਚੋਂ ਪੰਜ ਛੇ ਬੰਦੇ ਲਾਇਲਪੁਰ ਜਾਣ ਵਾਲੇ ਨਿਕਲ ਆਏ। ਮੈਂ ਸਭ ਤੋਂ ਪਹਿਲਾਂ ਦੋ ਟਿਕਟਾਂ ਖ਼ਰੀਦ ਲਈਆਂ। ਅਗਲੀ ਸੀਟ ਵਿਹਲੀ ਸੀ, ਪਰ ਉਸ ਦੀ ਟਿਕਟ ਖ਼ਰੀਦਦਿਆਂ ਸੱਸ ਨਾਲ ਸਾਥ ਨਹੀਂ ਸੀ ਰਹਿੰਦਾ। ਸੋ ਅਸੀਂ ਵਿਚਕਾਰਲੀਆਂ ਸੀਟਾਂ ਵਿਚ ਬੈਠ ਗਏ। ਕੁਝ ਚਿਰ ਮਗਰੋਂ ਇਕ ਬਜ਼ੁਰਗ ਮਾਈ ਟਿਕਟ ਲੈ ਕੇ ਅੰਦਰ ਵੜੀ। 'ਤੀਵੀਆਂ ਇਕ ਪਾਸੇ' ਦੇ ਖਿਆਲ ਨਾਲ ਮੈਂ ਉਸ ਨੂੰ ਸੱਸ ਨਾਲ ਥਾਂ ਦੇ ਕੇ ਆਪ ਸਾਹਮਣੀ ਸੀਟ 'ਤੇ ਬੈਠ ਗਿਆ। ਇੰਨੇ ਨੂੰ ਦੋ ਚਾਰ ਹੋਰ ਸਵਾਰੀਆਂ ਵੀ ਆ ਗਈਆਂ। ਇਕ ਮੌਲਵੀ ਸਾਹਿਬ ਮੇਰੇ ਨਾਲ ਬੈਠੇ। ਸੋਹਣੇ, ਉਮਰ ਮਸੀਂ ਵੀਹ ਬਾਈ ਸਾਲ, ਪਰ ਦਾੜ੍ਹੀ ਤੇ ਲਬਾਂ ਸ਼ਰਈ।

ਇੰਨੇ ਨੂੰ ਇਕ ਜੋੜਾ ਹੋਰ ਆਇਆ। ਨੌਜਵਾਨ ਸਿੱਧੜ ਜਿਹਾ ਪਰ ਉਸ ਦੀ ਸਾਥਣ ਇਹੋ ਜਿਹੀ ਕਿ ਜਿਹੋ ਜਿਹੀ ਮੈਂ ਕਦੇ ਹੀ ਦੇਖੀ ਹੋਵੇ। ਲੱਜਿਆਵਾਨ ਚਿਹਰੇ ਤੇ ਸ਼ੋਖ਼ ਅੱਖਾਂ ਵਿਚ ਬੇਸ਼ਰਮੀ ਦਾ ਲੇਸ਼-ਮਾਤਰ ਵੀ ਨਹੀਂ ਸੀ। ਕਪੜੇ ਉਸ ਦੇ ਕੀਮਤੀ ਜਾਂ ਫ਼ੈਸ਼ਨੇਬਲ ਨਹੀਂ ਸਨ, ਪਰ ਉਹ ਉਨ੍ਹਾਂ ਵਿਚ ਹੀ ਸਜੀ ਹੋਈ ਸੀ।

ਨੌਜਵਾਨ ਨੇ ਮੇਰੇ ਵਲ ਤਕ ਕੇ ਜਟਕੀ ਜਹੀ ਬੋਲੀ ਵਿਚ ਕਿਹਾ, "ਸਰਦਾਰ ਜੀ, ਥਾਂ ਵਿਹਲੀ ਹੈ ?" ਮੇਰੇ ਮੂੰਹੋਂ ਪਤਾ ਨਹੀਂ ਕਿਵੇਂ ਨਿਕਲ ਗਿਆ, "ਤੁਹਾਡੇ ਲਈ ਬੜੀ ਥਾਂ ਹੈ।" ਪਤਾ ਨਹੀਂ, ਇਸ 'ਤੁਹਾਡੇ ਲਈ' ਨੇ ਉਸ ਤੇ ਕੀ ਅਸਰ ਕੀਤਾ। ਉਹ ਕਲੀਨਰ ਕੋਲ ਗਿਆ। ਟਿਕਟਾਂ ਦਿਖਾ ਕੇ ਕਹਿਣ ਲੱਗਾ, "ਡਰੈਵਰ ਜੀ, ਦੋ ਜਣਿਆਂ ਦੀ ਥਾਂ ਰੱਖਣੀ। ਅਸੀਂ ਮਿੰਟਾਂ 'ਚ ਸ਼ਹੀਦ-ਗੰਜ ਦਾ ਦਰਸ਼ਨ ਕਰਕੇ ਆਏ।'

ਲਾਰੀ ਬਥੇਰੀ ਖ਼ਾਲੀ ਪਈ ਸੀ। ਕਲੀਨਰ ਨੇ ਆਖਿਆ, "ਚੰਗਾ" ਤੇ ਉਹ ਸ਼ਹੀਦ-

ਰੰਜ ਵਾਲੇ ਪਾਸੇ ਤੁਰ ਗਏ। ਕਲੀਨਰ ਦੀ ਜ਼ਿਮੇਂਵਾਰੀ ਮੈਂ ਆਪਣੇ ਸਿਰ ਲੈ ਲਈ। ਜਿਹੜਾ ਬੰਦਾ ਤੀਵੀਂ ਵਿਚਕਾਰਲੇ ਖ਼ਾਨੇ ਵਿਚ ਵੜਦਾ, ਮੈਂ ਉਸ ਨੂੰ ਇਹ ਕਹਿ ਕੇ ਪਿਛਲੇ ਪਾਸੇ ਤੋਰ ਦਿੰਦਾ ਕਿ ਅੱਗੇ ਥਾਂ ਰੁਕੀ ਹੋਈ ਹੈ। ਜਦ ਉਹ ਜੋੜਾ ਵਾਪਸ ਮੁੜਿਆ, ਵਿਚਕਾਰਲੇ ਖ਼ਾਨੇ ਦੀ ਅਗਲੀ ਸੀਟ ਉਤੇ ਹੀ ਤਿੰਨਾਂ ਸਵਾਰੀਆਂ ਦੀ ਥਾਂ ਸੀ। ਜਵਾਨ ਜੱਟ ਨੇ ਆਉਂਦਿਆਂ ਕਲੀਨਰ ਨੂੰ ਪੁੱਛਿਆ, "ਸਾਡੀ ਥਾਂ ਰੱਖੀ ਐ ?" ਕਲੀਨਰ ਨੂੰ ਇਸ ਗੱਲ ਦਾ ਚੇਤਾ ਹੀ ਨਹੀਂ ਸੀ। ਇਸ ਗੱਲ ਤੋਂ ਪਹਿਲੋਂ ਕਿ ਉਹ ਉੱਤਰ ਦਿੰਦਾ, ਮੈਂ ਉੱਚੀ ਜਹੀ ਕਿਹਾ, "ਹਾਂ, ਇਸ ਪਾਸੇ ਰੱਖੀ ਹੋਈ ਹੈ।" ਕਲੀਨਰ ਨੇ ਮੇਰੇ ਜਵਾਬ ਤੇ ਛੁਟਕਾਰਾ ਪਾਇਆ ਤੇ ਉਹਨਾਂ ਨੂੰ ਸਾਡੇ ਵਲ ਲੈ ਆਇਆ। ਜਵਾਨ ਪਿਛਲੇ ਹਿੱਸੇ ਵਲ ਦੇਖਦਾ ਸੀ। ਸ਼ਾਇਦ ਦੋ ਜਣਿਆਂ ਲਈ ਵਿਹਲੀ ਥਾਂ ਦੇਖਦਾ ਹੋਵੇ। ਆਖ਼ਰ ਉਸ ਆਪਣੀ ਸਾਥਣ ਨੂੰ ਅੰਦਰ ਬੈਠਣ ਲਈ ਕਿਹਾ। ਉਹ ਸਾਹਮਣੇ ਤੀਵੀਆਂ ਵਾਲੇ ਪਾਸੇ ਬੈਠ ਗਈ। ਜਵਾਨ ਵੀ ਉਸ ਦੇ ਨਾਲ ਉਸ ਦੇ ਲਾਗੇ ਬੈਠ ਗਿਆ। ਮੁਟਿਆਰ ਮੌਲਵੀ ਦੇ ਸਾਹਮਣੇ ਬੈਠੀ ਸੀ। ਉਸ ਦੇ ਗੋਡਿਆਂ ਨਾਲ ਗੋਡੇ ਲਗਣੋਂ ਬਚਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਐਨ ਇਸੇ ਵੇਲੇ ਇਕ ਹੋਰ ਸਵਾਰੀ ਆਈ। ਇਕ ਸਵਾਰੀ ਦੀ ਥਾਂ ਬਸ ਇਸੇ ਖ਼ਾਨੇ ਵਿਚ ਵਿਹਲੀ ਸੀ ਤੇ ਉਹ ਵੀ ਸਾਹਮਣੇ ਪਾਸੇ ਦੀ ਸੀਟ 'ਤੇ। ਜਵਾਨ ਨੇ, ਮਲੂਮ ਹੁੰਦਾ ਸੀ, ਕੁਝ ਕਾਹਲੀ ਕਾਹਲੀ ਸੋਚਿਆ ਤੇ ਆਪ ਦਰਵਾਜ਼ੇ ਲਾਗੋਂ ਹਟ ਕੇ ਉਸ ਆਦਮੀ ਨੂੰ ਆਪਣੀ ਥਾਂ ਦੇ ਦਿਤੀ ਤੇ ਤਕਰੀਬਨ ਮੇਰੇ ਸਾਹਮਣੇ ਹੋ ਗਈ। ਹੁਣ ਉਸ ਗੋਡਿਆਂ ਨਾਲੋਂ ਗੋਡੇ ਬਚਾਉਣ ਦਾ ਜਤਨ ਬੰਦ ਕਰ ਦਿਤਾ ਤੇ ਨਿਸਚਿੰਤ ਜਹੀ ਹੋ ਗਈ। ਨੌਜਵਾਨ ਮੇਰੇ ਵੱਲ ਘੜੀ-ਮੁੜੀ ਦੇਖਦਾ ਮਲੂਮ ਹੁੰਦਾ ਸੀ ਤੇ ਪਤਾ ਨਹੀਂ ਉਸ ਦੇ ਸਾਹਮਣੇ ਤੱਕਣ ਵਿਚ ਵੀ ਮੈਨੂੰ ਘੂਰੀ ਕਿਉਂ ਜਾਪਦੀ ਸੀ। ਇਕ ਅਟੈਚੀਕੇਸ ਜੋ ਪਹਿਲੋਂ ਮੁਟਿਆਰ ਦੇ ਹੱਥ ਵਿਚ ਸੀ, ਉਸ ਆਪਣੇ ਪੱਟਾਂ ਤੇ ਰੱਖ ਲਿਆ ਸੀ।

ਲਾਰੀ ਭਰ ਚੁੱਕੀ ਸੀ। ਡਰਾਈਵਰ ਨੇ ਸਟੀਅਰਿੰਗ ਵੀਲ ਪਕੜਿਆ। ਅੰਦਰੋਂ ਏਅਰ ਸਟਾਰਟਰ ਨੂੰ ਪੈਰ ਨਾਲ ਨੱਪਿਆ ਤੇ ਗੱਡੀ ਹੌਲੀ ਹੌਲੀ ਤੁਰ ਪਈ। ਇਕ ਛੇਕ ਵਿਚ ਕੁੰਜੀ ਭੁਆ ਕੇ ਉਸ ਹੈਡ ਲਾਈਟਾਂ ਜਗਾ ਦਿਤੀਆਂ। ਅੰਦਰ ਬੈਟਰੀ ਜਿਡਾ ਬਲਬ ਸੀ, ਜੋ ਮੇਰੇ ਸਿਰ ਤੇ ਸੀ, ਆਪਣੀ ਬੇਮਲੂਮ ਰੌਸ਼ਨੀ ਦੇਣ ਲਗ ਪਿਆ। ਗੱਡੀ ਨੂੰ ਦੂਸਰੀ ਗੇਅਰ ਵਿਚ ਲਿਆ ਕੇ ਉਸ ਚਾਲ ਤੇ ਆਵਾਜ਼ ਨੂੰ ਦਰੁਸਤ ਕਰ ਦਿੱਤਾ। ਗੱਡੀ ਸ਼ਹਿਰ ਦੇ ਬਾਜ਼ਾਰਾਂ ਤੋਂ ਲੰਘਦੀ ਲੰਘਾਉਂਦੀ ਰਾਵੀ ਦੇ ਪੁਲੋਂ ਪਾਰ ਜਾ ਰਹੀ ਸੀ। ਜਦੋਂ ਕੁੜੀ ਨੇ ਆਪਣੇ ਸਾਥੀ ਨੂੰ ਕਿਹਾ, 'ਭਾ ਜੀ।' ਮੇਰੀ ਜੁਰੱਤ ਉਸ ਕੁੜੀ ਦੀ ਗੱਲ ਸੁਣ ਕੇ ਵਧ ਗਈ। ਮੈਂ ਉਸ ਨੂੰ ਮੱਧਮ ਰੌਸ਼ਨੀ ਵਿਚ ਸਿੱਧੀ ਨਜ਼ਰ ਨਾਲ ਦੇਖਣ ਲਗ ਪਿਆ। ਕੁੜੀ ਦੀ ਨਜ਼ਰ ਥੱਲੇ ਗਡੀ ਹੋਈ ਸੀ, ਜਿਥੇ ਮੇਰਾ ਖੱਬਾ ਗੋਡਾ ਉਸ ਦੇ ਸੱਜੇ ਪੱਟ ਦੇ ਅੰਦਰ ਲੱਗਾ ਹੋਇਆ ਸੀ। ਮੇਰੇ ਗੋਡੇ ਨੂੰ ਕੁਝ ਨਿੱਘ ਜਿਹਾ ਪਹੁੰਚਦਾ ਮਲੂਮ ਹੁੰਦਾ ਸੀ। ਇਸ ਮੁਟਿਆਰ ਨੂੰ ਉਸ ਜਵਾਨ ਦੀ ਭੈਣ ਸਮਝ ਕੇ ਮੇਰਾ ਦਿਲ ਅਨਜਾਣਿਆਂ ਖ਼ੁਸ਼ ਹੋ ਗਿਆ ਸੀ। ਮੇਰੇ ਦਿਲ ਤੋਂ ਖ਼ਬਰੇ ਇਸ ਗੱਲ ਦਾ ਭਾਰ ਲੱਥ ਗਿਆ ਸੀ ਕਿ ਇਹ ਮੁਟਿਆਰ ਉਸ ਦੀ ਪਤਨੀ ਨਹੀਂ, ਪਰ ਫਿਰ

ਵੀ ਮੈਂ ਉਸ ਜਵਾਨ ਤੋਂ ਡਰਦਾ ਸਾਂ। ਜਦ ਉਹ ਮੇਰੇ ਵੱਲ ਤੱਕਦਾ ਹੁੰਦਾ ਤਾਂ ਮੈਂ ਉਸ ਦੀ ਭੈਣ ਵਲ ਨਾ ਤੱਕਦਾ। ਪਰ ਇਕ ਦੋ ਵਾਰੀ ਉਸ ਨੇ ਮੇਰੀ ਚੋਰੀ ਆਪਣੀਆਂ ਨਜ਼ਰਾਂ ਨਾਲ ਫੜ ਹੀ ਲਈ। ਕੁੜੀ ਆਪਣਾ ਸੱਜਾ ਪੱਟ ਮੌਲਵੀ ਦੀ ਛੋਹ ਤੋਂ ਬਚਾਉਂਦੀ ਸੀ ਤੇ ਖੱਬਾ ਮੇਰੇ ਗੋਡੇ ਨਾਲ ਜੋੜਦੀ ਜਾਂਦੀ ਸੀ। ਮੈਂ ਸੋਚਿਆ, ਉਹ ਜੇ ਮੈਨੂੰ ਚੰਗਾ ਨਹੀਂ ਜਾਣਦੀ ਤਾਂ ਭੈੜਾ ਵੀ ਨਹੀਂ ਸਮਝਦੀ। ਮੇਰੇ ਦਿਲ ਵਿਚ ਆਸਾਂ ਖਿੜ ਪਈਆਂ, ਉਮੰਗਾਂ ਉਛਲ ਉਠੀਆਂ ਤੇ ਕਿਸੇ ਅਕਹਿ ਨਸ਼ੇ ਨੇ ਮੈਨੂੰ ਭੁਲਾ ਦਿਤਾ ਕਿ ਮੈਂ ਕਿਸੇ ਦਾ ਪਤੀ ਹਾਂ, ਜੁਆਈ ਹਾਂ, ਭਣਵੱਈਆ ਹਾਂ ਤੇ ਇਕ ਨਿੱਕੀ ਜਿੰਦੜੀ ਦਾ ਪਿਤਾ ਵੀ।

ਨਿੱਕਾ ਜਿਹਾ ਬਲਬ ਮੇਰੀ ਸਹਾਇਤਾ ਕਰਨ ਲਗਾ, ਕਦੀ ਪੰਜ ਮਿੰਟ ਬੁਝ ਜਾਂਦਾ ਕਦੀ ਦਸ ਮਿੰਟ ਜਗ ਪੈਂਦਾ; ਅਚਾਨਕ ਜਗ ਪੈਂਦਾ, ਅਚਾਨਕ ਬੁਝ ਜਾਂਦਾ; ਤੇ ਕਦੀ ਮੱਧਮ ਹੁੰਦਾ ਹੁੰਦਾ ਹਨੇਰੇ ਵਿਚ ਘਿਰ ਜਾਂਦਾ ਤੇ ਮੁੜ ਹੌਲੀ ਹੌਲੀ ਜਗ ਪੈਂਦਾ। ਕੁੜੀ ਦਾ ਸੱਜਾ ਗੋਡਾ ਮੇਰੇ ਖੱਬੇ ਪੱਟ ਨੂੰ ਬਾਹਰਲੇ ਪਾਸਿਓਂ ਇਉਂ ਨੱਪਦਾ ਜਾਪਦਾ ਸੀ ਜਿਵੇਂ ਉਸ ਪਿੱਛੇ ਕਿਸੇ ਇਰਾਦੇ ਦਾ ਜ਼ੋਰ ਹੋਵੇ। ਮੈਂ ਇਸ ਨੂੰ ਹਾਲੀ ਤਕ ਆਪਣਾ ਵਹਿਮ ਸਮਝਦਾ ਸਾਂ। ਬਿਜਲੀ ਦੇ ਅਚਾਨਕ ਜਗ ਪੈਣ ਤੇ ਜਦ ਮੈਂ ਉਸ ਦੇ ਚਿਹਰੇ ਵਲ ਤੱਕਿਆ, ਤਾਂ ਉਹ ਮੇਰੇ ਚਿਹਰੇ ਵਲ ਤਕ ਰਹੀ ਸੀ। ਮੇਰੇ ਤਕਣ ਤੇ ਉਸ ਨਜ਼ਰਾਂ ਚੁਰਾ ਲਈਆਂ, ਮੈਂ ਸੋਚਿਆ ਕੱਦ ਮੇਰਾ ਨਹੀਂ, ਰੰਗ ਮੇਰਾ ਚਿੱਟਾ ਨਹੀਂ, ਨਕਸ਼ ਮੇਰੇ ਚੰਗੇ ਨਹੀਂ। ਗੁਣ ? ਗੁਣਾਂ ਨੂੰ ਕੌਣ ਦੇਖ ਸਕਦਾ ਹੈ ? ਇਹ ਕੁੜੀ ਮੇਰੇ ਵੱਲ ਕਿਉਂ ਦੇਖਦੀ ਹੈ ? ਕਿਉਂਕਿ ਮੈਂ ਜਵਾਨ ਹਾਂ ? ਇਹ ਕੋਈ ਖਿੱਚ ਦਾ ਖ਼ਾਸ ਕਾਰਨ ਨਹੀਂ। ਕਿਉਂਕਿ ਮੈਂ ਸਿੱਖ ਹਾਂ ? ਹੋ ਸਕਦਾ ਹੈ। ਸ਼ਾਇਦ ਮੇਰੀ ਪੁਸ਼ਾਕ ਹੀ ਕਾਰਨ ਹੋਵੇ ਖਿੱਚ ਦਾ। ਪਰ ਇਸ ਤੋਂ ਤਾਂ ਉਹ ਬਹੁਤ ਘਟੀਆ ਕੁੜੀ ਸਾਬਤ ਹੁੰਦੀ ਹੈ। ਇਹ ਨਹੀਂ ਹੋ ਸਕਦਾ। ਇਹੋ ਜਹੀ ਕੁੜੀ ਨੂੰ ਘਟੀਆ ਕਹਿਣਾ ਵਧੀਕੀ ਹੈ। ਮੈਂ ਆਪਣੇ ਸਵਾਲਾਂ ਜਵਾਬਾਂ ਤੋਂ ਤੰਗ ਆ ਗਿਆ।

ਮੁਟਿਆਰ ਦੇ ਦੋਹਾਂ ਪੱਟਾਂ ਵਿਚਕਾਰ ਮੇਰਾ ਗੋਡਾ ਚਲਾ ਗਿਆ ਸੀ। ਮੈਂ ਦੋਹਾਂ ਪਾਸਿਆਂ ਤੋਂ ਕੱਸ ਮਹਿਸੂਸ ਕਰ ਰਿਹਾ ਸਾਂ। ਇਹ ਜ਼ਰੂਰ ਗਿਰੇ ਚਾਲ ਚਲਨ ਵਾਲੀ ਕੁੜੀ ਹੈ। ਅਚਾਨਕ ਬਲਬ ਜਗ ਪਿਆ। ਮੈਂ ਉਸ ਵਲ ਦੇਖਿਆ। ਉਸ ਦੀ ਨਜ਼ਰ ਵਿਚ ਬੇਪਰਵਾਹੀ ਸੀ। ਇਨ੍ਹਾਂ ਅੱਖਾਂ ਵਾਲੀ ਕੁੜੀ ਨੂੰ ਚਲਾਕ ਜਾਂ ਹੋਰ ਕੁਝ ਵੱਧ ਕਹਿਣਾ ਬੁਰਾ ਜਾਪਿਆ। ਕੱਸ ਬਦਸਤੂਰ ਕਾਇਮ ਸੀ। ਚਾਨਣ ਵਿਚ ਮੈਂ ਦੇਖਿਆ, ਮੌਲਵੀ ਸਾਹਿਬ ਦਾ ਗੋਡਾ ਕੁੜੀ ਦੇ ਸੱਜੇ ਪੱਟ ਨੂੰ ਲਗਣ ਦਾ ਜਤਨ ਕਰ ਰਿਹਾ ਸੀ। ਮੌਲਵੀ ਸਾਹਿਬ ਉਂਘਲਾ ਰਹੇ ਸਨ। ਕੁੜੀ ਆਪਣੀ ਲੱਤ ਉਸ ਛੁਹ ਤੋਂ ਬਚਾਉਣ ਦਾ ਜਤਨ ਕਰ ਰਹੀ ਸੀ। ਦੂਸਰੇ ਪਾਸੇ ਮਾਈ ਦੀਆਂ ਲੱਤਾਂ ਕੱਸੀਆਂ ਪਈਆਂ ਸਨ। ਉਹ ਮੇਰੀ ਸੱਜੀ ਲੱਤ ਤੇ ਜ਼ੋਰ ਪਾਈ ਜਾ ਰਹੀ ਸੀ। ਮੇਰੀ ਲੱਤ ਕੁੜੀ ਦੇ ਖੱਬੇ ਪੱਟ ਨੂੰ ਘੁਟਣ ਵਾਲੀ ਤਾਕਤ ਦੇ ਰਹੀ ਸੀ। "ਮੈਂ ਕਿੱਡਾ ਮੂਰਖ ਹਾਂ", ਮੈਂ ਸੋਚਿਆ, "ਅਕਾਰਨ ਨੂੰ ਕਾਰਨ ਮੰਨ ਕੇ ਮੈਂ ਉਸ ਨੂੰ ਬੁਰਾ ਬਣਾਈ ਜਾ ਰਿਹਾ ਹਾਂ। ਤੇ ਮੈਂ ਕਿਧਰ ਦੀ ਸੁੱਚੀ ਸੁੰਦ ਹਾਂ ਜੋ ਕੁੜੀ ਦੀ ਛੁਹ ਤੋਂ ਅਨੰਦ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।" ਮੈਂ ਉਸ ਨੂੰ ਚੰਗੀ ਸਮਝਣ ਲਗ ਪਿਆ ਤੇ ਕੌਣ ਨਹੀਂ ਜਾਣਦਾ ਪਿਆਰ ਕਿਸੇ ਨੂੰ ਚੰਗਾ ਸਮਝ

ਕੇ ਹੀ ਪੈਂਦਾ, ਵਧਦਾ ਤੇ ਫੁਲਦਾ ਫਲਦਾ ਹੈ। ਮੈਂ ਕਲਪਨਾ ਦੇ ਮੰਡਲ ਦੀ ਉਡਾਰੀ ਲੈਣ ਲੱਗਾ। ਉਹ ਮੈਨੂੰ ਸ਼ੁੱਧ ਸੋਨੇ ਦੀ ਦੇਵ-ਮੂਰਤੀ ਦਿੱਸੀ, ਜਿਸ ਨੂੰ ਮੇਰਾ ਮਨ ਪੁਜਾਰੀ ਬਣ ਕੇ ਲੋਕਾਂ ਦੀਆਂ ਨਜ਼ਰਾਂ ਤੋਂ ਲੁਕ ਕੇ ਪੁਸ਼ਪਾਂਜਲੀ ਅਰਪਣ ਕਰ ਰਿਹਾ ਸੀ।

ਮਾਈ ਬੋਲ ਉਠੀ, "ਵੇ ਵੀਰਾ ! ਤੂੰ ਤੇ ਮੇਰੀਆਂ ਲੱਤਾਂ ਪੀੜ ਸੁਟੀਆਂ ਨੇ।"

ਮੈਂ ਕਿਹਾ, "ਮਾਈ, ਮੇਰੇ ਵਸ ਦੀ ਕੋਈ ਗੱਲ ਨਹੀਂ। ਤੂੰ ਆਪੇ ਦੇਖ ਲੈ...।"

"ਵੇ ਕਾਕਾ ! ਤੈਨੂੰ ਆਹਨੀਆਂ।" ਉਸ ਜਵਾਨ ਮੌਲਵੀ ਵੱਲ ਤਕ ਕੇ ਕਿਹਾ, "ਤੂੰ ਜ਼ਰਾ ਪਰੇ ਹੋ ਜਾ। ਮੇਰੀਆਂ ਲੱਤਾਂ ਟੁੱਟਣ ਤੇ ਆ ਗਈਆਂ ਨੇ।"

"ਠੀਕ ਹੈ ਯਾਰ। ਤੂੰ ਜ਼ਰਾ ਆਪਣੀ ਲੱਤ ਪਰੇ ਕਰ ਲਏਂ ਤੇ ਕਾਫ਼ੀ...।"

"ਪਰ ਥਾਂ ਕਿਥੇ ਹੈ ਸਰਦਾਰ ਜੀ", ਉਸ ਉਪਰੋਂ ਇੱਜ਼ਤ ਨਾਲ ਕਿਹਾ। ਪਰ ਉਸ ਦੀਆਂ ਅੱਖਾਂ ਕਹਿ ਰਹੀਆਂ ਸਨ, ਮੈਂ ਤੇਰੀਆਂ ਸਾਰੀਆਂ ਹਰਕਤਾਂ ਜਾਣਦਾ ਹਾਂ। ਉਹ ਮੈਨੂੰ ਇਸੇ ਗੱਲੋਂ ਆਪਣਾ ਰਕੀਬ ਸਮਝਣ ਲੱਗਾ।

ਉਸੇ ਵੇਲੇ ਕੁੜੀ ਦੇ ਭਰਾ ਦੀ ਅੱਖ ਖੁਲ੍ਹੀ ਤੇ ਉਸ ਸ਼ੱਕੀ ਤੇਜ਼ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ। ਮਲੂਮ ਹੁੰਦਾ ਸੀ ਲਿਸ਼ਕਦੀ ਢਲੀ ਧਾਤ ਦੀਆਂ ਦੋ ਧਾਰਾਂ ਮੇਰੇ ਦਿਲ ਨੂੰ ਸਾੜ ਕੇ ਪਾਰ ਨਿਕਲ ਜਾਣਗੀਆਂ, ਪਰ ਅਚਾਨਕ ਬਿਜਲੀ ਬੁਝ ਗਈ ਤੇ ਮੇਰਾ ਬਚਾ ਹੋ ਗਿਆ।

ਹਨੇਰੇ ਵਿਚ ਮੈਂ ਉਸ ਨੂੰ ਕਹਿੰਦੇ ਸੁਣਿਆ, "ਡਰੈਵਰ, ਤੇਰੀ ਬਿਜਲੀ ਕਿਹੋ ਜਿਹੀ ਹੈ ? ਇਸ ਨੂੰ ਜਗਦਾ ਕਿਉਂ ਨਹੀਂ ਰਹਿਣ ਦਿੰਦਾ ?"

ਡਰੈਵਰ ਨੇ ਡਰੈਵਰਾਂ ਵਾਲੀ ਆਕੜ ਵਿਚ ਉੱਤਰ ਦਿੱਤਾ, "ਦਿਸਦਾ ਨਹੀਂ, ਇਹੋ ਜਹੀ ਈ ਹੁੰਦੀ ਐ ਲਾਰੀਆਂ ਵਿਚ।"

ਮੈਂ ਹੌਸਲਾ ਕਰ ਕੇ ਕੁੜੀ ਦੇ ਭਰਾ ਦੀ ਹਮਦਰਦੀ ਜਿੱਤਣ ਲਈ ਕਿਹਾ, ਡਰੈਵਰ ਸਾਹਿਬ, ਬਿਜਲੀ ਜਗਦੀ ਰਹੇ ਤੇ ਚੰਗਾ ਹੈ।" ਪਰ ਅਸਲ ਵਿਚ ਗੱਲ ਉਲਟ ਸੀ।

ਡਰੈਵਰ ਨੇ ਹਨੇਰੇ ਵਿਚੋਂ ਮੇਰੀ ਆਵਾਜ਼ ਪਛਾਣਦਿਆਂ ਕਿਹਾ, "ਸਰਦਾਰ ਜੀ, ਬਿਜਲੀ ਖ਼ਰਾਬ ਹੈ। ਇਸ ਨੂੰ ਜਗਣ-ਬੁਝਣ ਦੀ ਬਿਮਾਰੀ ਹੋ ਗਈ ਹੈ। ਕੱਲ੍ਹ ਇਸ ਦਾ ਇਲਾਜ ਹੋ ਜਾਏਗਾ।"

ਉਸਦੀ ਗੱਲ ਮੈਨੂੰ ਕਿਸੇ ਅਰਸ਼ੀ ਫ਼ਰਿਸ਼ਤੇ ਦੀ ਇਮਦਾਦ ਜਾਪੀ। ਮੇਰੇ ਖ਼ਿਆਲਾਂ ਵਿਚ ਪਰਿਵਰਤਨ ਹੋ ਰਿਹਾ ਸੀ। ਅੱਜ ਹਨੇਰਾ ਮੈਨੂੰ ਆਸ਼ਾ ਤੇ ਚਾਨਣ ਨਿਰਾਸ਼ਾ ਜਾਪਦੀ ਸੀ।

ਬਲਬ ਦੀ ਤਾਰ ਲਾਲ ਹੋਈ ਤੇ ਹੌਲੀ ਹੌਲੀ ਚਿੱਟੀ ਹੋ ਕੇ ਚਾਨਣ ਖਿਲਾਰਨ ਲੱਗੀ। ਕੁੜੀ ਦੀ ਬਾਂਹ ਪੱਟਾਂ 'ਤੇ ਰੱਖੇ ਸੂਟਕੇਸ ਤੋਂ ਲਮਕ ਰਹੀ ਸੀ। ਹਾਥੀ ਦੰਦ ਦਾ ਲਾਲ ਚੂੜਾ ਦੇਖ ਕੇ ਮੇਰੇ ਮਨ ਨੂੰ ਇਕ ਧੱਕਾ ਵੱਜਾ। 'ਕੁੜੀ ਵਿਆਹੀ ਹੋਈ ਹੈ, ਮੂਰਖਾ !' ਮਨ ਨੇ ਕਿਹਾ, 'ਤੂੰ ਵੀ ਤਾਂ ਵਿਆਹਿਆ ਹੋਇਆ ਹੈਂ।' ਤੇ ਇਵੇਂ ਮੇਰੀ ਚਾਹ ਨੂੰ ਇਕ ਹੋਰ ਸਹਾਰਾ ਮਿਲ ਗਿਆ।

ਝੱਟ ਦਿਮਾਗ ਵਿਚ ਇਕ ਹੋਰ ਖ਼ਿਆਲ ਦੀ ਲੜੀ ਚਾਲੂ ਹੋ ਗਈ, 'ਵਿਆਹਿਆ

ਕੁਆਰੀ ਕੁੜੀ ਤੋਂ ਕੋਈ ਆਸ ਰੱਖੋ ਤਾਂ ਪਾਪ ਹੈ, ਪਰ ਵਿਆਹੀ ਕੁੜੀ ਤੋਂ ਕੋਈ ਆਸ ਰੱਖਣੀ ਤਾਂ ਮਹਾਂ ਪਾਪ ਹੈ। ਕੀ ਇਹ ਕਿਸੇ ਦੇ ਘਰ ਨੂੰ ਅੱਗ ਲਾਉਣ ਦੇ ਬਰਾਬਰ ਨਹੀਂ ?'

ਮੈਂ ਆਪਣੀ ਲੱਤ ਉਰ੍ਹਾਂ ਸਰਕਾਉਣ ਦੀ ਕੋਸ਼ਿਸ਼ ਕੀਤੀ। ਕੁੜੀ ਜੋ ਸੁੱਤੀ ਹੋਈ ਮਲੂਮ ਹੁੰਦੀ ਸੀ, ਜਾਗ ਪਈ। ਉਸ ਦੀਆਂ ਅੱਖਾਂ ਵਿਚ ਇਕ ਤਰਲਾ ਸੀ। ਮੇਰੀ ਇਸ ਹਰਕਤ ਨੇ ਉਸ ਦਾ ਸੁਪਨਿਆਂ ਦਾ ਸੰਸਾਰ ਫ਼ਨਾਹ ਕਰ ਦਿੱਤਾ ਜਾਪਦਾ ਸੀ। ਮੈਂ ਲੱਤ ਉਥੇ ਹੀ ਰਹਿਣ ਦਿਤੀ। ਕੁੜੀ ਨੇ ਅੱਖਾਂ ਮੀਟ ਲਈਆਂ। ਬੱਤੀ ਬੁੱਝ ਗਈ। ਕੁੜੀ ਦੀਆਂ ਲੱਤਾਂ ਕੰਬਣ ਲਗ ਪਈਆਂ, ਜਿਵੇਂ ਉਸ ਨੂੰ ਠੰਡ ਲਗ ਰਹੀ ਹੋਵੇ ਪਰ ਮੌਸਮ ਤੇ ਗੁਲਾਬੀ ਜਿਹਾ ਹੀ ਸੀ।

ਮੇਰਾ ਹੱਥ ਮੇਰੇ ਗੋਡੇ 'ਤੇ ਪਿਆ ਸੀ। ਉਪਰੋਂ ਕਿਸੇ ਕੋਮਲ ਜਹੀ ਚੀਜ਼ ਦੀ ਬੇਮਲੂਮ ਠੋਕਰ ਲੱਗੀ। ਜਾਣਿਆਂ, ਕੁੜੀ ਦੀ ਉਂਗਲ ਦੀ ਛੋਹ ਹੈ। ਪਰ ਕੀ ਕੁੜੀ ਜਾਣ ਬੁਝ ਕੇ ਇਹ ਕੁਝ ਕਰ ਰਹੀ ਹੈ ? ਮੈਂ ਇਮਤਿਹਾਨ ਲੈਣ ਲਈ ਆਪਣਾ ਹੱਥ ਸੂਤਰ ਕੁ ਥੱਲੇ ਦਬਾਇਆ। ਮੈਂ ਚਾਹੁੰਦਾ ਸਾਂ ਕਿ ਉਸ ਦੀ ਉਂਗਲ ਮੇਰੀ ਤਲੀ ਨੂੰ ਫੇਰ ਛੂਹੇ। ਉਂਗਲ ਫੇਰ ਤਲੀ ਨਾਲ ਲਗ ਗਈ। ਕੁੜੀ ਮੇਰੀਆਂ ਨਜ਼ਰਾਂ ਵਿਚੋਂ ਗਿਰ ਰਹੀ ਸੀ। ਪਰ ਫਿਰ ਵੀ ਗੋਡਾ ਉਰ੍ਹਾਂ ਕਰ ਲੈਣ ਦੀ ਤਾਕਤ ਮੇਰੇ ਵਿਚ ਨਹੀਂ ਸੀ। 'ਉਹ ਭੈੜੀ ਕੁੜੀ ਨਹੀਂ', ਦਿਲ ਨੇ ਕਿਹਾ। ਖ਼ਬਰੇ ਉਸ ਦੀ ਛੁਹ ਦਾ ਅਨੰਦ ਲੈਣ ਦੀ ਚਾਹ ਨੇ ਮੇਰੀ ਤਲੀ ਨੂੰ ਅਣਜਾਣਿਆਂ ਉੱਚਾ ਕਰ ਦਿੱਤਾ ਹੋਵੇ। ਪਰਵਾਹ ਉਲਟਾ ਚਲ ਪਿਆ। ਕੀ ਪਤਾ ਮੇਰੇ ਵਰਗੀ ਚਾਹ ਉਸ ਦੇ ਅੰਦਰ ਵੀ ਜਾਗੀ ਹੋਵੇ ਤੇ ਦੋਹਾਂ ਦੀ ਬੇਮਲੂਮ ਕੋਸ਼ਿਸ਼ ਨੇ ਤਲੀ ਤੇ ਉਂਗਲ ਦਾ ਸੰਜੋਗ ਕਰ ਦਿਤਾ ਹੋਵੇ। ਜੇ ਦੋ ਆਤਮਾਵਾਂ, ਦੋ ਚਾਹਾਂ, ਦੋ ਸਰੀਰ ਆਪੋ ਵਿਚ ਮਿਲਣਾ ਲੋੜਦੇ ਹੋਣ ਤਾਂ ਕਿਉਂ ਕੋਈ ਉਨ੍ਹਾਂ ਨੂੰ ਰੋਕ ?

ਬਲਬ ਜਗ ਪਿਆ। ਉਹ ਉਂਗਲ ਹੀ ਸੀ। ਕੁੜੀ ਸੁੱਤੀ ਪ੍ਰਤੀਤ ਹੁੰਦੀ ਸੀ। ਪਰ ਉਂਗਲ ਮੇਰੀ ਤਲੀ ਤੋਂ ਉਂਗਲ ਦੀ ਵਿੱਥ 'ਤੇ ਸੀ। ਤਾਂ ਕੀ ਕੁੜੀ ਘੇਸਲੀ ਹੈ, ਜਿਸ ਚਾਨਣ ਹੋਂਦਿਆਂ ਸਾਰ ਹੀ ਉਂਗਲ ਉਤਾਂਹ ਕਰ ਲਈ। ਮੈਂ ਦੇਖਿਆ, ਮੌਲਵੀ ਜਾਗ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਰਕਾਬਤ ਦਾ ਭਾਵ ਨਹੀਂ ਸੀ। ਉਹ ਚੁੱਪ ਬੋਲੀ ਵਿਚ ਕਹਿ ਰਿਹਾ ਜਾਪਦਾ ਸੀ, "ਦੋਸਤ, ਜਿਹੜੀ ਚੀਜ਼ ਮੇਰੇ ਹੱਥ ਨਹੀਂ ਆ ਸਕਦੀ, ਉਹ ਮੈਂ ਤੇਰੇ ਹੱਥੋਂ ਕਿਉਂ ਗੁਆਵਾਂ !"

ਮੋਟਰੀ ਦੀ ਚਲਣ ਦੀ ਆਵਾਜ਼ ਵਿਚੋਂ ਪਿਛਲੇ ਪਾਸਿਓਂ ਜੰਗ 'ਤੇ ਬਹਿਸ ਹੋ ਰਹੀ ਸੀ। ਦੋਹਾਂ ਨੂੰ ਚੁੱਪ ਕਰਾਉਣ ਦੇ ਖ਼ਿਆਲ ਨਾਲ ਮੈਂ ਉੱਚੀ ਜਹੀ ਕਿਹਾ, "ਦੋ ਲੁੱਚਿਆਂ ਦੀ ਲੜਾਈ ਧਰਮ-ਜੁੱਧ ਨਹੀਂ ਹੁੰਦਾ !"

ਮੁਟਿਆਰ ਦਾ ਭਰਾ ਜਾਗ ਰਿਹਾ ਸੀ। ਉਸ ਦੀ ਤੱਕਣੀ ਵਿਚ ਘਟ ਸਖ਼ਤੀ ਸੀ। ਪਤਾ ਨਹੀਂ ਕਿਵੇਂ ਗੱਲਾਂ ਤੁਰ ਪਈਆਂ। ਮੌਲਵੀ ਨੇ ਹੀ ਸ਼ਾਇਦ ਉਸ ਨੂੰ ਪੁੱਛਿਆ, "ਸਰਦਾਰ ਜੀ, ਕੀ ਕੰਮ ਕਰਦੇ ਹੋ ?" ਮੈਨੂੰ ਮਲੂਮ ਹੁੰਦਾ ਸੀ ਕਿ ਉਹ ਮੇਰੀ ਸਹਾਇਤਾ ਕਰ ਰਿਹਾ ਹੈ। ਗੱਲਾਂ ਵਿਚ ਇਹ ਪਤਾ ਚਲਿਆ ਕਿ ਉਹ ਖੱਤਰੀ ਹੈ। ਵਪਾਰ ਵਿਚ

ਘਾਟਾ ਪੈਣ ਕਰਕੇ ਉਨ੍ਹਾਂ ਦੀ ਹਾਲਤ ਵਿਗੜ ਗਈ ਸੀ। ਉਹ ਕਿਸੇ ਸੀ.ਪੀ. ਦੇ ਕਸਬੇ ਵਿਚ ਜਾ ਆਬਾਦ ਹੋਏ ਸਨ। ਇਸ ਕੁੜੀ ਦੀ ਸ਼ਾਦੀ ਥੋੜ੍ਹਾ ਚਿਰ ਹੋਇਆ, ਲਾਇਲਪੁਰ ਦੇ ਲਾਗੇ ਕਿਸੇ ਪਿੰਡ ਵਿਚ ਕੀਤੀ ਗਈ ਸੀ। ਉਸ ਦਾ ਭਣਵੱਈਆ ਇਲਾਕੇ ਦਾ ਚੰਗਾ ਮੰਨਿਆ-ਦੰਨਿਆ ਸ਼ਾਹੂਕਾਰ ਹੈ ਤੇ ਹੁਣ ਉਨ੍ਹਾਂ ਦੀ ਹਾਲਤ ਚੰਗੀ ਹੈ।

ਮੇਰੇ ਵਿਚ ਇਹ ਜੁਰੱਅਤ ਨਹੀਂ ਸੀ ਕਿ ਉਨ੍ਹਾਂ ਦਾ ਕੋਈ ਪਤਾ ਟਿਕਾਣਾ ਪੁੱਛਾਂ, ਕਿਉਂਕਿ ਉਹ ਇਸ ਗੱਲ ਨੂੰ ਆਪ ਵੀ ਲੁਕਾਉਂਦਾ ਜਾਪਦਾ ਸੀ।

ਮੇਰੀ ਸੱਸ ਨੇ ਚੁਪ ਤੋੜੀ ਤੇ ਆਖਣ ਲੱਗੀ, "ਕਾਕਾ, ਛੋਟਾ ਵੀਰ ਤੇਰਾ ਸੌਂ ਗਿਆ ਹੈ। ਮੈਂ ਤੇ ਥੱਕ ਗਈ ਹਾਂ, ਇਸ ਨੂੰ ਆਪਣੇ ਪੱਟਾਂ 'ਤੇ ਪਾ ਲੈ।"

ਮੈਂ ਸਾਲੇ ਨੂੰ ਚੁਕ ਕੇ ਪੱਟਾਂ 'ਤੇ ਪਾ ਲਿਆ। ਮੌਲਵੀ ਨੇ ਉਸ ਨੂੰ ਅੱਧਾ ਆਪਣੇ ਪੱਟਾਂ 'ਤੇ ਖਿੱਚ ਲਿਆ। ਉਸ ਦੀ ਇਕ ਬਾਂਹ ਖਿਲਰੀ ਹੋਈ ਸੀ। ਮੁਟਿਆਰ ਨੇ 'ਕਠੀ ਕਰ ਦਿਤੀ ਤੇ ਬਾਂਹ ਫੇਰ ਸੂਟਕੇਸ ਤੋਂ ਲਮਕਾ ਦਿਤੀ। ਮੇਰੀ ਬਾਂਹ ਕਾਕੇ ਦੀ ਗਰਦਨ ਹੇਠੋਂ ਫੇਰ ਉਸੇ ਟਿਕਾਣੇ ਪਹੁੰਚ ਗਈ। ਹਨੇਰਾ ਹੋਣ ਤੋਂ ਕੁਝ ਚਿਰ ਮਗਰੋਂ ਉਂਗਲ ਫੇਰ ਮੇਰੀ ਤਲੀ ਨੂੰ ਲੱਗੀ। ਮੈਂ ਹੌਸਲਾ ਕਰ ਕੇ ਤਲੀ ਦਾ ਜ਼ੋਰ ਉਪਰ ਲਾਇਆ। ਉਂਗਲ ਉਥੇ ਹੀ ਸੀ। ਮੈਂ ਤਲੀ ਹਟਾ ਕੇ ਉਂਗਲ ਦੀ ਲੰਬਾਈ 'ਤੇ ਪੋਟੇ ਨੂੰ ਫੇਰਿਆ। ਕਿਸੇ ਨਾ ਹਟਾਇਆ। ਮੈਂ ਸਭ ਕੁਝ ਭੁਲਦਿਆਂ ਉਸ ਦੀ ਉਂਗਲ ਫੜ ਲਈ। ਉਂਗਲ ਨਿਕਲਣ ਲਈ ਕੁਝ 'ਕਠੀ ਹੁੰਦੀ ਜਾਪੀ ਤੇ ਫਿਰ ਉਸੇ ਤਰ੍ਹਾਂ ਰਹਿ ਗਈ। ਭਾਵੇਂ ਮੋਟਰ ਸਾਰਿਆਂ ਨੂੰ ਹਿਲਾ ਰਹੀ ਸੀ, ਪਰ ਫਿਰ ਵੀ ਕੁੜੀ ਦੀ ਬਾਂਹ ਵਿਚ ਮੈਂ ਇਕ ਖ਼ਾਸ ਕਾਂਬਾ ਮਹਿਸੂਸਿਆ। ਮੇਰਾ ਆਪਣਾ ਰੋਮ ਰੋਮ ਕੰਬ ਰਿਹਾ ਸੀ। ਕੁਝ ਚਿਰ ਮਗਰੋਂ ਕੁੜੀ ਨੇ ਮੇਰਾ ਹਥ ਪਕੜ ਲਿਆ। ਮਲੂਮ ਹੁੰਦਾ ਸੀ ਕਿ ਸਰੀਰ ਦੀਆਂ ਸਾਰੀਆਂ ਸ਼ਕਤੀਆਂ ਦੋਹਾਂ ਹੱਥਾਂ ਵਿਚ ਕੇਂਦ੍ਰਿਤ ਹੋ ਗਈਆਂ ਹਨ।

ਚਾਨਣ ਹੋ ਗਿਆ। ਕੁੜੀ ਨੇ ਹੱਥ ਛਡ ਦਿਤਾ। ਉਹ ਜਾਗ ਰਹੀ ਸੀ। ਮੇਰੇ ਵਲ ਦੇਖ ਰਹੀ ਸੀ। ਮੌਕਾ ਤਾੜ ਕੇ ਮੈਂ ਮੁਸਕਰਾਇਆ। ਕੁੜੀ ਦੇ ਬੁਲ੍ਹਾਂ ਤੇ ਮੈਂ ਮੁਸਕਰਾਹਟ ਦੇਖਣੀ ਚਾਹੁੰਦਾ ਸਾਂ, ਪਰ ਉਥੇ ਗੰਭੀਰਤਾ ਸੀ। ਸ਼ਾਇਦ ਕਿਸੇ ਪੀੜ ਦੀ ਚੀਸ ਨੂੰ ਲੁਕਾਉਣ ਵਿਚ ਉਸ ਦਾ ਸਾਰਾ ਜ਼ੋਰ ਲਗ ਰਿਹਾ ਸੀ।

ਸਮਾਂ ਤੇ ਲਾਰੀ ਦੋਵੇਂ ਮੈਨੂੰ ਅਚੱਲ ਜਾਪ ਰਹੇ ਸਨ। ਦੋਹਾਂ ਦੀ ਤੇਜ਼ ਚਾਲ ਦਾ ਮੈਨੂੰ ਹੁਣ ਪਤਾ ਲੱਗਾ। ਕਿਸੇ ਦੀ ਗੱਲ ਮੈਨੂੰ ਸੁਣਾਈ ਨਹੀਂ ਦਿੰਦੀ ਸੀ। ਆਖ਼ਰੀ ਗੱਲ ਜੋ ਮੈਂ ਸੁਣੀ ਸੀ ਉਹ ਉਸ ਦੇ ਭਰਾ ਦੀ ਸੀ : "ਹਾਂ ਜੀ, ਸਾਡੇ ਪ੍ਰਾਹੁਣੇ ਦਾ ਵੱਡਾ ਲੜਕਾ ਵੀ ਫ਼ੌਜ ਵਿਚ ਲਫਟੈਨ..." ਉਹ ਇਕਦਮ ਚੁੱਪ ਹੋ ਗਿਆ ਸੀ। ਉਹ ਵੀ ਮੇਰੇ ਵਾਂਗ ਆਪਣੀ ਭੈਣ ਦੇ ਚਿਹਰੇ ਵਲ ਦੇਖਣ ਲੱਗ ਪਿਆ। ਉਸ ਦੀਆਂ ਅੱਖਾਂ ਵਿਚ ਭੈ ਦੇ ਆਸਾਰ ਸਨ। "ਸੁਹਾਗਵੰਤੀ, ਕਿਉਂ ਕੀ ਗੱਲ ਹੈ ?" ਉਸ ਦੇ ਭਰਾ ਨੇ ਪੁੱਛਿਆ। ਕੁੜੀ ਨੇ ਇਕ ਡੂੰਘਾ ਸਾਹ ਲਿਆ। ਉਹ ਉਸ ਦਾ ਉੱਤਰ ਸੀ। ਉਸ ਆਪਣੀਆਂ ਲੱਤਾਂ ਸੀਟ 'ਤੇ ਕੱਠੀਆਂ ਕਰ ਲਈਆਂ। ਅਟੈਚੀ ਕੇਸ ਥੱਲੇ ਰੱਖ ਦਿੱਤਾ, ਉਹ ਅਟੈਚੀਕੇਸ ਜਿਸ ਵਿਚ ਸ਼ਾਇਦ ਉਸ ਦੇ ਗਹਿਣੇ ਸਨ। ਭਰਾ ਨੇ ਉਹ ਚੁੱਕ ਕੇ ਆਪਣੇ ਪੱਟਾਂ 'ਤੇ ਰੱਖ ਲਿਆ। ਕਈ ਵਾਰ ਬਿਜਲੀ ਬੁਝੀ ਤੇ ਜਗੀ, ਪਰ ਕੁੜੀ

ਚੁੱਪ ਬੈਠੀ ਸੀ। ਮੈਨੂੰ ਵੀ ਉਸ ਤੋਂ ਭੈ ਪ੍ਰਤੀਤ ਹੋ ਰਿਹਾ ਸੀ। "ਲਾਇਲਪੁਰ ਸਟੇਸ਼ਨ", ਕਲੀਨਰ ਜਿਵੇਂ ਬਰੜਾ ਉਠਿਆ ਹੋਵੇ।

ਮੈਂ ਬੜੀ ਮੁਸ਼ਕਲ ਨਾਲ ਸਾਲੇ ਨੂੰ ਲੈ ਕੇ ਥੱਲੇ ਉਤਰਿਆ। ਮੇਰੀ ਸੱਸ ਵੀ ਬਾਹਰ ਆ ਗਈ। ਬਿਜਲੀ ਜਗ ਰਹੀ ਸੀ। ਮੇਰੀ ਆਤਮਾ ਉਸ ਕੁੜੀ ਨੂੰ ਪੁਕਾਰ ਪੁਕਾਰ ਕੁਝ ਕਹਿਣਾ ਲੋਚਦੀ ਸੀ। ਕੁਝ ਸੁਣਨਾ ਮੰਗਦੀ ਸੀ। ਕਾਕੇ ਨੂੰ ਸੱਸ ਨੇ ਫੜ ਲਿਆ। ਲਾਰੀ ਸਰਕ ਪਈ : ਕੁੜੀ ਨੇ ਹੱਥ ਜੋੜੇ। ਕੁਝ ਕਿਹਾ ਜੋ ਮੈਂ ਸੁਣ ਨਾ ਸਕਿਆ।

ਬਾਗ਼ਾਂ ਦਾ ਰਾਖਾ

ਉਜੜੇ ਬਾਗ਼ਾਂ ਵਿਚੋਂ ਰਹੇ-ਖਹੇ ਅਮਰੂਦ ਲੱਭ ਕੇ ਖਾਂਦਾ-ਖੁਆਂਦਾ ਸ਼ਹਿਰੀ ਕਲਰਕਾਂ ਦਾ ਇਕ ਟੋਲਾ ਜਦੋਂ ਨਹਿਰ-ਕੰਢੇ ਲੁਕਾਠਾਂ ਦੇ ਬਾਗ਼ ਲਾਗੋਂ ਲੰਘਿਆ ਤਾਂ ਬਾਗ਼ ਦਾ ਮਾਲਕ ਲੁਕਾਠਾਂ ਦੇ ਰਾਖੇ ਨੂੰ ਬੜੀਆਂ ਬੇ-ਸ਼ੱਕੀਆਂ ਗਾਲ੍ਹਾਂ ਕੱਢ ਰਿਹਾ ਸੀ-ਐਨੀਆਂ ਗੰਦੀਆਂ ਕਿ ਇਕ ਵਾਸਤਵਵਾਦੀ ਕਹਾਣੀ ਲੇਖਕ ਵੀ ਉਨ੍ਹਾਂ ਨੂੰ ਆਪਣੀ ਕਹਾਣੀ ਵਿਚ ਲਿਖਣੋਂ ਸ਼ਰਮਾ ਜਾਵੇ। ਮੈਲੀ, ਗੰਦੀ ਬਨੈਨ ਤੇ ਲਾਂਗੜ ਲਮਕਦੀ ਲੰਗੋਟੀ ਵਾਲਾ ਪੰਦਰਾਂ ਸੋਲ੍ਹਾਂ ਵਰ੍ਹਿਆਂ ਦਾ ਰਾਖਾ ਕੰਬੀ ਜਾ ਰਿਹਾ ਸੀ। ਪਤਾ ਨਹੀਂ ਡਰ ਨਾਲ, ਗੁੱਸੇ ਨਾਲ, ਕਿ ਬੁਖ਼ਾਰ ਨਾਲ ? ਉਸ ਦੀਆਂ ਅੱਖਾਂ ਭਖ਼ ਰਹੀਆਂ ਸਨ।

ਕਲਰਕਾਂ ਨੇ ਇਸ ਗੱਲ ਦੀ ਕੋਈ ਪਰਵਾਹ ਨਾ ਕੀਤੀ। ਕੇਵਲ ਇਕ ਪਤਲੇ ਸੁੱਕੇ ਅੱਧਖੜ ਕਲਰਕ ਨੇ ਮੁੜ ਕੇ ਸਾਰੀ ਘਟਨਾ ਵੱਲ ਇਕ ਨਜ਼ਰ ਤੱਕਿਆ ਤੇ ਮੁੜ ਆਪਣੇ ਜੱਥੇ ਨਾਲ ਚਾਲ ਵਧਾਂਦਾ ਮਿਲ ਪਿਆ।

ਰਾਖੇ ਨੇ ਕੰਬਦੇ ਕੰਬਦੇ ਆਖਿਆ, "ਏ ਸ਼ਾਹ ਜੀ, ਮੈਂ ਕੋਈ ਜਾਣ-ਬੁੱਝ ਕੇ ਥੋੜ੍ਹਾ ਲੰਮਾ ਪਿਆ ਹੋਇਆ ਹਾਂ, ਮੈਨੂੰ ਤੇ ਤਾਪ ਚੜ੍ਹਿਆ ਹੋਇਆ ਹੈ।"

"ਓਇ ਤਾਪ ਦਿਆ ਬੱਚਿਆ, ਤਾਪ ਚੜ੍ਹਿਆ ਕਿਉਂ ?"

"ਜੀ ਇਹ ਤੇ ਮੈਨੂੰ ਪਤਾ ਨਹੀਂ, ਪਰ ਇਹ ਜਦੋਂ ਚੜ੍ਹਨ 'ਤੇ ਆਵੇ ਸਾਰਿਆਂ ਨੂੰ ਚੜ੍ਹ ਜਾਂਦਾ ਹੈ। ਤੁਹਾਨੂੰ ਵੀ ਤੇ ਚੜ੍ਹ ਹੀ ਗਿਆ ਸੀ ਕਿ।"

ਲਾਲੂ ਸ਼ਾਹ ਆਪ ਵੀ ਪੰਜ ਸੱਤ ਪੁਰਾਣੀਆਂ ਜਮਾਤਾਂ ਪੜ੍ਹਿਆ ਹੋਇਆ ਸੀ ਤੇ ਉਸ ਦੇ ਪੜ੍ਹੇ ਲਿਖੇ ਮੁੰਡੇ ਵੀ ਉਸ ਨੂੰ ਦੱਸਦੇ ਸਨ ਕਿ ਸਿਲ੍ਹਾਬੇ ਵਿਚ ਮੱਛਰ ਪੈਦਾ ਹੁੰਦੇ ਹਨ, ਕਿਸੇ ਮੱਛਰ ਦੇ ਵੱਢਿਆਂ ਮੌਸਮੀ ਬੁਖ਼ਾਰ ਹੋ ਜਾਂਦਾ ਹੈ। ਉਸ ਨੂੰ ਪਤਾ ਸੀ ਕਿ ਬਾਗ਼ਾਂ ਵਿਚ ਮੱਛਰ ਬੜੇ ਹੁੰਦੇ ਹਨ ਤੇ ਰਾਖਿਆਂ ਕੋਲ ਮੱਛਰਦਾਨੀਆਂ ਖ਼ਰੀਦਣ ਦੀ ਸਕਤ ਨਹੀਂ ਹੁੰਦੀ । ਪਰ ਗੁੱਸਾ ਤਾਂ ਗੁੱਸਾ ਹੀ ਹੁੰਦਾ ਹੈ, ਤੇ ਫੇਰ ਅਮੀਰ ਦਾ ?

"ਓਇ ਤੂੰ ਸਾਨੂੰ ਮਿਹਣੇ ਦਿੰਨਾ, ਓਇ ? ਚੁੱਕ ਬਿਸਤਰਾ ਬੋਰੀਆ ਹੁਣੇ। ਤੇਰੇ ਵਰਗੇ ਰਾਖੇ ਦੀ ਸਾਨੂੰ ਲੋੜ ਨਹੀਂ..."

ਇਹ ਗੱਲ ਸ਼ਾਹ ਹੋਰਾਂ ਇਸ ਖ਼ਿਆਲ ਨਾਲ ਨਹੀਂ ਸੀ ਆਖੀ ਕਿ ਉਹ ਰਾਖੇ ਨੂੰ ਕੱਢਣਾ ਚਾਹੁੰਦੇ ਸਨ। ਮੁਸਲਮਾਨਾਂ ਦੇ ਪਾਕਿਸਤਾਨ ਚਲੇ ਜਾਣ ਤੋਂ ਮਗਰੋਂ ਰਾਖੇ ਖੜੇ-ਪੈਰ ਨਹੀਂ ਸਨ ਲੱਭਦੇ। ਪਰ ਫਿਰ ਵੀ ਉਨ੍ਹਾਂ ਕਹਿ ਦਿੱਤਾ, ਜੋ ਕਹਿਣਾ ਸੀ।

ਰਾਖੇ ਨੂੰ ਕੁਝ ਰੋਹ ਆ ਗਿਆ। ਉਹ ਕੋਈ ਅੱਧਖੜ ਕਲਰਕ ਥੋੜ੍ਹਾ ਸੀ। ਭਾਵੇਂ ਜਵਾਨੀ ਦੇ ਲਹੂ ਨੂੰ ਬੁਖਾਰ ਸੁਕਾ ਰਿਹਾ ਸੀ, ਪਰ ਜੋ ਕੁਝ ਹੈ ਸੀ, ਹੈ ਤਾਂ ਸੀ ਨਾ ਜਵਾਨ ਲਹੂ। ਉਸ ਆਪਣਾ ਸਵੈਮਾਣ ਜਾਗਦਾ ਪੜ੍ਹਿਆ ਤੇ ਝੁੱਗੀ ਵਿਚੋਂ ਆਪਣਾ

ਬਿਸਤਰਾ ਵਲ੍ਹੇਟ ਲਿਆਇਆ ਤੇ ਮਾਲਕ ਨੂੰ ਬਿਨ੍ਹਾਂ ਕੁਝ ਕਿਹਾਂ ਉਸ ਰਾਹੇ ਤੁਰ ਪਿਆ ਜਿਸ ਪਾਸੇ ਕਲਰਕ ਗਏ ਸਨ।

ਸ਼ਾਹ ਹੋਰਾਂ ਨੂੰ ਇਹ ਆਸ ਨਹੀਂ ਸੀ। ਪਰ ਅਮੀਰਾਂ ਦੀ ਆਕੜ ਵੀ ਤਾਂ ਚੋਖੀ ਹੁੰਦੀ ਹੈ। ਨਾਲੇ ਉਨ੍ਹਾ ਦਾ ਖਿਆਲ ਸੀ ਕਿ ਮੁੰਡਾ ਐਥੋਂ ਕੁ ਜਾ ਕੇ ਮੁੜ ਆਵੇਗਾ। ਸੋ ਉਨ੍ਹਾਂ ਵਾਜ ਨਾ ਮਾਰੀ। ਪਰ ਰਾਖਾ ਵਧਦਾ ਗਿਆ, ਵਧਦਾ ਗਿਆ ਆਪਣੇ ਰਸਤੇ...। ਸ਼ਾਹ ਹੋਰਾਂ ਨੂੰ ਬਾਗ਼ ਦਾ ਖ਼ਿਆਲ ਆਇਆ, ਰਾਤ ਦਾ ਖਿਆਲ ਆਇਆ, ਦੁਮਗਿੱਦੜਾਂ ਦਾ ਖਿਆਲ ਆਇਆ. ਜਿਹੜੇ ਉਸ ਸੁਣਿਆ ਹੋਇਆ ਸੀ, ਰਾਤੋ ਰਾਤ ਬਾਗ਼ਾਂ ਦੇ ਬਾਗ਼ ਉਜਾੜ ਜਾਂਦੇ ਹਨ। ਜੇ ਮੁੰਡਾ ਨਾ ਮੁੜਿਆ ਤਾ...? ਰਾਤੋ ਰਾਤ ਵਿਚ ਸੈਂਕੜਿਆਂ ਦਾ ਨੁਕਸਾਨ ਹੋ ਜਾਣ ਦਾ ਡਰ ਸੀ। ਰਾਤੀਂ ਕੀ ਉਹ ਆਪ ਰਾਖੀ ਕਰ ਸਕੇਗਾ ? ਮੱਛਰਾਂ ਤੋਂ ਉਹ ਡਰ ਗਿਆ। ਫੇਰ ਭਾਵੇਂ ਇਸ ਸ਼ਹਿਰ ਦੇ ਲਾਗੇ ਦੇ ਮੈਦਾਨੀ ਇਲਾਕੇ ਵਿਚ ਪਾੜ-ਖਾਣੇ ਜਾਨਵਰਾਂ ਦਾ ਕੋਈ ਖ਼ਤਰਾ ਨਹੀਂ ਸੀ, ਪਰ ਉਸ ਨੂੰ ਆਪਣੇ ਕਾਨਾਂ ਵਿਚ ਉਹ ਗੱਜਦੇ ਤੇ ਚਿੰਘਾੜਦੇ ਸੁਣਾਈ ਦਿੱਤੇ। ਮੋਰ ਦੀ ਕੂਕ ਨੂੰ ਸ਼ਾਮੀਂ ਸੁਣ ਕੇ ਡਰ ਜਾਣ ਵਾਲਾ ਲਾਲੂ ਸ਼ਾਹ ਘਬਰਾ ਗਿਆ। ਉਸ ਕਦੇ ਪੈਸਾ ਹੱਥੋਂ ਨਹੀਂ ਸੀ ਛੱਡਿਆ, ਪਰ ਅੱਜ ਸੈਂਕੜਿਆਂ ਦੀ ਰਕਮ ਉਸ ਨੂੰ ਛੱਡਣੀ ਹੀ ਪਵੇਗੀ। ਜਾਨ ਨਾਲ ਜਹਾਨ ਹੈ, ਉਸ ਸੋਚਿਆ। ਆਪ ਮੋਏ ਜਗ ਪਰਲੋ. ਜੇ ਕਿਤੇ ਕੋਈ ਡਾਕੂ ਆ ਨਿਕਲੇ ਤਾਂ ਉਹ ਰਾਖੇ ਨੂੰ ਤਾਂ ਭਾਵੇਂ ਛੱਡ ਜਾਏ ਪਰ ਲਾਲੂ ਸ਼ਾਹ ਨੂੰ ਨਹੀਂ ਛੱਡਣ ਲੱਗਾ, ਭਾਵੇਂ ਉਸ ਦੀ ਡੱਬ ਵਿਚ ਇਕ ਵੀ ਪੈਸਾ ਨਾ ਹੋਵੇ। ਲਾਲੂ ਸ਼ਾਹ ਬੌਂਦਲਿਆ ਹੋਇਆ ਖੂਹ ਲਾਗਲੇ ਥੜ੍ਹੇ 'ਤੇ ਬੈਠ ਗਿਆ।

ਰਾਖਾ ਉਸ ਥਾਂ ਦੇ ਲਾਗੋਂ ਲੰਘਿਆ ਜਿੱਥੇ ਸ਼ਹਿਰੀਏ ਕਲਰਕ ਨਹਿਰ ਕੰਢੇ ਬੈਠੇ ਹੋਏ ਸਨ।

ਅੱਧ-ਮਖੌਲੀਏ ਕਲਰਕ ਨੇ ਲਾਗੋਂ ਲੰਘੀ ਜਾਂਦੇ ਰਾਖੇ ਨੂੰ ਆਖਿਆ, "ਕਿਉਂ ਬਈ ਗਾਲ੍ਹਾਂ ਤੈਨੂੰ ਪੈਂਦੀਆਂ ਸੀ ?"

"ਜੀ, ਬਾਊ ਜੀ।"

"ਫੇਰ ਤੂੰ ਬਿਸਤਰਾ ਚੁੱਕੀ ਤੁਰਿਆ ਕਿੱਥੇ ਜਾਨੈਂ ?"

"ਮੈਨੂੰ ਸ਼ਾਹ ਹੋਰਾਂ ਕੱਢ ਦਿੱਤਾ।"

"ਕਿਉਂ ?"

"ਮੈਨੂੰ ਤਾਪ ਚੜ੍ਹਿਆ ਹੋਇਆ ਸੀ।"

"ਫੇਰ ਲੁਕਾਟਾਂ ਰੱਜ ਕੇ ਖਾਧੀਆਂ ਹੋਣੀਆਂ ਨੇ ਨਾ ?"

"ਹਾਂ ਜੀ।"

ਸਾਰੇ ਕਲਰਕ ਰਾਖੇ ਦਾ ਸੱਚ ਸੁਣ ਕੇ ਖ਼ਬਰੇ ਕਿਉਂ ਖਿੜ-ਖਿੜਾ ਕੇ ਹੱਸ ਪਏ। ਕਿਸੇ ਨੇ ਉਸ ਦੀ ਨੌਕਰੀ ਛੁੱਟਣ 'ਤੇ ਅਫ਼ਸੋਸ ਨਾ ਕੀਤਾ। ਕਿਸੇ ਉਸ ਦੀ ਬਾਂਹ ਫੜ ਕੇ ਤਾਪ ਨਾ ਜਾਚਿਆ। ਭਾਵੇਂ ਉਹ ਸਾਰਿਆਂ ਕਲਰਕਾਂ ਕੋਲੋਂ ਸੋਹਣਾ ਸੀ, ਪਰ ਉਸ ਦੇ ਹੱਥਾਂ ਗੋਡਿਆਂ 'ਤੇ ਮੈਲ ਜੰਮੀ ਹੋਈ ਸੀ। ਸ਼ਾਇਦ ਉਨ੍ਹਾਂ ਸਮਝਿਆ

ਕਿ ਉਹ ਖੁਦ ਹੀ ਇਸ ਗੰਦ ਦਾ ਜ਼ਿਮੇਵਾਰ ਹੈ। ਪਰ ਕਾਰਨਾਂ ਦੀ ਡੂੰਘਾਈ ਵਿਚ ਪਹੁੰਚਣ ਵਾਲੀ ਪੜ੍ਹਾਈ ਤਾਂ ਉਨ੍ਹਾਂ ਕਲਰਕਾਂ ਪੜ੍ਹੀ ਹੀ ਨਹੀਂ ਸੀ ਹੋਈ।

ਰਾਖਾ ਡਿੱਗਦਾ ਢਹਿੰਦਾ ਜਿਹਾ ਤੁਰੀ ਗਿਆ। ਸ਼ਾਮੀਂ ਉਹ ਘਰ ਪਹੁੰਚਿਆ। ਪਿੰਡੋਂ ਬਾਹਰਵਾਰ ਉਸ ਦੇ ਭਰਾ ਦਾ ਘਰ ਸੀ। ਉਸ ਦਾ ਪਿਓ ਮਰ ਚੁੱਕਾ ਸੀ। ਉਸ ਦੀ ਭਰਜਾਈ ਤਿੰਨਾਂ ਬੱਚਿਆਂ ਦੀ ਮਾਂ ਸੀ। ਨੂੰਹ ਸੱਸ ਦੋਵੇਂ ਪਿੰਡ ਦੇ ਕੁਝ ਘਰਾਂ ਦਾ ਗੋਹਾ ਕੂੜਾ ਕਰਦੀਆਂ ਸਨ। ਭਰਾ ਪਾਕਿਸਤਾਨੋਂ ਆਉਣ ਤੋਂ ਮਗਰੋਂ ਸ਼ਹਿਰ ਵਿਚ ਨਵਾਂ ਨਵਾਂ ਪਾਂਡੀ ਦਾ ਕੰਮ ਕਰਨ ਸਿਖਿਆ ਸੀ। ਉਹ ਗਜ਼ਬ ਦਾ ਹਲਵਾਹਕ ਸੀ। ਪਾਕਿਸਤਾਨ ਵਿਚ ਉਸ ਦਾ ਆਪਣਾ ਹਲ ਸੀ ਤੇ ਉਹ ਠੇਕੇ 'ਤੇ ਵਾਹੀ ਕਰਦਾ ਸੀ। ਹੁਣ ਏਸ ਪੰਜਾਬ ਵਿਚ ਉਸ ਨੂੰ ਕੋਈ ਕਾਮਾ ਵੀ ਨਹੀਂ ਸੀ ਰੱਖਦਾ। ਇਕ ਟੱਬਰ ਦਾ ਟੱਬਰ ਭੁੱਖਾ ਮਰ ਰਿਹਾ ਸੀ। ਇਹ ਰਾਖਾ ਵੀ ਆਪਣੀ ਮਾਂ ਤੇ ਭਰਾ ਦੇ ਟੱਬਰ ਨੂੰ ਸਹਾਰਾ ਦੇ ਰਿਹਾ ਸੀ। ਉਸ ਦੀ ਤੀਹਾਂ ਦਿਨਾਂ ਦੀ ਕਿਰਤ ਦਾ ਮੁੱਲ ਇਸ ਮਹਿੰਗਾਈ ਦੇ ਸਮੇਂ ਵਿਚ ਸਤਾਰਾਂ ਰੁਪਏ ਸੀ।

ਰਾਖਾ, ਮੰਜੀ ਡਾਹ ਕੇ, ਵਲ੍ਹੇਟਿਆ ਬਿਸਤਰਾ ਸਿਰ੍ਹਾਣੇ ਰੱਖ ਕੇ ਲੇਟ ਗਿਆ. ਜਦੋਂ ਸੱਸ-ਨੂੰਹ ਪਿੰਡੋਂ ਮੁੜੀਆਂ ਤਾਂ ਉਨ੍ਹਾਂ ਉਸ ਨੂੰ ਮੰਜੀ 'ਤੇ ਲੇਟਿਆ ਦੇਖਿਆ।

"ਵੇ ਬਾਰੂ", ਭਰਜਾਈ ਨੇ ਆਖਿਆ, "ਕਿਉਂ ਵੇ ਤੂੰ ਕਿੱਦਾਂ ?"

ਬਾਰੂ ਜਾਗ ਜਿਹਾ ਪਿਆ, ਤਾਪ ਦੀ ਨੀਂਦਰੋਂ। ਉਸ ਦਾ ਅਸਲੀ ਨਾਂ ਬਹਾਦਰ ਸੀ, ਪਰ ਬਾਰ ਵਿਚ ਜੰਮਣ-ਪਲਣ ਕਰਕੇ ਉਸ ਨੂੰ ਸਾਰੇ ਹੀ ਬਾਰੂ ਕਹਿੰਦੇ ਸਨ।

ਬਾਰੂ ਰੋਣਹਾਕਾ ਜਿਹਾ ਹੋ ਕੇ ਕਹਿਣ ਲੱਗਾ, "ਸ਼ਾਹ ਨੇ ਮੈਨੂੰ ਕੱਢ ਦਿੱਤਾ।"

ਨੂੰਹ-ਸੱਸ 'ਤੇ ਜਿਵੇਂ ਬਿਜਲੀ ਪੈ ਗਈ। ਕਿਸੇ ਨੇ ਬਾਰੂ ਦਾ ਤਾਪ ਨਾ ਦੇਖਿਆ। ਰੋਟੀਆਂ ਦਾ ਫ਼ਿਕਰ ਪੈ ਗਿਆ। ਬਾਰੂ ਦੇ ਸਤਾਰ੍ਹਾਂ ਰੁਪਏ ਤਾਂ ਪੱਕੇ ਸਨ। ਬਾਰੂ ਦੇ ਭਰਾ ਦੀ ਆਮਦਨ ਤਾਂ ਕੋਈ ਪੱਕੀ ਨਹੀਂ ਸੀ ਨਾ। ਉਹ ਤੇ 'ਮਜ਼ੂਰ' ਸੀ।

"ਤੇ ਵੇ ਹੋਇਆ ਕੀ ਸੀ ?" ਫੇਰ ਭਰਜਾਈ ਨੇ ਹੀ ਪੁੱਛਿਆ।

"ਭਾਬੀ, ਮੈਨੂੰ ਤਾਪ ਚੜ੍ਹ ਗਿਆ ਸੀ। ਮੈਂ ਲੰਮਾ ਪਿਆ ਹੋਇਆ ਸਾਂ ਤਾਂ ਉਤੋਂ ਆ ਗਿਆ ਸ਼ਾਹ। ਉਹ ਲੱਗਾ ਗੰਦੀਆਂ ਗਾਲ੍ਹਾਂ ਕੱਢਣ। ਮੈਂ ਕਿਹਾ, ਗਾਲ੍ਹਾਂ ਨਾ ਕੱਢ ਤੇ ਉਹਨੇ ਮੈਨੂੰ ਕੱਢ ਦਿੱਤਾ।"

"ਐਉਂ ਮਰ ਖਾਂ", ਮਾਂ ਨੇ ਆਖਿਆ, "ਤੇ ਤੇਰੀ ਕਿਹੜੀ ਗਾਲ੍ਹਾਂ ਨਾਲ ਲੱਤ ਭੱਜ ਗਈ ਸੀ ? ਤੂੰ ਕਿਹੜੀ ਗੱਲੋਂ ਉਸ ਦੀਆਂ ਗਾਲ੍ਹਾਂ ਟੋਕਣੀਆਂ ਸਨ ? ਕੱਢੀ ਜਾਣ ਦੇਨੋਂ।"

"ਬੇਬੇ ਉਹ ਤੈਨੂੰ ਗਾਲ੍ਹਾਂ ਕੱਢਦਾ ਸੀ।"

"ਤੇ ਫੇਰ ਕੀ ਹੋਇਆ ਜੇ ਮੈਨੂੰ ਗਾਲ੍ਹਾਂ ਕੱਢੀ ਸੀ ਤੇ ? ਮੈਨੂੰ ਕਿਤੇ ਲੱਗ ਗਈ ਏ ?" ਮਾਂ ਨੇ ਆਖਿਆ।

"ਬੇਬੇ, ਸੈਂਤੀ ਚੱਕ ਵਿਚ ਤੇ ਭਾ ਤੇਰੀ ਗਾਲ੍ਹ ਪਿੱਛੇ ਲੰਬੜਾਂ ਕੇ ਨਾਹਰ ਸਹੁੰ ਦਾ ਸਿਰ ਪਾੜ ਆਇਆ ਸੀ।"

"ਵੇ ਮਰ ਗਿਆ, ਇਹ ਸੋਤੀ ਚੱਕ ਐ ?"

ਭਰਜਾਈ ਬੋਲੀ, "ਤੇ ਤੈਨੂੰ ਤਾਪ ਕਿੱਦਾਂ ਚੜ੍ਹਿਆ ਵੇ ? ਲੁਕਾਠਾਂ ਖਾਧੀਆਂ ਹੋਣੀਆਂ ਨੇ ਰੱਜ ਕੇ।"

"ਤੇ ਤੂੰ ਭਾਬੀ, ਕਿਹੜੀ ਪਰਸੋਂ ਰੋਟੀ ਲੈ ਕੇ ਅਪੜੀ ਸੈਂ ? ਤੇ ਫਿਰ ਅੱਜ ਵੀ ਨਾ ਛਾਹ ਵੇਲਾ ਤੇ ਨਾ ਰੋਟੀ। ਦੱਸ ਫੇਰ ਕੀ ਕਰਦਾ ?"

ਭਾਬੀ ਚੁੱਪ ਹੋ ਗਈ। ਪਰ ਮਾਂ ਬੋਲੀ, "ਵੇ ! ਉਹ ਵੀ ਤੁਹਾਡੇ ਪਿੱਛੇ ਲੰਬੜਾਂ ਦੀ ਵਗਾਰ ਕਰਨ ਗਈ ਹੋਈ ਸੀ ਤੇ ਨਾਲੇ ਆਟਾ ਵੀ...।"

"ਤੇ ਨਾ ਵਗਾਰ ਕਰਨ ਜਾਂਦੀ", ਬਾਰੂ ਨੇ ਮੁੰਡਪੁਣੇ ਦੀ ਹੈਂਕੜ ਵਿਚ ਬਿਸੂਰਤੀ ਉਘਾੜਦਿਆਂ ਆਖਿਆ।

ਮਾਂ ਆਖ਼ਰ ਮੰਜੇ 'ਤੇ ਬੈਠ ਹੀ ਗਈ। ਮਲੇਰੀਆ ਆਪਣਾ ਜ਼ੋਰ ਦਿਖਾ ਕੇ ਉੱਤਰ ਰਿਹਾ ਸੀ, ਪਸੀਨਾ ਤੁਰਨ ਨਾਲ ਖ਼ੂਬ ਆ ਗਿਆ ਸੀ, ਪਰ ਫੇਰ ਵੀ ਮਾਂ ਦਾ ਮੋਹ ਜਿੱਤਣ ਲਈ ਪਿੰਡਾ ਕਾਫ਼ੀ ਤੱਤਾ ਸੀ। "ਜਾ ਨੀ, ਮਹਿੰਗੀਏ, ਕਿਤੋਂ ਦੁੱਧ ਲਿਆ", ਉਸ ਨੂੰਹ ਨੂੰ ਆਖਿਆ।

ਜਦੋਂ ਦੇ ਮਹਿੰਗੀ ਦੇ ਆਪਣੇ ਬਾਲ ਹੋਏ ਸਨ, ਉਹ ਬਾਰੂ ਨੂੰ ਕੁਝ ਓਪਰਾ ਓਪਰਾ ਜਾਣਨ ਲਗ ਪਈ ਸੀ, ਭਾਵੇਂ ਬਾਰੂ ਦੀ ਮਿਹਨਤ ਨਾਲ ਉਸ ਦੇ ਆਪਣੇ ਬੱਚੇ ਪਲਦੇ ਸਨ। ਆਖਣ ਲੱਗੀ, "ਕਿਥੋਂ ਲਿਆਵਾਂ, ਸਾੜਾਂ ? ਪੈਸੇ ਬਿਨ੍ਹਾਂ ਕੁਝ ਏਸ ਦੇਸ ਮਿਲਦਾ ਏ ?"

"ਜਾ ਨੀ, ਕਿਸੇ ਗੋਹੇ-ਕੂੜੇ ਵਾਲੇ ਘਰੋਂ ਮੰਗ ਲਿਆ।"

ਏਨੇ ਨੂੰ ਬਾਰੂ ਦਾ ਭਰਾ ਆ ਗਿਆ। ਬਾਰੂ ਨੂੰ ਦੇਖਿਆ। "ਚੰਗਾ ਹੋਇਆ ਆ ਗਿਆ ਏਂ", ਉਸ ਆਖਿਆ, "ਮੁੰਡੇ ਕੋਲੋਂ ਸਾਨੂੰ ਕੋਈ ਪੈਸੇ ਚੰਗੇ ਨੇ ?"

"ਆਹ ਲੈ, ਦੁੱਧ ਲੈ ਆ", ਬਾਰੂ ਦੇ ਭਰਾ ਨੇ ਪੈਸੇ ਮਹਿੰਗੀ ਦੇ ਹੱਥ ਫੜਾਉਂਦਿਆਂ ਕਿਹਾ। ਮਹਿੰਗੀ ਮੂੰਹ ਵੱਟੀ ਭਾਂਡਾ ਚੁੱਕ ਕੇ ਦੁੱਧ ਲੈਣ ਚਲੀ ਗਈ ਤੇ ਬਾਰੂ ਦਾ ਭਰਾ ਰੱਸਾ ਰੱਖ ਕੇ ਭਰਾ ਦੀ ਪੁਆਂਦੀ ਬੈਠ ਗਿਆ ਤੇ ਮਾਂ ਨੂੰ ਕਿਹਾ, "ਕੁਲ ਪੰਦਰਾਂ ਆਨੇ ਬਣੇ ਨੇ ਅੱਜ।"

ਬਾਰੂ ਦਾ ਬੁਖ਼ਾਰ ਹੁਣ ਉਤਰ ਰਿਹਾ ਸੀ।

"ਮੈਂ, ਭਰਾ, ਹੁਣੇ ਬਾਗ ਨੂੰ ਚਲਾ ਜਾਂਗਾ, ਮੈਥੋਂ ਭੁੱਲ ਹੋ ਗਈ ਏ।"

ਬਾਰੂ ਦੀ ਮਾਂ ਨੇ ਸਾਰੀ ਕਹਾਣੀ ਸੁਣਾਈ। ਉਸ ਰਾਤ ਬਾਰੂ ਦਾ ਭਰਾ ਆਪ ਬਾਗ ਦੀ ਰਾਖੀ ਕਰਨ ਚਲਾ ਗਿਆ। ਦਾਲ ਜੋਗਾ ਕੋਈ ਪੈਸਾ ਨਾ ਬਚਿਆ। ਮਿੱਸੀਆਂ ਰੋਟੀਆਂ ਪਾਣੀ ਨਾਲ ਸੰਘੋਂ ਥੱਲੇ ਲਾਹੀਆਂ ਗਈਆਂ। ਹਾਂ, ਬਾਰੂ ਨੂੰ ਬਦੋ-ਬਦੀ ਇਕ ਪਾ ਦੁੱਧ ਪਿਲਾ ਦਿਤਾ ਗਿਆ। ਬਾਰੂ ਨੂੰ ਨੀਂਦ ਆ ਗਈ, ਪਰ ਅੱਧੀ ਰਾਤੀਂ ਜਦ ਉਹ ਪਿਸ਼ਾਬ ਕਰਨ ਉਠਿਆ ਤਾਂ ਕਮਜ਼ੋਰੀ ਨਾਲ ਉਸ ਨੂੰ ਭੁਆਂਟਣੀ ਆ ਗਈ। ਉਸ ਕਿਸੇ ਨੂੰ ਨਾ ਦੱਸਿਆ। ਉਹ ਅੱਖਾਂ ਪਾੜ ਪਾੜ ਕੇ ਤਾਰਿਆਂ ਵੱਲ ਵੇਖਦਾ ਰਿਹਾ, ਜੋ ਖ਼ਬਰੇ ਆਪਣੀ ਚੁੱਪ-ਬੋਲੀ ਵਿਚ ਹਰੀਜਨਾਂ ਦੀ ਕਥਾ ਕਹਿ ਰਹੇ ਸਨ। ਆਰੀਆ

ਸਭਿਅਤਾ ਦੀ ਮਿਹਨਤ ਦੀ ਵੰਡ ਤੋਂ ਪੱਕੀ ਹੋਈ ਜਾਤ-ਵੰਡ, ਤੇ ਜਾਤ-ਵੰਡ ਵਿਚ ਵਿਚਾਰੇ ਸ਼ੂਦਰ ਇਕ ਅਤਿਅੰਤ ਦੁੱਖ-ਭਰੀ ਕਹਾਣੀ ਸਨ। ਇਸ ਨੂੰ ਉਹ ਸਦਾ ਤੋਂ ਹਿੰਦ ਵਿਚ ਦੇਖਦੇ ਆਏ ਸਨ। ਹੋਰਨਾਂ ਦੇਸਾਂ ਵਿਚ ਅਮੀਰ ਤੇ ਗਰੀਬ ਦੋ ਜਮਾਤਾਂ ਸਨ, ਪਰ ਹਿੰਦ ਵਿਚ ਹਜ਼ਾਰਾਂ ਜਮਾਤ-ਬੰਦੀਆਂ ਸਨ ਤੇ ਚੂੜ੍ਹਿਆਂ ਤੇ ਚਮਿਆਰਾਂ ਦਾ ਉਸ ਵਿਚ ਸਭ ਤੋਂ ਨੀਵਾਂ ਦਰਜਾ ਸੀ। ਬਾਰੂ ਤਾਰਿਆਂ ਦੀ ਬੋਲੀ ਸਮਝ ਨਹੀਂ ਸਕਦਾ ਸੀ, ਪਰ ਉਹ ਉਸ ਨੂੰ ਹੀ ਤਾਂ ਸੁਣਾ ਰਹੇ ਸਨ ਇਹ ਦੁਖਾਂਤ ਕਥਾ : ਬਾਰੂ ਤੋਂ ਸਦੀਆਂ ਪਹਿਲੇ ਬਜ਼ੁਰਗਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਗਿਆ ? ਮੂਰਖ ! ਦੇਵ-ਬਾਣੀ ਸੁਣਨ ਦਾ ਹੀਆ ਕਰਦੇ ਸਨ। ਮਹਾਤਮਾ ਬੁੱਧ ਆਪ ਤਾਂ ਹਿੰਦੂਆਂ ਦਾ ਅਵਤਾਰ ਬਣ ਬੈਠਾ, ਪਰ ਵਿਚਾਰੇ ਅਛੂਤ, ਜਿਨ੍ਹਾਂ ਨੂੰ ਉਸ ਚੁੱਕਣ ਦਾ ਅਵਾਜ਼ਾ ਲਾਇਆ, ਉਹ ਹੋਰ ਡੂੰਘੇ ਟੋਏ ਵਿਚ ਘੱਤੇ ਗਏ। ਰਵਿਦਾਸ ਚਮਿਆਰ, ਜਿਸ ਦੇ ਬਜ਼ੁਰਗ ਬਨਾਰਸ ਦੇ ਲਾਂਭ-ਛਾਂਭ ਢੋਰ ਢੋਇਆ ਕਰਦੇ ਸਨ, 'ਰਾਮ ਨਾਮ' ਨਾਲ ਤਰ ਗਿਆ, ਭਗਤ ਬਣ ਗਿਆ, ਪਰ ਉਸ ਦੇ ਭਰਾ-ਪੁੱਤਰ ਆਰੀਆ ਹਿੰਦੂਆਂ ਦੇ ਵਹਿਮਾਂ ਦੇ ਵਹਿਣਾਂ ਵਿਚ ਡੁੱਬ ਮੋਏ। ਕਬੀਰ ਜੀ ਦੇ 'ਤੁਮ ਕਤ ਬਾਹਮਣ ਹਮ ਕਤ ਸੂਦ। ਹਮ ਕਤ ਲੋਹੂ ਤੁਮ ਕਤ ਦੂਧ।।' ਵਿਚ ਹਿੰਦੂ ਸਮਾਜ ਨੂੰ ਸ਼ਾਸਤਰ ਅਨੁਸਾਰ ਕੋਈ ਕਾਟਵੀਂ ਦਲੀਲ ਨਾ ਦਿੱਸੀ। ਨਾਨਕ, ਗੁਰੂ ਗੋਬਿੰਦ ਸਿੰਘ ਨੇ ਛੂਤ-ਅਛੂਤ ਸਾਰਿਆਂ ਨੂੰ ਇਕੋ ਅੰਮ੍ਰਿਤ ਦਾ ਬਾਟਾ ਦਿੱਤਾ, ਪਰ ਜਾਤ ਫਿਰ ਸਨਾਤਨੀਆਂ ਦੇ ਅਸਰ ਸਦਕਾ ਜੀਊਂਦੀ ਰਹੀ। ਗਾਂਧੀ ਨੇ ਅਛੂਤਾਂ ਤੇ ਮੁਲਸਮਾਨਾਂ ਦੇ ਜੋੜ ਨਾਲ ਹਿੰਦ ਜਾਂਦਾ ਦੇਖਿਆ ਤਾਂ 'ਅਛੂਤ ਹਿੰਦੂ ਹੈ' ਦਾ ਨਾਹਰਾ ਲਾਇਆ ਤੇ ਹਿੰਦ ਨੂੰ ਬਚਾ ਕੇ ਚੂੜ੍ਹੇ ਚਮਿਆਰਾਂ ਨੂੰ ਹਰੀਜਨ ਬਣਾ ਦਿੱਤਾ। ਮੰਦਰਾਂ ਦੇ ਬੂਹੇ ਖੁੱਲ੍ਹ ਗਏ। ਕੀ ਅੱਗੇ ਕਈ ਵਾਰੀ ਬੂਹੇ ਖੁੱਲ੍ਹ ਕੇ ਬੰਦ ਨਹੀਂ ਹੋਏ ਸਨ ? ਹਰੀਜਨ ਦਾ ਅਰਥ ਕੀ ਹਾਲੀ ਵੀ ਚੂੜ੍ਹਾ ਜਾਂ ਚਮਿਆਰ ਨਹੀਂ ? ਜੇ ਉਹ ਸਿੱਖ ਬਣੇ ਤਾਂ 'ਚੌਥੇ ਪੌੜੇ' ਦੇ ਹੋ ਗਏ, ਜੇ ਉਹ ਆਰੀਆ ਸਮਾਜੀ ਬਣੇ ਤਾਂ 'ਮਹਾਸ਼ੇ' ਹੋ ਗਏ, ਜੇ ਕ੍ਰਿਸਤਾਨੀ ਬਣੇ ਤਾਂ 'ਹਸਾਈ' ਹੋ ਗਏ। ਬਣਿਆ ਕੀ ਉਨ੍ਹਾਂ ਦਾ ? ਚੌਥੇ ਪਾੜੇ, ਮਹਾਸ਼ੇ, ਹਸਾਈ ਤੇ ਹਰੀਜਨ ਕਹਿਣ ਨਾਲ ਉਨ੍ਹਾਂ ਦਾ ਜੀਵਨ-ਪੱਧਰ ਉੱਚਾ ਨਹੀਂ ਹੋਇਆ। ਗਾਲ੍ਹਾਂ ਦੀ ਈਜਾਦ ਹਰੀਜਨਾਂ ਲਈ ਹੀ ਤਾਂ ਕੀਤੀ ਜਾਂਦੀ ਹੈ। ਹਿੰਦੁਸਤਾਨ ਦੀਆਂ ਤਿੰਨ-ਚੁਥਾਈ ਗਾਲ੍ਹਾਂ ਦਾ ਉਹ ਹੱਕਦਾਰ ਹੈ। ਉਸ ਦੀ ਧੀ ਕਿਸੇ ਦੀ ਧੀ ਨਹੀਂ, ਉਸ ਦੀ ਭੈਣ ਕਿਸੇ ਦੀ ਭੈਣ ਨਹੀਂ। ਗਵਾਰ ਉਸ ਦਾ ਜਮਾਂਦਰੂ ਹੱਕ ਹੈ। ਹਿੰਦ ਦੇ ਪਾਲਕ ਹਰੀਜਨ ਨੂੰ ਹਿੰਦ ਦੇ ਪਿੰਡਾਂ ਵਿਚ ਕੁੱਲੀ ਪਾਉਣ ਦਾ ਵੀ ਹੱਕ ਨਹੀਂ ! ਹਰੀਜਨ ! ਹਾ...ਹਾ...ਹਾ...!' ਜਿਵੇਂ ਤਾਰੇ ਖਿੜਖਿੜਾ ਕੇ ਹਸ ਪਏ ! ਪਰ ਕੌਣ ਸੁਣਦਾ ਤਾਰਿਆਂ ਦੀ ਕਹਾਣੀ ? ਉਨ੍ਹਾਂ ਦੇ ਹਰੀਜਨਾਂ ਦੀ ਹਮਦਰਦੀ ਵਿਚ ਰੋਏ ਹੰਝੂਆਂ ਨੂੰ ਲੋਕਾਂ ਨੇ ਤ੍ਰੇਲ ਕਿਹਾ, ਕਵੀਆਂ ਨੇ ਉਨ੍ਹਾਂ ਨੂੰ ਮੋਤੀਆਂ ਦੀ ਉਪਮਾ ਦਿਤੀ। ਕਿੰਨੀ ਦੁੱਖ ਭਰੀ ਸੀ ਇਹ ਕਹਾਣੀ ! ਇਸ ਕਹਾਣੀ ਦਾ ਜਾਗਦੇ, ਅੱਖੀਆਂ ਪਾੜ ਪਾੜ ਦੇਖਦੇ, ਸੁੱਤੀ ਭਰਜਾਈ ਦੇ ਨਿਆਣਿਆਂ ਦੇ ਸਵਾਸਾਂ ਦੀ ਸੂਖਮ ਆਵਾਜ਼ ਨੂੰ ਸੁਣਦੇ, ਬਾਰੂ ਨੂੰ ਵੀ ਕੁਝ ਪਤਾ ਨਾ ਲੱਗਾ।

ਤੜਕਸਾਰ ਉਹ ਆਪਣਾ ਬਿਸਤਰਾ ਕੱਛੇ ਮਾਰ ਕੇ ਬਾਗ਼ ਵਿਚ ਆ ਗਿਆ।

ਮਾਂ ਤੇ ਭਰਜਾਈ ਨੇ ਰਾਤੀਂ ਉਸ ਦਾ ਬੁਖ਼ਾਰ ਉਤਰਿਆ ਵੇਖਿਆ ਸੀ। ਸਮਝ ਲਿਆ, ਆਪਦਾ ਜੂ ਸੀ, ਬਾਹਰ ਨੂੰ ਚਲਾ ਗਿਆ ਹੋਵੇਗਾ। ਬਾਰੂ ਦਾ ਭਰਾ ਵੀ ਦਿਨ ਚੜ੍ਹਨ ਤੋਂ ਪਹਿਲੋਂ ਪਿੰਡ ਆ ਗਿਆ ਸੀ। ਪਤਾ ਲੱਗਾ ਮੁੰਡਾ ਚੰਗਾ-ਭਲਾ ਹੈ ਤੇ ਬਾਗ਼ਾਂ ਨੂੰ ਚਲਾ ਗਿਆ ਹੈ।

ਦਿਨ ਚੜ੍ਹੇ ਲਾਲੂ ਸ਼ਾਹ ਬਾਗ਼ ਦੀ ਕਿਸਮਤ ਵੇਖਣ ਆਇਆ ਤਾਂ ਬਾਰੂ ਨੂੰ "ਹੋਏ ! ਹੋਏ ! ਕਾਂਟਿਆ ! ਆਉਂਦਾ ਈ, ਆਉਂਦਾ ਈ ! ਕਰ ਕੇ ਤੋਤੇ ਉਡਾਉਂਦਿਆਂ ਵੇਖਿਆ। ਉਸ ਦੀ ਕਮਾਨ ਵਿਚੋਂ ਨਿਕਲੇ ਗੁਲੇਲੇ ਲੁਕਾਠਾਂ ਦੇ ਪੱਤਿਆਂ ਵਿਚੋਂ ਸ਼ਾੜ ਸ਼ਾੜ ਕਰਦੇ ਲੰਘਦੇ ਜੂਟੇ।

"ਕਿਹੜਾ ਐ ?" ਲਾਲੂ ਸ਼ਾਹ ਨੇ ਉੱਚੀ ਦਿੱਤੀ ਪੁੱਛਿਆ

"ਮੈਂ ਆਂ, ਬਾਰੂ", ਬਾਰੂ ਨੇ ਉੱਤਰ ਦਿੱਤਾ।

ਲਾਲੇ ਨੇ ਲਾਗੇ ਜਾ ਕੇ ਪੁੱਛਿਆ, "ਆ ਗਈ ਅਕਲ ਟਿਕਾਣੇ ?" ਪਰ ਉਂਜ ਉਹ ਬਾਗ਼ ਨੂੰ ਸਹੀ ਸਲਾਮਤ ਵੇਖ ਕੇ ਤੇ ਉਸ ਨੂੰ ਆਇਆ ਵੇਖ ਕੇ ਦਿਲੋਂ ਖੁਸ਼ ਸੀ।

"ਜੀ ਹਾਂ", ਬਾਰੂ ਨੇ ਕਿਹਾ, "ਕੱਲ੍ਹ ਮੈਨੂੰ ਬੁਖ਼ਾਰ ਚੜ੍ਹਿਆ ਹੋਇਆ ਸੀ।"

"ਤੇ ਹੁਣ ਉੱਤਰ ਗਿਆ ਬੁਖ਼ਾਰ ?" ਲਾਲੇ ਨੇ ਲਾ ਕੇ ਆਖਿਆ।

ਸਿੱਧੇ ਹਰੀਜਨ ਨੇ ਉੱਤਰ ਦਿੱਤਾ, "ਹਾਂ ਜੀ।"

"ਓਇ ! ਤੁਹਾਡੇ ਚੂੜ੍ਹਿਆਂ ਦੀ ਮੱਤ ਈ ਟਿਕਾਣੇ ਨਹੀਂ ਹੁੰਦੀ।"

"ਹਾਂ ਜੀ, ਲਾਲਾ ਜੀ", ਬਾਰੂ ਨੇ ਆਖਿਆ,

"ਓਇ ਮਾਦਰ... ਜੇ ਕੱਲ੍ਹ ਹੀ ਹੋਸ਼ ਕਰਦੋਂ ਤੇ...!"

"ਜੀ ਹੁਣ ਮੇਰੀ ਭਾਬੀ ਕਹਿੰਦੀ ਹੈ, ਗਾਲ੍ਹਾਂ ਨਾਲ ਕਿਹੜੀ ਕਿਸੇ ਦੀ ਲੱਤ ਟੁੱਟ ਜਾਂਦੀ ਹੈ।"

"ਹਾਂ...ਹਾਂ...ਹਾਂ...", ਲਾਲਾ ਖੁੱਲ੍ਹ ਕੇ ਹੱਸਿਆ, "ਉਹ ਬੜੀ ਸਿਆਣੀ ਐ। ਹਾਂ ਕੱਲ੍ਹ ਦੀ ਦਿਹਾੜੀ ਤੇ ਤੇਰੀ ਕੱਟੀ ਗਈ ਨਾ ?"

"ਹਾਂ...ਲਾਲਾ ਜੀ।"

ਲਾਲਾ ਖੁਸ਼ੀ ਖੁਸੀ ਮੁੜ ਆਇਆ।

ਬਾਰੂ ਨੂੰ ਅੱਜ ਫੇਰ ਰੋਟੀ ਨਾ ਪਹੁੰਚੀ। ਉਸ ਦੁਪਹਿਰਾਂ ਵੇਲੇ ਲੁਕਾਠਾਂ ਦਾ ਅੱਧ ਕੁ ਸੇਰ ਫੇਰ ਖਾ ਲਿਆ। ਤਿੰਨ ਵਜਦੇ ਨਾਲ ਉਸ ਨੂੰ ਬੁਖ਼ਾਰ ਚੜ੍ਹਨਾ ਸ਼ੁਰੂ ਹੋ ਗਿਆ। ਸ਼ਾਮੀਂ ਫੇਰ ਸ਼ਹਿਰੀ ਕਲਰਕਾਂ ਉਸ ਨੂੰ ਬੁਖ਼ਾਰ ਵਿਚ ਗੁਲੇਲੇ ਘੁਮਾਉਂਦਿਆਂ ਡਿੱਠਾ।

"ਕਿਓਂ ਬਈ ਮੁੜ ਆਇਆਂ ?" ਅੱਧਖੜ ਕਲਰਕ ਨੇ ਫਿਰ ਪੁੱਛਿਆ।

"ਜੀ ਬਾਊ ਜੀ।"

"ਬੁਖ਼ਾਰ ਦਾ ਕੀ ਹਾਲ ਈ ?"

"ਜੀ, ਚੜ੍ਹਿਆ ਹੋਇਆ।"

ਅੱਧਖੜ ਕਲਰਕ ਦੀ ਰੀਸੇ ਇਕ ਹੋਰ ਕਲਰਕ ਨੇ ਪੁੱਛਿਆ, "ਫੇਰ ਲੁਕਾਠਾਂ

ਨੂੰ ਹੱਥ ਫੇਰਿਆ ਈ ਨਾ ?"

"ਹਾਂ ਜੀ, ਸਰਦਾਰ ਜੀ, ਰੋਟੀ ਨਹੀਂ ਸੀ ਘਰੋਂ ਆਈ।"

"ਸਹੁਰਿਆ, ਲੁਕਾਠਾਂ ਗਰਮ ਹੁੰਦੀਆਂ ਨੇ, ਮਰਨਾ ਈ ?" ਇਕ ਹੋਰ ਕਲਰਕ ਨੇ ਅਭੋਲ ਗਾਲ੍ਹ ਕੱਢਦਿਆਂ ਕਿਹਾ।

"ਅੱਛਾ ਜੀ, ਨਹੀਂ ਖਾਂਦਾ।"

ਅੱਧਖੜ ਕਲਰਕ ਨੂੰ ਰਾਖਾ ਸਿਆਣਾ ਜਾਪਿਆ ਤੇ ਉਹ ਕਲਰਕ ਮੂਰਖ, ਜੋ ਚਾਰ ਦਿਨ ਹੋਏ, ਉਸ ਦੇ ਸਮਝਾਉਣ 'ਤੇ ਵੀ ਬਹੁਤੇ ਕੰਮ ਦੇ ਦੁਖੋਂ ਦਫਤਰ ਵਿਚੋਂ ਅਸਤੀਫ਼ਾ ਦੇ ਕੇ ਚਲਾ ਗਿਆ ਸੀ। 'ਬਹੁਤਾ ਪੜ੍ਹਿਆ ਹੋਇਆ ਸੀ ਨਾ', ਅੱਧਖੜ ਕਲਰਕ ਨੇ ਦਿਲ ਵਿਚ ਹੀ ਕਿਹਾ, 'ਅਣਖ, ਅਣਖ ਹੀ ਤਾਂ ਇਨ੍ਹਾਂ ਨੂੰ ਡੋਬਦੀ ਹੈ।'

ਰਾਤੀਂ ਵੀ ਉਸ ਨੂੰ ਰੋਟੀ ਨਾ ਪਹੁੰਚੀ। ਬਾਰੂ ਦਾ ਭਰਾ ਸ਼ਹਿਰ ਚਿਰਕਾ ਗਿਆ ਸੀ ਤੇ ਖ਼ਾਲੀ ਹੀ ਮੁੜ ਆਇਆ ਸੀ। ਬਾਰੂ ਨੂੰ ਕੁਝ ਨਾ ਅਪੜਿਆ। ਰਾਤੀਂ ਉਸ ਦਾ ਬੁਖ਼ਾਰ ਤੇਜ਼ ਹੋ ਗਿਆ। ਉਹ ਜੀ-ਭਿਆਣਾ ਲੇਟ ਗਿਆ। ਉਸ ਨੂੰ ਕੋਈ ਹੋਸ਼ ਨਾ ਰਹੀ। ਉਘੜਿਆ-ਢੱਕਿਆ ਉਹ ਕੁੱਲੀਓਂ ਬਾਹਰ ਹੀ ਪਿਆ ਰਿਹਾ। ਰਾਤੀਂ ਚਮਗਿੱਦੜਾਂ ਦੀਆਂ ਡਾਰਾਂ ਨੇ ਬਾਗ਼ ਨੂੰ ਖ਼ੂਬ ਭੋਗ ਲਾਏ। ਬਾਰੂ ਬੇਸੁਰਤ ਪਿਆ ਸੀ। ਰਾਖੇ ਦੇ ਹੁੰਦਿਆਂ ਬਾਗ ਉੱਜੜ ਰਿਹਾ ਸੀ।

ਬੁਖ਼ਾਰ ਬਾਰੂ ਦੇ ਸਿਰ ਨੂੰ ਚੜ੍ਹ ਰਿਹਾ ਸੀ। ਉਹ ਅਭੜਵਾਹਿਆ ਉਠ ਬੈਠਾ।

"ਓਇ ਮੇਰਾ ਬਾਗ਼ !" ਉਹ ਉਠ ਕੇ ਖੜੋ ਗਿਆ। ਕਮਾਨ ਤੇ ਥੈਲੀ ਲੱਭ ਕੇ ਉਸ ਅੰਨ੍ਹੇ-ਵਾਹ ਗੁਲੇਲੇ ਚਲਾਉਣੇ ਸ਼ੁਰੂ ਕਰ ਦਿੱਤੇ। ਚਮਗਿੱਦੜ ਫਾੜ ਫਾੜ ਪਰ ਮਾਰਦੇ ਉੱਡ ਗਏ। ਉਹ ਕਮਜ਼ੋਰੀ ਨਾਲ ਇਕ ਲੁਕਾਠ ਦੇ ਮੁੱਢ ਲਾਗੇ ਬਹਿ ਗਿਆ। ਉਸ ਅੱਖਾਂ ਮੀਟ ਲਈਆਂ। ਕਮਾਨ ਹੱਥੋਂ ਢਿੱਲਾ ਹੋ ਕੇ ਡਿੱਗ ਪਿਆ। ਅਚਾਨਕ ਉਹ ਚੀਕ ਉਠਿਆ, "ਗਾਲ੍ਹਾਂ ਨਾਲ ਕਿਹੜੀ ਲੱਤ ਭੱਜ ਜਾਂਦੀ ਐ। ਲਾਲਾ ਜੀ, ਹੋਰ ਗਾਲ੍ਹਾਂ ਕੱਢੋ ਮੇਰੀ ਮਾਂ ਨੂੰ, ਮੇਰੀ ਭਰ..." ਤੇ ਫੇਰ ਉਹ ਗੁੰਮ ਹੋ ਗਿਆ।

"ਮੈਂ ਮਾਰ ਸੁਟੂੰਗਾ, ਓਇ ਮੈਂ ਮਾਰ ਸੁਟੂੰਗਾ। ਮੇਰਾ ਨਾਂ ਬਾਰੂ ਹੈ, ਬਾਰੂ ?" ਫੇਰ ਚੁੱਪ ਛਾ ਗਈ।

ਜਦੋਂ ਸਵੇਰੇ ਕਲਰਕਾਂ ਦਾ ਟੋਲਾ ਸੈਰ ਕਰਨ ਫੇਰ ਆਇਆ ਤਾਂ ਬਾਗ ਵਿਚ ਕਾਫੀ ਬੰਦੇ ਸਨ। ਕਿਸੇ ਨੇ ਕਿਹਾ, "ਪੁਲਸ ਨੂੰ ਖ਼ਬਰ ਕਰੋ। ਡਾਕੂਆਂ ਦਾ ਕੰਮ ਐ ਜੀ।"

ਕਲਰਕਾਂ ਨੇ ਕਿਸੇ ਨਾਲ ਗੱਲ ਨਾ ਕੀਤੀ। ਪਰੇ ਦੂਰ ਜਾ ਕੇ ਅੱਧਖੜ ਕਲਰਕ ਨੇ ਕਿਹਾ, "ਮੂਰਖ ਜਾਂ ਖਾ ਮੋਏ ਜਾਂ ਰੱਜ ਮੋਏ।"

ਬਾਰੂ ਦੀ ਭਰਜਾਈ ਛਾਹ-ਵੇਲਾ ਲਈ ਆਉਂਦੀ ਸੀ। ਬਾਗ ਉਜੜ ਚੁੱਕਾ ਸੀ। ਚਮਗਿੱਦੜ ਉੱਡ ਗਏ ਸਨ। ਡਾਕੂ ਦਾ ਕਿਸੇ ਨੂੰ ਪਤਾ ਨਹੀਂ, ਜੋ ਆਰਾਮ ਨਾਲ ਘਰ ਸੁੱਤਾ ਹੋਇਆ ਸੀ।

ਕੁਲਫੀ

ਮਹੀਨਾ ਮੁੱਕਣ 'ਤੇ ਸੀ, ਪਰ ਮੁੱਕਣ ਵਿਚ ਈ ਨਹੀਂ ਸੀ ਆਉਂਦਾ। ਸੋਚ ਰਿਹਾ ਸਾਂ ਮਹੀਨੇ ਦੇ ਪਹਿਲੇ ਅੱਧ ਦੇ ਪੰਦਰਾਂ ਦਿਨ ਕਿਵੇਂ ਝਟਪਟ ਮੁੱਕ ਜਾਂਦੇ ਹਨ ਤੇ ਤਨਖ਼ਾਹ ਵੀ ਉਨ੍ਹਾਂ ਪੰਦਰਾਂ ਦਿਨਾਂ ਦੇ ਨਾਲ ਹੀ ਕਿਵੇਂ ਉੱਡ-ਪੁੱਡ ਜਾਂਦੀ ਹੈ। ਮੈਨੂੰ ਪੱਠੇ ਦੀ ਸਫ ਚੁਭ ਰਹੀ ਸੀ। ਪਾਸਾ ਵੱਟ ਕੇ ਪਿੱਠ ਤੇ ਹੱਥ ਫੇਰਿਆ ਤਾਂ ਸਫ਼ ਦੀਆਂ ਪਿੜੀਆਂ ਪਿੰਡੇ ਵਿਚ ਖੁੱਭੀਆਂ ਹੋਈਆਂ ਸਨ।

"ਮਲਾਈ ਵਾਲੀ ਕੁਲਫ਼ੀ", ਠੰਡੀ ਠਾਰ ਆਵਾਜ਼ ਵਿਚ ਕੁਲਫੀ ਵਾਲੇ ਨੇ ਹੋਕਾ ਦਿੱਤਾ। ਉਸ ਦੀ ਆਵਾਜ਼ ਕਿੰਨਾ ਚਿਰ ਮੇਰੇ ਕੰਨਾਂ ਵਿਚ ਗੂੰਜਦੀ ਰਹੀ। ਚਿੱਟੀ ਦੁੱਧ ਕੁਲਫ਼ੀ ਸਾਕਾਰ ਮੇਰੀਆਂ ਅੱਖਾਂ ਸਾਹਮਣੇ ਨੱਚਣ ਲੱਗੀ। ਮੇਰੇ ਮੂੰਹ ਵਿਚ ਪਾਣੀ ਆ ਗਿਆ। ਪਰ ਮੈਂ ਬੇਵੱਸ ਸਾਂ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ। ਮੈਂ ਆਪਣੇ ਦਿਲ ਦੀ ਚਾਹ ਤੋਂ ਬਚਣ ਲਈ 'ਕੁਲਫ਼ੀ' ਸ਼ਬਦ ਦੀ ਬਣਤਰ ਤੇ ਵਿਚਾਰ ਕਰਨ ਦੀ ਆੜ ਲੈ ਲਈ। ਕੁਫ਼ਲ ਦਾ ਅਰਥ ਜੰਦਰਾ, ਸੁਨਿਆਰਿਆਂ ਨੇ ਗਹਿਣਿਆਂ ਵਿਚ ਇਸ ਨੂੰ ਲਾ ਕੇ ਕੁਫ਼ਲ ਦਾ ਕੁਲਫ਼ ਬਣਾ ਦਿੱਤਾ। ਕੁਲਫ਼ ਤੋਂ ਬਣੀ ਕੁਲਫ਼ੀ। ਕੁਲਫ਼ੀ ਨੂੰ ਵੀ ਟੀਨ ਦੇ ਸੱਚਿਆਂ ਵਿਚ ਬੰਦ ਕਰ ਕੇ ਜਮਾਇਆ ਜਾਂਦਾ ਹੈ-ਇਸ ਲਈ ਕੁਲਫ਼ੀ ਕਿਹਾ ਜਾਂਦਾ ਹੈ। ਤੇ ਇੱਦਾਂ ਹੌਲੀ ਹੌਲੀ, ਪਤਾ ਨਹੀਂ ਕਦੋਂ, ਨੀਂਦ ਨੇ ਮੇਰਾ ਕੁਲਫ਼ੀ ਤੋਂ ਛੁਟਕਾਰਾ ਕਰ ਦਿੱਤਾ।

ਮੇਰੀ ਦੁਪਹਿਰ ਮਗਰੋਂ ਦੀ ਨੀਂਦ ਹਾਲੀ ਪੂਰੀ ਨਹੀਂ ਸੀ ਹੋਈ ਕਿ ਮੈਨੂੰ ਮੇਰੇ ਛੋਟੇ ਕਾਕੇ ਨੇ ਹਲੂਣ ਕੇ ਜਗਾ ਹੀ ਦਿਤਾ। ਮੈਂ ਖਿਝਿਆ ਹੋਇਆ ਸਾਂ, ਪਰ ਕਾਕੇ ਦੀ ਤੋਤਲੀ ਆਵਾਜ਼ ਨੇ ਮੈਨੂੰ ਸ਼ਾਂਤ ਕਰ ਦਿੱਤਾ।

"ਦਾ ਜੀ, ਕਿੰਨੀਆਂ ਆਜਾਂ ਮਾਰੀਆਂ, ਜਾਗਦੇ ਹੀ ਨਹੀਂ, ਤੁਛੀਂ।"

"ਹਾਂ, ਹਾਂ, ਤੂੰ ਕੀ ਕਹਿਨੈਂ ? ਦੱਸ ਵੀ", ਮੈਂ ਕੁਝ ਕਾਹਲੇ ਪੈ ਕੇ ਪੁੱਛਿਆ।

"ਤੱਕਾ, ਇਕ ਤੱਕਾ ਦਿਓ, ਦਾ ਜੀ।"

ਪਰ ਟੱਕਾ ਮੇਰੇ ਕੋਲ ਹੈ ਨਹੀਂ ਸੀ। ਮੇਰੇ ਕੋਲ ਅੱਜ ਕੁਝ ਵੀ ਨਹੀਂ ਸੀ। ਜੂਨ ਦੀ ਛੱਬੀ ਤਰੀਕ ਸੀ। ਘਰ ਦਾ ਖ਼ਰਚ, ਬਾਜ਼ਾਰ ਦੀ ਉਧਾਰ ਦੀ ਸਾਖ 'ਤੇ ਮਸੀਂ ਤੁਰ ਰਿਹਾ ਸੀ।

"ਤੱਕਾ ਦਿਓ ਵੀ ਨਾ, ਦਾ ਜੀ।"

ਬਾਹਰ ਮੁਰਮੁਰੇ ਵਾਲਾ ਉੱਚੀ ਉੱਚੀ ਸਾਡੇ ਬੂਹੇ ਅੱਗੇ ਹੋਕੇ ਦੇ ਰਿਹਾ ਸੀ।

ਕੋਈ ਜਵਾਬ ਸੋਚਣ ਵਾਸਤੇ ਸਮਾ ਕੱਢਣ ਲਈ ਮੈਂ ਕਿਹਾ, "ਕਾਕਾ, ਤੂੰ ਟੱਕਾ ਕੀ ਕਰਨੈਂ ?"

"ਖਰਚਣੈ ਮੈਂ ਟੱਕਾ, ਹੋਰ ਕੀ ਕਰੀਦੈ, ਟੱਕੇ ਨੂੰ ?"

ਮੈਨੂੰ ਪਤਾ ਏ, ਪਹਿਲੇ ਜੰਗ ਤੋਂ ਮਗਰੋਂ ਜਦੋਂ ਬੜੀ ਮਹਿੰਗਾਈ ਹੋ ਗਈ ਸੀ, ਸਾਨੂੰ ਧੇਲਾ ਖ਼ਰਚਣ ਨੂੰ ਮਿਲਦਾ ਸੀ ਤੇ ਧੇਲੇ ਦੇ ਮਸ਼ੱਦੀ ਰਾਮ ਤੋਂ ਲਿਆਂਦੇ ਹੋਏ ਛੋਲੇ ਮੁੱਕਣ ਵਿਚ ਹੀ ਨਹੀਂ ਸਨ ਆਉਂਦੇ। ਹੁਣ ਆਨੇ ਦੇ ਵੀ ਓਨੇ ਛੋਲੇ ਨਹੀਂ ਸਨ ਮਿਲ ਸਕਦੇ ਤੇ ਆਮਦਨ ਮੇਰੀ। ਮੇਰੇ ਪਿਤਾ ਜੀ ਆਮਦਨ ਦੇ ਪਾਸਕੂ ਵੀ ਨਹੀਂ ਸੀ, ਹਾਲਾਂਕਿ ਮੇਰੀ ਪੜ੍ਹਾਈ ਮੇਰੇ ਪਿਤਾ ਤੋਂ ਕਈ ਗੁਣਾਂ ਵਧ ਸੀ। ਮੈਂ ਦੁਨੀਆ ਦੀ ਆਰਥਕ ਦਸ਼ਾ ਤੇ ਇਸ ਦਸ਼ਾ ਨੂੰ ਬਣਾਉਣ ਤੇ ਕਾਇਮ ਰੱਖਣ ਵਾਲੇ, ਧਨ-ਕੁਬੇਰਾਂ 'ਤੇ ਵਿਚਾਰ ਕਰਨ ਲੱਗ ਪਿਆ।

ਬਾਹਰੋਂ ਫੇਰ "ਮੁਰਮੁਰਾ ਛੋਲੇ" ਦਾ ਹੋਕਾ ਗੂੰਜਿਆ ਤੇ ਨਾਲ ਹੀ ਕਾਕੇ ਆਖਿਆ, "ਟੱਕਾ ਦਿਓ ਵੀ ਨਾ, ਦਾ ਜੀ।"

"ਟੱਕਾ ਭੈੜਾ ਹੁੰਦਾ ਹੈ", ਮੈਂ ਹਾਲਾਤ ਤੋਂ ਪੈਦਾ ਹੋਈ ਬਦ-ਹਵਾਸੀ ਜਿਹੀ ਵਿਚ ਕਿਹਾ।

"ਹੂੰ, ਟੱਕਾ ਵੀ ਕਦੇ ਭੈੜਾ ਹੁੰਦਾ, ਦਾ ਜੀ ? ਟੱਕੇ ਦਾ ਮੁਰਮੁਰਾ ਆਉਂਦੈ।"

"ਮੁਰਮੁਰਾ ਭੈੜਾ ਹੁੰਦੈ", ਮੈਂ ਆਖਿਆ ਤੇ ਬਾਕੀ ਗੱਲ ਹਾਲੇ ਮੇਰੇ ਮੂੰਹ ਵਿਚ ਹੀ ਸੀ ਕਿ ਕਾਕੇ ਨੇ ਕਿਹਾ, "ਮੁਰਮੁਰਾ ਤੇ ਮਿੱਠਾ ਹੁੰਦੈ।"

ਇਸ ਦਲੀਲ ਦਾ ਮੇਰੇ ਕੋਲ ਕੋਈ ਉੱਤਰ ਨਹੀਂ ਸੀ। ਮੈਂ ਵੀ ਮਿੱਠੇ ਦਾ ਲੋਭੀ ਹਾਂ। ਪਰ ਫਿਰ ਵੀ ਮੈਂ ਆਪਣੀ ਫੋਕੀ ਹਿਕਮਤ ਜਤਾਉਂਦਿਆਂ ਕਿਹਾ, "ਮੁਰਮੁਰੇ ਨਾਲ ਖੰਘ ਲੱਗ ਜਾਂਦੀ ਏ, ਬੱਚੂ।"

"ਤੁਸੀਂ ਟੱਕਾ ਦਿਓ। ਮੈਨੂੰ ਨਹੀਂ ਲੱਗਦੀ ਲੁਗਦੀ ਖੰਘ।"

ਮੁੰਡਾ ਮੱਛਰਦਾ ਜਾਪਦਾ ਸੀ। ਟੱਕਾ ਮੇਰੇ ਕੋਲ ਹੈ ਨਹੀਂ ਸੀ। ਮੈਂ ਕਾਕੇ ਨੂੰ ਟਾਲਣ ਲਈ ਉਸਨੂੰ ਪਤਾ ਨਹੀਂ ਕਿਉਂ ਕਹਿ ਦਿੱਤਾ-ਖਬਰੇ ਵੱਡਾ ਲੋਭ ਦੇ ਕੇ ਭੁਲਾਉਣ ਲਈ- "ਮੁਰਮੁਰਾ ਗੰਦਾ ਹੁੰਦੈ ! ਅਸੀਂ ਸ਼ਾਮੀਂ ਬਾਜ਼ਾਰੋਂ ਕੁਲਫ਼ੀ ਖਾਵਾਂਗੇ।"

ਮੁਰਮੁਰੇ-ਛੋਲੇ ਵਾਲਾ ਹੁਣ ਟਲ ਚੁੱਕਾ ਸੀ। ਕਾਕਾ ਵੀ ਮੇਰੀ ਆਸ ਤੋਂ ਉਲਟ ਸ਼ਾਮੀਂ ਕੁਲਫ਼ੀ ਖਾਣੀ ਮੰਨ ਗਿਆ। ਸਮਝਿਆ ਬਲਾ ਟਲੀ। ਮੈਂ ਸੋਚਿਆ ਕਿਤੇ ਕੋਈ ਹੋਰ ਛਾਬੜੀ ਵਾਲਾ ਨਾ ਆ ਜਾਵੇ। ਸੋ ਮੈਂ ਕਪੜੇ ਪਾ ਕੇ ਕੜਕਦੀ ਧੁੱਪ ਵਿਚ ਬਾਹਰ ਨਿਕਲ ਗਿਆ ਤੇ ਸੜਕਾਂ 'ਤੇ ਸਮਾਂ ਕਤਲ ਕਰਦਾ ਰਿਹਾ। ਕੀਮਤੀ ਸਮਾਂ ਮੈਂ ਇਕ ਟੱਕੇ ਦੀ ਮੰਗ ਤੋਂ ਬਚਣ ਲਈ ਨਾਸ ਕਰ ਰਿਹਾ ਸਾਂ।

ਮੈਂ ਆਪਣੇ ਮਾਲਕ ਨੂੰ ਕਿਉਂ ਨਹੀਂ ਕਹਿੰਦਾ ਕਿ ਮੇਰਾ ਇੰਨੇ ਵਿਚ ਗੁਜ਼ਾਰਾ ਨਹੀਂ ਹੁੰਦਾ। ਪਰ ਸੁਣੇਗਾ ਕੌਣ ? ਇਕੱਲੇ ਦੀ ਆਵਾਜ਼ ਭਾਵੇਂ ਕਿੱਡੀ ਉੱਚੀ ਹੋਵੇ, ਸੁਣੀ ਨਹੀਂ ਜਾਂਦੀ। ਲੋੜਵੰਦ ਇਕੱਠੇ ਹੋ ਨਹੀਂ ਸਕਦੇ। ਜੇ ਹੋ ਜਾਣ ਤਾਂ ਰਹਿਣ ਨਹੀਂ ਦਿੱਤੇ ਜਾਂਦੇ, ਤਾਂ ਜੁ ਇਕੱਠੀ ਮੰਗ ਨਾ ਕਰਨ। ਮੰਗ ਕੀਤਿਆਂ ਕਈ ਵਾਰੀ ਨੌਕਰੀਓਂ ਜਵਾਬ ਹੋ ਜਾਂਦਾ ਹੈ। ਮੈਂ ਡਰ ਗਿਆ। ਬੇਰੁਜ਼ਗਾਰੀ ਦੇ ਭਿਆਨਕ ਭਵਿੱਖਤ ਨੇ ਮੈਨੂੰ ਕੰਬਾ ਦਿੱਤਾ। ਕਾਇਰਾਂ ਵਾਂਗ ਮੈਂ ਸਦਾ ਤੋਂ ਚੁੱਪ ਰਿਹਾ ਸਾਂ ਤੇ ਹੁਣ ਵੀ ਚੁੱਪ ਰਹਿਣ ਦਾ ਫ਼ੈਸਲਾ ਕੀਤਾ।

ਸ਼ਾਮੀਂ ਇਹ ਸਮਝ ਕੇ ਕਿ ਕਾਕਾ ਛੇਤੀ ਸੌਂ ਜਾਂਦਾ ਹੈ ਮੈਂ ਵੱਖੀ ਪੈਰੀਂ ਘਰ ਪਹੁੰਚਿਆ। ਆਵਾਜ਼ ਨਾ ਮਾਰੀ, ਕੇਵਲ ਕੁੰਡਾ ਹੀ ਖੜਕਾਇਆ। ਉਹਤੋਂ ਹੀ ਆਵਾਜ਼ ਆਈ, "ਦਾ ਜੀ ਆਇਆ ਜੇ", ਤੇ ਥੋੜ੍ਹੇ ਚਿਰ ਮਗਰੋਂ ਕਾਕੇ ਨੇ ਆਣ ਬੂਹਾ ਖੋਲ੍ਹਿਆ।

"ਦਾ...ਜੀ...ਕੁਲਫ਼ੀ ਖਾਣ ਜਾਣਾ ਜੇ ?" ਉਸ ਨੇ ਆਸ–ਭਰਪੂਰ ਲਹਿਜੇ ਵਿਚ ਪੁੱਛਿਆ।

"ਉਤੇ ਚੱਲ, ਪੁੱਤਰ" ਮੈਂ ਕਿਹਾ।

ਕਾਕਾ ਨਿੰਮੋਝੂਣਾ ਜਿਹਾ ਹੋ ਕੇ ਅੰਦਰੋਂ ਲੇਕਾ ਤੁਰਿਆ। ਮੰਜੇ ਤੇ ਬੈਠ ਕੇ ਕਾਕੇ ਨੂੰ ਗੋਦ ਵਿਚ ਲੈ ਕੇ ਮੈਂ ਪਿਆਰ ਨਾਲ ਕਿਹਾ "ਹੁਣ ਰਾਤ ਪੈ ਗਈ ਏ, ਕੁਲਫ਼ੀ ਕੱਲ੍ਹ ਖਾਵਾਂਗੇ।"

ਮਾਲੂਮ ਤੋਂ ਉਲਟ ਕਾਕਾ ਚੁੱਪ ਕਰ ਗਿਆ। ਫਿਰ ਉਹ ਅਸਮਾਨ ਵੱਲ ਤੱਕ ਕੇ ਕੁਝ ਸੋਚਦਾ ਰਿਹਾ। ਫੇਰ ਆਖਣ ਲੱਗਾ, "ਦਾ...ਜੀ, ਤਾਰੇ ਰੁਪਈਏ ਹੁੰਦੇ ਨੇ ਨਾ, ਵੱਡਾ ਭਾ ਆਖਦਾ ਸੀ ਤਾਰੇ ਰੁਪਈਏ ਹੁੰਦੇ ਨੇ, ਦਾ...ਜੀ, ਸਾਰੇ ਰੁਪਈਏ ਸਾਡੇ ਕੋਠੇ 'ਤੇ ਕਿਉਂ ਨਹੀਂ ਵਰ੍ਹ ਪੈਂਦੇ ?"

ਮੈਂ ਇਹ ਆਖ ਕੇ ਕਿ "ਤਾਰੇ ਰੁਪਈਏ ਨਹੀਂ ਹੁੰਦੇ" ਮਾਨੋ ਉਸ ਦਾ ਸੁਹਣਾ ਢਾਹ ਛੱਡਿਆ। ਉਹ ਮੰਜੇ ਤੇ ਲੇਟ ਗਿਆ ਤੇ ਅਸਮਾਨ ਵੱਲ ਵੇਖਦਾ ਆਖ਼ਰ ਸੌਂ ਹੀ ਗਿਆ।

ਦੂਸਰੇ ਦਿਨ ਕੰਮ ਤੇ ਮੈਂ ਆਪਣੇ ਸਾਥੀਆਂ ਤੋਂ ਕੁਝ ਮੰਗਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਹੀਆ ਨਹੀਂ ਸੀ ਪੈਂਦਾ। ਮੰਗਣਾ ਬਹੁਤ ਹੀ ਔਖਾ ਕੰਮ ਹੈ, ਮੌਤ ਜਿੰਨਾ ਦੁਖ ਹੁੰਦਾ ਹੈ ਮੰਗਣ ਵਿਚ।

ਆਖ਼ਰ ਇਕ ਸਾਥੀ ਕੋਲੋਂ ਤਿੰਨ ਰੁਪਈਏ ਲੈ ਹੀ ਲਏ। ਜਦ ਘਰ ਆਇਆ ਤਾਂ ਕਾਕਾ ਦੁਪਹਿਰ ਦੀ ਨੀਂਦ ਸੌਂ ਰਿਹਾ ਸੀ। ਰੋਟੀ ਖਵਾਉਂਦਿਆਂ–ਖਵਾਉਂਦਿਆਂ ਸ੍ਰੀਮਤੀ ਜੀ ਨੇ ਤਿੰਨ ਰੁਪਈਏ ਮੁੱਛ ਲਏ। ਅੱਧ ਮਣ ਲੱਕੜਾਂ, ਸ਼ਾਮ ਦੀ ਸਬਜ਼ੀ ਲੂਣ–ਤੇਲ ਆਦਿ ਵਿਚ ਕਾਕੇ ਦੇ ਜਾਗਣ ਤੋਂ ਪਹਿਲਾ ਤਿੰਨੇ ਰੁਪਈਏ ਮੁੱਕ ਗਏ। ਮੈਂ ਕਿਹਾ ਵੀ ਕਿ ਕਾਕੇ ਨੂੰ ਕੁਲਫ਼ੀ ਖਵਾਉਣੀ ਹੈ ਪਰ ਉਨ੍ਹ ਕਹਿ ਛੱਡਿਆ, "ਬੜਾ ਉਹਨੂੰ ਯਾਦ ਰਹਿਣੈ! ਮੈਂ ਟੱਕਾ ਦੇ ਛੱਡਾਂਗੀ ਮੁਰਮੁਰੇ ਲਈ।"

ਕਾਕੇ ਨੇ ਜਾਗਦਿਆਂ ਹੀ ਕੁਲਫ਼ੀ ਮੰਗੀ! ਚੀਕ–ਚਿਹਾੜਾ ਪੈ ਗਿਆ। ਕੱਲ੍ਹ ਵਾਲਾ ਮੁਰਮੁਰਾ ਤੇ ਟੱਕਾ ਮਨਜ਼ੂਰ ਨਹੀਂ ਸਨ। ਆਖ਼ਰ ਸ਼ਾਮ ਨੂੰ ਕੁਲਫ਼ੀ ਖਵਾਉਣ ਦਾ ਵਾਇਦਾ ਕਰ ਕੇ ਛੁਟਕਾਰਾ ਪਾਇਆ ਤੇ ਕਾਕੇ ਨੇ ਟੱਕਾ ਮੇਰੇ ਕੋਲ ਜਮ੍ਹਾਂ ਕਰਵਾ ਦਿੱਤਾ। ਸ਼ਾਮ ਤੋਂ ਪਹਿਲੋਂ ਹੀ ਮੈਂ ਖੇਡਣ ਦਾ ਬਹਾਨਾ ਕਰ ਕੇ ਨਿਕਲ ਗਿਆ ਤੇ ਦੇਰ ਰਾਤ ਗੁਜ਼ਰੀ ਮੁੜਿਆ। ਕਾਕੇ ਨੂੰ ਸੁੱਤਾ ਦੇਖ ਕੇ ਸਾਹ ਵਿਚ ਸਾਹ ਆਇਆ। ਰੋਟੀ ਖਵਾਉਂਦਿਆਂ ਸ੍ਰੀਮਤੀ ਜੀ ਨੇ ਦੱਸਿਆ ਕਿ ਕਾਕਾ ਬੜਾ ਚਿਰ ਮੈਨੂੰ ਉਡੀਕਦਾ ਰਿਹਾ ਸੀ। ਮੈਂ ਕਾਕੇ ਦੇ ਨਾਲ ਲੰਮਾ ਪਿਆ ਬੜਾ ਬੇਚੈਨ ਰਿਹਾ। ਨੀਂਦ ਆਉਂਦੀ ਹੀ ਨਹੀਂ ਸੀ, ਪਰ ਆਖ਼ਰ ਪਤਾ ਨਹੀਂ ਕਦੋਂ ਆ ਗਈ। ਨੀਂਦ ਤੇ, ਆਖਦੇ ਨੇ, ਸੂਲਾਂ 'ਤੇ ਵੀ ਆ ਜਾਂਦੀ ਹੈ।

ਅੱਧੀ ਰਾਤ ਤੋਂ ਮਗਰੋਂ ਦਾ ਵੇਲਾ ਸੀ। ਕਾਕਾ ਕੁਝ ਸੁੱਤਾ ਬੇਚੈਨ ਜਾਪਦਾ ਸੀ, ਉਸ ਦੇ ਤਿੰਨ ਵਾਰੀ ਮੇਰੇ ਢਿੱਡ ਵਿਚ ਲੱਤਾਂ ਮਾਰੀਆਂ ਸਨ। ਹੁਣ ਉਸ ਬਾਂਹ ਉਲਟਾ

ਕੇ ਮੇਰੇ ਮੂੰਹ 'ਤੇ ਮਾਰੀ। ਜਾਗਿਆ ਤਾਂ ਮੈਂ ਅੱਗੇ ਹੀ ਹੋਇਆ ਸਾਂ, ਹੁਣ ਚਿਤੰਨ ਹੋ ਗਿਆ। ਕਾਕਾ ਕੁਝ ਬੁੜ-ਬੁੜਾਇਆ। ਮੈਨੂੰ ਕੁਝ ਪਤਾ ਨਾ ਲੱਗਾ। ਫਿਰ ਉਹ ਉੱਚੀ ਬੁੜਾਇਆ, "ਕੁਫ਼ੀ, ਕੁਫ਼ੀ, ਦਾ...ਜੀ, ਕੁਫ਼ੀ।" ਮੈਂ ਬਿਹਬਲ ਹੋ ਉਠਿਆ।

"ਸਰਦਾਰ ਜੀ, ਜਾਗਦੇ ਓ", ਸ਼੍ਰੀਮਤੀ ਨੇ ਆਖਿਆ, ਤੇ ਇਹ ਜਾਣ ਕੇ ਕਿ ਮੈਂ ਜਾਗਦਾ ਹਾਂ ਉਸ ਜਾਰੀ ਰੱਖਿਆ, "ਖਸਮਾਂ ਖਾਣਾ ਸੁੱਤਾ ਪਿਆ ਵੀ ਕੁਲਫੀਆਂ ਮੰਗਦੈ।" ਮੇਰੇ 'ਤੇ ਮਾਨੋ ਬਿਜਲੀ ਪੈ ਗਈ ਸੀ। ਮੈਂ ਚੁੱਪ ਰਿਹਾ ਤੇ ਕਾਕਾ ਵੀ ਚੁੱਪ ਹੋ ਗਿਆ।

ਸਵੇਰੇ ਜਾਗ ਕੇ ਕਾਕੇ ਨੇ ਕੁਲਫ਼ੀ ਦੀ ਮੰਗ ਕੋਈ ਨਾ ਕੀਤੀ। ਮੇਰੇ ਕੰਮ ਤੋਂ ਮੁੜ ਕੇ ਆਉਂਦਿਆਂ ਵੀ ਉਸ ਮੈਥੋਂ ਕੁਝ ਨਾ ਮੰਗਿਆ। ਰੋਟੀ ਖਾ ਕੇ ਮੈਂ ਦੁਪਹਿਰ ਦੀ ਨੀਂਦ ਲੈਣ ਲਈ ਲੇਟ ਗਿਆ। ਉਸ ਚੁੱਭਣ ਵਾਲੀ ਸਫ਼ ਉੱਤੇ ਅਤੇ ਹੁਦਾਰ ਨਾ ਲੈ ਸਕਣ ਦੀ ਅਸਫ਼ਲਤਾ 'ਤੇ ਝੂਰਦਾ ਰਿਹਾ। ਫੇਰ ਮੈਨੂੰ ਨੀਂਦ ਆ ਗਈ। ਮੇਰੀ ਨੀਂਦ ਹਾਲੇ ਅੱਧਵਾਟੇ ਹੀ ਸੀ ਕਿ ਗਲੀ ਵਿਚ ਕਿਸੇ ਕੁਲਫ਼ੀ ਵਾਲੇ ਨੇ ਹੋਕਾ ਦਿੱਤਾ, "ਠੰਡੀ ਠਾਰ ਕੁਲਫ਼ੀ, ਮਜ਼ੇਦਾਰ ਕੁਲਫ਼ੀ।" ਮੈਂ ਜਾਗ ਪਿਆ। ਕਾਕਾ ਮੇਰੇ ਲਾਗੇ ਰਬੜ ਦੀ ਪਾਟੀ ਬਤਖ਼ ਨਾਲ ਖੇਡ ਰਿਹਾ ਸੀ। ਦੂਸਰੀ ਆਵਾਜ਼ 'ਤੇ ਉਸ ਦੇ ਕੰਨ ਖੜ੍ਹੇ ਹੋ ਗਏ। ਬਤਖ਼ ਨੂੰ ਸੁਟ ਕੇ ਉਹ ਖੜਾ ਹੋ ਗਿਆ। ਬੂਹੇ ਲਾਗੇ ਜਾ ਕੇ ਉਹ ਖਲੋ ਕੇ ਬਾਹਰ ਦੇਖਣ ਲੱਗ ਪਿਆ। ਮੈਂ ਸੋਚਿਆ, ਹੁਣ ਮੈਨੂੰ ਜਗਾਉਣ ਆਵੇਗਾ, ਪਰ ਉਹ ਉਥੇ ਹੀ ਖਲੋਤਾ ਰਿਹਾ। ਫੇਰ ਉਹ ਬਾਹਰ ਤੁਰ ਗਿਆ। ਮੈਂ ਛੋਪਲੀ ਛੋਪਲੀ ਉਠ ਕੇ ਬੂਹੇ ਓਹਲੇ ਆ ਖਲੋਤਾ। ਕੁਲਫ਼ੀ ਵਾਲਾ ਸਾਹਮਣੇ ਸ਼ਾਹ ਜੀ ਦੇ ਲੜਕੇ ਨੂੰ ਕੁਲਫ਼ੀ ਕੱਢ ਕੇ ਦੇਣ ਦੇ ਆਹਰ ਵਿਚ ਸੀ। ਇਹ ਮੁੰਡਾ ਗਲੀ ਦਾ 'ਬੁਲੀ' ਸੀ ਤੇ ਆਪਣੇ ਤੋਂ ਛੋਟਿਆਂ ਮੁੰਡਿਆਂ ਨੂੰ ਸਦਾ ਕੁੱਟਿਆ ਕਰਦਾ ਸੀ। ਇਹ ਕੋਈ ਅੱਠਾਂ ਕੁ ਵਰ੍ਹਿਆਂ ਦਾ ਸੀ ਤੇ ਸਾਡੇ ਕਾਕੇ ਤੋਂ ਤਿੰਨ ਕੁ ਸਾਲ ਵੱਡਾ ਸੀ। ਕਾਕਾ ਸਿਪਾਹੀਆਂ ਵਾਂਗ ਲੱਤਾਂ ਚੌੜੀਆਂ ਕਰ ਕੇ ਲੱਕ ਪਿੱਛੇ ਹੱਥ ਜੋੜੀ ਖੜ੍ਹਾ ਸੀ। ਕੁਲਫ਼ੀ ਵੱਲ ਉਹ ਗਹੁ ਨਾਲ ਦੇਖ ਰਿਹਾ ਸੀ। ਪਰ ਉਸ ਭਾਈ ਕੋਲੋਂ ਕੁਲਫ਼ੀ ਨਹੀਂ ਸੀ ਮੰਗੀ। ਜਿਉਂ ਹੀ ਕੁਲਫ਼ੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਦੇ ਹੱਥ 'ਤੇ ਕੁਲਫ਼ੀ ਦੀ ਪਲੇਟ ਰੱਖੀ, ਕਾਕਾ ਧੁੱਸ ਦੇ ਕੇ ਉਸ ਨੂੰ ਪੈ ਗਿਆ। ਔਹ ਗਈ ਪਲੇਟ, ਔਹ ਗਈ ਕੁਲਫ਼ੀ, ਫਲੂਦਾਂ ਤੇ ਚਮਚਾ ਤੇ ਮੋਰੀ ਵਿਚ ਡਿੱਗਾ ਸ਼ਾਹਾਂ ਦਾ ਮੁੰਡਾ। ਕਿਸੇ ਜੇਤੂ ਵਾਂਗ ਕਾਕਾ ਉਸ ਦੇ ਵੱਲ ਦੇਖਦਾ ਰਿਹਾ। ਸ਼ਾਹਾਂ ਦਾ ਮੁੰਡਾ ਗੁੱਸਾ ਖਾ ਕੇ ਉੱਠਿਆ-ਕੁਲਫ਼ੀ ਦਾ ਨੁਕਸਾਨ ਤੇ ਆਪਣੀ ਹੇਠੀ ਉਸਨੂੰ ਜਿਵੇਂ ਨਵਾਂ ਜੋਸ਼ ਦੇ ਰਹੀ ਸੀ। ਜਿਉਂ ਹੀ ਉਹ ਉੱਠਿਆ, ਕਾਕੇ ਨੇ ਫੇਰ ਉਸ ਨੂੰ ਇਕ ਐਸੀ ਢੁੱਡ ਮਾਰੀ ਕਿ ਉਹ ਫਿਰ ਮੋਰੀ ਵਿਚ ਜਾ ਪਿਆ। ਮੈਂ ਨੱਸ ਕੇ ਕਾਕੇ ਨੂੰ ਚੁੱਕ ਲਿਆ। ਕੁਲਫ਼ੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਨੂੰ ਉਠਾ ਲਿਆ।

ਸ਼ਾਹਣੀ, ਜੋ ਕਿਸੇ ਦਾ ਉਲਾਂਭਾ ਨਹੀਂ ਸੀ ਸੁਣਦੀ, ਅੱਜ ਸਾਡੇ ਉਲਾਂਭਾ ਦੇਣ ਲਈ ਆਈ। ਕਾਕੇ ਦਾ ਸਰੀਰ ਭਖ਼ ਰਿਹਾ ਸੀ। ਸ਼੍ਰੀਮਤੀ ਨੇ ਕਿਹਾ, "ਆ ਖਸਮਾਂ ਖਾਣਿਆਂ ! ਤੂੰ ਲੱਗੈਂ ਹੁਣੇ ਉਲਾਂਭੇ ਲਿਆਉਣ ?" ਤੇ ਮਾਰਨ ਲਈ ਚਪੇੜ ਉਘਰੀ।

ਮੈਂ ਕਿਹਾ, "ਕੁਝ ਵੰਡ, ਸ਼ੁਦੈਣੇ : ਕਾਇਰ ਪਿਓ ਦੇ ਘਰ ਬਹਾਦਰ ਮੁੰਡਾ ਜੰਮਿਐ।"

ਗਰਮ ਕੋਟ

ਕੱਤਕ ਦੇ ਨਾਲ ਨਾਲ ਨਵੰਬਰ ਦਾ ਸਿਆਲੀ ਮਹੀਨਾ ਚਲ ਰਿਹਾ ਸੀ। ਸਕੂਲ-ਮਾਸਟਰ ਨੂੰ ਗਰੀਬ ਸਕੂਲ-ਮਾਸਟਰਾਂ ਦੇ ਹੱਕ ਵਿਚ ਲਿਖਣ ਕਰਕੇ ਕੱਢ ਦਿੱਤਾ ਗਿਆ ਸੀ। ਦੂਸਰੇ ਸਕੂਲ-ਮਾਸਟਰਾਂ ਨੇ ਉਸ ਦੇ ਕੱਢੇ ਜਾਣ ਤੇ ਕੋਈ ਵਿਰੋਧਤਾ ਨਹੀਂ ਸੀ ਕੀਤੀ, ਕਿਉਂਕਿ ਉਨ੍ਹਾਂ ਨੂੰ ਸਮਝਾਇਆ ਗਿਆ ਸੀ ਕਿ ਉਨ੍ਹਾਂ ਦੀ ਭੈੜੀ ਮਾਇਕ ਅਵਸਥਾ ਦਾ ਬਿਆਨ ਕਰ ਕੇ ਉਹ ਉਨ੍ਹਾਂ ਦੀ ਬੇਇਜ਼ਤੀ ਕਰਦਾ ਹੈ। "ਪਹਿਲੋਂ ਪੜ੍ਹਾਉਣ ਵਾਲੇ ਦਾ ਕੰਮ ਕੀ ਏ ਕਿ ਉਹ ਕਹਾਣੀਆਂ, ਕਵਿਤਾਵਾਂ ਲਿਖੇ ?" ਉਨ੍ਹਾਂ ਤੋਂ ਪੜ੍ਹ ਕੇ ਵਕੀਲ ਬਣੇ ਸਕੂਲ ਦੇ ਮੈਨੇਜਰ ਨੇ ਉਨ੍ਹਾਂ ਨੂੰ ਕਿਹਾ ਸੀ ਅਤੇ ਸਾਰਿਆਂ ਨੇ ਉਸ ਦੀ ਹਾਜ਼ਰੀ ਵਿਚ ਪ੍ਰੋੜ੍ਹਤਾ ਲਈ ਇਉਂ ਸਿਰ ਹਿਲਾਏ ਸਨ, ਜਿਵੇਂ ਉਨ੍ਹਾਂ ਦੇ ਸਿਰ ਹਿਲਾਉਣ ਦਾ ਅਰਥ ਹੋਵੇ — 'ਕੋਈ ਨਹੀਂ ਜੀ।'

ਉਸ ਦੇ ਖ਼ਿਲਾਫ਼ ਏਨਾ ਸੂਖਮ ਪ੍ਰਾਪੇਗੰਡਾ ਕੀਤਾ ਗਿਆ ਸੀ ਕਿ ਉਸ ਦਾ ਕਿਸੇ ਹੋਰ ਸਕੂਲ ਵਿਚ ਉਸਤਾਦ ਲਗਣਾ ਔਖਾ ਹੋ ਗਿਆ ਸੀ। ਬਦਚਲਨ, ਜਾਲਸਾਜ਼, ਗਬਨੀ ਰੱਬ ਦਾ ਨਾਂ ਲੈ ਕੇ ਜੋ ਮਰਜ਼ੀ ਕਰੇ, ਪਰ ਮਾਫ਼ੀ ਮੰਗ ਲਵੇ ਤਾਂ ਉਸ ਨੂੰ ਮਾਫ਼ੀ ਮਿਲ ਜਾਂਦੀ ਸੀ। ਜੇ ਉਸ ਨੂੰ ਕੱਢ ਵੀ ਦੇਣਾ ਪਵੇ ਤਾਂ ਉਹ ਫੇਰ ਕਿਸੇ ਹੋਰ ਕੰਮ ਲੱਗ ਸਕਦਾ ਸੀ। ਪਰ ਇਹ ਸਕੂਲ-ਮਾਸਟਰ ਸਕੂਲਾਂ ਦੇ ਬੱਚਿਆਂ ਲਈ ਬਹੁਤ ਹੀ ਖ਼ਤਰਨਾਕ ਬਣਾ ਦਿੱਤਾ ਗਿਆ ਸੀ।

ਆਖ਼ਰ ਵਿਚਾਰਾ ਮਾਸਟਰ, ਜਿਸ ਨੇ ਹੱਥੀਂ ਕੋਈ ਉਪਜਾਊ ਕੰਮ ਕਰਨਾ ਨਹੀਂ ਸੀ ਸਿੱਖਿਆ, ਕੀ ਕਰਦਾ ? ਉਸ ਦੀ ਤਨਖ਼ਾਹ ਤਾਂ ਤਨਖ਼ਾਹ ਮਿਲਣ ਤੋਂ ਪਹਿਲੋਂ ਖ਼ਤਮ ਹੋ ਚੁੱਕੀ ਹੁੰਦੀ ਸੀ। ਉਸ ਨੇ ਟੀਊਸ਼ਨਾਂ ਕਰਨ ਦੀ ਸੋਚੀ।

ਉਸ ਨੂੰ ਰਹੀਆਂ-ਖਹੀਆਂ ਟੀਊਸ਼ਨਾਂ ਹੀ ਮਿਲਣੀਆਂ ਸਨ। ਤਰ ਮਾਲ ਤਾਂ ਸਕੂਲਾਂ ਦੇ ਮਾਸਟਰ ਕਦੇ ਬਾਹਰ ਨਹੀਂ ਨਿਕਲਣ ਦਿੰਦੇ। ਆਮ ਤੌਰ ਤੇ ਉਸ ਨੂੰ ਗਰੀਬ ਮਜ਼ਦੂਰਾਂ ਜਾਂ ਘੱਟ ਤਨਖ਼ਾਹ ਲੈਣ ਵਾਲੇ ਬਾਬੂਆਂ ਦੇ ਲੜਕਿਆਂ-ਲੜਕੀਆਂ ਦੀਆਂ ਟੀਊਸ਼ਨਾਂ ਹੀ ਮਿਲਦੀਆਂ, ਤੇ ਉਹ ਵੀ ਸਾਲ ਦੇ ਅਖ਼ੀਰਲੇ ਤਿੰਨ ਚਾਰ ਮਹੀਨੇ। ਦਸ ਦਸ ਰੁਪਏ ਦੀ ਟੀਊਸ਼ਨ ਬਦਲੇ ਉਸ ਨੂੰ ਕਈ ਮੀਲਾਂ ਦਾ ਪਾੜ ਪੈਦਲ ਮੇਲ ਕੇ ਪਹੁੰਚਣਾ ਪੈਂਦਾ। ਜਿੰਨਾ ਵਕਤ ਉਸ ਦਾ ਟੀਊਸ਼ਨਾਂ ਪੜ੍ਹਾਉਣ 'ਤੇ ਲਗਦਾ, ਉਸਤੋਂ ਵੱਧ ਤੁਰਨ ਵਿਚ ਲੱਗ ਜਾਂਦਾ। ਆਖ਼ਰ ਮਰ ਪਿੱਟ ਕੇ ਨੌਂ ਜੀਆਂ ਦੇ ਟੱਬਰ ਲਈ ਉਹ ਸੌ ਰੁਪਈਆ ਮਹੀਨਾ ਇਕੱਠਾ ਕਰ ਹੀ ਲੈਂਦਾ। ਕਦੇ ਕਦੇ ਕਿਸੇ ਮਜ਼ਦੂਰ ਜਾਂ ਬਾਬੂ ਦੀ ਮਾਇਕ ਔਕੜ ਦੇਖ ਕੇ ਉਸ ਨੂੰ ਰਹਿਮ ਆ ਜਾਂਦਾ। ਆਪਣੇ ਵਰਗੀ ਔਕੜ ਜਾਣ ਕੇ ਉਹ ਕਈ ਵਾਰੀ ਜਾਣ ਬੁਝ ਕੇ 'ਅਗਲੇ ਮਹੀਨੇ ਬਾਕੀ ਲੈ ਲਵਾਂਗਾ'

ਕਹਿ ਕੇ ਛੋਟ ਕਰ ਦਿੰਦਾ। ਇਹ ਉਸ ਨੂੰ ਪਤਾ ਹੁੰਦਾ ਸੀ ਕਿ ਅਗਲੇ ਮਹੀਨੇ ਵੀ ਇਨ੍ਹਾਂ ਗਰੀਬਾਂ ਤੋਂ ਕੋਈ ਬੱਚਤ ਨਹੀਂ ਹੋ ਸਕਦੀ। ਪਰ ਇਹ ਦੱਸ ਕੇ ਕਿ ਗਰੀਬ ਮਾਸਟਰ ਉਨ੍ਹਾਂ ਨੂੰ ਛੋਟ ਕਰਦਾ ਹੈ, ਉਹ ਮਜ਼ਦੂਰਾਂ ਤੇ ਬਾਬੂਆਂ ਦੇ ਸਵੈਮਾਣ ਨੂੰ ਸੱਟ ਨਹੀਂ ਮਾਰਨਾ ਚਾਹੁੰਦਾ ਸੀ। ਇਸ ਤਰ੍ਹਾਂ ਕਈ ਵਾਰੀ ਉਸ ਦੀ ਕਮਾਈ ਘੱਟ ਵੀ ਜਾਂਦੀ।

ਬੱਚਿਆਂ ਲਈ ਸਵੈਟਰ ਜਾਂ ਕੋਟ ਉਸ ਆਪਣੇ ਸਕੂਲ-ਮਾਸਟਰ ਹੋਣ ਦੇ ਜ਼ਮਾਨੇ ਵਿਚ ਵਾਰੀ ਵਾਰੀ ਸਿਰ ਬੱਚਿਆਂ-ਬੱਚੀਆਂ ਨੂੰ ਬਣਾ ਦਿੱਤੇ ਸਨ। ਵੱਡੇ ਕਾਕੇ ਬਲਵੰਤ ਦਾ ਕੋਟ, ਤਿੰਨ ਸਾਲ ਹੋਏ ਬਣਾਇਆ ਗਿਆ ਸੀ। ਉਹ ਪੁਰਾਣਾ ਹੋ ਕੇ ਕਈਆਂ ਥਾਵਾਂ ਤੋਂ ਘਸ ਗਿਆ ਸੀ ਤੇ ਨਾਲੇ ਛੋਟਾ ਹੋ ਗਿਆ ਸੀ। ਜਮਾਤ ਦੇ ਮੁੰਡੇ ਉਸ ਨੂੰ ਮਖੌਲ ਕਰਦੇ ਸਨ, ਪਰ ਉਹ ਆਪਣੇ ਘਰ ਦੀ ਹਾਲਤ ਜਾਣਦਾ ਸੀ ਤੇ ਕਦੇ ਨਵੇਂ ਕੋਟ ਲਈ ਬਹੁਤਾ ਜ਼ੋਰ ਨਹੀਂ ਸੀ ਦਿੰਦਾ। ਨਿੱਕੀ ਜਿੰਦਰ ਦਾ ਸਵੈਟਰ, ਦੋ ਸਾਲ ਹੋਏ, ਬਣਿਆ ਸੀ ਤੇ ਹੁਣ ਤੰਗ ਹੋ ਕੇ ਕਈ ਥਾਵਾਂ ਤੋਂ ਉਧੜ ਗਿਆ ਸੀ। ਉਹ ਬੱਚੀ ਸੀ ਤੇ ਮਾਂ-ਪਿਉ ਦੀ ਤਕਲੀਫ ਨੂੰ ਸਮਝ ਨਹੀਂ ਸਕਦੀ ਸੀ। ਉਸ ਨੂੰ ਅਮੀਰਾਂ ਦੀਆਂ ਕੁੜੀਆਂ ਆਪਣੇ ਨਾਲ, ਉਸ ਦੇ ਉਧੜੇ ਸਵੈਟਰ ਨੂੰ ਦੇਖ ਕੇ ਨਹੀਂ ਸਨ ਬਹਿਣ ਦਿੰਦੀਆਂ। ਉਸ ਲਈ ਸਵੈਟਰ ਬਣਾਉਣਾ ਬੜਾ ਜ਼ਰੂਰੀ ਸੀ। ਸੋ ਉਸ ਕਿਸੇ ਕੋਲੋਂ ਵੀਹ ਰੁਪਏ ਉਧਾਰੇ ਲੈ ਕੇ ਕਿਸੇ ਤਰ੍ਹਾਂ ਬੱਚਿਆ ਦੇ ਕਪੜਿਆਂ ਦਾ ਇੰਤਜ਼ਾਮ, ਕੁਝ ਇਕ ਮੁਰੰਮਤ ਆਦਿ ਕਰਵਾ ਕੇ ਤੇ ਕੁਝ ਘਟੀਆ ਉੱਨ ਜਾਂ ਕਪੜਾ ਖ਼ਰੀਦ ਕੇ ਕਰ ਦਿਤਾ ਸੀ। ਮਾਸਟਰਿਆਣੀ ਕੋਲ ਤਾਂ ਸਿਰ 'ਤੇ ਲੈਣ ਨੂੰ ਲੀੜਾ ਵੀ ਨਹੀਂ ਸੀ। ਇਕ ਪਾਟਿਆ ਪੁਰਾਣਾ ਜਿਹਾ ਲੈ ਕੇ ਉਹ ਸਾਰਾ ਦਿਨ ਕੰਮ ਕਰਦੀ ਰਹਿੰਦੀ ਸੀ। ਜੇ ਬਾਹਰ ਨਿਕਲਣਾ ਪਵੇ ਤਾਂ ਚਾਰ ਵਜੇ ਤੋਂ ਮਗਰੋਂ ਨਿਕਲਦੀ ਸੀ। ਵੱਡੀ ਕੁੜੀ ਓਦੋਂ ਸਕੂਲੋਂ ਪੜ੍ਹ ਕੇ ਆ ਜਾਂਦੀ ਸੀ, ਜਿਸ ਦੀ ਫ਼ੀਸ ਇਸ ਕਰਕੇ ਪੂਰੀ ਲੱਗਣ ਲਗ ਪਈ ਸੀ ਕਿ ਉਸ ਦਾ ਪਿਓ ਹੁਣ ਸਕੂਲ-ਮਾਸਟਰ ਤੋਂ ਟੀਊਸ਼ਨ-ਮਾਸਟਰ ਹੋ ਗਿਆ ਸੀ। ਉਸ ਦੀ ਚੁੰਨੀ ਸਿਰ 'ਤੇ ਲੈ ਕੇ ਮਾਸਟਰਿਆਣੀ ਰਹੀ-ਖਹੀ ਸਾਗ ਭਾਜੀ ਸਬਜ਼ੀ ਦੀ ਭਾਲ ਵਿਚ ਨਿਕਲਦੀ ਸੀ। ਡਾਲਡਾ ਘਿਓ ਦਾ ਡੱਬਾ ਵੀ ਉਹ ਪੂਰਾ ਨਹੀਂ ਸਨ ਖਰੀਦ ਸਕਦੇ। ਸੋ ਸਬਜ਼ੀ ਦੇ ਨਾਲ ਹੀ ਉਹ ਰੋਜ਼ ਇਕ ਕੌਲੀ ਵਿਚ ਛਟਾਂਕ ਡਾਲਡੇ ਘਿਓ ਦੇ ਨਾਂ 'ਤੇ ਪੈਰਾਫ਼ਿਨ ਵੈਕਸ ਨਾਲ ਰਲਿਆ ਮਿਲਿਆ ਮੂੰਗਫਲੀ ਦਾ ਤੇਲ ਲੈ ਆਉਂਦੀ ਸੀ। ਇਸ ਵਿਚ ਡਾਕਟਰਾਂ ਦੇ ਨਾਂ ਹੇਠਾਂ ਲਿਖੇ ਇਸ਼ਤਿਹਾਰਾਂ ਦੇ ਸਰਟੀਫੀਕੇਟਾਂ ਅਨੁਸਾਰ ਵਿਟਾਮਿਨ ਜਾਂ ਜੀਵਨ-ਸ਼ਕਤੀ ਵੀ ਬਹੁਤ ਹੁੰਦੀ ਸੀ। ਮਾਸਟਰ ਸਾਹਿਬ ਦਾ ਸਿਰ ਗੰਜਾ ਹੋ ਰਿਹਾ ਸੀ ਤੇ ਅੱਖਾਂ ਦੀ ਜੋਤ ਘਟ ਗਈ ਸੀ। ਬਹੁਤੇ ਬੱਚੇ ਖਹੂੰ ਖਹੂੰ ਲਾ ਰੱਖਦੇ ਸਨ ਤੇ ਵਿਚਕਾਰਲੇ ਜਗਦੀਪ ਲਈ ਤਾਂ ਰਾਤ ਸੌਣਾ ਮੁਹਾਲ ਹੋ ਜਾਂਦਾ ਸੀ।

ਐਤਕੀਂ ਜਦੋਂ ਮਾਸਟਰਿਆਣੀ ਦਾ ਰੀਫ਼ੀਊਜੀ ਪਿਤਾ ਧੀ ਨੂੰ ਮਿਲਣ ਆਇਆ ਤਾਂ ਧੀ ਦੀ ਭੈੜੀ ਦਸ਼ਾ ਦੇਖ ਕੇ, ਉਸ ਨੇ ਆਪਣੇ ਬੁਰੇ ਹਾਲ ਦਾ ਖ਼ਿਆਲ ਨਾ ਕਰਦਿਆਂ ਉਸ ਨੂੰ ਵੀਹ ਰੁਪਏ ਉਸ ਦੇ ਕਪੜਿਆਂ ਲਈ ਦੇ ਹੀ ਦਿੱਤੇ। ਮਾਸਟਰਿਆਣੀ ਆਪਣੇ ਪਤੀ ਦੇ ਪਾਟੇ ਕੋਟ ਨੂੰ ਦੇਖ ਕੇ ਬੜਾ ਖਿਝਿਆ ਕਰਦੀ ਸੀ। ਇਸ ਸਾਲ ਜਦ ਕਿ ਉਸਨੂੰ ਸਕੂਲ ਵਿਚੋਂ ਕੱਢ ਦਿਤਾ ਗਿਆ ਸੀ, ਉਸ ਦੇ ਨਵੇਂ ਗਰਮ ਕੋਟ ਸਵਾਉਣ

ਦੀ ਵਾਰੀ ਵੀ ਆਉਣੀ ਸੀ। ਜਦ ਵੀਹ ਰੁਪਏ ਮਾਸਟਰਿਆਣੀ ਦੇ ਹੱਥ ਆਏ ਤਾਂ ਉਸ ਆਪਣੇ ਪਤੀ ਨੂੰ ਕਿਹਾ, "ਤੁਸੀਂ ਵੀਹ ਰੁਪਏ ਲੈ ਲਓ ਤੇ ਆਪਣਾ ਕੋਟ ਸਵਾ ਲਓ।"

ਮਾਸਟਰ ਨੇ ਕਿਹਾ, "ਭਲੀਏ ਲੋਕੇ, ਤੇਰੇ ਸਿਰ 'ਤੇ ਲੀੜਾ ਨਹੀਂ, ਦਵਾਲੇ ਦੇ ਕਪੜੇ ਵੀ ਪਾਟੇ ਹੋਏ ਨੇ ਉਤੋਂ ਸਿਆਲ ਮਾਂਹ ਆਇਆ। ਨਾਲੇ ਇਹ ਰੁਪਏ ਤੇਰੇ ਪਿਤਾ ਨੇ ਦਿੱਤੇ ਨੇ, ਤੂੰ ਆਪਣਾ ਬੰਦੋਬਸਤ ਕਰ ਲੈ।"

"ਲਓ, ਮੈਨੂੰ ਬੜਾ ਲੋਕਾਂ ਦੇ ਮੂੰਹ ਮੱਥੇ ਲੱਗਣਾ ਪੈਂਦੇ। ਮੇਰਾ ਕੀ ਏ ? ਮੇਰੇ ਭੈੜਿਆਂ ਦੇ ਕੱਪੜੇ ਤਾਂ ਤੁਸੀਂ ਬਣਾ ਹੀ ਦਿੱਤੇ ਹਨ", ਮਾਸਟਰਿਆਣੀ ਨੇ ਉੱਤਰ ਵਿਚ ਆਖਿਆ।

"ਸੁਦੈਣੇ, ਵੀਹਾਂ ਰੁਪਈਆਂ ਵਿਚ ਤਾਂ ਅੱਜ ਕਲ੍ਹ ਮੇਰੇ ਜਿੱਡੇ ਆਦਮੀ ਨੂੰ ਕੋਟ ਦੇ ਪਰਛਾਵੇਂ ਹੇਠ ਨਹੀਂ ਖਲੋਣ ਦਿੰਦੇ। ਹਾਂ ਇਕ ਗੱਲ ਹੈ, ਮੈਂ ਬਸੰਤੇ ਸ਼ਾਹ ਤੋਂ ਪੰਜਾਹ ਰੁਪਏ ਫੜੇ ਸਨ ਨਾਂ, ਵੀਹ ਦੀ ਕਿਸ਼ਤ ਇਸ ਮਹੀਨੇ ਨਾ ਦੇ ਸਕਣ ਕਰਕੇ, ਅੱਜ ਉਹ ਭਰੇ ਬਾਜ਼ਾਰ ਵਿਚ ਮੈਨੂੰ ਬੇਈਮਾਨ ਆਖਦਾ ਸੀ, ਲਿਆ ਇਹ ਉਸ ਨੂੰ ਦੇ ਦੇਈਏ।"

ਮਾਸਟਰਿਆਣੀ ਬਸੰਤੇ ਸ਼ਾਹ ਨੂੰ ਮੋੜਨ ਲਈ ਆਪਣੇ ਪਿਤਾ ਦੀ ਲਹੂ-ਪਾਣੀ ਇਕ ਕਰ ਕੇ ਕਮਾਈ, ਕਮਾਈ ਦੇਣ ਲਈ ਤਿਆਰ ਨਾ ਹੋਈ। ਪਰ ਉਸ ਵੀਹ ਰੁਪਏ ਪਤੀ ਨੂੰ ਦੇ ਦਿੱਤੇ ਤੇ ਕਿਹਾ, "ਕੋਈ ਮਾੜਾ ਮੋਟਾ ਕੰਬਲ ਹੀ ਲੈ ਆਓ ਫੇਰ।"

ਮਾਸਟਰ ਨੂੰ ਆਪਣੀ ਜੀਵਨ-ਸਾਥਣ ਦਾ ਬਹੁਤ ਫ਼ਿਕਰ ਸੀ। ਉਹ ਜ਼ਿੰਦਗੀ ਦਾ ਜੰਗ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਦੀ ਆਈ ਸੀ ਤੇ ਹਰ ਮੁਹਿੰਮ ਵਿਚ ਉਸ ਦਾ ਕਦਮ ਉਸ ਤੋਂ ਅੱਗੇ ਰਿਹਾ ਸੀ। ਮਾਸਟਰਾਂ ਦੇ ਹੱਕ ਵਿਚ ਲਿਖੀ ਕਹਾਣੀ ਸੁਣ ਕੇ ਉਹ ਖੁਸ਼ ਹੋਈ ਸੀ ਤੇ ਜਦੋਂ ਉਸ ਕਹਾਣੀ ਤੇ ਉਸ ਦੇ ਨਾਲ ਦੀਆਂ ਹੋਰ ਕਹਾਣੀਆਂ ਲਿਖਣ ਬਦਲੇ ਉਸ ਦੇ ਪਤੀ ਨੂੰ ਸਕੂਲੋਂ ਕੱਢਿਆ ਗਿਆ ਸੀ ਤਾਂ ਉਹ ਨਿਰਾਸ਼ ਨਹੀਂ ਸੀ ਹੋਈ। ਉਸ ਬਹਾਦਰੀ ਨਾਲ ਕਿਹਾ ਸੀ, "ਏ ਜੀ, ਜੇ ਚੰਗੇ ਕੰਮ ਬਦਲੇ ਦੁਖ ਆਉਂਦੇ ਹਨ ਤਾਂ ਜਮ ਜਮ ਆਉਣ, ਕੋਈ ਗੱਲ ਨਹੀਂ।"

ਤੇ ਇਸ ਤਰ੍ਹਾਂ ਉਹ ਹਰ ਔਕੜ ਸਮੇਂ, ਸਮੇਂ ਦੀ ਮੰਗ ਅਨੁਸਾਰ ਆਪਣੇ ਖ਼ਰਚ ਘਟਾਈ ਜਾਂਦੀ ਸੀ ਤੇ ਪਤੀ ਨੂੰ, ਘੱਟੋ ਘੱਟ, ਕਲਮੀ ਜੰਗ ਲੜਨ ਵਿਚ ਅਸਲੋਂ ਉਸਦਾ ਸਾਥ ਦਿੰਦੀ ਸੀ।

ਮਾਸਟਰ ਦੇ ਦਿਮਾਗ਼ ਵਿਚ ਫੁਰਨਾ ਫੁਰਿਆ। ਉਹ ਟੁੱਟੇ ਖੁੱਸੇ ਬੂਟ ਅੜਾ ਕੇ ਤੁਰਨ ਹੀ ਲੱਗਾ ਸੀ ਕਿ ਉਸ ਦੇ ਇਕ ਦੋਸਤ ਨੇ ਆਵਾਜ਼ ਮਾਰੀ। ਮਾਸਟਰ ਨੂੰ ਆਉਂਦਿਆਂ ਵੇਖ ਕੇ ਗੂੜ੍ਹੇ ਯਾਰਨੇ ਦੇ ਲਹਿਜੇ ਵਿਚ ਬੋਲਿਆ, "ਕਿਧਰ ਤਿਆਰ ਹੋਇਆਂ, ਐਸ ਵੇਲੇ ?"

"ਨਹੀਂ, ਚੱਲ ਕੋਠੇ ਬੈਠਦੇ ਹਾਂ", ਮਾਸਟਰ ਨੇ ਪਿੱਛੇ ਹਟਦਿਆਂ ਆਖਿਆ।

"ਨਹੀਂ ਬਈ, ਮੈਂ ਬਾਹਰ ਨਿਕਲਣ ਦੇ ਹੱਕ ਵਿਚ ਆਂ।" ਤੇ ਉਸ ਦਾ ਹੱਥ

ਫੜਦਿਆਂ ਉਸ ਮੁੜ ਆਖਿਆ, "ਆ, ਚੱਲੀਏ।"

"ਪਰ ਜਿਧਰ ਮੈਂ ਕਹੂੰ ਉਧਰ ਜਾਣਾ ਪਉ", ਮਾਸਟਰ ਨੇ ਜ਼ੋਰ ਦਿੰਦਿਆਂ ਪੱਕਾ ਕਰਨ ਦੇ ਖ਼ਿਆਲ ਨਾਲ ਕਿਹਾ।

"ਤੇਰੇ ਨਾਲ ਤਾਂ ਮੈਂ ਨਰਕਾਂ ਦੇ ਬੂਹੇ ਤਾਕਰ ਚਲਾ ਜਾਵਾਂ, ਬੱਚੂ !"

"ਹੱਛਾ ਨਰਕਾਂ ਦੇ ਬੂਹੇ ਤਕ, ਮੈਨੂੰ ਛੱਡਣ ?" ਮਾਸਟਰ ਨੇ ਸੁੱਕੇ ਮੂੰਹ 'ਤੇ ਮੁਸਕਰਾਹਟ ਲਿਆਉਂਦਿਆਂ ਕਿਹਾ।

"ਓਏ ! ਤੂੰ ਮਾਸਟਰ ਤੇ ਬਣ ਗਿਓਂ ਪਰ ਉਹੋ ਪੁਰਾਣਾ ਮੂਰਖ ਹੀ ਰਿਹੋਂ ! ਜਿਹੜਾ ਨਰਕਾਂ ਤੇ ਬੂਹੇ ਤਕ ਤੇਰੇ ਨਾਲ ਪੈਂਡੇ ਕੱਛਦਾ ਜਾਊ, ਉਹ ਅੰਦਰ ਨਾ ਵੜ ਸਕੂ ?"

"ਹੱਛਾ ! ਹੱਛਾ !" ਮਾਸਟਰ ਨੇ ਹੱਸਦਿਆਂ ਕਿਹਾ ਤੇ ਦੋਵੇਂ ਬਾਹਰ ਵੱਲ ਤੁਰ ਪਏ।

ਮਾਸਟਰ ਉਸ ਦੀ ਅਗਵਾਈ ਕਰਦਾ ਰਿਹਾ ਤੇ ਰਾਜਨੀਤਕ ਮਸਲਿਆਂ 'ਤੇ ਵਿਚਾਰ ਕਰਦੇ ਕਰਦੇ ਉਹ ਉਸ ਬਾਜ਼ਾਰ ਵਿਚ ਪਹੁੰਚ ਗਏ ਜਿਥੇ ਪਸ਼ਮ ਦੀ ਥਾਂ ਪੁਰਾਣੇ ਕੱਪੜੇ ਵਿਕਦੇ ਸਨ, ਪਰ ਨਾਂ ਹਾਲੀ ਤਕ 'ਪਸ਼ਮ ਵਾਲਾ ਬਾਜ਼ਾਰ' ਹੀ ਰਿਹਾ ਸੀ।

ਮਾਸਟਰ ਦਾ ਯਾਰ, ਕਿਸੇ ਧਾਰਮਿਕ-ਰਾਜਨੀਤਕ ਸਭਾ ਦਾ ਸਕੱਤਰ ਸੀ ਤੇ ਸੰਨ 47 ਤੋਂ ਮਗਰੋਂ ਤਿੰਨ ਸਾਲ ਸਰਦੀਆਂ ਵਿਚ ਇਕ ਨੀਲੇ ਪੁੱਲਓਵਰ ਨਾਲ ਗੁਜ਼ਾਰਾ ਕਰਦਾ ਰਿਹਾ ਸੀ ਤੇ ਇਸ ਮਹੀਨੇ ਹੀ ਮਸੀਂ ਆਪਣਾ ਸੂਟ ਸੁਆ ਸਕਿਆ ਸੀ। ਘਸਮੈਲੇ ਜਹੇ ਘਟੀਆ ਗਰਮ ਕੱਪੜੇ ਦੇ ਸੂਟ ਉੱਤੇ ਉਸ ਦੇ ਇਕ ਸੌ ਵੀਹ ਰੁਪਏ ਲੱਗ ਗਏ ਸਨ। ਇਸ ਖ਼ਰਚ ਨਾਲ ਉਸ ਦੇ ਘਰ ਦਾ ਕਈ ਆਉਣ ਵਾਲਿਆਂ ਮਹੀਨਿਆਂ ਲਈ ਹਿਸਾਬ ਵਿਗੜ ਗਿਆ ਸੀ ਤੇ ਉਸ ਨੂੰ ਉਧਾਰ ਚੁੱਕਣਾ ਪਿਆ ਸੀ। ਹੁਣ ਉਹ ਕੁਝ ਸਵੈ-ਮਾਣ ਨਾਲ ਤੁਰਨ ਲੱਗਾ ਸੀ, ਪਰ ਕਰਜ਼ੇ ਦਾ ਖ਼ਿਆਲ ਕਈ ਵਾਰੀ ਉਸ ਨੂੰ ਡੋਬ ਪਾ ਜਾਂਦਾ ਸੀ। ਅੱਜ ਜਦ ਪਸ਼ਮ ਵਾਲੇ ਬਾਜ਼ਾਰ ਵਿਚ ਤੁਰੇ ਜਾਂਦਿਆਂ ਮਾਸਟਰ ਨੇ ਅਚਾਨਕ ਉਸ ਨੂੰ ਧੂ ਕੇ ਇਕ ਪੁਰਾਣੇ ਗਰਮ ਕੱਪੜੇ ਵੇਚਣ ਵਾਲੇ ਕਵਾੜੀਏ ਦੀ ਹੱਟੀ ਵਿਚ ਖਿੱਚ ਲਿਆ ਤਾਂ ਉਹ ਭੁਚੱਕਾ ਰਹਿ ਗਿਆ।

"ਆਓ ਜੀ, ਬਾਊ ਜੀ !" ਦੁਕਾਨਦਾਰ ਨੇ ਗਾਹਕ ਵੜਦਿਆਂ ਦੇਖ ਕੇ ਕਿਹਾ।

"ਇਕ ਕੋਟ ਚਾਹੀਦਾ ਹੈ ਮੇਰੇ ਮੇਚ ਦਾ" ਮਾਸਟਰ ਨੇ ਆਖਿਆ।

ਧਾਰਮਿਕ ਸੰਸਥਾ ਦੇ ਸਕੱਤਰ ਨੂੰ ਮਾਨੋ ਹੋਸ਼ ਆ ਗਈ। ਪਿਛਲੇ ਪਾਸੇ ਇਕ ਕੋਠੜੀ ਦਾ ਬੂਹਾ ਖੁੱਲ੍ਹਾ ਦੇਖ ਕੇ ਉਸ ਕਿਹਾ, ਯਾਰ, ਕੀ ਅਸੀਂ ਉਸ ਕੋਠੜੀ ਵਿਚ ਜਾ ਕੇ ਨਹੀਂ ਮਾਲ ਦੇਖ ਸਕਦੇ ?"

ਸ਼ਬਦ 'ਜੰਟਲਮੈਨ' ਮਾਨੋ ਇਕ ਤੀਰ ਵਾਂਗ ਦੋਹਾਂ ਦੇ ਦਿਲ ਵਿੰਨ੍ਹ ਗਿਆ। ਪਰ ਉਹ ਸ਼ਰਮਿੰਦਗੀ ਦੇ ਤਾਣ ਅੰਦਰ ਹੋ ਹੀ ਗਏ।

"ਯਾਰ ਭਰਜਾਈ ਲਈ ਦੁਪੱਟਾ ਤੇ ਸਲਵਾਰ ਵੀ ਲੈਣੀ ਹੈ ਤੇ ਰੁਪਈਏ ਕੁਲ

ਵੀਹ ਨੇ", ਹੌਲੀ ਜਿਹੀ ਮਾਸਟਰ ਨੇ ਬਚਪਨ ਦੇ ਮਿੱਤਰ ਨੂੰ ਕਿਹਾ।

ਧਾਰਮਿਕ ਸੰਸਥਾ ਦਾ ਸਕੱਤਰ, ਜੋ ਮਾਸਟਰ ਦਾ ਮਿੱਤਰ ਹੁੰਦਾ ਹੋਇਆ ਵੀ ਉਸ ਦੇ ਵਿਚਾਰਾਂ ਦਾ ਵਿਰੋਧੀ ਸੀ ਅਤੇ ਜਨਤਾ ਦੀ ਬਦਹਾਲੀ ਨਾਲ ਸਰਮਾਏ ਤੇ ਸਰਮਾਏਦਾਰਾਂ ਦਾ ਕੋਈ ਵਾਸਤਾ ਨਹੀਂ ਸੀ ਸਮਝਦਾ ਤੇ ਮਾਸਟਰਾਂ, ਕਿਰਤੀਆਂ, ਕਾਮਿਆਂ ਆਦਿਕ ਦੇ ਹੱਕ ਵਿਚ ਉਸ ਦੀ ਕਲਮੀ ਮਿਹਨਤ ਨੂੰ ਮਖ਼ੌਲ ਵਿਚ ਉਡਾਇਆ ਕਰਦਾ ਸੀ, ਅੱਜ ਦੁਕਾਨ ਦੇ ਅੰਦਰ ਅਜੀਬ ਅਜੀਬ ਹਾਲਤ ਵਿਚ ਖੜਾ ਸੀ। ਉਹ ਕੁਝ ਚਿਰ ਲਈ ਕੰਬਦਾ ਪ੍ਰਤੀਤ ਹੋਇਆ, ਜਿਵੇਂ ਉਸ ਨੂੰ ਆਪਣੇ .ਗਰਮ ਸੂਟ ਵਿਚ ਪੋਹ ਮਾਂਹ ਦੀ ਠੰਡ ਲੱਗ ਰਹੀ ਹੋਵੇ। ਖ਼ਬਰੇ ਉਸ ਦੀ ਕਲਪਨਾ ਸਾਹਮਣੇ ਕੋਈ ਵਿਚਾਰ ਸਾਕਾਰ ਹੋ ਉੱਠੇ ਸਨ ਤੇ ਉਹ ਉਨ੍ਹਾਂ ਦੀ ਝੰਜੋੜ ਨਹੀਂ ਸਹਾਰ ਸਕਿਆ ਸੀ। ਉਸ ਦੀ ਹਾਲਤ ਦੇਖ ਕੇ ਮਾਸਟਰ ਨੇ ਛੇਤੀ ਛੇਤੀ ਸੌਦਾ ਕੀਤਾ। ਮਾਲ ਵੀ ਮਾੜਾ ਪੱਲੇ ਪਿਆ ਤੇ ਰੁਪਏ ਵੀ ਦਸ ਲਗ ਗਏ। ਮਾਸਟਰ ਨੇ ਕੋਟ ਬਾਂਹ 'ਤੇ ਪਾ ਲਿਆ। ਸਕੱਤਰ ਨੇ ਫਿਰ ਹੋਸ਼ ਵਿਚ ਆ ਕੇ ਦੁਕਾਨਦਾਰ ਨੂੰ ਕਿਹਾ, "ਸਰਦਾਰ ਜੀ, ਇਸਨੂੰ ਕਿਸੇ ਕਾਗਜ਼ ਵਿਚ ਬੰਨ੍ਹ ਦਿੰਦੇ ਤਾਂ ਚੰਗਾ ਸੀ।"

ਮਾਸਟਰ ਨੇ ਕਿਹਾ, "ਮਿੱਤਰਾ, ਕਿੰਨਾ ਚਿਰ ਇਸ ਨੂੰ ਲੁਕਾਵਾਂਗੇ। ਇਹ ਇੱਕ ਅਸਲੀਅਤ ਹੈ, ਜਿਸ ਦਾ ਮੁਕਾਬਲਾ ਕਰਨਾ ਹੀ ਪਵੇਗਾ। ਇਸ ਦੇ ਕਾਰਨਾਂ 'ਤੇ ਵਿਚਾਰ ਕਰੇ ਬਿਨਾਂ ਛੁਟਕਾਰਾ ਨਹੀਂ। ਹਾਲਾਤ ਨਾਲ ਆਖ਼ਰ ਲੜਨਾ ਹੀ ਪੈਣਾ ਹੈ।"

ਏਨੇ ਨੂੰ ਦੁਕਾਨਦਾਰ ਨੇ ਕਾਗਜ਼ ਕੱਢ ਕੇ ਕੋਟ ਵਲ੍ਹੇਟਣਾ ਸ਼ੁਰੂ ਕਰ ਦਿੱਤਾ ਸੀ। ਦੁਕਾਨਦਾਰ ਨੇ ਭੁਲੇਖੇ ਨਾਲ ਕੋਟ ਸਕੱਤਰ ਦੇ ਹੱਥ ਵਿਚ ਦਿੱਤਾ, ਪਰ ਉਸ ਨੇ ਫੜਿਆ ਨਾ ਤੇ ਉਹ ਡਿੱਗ ਪਿਆ। ਮਾਸਟਰ ਨੇ ਝੁਕ ਕੇ ਉਸ ਪੁਲੰਦੇ ਨੂੰ ਚੁੱਕ ਲਿਆ ਅਤੇ ਉਹ ਝਟਪਟ ਬਾਹਰ ਨਿਕਲੇ। ਸਕੱਤਰ ਇਧਰ ਉਧਰ ਦੇਖ ਰਿਹਾ ਸੀ ਕਿ ਕੋਈ ਉਨ੍ਹਾਂ ਦਾ ਵਾਕਫ਼ ਉਨ੍ਹਾਂ ਨੂੰ ਦੇਖ ਤਾਂ ਨਹੀਂ ਰਿਹਾ।

ਬੜਾ ਚਿਰ ਉਹ ਚੁੱਪ ਕਰੀ ਤੁਰੀ ਆਉਂਦਾ ਰਿਹਾ। ਆਖ਼ਰ ਉਸ ਮਾਨੋ ਪਾਟ ਕੇ ਆਖਿਆ, "ਅਮਰੀਕਨ ਕਿਤੇ ਇਹ ਉਤਾਰ ਵਿਕਦੇ ਵੇਖਣ ਲਈ ਹੀ ਤਾਂ ਕੋਰੀਆ ਵਿਚ ਨਹੀਂ ਲੜ ਰਹੇ ? ਜੋ ਹੋਰਨਾਂ ਦੇਸ਼ਾਂ ਦੇ ਲਿਖਾਰਿਆਂ ਤੱਕ ਨੂੰ ਉਤਾਰ ਪੁਆ ਕੇ ਉਨ੍ਹਾਂ ਦੇ ਮੁਲਕ ਦੀ ਰਹਿੰਦੀ-ਖੂੰਹਦੀ ਮਾਇਆ ਵੀ ਖਿੱਚਣ ਦੀ ਠਾਣਦੇ ਹਨ, ਉਨ੍ਹਾਂ ਨਾਲ ਲੜਨਾ ਧਰਮ ਹੈ।"

ਮਾਸਟਰ ਚੁੱਪ ਕਿੰਨਾ ਚਿਰ ਉਸ ਦੇ ਮੂੰਹ ਵਲ ਦੇਖੀ ਗਿਆ।

ਪਿਤਾ ਜੀ ਰੋ ਪਏ

ਸੰਨ 1919 ਵਿਚ ਮੈਂ ਪਹਿਲੀ ਵਾਰ ਪੰਜਾਬ ਆਇਆ ਸਾਂ। ਮੇਰੀ ਵੱਡੀ ਭੈਣ ਬਿਮਾਰ ਸੀ ਤੇ ਪਿਤਾ ਜੀ ਤਾਰ ਪੜ੍ਹਦਿਆਂ ਹੀ ਮੇਰੀ ਮਾਤਾ ਜੀ ਨੂੰ ਤੇ ਮੈਨੂੰ ਲੈ ਕੇ ਡੇਰਾ ਬਾਬਾ ਨਾਨਕ ਪਹੁੰਚ ਗਏ। ਭੈਣ ਮਸੀਂ ਪਟਲੇ ਪਾਰੋਂ ਹੋ ਕੇ ਮੁੜੀ। ਕੁਝ ਚਿਰ ਮਗਰੋਂ ਜੀਜਾ ਜੀ ਵੀ ਪਰਦੇਸੋਂ ਆ ਪਹੁੰਚੇ। ਅਚਾਨਕ ਮੇਰੀ ਮਾਤਾ ਜੀ ਤੇ ਪਿਤਾ ਜੀ ਵਿਚ ਨਗੂਣੀ ਗੱਲੋਂ ਝਗੜਾ ਹੋ ਗਿਆ। ਮੇਰੀ ਮਾਤਾ ਅਸਲ ਵਿਚ ਕੋਈ ਡਿਕਟੇਟਰ ਸੀ। ਆਪਣੇ ਬਾਬੇ ਜਰਨੈਲ ਦਾ ਬੁੱਢੇ-ਵਾਰੇ ਦਾ ਦਬਦਬਾ ਉਹ ਅਕਸਰ ਮੈਨੂੰ ਸੁਣਾਇਆ ਕਰਦੀ ਸੀ। ਜਰਨੈਲ ਦੀ ਪੋਤੀ ਦਾ ਹੁਕਮ ਕੋਈ ਜਰਨੈਲ ਤੋਂ ਘਟ ਨਹੀਂ ਸੀ ਹੁੰਦਾ। ਰੰਗ ਸਾਡੀ ਮਾਂ ਦਾ ਸੌਲਾ ਸੀ, ਪਰ ਮੱਥੇ ਤੇ ਚਿਹਰੇ 'ਤੇ ਰੋਹਬ ਵਾਲਾ ਪਰਭਾਵ ਸੀ, ਜੋ ਸਾਰਿਆਂ ਨੂੰ ਮੰਨਣਾ ਪੈਂਦਾ ਸੀ। ਮਮੂਲੀ ਜਹੀ ਗੱਲ 'ਤੇ, ਭਾਵੇਂ ਗਲਤ ਹੀ ਹੋਵੇ, ਉਹ ਅੜ ਬੈਠਦੀ ਸੀ ਤੇ ਬਹੁਤਾ ਮੇਰੇ ਪਿਤਾ ਜੀ ਨੂੰ ਹੀ ਝੁਕਣਾ ਪੈਂਦਾ ਸੀ।

ਮੇਰੇ ਪਿਤਾ ਜੀ ਭਾਰੇ ਗੋਰੇ ਪ੍ਰੋੜ ਅਵਸਥਾ ਦੇ ਆਦਮੀ ਸਨ। ਪੇਂਡੂਆਂ ਨੂੰ ਉਹ ਆਪਣੀ ਸ਼ਕਲ ਤੇ ਲਿਬਾਸ ਤੋਂ ਥਾਣੇਦਾਰ ਜਾਪਦੇ ਸਨ। ਮੇਰੇ ਪਿਤਾ ਜੀ ਦਾ ਸੰਬੰਧ ਖੇਤ-ਕਾਮਿਆਂ ਦੀ ਸ਼੍ਰੇਣੀ ਨਾਲ ਸੀ। ਵੱਡਾ ਟੱਬਰ ਤੇ ਸੱਤ ਵਿਘੇ ਜ਼ਮੀਨ। ਮੇਰੇ ਪਿਤਾ ਜੀ ਛੇ ਭੈਣ ਭਰਾ ਸਨ। ਵੱਡਾ ਪੁਲੀਸ ਵਿਚ ਸੀ, ਪਰ ਉਹ ਗੁਜ਼ਰ ਚੁੱਕਾ ਸੀ। ਉਸ ਤੋਂ ਛੋਟੇ ਦੋਵੇਂ ਬਾਲ-ਬੱਚੇਦਾਰ ਸਨ। ਮੇਰੇ ਪਿਤਾ ਜੀ ਚੌਥੇ ਦਰਜੇ 'ਤੇ ਸਨ। ਪੰਜਵਾਂ ਹਾਲੀਂ ਕੁਆਰਾ ਸੀ। ਭੈਣ ਸਭ ਤੋਂ ਛੋਟੀ ਸੀ। ਮੈਂ ਅਕਸਰ ਆਪਣੇ ਮਾਮੇ ਮਾਮੀਆਂ ਦੀ ਸ਼ਾਨ ਤੇ ਖ਼ਰਚ ਵੇਖ ਕੇ ਅਚੰਭਿਤ ਰਹਿੰਦਾ ਸਾਂ, ਭਾਵੇਂ ਅਸੀਂ ਵੀ ਹੁਣ ਸਰਦੀ ਪੁਜਦੀ ਵਾਲੇ ਸਾਂ। ਫੇਰ ਮੈਂ ਹੈਰਾਨ ਹੁੰਦਾ ਸਾਂ ਜਦ ਪਿਤਾ ਜੀ ਦਸਦੇ ਸਨ ਕਿ ਜਦੋਂ ਉਨ੍ਹਾਂ ਦਾ ਵਿਆਹ ਮੇਰੀ ਮਾਤਾ ਨਾਲ ਹੋਇਆ, ਉਨ੍ਹਾਂ ਨੂੰ ਕੋਈ ਕੰਮ ਨਹੀਂ ਸੀ ਕਰਨਾ ਆਉਂਦਾ ਤੇ ਸਾਰੇ ਭਰਾ ਉਸ ਨੂੰ ਮਖੱਟੂ ਕਹਿੰਦੇ ਸਨ। ਇਸ ਗੱਲ ਦੀ ਤਸਦੀਕ ਮਾਤਾ ਜੀ ਤੋਂ ਵੀ ਹੁੰਦੀ ਸੀ। ਫੇਰ ਵੀ ਇਕ ਅਮੀਰ, ਸਾਊ ਖ਼ਾਨਦਾਨ ਨੇ ਆਪਣੀ ਧੀ ਮੇਰੇ ਪਿਤਾ ਵਰਗੇ ਮਖੱਟੂ ਨੂੰ ਕਿਉਂ ਦੇ ਦਿੱਤੀ, ਮੈਂ ਆਪਣੀ ਬਾਲ-ਬੁੱਧੀ ਨਾਲ ਸੋਚਣ ਦਾ ਯਤਨ ਕਰਦਾ ਸਾਂ। ਪਰ ਹੁਣ ਤਾਂ ਮੇਰਾ ਪਿਤਾ ਮਖੱਟੂ ਨਹੀਂ ਸੀ, ਸਗੋਂ ਇਕ ਇੱਜ਼ਤਦਾਰ ਕਮਾਊ ਸੀ।

ਫੇਰ ਵੀ ਮੇਰੇ ਪਿਤਾ ਜੀ ਮੇਰੀ ਮਾਤਾ ਅੱਗੇ ਝੁਕ ਜਾਂਦੇ ਸਨ। ਉਸ ਦਿਨ ਪਤਾ ਨਹੀਂ ਕੀ ਹੋਇਆ, ਉਹ ਬਿਲਕੁਲ ਆਕੜ ਬੈਠੇ। ਮਾਤਾ ਜੀ ਨੇ ਰੋਹਬ ਪਾਣਾ ਚਾਹਿਆ। ਜੀਜਾ ਜੀ ਸੱਸ-ਸਹੁਰੇ ਦਾ ਝਗੜਾ ਜਾਣ ਕੇ ਬਾਹਰ ਚਲੇ ਗਏ। ਮਾਤਾ ਜੀ ਅਸਮਾਨ ਨੂੰ ਚੜ੍ਹਦੇ ਗਏ। ਪਿਤਾ ਜੀ ਦੀਆਂ ਅੱਖਾਂ ਅੰਗਿਆਰ ਵਾਂਗ ਭੱਖਦੀਆਂ ਗਈਆਂ। ਉਹ

ਕਹਿੰਦੇ ਗਏ, "ਆ ਬਾਜ਼ ਆ ਜਾ, ਮੋਹਣ ਦੀ ਮਾਂ, ਆ ਬਾਜ਼ ਆ ਜਾ।" ਪਰ ਮਾਤਾ ਜੀ ਆਪਣੇ ਸੁਭਾਅ ਅਨੁਸਾਰ ਵਾਹ-ਤਵਾਹ ਬੋਲੀ ਗਏ। ਮੇਰੇ ਪਿਤਾ ਜੀ ਨੇ ਆਪਣੇ ਜੀਵਨ ਵਿਚ ਸ਼ਾਇਦ ਪਹਿਲੀ ਵਾਰ ਡੰਡਾ ਚੁੱਕਿਆ ਤੇ ਜਿਧਰ ਪਈ ਸੋ ਪਈ। ਹੁਣ ਮਾਤਾ ਜੀ ਬਿਲਕੁਲ ਚੁੱਪ ਸਨ। ਮੈਂ ਤੇ ਪਿਤਾ ਜੀ ਕੋਲੋਂ ਬਹੁਤ ਹੀ ਡਰ ਗਿਆ ਸਾਂ ਤੇ ਇਕ ਨੁਕਰੇ ਚੁੱਪ ਸਾਂ। ਭੈਣ ਮੰਜੇ 'ਤੇ ਬੈਠੀ ਰੋਕਦੀ ਰਹੀ, ਪਰ ਪਿਤਾ ਜੀ ਨਾ ਹਟੇ। ਆਖਰ ਉਹ ਕਮਜ਼ੋਰ ਅਵਸਥਾ ਵਿਚ ਮੰਜੀਓਂ ਉਤਰਦੀ ਢਹਿ ਪਈ ਤਾਂ ਕਿਤੇ ਪਿਤਾ ਜੀ ਨੇ ਡੰਡਾ ਛੱਡਿਆ। ਭੈਣ ਜੀ ਨੂੰ ਮੰਜੇ 'ਤੇ ਬਿਠਾ ਕੇ ਉਹ ਬਾਹਰ ਨਿਕਲ ਗਏ ਤੇ ਕਲਾਨੌਰ ਦੀ ਸੜਕੇ ਪੈ ਗਏ। ਝਟ ਕੁ ਮਗਰੋਂ ਜੀਜਾ ਜੀ ਆ ਗਏ। ਮਾਤਾ ਜੀ ਨੇ ਜੀਜਾ ਜੀ ਨੂੰ ਕਿਹਾ, "ਤੇਰਾ ਪਿਉ ਤੇ ਰੁੱਸ ਕੇ ਚਲਾ ਗਿਆ ਈ। ਐਹੋ ਜਹੀ ਤੇ ਉਹਨੇ ਕਦੀ ਨਹੀਂ ਸੀ ਕੀਤੀ। ਜਾਹ ਕਾਕੇ ਨੂੰ ਨਾਲ ਲੈ ਜਾ ਤੇ ਉਹਨੂੰ ਮੋੜ ਲਿਆ।" ਪਿਤਾ ਜੀ ਦਾ ਮੇਰੇ ਨਾਲ ਬੜਾ ਪਿਆਰ ਸੀ ਤੇ ਉਹ ਮੈਨੂੰ ਛੱਡ ਕੇ ਨਹੀਂ ਸੀ ਜਾ ਸਕਦੇ, ਇਹ ਮੇਰੀ ਮਾਤਾ ਦਾ ਖਿਆਲ ਸੀ ਤੇ ਗੱਲ ਵੀ ਠੀਕ ਸੀ।

ਕਲਾਨੌਰ ਦਾ ਬੰਬੂਕਾਟ ਤਿਆਰ ਸੀ। ਮੈਂ ਤੇ ਜੀਜਾ ਜੀ ਉਸੇ ਵਿਚ ਬੈਠ ਗਏ। ਮੀਲ ਕੁ 'ਤੇ ਪਿਤਾ ਜੀ ਨੂੰ ਜਾ ਫੜਿਆ। ਬੜੀਆਂ ਮਿੰਨਤਾਂ ਕੀਤੀਆਂ ਪਰ ਉਹ ਨਾ ਮੁੜੇ। ਮੇਰੇ ਵਲ ਵੇਖ ਕੇ ਉਹ ਪੰਘਰ ਗਏ। "ਕਿਉਂ ਮੋਹਣੀ, ਮੇਰੇ ਨਾਲ ਚੱਲਣਾ ਈਂ ?" ਉਨ੍ਹਾਂ ਮੈਨੂੰ ਪੁੱਛਿਆ। ਭਾਵੇਂ ਮਾਤਾ ਜੀ ਵੀ ਮੇਰੇ 'ਤੇ ਮਰਦੇ ਸਨ, ਪਰ ਪਿਤਾ ਜੀ ਵੱਲ ਮੇਰੀ ਬੜੀ ਖਿੱਚ ਸੀ। ਮੈਂ ਕਿਹਾ, "ਮੈਂ ਤੇ ਤੁਹਾਡੇ ਨਾਲ ਹੀ ਜਾਵਾਂਗਾ।" "ਦੇਖ ਮੇਰੇ ਕੋਲ ਪੈਸਾ ਨਹੀਓਂ, ਧੇਲਾ ਨਹੀਓਂ, ਪੈਦਲ ਤੁਰਨਾਂ ਪਏਗਾ, ਭੁੱਖਾ ਰਹਿਣਾ ਪਏਗਾ, ਸਮਝਿਆ ?" ਮੈਂ ਸਭ ਕੁਝ ਮਨਜ਼ੂਰ ਕੀਤਾ। ਜੀਜਾ ਜੀ ਨੂੰ ਪਿਤਾ ਜੀ ਨਾਲ ਮੇਰੇ ਪਿਆਰ ਦਾ ਪਤਾ ਸੀ। ਸੋ ਉਹ ਸਹੁਰੇ ਨੂੰ ਲੈਣ ਆਏ ਮੈਨੂੰ ਵੀ ਛੱਡ ਕੇ ਮੁੜ ਗਏ। ਘਰ ਜਾ ਕੇ ਖ਼ਬਰੇ ਉਨ੍ਹਾਂ ਦੀ ਕੀ ਗਤ ਬਣੀ।

ਮੇਰੇ ਪਿਤਾ ਜੀ ਮੈਨੂੰ ਆਪਣੀ ਉਂਗਲੀ ਫੜਾ ਕੇ ਕਲਾਨੌਰ ਵਲ ਤੁਰ ਪਏ। ਮੈਂ ਕਦੇ ਬਹੁਤਾ ਨਹੀਂ ਸਾਂ ਤੁਰਿਆ, ਪਰ ਆਪਣੇ ਬਚਨ ਨੂੰ ਯਾਦ ਕਰ ਕੇ ਤੁਰੀ ਗਿਆ। ਉਥੋਂ ਕਲਾਨੌਰ ਚਾਰ ਮੀਲ ਸੀ। ਪਿਤਾ ਜੀ ਦੱਸੀ ਗਏ : ਕਲਾਨੌਰ ਸੱਕੀ ਦੇ ਕੰਢੇ ਹੈ। ਸੱਕੀ ਨੂੰ ਨਾਲਾ ਕਿਰਨ ਵੀ ਕਹਿੰਦੇ ਹਨ। ਸੱਕੀ ਉਥੇ ਬੜੀ ਚੌੜੀ ਹੋ ਗਈ ਹੈ ਤੇ ਪਾਣੀ, ਕਹਿੰਦੇ ਨੇ, ਹਾਥੀ ਨੂੰ ਹਾਥ ਨਹੀਂ ਆਉਂਦੀ। ਉਸ ਵਿਚ ਬਹੁਤ ਵੱਡੀਆਂ ਵੱਡੀਆਂ ਮੱਛੀਆਂ ਹੁੰਦੀਆਂ ਹਨ- ਤੇਰੇ ਤੇਰੇ ਜਿੱਡੀਆਂ। ਰਸਾਦਾਰ ਮੱਛੀ ਕਲਾਨੌਰ ਬਹੁਤ ਚੰਗੀ ਬਣਦੀ ਹੈ।

ਪਰ ਮੈਨੂੰ ਤਾਂ ਪਤਾ ਸੀ ਕਿ ਪਿਤਾ ਜੀ ਕੋਲ ਪੈਸਾ ਨਹੀਂ, ਸੋ ਸ਼ੋਰਬੇ ਦਾ ਸਵਾਦ ਮਨ ਵਿਚ ਹੀ ਲੈਂਦਾ ਰਿਹਾ।

ਫੇਰ ਪਿਤਾ ਜੀ ਨੇ ਦੱਸਿਆ ਕਿ ਉਥੇ ਇਕ ਸ਼ਿਵਾਂ ਦਾ ਮੰਦਰ ਹੈ। ਸ਼ਿਵਾਂ ਦੇ ਚਰਨ, ਮੰਦਰ ਵਿਚੋਂ ਹੋ ਕੇ ਸੱਕੀ ਦੇ ਵਿਚ ਆਏ ਹੋਏ ਹਨ। ਓਥੇ ਅਕਬਰ ਬਾਦਸ਼ਾਹ ਦਾ ਤਖਤ ਹੈ। ਨਾਲੇ ਉਹ ਭੋਰੇ ਵੀ, ਜਿਥੇ ਉਸ ਦੇ ਦੁਸ਼ਮਣਾਂ ਨੂੰ ਉਸ ਦੇ ਜਰਨੈਲ ਨੇ ਡੱਕ ਕੇ ਮਾਰਿਆ ਸੀ। ਤੇ ਫੇਰ ਮੇਰੀ ਚਾਲ ਘਟੀ ਵੇਖ ਕੇ, ਭਾਵੇਂ ਉਹ ਕਹਿੰਦੇ

ਹੁੰਦੇ ਸਨ ਕਿ ਸਵੇਰੇ ਬਾਤ ਪਾਇਆਂ ਰਾਹੀਆਂ ਨੂੰ ਰਾਹ ਭੁੱਲ ਜਾਂਦੇ ਹਨ, ਉਨ੍ਹਾਂ ਰਾਜਾ ਕਰਨ ਤੇ ਬਿਕ੍ਰਮਾਜੀਤ ਦੀ ਕਹਾਣੀ ਵੀ ਸੁਣਾਈ। ਮੇਰੇ ਬਿਨਾਂ ਕਹਿਣ ਤੇ ਮੇਰਾ ਇਰਾਦਾ ਵੇਖ ਕੇ ਤੇ ਸਿਰੜ ਸਮਝ ਕੇ, ਉਨ੍ਹਾਂ ਮੈਨੂੰ ਕੁੱਛੜ ਚੁੱਕ ਲਿਆ। ਚੁੱਕਣ ਲੱਗਿਆਂ ਉਨ੍ਹਾਂ ਦੀ ਕੋਟ ਦੀ ਜੇਬ ਵਿਚ ਕਿੰਨੇ ਸਾਰੇ ਰੁਪਏ ਖੜਕੇ। ਦਸ ਵਜਦੇ ਨਾਲ ਅਸੀਂ ਕਲਾਨੌਰ ਪਹੁੰਚੇ। ਪਹਿਲੀ ਗੱਲ ਜੋ ਪਿਤਾ ਜੀ ਨੇ ਉਥੇ ਕੀਤੀ, ਉਹ ਸੀ ਮੈਨੂੰ ਇਕ ਦੁਕਾਨ ਤੋਂ ਮੱਛੀ ਦਾ ਸ਼ੋਰਬਾ ਤੇ ਚੌਲ ਖਵਾਉਣੇ। ਫੁਲਕਾ ਵੀ ਨਾਲ ਸ਼ਾਇਦ ਅਸੀਂ ਖਾਧਾ ਸੀ। ਪਿਤਾ ਜੀ ਨੇ ਬਾਜ਼ਾਰ ਵਿਚੋਂ ਦੇਸੀ ਸਾਬਣ ਵੀ ਖਰੀਦਿਆ। ਨਾਲੇ ਕਿਰਨ ਦੇ ਉਤੋਂ ਤਾਂ ਅਸੀਂ ਲੰਘ ਕੇ ਹੀ ਆਏ ਸਾਂ। ਮੰਦਰ ਉਨ੍ਹਾਂ ਦੂਰੋਂ ਹੀ ਇਸ਼ਾਰੇ ਨਾਲ ਵਿਖਾ ਦਿੱਤਾ ਤੇ ਅਕਬਰ ਬਾਦਸ਼ਾਹ ਦਾ ਤਖ਼ਤ ਤੇ ਭੋਰਾ ਦੇਖਣਾ ਕਿਸੇ ਹੋਰ ਦਿਨ 'ਤੇ ਛੱਡ ਕੇ ਅਸੀਂ ਅੱਡੇ 'ਤੇ ਪਹੁੰਚੇ। ਹੁਣ ਮੈਨੂੰ ਜਾਪਦਾ ਹੈ ਕਿ ਪਿਤਾ ਜੀ ਉਸ ਦਿਨ ਕਾਹਲੀ ਵਿਚ ਸਨ।

ਅੱਡੇ 'ਤੇ ਕੋਈ ਖੱਚਰ-ਘੋੜਾ ਉਸ ਪਾਸੇ ਜਾਣ ਵਾਲਾ ਨਾ ਮਿਲਿਆ। ਬੰਬੂਕਾਟ ਦੀ ਲੀਹ ਓਸ ਬੰਨੇ ਹੈ ਈ ਨਹੀਂ ਸੀ। ਸੋ ਅਸੀਂ ਤੁਰ ਪਏ। ਦੋ ਕੁ ਮੀਲ ਤੁਰ ਕੇ ਦੁਪਹਿਰਾਂ ਹੋ ਗਈਆਂ। ਇਕ ਵਗਦੇ ਖੂਹ ਲਾਗੇ ਜਾ ਕੇ ਪਿਤਾ ਜੀ ਨੇ ਮੇਰੇ ਕਪੜੇ ਉਤਾਰੇ। ਮੇਰਾ ਪਜਾਮਾ ਗੰਦਾ ਸੀ। ਪਿਤਾ ਜੀ ਨੇ ਮੇਰੇ ਕਪੜੇ ਧੋਣੇ ਸ਼ੁਰੂ ਕਰ ਦਿਤੇ। ਲੱਕੜ ਦੇ ਹਲਟ ਦਾ ਰਾਗ ਮਾਨੋ ਮੇਰੀ ਲੋਰੀ ਬਣ ਗਿਆ। ਜਦੋਂ ਮੈਨੂੰ ਜਗਾਇਆ ਗਿਆ, ਮੇਰੇ ਕਪੜੇ ਸੁੱਕੇ ਹੋਏ ਸਨ। ਕੇਵਲ ਇਸਤਰੀ ਦਾ ਘਾਟਾ ਸੀ, ਪਰ ਫੇਰ ਵੀ ਪਿਤਾ ਜੀ ਨੇ ਖਿੱਚ-ਖਿਚਾ ਕੇ ਕਾਫ਼ੀ ਵੱਟ ਕੱਢ ਛੱਡੇ ਹੋਏ ਸਨ। ਪਿਤਾ ਜੀ ਤਾਂ ਤਿਆਰੀ ਨਾਲ ਆਏ ਸਨ। ਉਨ੍ਹਾਂ ਨੂੰ ਆਪਣੇ ਕਪੜੇ ਧੋਣ ਦੀ ਲੋੜ ਹੀ ਨਹੀਂ ਸੀ।

ਅਸੀਂ ਫੇਰ ਤੁਰ ਪਏ। ਪੰਜਾਬ ਦੇ ਡੂੰਘੇ ਕੋਹਾਂ ਦਾ ਮੈਨੂੰ ਉਸ ਦਿਨ ਪਤਾ ਲੱਗਾ। ਬਾਂਡੋਆਣੀ ਕਲਾਨੌਰ ਤੋਂ ਸੱਤ ਕੋਹ ਸੀ, ਪਰ ਪੈਂਡਾ ਮੁੱਕਣ ਵਿਚ ਈ ਨਹੀਂ ਸੀ ਆਉਂਦਾ। ਪਿਤਾ ਜੀ ਕੁਝ ਸੋਚਦੇ ਜਾ ਰਹੇ ਸਨ, ਡੂੰਘੀਆਂ ਸੋਚਾਂ ਵਿਚ ਸਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਆਪਣਾ ਪੁੱਤਰ ਵੀ ਭੁੱਲ ਜਾਂਦਾ ਸੀ। ਜਦੋਂ ਮੈਂ ਕਾਫ਼ੀ ਪਿੱਛੇ ਰਹਿ ਜਾਂਦਾ ਤੇ ਉਨ੍ਹਾਂ ਨੂੰ ਆਵਾਜ਼ ਮਾਰਦਾ ਤਾਂ ਕਿਤੇ ਉਹ ਖੜੋਂਦੇ ਤੇ ਫੇਰ ਸੋਚੀ ਜਾਂਦੇ। ਮੈਂ ਆਪਣੇ ਪ੍ਰਣ ਨੂੰ ਯਾਦ ਕਰਦਾ, ਉਨ੍ਹਾਂ ਨੂੰ ਚੁੱਕ ਲੈਣ ਲਈ ਨਾ ਕਹਿੰਦਾ। ਮੈਂ ਜਦੋਂ ਉਨ੍ਹਾਂ ਕੋਲ ਪਹੁੰਚ ਜਾਂਦਾ ਤਾਂ ਉਹ ਫੇਰ ਤੁਰ ਪੈਂਦੇ। ਰਾਹ ਵਿਚ ਰੇਤਲਾ ਰਸਤਾ ਆ ਗਿਆ। ਪੱਕੇ ਹੋਏ ਬੇਰਾਂ ਵਾਲੇ ਮਲ੍ਹੇ ਖੂਬ ਫਲੇ ਹੋਏ ਸਨ। ਬੇਰਾਂ ਦੇ ਲਾਲਚ ਲੱਗ ਕੇ ਮੈਂ ਉਨ੍ਹਾਂ ਨੂੰ ਤੋੜਦਾ ਰਹਿੰਦਾ ਤੇ ਫ਼ੇਰ ਭੱਜ ਕੇ ਪਿਤਾ ਜੀ ਨੂੰ ਮਿਲਦਾ। ਫੇਰ ਲਾਗਲੇ ਝਾੜ ਵਿਚ ਬੇਰ ਤੋੜਨ ਲਗ ਪੈਂਦਾ ਤੇ ਪਿਤਾ ਜੀ ਗੁਣ-ਗੁਣਾਉਂਦੇ ਹੋਏ ਤੁਰੇ ਜਾਂਦੇ। ਰੇਤਲੇ ਰਸਤੇ ਵਿਚ ਉਹ ਉੱਚੀ ਗਾਉਣ ਲੱਗ ਪਏ :

"ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ।
ਹਾਸ਼ਮ ਸੱਸੀ ਬਿਨ ਕੌਣ ਸਹਾਰੇ ਥਲ ਮਾਰੂ ਦੀਆਂ ਧਮਕਾਂ।
ਸ਼ਾਲਾ ਰਹਿਣ ਕਿਆਮਤ ਤਾਈਂ ਨਾਲ ਸੂਲੀ ਦੇ ਲਟਕੇ।"

ਉਹ ਕੀ ਗਾਉਂਦੇ ਸਨ, ਮੈਨੂੰ ਕਦੇ ਚੇਤਾ ਨਾ ਆਉਂਦਾ ਜੇ ਵੱਡਾ ਹੋ ਕੇ ਮੈਂ ਹਾਸ਼ਮ,

ਵਾਰਸਸ਼ਾਹ, ਹਾਫ਼ਜ਼ ਬਰਖ਼ੁਰਦਾਰ ਦੇ ਕਿੱਸੇ ਨਾ ਪੜ੍ਹਦਾ। ਜਦੋਂ ਕੋਈ ਵਾਗੀ ਦੂਰੋਂ ਦਿਸ ਪੈਂਦਾ ਤਾਂ ਉਹ ਚੁੱਪ ਕਰ ਜਾਂਦੇ। ਆਖ਼ਰ ਮੈਂ ਕਿਹਾ, "ਪਿਤਾ ਜੀ, ਮੈਂ ਥੱਕ ਗਿਆ ਹਾਂ, ਹੌਲੀ ਹੌਲੀ ਤੁਰੋ।" ਹੌਲੀ ਹੌਲੀ ਤਾਂ ਉਹ ਅੱਗੇ ਹੀ ਤੁਰ ਰਹੇ ਸਨ। ਔਸ ਦਰੱਖ਼ਤ ਤੋਂ ਪਰੇ ਅਸੀਂ ਜਾਣਾ ਹੈ, ਔਹ ਬਾਗ ਜਿਹੜਾ ਦਿਸਦਾ ਹੈ ਓਸੇ ਪਿੰਡ ਦਾ ਹੈ, ਉਹ ਖੂਹ ਹੈ, ਉਹ ਪਿੰਡ ਦੀ ਜੂਹ ਵਿਚ ਹੈ। ਤੇ ਏਦਾਂ ਮੈਂ ਤੁਰੀ ਗਿਆ, ਪਰ ਪਿੰਡ ਨਾ ਆਇਆ। ਹੁਣ ਇਲਾਕਾ ਕੁਝ ਸਰ-ਸਬਜ਼ ਆ ਗਿਆ ਸੀ। ਸੂਰਜ ਦਾ ਤੇਜ ਘਟ ਗਿਆ ਸੀ। ਪਿਤਾ ਜੀ ਨੇ ਮੈਨੂੰ ਚੁੱਕ ਲਿਆ ਤੇ ਕੋਈ ਅੱਧ ਕੁ ਮੀਲ 'ਤੇ ਜਾ ਕੇ ਉਤਾਰ ਦਿੱਤਾ।

"ਹੁਣ ਬਈ ਪਿੰਡ ਸੱਚੀ-ਮੁੱਚੀ ਆ ਗਿਆ ਏ। ਦੇਖੇਂ ਨਾ ਲੋਕ ਕੀ ਕਹਿਣਗੇ, ਇਹੋ ਜਿਹਾ ਜੰਟਲਮੈਨ ਜੁਆਨ ਪੁੱਤਰ ਤੁਰ ਨਹੀਂ ਸਕਦਾ। ਹਾਲੀ ਤੇ ਖ਼ਬਰੇ ਹੋਰ ਤੁਰਨਾ ਪੈਣਾ ਏ।"

ਮੇਰੇ ਖ਼ਾਨਿਓਂ ਗਈ। ਹੁਣ ਹੋਰ ਤਾਂ ਮੈਂ ਤੁਰ ਨਹੀਂ ਸੀ ਸਕਦਾ। "ਦੇਖੇਂ ਨਾ", ਪਿਤਾ ਜੀ ਨੇ ਜਾਰੀ ਰੱਖਿਆ, "ਤੇਰੀ ਭੂਆ, ਜਦੋਂ ਤੂੰ ਜੰਮਿਆ ਵੀ ਨਹੀਂ ਸੀ, ਹੈਂ ? ਓਸ ਵੇਲੇ ਤੋਂ ਪਹਿਲਾਂ ਦੀ, ਜਦੋਂ ਮੇਰਾ ਵਿਆਹ ਤੇਰੀ ਮਾਤਾ ਜੀ ਨਾਲ ਹੋਇਆ ਸੀ, ਓਦੋਂ ਦੀ ਮੇਰੇ ਨਾਲ ਗੁੱਸੇ ਹੈ। ਉਹ ਕਦੇ ਮੈਨੂੰ ਨਹੀਂ ਮਿਲੀ। ਪਤਾ ਨਹੀਂ ਅਜੇ ਵੀ ਗੁੱਸੇ ਹੋਵੇ : ਫੇਰ ਹਨੇਰੀ ਰਾਤੇ ਸਾਨੂੰ ਨਹਿਰੋਂ ਪਾਰ ਇਕ ਹੋਰ ਪਿੰਡ ਜਾ ਕੇ ਠਾਹਰ ਮਿਲੇਗੀ। ਉਥੇ ਮੇਰਾ ਯਾਰ ਰਹਿੰਦਾ ਏ।"

ਮੈਂ ਡਰ ਗਿਆ। ਪਰ ਹੋ ਕੀ ਸਕਦਾ ਸੀ ? ਦਿਲ ਵਿਚ ਅਰਦਾਸ ਕਰਦਾ ਕਿ ਭੂਆ ਜੀ ਦਾ, ਮੈਨੂੰ ਵੇਖ ਕੇ ਪਿਤਾ ਜੀ 'ਤੋਂ ਗੁੱਸਾ ਟਲ ਜਾਏ। ਫੇਰ ਮੈਨੂੰ ਹੌਸਲਾ ਹੁੰਦਾ ਕਿ ਪਿਤਾ ਜੀ ਮੈਨੂੰ ਰਾਤ ਵੇਲੇ ਚੁੱਕ ਕੇ ਕਈ ਮੀਲ ਤੁਰ ਸਕਦੇ ਹਨ। ਭਾਵੇਂ ਮੈਂ ਪਰੀਆਂ-ਦੇਵਾਂ ਦੀਆਂ ਕਹਾਣੀਆਂ ਪੜ੍ਹਦਾ ਹੁੰਦਾ ਸਾਂ, ਪਰ ਪਿਤਾ ਜੀ ਦੇ ਕਹਿਣ ਤੇ ਮੰਨਦਾ ਸਾਂ ਕਿ ਭੂਤ-ਚੁੜੇਲਾਂ ਨਹੀਂ ਹੁੰਦੀਆਂ। ਤੇ ਜਦੋਂ ਮੈਨੂੰ ਉਨ੍ਹਾਂ ਤੋਂ ਡਰ ਆਉਂਦੇ ਸੀ ਤਾਂ ਮੇਰਾ ਪਿਤਾ ਡਰ ਦੇ ਹਨੇਰੇ ਨੂੰ ਆਪਣੀ ਤਾਕਤ ਦੇ ਚਾਨਣ ਨਾਲ ਦੂਰ ਕਰ ਦਿੰਦਾ ਸੀ। ਪਿਤਾ ਜੀ ਦੀ ਬਹਾਦਰੀ ਦੀਆਂ ਕਹਾਣੀਆਂ ਮੈਂ ਮਾਤਾ ਜੀ ਤੋਂ ਸੁਣੀਆਂ ਹੋਈਆਂ ਸਨ। ਕਿਵੇਂ ਇਲਾਕੇ ਦੇ ਡਾਕੂ ਉਨ੍ਹਾਂ ਤੋਂ ਤ੍ਰਹਿਕਦੇ ਹੁੰਦੇ ਸਨ, ਜਦੋਂ ਉਹ ਪਿੰਡ ਵਿਚ ਰਹਿੰਦੇ ਸਨ।

ਦੀਵੇ ਜਗੇ ਅਸੀਂ ਭੂਆ ਦੇ ਘਰ ਪਹੁੰਚੇ। ਭੂਆ ਨੇ ਪਿਤਾ ਜੀ ਦੀ ਆਵਾਜ਼ ਪਛਾਣ ਲਈ। ਪੂਰੇ ਸੋਲ੍ਹਾਂ ਸਾਲ ਮਗਰੋਂ ਪਹਿਲੀ ਵਾਰ ਮੇਰਾ ਪਿਤਾ ਆਪਣੀ ਭੈਣ ਦੇ ਘਰ ਗਿਆ ਸੀ। 'ਤੇ ਮੈਂ ਵਾਰੀ, ਨੀ ਮੈਂ ਸਦਕੇ, ਮੇਰਾ ਵੀਰ ਆਇਆ' ਕਰਦੀ ਬੁੱਢੀ ਭੂਆ ਨੇ ਤੇਲ ਲਿਆ ਕੇ ਦਲੀਜ਼ਾਂ ਵਿਚ ਚੋਇਆ। ਪਿਤਾ ਜੀ ਦਾ ਸਿਰ ਮੱਥਾ ਚੁੰਮਿਆ। ਮੇਰੇ ਵੱਲ ਵੇਖ ਕੇ ਉਸ ਪੁੱਛਿਆ, "ਵੇ ਹਾਕਮਾ, ਇਹ ਕੌਣ ਈ ?" ਪਿਤਾ ਜੀ ਦੇ ਦੱਸਣ 'ਤੇ ਮੈਨੂੰ ਪਿਆਰ ਕੀਤਾ। ਪਰ ਉਸ ਪਿਆਰ ਵਿਚ ਮੈਨੂੰ ਕੋਈ ਨਿੱਘ ਨਾ ਜਾਪਿਆ। ਭੂਆ ਦੇ ਪੁੱਤਰ ਆਏ। ਮਾਮੇ ਨੂੰ ਵੱਡਾ ਤੇ ਪਛਾਣਦਾ ਸੀ, ਦੂਜੇ ਦੋ ਵੀ ਝਟ ਰਚਮਿਚ ਗਏ। ਰਾਤੀਂ ਚੌਲ, ਖੰਡ ਅਤੇ ਤਰ-ਬਤਰ ਘਿਉ ਮਿਲਿਆ। ਮੈਂ

ਕਦੇ ਏਦਾਂ ਦੀ ਖੁਰਾਕ ਨਹੀਂ ਸੀ ਖਾਧੀ। ਉਂਗਲ ਨਿਗਲ ਕੇ ਖਾ ਲਿਆ। ਰਾਤੀਂ ਦੁੱਧਾਂ ਦੇ ਛੰਨੇ ਆਏ। ਮੈਂ ਤੇ ਦੋ ਕੁ ਘੁੱਟ ਪਿਤਾ ਜੀ ਦੇ ਛੰਨੇ ਵਿਚੋਂ ਹੀ ਪੀਤੇ। ਰਾਤ ਮੈਨੂੰ ਜਾਗ ਆ ਗਈ। ਭੈਣ ਭਰਾ ਗੱਲਾਂ ਕਰ ਰਹੇ ਸਨ। ਬੁੱਢੜੀ ਕਹਿ ਰਹੀ ਸੀ, "ਵੇ ਤੂੰ ਜਾਲਮ ਜਿਹਾ ਜਾਲਮ ਐਂ। ਤੇਰੇ ਵਰਗਾ ਪੱਥਰ ਤੇ ਦੁਨੀਆ ਵਿਚ ਮੈਂ ਕੋਈ ਵੇਖਣਾ ਈ ਨਹੀਂ। ਮੇਰੇ ਨਾਲ ਤੇ ਹੁਣ ਤੀਕਰ ਉਹ ਭਰਜਾਈ ਵਾਂਗ ਵਰਤਦੀ ਏ। ਵੱਡੇ ਦੇ ਵਿਆਹ ਤ੍ਰੇ ਮੈਂ ਉਹਨੂੰ ਸੱਦਿਆ ਸੀ। ਤਾਹੀਓਂ ਨਹੀਂ ਸੀ ਨਾ ਤੈਨੂੰ ਸੱਦਿਆ। ਛੋਟੇ ਦੇ ਵਿਆਹ 'ਤੇ ਫੇਰ ਸੱਦਾਂਗੀ। ਵੀਰਾਂ ਦੇ ਵਿਛੋੜੇ ਤਾਂ ਬੁਰੇ ਹੁੰਦੇ ਨੇ, ਪਰ ਤੇਰੀ ਵਹੁਟੀ ਕਰ ਕੇ ਤੈਨੂੰ ਰੱਦਿਆ ਹੋਇਆ ਐ। ਉਹ ਸੱਚੀ ਐ..." ਪਿਤਾ ਜੀ ਸੁਣੀ ਜਾ ਰਹੇ ਸਨ। ਕੋਈ ਉੱਤਰ ਨਹੀਂ ਸਨ ਦਿੰਦੇ। ਮੈਂ ਉੱਠ ਕੇ ਬਹਿ ਗਿਆ। ਭੂਆ ਨੇ ਬੋਲਣਾ ਬੰਦ ਕਰ ਦਿਤਾ। ਜਿੰਨਾ ਚਿਰ ਖੁਰੇ ਤੋਂ ਮੁੜ ਕੇ ਮੈਂ ਜਾਗਦਾ ਰਿਹਾ, ਮੈਂ ਕੋਈ ਗੱਲ ਨਾ ਸੁਣੀ।

ਸਵੇਰੇ ਮਾਮੇ ਦੀ ਖੁਸ਼ੀ ਵਿਚ ਭਣੇਵਿਆਂ ਕੁਕੜ ਬਣਾਇਆ। ਦੁਪਹਿਰ ਢਲਿਆਂ ਉਨ੍ਹਾਂ ਸਾਨੂੰ ਘੋੜੀ ਕੱਸ ਦਿੱਤੀ। ਭੂਆ ਨੇ ਮੈਨੂੰ ਠੂਠੀ ਤੇ ਦੋ ਰੁਪਏ ਸ਼ਗਨ ਦੇ ਦਿੱਤੇ। ਭਰਾ ਨੂੰ ਕਿਹਾ, "ਵੇ ਇਹ ਤੇਰੇ ਪਿੱਛੇ ! "ਪਿਤਾ ਜੀ ਨੇ ਭੈਣ ਨੂੰ ਦਸਾਂ ਦਾ ਨੋਟ ਦੇਣਾ ਚਾਹਿਆ। ਭੂਆ ਨੇ ਨਾ ਲਿਆ। ਆਖਣ ਲੱਗੀ, "ਮੈਂ ਤੇ ਤੇਰਾ ਪਾਣੀ ਪੀ ਕੇ ਨਹੀਂ ਰਾਜੀ। ਭੇਜ ਉਨ੍ਹਾਂ ਨੂੰ ਜਿਹੜੇ ਹੱਕਦਾਰ ਨੇ ਲੈਣ ਦੇ- ਕਹਿੰਦੇ ਹੁੰਦੇ ਨੇ : ਰੰਗ ਰੰਗੀਲੀ ਛੋੜ ਕੇ ਤੇ ਬੋਟ ਚੁੱਕੀ ਜਾਂਦਾ ਈ।" ਪਿਤਾ ਜੀ ਨੇ ਬੜਾ ਯਤਨ ਕੀਤਾ, ਪਰ ਭੂਆ ਨੇ ਕੁਝ ਨਾ ਲਿਆ। ਪਰ ਪੁੱਤਰਾਂ ਨੂੰ ਦੋ-ਦੋ ਰੁਪਏ ਲੈ ਲੈਣ ਦਿੱਤੇ। ਮੁੰਡਿਆਂ ਤਾਕੀਦ ਕੀਤੀ ਕਿ ਘੋੜੀ ਕੱਲ੍ਹ ਪਿੰਡੋਂ ਕਿਸੇ ਆਪਣੇ ਬੰਦੇ ਹੱਥ ਮੋੜ ਭੇਜਣੀ। ਭੈਣ ਦੇ ਹਾਕਮ ਭਰਾ ਨੂੰ ਗੁਆਂਢਣਾਂ ਵੇਖਣ ਆਈਆਂ। "ਨੀ ਏਹੋ ਜੇਹੇ ਸਰਦਾਰ ਭਰਾ ਨੂੰ ਰੱਦਿਆ ਹੋਇਆ ਈ ?" ਕੋਈ ਬੁੱਢੜੀ ਕਹਿੰਦੀ। "ਨੀ ਤਾਈ, ਗਲਤੀ ਮਾਫ ਕਰ ਦਈਦੀ ਐ, ਭਰਾਵਾਂ ਦੀ", ਕੋਈ ਮੁਟਿਆਰ ਕਹਿੰਦੀ। ਪਰ ਭੂਆ ਦੇ ਚਿਹਰੇ ਤੋਂ ਜਾਪਦਾ ਸੀ ਕਿ ਜਿਹੜੀ ਗਲਤੀ ਉਸ ਦੇ ਭਰਾ ਨੇ ਕੀਤੀ ਹੈ, ਉਸ ਨੂੰ ਮਾਫ ਕਰਨ ਲਈ ਉਹ ਤਿਆਰ ਨਹੀਂ ਸੀ।

ਭੈਣ ਤੇ ਭੂਆ ਦੀਆਂ ਅਸੀਸਾਂ ਲੈ ਕੇ ਅਸੀਂ ਤੁਰ ਪਏ। ਅਲੀਵਾਲ, ਵਾਲੀ ਨਹਿਰ ਟੱਪ ਕੇ ਘੁੰਮਣਾਂ ਥਾਣੀ ਹੁੰਦੇ ਹੋਏ ਪਿਤਾ ਜੀ ਆਪਣੇ ਯਾਰ ਦੇ ਪਿੰਡ ਗਏ। ਉਸ ਬਦੋਬਦੀ ਘੰਟਾ ਕੁ ਰੋਕ ਲਿਆ। ਮੁੜ ਆਉਣ ਦਾ ਭਰੋਸਾ ਦਿਵਾ ਕੇ ਪਿਤਾ ਜੀ ਉਥੋਂ ਤੁਰੇ। ਸੂਰਜ ਡੁੱਬਣ ਵਾਲਾ ਸੀ ਜਦੋਂ ਅਸੀਂ ਇਕ ਹੋਰ ਪਿੰਡ ਦੀ ਵੀਹ ਵਿਚੋਂ ਲੰਘੇ। ਸਾਰਾ ਪਿੰਡ ਪਾਰ ਕਰ ਕੇ ਪਿਤਾ ਜੀ ਫੇਰ ਉਸੇ ਰਸਤੇ ਪਿਛਾਂਹ ਮੁੜ ਪਏ। ਮੈਂ ਪੁੱਛਿਆ ਤਾਂ ਕਿਹਾ, "ਬਈ ਬਟੂਆ ਕਿਤੇ ਡਿੱਗ ਪਿਆ। ਹੁਣੇ ਪਿੰਡ ਵੜਦਿਆਂ ਹੈਗਾ ਸੀ।" ਪਿੰਡ ਦੀ ਵੀਹ ਵਿਚ ਗੁਆਚੀ ਚੀਜ਼ ਨੂੰ ਭਾਲਦੇ ਉਹ ਪਿੰਡ ਦੇ ਦੂਸਰੇ ਸਿਰੇ ਤਕ ਚਲੇ ਗਏ। ਅੱਗੇ ਬੈਠਾ ਹੋਣ ਕਰਕੇ ਮੈਂ ਉਨ੍ਹਾਂ ਦੇ ਚਿਹਰੇ ਵਲ ਨਹੀਂ ਸੀ ਵੇਖ ਸਕਦਾ। ਪਰ ਉਹ ਕੁਝ ਕਾਹਲੇ ਕਾਹਲੇ ਸਨ। ਉਥੋਂ ਉਹ ਫੇਰ ਮੁੜ ਪਏ।

ਰਾਹ ਵਿਚ ਪਿਤਾ ਜੀ ਨੂੰ ਦੁਬਾਰਾ ਆਉਂਦਿਆਂ ਵੇਖ ਕੇ ਹਟਵਾਣੀਏ ਨੇ ਪੁੱਛਿਆ,

"ਕੁਝ ਗੁਆਚ ਗਿਆ, ਸਰਦਾਰਾ ?" ਪਿਤਾ ਜੀ ਤੋਂ 'ਬਟੂਆ' ਸੁਣ ਕੇ ਕਹਿਣ ਲੱਗਾ, "ਗੁਆਚੀਆਂ ਚੀਜ਼ਾਂ ਭਾਗਾਂ ਨਾਲ ਲੱਭਦੀਆਂ।" ਪਿਤਾ ਜੀ ਪਿੰਡ ਦੀ ਵੀਹ ਦੇ ਅਖ਼ੀਰਲੇ ਸਿਰੇ ਤੋਂ ਫੇਰ ਮੁੜੇ। ਉਹ ਕਾਫੀ ਬੇਚੈਨ ਤੇ ਤਰਲੋਮੱਛੀ ਹੁੰਦੇ ਜਾਪਦੇ ਸਨ। ਐਤਕੀਂ ਸਾਨੂੰ ਵੀਹ ਦੇ ਅਖ਼ੀਰਲੇ ਸਿਰੇ 'ਤੇ ਬਾਹਰੋਂ ਆਉਂਦੀ ਇਕ ਸਾਦੀ ਪੁਸ਼ਾਕ ਵਿਚ ਕਣਕ-ਵੰਨੇ ਰੰਗ ਦੀ ਪ੍ਰਭਾਵਸ਼ਾਲੀ ਚਿਹਰੇ ਵਾਲੀ ਤੀਵੀਂ ਮਿਲੀ। ਉਹ ਖੜੇ ਗਈ। ਕਿੰਨਾ ਚਿਰ ਸਾਡੇ ਵੱਲ—ਹੁਣ ਸਮਝਦਾ ਹਾਂ ਕਿ ਪਿਤਾ ਜੀ ਵੱਲ ਵੇਖਦੀ ਰਹੀ। ਅਚਾਨਕ ਉਸ ਨੂੰ ਝਟਕਾ ਜਿਹਾ ਲੱਗਾ ਅਤੇ ਉਸ ਅੱਖਾਂ 'ਤੇ ਘੁੰਡ ਖਿੱਚ ਲਿਆ। ਪਿਤਾ ਜੀ ਦੀ ਘੋੜੀ ਵੀ ਕੁਝ ਚਿਰ ਲਈ ਖੜੇ ਗਈ ਸੀ। "ਜੱਸਿਆ, ਮੈਂ ਆਈ।" ਉਸ ਤੀਵੀਂ ਨੇ ਘਬਰਾਈ ਹੋਈ ਨੇ ਕਿਹਾ ਤੇ ਛੇਤੀ ਛੇਤੀ ਤੁਰਨ ਲਗ ਪਈ। ਪਿਤਾ ਜੀ ਦੀ ਘੋੜੀ ਹੌਲੀ ਹੌਲੀ ਤੁਰੀ ਜਾ ਰਹੀ ਸੀ, ਜਦ ਉਨ੍ਹਾਂ ਆਖਿਆ, "ਮੋਹਣੀ, ਦੇਖੀਂ ਉਹ ਤੀਵੀਂ ਕੀ ਕਰਦੀ ਹੈ ?" ਪਿਤਾ ਜੀ ਸਿੱਧੇ ਬੈਠ ਰਹੇ। ਮੈਂ ਮੁੜ ਕੇ ਵੇਖਿਆ। ਉਹ ਤੀਵੀਂ ਖੜੀ ਸਾਡੇ ਵਲ ਵੇਖੀ ਜਾ ਰਹੀ ਸੀ। ਅਸੀਂ ਕਾਫ਼ੀ ਦੂਰ ਨਿਕਲ ਆਏ ਸਾਂ। ਉਹ ਹਾਲੀ ਵੀ ਸਾਨੂੰ ਵੇਖੀ ਜਾਂਦੀ ਸੀ। ਆਖ਼ਰ ਉਹ ਝੁਕੀ ਤੇ ਉਸ ਵੀਹ ਵਿਚੋਂ ਇਕ ਥਾਂ ਤੋਂ ਮਿੱਟੀ ਚੁੱਕ ਕੇ ਆਪਣੇ ਪੱਲੇ ਬੰਨ੍ਹ ਲਈ। ਮੈਂ ਸਾਰੀ ਗੱਲ ਪਿਤਾ ਜੀ ਨੂੰ ਦੱਸੀ। ਉਨ੍ਹਾਂ ਨੇ ਇਕ ਹਟਕੋਰਾ ਜਿਹਾ ਲਿਆ। ਮੈਂ ਉਪਰ ਵਲ ਵੇਖਿਆ, ਪਿਤਾ ਜੀ ਰੋਣਹਾਕੇ ਹੋਏ ਹੋਏ ਸਨ।

"ਬਟੂਆ ਲੱਭ ਪਿਆ, ਉਹ ਮੇਰੀ ਜੇਬ੍ਹ ਵਿਚ ਹੀ ਸੀ", ਉਨ੍ਹਾਂ ਆਖਿਆ।

"ਪਰ ਉਹ ਤੀਵੀਂ ਕੌਣ ਸੀ ?" ਮੈਂ ਪੁੱਛਿਆ।

"ਤੇਰੀ ਮਾਂ !" ਪਿਤਾ ਜੀ ਨੇ ਉੱਤਰ ਦਿੱਤਾ।

"ਮੇਰੀ ਮਾਂ ?" ਉਹ ਏਥੇ ਕਿਥੇ ? ਉਹ ਤੇ ਡੇਰੇ ਸੀ !"

"ਇਹ ਵੀ ਤੇਰੀ ਮਾਂ ਹੈ", ਪਿਤਾ ਜੀ ਨੇ ਆਖਿਆ ਤੇ ਜਿਵੇਂ ਕਿਸੇ ਹਾਣੀ-ਬੇਲੀ ਨੂੰ ਕਹਾਣੀ ਸੁਣਾਈਦੀ ਹੈ, ਸੁਣਾਉਣ ਲੱਗੇ :

"ਮੋਹਣ ਤੇਰੀ ਮਾਂ ਨਾਲ ਵਿਆਹ ਤੋਂ ਪਹਿਲੋਂ ਮੈਂ ਤੇਰੀ ਇਸ ਮਾਂ ਨਾਲ ਵਿਆਹਿਆ ਹੋਇਆ ਸਾਂ। ਤੇਰੀ ਮਾਂ ਸਾਡੇ ਸਭ ਤੋਂ ਵੱਡੇ ਭਰਾ ਪੁਲਸੀਏ ਦੀ ਵਹੁਟੀ ਸੀ। ਉਹ ਸਾਡੇ ਸਾਰਿਆਂ ਤੋਂ ਪੱਛੜ ਕੇ ਵਿਆਹਿਆ ਗਿਆ ਸੀ। ਛੇ ਮਹੀਨੇ ਵੀ ਵਿਆਹ ਨੂੰ ਹੋਏ ਸਨ ਕਿ ਸਾਡਾ ਭਰਾ, ਜਿਸ 'ਤੇ ਸਾਨੂੰ ਬੜੀਆਂ ਆਸਾਂ ਸਨ, ਥੋੜ੍ਹਾ ਚਿਰ ਬਿਮਾਰ ਰਹਿ ਕੇ ਮਰ ਗਿਆ। ਛੋਟੇ ਤਿੰਨ ਭਰਾ ਵੀ ਵਿਆਹੇ ਹੋਏ ਸਨ। ਮੈਥੋਂ ਛੋਟਾ ਕੁਆਰਾ ਸੀ। ਘਰ ਦੀ ਇੱਜ਼ਤ ਘਰ ਵਿਚ ਹੀ ਰਹੇ, ਇਸ ਲਈ ਸਾਡੀ ਮਾਤਾ ਨੇ ਸੋਚਿਆ ਕਿ ਇਸ ਨੂੰ ਛੋਟੇ ਦੇ ਘਰ ਬਿਠਾ ਦਈਏ। ਪਰ ਤੇਰੀ ਮਾਂ ਮੰਨਦੀ ਹੀ ਨਹੀਂ ਸੀ। ਉਹ ਕਹਿੰਦੀ ਸੀ ਕਿ ਜੇ ਮੈਂ ਬੈਠਣਾ ਤਾਂ ਛੋਟੇ ਤੋਂ ਵੱਡੇ ਦੇ ਘਰ ਹੀ ਬੈਠਣਾ। ਤੇ ਮੈਂ ਵਿਆਹਿਆ ਹੋਇਆ ਸਾਂ, ਦੋ ਪੁੱਤਰ ਵੀ ਸਨ ਤੇ ਘਰ ਵਾਲੀ ਸੀ ਮੇਰੀ, ਉਹ ਜਿਸ ਨੂੰ ਤੂੰ ਅੱਜ ਵੇਖਿਆ ਐ। ਸਾਰਿਆਂ ਭਰਾਵਾਂ ਤੇ ਖਾਸ ਕਰਕੇ ਕੁਆਰੇ ਭਰਾ ਕੋਲੋਂ ਵੀ ਬਹੁਤਾ ਮੁੱਲ ਮੇਰਾ ਪੈਣ 'ਤੇ ਮੈਂ ਤੇਰੀ ਮਾਂ ਵੱਲ ਖਿੱਚਿਆ ਗਿਆ। ਸਾਡੀ ਚਾਦਰ ਪਾ ਦਿਤੀ ਗਈ। ਹੁਣ ਤੇਰੀ ਮਾਤਾ ਇਹ ਕੋਸ਼ਿਸ਼ ਕਰਨ ਲੱਗੀ ਕਿ ਮੇਰੀ ਪਹਿਲੀ

ਵਹੁਟੀ ਮੈਥੋਂ ਛੋਟੇ ਦੇ ਬਹਿ ਜਾਏ। ਮੈਂ ਵੀ ਓਦੋਂ ਤੇਰੀ ਮਾਤਾ ਵਲ ਦਾ ਹੋ ਗਿਆ। ਪਰ ਮੇਰੀ ਪਹਿਲੀ ਵਹੁਟੀ ਇਹ ਨਹੀਂ ਸੀ ਮੰਨਦੀ। ਇਕ ਦਿਨ ਮੈਂ ਗੁੱਸੇ ਵਿਚ ਉਸ ਨੂੰ ਕਿਹਾ ਕਿ ਤੂੰ ਘਰੋਂ ਨਿਕਲ ਜਾ, ਜੇ ਮੇਰਾ ਕਹਿਣਾ ਨਹੀਂ ਮੰਨਣਾ ਤੇ। ਉਸ ਕਿਹਾ, ਜਿਵੇਂ ਬਾਂਹ ਫੜ ਕੇ ਲਿਆਏ ਸੀ ਓਦਾਂ ਹੀ ਬਾਂਹ ਫੜ ਕੇ ਕੱਢ ਦਿਓ। ਮੈਂ ਬਾਂਹ ਫੜ ਕੇ ਬਾਹਰ ਤੱਕ ਛੱਡ ਗਿਆ। ਉਸ ਆਪਣੇ ਨਿੱਕੇ ਨੂੰ ਗੋਦੀ ਲਿਆ ਤੇ ਵੱਡੇ ਨੂੰ ਉਂਗਲੀ ਲਾ ਲਿਆ, ਲਾਗੀ ਨੂੰ ਨਾਲ ਲਿਆ ਤੇ ਘੁੰਡ ਕੱਢ ਕੇ ਘੱਗਰਾ ਪਾ ਕੇ ਪੇਕੇ ਆ ਗਈ, ਤੇ ਫੇਰ ਨਹੀਂ ਮੁੜੀ। ਸੁਣਦਾ ਰਿਹਾ ਹਾਂ ਕਿ ਮਿਹਨਤ ਨਾਲ ਉਸ ਨੇ ਪੁੱਤਰ ਪਾਲ ਲਏ ਹਨ। ਕਈ ਵਾਰੀ ਉਸ ਨੂੰ ਚੋਰੀ ਮਨੀਆਰਡਰ ਕਰਾਏ, ਪਰ ਸਭ ਮੁੜ ਆਏ। ਬਾਹਰੇ ਵਿਚ ਕਦੇ ਉਸ ਦੀ ਕੋਈ ਭੈੜੀ ਗੱਲ ਵੀ ਉੱਡਦੀ ਨਹੀਂ ਸੁਣੀ। ਉਸ ਦੇ ਭਰਾ ਮੇਰੇ ਬੜੇ ਦੁਸ਼ਮਣ ਹਨ। ਉਸ ਪਿੰਡ ਵਿਚੋਂ ਲੰਘਣਾ ਬੜਾ ਖ਼ਤਰਨਾਕ ਕੰਮ ਸੀ। ਪਰ ਉਹ ਦੇਵੀ...।"

ਪਿਤਾ ਜੀ ਦਾ ਗਲਾ ਭਰ ਆਇਆ ਸੀ। ਇਕ ਤੱਤੀ ਤੱਤੀ ਬੂੰਦ ਮੇਰੀ ਗਲ੍ਹ 'ਤੇ ਪਈ। ਮੈਂ ਵੇਖਿਆ, ਪਿਤਾ ਜੀ ਰੋ ਰਹੇ ਸਨ।

ਖ਼ੂਨ

ਜ਼ਿਲ੍ਹਾ ਅੰਬਾਲਾ ਦੇ ਇਕ ਪਿੰਡ ਦੇ ਨਿੱਕੇ ਜਿਹੇ 'ਮਹਾਂ ਵਿਦਿਆਲੇ' ਦਾ ਮੈਂ ਅਧਿਆਪਕ ਸਾਂ। ਮੈਂ ਉਥੋਂ ਅੰਬਾਲੇ ਜਾਣਾ ਸੀ, ਇਕ ਕਾਨਫਰੰਸ ਵੇਖਣ, ਇਕ ਮਿੱਤਰ ਨੂੰ ਮਿਲਣ, ਡਾਕਟਰ ਤੋਂ ਦੰਦਾਂ ਦਾ ਇਲਾਜ ਕਰਵਾਉਣ ਤੇ ਖਬਰੇ ਹੋਰ ਕੀ ਕੀ ਕਰਨ, ਜੋ ਹੁਣ ਮੈਨੂੰ ਯਾਦ ਨਹੀਂ। ਜਿਸ ਸਟੇਸ਼ਨ ਤੋਂ ਮੈਂ ਗੱਡੀ ਚੜ੍ਹਨਾ ਸੀ, ਉਹ ਕੋਈ ਪੰਜ ਮੀਲ ਦੀ ਵਿੱਥ 'ਤੇ ਸੀ। ਮੈਂ ਤਪਦੇ ਸੂਰਜ ਦੀ ਦੁਪਹਿਰ ਵਿਚ ਦੋ ਕੁ ਮੀਲ ਪੈਂਡਾ ਕਰ ਚੁੱਕਾ ਸਾਂ ਜਦ ਪਹੇ ਵਿਚ ਮੈਨੂੰ ਦੋ 'ਅੰਨ੍ਹੇ' ਟੋਹਣੀ ਨਾਲ ਰਾਹ ਟੋਹ ਟੋਹ ਕੇ ਤੁਰੇ ਜਾਂਦੇ ਦਿੱਸੇ। ਮੈਂ ਕੋਲੋਂ ਲੰਘ ਹੀ ਤੁਰਿਆ ਸਾਂ ਜਦ ਉਨ੍ਹਾਂ ਵਿਚੋਂ ਅਗਲੇ ਨੇ ਅੰਮ੍ਰਿਤਸਰੀ ਪੰਜਾਬੀ ਵਿਚ 'ਸਰਦਾਰ ਜੀ' ਕਰ ਕੇ ਆਵਾਜ਼ ਮਾਰੀ। ਮੈਂ ਹੈਰਾਨ ਹੋ ਕੇ ਖਲੋ ਗਿਆ।

"ਕਿਥੇ ਜਾਣਾ ਜੇ, ਸਰਦਾਰ ਜੀ ?" ਉਸ ਫਿਰ ਪੁੱਛਿਆ।

ਮੈਂ ਹੈਰਾਨ ਸਾਂ ਕਿ ਉਹ ਮੈਨੂੰ ਸਰਦਾਰ ਜੀ ਦੀ ਥਾਂ ਮੀਆਂ ਜੀ ਕਿਉਂ ਨਹੀਂ ਕਹਿੰਦਾ, ਜਦ ਕਿ ਉਸ ਦੀਆਂ ਅੱਖਾਂ ਵਿਚ ਡੇਲੇ ਹੀ ਨਹੀਂ ਹਨ। ਪਰ ਖ਼ੈਰ ਮੈਂ ਉੱਤਰ ਦਿੱਤਾ, "ਨਗਾਵੇਂ ਟੇਸ਼ਨ।"

"ਗੱਡੀ ਆਉਣ ਵਿਚ ਕਿੰਨੀ ਦੇਰ ਐ ?" ਉਸ ਕੁਝ ਅਧੀਨਗੀ ਜਹੀ ਨਾਲ ਪੁੱਛਿਆ।

ਮੈਂ ਕੋਟ ਦੀ ਬਾਂਹ ਖਿਚ ਕੇ ਘੜੀ ਦੇਖਦਿਆਂ ਕਿਹਾ, "ਚਾਲ੍ਹੀ ਕੁ ਮਿੰਟ।"

ਫਿਰ ਉਸ ਅੰਨ੍ਹੇ ਨੇ ਮਿੰਨਤਾਂ ਨਾਲ ਕਿਹਾ, "ਸਰਦਾਰ ਜੀ, ਜੇ ਤਕਲੀਫ਼ ਨਾ ਮੰਨੋ ਤਾਂ ਸਾਨੂੰ ਵੀ ਓਥੇ ਲੈ ਚਲੋ, ਇਸ ਤਰ੍ਹਾਂ ਤੇ ਅਸੀਂ ਪਹੁੰਚ ਨਹੀਂ ਸਕਦੇ।"

ਮੈਨੂੰ ਤਰਸ ਆ ਗਿਆ ਤੇ ਮੈਂ ਗਰਮੀ ਤੋਂ ਬਚਣ ਲਈ ਕੋਟ ਬਾਂਹ 'ਤੇ ਪਾ ਕੇ ਉਸ ਦੀ ਡੰਗੋਰੀ ਫੜ ਲਈ। ਟੋਇਆਂ ਟਿੱਬਿਆਂ ਤੋਂ ਬਚਾਉਂਦਾ, ਵਕਤ ਦੀ ਤੰਗੀ ਨੂੰ ਸਮਝਦਾ, ਮੈਂ ਆਪਣੀ ਤੇਜ਼ ਚਾਲੇ ਤੁਰਨ ਲਗ ਪਿਆ।

ਰਾਹ ਵਿਚ ਮੈਂ ਪੁੱਛਿਆ, "ਯਾਰ ਸੂਰਮਾ ਸਿਹਾਂ, ਤੂੰ ਕਿਵੇਂ ਪਛਾਣ ਲਿਆ ਕਿ ਮੈਂ ਸਿੱਖ ਹਾਂ ?"

ਉਸ ਥੋੜ੍ਹਾ ਜਿਹਾ ਹੱਸ ਕੇ ਕਿਹਾ, "ਤੁਹਾਡੇ ਬੂਟਾਂ ਦੀ ਚਾਲ ਤੋਂ।"

"ਹੱਛਾ !" ਮੈਂ ਹੈਰਾਨੀ ਨਾਲ ਕਹਿ ਹੀ ਰਿਹਾ ਸਾਂ ਕਿ ਉਹ ਛੇਤੀ ਹੀ ਮੁੜ ਕੇ ਬੋਲਿਆ, "ਤੁਸੀਂ ਅੰਬਰਸਰੀਏ ਹੋ, ਲੰਮੇ ਹੋ, ਪਤਲੇ ਹੋ, ਤੇ ਨਾਲੇ...ਕੁਝ ਕੁਝ ਸ਼ਕੀਨ ਜਹੇ ਜਾਪਦੇ ਹੋ।"

ਮੈਂ ਪੈਰੋਂ-ਪੈਰ ਵਧਦੀ ਹੈਰਾਨੀ ਨੂੰ ਦਬਾਉਂਦਿਆਂ ਕਿਹਾ, "ਉਹ ਕਿੱਦਾਂ ?"

"ਸਰਦਾਰ ਜੀ, ਤੁਹਾਡੀ ਬੋਲੀ ਦੱਸਦੀ ਹੈ।"

ਮੈਂ ਸਮਝ ਗਿਆ ਕਿ ਇਹ ਕੋਈ ਮਮੂਲੀ ਆਦਮੀ ਨ੍ਹਹੀਂ। ਅਤੇ ਫੇਰ ਪੁੱਛਿਆ, "ਯਾਰੋ, ਜਾਣਾ ਕਿੱਥੇ ਜੇ ?"

ਦੂਜਾ ਸੂਰਮਾ, ਜੋ ਹਾਲੀ ਤਕ ਨਹੀਂ ਸੀ ਬੋਲਿਆ, ਬੜੀ ਸੁਰੀਲੀ ਆਵਾਜ਼ ਨਾਲ ਕਹਿਣ ਲੱਗਾ, "ਸਰਦਾਰ ਜੀ, ਅੰਬਾਲੇ।"

"ਕੀ ਕਰਨ ?"

"ਕਾਨਫ਼ਰੰਸ ਵਿਚ...ਸਰਦਾਰ ਜੀ, ਉਥੇ ਇਕ ਕਾਨਫ਼ਰੰਸ ਹੋਣੀ ਹੈ। ਉਥੇ ਰਾਗ ਵੀ ਹੋਣਗੇ। ਅਸੀਂ ਉਥੇ ਜਾਵਾਂਗੇ।"

"ਹੱਛਾ ! ਤੁਸੀਂ ਰਾਗੀ ਹੋ ?"

ਪਹਿਲੇ ਨੇ ਕਿਹਾ, "ਨਹੀਂ ਜੀ, ਐਵੇਂ ਮਮੂਲੀ ਠੀਹਾ-ਠੱਪਾ ਕਰ ਲਈਦਾ ਹੈ। ਮੈਂ ਜੋੜੀ ਵਜਾਉਨਾ ਹਾਂ ਤੇ ਮੇਰੇ ਨਾਲ ਦਾ ਗਾਉਂਦਾ ਹੈ।"

ਇਸ ਤਰ੍ਹਾਂ ਰਾਗ ਉਤੇ ਗੱਲਾਂ ਛਿੜ ਪਈਆਂ, ਜਿਨ੍ਹਾਂ ਦੇ ਦੌਰਾਨ ਉਨ੍ਹਾਂ ਦੱਸਿਆ: ਰਾਗ ਕੀ ਹੈ, ਗੁਰਬਾਣੀ ਤੇ ਰਾਗ ਦਾ ਕੀ ਸੰਬੰਧ ਹੈ, ਗੁਰਬਾਣੀ ਵਿਚ ਰਾਗ ਨਾਲ 'ਘਰੁ' ਅੱਖਰ ਦਾ ਕੀ ਅਰਥ ਹੈ, ਸੁਰ ਕੀ ਹੁੰਦੀ ਹੈ, ਤਾਲ ਕੀ ਹੈ, ਸੁਰਾਂ ਤਾਲ ਵਿਚ ਕਿਵੇਂ ਬੰਨ੍ਹੀਂ ਦੀਆਂ ਹਨ, ਇਕ ਰਾਗ ਦਾ ਦੂਸਰੇ ਨਾਲ ਫ਼ਰਕ ਕਿਵੇਂ ਬਣਦਾ ਹੈ, ਮੋਟੇ ਮੋਟੇ ਰਾਗਾਂ ਦੇ ਗਾਣ ਦੇ ਸਮੇਂ ਕਿਹੜੇ ਹੁੰਦੇ ਹਨ ਤੇ ਰੁੱਤਾਂ ਕਿਹੜੀਆਂ, ਆਦਿ। ਉਨ੍ਹਾਂ ਨੇ ਬਾਜ਼ਾਰੀ ਰਾਗੀਆਂ, ਚਿਮਟਾ-ਪਾਰਟੀਆਂ ਤੇ ਆਮ ਗਜ਼ਲਾਂ ਗਾਣ ਵਾਲਿਆਂ 'ਤੇ ਕਰੜੀ ਪੜਚੋਲ ਕੀਤੀ। ਜਿਹੜੀ ਥੋੜ੍ਹੀ ਬਹੁਤੀ ਰਾਗ ਦੀ ਸਮਝ ਮੈਨੂੰ ਹੈ ਸੀ, ਉਸ ਤੋਂ ਉਹ ਸੱਚੇ ਪ੍ਰਤੀਤ ਹੋਣ ਲੱਗੇ।

ਅੰਬਾਲੇ ਜਾ ਕੇ ਗਾਣ ਦਾ ਉਤਸ਼ਾਹ ਤੇ ਉਮਾਹ ਉਨ੍ਹਾਂ ਵਿਚ ਬਹੁਤ ਸੀ। ਸਟੇਸ਼ਨ ਤੋਂ ਅੱਧ ਕੁ ਮੀਲ ਦੀ ਵਿੱਥ 'ਤੇ ਦੂਸਰੇ ਸੂਰਮੇ ਨੇ ਸਾਡੇ ਕਦਮਾਂ ਦੇ ਤਾਲ 'ਤੇ ਬੰਨ੍ਹ ਕੇ ਇਕ ਚੀਜ਼ ਗਾਉਣੀ ਸ਼ੁਰੂ ਕੀਤੀ। ਹਿੰਦੁਸਤਾਨੀ ਗਾਇਨਾਚਾਰ ਕ੍ਰਿਸ਼ਨਾ ਰਾਵ ਤੋਂ ਵੀ ਉਹ ਮੈਨੂੰ ਤਾਲ ਵਿਚ ਪੱਕਾ ਮਲੂਮ ਹੁੰਦਾ ਸੀ ਤੇ ਸਿਨਿਮਾ ਦੇ ਮਾਹਿਰ ਗਵੱਈਏ ਸਹਿਗਲ ਕੋਲੋਂ ਵੀ ਮਿੱਠਾ। ਉਸ ਦੀ ਮੀਂਡ ਤੇ ਗੂੰਜ ਕੇ.ਸੀ. ਡੇ ਨੂੰ ਪਰੇ ਸੁੱਟਦੀ ਸੀ। ਤੇ ਤਾਨ ਨਾਰਾਇਣਾ ਰਾਉ ਨੂੰ ਮਾਤ ਪਾਂਦੀ ਸੀ। ਮੈਂ ਮੁੜ ਕੇ ਪਿਛਾਂਹ ਦੇਖਿਆ। ਉਸ ਦੀਆਂ ਗਲ੍ਹਾਂ ਦੀ ਲਾਲੀ ਪ੍ਰਸੰਸਾ ਦੀਆਂ ਚਾਹਵਾਨ ਅੱਖਾਂ ਵਾਂਗ ਕਿਸੇ ਵਲ ਦੇਖ ਰਹੀ ਸੀ। ਜੇ ਮੈਂ ਸੋਹਣੀ ਕੁੜੀ ਹੁੰਦਾ ਤਾਂ ਸਾਰੀ ਦੁਨੀਆ ਨੂੰ ਛੱਡ ਉਸ ਨਾਲ ਪਿਆਰ ਕਰਦਾ। ਜੇ ਮੈਂ ਅਮੀਰ ਹੁੰਦਾ...ਆਹ ! ਮੈਂ ਅਮੀਰ ਨਹੀਂ ਸਾਂ। ਸਾਲਾਂ ਤੋਂ ਬੇਕਾਰ ਨੂੰ ਚਾਰ ਮਹੀਨੇ ਲਈ ਕਾਰ ਮਿਲੀ ਸੀ। ਪਿਛਲੇ ਘਾਪੇ ਹੀ ਨਹੀਂ ਮਿਲੇ ਸਨ। ਮੈਂ ਸੋਚ ਰਿਹਾ ਸਾਂ ਕਿ ਕਿਤੇ ਬੂਟ ਤੇ ਟਾਈ ਹੇਠੋਂ ਮੇਰੀ ਗਰੀਬੀ ਇਨ੍ਹਾਂ ਜਾਦੂਗਰ ਅੰਨ੍ਹਿਆਂ ਨੂੰ ਦਿਸ ਨਾ ਪਵੇ।

ਉਸਦਾ ਗੀਤ ਮੁੱਕ ਚੁੱਕਾ ਸੀ। ਮੈਂ ਦਾਦ ਕੋਈ ਨਾ ਦਿੱਤੀ, ਸਗੋਂ ਪੁੱਛਿਆ, "ਅੰਬਾਲੇ ਦੀ ਟਿਕਟ ਕਿੰਨੇ ਦੀ ਆਉਂਦੀ ਹੈ ।"

ਗਾਉਣ ਵਾਲੇ ਸੂਰਮੇ ਨੇ ਕਿਹਾ, "ਸਾਨੂੰ ਕੀ ਪਤਾ, ਸਰਦਾਰ ਜੀ !"

"ਕੀ ਤੁਸੀਂ ਕਦੇ ਅੰਬਾਲੇ ਨਹੀਂ ਗਏ ?"

"ਅਸੀਂ, ਸੂਰਮੇ, ਪੈਸੇ ਨਹੀਂ ਖ਼ਰਚਦੇ, ਵਿਦੌਟ ਚੜ੍ਹਦੇ ਹਾਂ ਤੇ ਰੇਲ ਵਾਲੇ ਸਾਡੇ 'ਤੇ ਤਰਸ ਖਾਂਦੇ ਹਨ।"

ਮੈਂ 'ਹੂੰ' ਕਿਹਾ ਹੀ ਸੀ ਕਿ ਗੱਡੀ ਮੈਨੂੰ ਸਟੇਸ਼ਨ 'ਤੇ ਆਉਂਦੀ ਦਿੱਸੀ। ਮੈਂ ਡੰਗੋਰੀ ਛੱਡ ਕੇ ਕਿਹਾ, "ਸਿੱਧੇ ਰਸਤੇ ਛੇਤੀ ਛੇਤੀ ਪਹੁੰਚੋ, ਮੈਂ ਨੱਸ ਕੇ ਟਿਕਟ ਲੈ ਲਵਾਂ।"

ਗੱਡੀ ਸਟੇਸ਼ਨ 'ਤੇ ਖੜੀ ਸੀ। ਮੇਰੀ ਟਾਈ ਦੇ ਰੋਹਬ ਵਿਚ ਆ ਕੇ ਸਟੇਸ਼ਨ-ਮਾਸਟਰ ਨੇ ਖਿੜਕੀ ਮੁੜ ਖੋਲ੍ਹ ਕੇ ਟਿਕਟ ਦੇ ਦਿੱਤੀ। ਗੱਡੀ ਚੱਲਣ ਵਾਲੀ ਸੀ। ਮੈਂ ਵਿਚ ਬੈਠ ਗਿਆ। ਠੀਕ ਉਸੇ ਵੇਲੇ ਮੈਨੂੰ ਸੂਰਮੇ ਚੇਤੇ ਆਏ, ਬੂਹਾ ਬੰਦਾ ਹੋ ਗਿਆ ਸੀ। ਉਹ ਜੰਗਲੇ ਨਾਲ ਖੜੇ ਸਨ। ਸਟੇਸ਼ਨ-ਮਾਸਟਰ ਉਨ੍ਹਾਂ ਨੂੰ ਅੰਦਰ ਨਹੀਂ ਸੀ ਆਉਣ ਦਿੰਦਾ। ਨਾਲ ਦੇ ਡੱਬੇ ਵਿਚੋਂ ਲਮਕਦੇ ਸਿਪਾਹੀ ਨੂੰ ਮੈਂ ਉਨ੍ਹਾਂ ਵੱਲ ਇਸ਼ਾਰੇ ਨਾਲ ਤਕਾਇਆ। ਉਸ ਸਟੇਸ਼ਨ-ਮਾਸਟਰ ਕੋਲ ਸਿਫ਼ਾਰਸ਼ ਕੀਤੀ, ਪਰ ਉਸਨੇ ਆਕੜ ਕੇ ਕਿਹਾ, "ਇਹ ਮੇਰਾ ਕੰਮ ਹੈ।" ਗੱਡੀ ਫਪ ਫਪ ਕਰ ਕੇ ਤੁਰ ਪਈ। ਦੋ ਅੰਨ੍ਹੇ ਜੰਗਲੇ ਦਾਰ ਬੂਹੇ ਨਾਲ ਮੌਤ ਵਰਗੀ ਨਿਰਾਸਾ ਵਿਚ ਬੱਗੇ ! ਤੇ ਗੱਡੀ ਦੇ ਤੁਰਨ ਦੀ ਆਵਾਜ਼ ! ਮੈਂ ਚੀਕ ਉੱਠਿਆ, "ਖ਼ੂਨ ! ਖ਼ੂਨ !"

"ਕਿਸ ਦਾ ਖ਼ੂਨ ?" ਕਹਿੰਦੇ ਇਕ ਪੜ੍ਹੇ ਲਿਖੇ ਸ਼ੁਕੀਨ ਨੂੰ ਆਪਣੀ ਸੀਟ ਤੋਂ ਮੈਂ ਆਪਣੇ ਵਲ ਘਬਰਾ ਕੇ ਆਉਂਦਿਆ ਵੇਖਿਆ।

"ਆਸਾਂ ਦਾ !" ਮੈਂ ਸ਼ੁਦਾ ਦੇ ਜ਼ੋਰ ਵਿਚ ਮੱਥੇ 'ਤੇ ਹੱਥ ਮਾਰ ਕੇ ਕਿਹਾ।

"ਕਿਹੜੀ 'ਆਸਾਂ' ਦਾ ?"

"ਉਨ੍ਹਾਂ ਅੰਨ੍ਹਿਆਂ ਦੀਆਂ ਆਸਾਂ ਦਾ।" ਮੈਂ ਬਾਹਰ ਇਸ਼ਾਰਾ ਕਰਦਿਆਂ ਕਿਹਾ।

"ਸੈਨਸਿਟਿਵ ਫੂਲ !" ਉਸ ਆਖਿਆ ਤੇ ਆਪਣੀ ਥਾਂ 'ਤੇ ਜਾ ਬੈਠਾ।

ਜਾਗਾ

ਜਦੋਂ ਰਾਤ ਦੇ ਨੌਂ ਕੁ ਵਜੇ, ਕਈਆਂ ਭਗਤਾਂ ਨੇ ਰਲ ਕੇ ਕੋਟ-ਕਾਂਗੜੇ ਵਾਲੀ ਦੇਵੀ ਮਾਤਾ ਦੀ ਜੈ ਬੁਲਾਈ ਤਾਂ ਲੋਕਾਂ ਨੂੰ ਪਤਾ ਲੱਗਾ ਕਿ ਕਿਸੇ ਦੇ ਘਰ ਜਗਰਾਤਾ ਹੋਣ ਵਾਲਾ ਹੈ। ਸ਼ਾਮੋ ਨੇ ਮਹਿੰਦਰ ਨੂੰ ਦੱਸਿਆ ਕਿ ਅਮੀਏ ਮਹਿਰੇ ਦੇ ਘਰ ਜਾਗਾ ਹੈ ਤੇ ਬੇਰੀ ਵਾਲੇ ਵਿਹੜੇ ਵਿਚ ਬੜੇ ਸਾਰੇ ਝੀਊਰ ਮਾਤਾ-ਰਾਣੀ ਦੀਆਂ ਭੇਟਾਂ ਗਾਉਣ ਲਈ ਇਕੱਠੇ ਹੋਏ ਹੋਏ ਹਨ।

ਅਮੀ ਚੰਦ ਦੀ ਵਹੁਟੀ ਸੀ ਪੂਰਨ ਦਈ। ਅਮੀਏ ਵਾਂਗ ਪੂਰਨ ਦਈ ਨੂੰ ਪੂਰੋ ਸੱਦਿਆ ਜਾਂਦਾ ਸੀ। ਪੂਰੋ ਨੇ ਆਪਣੇ ਮੁੰਡੇ ਦੀ ਸੁਖਣਾ ਵਜੋਂ ਮਾਤਾ ਲਾਟਾਂ ਵਾਲੀ ਦਾ ਜਾਗਾ ਸੁਖਿਆ ਸੀ। ਮੁੰਡਾ ਤੇ ਸੁਖਣਾ ਦੇ ਬਾਵਜੂਦ ਵੀ ਚੱਲ ਵਸਿਆ ਸੀ, ਪਰ ਹੁਣ ਉਸ ਦਾ ਨਵਾਂ ਜੰਮਿਆਂ ਕੁਝ ਢਿੱਲਾ ਸੀ। ਪੂਰੋ ਨੇ ਕਿਹਾ, "ਜਾਹ ਜਾਂਦੀਏ, ਕਿਤੇ ਉਹ ਨਾ ਹੋਵੇ, ਮਰ ਗਏ ਮੁੰਡੇ ਦੀ ਸੁਖਣਾ ਨਾ ਪੂਰੀ ਕਰਨ ਪਿੱਛੇ ਮਾਤਾ ਰਾਣੀ ਕ੍ਰੋਧਵਾਨ ਹੋ ਜਾਵੇ ਤੇ ਨਵੇਂ ਜੰਮੇ 'ਤੇ ਕੋਈ ਸੰਕਟ ਆ ਪਵੇ।" ਖ਼ਿਆਲ ਬੜਾ ਹਾਸੋ-ਹੀਣਾ ਸੀ।

ਪੂਰੋ ਨਵੇਂ ਬੱਚੇ ਦੇ ਵਿਅੰਮ ਨਾਲ ਬੜੀ ਮਾਂਦੀ ਪੈ ਗਈ ਸੀ। ਡਾਕਟਰ ਨੇ ਉਸ ਲਈ ਕੈਲਸ਼ੀਅਮ ਤੇ ਆਇਰਨ ਦੇ ਟੀਕਿਆਂ ਦੀ ਸਿਫ਼ਾਰਸ਼ ਕੀਤੀ ਸੀ। ਨਵਾਂ ਮੁੰਡਾ ਬੜਾ ਹੀ ਮਾੜਾ ਜੰਮਿਆ ਸੀ। ਹਿੰਦੂ ਫ੍ਰੀ ਮੈਟਰਨਿਟੀ ਸੈਂਟਰ ਦੀ ਲੇਡੀ ਡਾਕਟਰ ਤੇ ਨਰਸਾਂ ਨੇ ਬੱਚੇ ਦੇ ਇਹਤਿਆਤ ਦੇ ਕਈ ਢੰਗ ਦੱਸੇ ਸਨ। ਇਕ ਦੋ ਦਵਾਈਆਂ ਦੀ ਵਰਤੋਂ ਵੀ ਜ਼ਰੂਰੀ ਦੱਸੀ ਸੀ, ਪਰ ਪੂਰੋ ਦਾ ਵਿਸ਼ਵਾਸ ਸੀ ਕਿ ਜੇ ਦੇਵੀ ਮਾਤਾ ਦੀ ਨਜ਼ਰ ਸਵੱਲੀ ਹੋਵੇ ਤਾਂ ਸਭ ਕੁਝ ਵਿਚੇ ਹੀ ਆ ਜਾਂਦਾ ਹੈ।

ਅਮੀ ਚੰਦ ਜਦੋਂ ਪਿੰਡੋਂ ਆਇਆ ਸੀ, ਉਸ਼ ਭੱਠੀ ਤਾਉਣੀ ਸ਼ੁਰੂ ਕੀਤੀ ਸੀ। ਮਗਰੋਂ ਉਹ ਵਹਿੰਗੀ 'ਤੇ ਮੁਰਮੁਰਾ, ਛੋਲੇ, ਰਿਉੜੀਆਂ ਆਦਿ ਲਾਉਣ ਲਗ ਪਿਆ ਸੀ। ਖੂਹ ਦੀ ਮਣ ਲਾਗੇ ਉਸ ਇਕ ਕੋਠੜੀ ਲਈ ਸੀ, ਜਿਸ ਦਾ ਉਹ ਡੇਢ ਤੋਂ ਸ਼ੁਰੂ ਹੋ ਕੇ ਸੱਤ ਰੁਪਏ ਕਿਰਾਇਆ ਦੇ ਰਿਹਾ ਸੀ। ਇਹ ਕੋਠੜੀ ਮਸਾਂ ਬਾਰਾਂ ਫੁੱਟ ਮੁਰੱਬਾ ਸੀ ਤੇ ਉੱਚੀ ਕੁੱਲ ਅੱਠ ਫੁੱਟ। ਨੀਵੇਂ ਦਰਵਾਜ਼ੇ ਤੋਂ ਛੁੱਟ ਉਸ ਦਾ ਨਾ ਕੋਈ ਰੌਸ਼ਨਦਾਨ ਸੀ ਤੇ ਨਾ ਕੋਈ ਖਿੜਕੀ। ਮੱਛਰਾਂ ਦੀ ਪੈਦਾਇਸ਼ ਲਈ ਕਿਸੇ ਬਰਸਾਤ ਦੀ ਲੋੜ ਨਹੀਂ ਸੀ। ਅਮੀਆ, ਟੱਬਰ ਵਿਚੋਂ ਕਿਸੇ ਨਾ ਕਿਸੇ ਦੇ ਬਿਮਾਰ ਹੋਣ ਦਾ ਕਾਰਨ ਸਦਾ ਮਾਤਾ ਦੀ ਕ੍ਰੋਪੀ ਸਮਝਦਾ ਸੀ। ਪਤਾ ਨਹੀਂ ਇਹ ਗੱਲ ਕਿਸ ਉਸ ਦੇ ਮਗਜ਼ ਵਿਚ ਕਿੱਲ ਵਾਂਗ ਪੱਕੀ ਠੋਕ ਛੱਡੀ ਸੀ। ਅਨਪੜ੍ਹ ਉਤੇ ਮੂਰਖਤਾ ਦੀਆਂ ਗੱਲਾਂ ਦਾ ਅਸਰ ਛੇਤੀ, ਬਹੁਤਾ ਤੇ ਪੱਕਾ ਹੁੰਦਾ ਹੀ ਹੈ।

ਬੜੇ ਭਗਤ, ਵੇਦਕ ਆਦਿ ਇਕੱਠੇ ਹੋਏ। ਲੱਗਾ ਘੜੇ 'ਤੇ ਰੱਖੀ ਥਾਲੀ 'ਤੇ

ਲੋਹੇ ਦਾ ਕੜਾ ਮਾਰ ਮਾਰ ਕੇ 'ਡਾਣਾ-ਣਾਣਾ, ਡਾਣਾ-ਣਾਣਾ' ਹੋਣ। ਢੋਲਕੀ ਦੇ ਨਾਲ ਤੀਲ੍ਹਿਆਂ ਨਾਲ ਢੱਡ ਵਰਗੇ ਦੰਬਕੇ ਕੁੱਟੇ ਜਾਣ ਤੇ ਛੈਣੇ ਖੜਕਾਏ ਜਾਣ ਲੱਗੇ। ਗੋਡਿਆਂ ਭਾਰ ਹੋ ਹੋ ਕੇ ਭੇਟਾ ਗਾਣ 'ਤੇ ਜ਼ੋਰ ਲੱਗਣ ਲਗਾ। ਸੁਣਨ ਵਾਲੇ ਲੋਕ ਦੁਆਲੇ ਆਣ ਇਕੱਠੇ ਹੋਏ। ਨਾ ਰਾਗ ਤੇ ਨਾ ਕਥਾ, ਕਿਸੇ ਵਿਚ ਕੋਈ ਸਵਾਦ ਨਹੀਂ ਸੀ। ਪਰੇ ਨੁੱਕਰ ਵਿਚ ਪਾਥੀਆਂ ਧੁਖ ਰਹੀਆਂ ਸਨ ਤੇ ਉਸ ਦੇ ਦੁਆਲੇ ਸੂਟੇ ਪਏ ਖਿਚੀਂਦੇ ਸਨ। ਹਰ ਸੁਲਫਈ ਖਊਂ ਖਊਂ ਕਰਦਾ ਹੀ ਚਿਲਮ ਛੱਡਦਾ ਸੀ। ਇਕ ਪਾਸੇ ਮਿੱਠੇ ਪਾਣੀ ਦੀ ਛਬੀਲ ਲੱਗੀ ਹੋਈ ਸੀ। ਪੂਰੋ ਮੁੰਡੇ ਨੂੰ ਵਿਸਾਰ ਕੇ ਮਾਤਾ ਨੂੰ ਚਿਤਾਰ ਰਹੀ ਸੀ। ਅਮੀਏ ਕੋਲੋਂ ਕਰੜੀ ਉਸ ਦੀ ਸੇਵਾ ਸੀ। ਛਬੀਲ ਦੇ ਜੂਠੇ ਕੌਲ ਉਹ ਮਾਂਜਦੀ ਸੀ। ਖੰਡ ਤਮਾਕੂ ਦਾ ਇੰਤਜ਼ਾਮ ਉਸ ਦੇ ਜ਼ਿੰਮੇ ਸੀ ਤੇ ਹੋਰ ਸਭ ਕੁਝ। ਭਗਤਾਂ ਦੇ ਗੁੱਸੇ ਹੋਇਆਂ ਉਨ੍ਹਾਂ ਦੀ 'ਮਾਤਾ' ਕਿਵੇਂ ਪ੍ਰਸੰਨ ਹੋ ਸਕਦੀ ਸੀ, ਇਸ ਗੱਲ ਦਾ ਭੈ ਪੂਰੋ ਨੂੰ ਖਾਈ ਜਾਂਦਾ ਸੀ। ਸਾਰੀ ਰਾਤ ਪੂਰੋ ਜਾਗਦੀ ਰਹੀ ਤੇ 'ਨੰਗੀਂ ਨੰਗੀਂ ਪੈਰੀਂ ਮਈਆ ਅਕਬਰ ਆਇਆ ਤੇ ਸੋਨੇ ਦਾ ਛੱਤਰ ਚੜ੍ਹਾਇਆ' ਭਾਵੇਂ ਇਤਿਹਾਸਕ ਗੱਲ ਨਹੀਂ ਸੀ, ਪਰ ਉਸ ਦੇ ਵਿਸ਼ਵਾਸ ਨੂੰ ਦ੍ਰਿੜ੍ਹ ਕਰਾਉਂਦੀ ਰਹੀ।

ਅਮੀਆ ਸੋਚ ਰਿਹਾ ਸੀ ਕਿ ਅਕਬਰ ਦੇ ਮੁਕਾਬਲੇ 'ਤੇ ਉਹ ਕੀ ਹੈ। ਤੇ ਉਸ ਦੀ ਤੁਛ ਜਹੀ ਭੇਟਾ ਤੇ ਜਾਗਾ, ਅਕਬਰ ਦੇ ਸੋਨੇ ਦੇ ਛੱਤਰ ਤੇ ਨੰਗੀ ਪੈਰੀਂ ਯਾਤਰਾ ਦੇ ਮੁਕਾਬਲੇ 'ਤੇ ਕਿੰਨੀ ਨਕਾਰੀ ਸ਼ੈ ਹੈ। ਉਹ ਆਪ ਮਸੀਂ ਡੇਢ-ਦੋ ਰੁਪਏ ਕਮਾਉਂਦਾ ਸੀ, ਪਰ ਇਸ ਰਾਸ਼ਨਬੰਦੀ ਦੇ ਜ਼ਮਾਨੇ ਵਿਚ ਇਹ ਕਮਾਈ ਪੰਜਾਂ ਜੀਆਂ ਦੇ ਟੱਬਰ ਲਈ ਕੀ ਸੀ। ਉਸ ਨੂੰ ਆਪਣੇ ਜਾਗੇ ਦੇ ਮੁੱਲ ਦਾ ਕੋਈ ਅਹਿਸਾਸ ਨਹੀਂ ਸੀ। ਪੂਰੋ ਨੇ ਆਪਣੇ ਤੇ ਬੱਚੇ ਦੀ ਦਵਾਈ ਤੇ ਵਿਅੰਮ ਦੇ ਦਿਨਾਂ ਦੀ ਖੁਰਾਕ ਕੱਟ ਕੇ ਸੱਠ ਰੁਪਏ ਬਚਾਏ ਸਨ। ਉਸ ਨੇ ਗਾਣ ਵਾਲੇ ਭਗਤਾਂ, ਵੇਦਕਾਂ ਆਦਿ ਲਈ ਪੱਗਾਂ ਦਾ ਇੰਤਜ਼ਾਮ ਕੀਤਾ ਸੀ। ਤੜਕੇ ਚਾਰ ਵਜੇ ਤੋਂ ਜੋਤ ਵਿਚ ਖ਼ਲਸ ਘਿਓ ਸਾੜਿਆ ਸੀ, ਜੋ ਉਸ ਨੇ ਵਿਅੰਮ ਵਿਚ ਵੀ ਮੂੰਹ ਨਹੀਂ ਸੀ ਪਾਇਆ। ਸੁਣਿਆ ਸੀ ਮੂੰਗਫਲੀ ਦਾ ਘਿਓ ਅਤੇ ਵਿਅੰਮ ਵਾਲੀਆਂ ਦੀ ਖੁਰਾਕ ! ਫ੍ਰੀ ਮੈਟਰਨਿਟੀ ਸੈਂਟਰ ਵਿਚ ਜਾ ਕੇ ਬਚਾਈ ਦਾਈ ਦੀ ਫੀਸ ਮਾਤਾ ਰਾਣੀ ਨੂੰ ਭੇਟਾ ਕੀਤੀ ਜਾ ਰਹੀ ਸੀ। ਖ਼ਾਲਸ ਘਿਓ ਦੀ ਕੜਾਹੀ ਤੇ ਘੁੰਗਣੀਆਂ ਉਸ ਆਪ ਤੜਕ-ਸਾਰ ਤਿਆਰ ਕੀਤੀਆਂ ਸਨ।

ਮਾਤਾ ਰਾਣੀ ਉਹ ਅੱਗ ਸੀ, ਜਿਸ ਨੂੰ ਵਿਗਿਆਨ ਤੇ ਜੁਗਰਾਫ਼ੀਆ ਸੈਂਕੜੇ ਸਾਲਾਂ ਤੋਂ ਜਵਾਲਾ-ਮੁਖੀ ਪਰਬਤ ਕਹਿ ਰਿਹਾ ਸੀ। ਅਮੀਆ ਤੇ ਪੂਰੋ ਤਾਂ ਅਨਪੜ੍ਹ ਸਨ, ਪਰ ਲੱਖਾਂ ਪੜ੍ਹੇ ਲਿਖੇ ਇਹੋ ਕੁਝ ਕਹਿ ਰਹੇ ਸਨ। "ਕੌਣ ਹੈ ਇਹ ਪੱਕੇ ਵਹਿਮ ਪਾਣ ਵਾਲਾ ? ਕੌਣ ਹੈ ਗਰੀਬ ਕੋਲੋਂ ਉਸ ਦੀ ਦਸਾਂ ਨਹੁੰਆਂ ਦੀ ਕਮਾਈ ਨੂੰ ਧਰਮ ਦੀ ਆੜ ਵਿਚ ਖੋਹ ਕੇ ਖਾਣ ਵਾਲਾ ? ਕੌਣ ਹੈ ਉਸ ਦੀ ਰੱਤ ਨੂੰ ਚੂਸ ਕੇ ਪਿੰਜਰ ਨੂੰ ਰੋਗਾਂ ਰਾਹੀਂ ਮੌਤ ਦੇ ਮੂੰਹ ਵਿਚ ਸੁਟਵਾਉਣ ਵਾਲਾ ?" ਇਸ ਸਾਰੇ ਨਜ਼ਾਰੇ ਦਾ ਇਕ ਦਰਸ਼ਕ, ਵਿਚਾਰਦਾ ਰਿਹਾ। ਉਸ ਦਾ ਜੀਅ ਕੀਤਾ ਉਹ ਪੁਕਾਰ ਉੱਠੇ। ਉਹ ਅਮੀਏ ਨੂੰ ਹਲੂਣੇ ਤੇ ਪੂਰੋ ਨੂੰ ਸਮਝਾਵੇ, ਪਰ ਭਗਤ ਤੋਂ ਭਗਤ ਦੇ 'ਜਜਮਾਨ' ਉਸ ਨੂੰ ਉਥੇ ਹੀ ਵਿਛਾ ਦੇਣਗੇ। ਸੋ ਉਹ ਚੁੱਪ ਰਿਹਾ।

ਦੂਸਰੇ ਦਿਨ ਪੂਰੋ ਬਿਮਾਰ ਪੈ ਗਈ। ਪੈਸੇ ਜਾਰੋ 'ਤੇ ਖ਼ਰਚ ਹੋ ਚੁੱਕੇ ਸਨ। ਅਮੀਏ ਨੂੰ ਰੋਜ਼ ਦੀ ਰੋਟੀ ਲਈ ਵਹਿੰਗੀ ਲਾ ਕੇ ਜਾਣਾ ਪੈਂਦਾ ਸੀ। ਮਾਂ ਬਹੁਤੀ ਬਿਮਾਰ ਹੋ ਗਈ ਸੀ। ਦੁੱਧ ਦੀ ਥੁੜੋਂ ਨਵਾਂ ਨਿੱਕਾ ਵੀ ਚੱਲ ਵੱਸਿਆ। ਕੁਝ ਦਿਨਾਂ ਮਗਰੋਂ ਪੂਰੋ ਵੀ ਤੁਰ ਪਈ। ਉਸ ਦੇ ਖੱਫਣ ਲਈ ਤੇ ਲੱਕੜਾਂ ਲਈ ਗਲੀ ਵਿਚੋਂ ਚੰਦਾ ਇਕੱਠਾ ਕੀਤਾ ਗਿਆ।

ਉਸੇ ਰਾਤ ਜਦ ਕੋਈ ਲਾਗਲੇ ਖੂਹ ਤੋਂ ਪਾਣੀ ਦੀ ਬਾਲਟੀ ਲੈਣ ਵਾਸਤੇ ਗਿਆ ਤਾਂ ਉਸ ਨੂੰ ਪੂਰੋ ਦੀ ਕੋਠੜੀ ਵਿਚੋਂ ਰੋਣ ਦੀ ਆਵਾਜ਼ ਆਈ। ਝੀਤ ਵਿਚੋਂ ਰੌਸ਼ਨੀ ਆ ਰਹੀ ਸੀ। ਵਿਚੋਂ ਉਸ ਨੇ ਦੇਖਿਆ, ਅਮੀ ਚੰਦ ਮਿੱਟੀ ਦੇ ਦੀਵੇ ਦੀ ਧੂੰਆਂ ਛੱਡਦੀ ਲਾਟ ਅੱਗੇ ਕੀਰਨੇ ਪਾ ਰਿਹਾ ਸੀ, "ਲੈ ਲਿਆ ਈ ਮਾਤਾ ਰਾਣੀਏ, ਨੀ ਲਾਟਾਂ ਵਾਲੀਏ !"

ਇਹ ਅਮੀ ਚੰਦ ਦਾ ਮਹੀਨੇ ਦੇ ਅੰਦਰ ਅੰਦਰ ਦੂਜਾ ਜਗਰਾਤਾ ਸੀ।

ਰਜ਼ਾਈ

ਛੁੱਟੀ ਵੇਲੇ ਜਦ ਸਕੂਲ-ਮਾਸਟਰ ਸਕੂਲੋਂ ਬਾਹਰ ਨਿਕਲਦਾ ਤਾਂ ਉਹ ਮੁੰਡਿਆਂ ਦੇ ਇਕ ਹੜ੍ਹ ਵਿਚ ਹੁੰਦਾ। ਕਈ ਵਾਰੀ ਉਸ ਨੂੰ ਐਉਂ ਜਾਪਦਾ ਕਿ ਮੁੰਡਿਆਂ ਦੇ ਹੜ੍ਹ ਵਿਚ ਉਹ ਇਕ ਬੇੜੀ ਹੈ। ਅੱਜ ਉਸ ਸੋਚਿਆ ਜੇ ਮੁੰਡਿਆਂ ਦਾ ਪ੍ਰਵਾਹ ਸਦਾ ਇਵੇਂ ਨਾ ਚਲਦਾ ਰਹੇ ਤਾਂ ਉਸ ਦਾ ਜੀਵਨ ਵੀ ਸੁੱਕੇ ਦਰਿਆ ਦੇ ਰੇਤਲੇ ਕੰਢਿਆਂ 'ਤੇ ਫ਼ਜ਼ੂਲ ਪਈ ਬੇੜੀ ਵਾਂਗ ਨਿਕੰਮਾ ਹੋ ਕੇ ਰਹਿ ਜਾਏ। ਫਿਰ ਉਸ ਵਿਚਾਰਿਆ ਬੇੜੀ ਤਾਂ ਉਹ ਠੀਕ ਹੈ ! ਵਰ੍ਹੇ ਦੇ ਵਰ੍ਹੇ ਉਹ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਇਮਤਿਹਾਨਾਂ ਦੇ ਪੱਤਣ ਤੋਂ ਪਾਰ ਉਤਾਰਦਾ ਹੈ। ਉਸ ਦੀ ਸਮਝ ਵਿਚ ਨਾ ਆਇਆ ਕਿ ਵਿਦਿਆਰਥੀ ਜਲ-ਪ੍ਰਵਾਹ ਤੇ ਯਾਤ੍ਰੀਆਂ ਦਾ ਪੂਰ ਦੋਵੇਂ ਚੀਜ਼ਾਂ ਕਿਵੇਂ ਬਣ ਸਕਦੇ ਹਨ। ਆਖ਼ਰ ਪ੍ਰਵਾਹ ਤਾਂ ਕੋਈ ਚਲਦਾ ਹੀ ਸੀ, ਜਿਸ 'ਤੇ ਉਸ ਦੇ ਜੀਵਨ ਦੀ ਟੁੱਟੀ ਫੁੱਟੀ ਕਿਸ਼ਤੀ ਤਰ ਕੇ ਇਕ ਕੰਮ ਕਰੀ ਜਾ ਰਹੀ ਸੀ. ਭਾਵੇਂ ਔਖੇ ਤੋਂ ਔਖੇ ਹਿਸਾਬੀ ਸਵਾਲ ਮਿੰਟਾਂ ਵਿਚ ਕੱਢ ਲੈਣ ਵਾਲੀ ਉਸ ਦੀ ਸਮਝ ਉਸ ਅਦਿੱਖ ਪ੍ਰਵਾਹ ਨੂੰ ਸਮਝ ਸਕਣੋਂ ਅਸਮਰੱਥ ਸੀ।

ਮਾਸਟਰ ਨੇ ਸੁੱਤੇ ਸਿੱਧ ਕਈਆਂ ਵਾਕਫ਼ਾਂ ਦੀਆਂ ਸਲਾਮਾਂ ਦਾ ਜਵਾਬ ਹੱਥ ਜੋੜ ਕੇ ਦਿੱਤਾ। ਕਈਆਂ ਦੀ ਨਮਸਤੇ, ਸਤਿ ਸ੍ਰੀ ਅਕਾਲ, ਜੈ ਰਾਮ ਜੀ ਕੀ, ਝੁਕ ਝੁਕ ਕੇ ਸੂਦ ਸਮੇਤ ਮੋੜੀ। ਪਰ ਅੰਦਰੋਂ ਉਸ ਨੂੰ ਕੋਈ ਫ਼ਿਕਰ ਖਾਈ ਜਾ ਰਿਹਾ ਸੀ। ਬਾਜ਼ਾਰ ਵਿਚ ਤਾਂ ਉਹ ਮਸ਼ੀਨੀ ਹਰਕਤਾਂ ਕਰੀ ਤੁਰਿਆ ਜਾ ਰਿਹਾ ਸੀ। ਅਚਾਨਕ ਇਕ ਦੌੜੀ ਆਉਂਦੀ ਗਊ ਨੇ ਉਸ ਨੂੰ ਬਾਹਰਲੀ ਹੋਸ਼ ਵਿਚ ਆਂਦਾ। ਉਹ ਹੈਰਾਨ ਸੀ ਕਿ ਉਹ ਕਿਸੇ ਨਾਲ ਕਿਉਂ ਨਹੀ ਟਕਰਾਇਆ ਜਾਂ ਪਾਸੇ 'ਤੇ ਵਗਦੀ ਡੂੰਘੀ ਵਹਿਣੀ ਵਿਚ ਹੀ ਕਿਉਂ ਨਹੀਂ ਜਾ ਪਿਆ।

ਮੋੜ ਮੁੜਨ ਲੱਗਿਆਂ ਉਸ ਕਬਾੜੀਏ ਦੀ ਹੱਟੀ 'ਤੇ ਇਕ ਪੁਰਾਣੀ ਰਜ਼ਾਈ ਲਮਕਦੀ ਵੇਖੀ। ਅੰਦਰੋਂ ਕੰਬ ਕੇ ਉਸ ਇਧਰ ਉਧਰ ਵੇਖਿਆ। ਕਿਤੇ ਉਸ ਨੂੰ ਕਿਸੇ ਪੁਰਾਣੀ ਰਜ਼ਾਈ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦਿਆਂ ਨਾ ਵੇਖ ਲਿਆ ਹੋਵੇ। ਉਹ ਛੇਤੀ ਨਾਲ ਮੋੜ ਮੁੜ ਗਿਆ।

ਮਾਸਟਰ ਪੰਜਾਂ ਬੱਚਿਆਂ ਦਾ ਬਾਪ ਹੈ। ਅੱਜ ਕਲ੍ਹ ਉਹ ਇਨ੍ਹਾਂ ਨੂੰ ਪੰਜ ਗਲਤੀਆਂ ਕਹਿੰਦਾ ਹੈ। ਪੁਰਾਣੇ ਜਰਮਨੀ ਤੇ ਅੱਜ ਕਲ੍ਹ ਦੇ ਰੂਸ ਵਿਚ ਸ਼ਾਇਦ ਉਸ ਦੀ ਪਤਨੀ ਨੂੰ ਵੱਧ ਬੱਚੇ ਪੈਦਾ ਕਰਨ ਦਾ ਮੈਡਲ ਤੇ ਇਨਾਮ ਮਿਲਦਾ। ਉਹ ਸੋਚ ਰਿਹਾ ਸੀ ਕਿ ਕਿਵੇਂ ਹਾਲਾਤ ਗਲਤੀਆਂ ਨੂੰ ਦਰੁਸਤੀਆਂ ਤੇ ਦਰੁਸਤੀਆਂ ਨੂੰ ਗਲਤੀਆਂ ਬਣਾ ਦੇਂਦੇ ਹਨ। ਕਾਸ਼ ਕਿ ਹਾਲਾਤ ਸਾਰਿਆਂ ਦੇ ਕਾਬੂ ਵਿਚ ਹੁੰਦੇ ! ਹਾਲਾਤ ਦੀ ਕੁੰਜੀ

ਕੇਵਲ ਕੁਝ ਇਕ ਦੇ ਹੱਥ ਵਿਚ ਹੀ ਨਾ ਹੁੰਦੀ।

ਪਾਕਿਸਤਾਨੋਂ ਆਏ ਤਿੰਨ ਰਿਸ਼ਤੇਦਾਰ ਵੀ ਉਸ ਦੇ ਕੋਲ ਰਹਿੰਦੇ ਹਨ। ਕਦੇ ਉਨ੍ਹਾਂ ਨੇ ਵੀ ਇਸ ਦੀ ਔਖੇ ਵੇਲੇ ਮਦਦ ਕੀਤੀ ਸੀ, ਜਦੋਂ ਉਹ ਆਪ ਸੌਖੇ ਸਨ। ਮਾਸਟਰ ਦੀ ਤਨਖ਼ਾਹ ਹੁਣ ਸਭ ਕੁਝ ਪਾ ਕੇ ਇਕ ਸੌ ਸਾਢੇ ਸਤਾਈ ਰੁਪਏ ਹੈ। ਵੱਡੀ ਤਨਖ਼ਾਹ ਹੈ ! ਕੇਵਲ ਉਹ ਆਟਾ, ਜੋ ਉਸ ਨੂੰ ਸਹਾਇਤਾ ਦਿੱਤੀ ਜਾਣ ਵੇਲੇ ਦੋ ਰੁਪਏ ਤੇਰ੍ਹਾਂ ਆਨੇ ਮਣ ਵਿਕਦਾ ਸੀ, ਹੁਣ ਤੀਹ ਰੁਪਏ ਮਣ ਵਿਕਦਾ ਹੈ। ਪਰ ਮਾਸਟਰ ਦੀ ਤਨਖਾਹ ਤਾਂ ਮਾਕੂਲ ਹੈ। ਇਕ ਸੌ ਸਾਢੇ ਸਤਾਈ ਰੁਪਏ, ਪ੍ਰਾਵੀਡੈਂਟ ਫੰਡ ਕੱਟ ਕੇ। ਸੋ ਹੁਣ ਉਹ ਉਨ੍ਹਾਂ ਨੂੰ ਔਖੇ ਵੇਲੇ ਕਿਵੇਂ ਬਾਂਹ ਨਾ ਦਿੰਦਾ ? ਅਕ੍ਰਿਤਘਣ ਨਾ ਅਖਵਾਉਣ ਦਾ ਵੀ ਤਾਂ ਮੁੱਲ ਹੁੰਦਾ ਹੈ ਨਾ !

ਰਾਸ਼ਨ-ਡੀਪੋ ਤੇ ਕਈ ਲੋਕ ਖੜੇ ਸਨ, ਪਰ ਮਾਸਟਰ ਸਾਹਿਬ ਨੂੰ ਡੀਪੋ ਤੋਂ ਵੀ ਕੁਝ ਨਸੀਬ ਨਹੀਂ ਸੀ ਹੁੰਦਾ। ਮਾਸਟਰ ਸਾਹਿਬ ਦੀ ਤਨਖਾਹ ਇਕ ਸੌ ਸਾਢੇ ਸਤਾਈ ਰੁਪਏ ਹੈ। ਦੱਸੀ ਹੋਈ ਰਕਮ ਤੋਂ ਇਕ ਰੁਪਿਆ ਵਧ ਲੈਣ ਵਾਲਾ ਵੀ ਡੀਪੋ ਤੋਂ ਸਸਤਾ ਰਾਸ਼ਨ ਲੈਣ ਦਾ ਹੱਕਦਾਰ ਨਹੀਂ ਤੇ ਮਾਸਟਰ ਸਾਹਿਬ ਤਾਂ ਪੂਰੇ ਢਾਈ ਰੁਪਏ ਵੱਧ ਲੈਂਦੇ ਸਨ। ਉਸ ਦੇ ਸਾਥੀ ਕਿਰਾਏਦਾਰਾਂ ਵਿਚ ਇਕ ਬੈਂਕ ਕਲਰਕ ਵੀ ਸੀ। ਉਹ ਇਕ ਸੌ ਪੰਦਰਾਂ ਤਨਖ਼ਾਹ ਲੈਂਦਾ ਸੀ। ਉਸ ਦੀ ਵਹੁਟੀ ਤੇ ਉਹ, ਬਸ ਇਹ ਉਸ ਦਾ ਟੱਬਰ ਸੀ। ਉਸ ਨੂੰ ਡੀਪੋ ਤੋਂ ਸਸਤਾ ਰਾਸ਼ਨ ਮਿਲਦਾ ਸੀ। ਪਰ ਮਾਸਟਰ ਸਾਹਿਬ ਦਾ ਟੱਬਰ ਵੀ ਤਾਂ ਤਨਖਾਹ ਵਾਂਗ ਵੱਡਾ ਸੀ, ਇਸ ਲਈ ਉਹ ਕਿਸੇ ਰਿਆਇਤ ਦੇ ਹੱਕਦਾਰ ਨਹੀਂ ਸੀ।

ਮਾਸਟਰ ਨੇ ਵੇਖਿਆ ਉਸ ਤੋਂ ਕਈ ਗੁਣਾਂ ਵਧ ਹੈਸੀਅਤ ਵਾਲੇ ਡੀਪੋ ਤੋਂ ਰਾਸ਼ਨ ਲੈ ਰਹੇ ਸਨ। ਪਰ ਉਹ ਤਾਂ ਦੁਕਾਨਦਾਰ ਸਨ, ਕੋਈ ਨੌਕਰੀ-ਪੇਸ਼ਾ ਤਾਂ ਨਹੀਂ ਸਨ। ਵਿਚਾਰੀ ਗੌਰਮਿੰਟ ਕੋਲ ਵੀ ਤਾਂ ਉਨ੍ਹਾਂ ਦੀਆਂ ਆਪ ਲਿਖੀਆਂ ਵਹੀਆਂ ਤੋਂ ਸਿਵਾ ਆਮਦਨ ਮਾਪਣ ਦਾ ਕੋਈ ਜੰਤਰ ਨਹੀਂ ਸੀ। ਮਾਸਟਰ ਝੂਠ ਨਹੀਂ ਬੋਲ ਸਕਦਾ। ਉਸ ਨੂੰ ਸਾਰੇ ਭਲਾਮਾਣਸ ਕਹਿੰਦੇ ਹਨ। ਕਈ ਤਨਜ਼ ਨਾਲ ਵੀ, ਜਿਵੇਂ ਲੁਚਾ ਜਾਂ ਬੇਈਮਾਨ ਹੋਣਾ ਕੋਈ ਗੁਣ ਹੁੰਦਾ ਹੋਵੇ। ਮਾਸਟਰ ਕਾਨੂੰਨ ਦਾ ਪੱਕਾ ਪਾਬੰਦ ਹੈ। ਪੜ੍ਹੇ ਲਿਖੇ ਆਦਮੀ ਨੂੰ ਕਾਨੂੰਨ ਦੀ ਉਲੰਘਣਾ ਦੀ ਉਂਜ ਵੀ ਵੱਧ ਸਜ਼ਾ ਮਿਲ ਸਕਦੀ ਹੈ। ਮਾਸਟਰ ਨਾਲੇ ਦੇਸ਼-ਭਗਤ ਵੀ ਹੈ। ਆਪਣੇ ਜਾਂ ਆਪਣਿਆਂ ਦੇ ਕਾਰਨ ਉਹ ਦੇਸ਼ ਤੇ ਕੌਮ ਦਾ ਨੁਕਸਾਨ ਨਹੀਂ ਸਹਾਰ ਸਕਦਾ।

ਮਾਸਟਰ ਲੰਘ ਗਿਆ, ਸਭ ਕੁਝ ਵੇਖਦਾ। ਉਸ ਨੂੰ ਫੇਰ ਰਾਹ ਵਿਚ ਰਜ਼ਾਈ ਦਾ ਚੇਤਾ ਆਇਆ। ਨਵੀਂ ਰਜ਼ਾਈ ਲਈ ਘੱਟ ਤੋਂ ਘੱਟ ਵੀਹਾਂ ਰੁਪਿਆਂ ਦੀ ਲੋੜ ਹੈ। ਉਸ ਹਿਸਾਬ ਲਾਇਆ ਢਾਈ ਮਣ ਆਟਾ, ਤੀਹ ਦੂਣੀ ਸੱਠ ਤੇ ਪੰਦਰਾਂ — ਪੰਜੱਤਰ ਰੁਪਏ, ਘਿਓ ਬਨਾਸਪਤੀ ਬਾਰਾਂ ਰੁਪਏ, ਬਾਲਣ ਪੰਦ੍ਹਰਾਂ ਰੁਪਏ ਤੇ ਵੱਡੀ ਰਕਮ ਉਸ ਨੂੰ ਮਗਰੋਂ ਯਾਦ ਆਈ, ਕਰਾਇਆ ਤੀਹ ਰੁਪਏ, ਦੁੱਧ ਚਾਹ ਲਈ ਤੇਰ੍ਹਾਂ ਰੁਪਏ ਤੇ ਏਸੇ ਤਰ੍ਹਾਂ ਅੱਗੇ। ਕੁਲ ਜੋੜ ਇਕ ਸੌ ਛਿਆਸੀ ਰੁਪਏ। ਬਜਟ ਵਿਚ ਹਰ ਮਹੀਨੇ ਲਗਭਗ ਸੱਠ ਰੁਪਏ ਦਾ ਘਾਟਾ। ਉਸ ਨੂੰ ਬਜਟ ਬੈਲੰਸ ਕਰਨਾ ਚਾਹੀਦਾ ਹੈ। ਪਰ

ਉਸ ਨੂੰ ਗ੍ਰਹਿ-ਵਿਗਿਆਨ ਅਨੁਸਾਰ ਨਵੀਆਂ ਕਿਤਾਬਾਂ ਤੇ ਰਸਾਲਿਆਂ ਵਾਸਤੇ ਖ਼ਰਚੀ ਜਾ ਰਹੀ ਸੱਤ ਰੁਪਏ ਦੀ ਰਕਮ ਤੋਂ ਸਿਵਾ ਕੁਝ ਗੈਰ-ਜ਼ਰੂਰੀ ਨਾ ਲੱਭਾ। ਉਹ ਮਨ ਵਿਚ ਹੀ ਏਸ ਖ਼ਰਚ 'ਤੇ ਲੀਕ ਮਾਰਨ ਲੱਗਾ ਸੀ, ਪਰ ਉਸ ਨੂੰ ਜਾਪਿਆ ਕਿ ਇਹ ਖ਼ਰਚ ਉਸ ਦੀ ਖ਼ੁਰਾਕ 'ਤੇ ਹੋ ਰਹੇ ਖ਼ਰਚ ਤੋਂ ਵੀ ਵਧ ਜ਼ਰੂਰੀ ਹੈ। ਆਖ਼ਰ ਉਸ ਸੋਚਿਆ, ਮੈਂ ਹੈਡਮਾਸਟਰ ਸਾਹਿਬ ਦੀ ਆਗਿਆ ਨਾਲ ਇਕ ਟੀਊਸ਼ਨ ਰਖਾਂਗਾ। ਤੀਹਾਂ ਦੀ ਆਮਦਨ ਵ੍ਧ ਜਾਏਗੀ, ਤੀਹਾਂ ਦਾ ਖ਼ਰਚ ਘਟਾਵਾਂਗਾ, ਜਿਵੇਂ ਕਿਵੇਂ। ਪਰ ਰਜ਼ਾਈ ਲਈ ਵੀਹ ਰੁਪਏ ਕਿਥੋਂ ਆਉਣਗੇ : ਰਜ਼ਾਈ ਸਿਆਲ ਲਈ ਬੜੀ ਜ਼ਰੂਰੀ ਚੀਜ਼ ਹੈ। ਪ੍ਰਾਹੁਣਿਆਂ ਨੂੰ ਵੱਖੋ ਵੱਖ ਮੰਜਾ ਤੇ ਬਿਸਤਰਾ ਦੇਣਾ ਤਾਂ ਅਤਿ ਜ਼ਰੂਰੀ ਸੀ। ਤਿੰਨ ਲੜਕੀਆਂ ਇਕੱਠੀਆਂ ਸੌਂਦੀਆਂ ਸਨ, ਇਕੋ ਮੰਜੇ 'ਤੇ ਇਕੋ ਰਜ਼ਾਈ ਵਿਚ ਸੌਣ ਨਾਲ ਕੱਦ ਕੁਢੱਬੇ ਹੋ ਜਾਣਗੇ। ਕੁੜੀਆਂ ਦੇ ਕੱਦ-ਬੁੱਤ ਕੁਢੱਬੇ ਹੋ ਜਾਣ ਨਾਲ ਉਨ੍ਹਾਂ ਨੂੰ ਅੱਜ ਕੱਲ੍ਹ ਦੀ ਦੁਨੀਆ ਵਿਚ ਅੱਗੇ ਢੋਈ ਕੋਈ ਨਹੀਂ। ਕਲ੍ਹ ਉਸ ਨੇ ਆਪਣੀ ਘਰਵਾਲੀ ਨੂੰ ਉਨ੍ਹਾਂ ਵਿਚੋਂ ਵੱਡੀ ਨੂੰ ਵੱਖ ਸੁਆਣ ਲਈ ਕਿਹਾ ਸੀ।

"ਥੋੜ੍ਹੇ ਮੰਜੇ ਨੇ, ਕਲਾਸ਼ ? ਫੇਰ ਇਨ੍ਹਾਂ ਨੂੰ ਵੱਖੋ ਵੱਖਰਿਆਂ ਕਿਉਂ ਨਹੀਂ ਸੁਆਂਦੀ, ਤੂੰ ?"

ਕਲਾਸ਼ ਨੇ ਨਿਮਰਤਾ ਨਾਲ ਉੱਤਰ ਦਿੱਤਾ ਸੀ, "ਮੰਜਾ ਤਾਂ ਇਕ ਵਧ ਹੈ ਪਰ ਰਜ਼ਾਈ ਵਾਧੂ ਕੋਈ ਨਹੀਂ। ਹਾਲੀ ਤੇ ਬਿੱਲੂ ਵੀ ਮੇਰੇ ਨਾਲ ਸੌਂਦਾ ਜੇ।"

ਵੀਹਾਂ ਰੁਪਈਆਂ ਦੀ ਰਜ਼ਾਈ। ਅੱਗੇ ਹੀ ਬਜਟ ਵਿਚ ਘਾਟਾ ਹੈ। ਤੀਹਾਂ ਦੀ ਟੀਊਸ਼ਨ, ਤੀਹ ਖ਼ਰਚ ਵਿਚੋਂ ਘਟਾਉਣੇ ਹੀ ਪੈਣਗੇ। ਪਰ ਵੀਹ ਹੋਰ ਰਜ਼ਾਈ ਲਈ ਕਿਥੋਂ ਆਉਣਗੇ ? ਉਸ ਨੂੰ ਚੇਤਾ ਆਇਆ ਕਿ ਉਸ ਨੇ ਪਰਸੋਂ ਆਪਣੀਆਂ ਪੁਰਾਣੀਆਂ ਕਿਤਾਬਾਂ ਤੇ ਰੱਦੀ ਵੇਚ ਕੇ ਸੱਤ ਰੁਪਏ ਬਾਰ੍ਹਾਂ ਆਨੇ ਵੱਟੇ ਸਨ। ਪਰ ਰਜ਼ਾਈ ਲਈ ਵੀਹ ਰੁਪਏ ! ਉਹੋ ! ਕਬਾੜੀਏ ਤੋਂ ਪੁਰਾਣੀ ਰਜ਼ਾਈ। ਹਾਂ, ਠੀਕ ਹੈ, ਕੱਲ੍ਹ ਪੁੱਛਿਆ ਜਾਏਗਾ।

ਕਈ ਦਿਨ ਉਹ ਸਵੇਰ ਵੇਲੇ ਦਾਅ ਲਾਉਂਦਾ ਰਿਹਾ। ਦਿਨ ਵੇਲੇ ਉਸ ਦਾ ਕਬਾੜੀਏ ਤੋਂ ਮੁੜ ਪੁੱਛਣ ਦਾ ਹੀਆ ਨਾ ਪਿਆ। ਇਕ ਦਿਨ ਰਾਤ ਵੇਲੇ ਗਿਆ। ਬਾਜ਼ਾਰ ਬੰਦ ਸੀ। ਵਿਚਾਰਾ 'ਨੇਸ਼ਨ ਬਿਲਡਰ' -- ਕੌਮ ਦਾ ਉਸਤਾਦ, ਨਿਰਾਸ਼ ਮੁੜ ਆਇਆ। ਬਣਾਉਣ ਵਾਲਾ ਆਪ ਬਣਾਏ ਜਾਣ ਵਾਲਿਆਂ ਦੇ ਹੱਥੋਂ ਕੀ ਬਣ ਰਿਹਾ ਸੀ !

ਉਸ ਮੁੜ ਸੋਚਿਆ, ਆਖ਼ਰ ਸਵੇਰੇ ਹੀ ਦਾਅ-ਦੂ ਲਾ ਕੇ ਕੰਮ ਬਣੇਗਾ। ਕੰਮਬਖ਼ਤ ਰਜ਼ਾਈ ਵੀ ਸੀ ਕਿ ਜਿਸ ਨੂੰ ਕੋਈ ਖ਼ਰੀਦਦਾ ਹੀ ਨਹੀਂ ਸੀ। ਕਿਸੇ ਦੇ ਸਾਹਮਣੇ ਖ਼ਰੀਦਿਆਂ ਇੱਜ਼ਤ ਜਾਂਦੀ ਸੀ- ਉਸ ਦੀ ਨਹੀਂ ਤਾਂ ਉਸਤਾਦਾਂ ਦੀ ਸ਼੍ਰੇਣੀ ਦੀ ਤੇ ਨਾਲੇ ਕੌਮ ਦੀ। ਵਿਚਾਰਾ ਮਾਸਟਰ ਕੀ ਕਰ ਰਿਹਾ ਸੀ ? ਕਿਸ ਤੋਂ ਕੀ ਲੁਕਾ ਰਿਹਾ ਸੀ ? ਉਸ ਫਿਰ ਸੋਚਿਆ, ਉਹ 'ਇੱਜ਼ਤ' ਨੂੰ ਆਂਚ ਨਹੀਂ ਆਉਣ ਦੇਵੇਗਾ।

ਐਤਵਾਰ ਤੇ ਨਹੀਂ ਸੀ, ਪਰ ਛੁੱਟੀ ਦਾ ਦਿਨ ਸੀ। ਉਹ ਆਪਣੇ ਵੱਡੇ ਲੜਕੇ ਨੂੰ ਨਾਲ ਲੈ ਕੇ ਉਸ ਦੁਕਾਨ 'ਤੇ ਗਿਆ। ਰਜ਼ਾਈ ਬਦਸਤੂਰ ਉਥੇ ਹੀ ਪਈ ਸੀ। ਉਹ ਇਕੋ ਹੀ ਛੜੱਪਾ ਮਾਰ ਕੇ ਦੁਕਾਨ ਵਿਚ ਲੰਘ ਗਿਆ। ਸੱਤਾਂ ਰੁਪਈਆਂ 'ਤੇ

ਸੌਦਾ ਹੋ ਗਿਆ। ਰੁਪਏ ਦੇ ਕੇ ਉਹ ਛੇਤੀ ਵਾਪਸ ਨਿਕਲ ਆਇਆ। ਦਸ ਕਦਮ ਹੀ ਤੁਰਿਆ ਹੋਣਾ ਹੈ ਕਿ ਕਿਸੇ ਆਵਾਜ਼ ਦਿੱਤੀ, "ਮੁਰਦਿਆਂ ਤੋਂ ਲਾਹੀ ਰਜ਼ਾਈ ਖ਼ਰੀਦ ਲਈ ਜੇ ।"

ਉਸਤਾਦ ਤੋਂ ਮੁੜ ਕੇ ਦੇਖੇ ਬਗੈਰ ਨਾ ਰਿਹਾ ਗਿਆ। ਕਹਿਣ ਵਾਲਾ ਇਕ ਦਰਜ਼ੀ ਸੀ। ਲਾਗੇ ਹੀ ਮਾਸਟਰ ਦਾ ਇਕ ਸ਼ਗਿਰਦ ਸੀ ਜਿਸ ਅੱਜ ਤੋਂ ਉਸ ਦੇ ਘਰ ਟੀਊਸ਼ਨ ਪੜ੍ਹਨ ਆਇਆ ਕਰਨਾ ਸੀ। ਉਸ ਨੇ ਵੀ ਮਾਸਟਰ ਕੋਲ ਆ ਕੇ ਕਿਹਾ, "ਇਹ ਤੇ ਮੁਰਦਿਆਂ ਤੋਂ ਲਾਹੀਆਂ ਰਜ਼ਾਈਆਂ ਵੇਚਦਾ ਜੇ, ਮਾਸਟਰ ਜੀ।"

ਮਾਸਟਰ ਸੱਚ ਜਿਹਾ ਝੂਠ ਬੋਲਿਆ, "ਹਾਂ ਕਾਕਾ, ਪਰ ਕਿਸੇ ਲੋੜਵੰਦ ਦੀ ਲੋੜ ਤਾਂ ਪੂਰੀ ਹੋ ਜਾਏਗੀ।"

ਲਹਿਜਾ ਇਹੋ ਜਿਹਾ ਸੀ ਕਿ ਜਿਸ ਤੋਂ ਸ਼ੱਕ ਪੈ ਸਕਦਾ ਸੀ ਕਿ ਉਸ ਕਿਸੇ ਹੋਰ ਲਈ ਰਜ਼ਾਈ ਖ਼ਰੀਦੀ ਹੈ। ਆਖ਼ਰ ਜੇ ਇਹ ਝੂਠ ਵੀ ਸੀ ਤਾਂ ਧਰਮਰਾਜ ਯੁਧਿਸ਼ਟਰ ਦੇ ਬੋਲੇ ਝੂਠ ਤੋਂ ਭੈੜਾ ਨਹੀਂ ਸੀ।

ਸਾਰਾ ਦਿਨ ਰਜ਼ਾਈ ਧੁੱਪੇ ਪਈ ਰਹੀ। ਸ਼ਾਮ ਹੋ ਗਈ ਤਾਂ ਰਜ਼ਾਈ ਕਮਰੇ ਵਿਚ ਲਿਆਂਦੀ ਗਈ। ਦੀਵੇ ਜਗਣ ਮਗਰੋਂ ਉਹ ਮੁੰਡਾ ਪੜ੍ਹਨ ਆ ਗਿਆ। ਉਸ ਰਜ਼ਾਈ ਨੂੰ ਪਈ ਵੇਖ ਕੇ ਨਮਸਤੇ ਕਹਿਣ ਤੋਂ ਮਗਰੋਂ ਪੁੱਛਿਆ, "ਕਿਉਂ ਮਾਸਟਰ ਜੀ, ਇਹ ਉਹੋ ਰਜ਼ਾਈ ਜੇ ਨਾ ?"

ਮਾਸਟਰ ਜੀ ਵਿਚ ਦੂਜੀ ਵਾਰੀ ਝੂਠ ਬੋਲਣ ਦੀ ਸਮਰਥਾ ਨਾ ਰਹੀ। ਉਸ ਕਿਹਾ, "ਉਹੋ ਹੀ ਹੈ, ਕਾਕਾ, ਪਰ ਮੈਂ ਅੱਜ ਤੈਨੂੰ ਪੜ੍ਹਾ ਨਹੀਂ ਸਕਾਂਗਾ, ਮੇਰਾ ਚਿੱਤ ਖ਼ਰਾਬ ਹੈ, ਤੂੰ ਕੱਲ੍ਹ ਆਵੀਂ।"

ਸੱਚ ਮੁੱਚ ਉਸ ਦਾ ਚਿੱਤ ਖ਼ਰਾਬ ਸੀ। ਮੁੰਡਾ ਵਾਪਸ ਮੁੜ ਗਿਆ।

ਮਾਸਟਰ ਨੇ ਰਸੋਈ ਵਿਚ ਕੰਮ ਕਰਦੀ ਘਰ ਵਾਲੀ ਨੂੰ ਮੁਰਦਿਆਂ ਤੋਂ ਲਾਹੀ ਰਜ਼ਾਈ ਵੱਲ ਇਸ਼ਾਰਾ ਕਰਦਿਆਂ ਕਿਹਾ, "ਕਲਾਸ਼, 'ਨਵੀਂ ਰਜ਼ਾਈ' ਮੈਨੂੰ ਦੇ ਦੇ। ਮੇਰੇ ਵਾਲੀ ਪਹਿਲੀ ਰਜ਼ਾਈ ਕੁੜੀਆਂ 'ਤੇ ਦੇਵੀਂ। ਹਾਂ, ਸੱਚ ਗੋਮਤੀ ਨੂੰ ਵੱਖ ਸਵਾਈਂ।"

"ਕਿਉਂ ਤੁਸੀਂ ਰੋਟੀ ਨਹੀਂ ਖਾਣੀ ?" ਕਲਾਸ਼ ਨੇ ਉਹ ਰਜ਼ਾਈ ਪੈਰਾਂ ਉਤੇ ਸੁੱਟਦਿਆਂ ਕਿਹਾ।

"ਨਹੀਂ", ਮਾਸਟਰ ਨੇ ਆਖਿਆ ਤੇ ਰਜ਼ਾਈ ਆਪਣੇ ਉਤੇ ਖਿੱਚ ਲਈ। ਤੇ ਕਿੰਨਾ ਚਿਰ ਉਹ ਸੋਚਦਾ ਰਿਹਾ ਕਿ ਕੌਣ ਮੁਰਦਿਆਂ ਤੋਂ ਰਜ਼ਾਈ ਲਾਹ ਲੈਂਦਾ ਹੈ ਤੇ ਕੌਣ ਜੀਉਂਦਿਆਂ ਤੋਂ, ਉਹ ਬੜਾ ਬੇਚੈਨ ਸੀ।

ਭੀਸ਼ਮ ਤਪੱਸਿਆ

1

ਪੁਰਾਣੀ ਹੋ ਚੁੱਕੀ ਨਵੀਂ ਆਬਾਦੀ ਦੇ ਬਾਜ਼ਾਰ ਨੰਬਰ ਚਾਰ ਵਿਚ ਅੱਜ ਸਵੇਰੇ ਇਕ ਭੀੜ ਲੱਗੀ ਹੋਈ ਸੀ। ਇਕੋ ਨਜ਼ਰ ਨਾਲ ਵੇਖਿਆਂ ਪਤਾ ਲੱਗ ਜਾਂਦਾ ਸੀ ਕਿ ਗਲੀ ਦੇ ਵੱਡੇ ਬਜ਼ੁਰਗ ਇਕੱਠੇ ਹੋਏ ਹੋਏ ਹਨ। ਇਸ ਬਾਜ਼ਾਰ ਨੂੰ ਗਲੀ ਕਹਿਣਾ ਹੀ ਚੰਗਾ ਹੋਵੇਗਾ, ਕਿਉਂਕਿ ਇਸ ਵਿਚ ਕੋਈ ਦੁਕਾਨ ਨਹੀਂ ਸੀ! ਕੇਵਲ ਰਿਹਾਇਸ਼ੀ ਮਕਾਨ ਸਨ, ਜੋ ਘਰਾਂ ਤੇ ਕੋਠੀਆਂ ਦੇ ਵਿਚਕਾਰੇ ਦਾ ਮੇਲ ਸਨ। ਬਾਜ਼ਾਰ ਦੇ ਬੂਹੇ ਨਾਲ ਹੀ ਸੱਜੇ ਪਾਸੇ ਵਾਲੀ ਇਮਾਰਤ ਇਕ-ਮੰਜ਼ਲੀ ਕੋਠੀ ਸੀ। ਕੋਠੀ ਦੇ ਦੁਆਲੇ ਆਦਮੀ ਤੋਂ ਉੱਚੀ ਕੰਧ ਸੀ ਅਤੇ ਕੰਧ ਤੇ ਕੋਠੀ ਦੇ ਦਵਾਲੇ ਸਜਾਵਟੀ ਫੁੱਲ ਬੂਟੇ ਲੱਗੇ ਹੋਏ ਸਨ। ਰਸਤਾ ਬਾਜ਼ਾਰ ਨੰਬਰ ਚਾਰ ਵਿਚ ਨਹੀਂ, ਸਗੋਂ ਵੱਡੀ ਸੜਕ ਵਲੋਂ ਸੀ। ਦਰਵਾਜ਼ੇ ਤੋਂ ਕੋਠੀ ਦੇ ਵਰਾਂਡੇ ਦੀਆਂ ਪੌੜੀਆਂ ਤਕ ਇਕ ਰਵਸ਼ ਘਾਹ ਦੇ ਛੋਟੇ ਜਹੇ ਪਲਾਟ ਵਿਚੋਂ ਲੰਘ ਕੇ ਜਾਂਦੀ ਸੀ। ਵੱਡੇ ਬਜ਼ੁਰਗ ਹੌਲੀ ਹੌਲੀ ਗੱਲਾਂ ਕਰ ਰਹੇ ਸਨ। ਇਸ਼ਾਰੇ ਤੇ ਨਜ਼ਰਾਂ ਇਸ ਕੋਠੀ ਵਲ ਉੱਠਦੀਆਂ ਸਨ। ਜੇ ਕੋਈ ਮੁੰਡਾ ਬਜ਼ੁਰਗਾਂ ਦੇ ਲਾਗੇ ਖਲੋਣ ਦਾ ਹੀਆ ਕਰਦਾ ਤਾਂ ਉਸ ਨੂੰ 'ਚੱਲ ਚੱਲ ਓਏ ! ਕੀ ਐ ਏਥੇ ?' ਆਖ ਕੇ ਦੁੜਾ ਦਿੱਤਾ ਜਾਂਦਾ। ਤੀਵੀਆਂ ਦੇ ਲੰਘਦਿਆਂ ਗੱਲਾਂ ਹੌਲੀ ਹੋ ਜਾਂਦੀਆਂ।

ਮਿਸਟਰ ਪ੍ਰੇਮ ਪ੍ਰਕਾਸ਼ ਸਦਾ ਵਾਂਗ ਖੱਦਰ ਦੇ ਕਪੜੇ ਪਾਈ ਸੈਰ ਤੋਂ ਮੁੜ ਰਿਹਾ ਸੀ। ਬਿਨਾਂ ਗੌਲਿਆਂ ਉਹ ਲਾਗੋਂ ਦੀ ਲੰਘ ਤੁਰਿਆ। ਲਾਲਾ ਬ੍ਰਿਜ ਮੋਹਨ ਨੇ ਸਰਦਾਰ ਮਹਿਤਾਬ ਸਿੰਘ ਨੂੰ ਕਿਹਾ, "ਬਾਬੂ ਪ੍ਰੇਮ ਪ੍ਰਕਾਸ਼ ਤੋਂ ਤੇ ਸਲਾਹ ਲੈ ਲਓ।"

"ਹਾਂ, ਹਾਂ" ਹਾਜੀ ਸਾਹਿਬ ਨੇ ਦਾੜ੍ਹੀ ਨੂੰ ਹੱਥ ਵਿਚ ਫੜ ਕੇ ਕਿਹਾ। "ਬਾਬੂ ਸਾਹਿਬ ਨਾਲ ਜ਼ਰੂਰ ਮਸ਼ਵਰਾ ਕਰਨਾ ਚਾਹੀਦਾ ਹੈ। ਉਹ ਸਾਡੀ ਇਸ ਕੰਮ ਵਿਚ ਮਦਦ ਵੀ ਕਰ ਸਕਣਗੇ।"

ਪੰਡਤ ਰਾਮ ਲਾਲ ਨੇ ਹੋਰ ਕਿਸੇ ਦੀ ਸਲਾਹ ਲੈਣ ਤੋਂ ਪਹਿਲੋਂ ਹੀ 'ਜਨਾਬ ਪ੍ਰੇਮ ਪ੍ਰਕਾਸ਼ ਸਾਹਿਬ' ਕਹਿ ਕੇ ਆਵਾਜ਼ ਮਾਰ ਦਿੱਤੀ। ਇਸ ਤੋਂ ਪਹਿਲੋਂ ਕਿ ਪ੍ਰੇਮ ਪ੍ਰਕਾਸ਼ ਹੋਰੀਂ ਪਰਤਣ, ਗੋਲਾਮ ਮੁਹੰਮਦ ਪਟੇ-ਫਰੋਸ਼ ਨੇ ਕਿਹਾ, "ਕਿਹਾ ਨੇਕ ਬੰਦਾ ਹੈ, ਬਗੈਰ ਸ਼ਾਦੀ-ਸ਼ੁਦਾ ਔਰ ਇਹੋ ਜਿਹਾ ਸ਼ਰੀਫ !" ਰੀਟਾਇਰਡ ਇੰਸਪੈਕਟਰ ਪਾਲ ਸਿੰਘ ਹੋਰੀਂ ਕਹਿਣ ਲੱਗੇ, "ਭਲੇਮਾਣਸ ਦੀ ਕਿਸੇ ਨੂੰ ਸ਼ਿਕਾਇਤ ਨਹੀਂ ਹੁੰਦੀ। ਨਹੀਂ ਤੇ ਅਸੀਂ ਇਸ ਛੜੇ ਨੌਜਵਾਨ ਦੇ ਗੁਆਂਢ ਕਿੱਦਾਂ ਰਹਿ ਸਕਦੇ !"

ਪ੍ਰੇਮ ਪ੍ਰਕਾਸ਼ ਦੇ ਪਾਸ ਪਹੁੰਚਣ 'ਤੇ ਹਾਜੀ ਸਾਹਿਬ ਨੇ 'ਸਲਾਮ' ਅਰਜ਼ ਕੀਤੀ,

ਅਤੇ ਕਿਸੇ 'ਰਾਮ ਰਾਮ' ਤੇ ਕਿਸੇ 'ਸਤਿ ਸ੍ਰੀ ਅਕਾਲ' ਆਖਿਆ। ਹਾਜੀ ਸਾਹਿਬ ਨੇ ਹੀ ਪਹਿਲੋਂ ਗੱਲ ਛੇੜੀ – "ਜਨਾਬ ਐਡੀਟਰ ਸਾਹਿਬ, ਇਕ ਜ਼ਰੂਰੀ ਮਸਲੇ 'ਤੇ ਆਪ ਤੋਂ ਮਸ਼ਵਰਾ ਲੈਣਾ ਸੀ।"

"ਮੇਰੇ ਕੋਲੋਂ ? ਮੈਂ, ਹਾਜੀ ਸਾਹਿਬ, ਕਿਸ ਕਾਬਿਲ ਹਾਂ। ਆਓ ਫੇਰ ਬੈਠਕ ਵਿਚ ਤਸ਼ਰੀਫ਼ ਲੈ ਚੱਲੋ।"

"ਹਾਂ, ਹਾਂ", ਝੁਕੀ ਕ਼ਮਰ ਵਾਲੇ ਲਛਮਣ ਦਾਸ ਨੇ ਕਿਹਾ, "ਭੇਦ ਵਾਲੀ ਗੱਲ ਬੈਠ ਕੇ ਹੀ ਕਰਨੀ ਚਾਹੀਦੀ ਹੈ।"

ਬਸ ਸਾਰੇ ਪ੍ਰੇਮ ਪ੍ਰਕਾਸ਼ ਦੇ ਮਗਰ ਤੁਰ ਪਏ। ਪ੍ਰੇਮ ਪ੍ਰਕਾਸ਼ ਨੇ ਆਪਣੇ ਨੌਕਰ ਨੂੰ ਬੈਠਕ ਖੋਲ੍ਹ ਦੇਣ ਲਈ ਕਿਹਾ। ਬੈਠਕ ਵਿਚ ਇਕ ਸਾਦਾ ਦਰੀ ਵਿਛੀ ਹੋਈ ਸੀ। ਵਿਚਕਾਰ ਇਕ ਫ਼ਰਸ਼ੀ ਡੈਸਕ ਸੀ, ਜਿਸ 'ਤੇ ਇਕ ਕਲਮਦਾਨ ਪਿਆ ਸੀ। ਪਿੱਛੇ ਇਕ ਗੱਦੀ ਸੀ। ਦੋ ਤਿੰਨ ਗਾਉ ਤਕੀਏ ਉਧਰ ਕੰਧਾਂ ਨਾਲ ਪਏ ਸਨ। ਸਾਰੇ ਬਾਹਰ ਜੁੱਤੀਆਂ ਲਾਹ ਕੇ ਅੰਦਰ ਦਾਖ਼ਲ ਹੋਏ। ਪ੍ਰੇਮ ਪ੍ਰਕਾਸ਼ ਹੋਰੀਂ ਵੀ ਤਦ ਤਕ ਅੰਦਰ ਕਮਰੇ ਵਿਚੋਂ ਹੋ ਕੇ ਮੁੜ ਆਏ।

ਆਪਣੇ ਆਸਣ 'ਤੇ ਜੰਮ ਕੇ ਉਨ੍ਹਾਂ ਪੁੱਛਿਆ, "ਦੱਸੋ ਬਜ਼ੁਰਗੋ, ਕੀ ਹੁਕਮ ਹੈ ?"

ਲਾਲਾ ਬ੍ਰਿਜ ਮੋਹਨ ਨੇ ਕਿਹਾ, "ਸਰਦਾਰ ਮਹਿਤਾਬ ਸਿੰਘ ਜੀ, ਤੁਸੀਂ ਗੱਲ ਸਮਝਾ ਸਕਦੇ ਹੋ ਨਾ ?"

"ਨਹੀਂ ਜੀ, ਹਾਜੀ ਸਾਹਿਬ ਪੂਰੀ ਤਰ੍ਹਾਂ ਸਮਝਾ ਸਕਦੇ ਨੇ", ਮਹਿਤਾਬ ਸਿੰਘ ਨੇ ਆਪਣੀ ਕਰੜ-ਬਰੜੀ ਖੁੱਲ੍ਹੀ ਦਾੜ੍ਹੀ ਤੇ ਮੁੱਛਾਂ ਸਵਾਰਦਿਆਂ ਆਖਿਆ।

ਹਾਜੀ ਸਾਹਿਬ ਨੇ ਮੋੜ ਕੇ ਗੱਲ ਉਥੇ ਹੀ ਲਿਆਉਂਦਿਆਂ ਕਿਹਾ, "ਨਹੀਂ ਸਰਦਾਰ ਸਾਹਿਬ, ਲਾਲਾ ਸਾਹਿਬ ਨੂੰ ਉਸ ਦਾ ਪੂਰਾ ਹਾਲ ਪਤਾ ਹੈ, ਉਹੋ ਬਿਆਨ ਕਰਨਗੇ।"

ਸਾਰਿਆਂ ਦੇ 'ਹਾਂ-ਹਾਂ' ਕਰਨ 'ਤੇ ਬ੍ਰਿਜ ਮੋਹਨ ਹੋਰਾਂ ਗੱਲ ਸ਼ੁਰੂ ਕੀਤੀ, "ਐਡੀਟਰ ਸਾਹਿਬ, ਨੁੱਕਰ ਵਾਲੀ ਕੋਠੀ ਤੁਸਾਂ ਦੇਖੀ ਹੋਈ ਹੈ ਨਾ- ਨੰਬਰ ਇਕ ਵਾਲੀ ?"

ਪ੍ਰੇਮ ਪ੍ਰਕਾਸ਼ ਨੇ ਕਿਹਾ, "ਬਾਹਰੋਂ ਬਾਹਰੋਂ !"

"ਹਾਂ, ਹਾਂ, ਬਾਹਰੋਂ ਬਾਹਰੋਂ ਹੀ।" ਤੇ ਮੁੜ ਆਖਿਆ, "ਉਸ ਵਿਚਲੇ ਕਰਾਏਦਾਰਾਂ ਨੂੰ ਤੇ ਤੁਸੀਂ ਜਾਣਦੇ ਹੋਵੋਗੇ ?"

"ਨਹੀਂ, ਹਾਂ, ਉਸ ਵਿਚੋਂ ਇਕ ਖੱਦਰ-ਪੋਸ਼ ਇਸਤਰੀ ਨੂੰ ਬੱਚਾ-ਗੱਡੀ ਵਿਚ ਇਕ ਬੱਚੇ ਨੂੰ ਲੈ ਕੇ ਨਿਕਲਦਿਆਂ ਦੇਖਦਾ ਹਾਂ। ਕਦੇ ਕਦੇ ਉਹ ਸ਼ਾਮ ਨੂੰ ਗੋਲ ਬਾਗ਼ ਲਾਗੇ ਬੱਚੇ ਨੂੰ ਖਿਡਾ ਰਹੀ ਹੁੰਦੀ ਹੈ। ਸ਼ਾਇਦ ਮਾਂ ਗਇਆ ਹੈ।"

"ਨਹੀਂ ਸਾਹਿਬ, ਓਹੋ ਹੀ ਕਿਰਾਏਦਾਰ੍ਹ ਹੈ। ਸਾਰੀ ਕੋਠੀ ਦਾ ਸੱਠ ਰੁਪਏ ਕਿਰਾਇਆ ਭਰਦੀ ਹੈ। ਕਹਿੰਦੇ ਨੇ ਬੇਵਾ ਹੈ। ਬੱਚਾ ਖ਼ੁਦ ਉਸ ਦਾ ਹੀ ਹੈ। ਸਿਵਾਏ ਇਕ ਨੌਕਰਾਣੀ ਦੇ ਉਸ ਦਾ ਕੋਈ ਸਾਥੀ ਨਹੀਂ", ਹਾਜੀ ਸਾਹਿਬ ਬੋਲੇ।

"ਉਹ ਬੱਚੇ ਦੀ ਮਾਂ ਨਹੀਂ ਲੱਗਦੀ", ਮਿਸਟਰ ਪ੍ਰੇਮ ਪ੍ਰਕਾਸ਼ ਨੇ ਕਿਹਾ।

"ਕਮਬਖ਼ਤ ਨੇ ਸ਼ਕਲ ਹੀ ਐਸੀ ਪਾਈ ਹੈ", ਲਲਚਾਈਆਂ ਹੋਈਆਂ ਅੱਖਾਂ ਦੇ

ਡੇਲੇ ਭਵਾਉਂਦਿਆਂ ਗੁਲਾਮ ਮੁਹੰਮਦ ਪਟੇ-ਫਰੋਸ਼ ਨੇ ਆਖਿਆ।

"ਤੇ ਉਮਰ ਵਿਚ ਵੀ ਕੋਈ ਬਹੁਤ ਵੱਡੀ ਨਹੀਂ", ਇੰਸਪੈਕਟਰ ਸਾਹਿਬ ਨੇ ਆਖਿਆ, "ਇਹੋ ਕੋਈ ਬਾਈ ਪੱਚੀ ਦੇ ਦਰਮਿਆਨ ਹੋਏਗੀ।"

"ਖੂਬਸੂਰਤ ਵੀ ਤਾਂ ਹਵਾ ਨੂੰ ਭਰਮਾਉਣ ਵਾਲੇ ਸੱਪ ਵਰਗੀ ਹੈ, ਜ਼ਾਲਮ", ਹਾਜੀ ਸਾਹਿਬ ਨੇ ਸ਼ਰੱਈ ਮੁੱਛਾਂ ਦੇ ਹੇਠ ਦਿਸਦੇ ਉਪਰਲੇ ਬੁੱਲ੍ਹ 'ਤੇ ਜ਼ੀਭ ਫੇਰਨ ਮਗਰੋਂ ਆਖਿਆ।

"ਹਾਂ ਤੇ ਫੇਰ ਗੱਲ ਕੀ ਹੈ ? ਲਾਲਾ ਸਾਹਿਬ ਜ਼ਰਾ ਛੇਤੀ ਮੁਕਾਓ, ਮੇਰੀ ਡਿਊਟੀ ਜ਼ਰਾ ਅੱਜ ਜਲਦੀ ਲੱਗੀ ਹੈ, ਮੈਂ ਜਾਣਾ ਹੋਵੇਗਾ, ਮੁਆਫ਼ ਕਰਨਾ..."

"ਉਹ ਜੀ, ਵਿਭਚਾਰਨ ਹੈ ਤੇ ਆਸ ਪਾਸ ਦੇ ਘਰਾਂ 'ਤੇ ਉਸ ਦਾ ਅਸਰ ਪੈਣ ਦਾ ਡਰ ਹੈ", ਲਾਲਾ ਬ੍ਰਿਜ ਮੋਹਨ ਨੇ ਦੱਸਿਆ।

ਪ੍ਰੇਮ ਪ੍ਰਕਾਸ਼ ਨੇ ਵੇਖਿਆ ਕਿ ਐਨ ਉਸ ਦੇ ਆਸ ਪਾਸ ਦੇ ਘਰ ਵਾਲਿਆਂ ਵਿਚੋਂ ਕੋਈ ਉਥੇ ਨਹੀਂ ਸੀ।

"ਤਾਂ ਫੇਰ ਮੈਨੂੰ ਕੀ ਹੁਕਮ ਹੈ ?"

"ਇਹੋ ਈ ਕਿ ਜਦ ਤਕ ਅਸੀਂ ਹੋਰ ਕੋਈ ਇੰਤਜ਼ਾਮ ਕਰੀਏ, ਤੁਸੀਂ ਅਖ਼ਬਾਰ ਵਿਚ ਇਸ ਕੇ ਮੁਤੱਲਕ ਲਿਖ ਦੇਵੋ।"

"ਏਹੋ ਈ, ਏਹੋ ਈ। ਰੱਬ ਤੁਹਾਡੀ ਉਮਰ ਦਰਾਜ਼ ਕਰੇ। ਨੇਕੀ ਦਾ ਇਵਜ਼ ਖੁਦਾ ਸੱਤਰ ਗੁਣਾਂ ਜ਼ਿਆਦਾ ਬਖਸ਼ਦਾ ਹੈ", ਹਾਜੀ ਸਾਹਿਬ ਨੇ ਕਿਹਾ।

"ਦਰਅਸਲ", ਮਿਸਟਰ ਪ੍ਰੇਮ ਨੇ ਕਿਹਾ, "ਮੈਂ ਉਸ ਦੇ ਮੁਤੱਲਕ ਕੁਝ ਨਹੀਂ ਜਾਣਦਾ ਅਤੇ ਜਦ ਤਕ ਮੈਨੂੰ ਪਤਾ ਨਾ ਲੱਗ ਜਾਏ ਮੈਂ ਕੁਝ ਨਹੀਂ ਕਰ ਸਕਾਂਗਾ। ਇਹ ਅਖ਼ਬਾਰ ਨਵੀਸ ਦੀ ਜ਼ਿੰਮੇਵਾਰੀ ਦਾ ਸਵਾਲ ਹੈ, ਹਾਜੀ ਸਾਹਿਬ !"

ਪੰਡਤ ਰਾਮ ਲਾਲ ਨੇ ਕਿਹਾ, "ਮਹਾਸ਼ਯ, ਅਸੀਂ ਸਾਰੇ ਕੀ ਝੂਠ ਬੋਲਦੇ ਹਾਂ ? ਸਾਡੇ 'ਤੇ ਵਿਸ਼ਵਾਸ ਨਹੀਂ ?"

"ਕਿਉਂ ਨਹੀਂ", ਪ੍ਰੇਮ ਪ੍ਰਕਾਸ਼ ਨੇ ਉੱਤਰ ਵਿਚ ਕਿਹਾ, "ਪਰ ਫੇਰ ਵੀ ਇਕ ਦੋ ਦਿਨ ਮਿਲਣੇ ਚਾਹੀਦੇ ਹਨ।"

ਭਾਵੇਂ ਪ੍ਰੇਮ ਪ੍ਰਕਾਸ਼ ਨੇ ਚਾਹ ਦੀ ਦਾਹਵਤ ਦਿਤੀ, ਪਰ ਸਾਰੇ ਧੰਨਵਾਦ ਕਰ ਕੇ ਨੋਂਹ ਕਰਦੇ ਚਲੇ ਗਏ ਤੇ ਪ੍ਰੇਮ ਪ੍ਰਕਾਸ਼ ਦਫ਼ਤਰ ਲਈ ਤਿਆਰ ਹੋਇਆ।

2

ਪ੍ਰੇਮ ਪ੍ਰਕਾਸ਼ ਐਡੀਟਰ ਨਹੀਂ ਸੀ। ਉਹ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਦੇ ਤਿੰਨ ਅਸਿਸਟੈਂਟ ਐਡੀਟਰਾਂ ਦੇ ਸਟਾਫ਼ ਵਿਚੋਂ ਇਕ ਸੀ। ਪਿਤਾ-ਮਾਤਾ ਦੀ ਉਸ ਨੂੰ ਹੋਸ਼ ਵੀ ਨਹੀਂ ਸੀ। ਯਤੀਮਖਾਨੇ ਵਿਚੋਂ ਪਲ ਕੇ, ਡੀ.ਏ.ਵੀ. ਕਾਲਜ ਵਿਚ ਪੜ੍ਹ ਕੇ ਪ੍ਰਵਾਨ ਚੜ੍ਹਿਆ ਸੀ ਅਤੇ ਆਪਣੀ ਮਿਹਨਤ ਨਾਲ ਅੱਗੇ ਵਧਿਆ ਸੀ। ਉਮਰ ਕੀ ਸੀ, ਮਸੀਂ ਤੀਹ ਸਾਲ। ਚੰਗੇ ਪੈਸੇ ਜੋੜ ਲਏ ਸਨ, ਪਰ ਵਿਆਹ ਦਾ ਖ਼ਿਆਲ ਹੁੰਦਿਆਂ ਵੀ ਉਸ ਹਾਲੀ ਤਕ

ਵਿਆਹ ਨਹੀਂ ਸੀ ਕੀਤਾ। ਕਾਂਗਰਸ ਦਾ ਵਰਕਰ ਹੋਣ ਕਰਕੇ ਉਸ ਨੂੰ ਖ਼ਿਆਲ ਸੀ ਕਿ ਸ਼ਾਇਦ ਕੋਈ ਕੁਰਬਾਨੀ ਦੇਣ ਦਾ ਦਿਨ ਆ ਜਾਏ।

ਉਸ ਦਿਨ ਕੰਮ 'ਤੇ ਜਾ ਕੇ ਉਹ ਟਿਕ ਕੇ ਕੰਮ ਨਾ ਕਰ ਸਕਿਆ। ਬੁੱਢਿਆਂ ਦੀਆਂ ਗੱਲਾਂ ਦਾ ਉਸ ਨੂੰ ਵਿਸ਼ਵਾਸ ਨਹੀਂ ਸੀ ਆਉਂਦਾ। ਉਸ ਨੂੰ ਚੇਤਾ ਆਇਆ ਕਿ ਇਕ ਦਿਨ ਮਾਲ 'ਤੇ ਐਕਸੀਡੈਂਟ ਹੋ ਗਿਆ ਸੀ। ਭੀੜ ਚੀਰ ਕੇ ਜਦੋਂ ਉਹ ਅੱਗੇ ਗਿਆ ਤਾਂ ਉਸ ਨੇ ਏਸੇ ਇਸਤ੍ਰੀ ਨੂੰ ਆਪਣੀ ਸਾੜ੍ਹੀ ਪਾੜ ਕੇ ਇਕ ਬੁੱਢੇ ਦੀ ਪਹਿਲੀ ਸਹਾਇਤਾ ਕਰਦਿਆਂ ਵੇਖਿਆ ਸੀ। ਬੁੱਢੇ ਨੇ ਅਸੀਸ ਦਿਤੀ ਸੀ, 'ਬੱਚੀ ਤੇਰਾ ਸੁਹਾਗ ਕੈਮ !' ਤਾਂ ਉਹ ਮੁਰਝਾ ਜਹੀ ਗਈ ਸੀ। ਫੇਰ ਵੀ ਉਸ ਦੇ ਤਿੰਨ ਬੰਦਿਆਂ ਤੋਂ ਬੁੱਢੇ ਨੂੰ ਚੁਕਵਾ ਕੇ ਲਾਗਲੇ ਹਸਪਤਾਲ ਪੁਚਵਾ ਦਿਤਾ ਸੀ। ਫੇਰ ਉਹ ਖੱਦਰ ਪਾਉਂਦੀ ਸੀ। ਕਦੇ ਸ਼ਾਨ-ਸ਼ੌਕਤ ਵਾਲੀ ਪੁਸ਼ਾਕ ਉਸ ਦੇ ਤਨ 'ਤੇ ਨਹੀਂ ਵੇਖੀ ਗਈ ਸੀ। ਉਹ ਆਪਣੀ ਨੋਟਸ ਵਾਲੀ ਚਿੱਟ ਲਿਖਦਾ ਲਿਖਦਾ ਰੁਕ ਗਿਆ। ਚਪੜਾਸੀ ਨੇ ਆ ਕੇ ਪੁੱਛਿਆ, 'ਸਾਹਿਬ, ਨੋਟਸ ਰੈਡੀ ?' ਉਸ ਨੇ ਛੇਤੀ ਛੇਤੀ ਨੋਟਸ ਝਰੀਟਣੇ ਸ਼ੁਰੂ ਕੀਤੇ। ਕਦੇ ਉਸ ਦੇ ਅੱਖਰਾਂ ਵਿਚੋਂ ਉਸ ਸੁੰਦਰੀ ਦਾ ਚਿਹਰਾ ਉਸ ਨੂੰ ਦਿਸ ਪੈਂਦਾ। ਨੋਟਸ ਖ਼ਤਮ ਕਰਕੇ ਉਹ ਦੂਸਰੇ ਅਖ਼ਬਾਰ ਪੜ੍ਹਨ ਲਗ ਪਿਆ। ਉਸ ਨੂੰ ਚੇਤਾ ਆਇਆ ਕਿ ਉਹ ਬ੍ਰੈਡਲਾ ਹਾਲ ਵਿਖੇ ਸਵੈ-ਸੇਵਿਕਾਵਾਂ ਵਿਚ ਵੀ ਇਕ ਵਾਰ ਦਿੱਸੀ ਸੀ। ਅਖ਼ਬਾਰ ਪੜ੍ਹ ਕੇ ਕਲ੍ਹ ਦੇ ਨੋਟਾਂ ਲਈ ਮਸਾਲਾ ਤਿਆਰ ਕਰ ਉਹ ਛੇਤੀ ਉਠ ਬੈਠਾ।

ਐਬਟ ਰੋਡ 'ਤੇ ਸ੍ਰੀਮਤੀ ਸ਼ਕੁੰਤਲਾ ਦੇ ਪਹੁੰਚ ਕੇ ਇਸਤ੍ਰੀ ਵਲੰਟੀਅਰਾਂ ਦੀਆਂ ਗਰੁੱਪ-ਲੀਡਰਾਂ ਬਾਰੇ ਪੁੱਛ-ਗਿੱਛ ਕੀਤੀ। ਪਤਾ ਲੱਗਾ ਕਿ ਉਨ੍ਹਾਂ ਦੇ ਦੱਸੇ ਪਤੇ ਵਾਲੀ ਗਲੀ ਵਿਚੋਂ ਹੀ ਸ੍ਰੀਮਤੀ ਪੁਸ਼ਪਾ ਨਈਅਰ ਆਉਂਦੀ ਹੈ। ਲੜਕੀ ਦਾ ਹੁਲੀਆ ਸ੍ਰੀਮਤੀ ਸ਼ਕੁੰਤਲਾ ਨੇ ਠੀਕ ਉਸੇ ਵਰਗਾ ਬਿਆਨ ਕੀਤਾ ਤੇ ਨਾਲ ਕਿਹਾ, "ਉਹ ਤੇ ਬੜੀ ਬੀਬੀ ਸੁਆਣੀ ਹੈ। ਸੇਵਾ ਭਾਵ ਵਿਚ ਤਾਂ ਓਤ ਪੋਤ ਹੈ। ਕੰਮ ਵਿਚ ਬੜੀ ਚੁਸਤ ਤੇ ਬੋਲਣ ਵਿਚ ਸ਼ਹਿਦ ਵਰਗੀ ਮਿੱਠੀ। ਕੋਈ ਵਿਧਵਾ ਹੋਣ ਦੀ ਉਮਰ ਸੀ ਉਸ ਦੀ ! ਫੇਰ ਕਦੇ ਅੱਖ ਚੁੱਕ ਕੇ ਕਿਸੇ ਓਪਰੇ ਵੱਲ ਦੇਖਦੀ ਨਜ਼ਰ ਨਹੀਂ ਆਉਂਦੀ।"

"ਪਰ ਉਹ ਕੰਮ ਕੀ ਕਰਦੀ ਹੈ", ਪ੍ਰੇਮ ਪ੍ਰਕਾਸ਼ ਨੇ ਪੁੱਛਿਆ।

"ਅੱਜ ਕਲ੍ਹ ਕੀ ਕਰਦੀ ਹੈ, ਮੈਨੂੰ ਪਤਾ ਨਹੀਂ। ਪਰ ਉਹ ਬਾਰ੍ਹਾਂ ਕੁ ਜਮਾਤਾਂ ਪੜ੍ਹੀ ਹੋਈ ਹੈ। ਸਾਲ ਕੁ ਤੇ ਗਰਲਜ਼ ਸਕੂਲ ਵਿਚ ਮਾਸਟਰਾਣੀ ਰਹੀ ਸੀ। ਵੈਸੇ ਫ਼ਸਟ-ਏਡ, ਨਰਸ-ਦਾਈ ਆਦਿ ਦੇ ਵੀ ਉਸ ਕੋਲ ਸਰਟੀਫੀਕੇਟ ਹਨ। ਦਫ਼ਤਰ ਵਿਚ ਅੰਗਰੇਜ਼ੀ ਟਾਈਪ ਵੀ ਕਰਿਆ ਕਰਦੀ ਹੈ।"

ਉਸ ਤੋਂ ਮਗਰੋਂ ਉਹ ਮਾਡਲ ਟਾਊਨ ਸੇਠ ਰਤਨ ਚੰਦ ਦੀ ਕੋਠੀ ਪੁੱਜਾ। ਸੇਠ ਜੀ ਨੇ ਆਪਣੇ ਮੁਨਸ਼ੀ ਨੂੰ ਸੱਦਿਆ। ਉਸ ਇਕੱਤਾਲੀ ਨੰਬਰ ਕੋਠੀ ਦੀ ਫ਼ਾਈਲ ਕੱਢ ਕੇ ਸੇਠ ਨੂੰ ਦਿਖਾਈ। ਸੇਠ ਸਾਹਿਬ ਨੇ ਕਿਹਾ, "ਮਿਸਟਰ ਐਡੀਟਰ, ਸਾਡੀ ਕਰਾਏਦਾਰ ਦਾ ਨਾਂ ਪੁਸ਼ਪਾ ਹੈ। ਪਹਿਲੇ ਚਾਰ ਮਹੀਨੇ ਦਾ ਕਰਾਇਆ, ਦੋ ਸੌ ਚਾਲੀ ਰੁਪਏ, ਉਸ ਇਕੱਠਾ ਦੇ ਦਿੱਤਾ ਸੀ। ਹੁਣ ਬਾਕਾਇਦਾ ਕਰਾਇਆ ਦੇ ਰਹੀ ਹੈ।"

"ਉਸ ਦੇ ਮੁਤੱਲਕ ਕੁਝ ਹੋਰ...?"

"ਕੁਝ ਹੋਰ ਦੀ ਸਾਨੂੰ ਲੋੜ ਨਹੀਂ। ਸਾਡੇ ਕਰਾਏ ਨੂੰ ਕੋਈ ਰਿਸਕ ਨਹੀਂ। ਇਕ ਮਹੀਨਾ ਸਾਡੇ ਹੇਠਾਂ ਹੁੰਦਾ ਹੈ। ਕਰਾਏਦਾਰ ਭਾਵੇਂ ਕਾਲਾ ਚੋਰ ਹੋਵੇ, ਸਾਨੂੰ ਕਰਾਇਆ ਦੇਵੇ, ਕਰਾਇਆ।"

ਪ੍ਰੇਮ ਪ੍ਰਕਾਸ਼ ਦੇ ਹੱਥ ਪੱਲੇ ਕੁਝ ਨਾ ਪਿਆ। ਉਹ ਘਰ ਆ ਗਿਆ। ਨੌਕਰ ਨੂੰ ਛੇਤੀ ਰੋਟੀ ਦਾ ਹੁਕਮ ਕੀਤਾ। ਆਪ ਇਕ ਮੁੰਡੇ ਦੇ ਹੱਥ ਕੋਠੀ ਨਾਲ ਦੇ ਦੋ-ਮੰਜ਼ਲੇ ਮਕਾਨ ਵਾਲੇ ਕਰਾਏਦਾਰ ਨੂੰ ਸੱਦ ਮੰਗਵਾਇਆ। ਉਨ੍ਹਾਂ ਦੱਸਿਆ, ਪਈ ਉਨ੍ਹਾਂ ਕਦੇ ਕੋਈ ਖ਼ਾਸ ਗੱਲ ਉਸ ਕੋਠੀ ਵਿਚ ਨਹੀਂ ਵੇਖੀ। ਗਰਮੀਆਂ ਵਿਚ ਵੀ ਕੋਠੇ 'ਤੇ ਉਸ ਘਰ ਵਿਚੋਂ ਕੋਈ ਨਹੀਂ ਸੌਂਦਾ। ਸ਼ਾਇਦ ਸਾਹਮਣੇ ਪਲਾਟ ਵਿਚ ਸੌਂਦੇ ਹੋਣ ਜੋ ਕੋਠੀ ਦੇ ਓਹਲੇ ਹੋ ਜਾਂਦਾ ਹੈ। ਹਾਂ, ਕਦੇ ਕਦੇ ਵਾਜੇ ਨਾਲ ਕਿਸੇ ਦੇ ਭਜਨ ਗਾਉਣ ਦੀ ਆਵਾਜ਼ ਸਵੇਰੇ ਜਾਂ ਸ਼ਾਮ ਨੂੰ ਆਉਂਦੀ ਹੈ।

ਸੋ ਲਾਗਲੇ ਗੁਆਂਢੀਆਂ ਨੂੰ ਕੋਈ ਸ਼ਿਕਾਇਤ ਨਹੀਂ ਸੀ। ਅਖ਼ੀਰ ਉਹ ਲੇਟ ਗਿਆ ਤੇ ਸੁਫ਼ਨਿਆਂ ਵਿਚ ਵੀ ਸ੍ਰੀਮਤੀ ਪੁਸ਼ਪਾ ਦੇ ਭੇਤ ਨੂੰ ਜਾਣਨ ਦੀਆਂ ਸਕੀਮਾਂ ਬਣਾਉਂਦਾ ਰਿਹਾ।

3

ਨੌਕਰ ਰੋਟੀ ਖੁਆ ਚੁੱਕਾ ਤਾਂ ਉਸ ਉਹ ਤਿਆਰੀ ਕੀਤੀ ਜੋ ਉਹ ਅਕਸਰ ਦੂਸਰੇ ਸ਼ੋ ਟਾਕੀ ਦੇਖਣ ਜਾਣ ਲਗਿਆਂ ਕਰਿਆ ਕਰਦਾ ਸੀ। ਭਾਰਾ ਕੋਟ ਉਸ ਬਾਂਹ 'ਤੇ ਸੁੱਟ ਲਿਆ। ਸਾਢੇ ਕੁ ਅੱਠ ਦਾ ਸਮਾਂ ਸੀ। ਰਾਹ ਵਿਚ ਪੁਸ਼ਪਾ ਆਪਣੇ ਤਿੰਨ ਕੁ ਸਾਲ ਦੇ ਬੱਚੇ ਨੂੰ ਬੱਚਾ-ਗੱਡੀ ਵਿਚ ਲਈ ਆ ਰਹੀ ਸੀ। ਖ਼ਿਆਲ ਕੀਤਾ ਕਿ ਉਸ ਨੂੰ ਬੁਲਾਵੇ, ਪਰ ਹੌਸਲਾ ਨਾ ਪਿਆ ਤੇ ਜਦੋਂ ਉਸ ਬਰਾਬਰ 'ਤੇ ਆਣ ਕੇ ਨਮਸਤੇ ਆਖੀ ਤਾਂ ਉਸ ਨੂੰ ਕੋਈ ਉੱਤਰ ਨਾ ਮਿਲਿਆ। ਸ਼ਾਇਦ ਯੁਵਤੀ ਨੇ ਇਹ ਨਮਸਤੇ ਆਪਣੇ ਪਿੱਛੇ ਤੁਰੇ ਆਉਂਦੇ ਕਿਸੇ ਆਦਮੀ ਨੂੰ ਕਹੀ ਗਈ ਸਮਝੀ। ਪਰ ਪ੍ਰੇਮ ਪ੍ਰਕਾਸ਼ ਦੇ ਦਸ ਕਦਮ ਲੰਘ ਜਾਣ ਮਗਰੋਂ ਜਦ ਉਸ ਮੁੜ ਕੇ ਵੇਖਿਆ ਤਾਂ ਉਸ ਸੜਕ 'ਤੇ ਉਨ੍ਹਾਂ ਦੋਹਾਂ ਤੋਂ ਸਿਵਾ ਕੋਈ ਆਦਮੀ ਨਹੀਂ ਸੀ। ਉਹ ਹੈਰਾਨ ਹੋ ਗਈ। ਮੁੜ ਮੁੜ ਕੇ ਵੇਖਦੀ ਗਈ, ਪਰ ਪ੍ਰੇਮ ਨੇ ਮੁੜ ਫੇਰ ਨਾ ਤੱਕਿਆ। ਆਖ਼ਰ ਇਹ ਨਮਸਤੇ ਦਾ ਮਸਲਾ ਉਸ ਨੂੰ ਸਮਝ ਨਾ ਆਇਆ ਅਤੇ ਆਪਣੇ ਕੰਨਾਂ ਦਾ ਭਰਮ ਸਮਝ ਕੇ ਉਹ ਤੁਰ ਗਈ।

ਪ੍ਰਕਾਸ਼ ਨੂੰ ਜਿਹੜੇ ਦੋ ਘੰਟੇ ਬਾਜ਼ਾਰਾਂ ਵਿਚ, ਬਾਗਾਂ ਵਿਚ ਤੇ ਇਕ ਦੋ ਮਿੱਤਰਾਂ ਦੇ 'ਵਾਜਾਂ ਮਾਰ ਕੇ ਬਿਤਾਉਣੇ ਪੈ ਰਹੇ ਸਨ, ਉਨ੍ਹਾਂ ਦੀ ਧੀਮੀ ਤੋਰ ਉਸ ਲਈ ਅਸਹਿ ਬਣਦੀ ਜਾ ਰਹੀ ਸੀ। ਸਾਢੇ ਦਸ ਕੁ ਵਜੇ ਉਹ ਆਪਣੇ ਪਾਸੇ ਵਲ ਪਰਤਿਆ। ਉਸ ਨੇ ਆਪਣੀ ਰੇਡੀਅਮ ਰਿਸਟ-ਵਾਚ ਵਿਚ ਯਾਰ੍ਹਾਂ ਵੱਜਣ ਵਿਚ ਪੰਜ ਮਿੰਟ ਵੇਖੇ। ਪੁਸ਼ਪਾ ਦੀ ਕੋਠੀ ਦਾ ਫਾਟਕ ਥੋੜ੍ਹਾ ਜਿਹਾ ਖੁੱਲ੍ਹਾ ਸੀ। ਉਸ ਦੀਆਂ ਸੀਖਾਂ ਵਿਚੋਂ ਅੰਦਰਲੇ ਵਰਾਂਡੇ ਦੀ ਬੱਤੀ ਜਗਦੀ ਦਿੱਸ ਰਹੀ ਸੀ। ਇਹੋ ਵੇਖਦਾ ਵੇਖਦਾ ਉਹ ਆਪਣੇ ਬਾਜ਼ਾਰ

ਦੇ ਮੂੰਹ ਤਕ ਜਾ ਪਹੁੰਚਾ। ਫੇਰ ਹੀਆ ਕਰ ਕੇ ਮੁੜਿਆ ਤੇ ਬਾਜ਼ਾਰ ਨੰਬਰ ਤਿੰਨ ਦੇ ਮੂੰਹ ਤਕ ਚਲਾ ਗਿਆ। ਸਿਆਲੀ ਰਾਤ ਵਿਚ ਕੋਈ ਸੜਕ 'ਤੇ ਤੁਰਦਾ ਫਿਰਦਾ ਨਜ਼ਰ ਨਹੀਂ ਸੀ ਆਉਂਦਾ। ਐਤਕੀਂ ਮੁੜਦੀ ਵਾਰੀ ਉਸ ਆਪਣਾ ਮਫ਼ਲਰ ਮੂੰਹ ਦਵਾਲੇ ਵਲ ਲਿਆ। ਹੌਸਲਾ ਕਰ ਕੇ ਉਹ ਬਾਹਰਲੇ ਬੂਹੇ ਵਿਚੋਂ ਅੰਦਰ ਲੰਘ ਗਿਆ। ਰਵਸ਼ 'ਤੇ ਜਾ ਕੇ ਉਸ ਦਾ ਹੌਸਲਾ ਹਾਰ ਦੇ ਗਿਆ ਜਾਪਿਆ। ਪਰ ਮਾਨੋ ਕਿਸੇ ਨੇ ਉਸ ਨੂੰ ਧੱਕਾ ਦੇ ਕੇ ਵ੍ਰਾਂਡੇ ਦੀਆਂ ਪੌੜੀਆਂ ਤਕ ਪਹੁੰਚਾ ਦਿੱਤਾ। ਇਕ, ਦੋ, ਤਿੰਨ, ਚਾਰ...।

ਬੰਦ ਬੂਹਿਆਂ ਅੰਦਰੋਂ ਕਲਾਕ ਨੇ ਯਾਰਾਂ ਗਿਣੇ। ਪਰ ਪਹਿਲੇ ਚਹੁੰਆਂ ਦੇ ਆਸਰੇ ਪ੍ਰੇਮ ਪ੍ਰਕਾਸ਼ ਚਾਰ ਪੌੜੀਆਂ ਚੜ੍ਹ ਕੇ ਵਰਾਂਡੇ 'ਤੇ ਪਹੁੰਚ ਚੁੱਕਾ ਸੀ। ਯਾਰਾਂ ਵਜਦਿਆਂ ਤਕ ਪ੍ਰੇਮ ਪ੍ਰਕਾਸ਼ ਫ਼ੈਸਲਾ ਨਾ ਕਰ ਸਕਿਆ ਕਿ ਉਹ ਕਾਲ-ਬੈੱਲ ਦੇ ਬਟਨ ਨੂੰ ਨੱਪੇ ਕਿ ਨਾ।

"ਚੰਪਾ, ਬਾਹਰਲੀ ਬਿਜਲੀ ਬੁਝਾ ਦੇ ਤੇ ਫਾਟਕ ਬੰਦ ਕੀਤਾ ਈ ਕਿ ਨਹੀਂ ?"

ਚੰਪਾ ਨੇ ਕਿਹਾ, "ਨਹੀਂ, ਬੀਬੀ ਜੀ !"

"ਅੱਛਾ ਬਾਹਰ ਜਾ ਕੇ ਬੰਦ ਕਰ ਦੇ। ਅੱਜ ਉਹ ਨਹੀਂ ਆਏਗਾ।" ਇਹ ਆਵਾਜ਼ ਘਰ ਦੀ ਮਾਲਕਣ ਦੀ ਸੀ।

ਕਿਤੇ ਚੰਪਾ ਆ ਕੇ ਇਥੇ ਮੈਨੂੰ ਨਾ ਦੇਖ ਲਏ, ਇਸ ਸ਼ਰਮਿੰਦਗੀ ਤੋਂ ਬਚਣ ਲਈ ਬਲ ਧਾਰ ਕੇ ਪ੍ਰੇਮ ਨੇ ਬਟਨ ਨੱਪ ਦਿੱਤਾ। ਟਿਨ ਟਿਨ ਦੀ ਲਗਾਤਾਰ ਤਿੱਖੀ 'ਵਾਜ ਦੋ ਸਕਿੰਟ ਵਿਚ ਕਮਰਿਆਂ ਵਿਚ ਗੂੰਜ ਗਈ।

"ਸ਼ਾਇਦ ਉਹ ਆ ਗਏ !" ਪੁਸ਼ਪਾ ਦੀ ਪੁਸ਼ਪ-ਸੁਗੰਧ ਗੂੰਜੀ। ਉਨ੍ਹਾਂ ਨੂੰ ਬੈਠਕ ਦਾ ਬੂਹਾ ਖੋਲ੍ਹ ਕੇ ਬਿਠਾ। ਸੁਰਿੰਦਰ ਮੋਹਨ ਵਾਲੇ ਕਮਰੇ ਵਿਚ ਅੱਜ ਤੂੰ ਸਵੇਂਗੀ।'

ਥੋੜ੍ਹੇ ਚਿਰ ਵਿਚ ਬੈਠਕ ਦਾ ਬੂਹਾ ਖੁੱਲ੍ਹ ਗਿਆ ਅਤੇ ਚੰਪਾ ਬਿਨਾਂ ਪ੍ਰੇਮ ਵੱਲ ਵੇਖੇ ਵਾਪਸ ਜਾਂਦੀ ਜਾਂਦੀ ਹੀਟਰ ਔਨ ਕਰ ਗਈ।

ਹੀਟਰ ਦੀਆਂ ਤਾਰਾਂ ਲਾਲ, ਫਿਰ ਨਰੰਗੀ ਅਤੇ ਆਖ਼ਰ ਚਿੱਟੀਆਂ ਹੋ ਕੇ ਕਮਰੇ ਨੂੰ ਨਿੱਘਾ ਕਰਨ ਲੱਗ ਪਈਆਂ। ਸੋਫ਼ੇ ਦੀ ਇਕ ਨੁੱਕਰੇ ਪ੍ਰੇਮ ਪ੍ਰਕਾਸ਼ ਓਪਰਿਆਂ ਵਾਂਗ ਬੈਠ ਗਿਆ। ਦੋ ਮਿੰਟ ਮਗਰੋਂ ਅੰਦਰਲੇ ਬੂਹੇ ਵਿਚੋਂ ਰਸ ਤੇ ਖ਼ੁਸ਼ਬੋਆਂ ਨਾਲ ਲੱਦੀ ਮਾਨੋ ਬਸੰਤ ਦੀ ਪ੍ਰਭਾਤ ਦਾਖ਼ਲ ਹੋਈ। ਪ੍ਰੇਮ ਨੂੰ ਉਸ ਵੱਲ ਝੱਟ ਪਟ ਵੇਖਣ ਦੀ ਜੁਰੱਤ ਨਾ ਹੋਈ। ਉਸ ਅੱਗੇ ਵਧ ਕੇ ਬਾਹਰਲਾ ਬੂਹਾ ਬੰਦ ਕਰਦਿਆਂ ਕਿਹਾ, "ਤੁਹਾਨੂੰ ਠੰਢ ਲਗਦੀ ਹੋਵੇਗੀ।" ਐਨ ਉਸ ਵੇਲੇ ਪ੍ਰਕਾਸ਼ ਨੇ ਨਜ਼ਰ ਚੁੱਕ ਕੇ ਪੁਸ਼ਪਾ ਦੀ ਪਿੱਠ ਵੱਲ ਤੱਕਿਆ। ਇਕ ਬਹੁ-ਮੁੱਲੀ ਸ਼ੋਖ ਸਾੜ੍ਹੀ ਤੇ ਅਤਿਅੰਤ ਸੁੰਦਰ ਜ਼ਰੀਦਾਰ ਬਲਾਊਜ਼ ਉਸ ਦੀ ਜਵਾਨੀ ਨੂੰ ਉਭਾਰ ਰਿਹਾ ਸੀ। ਸਿੱਧੀ ਹੋ ਕੇ ਉਸ ਵੇਖਿਆ ਤੇ ਬੋਲੀ, "ਤਾਂ ਤੁਸੀਂ ਉਹ ਨਹੀਂ ਹੋ !" ਫੇਰ ਉਸ ਕੋਟ ਵਲ ਵੇਖ ਕੇ ਕਿਹਾ, 'ਓਹ, ਹਾਂ, ਐਡੀਟਰ ਸਾਹਿਬ, ਲੀਡਰ ਸਾਹਿਬ। ਹੈ ਨਾਂ ? ਮਫ਼ਲਰ ਤੇ ਕੋਟ ਉਤਾਰ ਲਓ। ਮਫ਼ਲਰ ਤਾਂ ਬਾਹਰ ਲਈ ਹੈ, ਅੰਦਰ ਲਈ ਨਹੀਂ। ਏਥੇ ਕਾਫ਼ੀ ਨਿੱਘ ਹੈ।"

ਪ੍ਰੇਮ ਪ੍ਰਕਾਸ਼ ਉਸ ਦੀ ਵਾਲਕਾਰੀ ਵੇਖਦਾ ਰਿਹਾ। ਉਹ ਹੈਰਾਨ ਹੋ ਗਿਆ ਸੀ—

ਚਕਾ-ਚੂੰਧ ਉਸ 'ਤੇ ਛਾ ਗਈ ਸੀ, ਜੋ ਕਾਂਬਾ ਬਣ ਕੇ ਉਸ ਦੇ ਸਰੀਰ ਵਿਚ ਰਮ ਗਈ ਸੀ। ਉਹ ਸ਼ਾਇਦ ਆਪਣੀ ਬੁੱਧੀ ਦੀ ਅਧਿਕਤਾ ਕਾਰਨ ਉਸ ਦੇ ਪਿਛਲੇ ਵਾਕਾਂ ਵਿਚ ਦੋ ਅਰਥ ਪੜ੍ਹ ਰਿਹਾ ਸੀ। ਉਸ ਨੂੰ ਹਾਲੀ ਸਮਝ ਨਹੀਂ ਆਈ ਸੀ ਕਿ ਉਸ ਨੇ 'ਉਹ ਨਹੀਂ ਆਏਗਾ' ਅਤੇ 'ਉਹ ਆ ਗਏ' ਸ਼ਬਦਾਂ ਦੀ ਵਰਤੋਂ ਕਿਉਂ ਤੇ ਕਿਨ੍ਹਾਂ ਅਰਥਾਂ ਵਿਚ ਕੀਤੀ ਸੀ।

"ਤੁਸੀਂ, ਅੱਜ ਨਮਸਤੇ ਕੀਤੀ ਸੀ, ਮਾਫ਼ ਕਰਨਾ, ਮੈਂ ਸਮਝ ਨਾ ਸਕੀ। ਦੋ ਸੌ ਰੁਪਈਆ, 'ਨਮਸਤੇ' ਦਾ, ਸਮਝੋ ਤੁਸੀਂ, ਪਰ ਤੁਹਾਡੇ ਮੁਤੱਲਕ ਮੈਂ ਕਦੇ ਐਸਾ ਨਾ ਸਮਝਿਆ, ਹਾਂ, ਸ਼ਕਲਾਂ ਧੋਖੇਬਾਜ਼ ਹੁੰਦੀਆਂ ਨੇ।"

"ਹਾਂ, ਸ਼ਕਲਾਂ ਧੋਖੇਬਾਜ਼ ਹੁੰਦੀਆਂ ਹਨ", ਪ੍ਰੇਮ ਪ੍ਰਕਾਸ਼ ਨੇ ਵਾਕ ਨੂੰ ਲਮਕਾਉਂਦਿਆਂ ਅਤੇ ਇਕ ਇਕ ਸ਼ਬਦ 'ਤੇ ਜ਼ੋਰ ਪਾਉਂਦਿਆਂ ਬਟੂਆ ਕੱਢ ਕੇ ਕਿਹਾ, ਜਿਵੇਂ ਉਹ ਉਸ ਦਾ ਸ਼ਸਤਰ ਉਸ 'ਤੇ ਚਲਾ ਰਿਹਾ ਹੋਵੇ।

"ਮੇਰੇ ਮੁਤੱਲਕ ਕਹਿ ਰਹੇ ਹੋ ? ਹਾਂ, ਸ਼ਕਲਾਂ ਧੋਖੇਬਾਜ਼ ਹੁੰਦੀਆਂ ਹਨ", ਪੁਸ਼ਪਾ ਨੇ ਆਖਿਆ ਅਤੇ ਅੱਗੇ ਹੱਥ ਕਰ ਕੇ ਪ੍ਰੇਮ ਪ੍ਰਕਾਸ਼ ਤੋਂ ਦੋ ਸੌ ਰੁਪਏ ਫੜ ਲਏ। "ਤੁਸੀਂ ਹੁਣ ਨਾਲ ਦੇ ਕਮਰੇ ਵਿਚ ਸਾਰੀ ਰਾਤ ਆਰਾਮ ਕਰ ਸਕਦੇ ਹੋ।'

ਪ੍ਰੇਮ ਪ੍ਰਕਾਸ਼ ਦੀ ਸੰਗ ਜਾਂਦੀ ਰਹੀ। ਉਸ ਕਿਹਾ, "ਮੈਂ ਸਾਰੀ ਰਾਤ ਆਰਾਮ ਕਰਨ ਨਹੀਂ ਆਇਆ। ਉਹ ਦੋ ਸੌ ਰੁਪਈਆ 'ਨਮਸਤੇ' ਦਾ ਨਹੀਂ, ਤੁਹਾਡੇ ਨਾਲ ਕੁਝ ਚਿਰ ਬੈਠ ਕੇ ਗੱਲਾਂ ਕਰਨ ਦਾ ਹੈ।"

"ਸ਼ਕਲਾਂ ਧੋਖੇਬਾਜ਼ ਹੁੰਦੀਆਂ ਨੇ', ਪੁਸ਼ਪਾ ਦੇ ਮਨ ਵਿਚ ਗੂੰਜ ਰਿਹਾ ਸੀ। "ਗੱਲਾਂ ਤੁਸੀਂ ਮੁਫ਼ਤ ਕਰ ਸਕਦੇ ਹੋ !' ਪੁਸ਼ਪਾ ਨੇ ਦੋ ਸੌ ਦੇ ਨੋਟ ਵਾਪਸ ਕਰਦਿਆਂ ਕਿਹਾ।

ਪਰ ਪ੍ਰੇਮ ਨੇ ਨੋਟਾਂ ਵੱਲ ਖ਼ਿਆਲ ਨਾ ਕਰਦਿਆਂ ਕਿਹਾ, "ਤਾਂ ਮੈਂ ਸ਼ੱਕ ਦੂਰ ਕਰਨ ਲਈ ਪੁੱਛ ਸਕਦਾ ਹਾਂ ਕਿ ਦੇਵੀ ਜੀ ਦਾ ਪੇਸ਼ਾ ਕੀ ਹੈ ?"

'ਦੇਵੀ' ਸ਼ਬਦ ਸੁਣ ਕੇ ਪੁਸ਼ਪਾ ਕੰਬ ਗਈ। ਉਹ ਖੜੋਤੀ ਨਾ ਰਹਿ ਸਕੀ। ਸਾਹਮਣੇ ਸੋਫ਼ੇ 'ਤੇ ਬੈਠ ਗਈ।

"ਮੇਰਾ ਪੇਸ਼ਾ...ਪੇਸ਼ਾ...ਯਾਨੀ- ਕੋਈ ਨਹੀਂ ਹੈ। ਮਤਲਬ ਕੋਈ ਨਹੀਂ ਕਰਨ ਦਿੱਤਾ ਜਾਂਦਾ।"

"ਤੁਹਾਡਾ ਮਤਲਬ ਕੀ ਹੈ ?"

"ਮਤਲਬ ਇਹ ਕਿ ਮੈਂ ਉਸਤਾਦਨੀ ਹਾਂ, ਨਰਸ ਹਾਂ, ਟਾਈਪਿਸਟ ਹਾਂ, ਪਰ ਮੈਨੂੰ ਆਪਣੀ ਮਿਹਨਤ ਦਾ ਮੁੱਲ ਕਿਤੇ ਨਹੀਂ ਮਿਲਦਾ।"

"ਕੀ ਨੌਕਰੀ ਕਰਨ ਦੀ ਤਨਖ਼ਾਹ ਨਹੀਂ ਮਿਲਦੀ ?"

"ਥੋੜ੍ਹੀ ਥੋੜ੍ਹੀ ਮਿਲਦੀ ਹੈ, ਜਿਸ ਨਾਲ ਮੈਂ ਆਪਣੇ ਬੱਚੇ ਦੀ ਪਾਲਣਾ ਆਪਣੇ ਸਵਰਗਵਾਸੀ ਪਤੀ ਜੀ ਦੀ ਆਗਿਆ ਮੁਤਾਬਕ ਨਹੀਂ ਕਰ ਸਕਦੀ। ਪਰ ਮੈਂ ਉਸੇ ਨਾਲ ਕੰਮ ਸਾਰ ਲੈਂਦੀ ਜੇ ਮਿਹਨਤ ਦਾ ਘੱਟ ਮੁੱਲ ਪ੍ਰਾਪਤ ਕਰਨ ਲਈ ਵੀ ਨਾਲ ਲੱਜਿਆ ਨਾ ਵੇਚਣੀ ਪੈਂਦੀ।"

"ਕਿਵੇਂ ?"

"ਜਿਵੇਂ ਜਦੋਂ ਮੈਂ ਗਰਲ ਸਕੂਲ ਵਿਚ ਮਾਸਟਰਾਣੀ ਸਾਂ, ਮੈਨੂੰ ਉਥੋਂ ਦੇ ਮੈਨੇਜਰ ਨੇ ਤੰਗ ਕਰ ਛੱਡਿਆ ਸੀ ਅਤੇ ਅਨ-ਟ੍ਰੇਂਡ ਹੋਣ ਕਰਕੇ ਕੱਢ ਦੇਣ ਦੀਆਂ ਧਮਕੀਆਂ ਨਾਲ ਮੈਨੂੰ ਡੇਗਣਾ ਚਾਹੁੰਦਾ ਸੀ, ਹਾਲਾਂਕਿ ਮੈਂ ਮਿਹਨਤ ਦਾ ਮੁੱਲ ਲੈਂਦੀ ਸਾਂ। ਹੋਰ ਵੀ ਅਨ-ਟ੍ਰੇਂਡ ਉਸਤਾਦਨੀਆਂ ਉਥੇ ਸਨ, ਉਨ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਸੀ। ਸ਼ਾਇਦ ਇਸ ਲਈ ਕਿ ਉਨ੍ਹਾਂ ਦੇ ਪਤੀ ਜੀਉਂਦੇ ਸਨ।"

"ਹੂੰ...ਊਂ...ਊਂ...!" ਸਮਝ ਵਿਚ ਆਉਣ ਵਾਲਾ ਹੁੰਗਾਰਾ ਦਿੰਦਿਆਂ ਉਸ ਕਿਹਾ, "ਅਤੇ ਉਸ ਸਕੂਲ ਦੇ ਮੈਨੇਜਰ ਲਾਲਾ ਬ੍ਰਿਜ ਮੋਹਨ ਸਨ ?"

"ਜੀ, ਤੁਸੀਂ ਠੀਕ ਬੁੱਝਿਆ।"

"ਤੇ ਹੋਰ ਪੇਸ਼ੇ।"

"ਵਿਧਵਾ ਲਈ ਸਭ ਇਹੋ ਜਿਹੇ।"

"ਫੇਰ ਤੁਸੀਂ ਇਹ ਫੈਸਲਾ ਕੀਤਾ। ਕੀ ਤੁਹਾਡੇ ਸਹੁਰੇ-ਪੇਕਿਆਂ ਵਿਚੋਂ ਕੋਈ ਨਹੀਂ ?"

"ਸਹੁਰਿਆਂ ਵਿਚੋਂ ਕੋਈ ਪਹਿਲੋਂ ਨਹੀਂ ਸੀ। ਉਨ੍ਹਾਂ ਨੇ ਭਾਂਡੇ ਮਾਂਜ ਮਾਂਜ ਕੇ ਪੜ੍ਹਾਈ ਕੀਤੀ ਸੀ, ਮੈਂ ਵੀ ਇਕੱਲੇ ਪਿਤਾ ਦੀ ਇਕੱਲੀ ਧੀ ਸਾਂ। ਮੇਰੇ ਪਤੀ ਹਾਲੀਂ ਆਪਣੀ ਹਾਲਤ ਦਰੁਸਤ ਹੀ ਕਰ ਰਹੇ ਸਨ ਕਿ ਉਹ ਚਲ ਵਸੇ। ਉਨ੍ਹਾਂ ਦੀ ਨਿਸ਼ਾਨੀ ਅੰਦਰ ਹੈ। ਤੁਸੀਂ ਦੇਖੋਗੇ, ਦੇਖੋ ਨਾ...," ਜਿਵੇਂ ਉਸ ਨੇ ਤਰਲੇ ਲੈਂਦਿਆਂ ਕਿਹਾ।

ਔਰਤ ਬਿਲਕੁਲ ਬਦਲ ਗਈ ਸੀ। ਉਸ ਦੇ ਬੋਲ ਵਿਚ ਧੂ ਪਾਉਣ ਵਾਲਾ ਤਰਲਾ ਸੀ। ਉਸ ਵਿਚ ਵਾਤਸਲ ਦਾ ਹੜ੍ਹ ਆ ਗਿਆ ਸੀ। ਉਸ ਦੀ ਛਾਤੀ ਪਿਆਰ ਨਾਲ ਜਾਂ ਮਾਣ ਨਾਲ ਉਭਰ ਗਈ ਸੀ। ਉਸ ਦੇ ਲਾਇਕ ਪਤੀ ਦਾ ਪੁੱਤਰ !

ਪ੍ਰੇਮ ਉਸ ਦੇ ਬੱਚੇ ਨੂੰ ਵੇਖਣ ਲਈ ਉੱਠਿਆ। ਪੁਸ਼ਪਾ ਨੇ ਅਗਵਾਈ ਕੀਤੀ। ਨਾਲ ਕੇ ਕਮਰੇ ਵਿਚ ਦੋ ਪਲੰਘ ਸਨ, ਸ਼ਾਨਦਾਰ ਸਜੇ ਹੋਏ। ਉਸ ਕਮਰੇ ਦੇ ਨਾਲ ਦੇ ਬੂਹੇ ਨੂੰ ਪੁਸ਼ਪਾ ਨੇ ਖੜਕਾਇਆ। ਚੰਪਾ ਨੇ ਕੁਝ ਚਿਰ ਬਾਅਦ ਬੂਹਾ ਖੋਲ੍ਹਿਆ। ਚੰਪਾ ਨੂੰ ਦੂਸਰੇ ਕਮਰੇ ਵਿਚ ਜਾਣ ਦਾ ਇਸ਼ਾਰਾ ਕਰ ਕੇ ਪੁਸ਼ਪਾ ਪ੍ਰੇਮ ਨੂੰ ਲੈ ਕੇ ਨਰਸਰੀ ਵਿਚ ਗਈ। ਮਾਂ ਵਾਲੀ ਨਿਰਛਲਤਾ ਤੇ ਸੁੰਦਰਤਾ ਅਤੇ ਪਿਓ ਵਾਲੀ ਸਿਹਤ ਤੇ ਇਰਾਦਾ ਬਚਪਨ ਵਿਚ ਹੀ ਉਸ ਦੇ ਮੂੰਹ 'ਤੇ ਦਮਕਦੇ ਸਨ। ਪ੍ਰੇਮ ਉਸ ਦੇ ਵਾਲਾਂ 'ਤੇ ਹੱਥ ਫੇਰਨ ਦੇ ਲਾਲਚ ਤੋਂ ਨਾ ਬਚ ਸਕਿਆ। ਉਹ ਛੇਤੀ ਹੀ ਪਹਿਲੇ ਕਮਰੇ ਵਿਚ ਆ ਗਿਆ ਤੇ ਮਗਰੇ ਹੀ ਪੁਸ਼ਪਾ। ਸੋਫੇ ਤੇ ਬੈਠ ਕੇ ਪ੍ਰੇਮ ਡੂੰਘੀਆਂ ਨਜ਼ਰਾਂ ਨਾਲ ਸਾਹਮਣੀ ਕੰਧ ਵੱਲ ਵੇਖਣ ਲਗ ਪਿਆ, ਜਿਵੇਂ ਉਹ ਕੰਧ ਤੋਂ ਪਾਰ ਦੇਖ ਰਿਹਾ ਹੋਵੇ। ਅਚਾਨਕ ਉਸ ਪੁਸ਼ਪਾ ਵੱਲ ਤੱਕ ਕੇ ਕਿਹਾ, "ਫੇਰ ਤੁਸੀਂ ਇਹ ਫ਼ੈਸਲਾ ਕੀਤਾ ?'

"ਹਾਂ।"

"ਤੁਸੀਂ ਮਾੜਾ ਕੀਤਾ। ਕੀ ਤੁਹਾਡੇ ਖ਼ਿਆਲ ਵਿਚ ਦੁਨੀਆ ਵਿਚ ਕੋਈ ਭਲਾ ਪੁਰਸ਼ ਨਹੀਂ ?"

"ਭਲਾ ਪੁਰਸ਼ ਕਿਸੇ ਦੀ ਮਦਦ ਨਹੀਂ ਕਰ ਸਕਦਾ, ਕਿਉਂਕਿ ਉਹ ਗਰੀਬ ਹੁੰਦਾ

ਹੈ। ਤੇ ਇਸ ਪ੍ਰਬੰਧ ਵਿਚ ਜਿਥੇ ਪੈਸੇ ਦੇ ਸੰਬੰਧ ਹਨ, ਮਨੁੱਖੀ ਸੰਬੰਧ ਸਿਵਾਏ ਗਰੀਬਾਂ ਤੋਂ ਹੋਰ ਕਿਤੇ ਨਹੀਂ। ਪਰ ਜਿਥੇ ਮੈਂ ਖੜੀ ਹਾਂ, ਉਥੇ ਪੈਸੇ ਦੀ ਲੋੜ ਹੈ। ਮਿਹਨਤ ਕਰਾਂ, ਮਿਹਨਤ ਦਾ ਮੁੱਲ ਵੀ ਪੂਰਾ ਨਾ ਮਿਲੇ ਤੇ ਨਾਲ ਝੁੰਗੇ ਵਿਚ ਆਪਣੀ ਸ਼ਰਮ ਵੀ ਵੇਚਾਂ। ਫਿਰ ਨਿਰੀ ਸ਼ਰਮ ਕਿਉਂ ਨਾ ਵੇਚਾਂ !"

"ਤੁਸੀਂ ਮੈਨੂੰ ਚਕਰਾ ਰਹੇ ਹੋ !" ਪ੍ਰੇਮ ਨੇ ਕਿਹਾ।

"ਕੀ ਜੇ ਮੈਨੂੰ ਮਿਹਨਤ ਕਰ ਕੇ ਖਾਣ ਦਾ ਹੱਕ ਹੁੰਦਾ ਤਾਂ ਮੈਂ ਫੇਰ ਵੀ ਇਵੇਂ ਹੀ ਕਰਦੀ ? ਇਸੇ ਲਈ ਸਾਡਾ ਸਮਾਜ ਔਰਤ ਨੂੰ ਕੰਮ ਕਰਨ ਦਾ ਹੱਕ ਨਹੀਂ ਦਿੰਦਾ। ਜਿਥੇ ਔਰਤਾਂ ਮਰਦਾਂ ਦੀਆਂ, ਮਿਹਨਤ ਕਰ ਕੇ ਕਮਾਉਣ ਵਿਚ ਪੂਰੀਆਂ ਭਾਈਵਾਲ ਨਾ ਹੋਣ, ਉਥੇ ਮਰਦ ਦੀ ਮੌਤ ਤੋਂ ਮਗਰੋਂ ਇਹੋ ਕੁਝ ਹੁੰਦਾ ਹੈ।"

ਪ੍ਰੇਮ, ਪੁਸ਼ਪਾ ਦੀ ਸਿਆਣਪ ਦਾ ਕਾਇਲ ਹੋ ਰਿਹਾ ਸੀ। ਪਰ ਰਸਤਾ ਉਹ ਪੁਸ਼ਪਾ ਦਾ ਫੇਰ ਵੀ ਗਲਤ ਸਮਝਦਾ ਸੀ। ਉਹ ਉਸ ਨੂੰ ਹਿੰਮਤ ਹਾਰੀ ਤੀਵੀਂ ਜਾਪੀ ਸੀ, ਬਾਵਜੂਦ ਆਪਣੀ ਸਾਰੀ ਚੁਸਤੀ ਤੇ ਸਿਆਣਪ ਦੇ। ਸਮਾਜ ਵਿਚ ਨੁਕਸ ਸਨ, ਉਨ੍ਹਾਂ ਨੂੰ ਦੂਰ ਕਰਨ ਲਈ ਲੜ ਕੇ ਮਰ ਜਾਣਾ ਉਸ ਦਾ ਧਰਮ ਸੀ, ਮੁਕਾਬਲੇ ਦਾ ਬੀ ਬੀਜਣਾ ਉਸ ਦਾ ਧਰਮ ਸੀ। ਉਹ ਡਿੱਗ ਪਈ ਸੀ। ਉਸ ਨੂੰ ਆਸਰੇ ਦੀ ਲੋੜ ਸੀ। ਉਸ ਦਾ ਮਨੁੱਖਤਾ ਤੋਂ ਭਰੋਸਾ ਨਹੀਂ ਟੁੱਟਣਾ ਚਾਹੀਦਾ। ਪ੍ਰੇਮ ਦੇ ਅੰਦਰ ਇਕ ਵੱਡਾ ਘੋਲ ਹੋ ਰਿਹਾ ਸੀ।

"ਸ਼ਾਇਦ ਮੈਂ ਗਲਤ ਹਾਂ," ਪੁਸ਼ਪਾ ਨੇ ਹੌਲੀ ਜਹੀ ਕਿਹਾ, "ਸ਼ਾਇਦ ਮੈਂ ਇਹ ਤੁਹਾਡੇ ਪ੍ਰਭਾਵ ਕਰਕੇ ਕਹਿ ਰਹੀ ਹਾਂ।"

"ਤੁਹਾਡੀ ਸ਼ਕਲ ਉਤੇ ਨਿਰਛਲਤਾ ਕਾਇਮ ਹੈ, ਤੁਸੀਂ ਹਾਲੀ ਬਹੁਤ ਦੂਰ ਨਹੀਂ ਗਏ।"

"ਉਸ ਦਾ ਕਾਰਨ ਹੋਰ ਹੈ, ਐਡੀਟਰ ਸਾਹਿਬ। ਮੈਂ ਕੋਈ ਬੁਰਾ ਕੰਮ ਮਨ ਤੋਂ ਨਹੀਂ ਕਰਦੀ।"

"ਪਰ ਬੁਰਾ ਕੰਮ ਸਰੀਰ ਤੋਂ ਮਨ 'ਤੇ, ਤੇ ਫੇਰ ਮਨ ਤੋ ਸਰੀਰ 'ਤੇ ਵੀ ਅਸਰ ਕਰ ਜਾਂਦਾ ਹੈ। ਕੀ ਤੁਸੀਂ ਮੈਨੂੰ ਆਪਣੀ ਸਹਾਇਤਾ ਕਰਨ ਦਾ ਮੌਕਾ ਦੇਵੋਗੇ ?"

ਪੁਸ਼ਪਾ ਨੇ ਕਿਹਾ, "ਮੈਨੂੰ ਹਰ ਪੈਸੇ ਵਾਲੇ 'ਤੇ ਸ਼ੱਕ ਹੈ। ਉਹ ਮਿੱਟੀ ਖ਼ਰਾਬ ਕਰ ਕੇ ਮਿੱਟੀ ਨੂੰ ਕਿਤੋਂ ਜੋਗਾ ਨਹੀਂ ਰਹਿਣ ਦਿੰਦੇ। ਸ਼ਕਲਾਂ ਧੋਖੇਬਾਜ਼ ਹੁੰਦੀਆਂ ਨੇ, ਮੇਰੀ ਸ਼ਕਲ ਵਾਂਗ ?"

"ਦੇਖੋ, ਮੈਂ ਵੀ ਯਤੀਮ ਹਾਂ, ਬੜੇ ਔਖ ਨਾਲ ਪੜ੍ਹਿਆ ਤੇ ਕਈ ਤਰ੍ਹਾਂ ਨਲ ਕਮਾ ਕੇ ਤੇ ਘੱਟ ਖ਼ਰਚ ਕਰ ਕੇ ਮਸੀਂ ਪੰਦਰਾਂ ਹਜ਼ਾਰ ਕਮਾਇਆ ਹੈ। ਤਿੰਨ ਸੌ ਰੁਪਿਆ ਮਹੀਨਾ ਮੈਂ ਹੁਣ ਕਮਾ ਰਿਹਾ ਹਾਂ। ਹੋਰ ਕਿਤੇ ਜਾ ਕੇ ਵੀ ਦੋ-ਢਾਈ ਸੌ ਕਮਾ ਸਕਦਾ ਹਾਂ। ਜੇ ਮੈਂ ਪੰਦਰ੍ਹਾਂ ਹਜ਼ਾਰ ਤੁਹਾਨੂੰ ਕੈਸ਼ ਆਪਣੇ ਨਾਂ ਜਮ੍ਹਾਂ ਕਰਾਉਣ ਲਈ ਦੇ ਦੇਵਾਂ ਅਤੇ ਤੁਹਾਨੂੰ ਆਪਣੇ ਨਾਲ ਕਿਤੇ ਲੈ ਜਾਵਾਂ, ਫੇਰ ਕੀ ਡਰ ਹੈ ? ਭੈਣੇ, ਜੇ ਮੈਂ ਭਰਾ ਵਾਂਗ ਨਾ ਨਿਭਾ ਸਕਾਂਗਾ ਅਤੇ ਡਿੱਗ ਪਵਾਂਗਾ, ਤਾਂ ਵੀ ਇਹ ਦਰ ਦਰ

ਦੀਆਂ ਠੋਕਰਾਂ ਤਾਂ ਬਚਣਗੀਆਂ।

ਪ੍ਰੇਮ ਪ੍ਰਕਾਸ਼ ਨੇ ਚੈੱਕ-ਬੁੱਕ ਕੱਢ ਕੇ ਪੰਦਰਾਂ ਹਜ਼ਾਰ ਦਾ ਚੈੱਕ ਕੱਟ ਦਿੱਤਾ। "ਸਵੇਰੇ ਜਾ ਕੇ ਆਪਣੇ ਨਾਂ ਕਰ ਲਵੋ", ਉਸ ਕਿਹਾ, "ਤੁਹਾਨੂੰ ਸ਼ੱਕ ਨਾ ਹੋਵੇ। ਮੈਂ ਨਾਲ ਚਲਾਂਗਾ।"

ਪੁਸ਼ਪਾ ਕੰਬ ਗਈ। "ਮੈਂ ਇਹ ਨਹੀਂ ਕਰ ਸਕਦੀ। ਮੈਂ ਤੁਹਾਡਾ ਜੀਵਨ ਨਹੀਂ ਬਰਬਾਦ ਕਰ ਸਕਦੀ।"

"ਪੁਸ਼ਪਾ, ਹੁਣ ਤਾਂ ਅਸੀਂ ਦੋਹਾਂ ਨੇ ਮਿਲ ਕੇ ਹੋਰ ਤੇਰੇ ਵਰਗੇ ਜੀਵਨਾਂ ਦੇ ਹੱਲ ਬਾਰੇ ਸੋਚਣਾ ਹੈ।"

ਇਸ ਗੱਲ ਨੇ ਪੁਸ਼ਪਾ ਅੰਦਰ ਯਕੀਨ ਲੈ ਆਂਦਾ। ਪ੍ਰੇਮ ਪ੍ਰਕਾਸ਼ ਉਸ ਦੇ ਪਤੀ ਵਾਂਗ ਹੀ ਗੱਲਾਂ ਕਰ ਰਿਹਾ ਸੀ। ਪ੍ਰੇਮ ਪ੍ਰਕਾਸ਼ ਤੋਂ ਪਹਿਲੋਂ ਪੁਸ਼ਪਾ ਡਿੱਗ ਰਹੀ ਸੀ। ਉਹ ਪ੍ਰੇਮ ਪ੍ਰਕਾਸ਼ ਦੇ ਪੈਰਾਂ ਵਿਚ ਡਿੱਗ ਪਈ।

ਮਹਾਂ ਕਵੀ

1

ਚਹੁੰ ਸੋਟੀਆਂ 'ਤੇ ਖੜੋਤੀ ਲੋਹੇ ਦੀਆਂ ਪੱਤਰੀਆਂ ਦੀ ਉਣਤੀ ਵਾਲੀ ਛੱਤ ਵਾਲਾ ਯੱਕਾ, ਪਹੇ ਵਿਚੋਂ ਹੁੱਜਕੇ ਖਾਂਦਾ ਨਿਕਲ ਕੇ, ਪੰਡੋਰੀ ਦੀ ਪੱਧਰ ਸ਼ਾਮਲਾਟ ਵਿਚੋਂ ਪਿੰਡ ਦੇ ਬਾਹਰਵਾਰ ਵੱਡੇ ਬੋੜ੍ਹ ਵੱਲ ਨੂੰ ਤੇਜ਼ੀ ਨਾਲ ਵਧਿਆ। ਬੋੜ੍ਹ ਲਾਗਿਓਂ ਮੁੜ ਕੇ ਇਹ ਲੱਛੂ ਹਟਵਾਣੀਏ ਦੇ ਬੂਹੇ ਅੱਗੇ ਜਾ ਖਲੋਤਾ। ਯੱਕੇ ਵਿਚ ਬੈਠੀ ਇਕੱਲੀ ਸਵਾਰੀ ਨੂੰ ਲੱਛੂ ਹੈਰਾਨੀ ਨਾਲ ਤਕ ਰਿਹਾ ਸੀ ਕਿ ਯੱਕੇ ਵਾਲੇ ਨੇ ਕਿਹਾ, "ਲਓ ਜੀ, ਪੰਡੋਰੀ ਆ ਗਈ।"

ਚੁਸਤ ਸਵਾਰੀ ਨੇ ਛਾਲ ਮਾਰ ਕੇ ਉਤਰਦਿਆਂ ਹੀ ਆਪਣੇ ਕਪੜੇ ਝਾੜੇ ਤੇ ਹਟਵਾਣੀਏ ਨੂੰ ਕਿਹਾ, "ਸ਼ਾਹ ਜੀ, ਸਰਦਾਰ ਬਲਬੀਰ ਸਿੰਘ ਦੇ ਜਾਣਾ ਏਂ ਮੈਂ।"

ਹਟਵਾਣੀਏ ਨੇ ਸਵਾਰੀ ਦੇ ਕਪੜਿਆਂ ਦੇ ਰੁਹਬ ਵਿਚ ਆ ਕੇ ਕਿਹਾ, "ਲੈ ਕਿਉਂ ਨਹੀਂ ਜਾਂਦਾ, ਸਰਦਾਰ ਹੋਰਾਂ ਨੂੰ ਬਲਬੀਰ ਸੁੰਹ ਹੋਰਾਂ ਦੇ। ਯੱਕਾ ਲੰਘ ਜਾਂਦਾ ਏ ਵੀਹ ਵਿਚੋਂ। ਪਰਲੇ ਬੰਨਿਓਂ ਨਿਕਲ ਆਈਂ।"

ਯੱਕੇ ਵਾਲਾ ਕਹਿਣ ਲੱਗਾ, "ਸ਼ਾਹ, ਬਲਬੀਰੇ ਕੇ ਜਾਣਾ ਇਨ੍ਹਾਂ। ਓਧਰ ਕਿੱਥੇ ਜਾਂਦਾ ਯੱਕਾ ?"

"ਮੂਰਖਾ", ਲੱਛੂ ਸ਼ਾਹ ਨੇ ਕਿਹਾ, "ਬੰਦੇ ਤੋਂ ਪਛਾਣ ਲਈਦਾ, ਭਈ ਇਹ ਕਿਸ ਦਾ ਪ੍ਰਾਹੁਣਾ ਏ। ਬਲਬੀਰੇ ਖੋਤੇ ਦੇ ਇਹੋ ਜਿਹੇ ਪ੍ਰਾਹੁਣੇ ਕਿੱਥੇ ? ਇਹ ਬਲਬੀਰ ਸਿੰਘ ਪਾੜ੍ਹਿਆਂ ਦਾ ਪ੍ਰਾਹੁਣਾ ਹੈ। ਲੈ ਜਾਹ, ਹੁੱਜਤਾਂ ਨਾ ਕਰ।"

ਯੱਕੇ ਵਾਲਾ ਯੱਕੇ-ਤੱਕੀ ਘੋੜੇ ਨੂੰ ਵਾਗੋਂ ਫੜ ਕੇ ਵੀਹ ਵੱਲ ਮੋੜਦਾ ਕਹਿਣ ਲੱਗਾ, "ਆਓ ਜੀ, ਸਰਦਾਰ ਜੀ !" ਪਰ ਸਰਦਾਰ ਹੁਣ ਮੁੜ ਯੱਕੇ 'ਤੇ ਨਾ ਚੜ੍ਹਿਆ। ਯੱਕਾ ਸਾਮਾਨ ਲੈ ਕੇ ਵੀਹ ਵਿਚ ਵੜ ਕੇ ਡੱਕੋ-ਡੋਲੇ ਖਾਂਦਾ ਇਕ ਪੱਕੇ ਮੱਥੇ ਵਾਲੀ ਹਵੇਲੀ ਦੇ ਬੂਹੇ ਅੱਗੇ ਜਾ ਖੜ੍ਹਾ ਹੋਇਆ। ਸਰਦਾਰ ਵੀ ਮਗਰੇ ਤੁਰਿਆ ਆਉਂਦਾ ਯੱਕੇ ਦੇ ਬਰਾਬਰ ਜਾ ਖਲੋਤਾ। ਯੱਕੇ ਵਾਲੇ ਨੇ "ਸਰਦਾਰ ਜੀ, ਏ ਸਰਦਾਰ ਬਲਬੀਰ ਸਿੰਘ ਜੀ" ਕਰ ਕੇ ਅਵਾਜ਼ਾਂ ਮਾਰੀਆਂ। ਥੋੜ੍ਹੇ ਚਿਰ ਮਗਰੋਂ ਸਾਦੇ ਲਿਬਾਸ ਵਿਚ ਇਕ ਸੁੱਘੜ ਮੁਟਿਆਰ ਨਿਕਲੀ, ਜਿਸ ਵਿਚ ਸ਼ਹਿਰੀ ਪੜ੍ਹੀਆਂ ਲਿਖੀਆਂ ਕੁੜੀਆਂ ਵਾਲੀ ਬੇਬਾਕ ਤੱਕਣੀ ਤੇ ਪੇਂਡੂ ਲੱਜਿਆ ਰਲੀ ਮਿਲੀ ਜਾਪਦੀ ਸੀ।

"ਕੌਣ ਹੈ ਵੀਰ ?" ਉਸ ਯੱਕੇ ਵਾਲੇ ਵੱਲ ਵੇਖ ਕੇ ਕਿਹਾ, ਪਰ ਝੱਟ ਵੀ ਉਸ ਨੂੰ ਯੱਕੇ ਓਹਲਿਓਂ ਨਿਕਲਦਾ ਸ਼ਹਿਰੀ ਲਿਬਾਸ ਵਿਚ ਸਜਿਆ ਵਜਿਆ ਨੌਜਵਾਨ ਦਿੱਸ

ਪਿਆ। ਉਸ ਵਧ ਕੇ ਆਖਿਆ, "ਮੈਂ ਬੀਬੀ, ਬਲਬੀਰ ਦਾ ਪੁਰਾਣਾ ਜਮਾਤੀ ਹਾਂ।"

"ਆਪ ਦਾ ਸ਼ੁਭ ਨਾਮ ?", ਕੁੜੀ ਨੇ ਪੁੱਛਿਆ।

"ਮੇਰਾ ਨਾਂ ਹੈ ਬਲਵੰਤ।"

"ਓਹ ! ਕਵੀ ?"

ਉਸ ਝੱਟ ਪਟ ਅਗਾਂਹ ਵਧ ਕੇ ਅਗਲੇ ਬੰਨਿਓਂ ਸੂਟਕੇਸ 'ਤੇ ਪਿਆ ਅਟੈਚੀ-ਕੇਸ ਚੁੱਕ ਲਿਆ।

ਯੱਕੇ ਵਾਲੇ ਨੇ ਕਿਹਾ, "ਭੈਣ, ਮੈਂ ਰੱਖ ਦਿੰਨਾਂ।"

ਬਲਵੰਤ ਨੇ ਆਪਣਾ ਸੂਟਕੇਸ ਚੁੱਕ ਲਿਆ। ਯੱਕੇ ਵਾਲੇ ਦੀ ਵੰਡੇ ਹੋਲਡਆਲ ਵਿਚ ਵਲ੍ਹੇਟਿਆ ਬਿਸਤਰਾ ਹੀ ਆਇਆ। ਅੰਦਰ ਵਿਹੜਾ ਕਾਫੀ ਖੁੱਲ੍ਹਾ ਸੀ।

ਮੁਟਿਆਰ ਨੇ ਅੰਦਰ ਵੜ ਕੇ ਰਸੋਈ ਵਿਚ ਬੈਠੀ ਅੱਧਖੜ ਸੁਆਣੀ ਨੂੰ ਆਵਾਜ਼ ਦਿੱਤੀ, "ਮਾਂ ਜੀ, ਬਲਵੰਤ ਆ ਗਏ, ਭਰਾ ਜੀ ਦੇ ਦੋਸਤ। ਉਹ ਕਵੀ, ਜਿਨ੍ਹਾਂ ਦੀਆਂ ਕਈ ਕਿਤਾਬਾਂ ਛਪੀਆਂ ਨੇ। ਉਹੋ ਅੰਮ੍ਰਿਤਸਰ ਵਾਲੇ, ਭਰਾ ਜੀ ਦੇ ਜਮਾਤੀ।"

ਇਉਂ ਜਾਪਿਆ ਜਿਵੇਂ ਕੁੜੀ ਮਾਂ ਜੀ ਨੂੰ ਇਕੋ ਵਾਰੀ ਸਭ ਕੁਝ, ਜੋ ਕੁਝ ਬਲਵੰਤ ਬਾਰੇ ਜਾਣਦੀ ਸੀ, ਕਹਿ ਦੇਣਾ ਚਾਹੁੰਦੀ ਸੀ। ਬਲਵੰਤ ਨੇ ਬਟੂਏ ਵਿਚੋਂ ਯੱਕੇ ਵਾਲੇ ਨੂੰ ਪੈਸੇ ਦਿਤੇ ਤੇ ਇੰਨੇ ਚਿਰ ਵਿਚ ਮਾਂ ਜੀ ਬਾਹਰ ਨਿਕਲ ਆਏ। ਬਲਵੰਤ ਨੇ ਅਜੇ ਹੱਥ ਜੋੜੇ ਹੀ ਸਨ ਕਿ ਮਾਂ ਦੇ ਮੂੰਹ ਵਿਚੋਂ ਸੀਤਲ ਜਲ ਦੇ ਫੁਹਾਰੇ ਵਾਂਗ ਅਸੀਸਾਂ ਨਿਕਲ ਪਈਆਂ, "ਜੁਗ ਜੁਗ ਜੀਵੇ ! ਜੰਮ ਜੰਮ ਆਓ ! ਵੱਡੀ ਉਮਰ ਹੋਵੇ ! ਤਕੜਾ ਰਿਹਾ, ਮੇਰਾ ਪੁੱਤਰ ?"

"ਹਾਂ, ਮਾਂ ਜੀ ! ਤੁਹਾਡੀ ਕਿਰਪਾ। ਜਿਸ ਦੇ ਸਿਰ 'ਤੇ ਤੁਹਾਡਾ ਹੱਥ ਹੋਵੇ ਉਸ ਨੂੰ ਦੁੱਖ ਕਿੱਦਾਂ ਪੋਹ ਸਕਦੇ ਨੇ ਭਲਾ ?"

ਮਾਂ ਨੇ ਅੱਗੇ ਵਧ ਕੇ ਬਲਵੰਤ ਦਾ ਮੱਥਾ ਚੁੰਮ ਲਿਆ। ਇੰਨੇ ਨੂੰ ਕੁੜੀ ਨੇ ਡਿਉਢੀ ਵਾਲੀ ਬੈਠਕ ਦਾ ਅੰਦਰਲਾ ਬੂਹਾ ਖੋਲ੍ਹ ਦਿੱਤਾ ਤੇ ਨਾਲ ਹੀ ਅੰਦਰ ਵਾਲੀਆਂ ਬਾਰੀਆਂ। ਅਟੈਚੀ ਕੇਸ ਤੇ ਸੂਟਕੇਸ ਉਸ ਇਕ ਹੱਥ ਵਿਚ ਲਮਕਾ ਲਏ ਤੇ ਬੈਠਕ ਵਿਚ ਲੈ ਗਈ। ਉਸ ਵੱਲ ਵੇਖ ਕੇ ਬਲਵੰਤ ਵੀ ਬਿਸਤਰਾ ਚੁੱਕ ਕੇ ਮਗਰ ਤੁਰ ਪਿਆ। ਬੈਠਕ ਵਿਚ ਵੜਦਿਆਂ ਉਸ ਕਿਹਾ, "ਤੁਸੀਂ ਕਿਉਂ ਏਨੀ ਖੇਚਲ ਕੀਤੀ ? ਮੈਂ ਆਪ ਚੁੱਕ ਲਿਆਉਂਦਾ।"

ਕਹਿਣ ਨੂੰ ਤਾਂ ਕੁੜੀ ਨੇ ਕਿਹਾ, "ਖੇਚਲ ਕਾਹਦੀ ?" ਪਰ ਉਸ ਦੇ ਸ਼ਬਦਾਂ ਵਿਚ ਬਲਵੰਤ ਨੂੰ ਇਉਂ ਜਾਪਿਆ, ਜਿਵੇਂ ਉਹ ਕਹਿ ਰਹੀ ਹੋਵੇ, ਮੈਂ ਸ਼ਹਿਰੀ ਕੁੜੀਆਂ ਵਾਂਗ ਨਾਜ਼ਕ ਮਲੂਕ ਨਹੀਂ।

ਮਾਂ ਵੀ ਬੈਠਕ ਦੇ ਬੂਹੇ ਅੱਗੇ ਆ ਗਈ। "ਵੇਖੇਂ ਨਾ ਕਾਕਾ, ਤੂੰ ਜ਼ਰਾ ਲੀੜੇ ਲਾਹ ਕੇ 'ਰਮਾਨ ਕਰ ਲੈ, ਤੇ ਵਿਹੜੇ ਵਿਚ ਈ ਪੰਪ ਏ, ਉਥੇ ਨਹਾ ਲਵੀਂ। ਬਲਬੀਰ ਵੀ ਆਉਂਦਾ ਹੋਣੈ ਹੁਣੇ। ਬੰਨੇ ਫੇਰਾ ਮਾਰਨ ਗਿਐ। ਨਾਲੇ ਤੁਸੀਂ ਤੇ ਸ਼ਹਿਰੀਏ, ਚਾਹ ਈ ਪੀਂਦੇ ਓ ਕਿ ? ਬੀਬੀ ਚਾਹ ਬਣਾ ਲੈਂਦੀ ਏ।"

"ਨਹੀਂ ਮਾਂ ਜੀ, ਚਾਹ ਦਾ ਕਿਹੜਾ ਵੇਲਾ ਏ। ਹੁਣ ਮੈਂ ਰੋਟੀ ਹੀ ਖਾਵਾਂਗਾ।"

"ਦੁੱਧ ਤੇ ਪੀਵੇਂਗਾ ਫੇਰ ?" ਮਾਂ ਜੀ ਦੀ ਪੁੱਛ ਵਿਚ ਜ਼ਰੂਰ ਪਿਆਉਣ ਦੀ ਦ੍ਰਿੜ੍ਹਤਾ ਸੀ।

"ਮੈਂ ਲੱਸੀ ਪੀਵਾਂਗਾ, ਰੋਟੀ ਨਾਲ।"

"ਰੋਟੀ ਤਾਂ ਤਿਆਰ ਈ ਸਮਝ ਫੇਰ।"

ਕੁੜੀ ਨੇ ਬਾਹਰ ਜਾ ਕੇ ਪੰਪ ਲਾਗੇ ਸਾਬਣ ਤੇਲ ਰੱਖ ਦਿੱਤਾ ਸੀ।

"ਵੇ ਤੇਜੀ", ਉਸ ਦੀ ਆਵਾਜ਼ ਬਲਵੰਤ ਨੇ ਕਪੜੇ ਲਾਹੁੰਦਿਆਂ ਸੁਣੀ ਤੇ ਨਾਲ ਹੀ ਉਪਰੋਂ, "ਹਾਂ, ਭੂਆ ਜੀ" ਦਾ ਲਮਕਵਾਂ ਉੱਤਰ।

"ਜਾਹ ਵੇ, ਪੈਲੀਆਂ ਨੂੰ, ਵੀਰੇ ਨੂੰ ਸੱਦ ਲਿਆ। ਨਾਲੇ ਭਰਜਾਈ ਨੂੰ ਕਹੀਂ, ਕੋਈ ਸਬਜੀ-ਸੁਬਜੀ ਕਮਾਦ ਲਾਗਲੇ ਖੱਤੇ ਵਿਚੋਂ ਲੈ ਆਵੇ। ਆਖੀਂ, ਅੰਬਰਸਰ ਵਾਲੇ ਬਲਵੰਤ ਆਏ ਨੇ।"

ਤੇਜੀ ਜਦੋਂ ਥੱਲੇ ਉੱਤਰ ਕੇ ਬੈਠਕ ਲਾਗਿਓਂ ਲੰਘਣ ਲੱਗਾ ਤਾਂ ਬਲਵੰਤ ਨੇ ਉਸ ਨੂੰ ਆਵਾਜ਼ ਮਾਰੀ। ਉਹ ਨੌਂ ਕੁ ਸਾਲ ਦਾ ਸਾਫ਼ ਸੁਥਰਾ ਬੱਚਾ ਸੀ।

"ਭਲਾ, ਮੈਂ ਕੌਣ ?" ਬਲਵੰਤ ਨੇ ਉਸ ਨੂੰ ਹੱਥ ਜੋੜ ਕੇ ਅੰਦਰ ਵੜਦਿਆਂ ਵੇਖ ਕੇ ਕਿਹਾ।

"ਚਾਚਾ ਜੀ !"

"ਤੁਹਾਨੂੰ ਕਿਵੇਂ ਪਤਾ ?"

"ਤੁਹਾਡੀ ਕਿਤਾਬ ਵਿਚ ਤਸਵੀਰ ਏ ਨਾ ? ਬਾਪੂ ਜੀ ਕਹਿੰਦੇ ਸੀ, ਤੁਹਾਡੀ ਤਸਵੀਰ ਏ। ਤੁਸੀਂ ਫੇਰ ਚਾਚਾ ਜੀ ਨਾ ਹੋਏ ?"

ਬਲਵੰਤ ਇਹ ਬਾਲ-ਦਲੀਲ ਸੁਣ ਕੇ ਚੁੱਪ ਹੋ ਗਿਆ।

"ਮੈਂ ਫੇਰ ਬਾਪੂ ਜੀ ਨੂੰ ਖੂਹੋਂ ਸੱਦ ਲਿਆਵਾਂ ?" ਕਹਿ ਕੇ ਮੁੰਡਾ ਤੁਰ ਪਿਆ।

ਬਲਵੰਤ ਨੇ ਕਿੰਨੀ ਅਪਣੱਤ ਇਸ ਨਵੇਕਲੇ ਪਿੰਡ ਦੇ ਅੱਧੇ ਕੱਚੇ, ਅੱਧੇ ਪੱਕੇ ਮਕਾਨ ਵਿਚੋਂ ਲੱਭੀ। ਉਹ ਚੀਜ਼ ਜੋ ਸਾਲਾਂ ਤੋਂ ਕਸ਼ਮੀਰ ਦੀਆਂ ਵਾਦੀਆਂ, ਪਹਾੜਾਂ ਦੀਆਂ ਚੋਟੀਆਂ, ਝੀਲਾਂ, ਝਰਨਿਆਂ ਤੇ ਸਮੁੰਦਰੀ ਕੰਢੇ ਤੇ ਨਜ਼ਾਰਿਆਂ ਵਿਚੋਂ ਤੇ ਸ਼ਹਿਰੀ ਲੋਕਾਂ ਦੇ ਆਪਾ-ਲੁਕਾ ਵਿਚੋਂ ਉਸ ਨੂੰ ਕਦੇ ਪ੍ਰਾਪਤ ਨਹੀਂ ਸੀ ਹੋਈ, ਉਸ ਦੀ ਨਿੰਮੀ ਨਿੰਮੀ ਸੁਗੰਧ ਉਸ ਨੂੰ ਏਥੇ ਪ੍ਰਤੀਤ ਹੋ ਰਹੀ ਸੀ।

2

ਬਲਬੀਰ ਵੱਟ 'ਤੇ ਪੈਰਾਂ ਭਾਰ ਬੈਠਾ ਸੀ 'ਤੇ ਬਲਵੰਤ ਹਲ ਦੀ ਹੱਥ ਫੜੀ ਹਲ ਵਾਹੁਣ ਸਿੱਖ ਰਿਹਾ ਸੀ। ਨ੍ਹਾਮਾ, ਕਾਮਾ ਅੱਗੇ ਅੱਗੇ ਸੀ ਤੇ ਉਹ ਮਗਰ ਮਗਰ। ਬਲਬੀਰ ਬੋਲ ਉੱਠਿਆ, "ਜੰਗੀ ਨੱਪ ਕੇ ਰੱਖੀਂ, ਬਲਵੰਤ। ਪਸ਼ੂ ਨਾ ਫਾਲ ਸੁੱਟੀਂ। ਸਿਆੜ ਪੈਰਲਲ ਵਾਹੀਂ, ਕਿਤੇ ਪਾੜਾ ਨਾ ਰਹਿ ਜਾਏ।"

"ਔਖਾ ਕੰਮ ਹੈ, ਬਲਬੀਰ !"

"ਸੌਖਾ ਤੇ ਵਿਹਲੇ ਬਹਿ ਕੇ ਖਾਣਾ ਐ।"

ਬਲਵੰਤ ਨੂੰ ਇਉਂ ਜਾਪਿਆ, ਜਿਵੇਂ ਬਲਬੀਰ ਕੁਝ ਕਹਿੰਦਾ ਕਹਿੰਦਾ ਰੁਕ ਗਿਆ ਹੋਵੇ। ਉਸ ਨੂੰ ਨਾ ਕਿਹਾ ਵਾਕ ਇਉਂ ਬੇ-ਸ਼ਬਦਾ ਬੋਲਦਾ ਜਾਪਿਆ : "ਤੇ ਨਾਲੇ ਬਿਨ੍ਹਾਂ ਤਜਰਬੇ ਵਿਚ ਪਿਆਂ ਕਿਸੇ ਵਿਸ਼ੇ 'ਤੇ ਕਵਿਤਾ ਲਿਖਣੀ।"

ਉਸ ਨੇ ਇਨ੍ਹਾਂ ਪੰਦਰਾਂ ਦਿਨਾਂ ਵਿਚ ਬਹੁਤ ਕੁਝ ਦੇਖਿਆ, ਜਾਣਿਆ ਤੇ ਅਨੁਭਵ ਕੀਤਾ ਸੀ। ਬਲਬੀਰ ਦੀ ਕੁੱਲ ਸਾਢੇ ਤੇਈ ਵਿਘੇ ਜ਼ਮੀਨ ਸੀ। ਇਕ ਉਸ ਦਾ ਲੜਕਾ ਸੀ ਤੇ ਇਕ ਲੜਕੀ। ਭਰਾ ਉਸ ਦਾ ਕੋਈ ਨਹੀਂ ਸੀ ਤੇ ਪਿਤਾ ਦੀ ਮੌਤ ਮਗਰੋਂ ਉਸ ਨੇ ਦੋ ਭੈਣਾਂ ਦਾ ਵਿਆਹ ਕੀਤਾ ਸੀ – ਇਕ ਆਪਣੇ ਤੋਂ ਛੋਟੀ ਤੇ ਇਕ ਸਭ ਤੋਂ ਛੋਟੀ ਦਾ। ਗੁਰਚਰਨ ਹਾਲਾਂ ਕੁਆਰੀ ਸੀ, ਜੋ ਬਲਬੀਰ ਤੋਂ ਛੋਟੀ ਤੋਂ ਛੋਟੀ, ਯਾਨੀ ਸਭ ਤੋਂ ਛੋਟੀ ਤੋਂ ਵੱਡੀ ਸੀ। ਜੇ ਬਲਬੀਰ ਦੇ ਦੋ ਮੁੰਡੇ ਹੋਣ ਤਾਂ ਉਨ੍ਹਾਂ ਦੇ ਹਿੱਸੇ ਪੌਣੇ ਬਾਰਾਂ ਬਾਰਾਂ ਵਿਘੇ ਭੌਂ ਆਉਂਦੀ ਸੀ। ਗੁਰਚਰਨੋ ਟੱਬਰ 'ਤੇ ਭਾਰ ਨਹੀਂ ਸੀ। ਉਹ ਵੀਹਵੇਂ ਵਰ੍ਹੇ ਵਿਚ ਪੈਰ ਰੱਖ ਚੁੱਕੀ ਸੀ। ਉਸ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ, ਇਸੇ ਲਈ ਭਰਾ ਨੇ ਉਸ 'ਤੇ ਸਾਰੀ ਵਾਹ ਲਾ ਕੇ ਖ਼ਰਚ ਕੀਤਾ ਸੀ ਤੇ ਉਹ ਲੇਡੀ ਹੈਲਥ ਵਿਜ਼ਿਟਰ ਬਣਨ ਵਾਲੀ ਟ੍ਰੇਨਿੰਗ ਲੈ ਆਈ ਹੋਈ ਸੀ। ਪਰ ਉਸ ਨੌਕਰੀ ਨਹੀਂ ਸੀ ਕੀਤੀ ਤੇ ਲੋਕ-ਸੇਵਾ ਵਿਚ ਲੱਗ ਗਈ ਸੀ। ਬਾਹਰੇ ਭਥ ਵਿਚ ਉਹ 'ਭੈਣ ਡਾਕਟਰਿਆਣੀ' ਕਰਕੇ ਮਸ਼ਹੂਰ ਸੀ। ਪਿੰਡ ਵਿਚ ਉਹ ਕੁੜੀਆਂ ਤੇ ਜ਼ਨਾਨੀਆਂ ਨੂੰ ਪੜ੍ਹਾਉਂਦੀ ਸੀ ਤੇ ਸਰਕਾਰੀ, ਦੇਸੀ ਦਾਈਆਂ ਦੀ ਔਖੇ ਕੰਮ ਵਿਚ ਸਹਾਇਤਾ ਕਰਦੀ ਸੀ।

ਉਹ ਬਲਵੰਤ ਨੂੰ ਕਾਮਿਆਂ ਦੇ ਘਰਾਂ ਵਿਚ ਲੈ ਜਾਂਦੀ ਸੀ ਕਿ ਉਹ ਵੇਖ ਸਕੇ ਕਿ ਇਸ ਖੇਤੀਬਾੜੀ ਵਾਲੇ ਦੇਸ਼ ਵਿਚ ਜਿਨ੍ਹਾਂ ਕੋਲ ਧਰਤੀ ਨਹੀਂ, ਉਨ੍ਹਾਂ ਦੀ ਕੀ ਦਸ਼ਾ ਹੈ। ਚੂਹੜੇ ਤੇ ਚਮਿਆਰ ਭਾਰਤ ਵਿਚ ਸਮਾਨਤਾ ਦੇ ਅਸੂਲ ਦੇ ਹੁੰਦਿਆਂ ਕਿਵੇਂ ਅੱਗੇ ਵਾਂਗ ਨੀਚ ਹੀ ਸਮਝੇ ਜਾਂਦੇ ਸਨ। ਕਿਵੇਂ ਅੱਧੇ ਪਿੰਡ ਦੀ ਭੋਂ ਦਾ ਮਾਲਕ ਜਾਗੀਰਦਾਰ ਰਤਨ ਸਿੰਘ ਬਿਨਾਂ ਕੁਝ ਕੀਤਿਆਂ ਇਨ੍ਹਾਂ ਗੰਦੀਆਂ ਲੀਰਾਂ ਦੀ ਪੁਸ਼ਾਕ ਵਾਲਿਆਂ ਅਖੌਤੀ ਕਮੀਣਾਂ ਦੇ ਲਹੂ 'ਤੇ ਪਲਦਾ ਸੀ। ਇਹ ਸਾਰੀਆਂ ਗੱਲਾਂ ਉਸ ਨੇ ਉਸ ਨੂੰ ਦਿਖਾ ਕੇ ਉਸ ਦੇ ਦਿਲ-ਦਿਮਾਗ ਵਿਚ ਵਸਾ ਦਿੱਤੀਆਂ ਸਨ।

ਕਵੀ ਬਲਵੰਤ ਸਮਝਦਾ ਸੀ ਕਿ ਉਹ ਬਿਨਾਂ ਦੇਖਿਆਂ ਸਭ ਕੁਝ ਜਾਣ ਸਕਦਾ ਹੈ, ਬਿਨ੍ਹਾਂ ਮਹਿਸੂਸਿਆਂ ਸਭ ਕੁਝ ਪ੍ਰਤੀਤ ਕਰ ਸਕਦਾ ਹੈ। ਉਹ ਨਿਰੋਲ ਕਲਪਨਾ ਤੋਂ ਤਜਰਬੇ ਦਾ ਕੰਮ ਲੈ ਕੇ ਅਸਲੀਅਤ ਨੂੰ ਚਿੱਤਰ ਸਕਣ ਦੇ ਵਹਿਣ ਨੂੰ ਸੱਚ ਬਣਾਈ ਬੈਠਾ ਸੀ। ਉਸ ਦੀ ਕਵਿਤਾ ਦੀ ਨੀਂਹ 'ਤੇ ਧੁੰਦਾਂ ਤੇ ਧੂੰਏਂ ਸਨ। ਅਖ਼ਬਾਰਾਂ, ਪਤ੍ਰਿਕਾਵਾਂ, ਧਨੀ ਲੋਕ ਤੇ ਪ੍ਰੋਫ਼ੈਸਰ ਉਸ ਦੀ ਕਵਿਤਾ ਨੂੰ ਸਲਾਹੁੰਦੇ ਸਨ। ਚਿੰਨ੍ਹਵਾਦ ਤੇ ਪਰਾਯਥਾਰਥਵਾਦ 'ਤੇ ਲਿਖ ਕੇ, ਅਤੇ ਉਸ ਦੀ ਕਵਿਤਾ ਵਿਚ ਉਹੋ ਲੱਛਣ ਵਿਖਾ ਕੇ ਉਹ ਲੋਕ ਉਸ ਦੀ ਕਵਿਤਾ ਵਿਚੋਂ ਰਹਿੰਦੀ-ਖੂੰਹਦੀ ਮਨੁੱਖਤਾਵਾਦੀ ਜਾਨ ਵੀ ਕੱਢ ਦੇਣਾ ਚਾਹੁੰਦੇ ਸਨ। ਬਲਵੰਤ ਨੇ ਸੋਚਿਆ, ਉਸ ਦੀ ਲਿਖਤ ਦੀ ਸਾਰੀ ਆਮਦਨ

ਉਸ ਨੂੰ ਜੀਉਂਦਿਆਂ ਨਹੀਂ ਰੱਖ ਸਕਦੀ, ਜੇ ਉਸ ਨੂੰ ਅੰਮ੍ਰਿਤਸਰ ਵਿਚੋਂ ਦੋ ਕੋਠੀਆਂ ਦੇ ਕਿਰਾਏ ਨਾ ਆਉਂਦੇ ਹੋਣ। ਉਸ ਨੂੰ ਆਪਣੀਆਂ ਕੋਠੀਆਂ ਤੇ ਰਤਨ ਸਿੰਘ ਦੀ ਜ਼ਮੀਨ ਇਕੋ ਜਿਹੀ ਜਾਪੀ। ਉਹ ਆਪ ਤੇ ਨ੍ਹਾਮਾ-ਕਾਮਾ, ਉਸ ਨੂੰ ਇਕੋ ਜਿਹੇ ਜਾਪੇ। ਕਵਿਤਾ ਦੀ ਕਮਾਈ ਨਾਲ ਉਹ ਵੀ ਨ੍ਹਾਮੇ ਦੀ ਵਾਹੀ ਦੀ ਆਮਦਨ ਜਿੰਨਾ ਮਸੀਂ ਪੈਦਾ ਕਰਦਾ ਸੀ। ਬਲਵੰਤ ਕਵੀ ਦੀ ਉਹ ਦਸ਼ਾ ਹੈ ਜੋ ਨ੍ਹਾਮੇ ਕਾਮੇ ਦੀ। ਹੁਣ ਉਸ ਨੂੰ ਬਲਵੰਤ ਕਵੀ ਪਿੱਛੇ ਖੜਾ ਅਵਤਾਰੀ ਚਾਨਣ-ਚੱਕਰ ਉੱਡਦਾ ਜਾਪਿਆ। ਉਸ ਦੇ ਸਿਰ ਤੋਂ ਚਾਨਣੀ ਦੀਆਂ ਰਿਸ਼ਮਾਂ ਵਿਚ ਉਣੀਆਂ ਸੂਰਜ ਦੀਆ ਕਿਰਨਾਂ ਦੀਆਂ ਤਿੱਲੇਤਾਰਾਂ ਵਾਲੀ ਮਹਾਂ ਕਵੀਆਂ ਵਾਲੀ ਪੱਗ ਗਾਇਬ ਹੁੰਦੀ ਜਾਪੀ।

ਨ੍ਹਾਮੇ ਦੀ ਸਦ ਉਸ ਨੂੰ ਸਮਝ ਆਉਂਦੀ ਸੀ, ਪਰ ਉਸ ਦੀ ਆਪਣੀ ਕਵਿਤਾ ਦੀ ਤੁਕ ਪੰਜਾਬੀ ਬੋਲੀ ਵਿਚ ਹੁੰਦਿਆਂ ਵੀ ਬਹੁਤੇ ਲੋਕਾਂ ਨੂੰ ਸਮਝ ਨਹੀਂ ਸੀ ਆਉਂਦੀ। ਸ਼ਾਇਦ ਇਸੇ ਕਾਰਨ ਉਸ ਨੂੰ ਉੱਚੇ ਸਮਾਜ ਵਲੋਂ ਮਾਣ ਪ੍ਰਾਪਤ ਹੁੰਦਾ ਸੀ। ਲੋਕਾਂ ਵਿਚ ਪਹੁੰਚ ਰੱਖਣ ਵਾਲੀ ਜ਼ਬਾਨ ਨੂੰ ਕੱਟ ਕੇ ਉਹ ਮਹਾਨਤਾ ਦੀ ਗੁੰਗੀ ਤਾਰੀਫ਼ ਦੀ ਸਨਦ ਕਵੀ ਦੇ ਪੱਲੇ ਬਨ੍ਹ ਦਿੰਦੇ ਸਨ।

ਅੱਜ ਬਲਬੀਰ ਦਾ ਹਲ ਵਾਹੁੰਦਿਆਂ ਉਸ ਨੂੰ ਆਪਣੇ ਹੁਨਰ ਅੰਦਰ ਜੀਵਨ ਅੰਗੜਾਈ ਲੈਂਦਾ ਮਹਿਸੂਸ ਹੋਇਆ। ਨ੍ਹਾਮੇ ਨੇ ਵਿਚੋਂ ਹੀ ਮਿਰਜ਼ੇ ਦੀ ਸੱਦ ਫੇਰ ਲਾ ਦਿਤੀ ਸੀ। ਉਸ ਦੀ ਧਾਰਨਾ ਕਵੀ ਦੇ ਦਿਲ ਵਿਚ ਗੂੰਜਣ ਲਗੀ। ਬਲਬੀਰ ਨੇ ਸੰਬਕ ਦੇ ਕੇ ਬਲਵੰਤ ਕੋਲੋਂ ਹਲ ਸੰਭਾਲ ਲਿਆ। ਬਲਵੰਤ ਕੁਝ ਚਿਰ ਮਗਰੋਂ ਪਿੰਡ ਨੂੰ ਤੁਰ ਪਿਆ।

ਦੂਜੇ ਦਿਨ ਗੁਰਚਰਨ ਜਦੋਂ ਬੈਠਕ ਝਾੜਨ ਲਈ ਗਈ ਤਾਂ ਉਸ ਬਲਵੰਤ ਦੇ ਪੈਡ ਉਪਰ ਮਿਰਜ਼ੇ ਦੀ ਧਾਰਨਾ ਵਿਚ 'ਕਿਸਾਨ ਦੀ ਵਾਰ' ਲਿਖੀ ਹੋਈ ਦੇਖੀ, ਜਿਸ ਦੇ ਹਰ ਬੰਦ ਦੇ ਅਖ਼ੀਰ ਵਿਚ ਸੱਦ ਆਉਂਦੀ ਸੀ, 'ਕਿਰਸ੍ਹਾਨਾ ਓ ਜੋਧਿਆ !' ਕਿੰਨੀ ਸਾਦੀ ਬੋਲੀ, ਸੌਖੇ-ਸਪੱਸ਼ਟ ਅਲੰਕਾਰ ਤੇ ਪੱਧਰੀ ਧਾਰਨਾ ਸੀ। ਗੁਰਚਰਨ ਦੀ ਆਸ ਜਿਵੇਂ ਫਲ ਪਈ ਸੀ। ਜਿਸ ਬਲਵੰਤ ਦੀ ਕਵਿਤਾ ਨੂੰ ਮਧ-ਵਰਗੀ ਵਿਚਾਰਵਾਨ ਤੇ ਪ੍ਰੋਫ਼ੈਸਰ ਮਸੀਂ ਸਮਝਦੇ ਸਨ ਤੇ ਫੇਰ ਵੀ ਉਨ੍ਹਾਂ ਨੂੰ ਇਹ ਯਕੀਨ ਨਹੀਂ ਸੀ ਹੁੰਦਾ ਕਿ ਉਹ ਠੀਕ ਸਮਝਦੇ ਹਨ ਕਿ ਗਲਤ, ਉਸ ਦੀ ਇਸ ਕਵਿਤਾ ਨੂੰ ਬਹੁ-ਗਿਣਤੀ ਅਨਪੜ੍ਹ ਲੋਕ ਵੀ ਸਮਝ ਸਕਦੇ ਸਨ। ਗੁਰਚਰਨ ਨੂੰ ਉਹ ਕਵਿਤਾ ਏਨੀ ਪਿਆਰੀ ਲੱਗੀ ਕਿ ਉਸ ਬਲਵੰਤ ਦੇ ਸੈਰ ਕਰ ਕੇ ਵਾਪਸ ਮੁੜਨ 'ਤੇ ਉਸਨੂੰ ਨਕਲ ਕਰਨ ਦੀ ਆਗਿਆ ਮੰਗੀ। ਪੰਜਵੇਂ ਸਤਵੇਂ ਦਿਨ ਉਸ ਨੂੰ ਬਲਵੰਤ ਨੇ ਆਪਣੀ ਇਕ ਹੋਰ ਕਵਿਤਾ ਸੁਣਾਈ, ਜਿਸ ਦਾ ਅਨੁਭਵ ਮਧ-ਵਰਗੀ ਸੀ, ਪਰ ਬੋਲੀ ਤੇ ਬਣਤਰ ਇਹੋ ਜਿਹੀ ਸੀ ਕਿ ਬਲਬੀਰ, ਗੁਰਚਰਨ ਤੇ ਬਲਬੀਰ ਦੀ ਵਹੁਟੀ, ਬੇਅੰਤ ਕੌਰ ਵੀ, ਜਿਹੜੀ ਮਸੀਂ ਅੱਠ ਜਮਾਤਾਂ ਪੜ੍ਹੀ ਹੋਈ ਸੀ, ਉਸ ਦੇ ਅਰਥ ਸਮਝ ਗਈ। ਅੱਜ ਇਕ ਹੋਰ ਫਲ ਪਿਆ ਬਲਬੀਰ ਦੇ ਟੱਬਰ ਦੀਆਂ ਆਸਾਂ ਨੂੰ।

ਬਲਵੰਤ ਅਕਸਰ ਇਸ ਛੋਟੇ ਟੱਬਰ ਨੂੰ ਆਪਣੀਆਂ ਨਵੀਆਂ ਕਵਿਤਾਵਾਂ ਗਾ ਗਾ ਕੇ ਸੁਣਾਉਂਦਾ, ਪਰ ਜਦੋਂ ਉਸ ਨੂੰ ਇਹ ਕਵਿਤਾਵਾਂ ਸ਼ਾਮ ਨੂੰ ਪੜ੍ਹਨ ਆਇਆਂ

ਸਾਊਆਂ, ਸੁਆਣੀਆਂ ਤੇ ਬੀਬੀਆਂ ਵਿਚ ਸੁਣਾਉਣ ਨੂੰ ਕਿਹਾ ਤਾਂ ਉਹ ਨਾਂਹ ਕਰ ਦਿੰਦਾ। ਗੁਰਚਰਨ ਆਪਣੇ ਭਰਾ ਨੂੰ ਅਕਸਰ ਕਿਹਾ ਕਰਦੀ, "ਵੀਰ, ਜੇ ਬਲਵੰਤ ਹੋਰੀਂ ਕਿਤੇ ਭਰੇ ਜਲਸੇ ਵਿਚ ਗਾ ਕੇ ਕਵਿਤਾ ਕਹਿਣ ਤਾਂ ਲੋੜ੍ਹਾ ਆ ਜਾਏ।" ਬਲਵੰਤ ਦੀਆਂ ਕਈ ਕਵਿਤਾਵਾਂ ਦੀ ਤਰਜ਼ ਨੂੰ ਗੁਰਚਰਨ ਗੁਣਗੁਣਾਉਂਦੀ ਰਹਿੰਦੀ। ਗੁਰਚਰਨ ਦਾ ਗਲਾ ਬੜਾ ਸੁਰੀਲਾ ਸੀ। ਬਲਵੰਤ ਨੇ ਉਸ ਨੂੰ ਕਦੇ ਗਾਉਂਦਿਆਂ ਨਹੀਂ ਸੁਣਿਆ ਸੀ। ਇਕ ਸ਼ਾਮ ਜਦ ਉਹ ਬਾਹਰ ਇੱਕ ਟਾਹਲੀ ਹੇਠ ਮਗਨ ਬੈਠਾ ਸੀ ਤਾਂ ਉਸ ਗੁਰਚਰਨ ਦੀ ਆਵਾਜ਼ ਵਿਚ ਆਪਣੀ ਇਕ ਨਵੀਂ ਕਵਿਤਾ ਗਾਈ ਜਾਂਦੀ ਸੁਣੀ। ਗੁਰਚਰਨ ਕਿਸੇ ਇਕ ਦੂਸਰੇ ਪਿੰਡੋਂ ਕਿਸੇ ਜਣਨੀ ਦੀ ਸੇਵਾ ਕਰ ਕੇ ਕੁਝ ਲੇਟ ਮੁੜ ਰਹੀ ਸੀ। ਬਲਵੰਤ ਨੂੰ ਆਪਣੀ ਕਵਿਤਾ ਤੀਰ ਵਾਂਗ ਤੇਜ਼ ਹੁੰਦੀ ਜਾਪੀ। ਉਸ ਨੂੰ ਆਪਣੀ ਕਵਿਤਾ ਪਰਵਾਜ਼ ਕਰ ਕੇ ਹਵਾ ਵਿਚ ਫੈਲਦੀ ਤੇ ਵਿਸ਼ਵ ਮੰਡਪ ਵਿਚ ਗੂੰਜਦੀ ਜਾਪੀ। ਉਸ ਨੂੰ ਆਪਣੀ ਇਕ ਕਵਿਤਾ ਦੀਆਂ ਸਤਰਾਂ ਯਾਦ ਆ ਗਈਆਂ :

ਸੁਰ ਹੋ ਕੇ ਰਾਗ-ਕਵਿਤਾ, ਜਦ ਗੀਤ ਕੋਈ ਗਾਵੇ।
ਚਾਲੂ ਕਰੇ ਅਚੱਲ ਨੂੰ, ਕਬਰਾਂ ਨੂੰ ਖੰਭ ਲਾਵੇ।

ਘੁਸਮੁਸੇ ਵਿਚ ਜਿਵੇਂ ਗੁਰਚਰਨ ਨੇ ਬਲਵੰਤ ਨੂੰ ਪਛਾਣ ਲਿਆ। ਉਹ ਚੁੱਪ ਹੋ ਗਈ। ਉਹ ਲਾਗਿਓਂ ਦੀ ਲੰਘ ਤੁਰੀ, ਇਹ ਸੋਚ ਕੇ ਕਿ ਸ਼ਾਇਦ ਬਲਵੰਤ ਰਚਨਾ-ਲੋਰ ਵਿਚ ਹੋਵੇ। ਪਰ ਬਲਵੰਤ ਉਠ ਬੈਠਾ।

"ਲੰਘ ਹੀ ਤੁਰੇ ਸੌ ਤੁਸੀਂ ?"

"ਹਾਂ, ਮੈਂ ਸਮਝੀ ਸੀ ਕਿ ਕੋਈ ਆਮਦ ਹੈ", ਗੁਰਚਰਨ ਨੇ ਆਖਿਆ।

"ਆਮਦ ਤਾਂ ਠੀਕ ਸੀ, ਪਰ ਉਹ ਦਿਲ ਵਿਚ ਹੀ ਤਾਂ ਲਹਿ ਗਈ।"

ਗੁਰਚਰਨ ਮੁੜ ਕੁਝ ਨਾ ਬੋਲੀ ਤੇ ਉਹ ਦੋਵੇਂ ਘਰ ਪਹੁੰਚ ਗਏ।

3

ਬਲਵੰਤ ਨੂੰ ਪੰਡੋਰੀ ਆਏ ਦੋ-ਢਾਈ ਮਹੀਨੇ ਹੋ ਚੁੱਕੇ ਸਨ। ਉਸ ਦੀਆਂ ਨਵੀਆਂ ਕਵਿਤਾਵਾਂ ਲਗਭਗ ਸਾਰੇ ਰਸਾਲਿਆਂ ਵਿਚ ਛਪ ਰਹੀਆਂ ਸਨ -ਕਿਸੇ ਵਿਚ ਕੋਈ, ਕਿਸੇ ਵਿਚ ਕੋਈ। ਦੂਸਰੇ ਮਹੀਨੇ ਦੇ ਰਸਾਲਿਆਂ ਵਿਚ ਬਲਵੰਤ ਦੇ ਨਵੇਂ ਰੰਗ ਦੀਆਂ ਰਚਨਾਵਾਂ ਛਪਣੀਆਂ ਸ਼ੁਰੂ ਹੋ ਰਹੀਆਂ ਸਨ। ਪਹਿਲਾ ਤਾਰੀਫ਼ ਕਰਨ ਵਾਲਾ ਧੜਾ ਹੁਣ ਬਲਵੰਤ ਤੋਂ ਨਿਰਾਸ ਸੀ। ਉਨ੍ਹਾਂ ਦੇ ਸ਼ਬਦ ਸਨ - 'ਉਸ ਦਾ ਹੁਨਰ ਹੁਣ ਢਲਣ ਲਗ ਪਿਆ ਹੈ', 'ਬਲਵੰਤ ਦੇ ਵਿਚਾਰ ਹੁਣ ਪਤਲੇ ਪੈ ਗਏ ਹਨ' ਆਦਿ। ਇਕ ਦੋ ਪਰਚਿਆਂ ਨੇ ਬਲਵੰਤ ਦੀ ਇਸ ਤਬਦੀਲੀ ਨੂੰ 'ਮਨੁੱਖਤਾ ਵਲ ਮੋੜਾ' ਤੇ 'ਮੁੜ ਘਰ ਆਉਣਾ' ਆਖਿਆ ਸੀ। ਇਕ ਗੱਲ ਤਾਂ ਜ਼ਰੂਰ ਸੀ ਕਿ ਬਹੁ-ਗਿਣਤੀ ਪਾਠਕ ਹੁਣ ਉਸ ਦੇ ਵਿਚਾਰਾਂ ਨੂੰ ਸਮਝਦੇ ਸਨ ਤੇ ਉਸ ਦੇ ਜਜ਼ਬਿਆਂ ਨਾਲ ਇਕ ਸਾਂਝ ਮਹਿਸੂਸ ਕਰਦੇ ਸਨ। ਹੁਣ ਉਹ ਓਪਰਾ ਨਹੀਂ ਸੀ, ਨਿਰਾਸ ਨਹੀਂ ਸੀ, ਔਖਾ ਨਹੀਂ ਸੀ।

ਬਲਵੰਤ ਕਵੀ ਦਰਬਾਰਾਂ, ਜਲਸਿਆਂ ਆਦਿ ਵਿਚ ਹਿੱਸਾ ਨਹੀਂ ਲੈਂਦਾ ਹੁੰਦਾ

ਸੀ। ਉਹ ਆਪਣੇ ਦੋਸਤਾਂ ਦੇ ਸੰਖਿਪਤ ਦਾਇਰੇ ਤੋਂ ਬਾਹਰ ਕਦੇ ਆਪਣੀ ਕਵਿਤਾ ਪੜ੍ਹ ਕੇ ਜਾਂ ਗਾ ਕੇ ਨਹੀਂ ਸੁਣਾਉਂਦਾ ਸੀ। ਸੱਤਰੰਗੀ ਪੀਂਘ ਦਾ ਚਾਨਣ-ਚੱਕਰ, ਜੋ ਉਹ ਲੋਕਾਂ ਤੋਂ ਨਵੇਕਲਾ ਹੋ ਕੇ ਤੇ ਆਪਣੇ ਆਪ ਨੂੰ ਉੱਚਾ ਸਮਝ ਕੇ ਆਪਣੇ ਦੁਆਲੇ ਪ੍ਰਤੀਤ ਕਰਦਾ ਸੀ, ਉਹ ਇਕ ਭਰਮ ਵਾਂਗ ਖਿੰਡ ਕੇ ਉੱਡ ਚੁੱਕਾ ਸੀ। ਪਰ ਉਸ ਦੇ ਰਹਿੰਦੇ ਪ੍ਰਭਾਵ ਦੇ ਕਾਰਨ ਹਾਲੀ ਲੋਕਾਂ ਦੇ ਸਾਹਮਣੇ ਆਉਣ ਦੀ ਉਸ ਨੂੰ ਸੰਗ ਸੀ। ਪਰ ਐਤਕੀਂ ਬਲਬੀਰ ਨੇ ਉਸ ਨੂੰ ਸੂਬੇ ਵਿਚ ਹੋ ਰਹੀ ਇਕ ਕਾਨਫਰੰਸ ਵਿਚ ਨਾਲ ਚੱਲਣ ਲਈ ਪ੍ਰੇਰ ਹੀ ਲਿਆ। ਬਲਬੀਰ ਤੇ ਗੁਰਚਰਨ ਦੋਵੇਂ ਡੈਲੀਗੇਟ ਸਨ। ਪਰ ਬਲਵੰਤ ਗੁਪਤ ਤੌਰ ਤੇ ਹੀ ਉਥੇ ਜਾਵੇਗਾ ਤੇ ਉਸ ਥਾਂ ਦੀ ਰੌਣਕ ਹੀ ਵੇਖੇਗਾ — ਇਹ ਉਸ ਨੇ ਦੋਹਾਂ ਤੋਂ ਮਨਵਾ ਲਿਆ ਸੀ। ਬੇਅੰਤ ਵੀ ਨਾਲ ਤਿਆਰ ਸੀ।

ਇਹ ਇਕ ਬਹੁਤ ਵੱਡੀ ਕਾਨਫਰੰਸ ਸੀ। ਹਿੰਦੁਸਤਾਨ ਭਰ ਦੇ ਸ਼ਾਂਤੀ-ਪ੍ਰੇਮੀ ਲੋਕ ਉਸ ਵਿਚ ਸ਼ਾਮਲ ਹੋਏ ਸਨ। ਬਾਹਰੋਂ ਵੀ ਕਈ ਪ੍ਰਤਿਨਿਧ ਆਏ ਸਨ। ਰੌਣਕ ਪ੍ਰਬੰਧਕਾਂ ਦੀ ਉਮੀਦ ਤੋਂ ਵੀ ਬਹੁਤ ਜ਼ਿਆਦਾ ਹੋ ਗਈ ਸੀ। ਮੀਲਾਂ ਲੰਮਾ ਅਮਨ-ਜਲੂਸ ਨਿਕਲਿਆ ਸੀ। ਸ਼ਾਂਤੀ ਦੇ ਹੱਕ ਵਿਚ ਦਲੀਲਾਂ-ਭਰੀਆਂ ਤਕਰੀਰਾਂ ਹੋਈਆਂ ਸਨ। ਬਲਵੰਤ ਇਕ ਅਜਨਬੀ ਦੇ ਤੌਰ 'ਤੇ ਦਰਸ਼ਕਾਂ ਵਿਚ ਬੈਠ ਕੇ ਸਭ ਕੁਝ ਵੇਖਦਾ ਰਿਹਾ ਸੀ।

ਰਾਤੀਂ ਕਵੀ ਦਰਬਾਰ ਸੀ। ਪੰਡਾਲ ਦੀਆਂ ਕਨਾਤਾਂ ਖੋਲ੍ਹ ਕੇ ਲੋਕਾਂ ਦੀ ਵੱਡੀ ਹਾਜ਼ਰੀ ਲਈ ਥਾਂ ਬਣਾਇਆ ਗਿਆ ਸੀ। ਦੂਰੋਂ ਦੂਰੋਂ ਕਵੀ ਤੇ ਗਵੱਈਏ ਆਏ ਸਨ। ਇਕ ਅਮਨ-ਨਾਟਕ ਵੀ ਖੇਡਿਆ ਜਾਣਾ ਸੀ। ਕਵਿਤਾਵਾਂ ਸ਼ੁਰੂ ਹੋਈਆਂ। ਕਵੀ ਬਲਵੰਤ ਨੇ ਬੜੇ ਗਹੁ ਨਾਲ ਸੁਣੀਆਂ। ਅੱਧਾ ਕੁ ਪ੍ਰੋਗਰਾਮ ਹੋ ਗਿਆ ਸੀ, ਜਦ ਸਟੇਜ-ਸਕੱਤਰ ਨੇ ਗੁਰਚਰਨ ਕੌਰ ਦਾ ਨਾਂ ਬੋਲਿਆ। ਗੁਰਚਰਨ ਸਟੇਜ 'ਤੇ ਹੀ ਸੀ। ਇਕ ਬਹਾਦਰ ਯੋਧੇ ਵਾਂਗ ਉਹ ਮਾਈਕਰੋਫੋਨ ਵੱਲ ਵਧੀ। ਮਾਈਕਰੋਫੋਨ ਜਿਵੇਂ ਉਸ ਦੇ ਦਰਮਿਆਨੇ ਕੱਦ ਲਈ ਅੱਗੇ ਹੀ ਮੇਚ ਸੀ। ਜਿਉਂ ਹੀ ਉਸ ਸੁਰ ਕੱਢੀ, ਪੰਡਾਲ ਵਿਚ ਸ਼ਾਂਤ ਵਰਤ ਗਈ। ਕਿਸੇ ਪਾਸਿਓਂ ਕੋਈ ਹਿੱਲ ਨਹੀਂ ਸੀ ਰਿਹਾ। ਪੰਜ ਮਿੰਟ ਦੇ ਗੀਤ ਵਿਚ ਕਈਆਂ ਬੰਦਾਂ 'ਤੇ ਮੁੜ ਗਵਾਉਣ ਲਈ ਤਾੜੀਆਂ ਵੱਜੀਆਂ ਤੇ ਜਦੋਂ ਗੁਰਚਰਨ ਨੇ ਗੀਤ ਖ਼ਤਮ ਕੀਤਾ ਤਾਂ ਲਗਾਤਾਰ ਕਿੰਨਾ ਚਿਰ ਤਾੜੀਆਂ ਵਜਦੀਆਂ ਰਹੀਆਂ।

ਸਟੇਜ-ਸਕੱਤਰ ਨਵੀਂ ਸੂਚਨਾ ਦੇਣ ਲਈ ਲੋੜ ਤੋਂ ਵਧ ਕਾਹਲ ਤੇ ਜੋਸ਼ ਦਿਖਾ ਰਿਹਾ ਸੀ। ਉਹ ਤਾੜੀਆਂ ਦੇ ਤੂਫ਼ਾਨ ਵਿਚ ਇਕ ਡੋਲਦੇ ਜਹਾਜ਼ ਦੇ ਬਾਦਬਾਨਾਂ ਵਾਂਗ ਬਾਹਾਂ ਹਿਲਾ ਹਿਲਾ ਕੇ ਉਸ ਨੂੰ ਠੱਲ੍ਹਣ ਦਾ ਜਤਨ ਕਰ ਰਿਹਾ ਸੀ। ਆਖ਼ਰ ਉਹ ਕਾਮਯਾਬ ਹੋ ਹੀ ਗਿਆ।

"ਇਕ ਚਿੱਟ ਆਈ ਹੈ", ਉਸ ਮਾਈਕਰੋਫੋਨ 'ਤੇ ਜ਼ਰਾ ਕੁ ਝੁਕ ਕੇ ਆਪਣੀ ਆਵਾਜ਼ ਨੂੰ ਉੱਚਾ ਕਰਦਿਆਂ ਕਿਹਾ, "ਇਹ ਚਿੱਟ ਮਹਾਨ ਕਵੀ ਬਲਵੰਤ ਦੀ ਹੈ।"

ਪੰਡਾਲ ਵਿਚ ਜਿਹੜਾ ਕੁਝ ਰੌਲ-ਰੱਪਾ ਸੀ। ਕਵੀ ਬਲਵੰਤ ਦੇ ਨਾਂ 'ਤੇ ਬੰਦ ਹੋ ਗਿਆ। ਗੁਰਚਰਨ ਦੇ ਗੀਤ ਜਿੰਨੀ ਚੁੱਪ, ਬਲਵੰਤ ਦੇ ਨਾਂ ਨੇ ਲੈ ਆਂਦੀ ਸੀ। ਲੋਕ-ਪਿੜਾਂ ਵਿਚ ਉਸ ਦੀਆਂ ਲੋਕ-ਕਵਿਤਾਵਾਂ ਮਹੀਨੇ ਦੋ ਮਹੀਨਿਆਂ ਵਿਚ ਹੀ ਸਾਰੇ

ਪੰਜਾਬ ਵਿਚ ਫੈਲ ਚੁੱਕੀਆਂ ਸਨ। ਰਸਾਲਿਆਂ ਵਿਚ ਨਵੀਂ ਚਰਚਾ ਚਲੀ ਹੋਈ ਸੀ। ਯੂਨੀਵਰਸਿਟੀ ਦੀਆਂ ਪੁਸਤਕਾਂ ਵਿਚ ਔਖੀ ਕਵਿਤਾ ਲਿਖਣ ਕਰਕੇ ਉਹ ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਵਿਚ ਅੱਗੇ ਹੀ ਮਸ਼ਹੂਰ ਸੀ।

ਸਟੇਜ-ਸਕੱਤਰ ਨੇ ਐਲਾਨ ਕੀਤਾ ਕਿ ਉਹ ਆਪ ਇਕ ਆਪਣੀ ਅਮਨ-ਕਵਿਤਾ ਗਾ ਕੇ ਸੁਣਾਉਣਗੇ। ਤਾੜੀਆਂ ਨਾਲ ਮੰਡਪ ਗੂੰਜ ਉਠਿਆ।

ਇਕ ਪੱਚੀ-ਛੱਬੀ ਸਾਲ ਦਾ ਨੌਜਵਾਨ ਖੱਬੇ ਬੰਨੇ ਦੀਆਂ ਪੌੜੀਆਂ ਤੋਂ ਸਟੇਜ 'ਤੇ ਚੜ੍ਹਿਆ। ਗੁਰਚਰਨ ਹੈਰਾਨ ਸੀ। ਇਹ ਉਸ ਦਾ ਆਪਣਾ ਹੀ ਬਲਵੰਤ ਤਾਂ ਸੀ। ਉਸ ਨੂੰ ਯਕੀਨ ਹੁੰਦਿਆਂ ਹੋਇਆਂ ਵੀ ਯਕੀਨ ਨਹੀਂ ਆਉਂਦਾ ਸੀ। ਗੁਰਚਰਨ ਦਾ ਦਿਲ ਪਤਾ ਨਹੀਂ ਕਿਸੇ ਚੀਜ਼ ਨਾਲ ਭਰ ਕੇ ਜਿਵੇਂ ਫੁੱਲਣ ਲੱਗਾ। ਸ਼ਾਇਦ ਉਸ ਦੀਆਂ ਅੱਖਾਂ ਵਿਚ, ਕਰੰਟ ਵਧਣ ਨਾਲ ਅਚਾਨਕ ਬਿਜਲੀ ਦੇ ਲਾਟੂ ਵਿਚ ਆਉਣ ਵਾਲੀ ਰੌਸ਼ਨੀ ਵਰਗੀ ਚਮਕ ਕਿਸੇ ਦੇਖੀ ਕਿ ਨਾ। ਬਲਵੰਤ ਨੇ ਉਸ ਵੱਲ ਤੱਕ ਕੇ ਇਸ਼ਾਰਾ ਕੀਤਾ। ਉਸ ਨੇ ਗਲ੍ਹਾਂ ਤੇ ਕੰਨਾਂ ਤੋਂ ਹੁੰਦੀ ਹੋਈ ਇਕ ਨਿੱਘੀ ਲਹਿਰ ਗਲੇ ਤੋਂ ਥੱਲੇ ਉਤਰ ਕੇ ਹੇਠਾਂ ਜਾਂਦੀ ਪ੍ਰਤੀਤ ਕੀਤੀ।

'ਕੀ ਤੁਸੀਂ ਮੈਨੂੰ ਬੁਲਾ ਰਹੇ ਹੋ ?" ਉਸ ਦੀਆਂ ਅੱਖਾਂ ਵਿਚ ਪ੍ਰਸ਼ਨ ਸੀ।

ਬਲਵੰਤ ਨੇ ਨਾਂ ਲੈ ਕੇ ਸੱਦਿਆ। ਉਹ ਚੁੰਨੀ ਸੰਭਾਲਦੀ ਉਠ ਖਲੋਤੀ। ਲਾਗੇ ਗਈ ਤੇ ਹੈਰਾਨੀ ਵਿਚ ਪ੍ਰਸ਼ਨ ਰਲਾ ਕੇ ਛੋਟਾ ਜਿਹਾ ਵਾਕ ਕਿਹਾ :

"ਤੁਸੀਂ ਗਾਓਗੇ ?"

"ਹਾਂ — ਆਂ।"

"ਗਾਓ ਫੇਰ", ਗੁਰਚਰਨ ਨੇ ਜਿਵੇਂ ਕਵੀ ਦਾ ਹੌਸਲਾ ਵਧਾਉਂਦਿਆਂ ਕਿਹਾ।

"ਮੈਂ ਪਹਿਲੀ ਵਾਰ ਇਕੱਲਾ ਨਹੀਂ ਗਾ ਸਕਾਂਗਾ। ਤੁਸੀਂ ਮੇਰੇ ਨਾਲ ਗਾਓ।"

"ਪਰ ਕੀ - ਮੈਂ -?"

ਉਹੋ ਮੇਰਾ ਅਮਨ-ਗੀਤ, ਜੋ ਤੁਸੀਂ ਉਸ ਸ਼ਾਮ...।"

ਗੁਰਚਰਨ ਅੱਗੇ ਵਧ ਗਈ। ਮੱਠੀ ਮੱਠੀ ਗੱਲਬਾਤ ਲਾਊਡ ਸਪੀਕਰਾਂ ਤੋਂ ਸ਼ਾਇਦ ਕਈਆਂ ਕੰਨਾਂ ਸੁਣ ਲਈ ਸੀ। ਬੋਲਣ ਤੋਂ ਪਹਿਲਾਂ ਹੀ ਤਾੜੀਆਂ ਵੱਜਣੀਆਂ ਸ਼ੁਰੂ ਹੋ ਗਈਆਂ। ਗੁਰਚਰਨ ਖੱਬੇ ਪਾਸੇ ਖੜੀ ਸੀ ਤੇ ਕਵੀ ਸੱਜੇ ਪਾਸੇ। ਬਲਵੰਤ ਨੇ ਸੱਜੀ ਬਾਂਹ ਚੁੱਕੀ। ਚੁੱਪ-ਚਾਂ ਹੋ ਗਈ। ਉਸ 'ਵਾਜ ਚੁੱਕੀ। ਆਵਾਜ਼ ਕੰਬ ਰਹੀ ਸੀ, ਕਿਸੇ ਬੇਲੇ ਦੀ ਥਰਕਦੀ ਸੁਰ ਵਾਂਗ। ਲੋਕਾਂ ਨੂੰ ਸੁਰ ਦਾ ਸੁਆਦ ਆ ਰਿਹਾ ਸੀ, ਪਰ ਬਲਵੰਤ ਦੇ ਸ਼ਾਇਦ ਪੈਰ ਵੀ ਕੰਬ ਰਹੇ ਸਨ। ਗੁਰਚਰਨ ਦੀ ਸਹਾਇਕ ਆਵਾਜ਼ ਨਿਕਲੀ। ਬਲਵੰਤ ਦੀ ਆਵਾਜ਼ ਵੀ ਬੱਝ ਗਈ। ਬਲਵੰਤ ਨੇ ਸੱਜਾ ਪੈਰ ਅਗਾਂਹ ਵਧਾ ਕੇ ਮਾਨੋ ਦ੍ਰਿੜ੍ਹ ਕੀਤਾ। ਫੇਰ ਉਸ ਲੈਫਟ-ਰਾਈਟ ਦੇ ਫ਼ੌਜੀ ਤਾਲ 'ਤੇ ਪੈਰ ਨੂੰ ਮਾਰਨਾ ਸ਼ੁਰੂ ਕੀਤਾ ਤੇ ਅਮਨ-ਗੀਤ ਆਪਣੀ ਚਾਲੇ ਤੁਰ ਪਿਆ। ਸ਼ੇਰ ਦੀ ਗਰਜ ਵਿਚ ਸ਼ਾਂਤੀ ਦੀ ਲੈਅ ਨੱਚ ਉੱਠੀ ਸੀ। ਗੱਜਦੇ ਬੱਦਲ ਨੇ ਜਿਵੇਂ ਕਿਣਮਿਣ ਲਾ ਕੇ ਤਪਦੀ ਧਰਤੀ ਦੀ ਛਾਤੀ ਠਾਰਨੀ ਸ਼ੁਰੂ ਕਰ ਦਿੱਤੀ ਸੀ। ਗੀਤ ਦੇ ਖ਼ਤਮ ਹੋਣ ਤਕ ਕਿਸੇ ਨੂੰ ਤਾੜੀਆਂ

ਦਾ ਚੇਤਾ ਨਹੀਂ ਸੀ ਰਿਹਾ। ਅਖ਼ੀਰ ਗੀਤ ਦੇ ਜੰਗ ਦੇ ਖ਼ਿਲਾਫ਼ ਦ੍ਰਿੜ੍ਹਤਾ ਦੱਸਣ ਵਾਲੇ ਸ਼ਬਦ- 'ਨਹੀਂ ! ਨਹੀਂ ! ਕਦੇ ਨਹੀਂ !!- ਇਸ ਉਚਾਈ 'ਤੇ ਜਾ ਪਹੁੰਚੇ ਕਿ ਲੋਕਾਂ ਨੇ ਦੋਹਾਂ ਦੇ ਖੱਬੇ ਪੈਰਾਂ ਦੇ ਅਗਾਂਹ ਵਧ ਕੇ ਧਰਤੀ ਨਾਲ ਵੱਜਣ ਦੇ ਨਾਲ ਹੀ ਸੱਜੀਆਂ ਬਾਹਾਂ ਨੂੰ ਮੀਟੀਆਂ ਮੁੱਠਾਂ ਸਮੇਤ ਤਿੰਨ ਵਾਰੀ ਇਕੋ ਤਾਲ ਵਿਚ ਉਤਾਂਹ ਉਛਲਦਿਆਂ ਦੇਖਿਆ।

ਤੇ ਫੇਰ ਤਾੜੀਆਂ ਵੱਜਦੀਆਂ ਗਈਆਂ। ਕਈਆਂ ਨੇ ਵੱਖੋ ਵੱਖਰੇ ਸ਼ਬਦਾਂ ਵਿਚ ਕਿਹਾ, "ਕਿਹੋ ਜਿਹੀ ਸੋਹਣੀ ਜੋੜੀ ਹੈ।" ਜਿਸ ਕਿਸੇ ਨੇ ਕੁਝ ਨਾ ਕਿਹਾ, ਉਸ ਆਪਣੇ ਦਿਲ ਵਿਚ ਹੀ ਇਹ ਕੁਝ ਕਿਹਾ। ਬਲਬੀਰ ਦੀ ਵਹੁਟੀ ਨੇ ਵੀ ਇਹ ਸ਼ਬਦ ਆਪਣੇ ਪਤੀ ਨੂੰ ਕਹੇ।

ਸਟੇਜ-ਸਕੱਤਰ ਨੇ ਤਿੰਨ ਵਾਰੀ ਨਾਹਰਾ ਲਾਇਆ, "ਮਹਾਂ ਕਵੀ ਬਲਵੰਤ", ਤੇ ਤਿੰਨ ਵਾਰੀ ਜਨਤਾ ਦੇ ਸਾਗਰ ਨੇ ਗਰਜ ਕੇ ਉੱਤਰ ਦਿੱਤਾ, "ਅਮਰ ਰਹੇ !"

ਮਹਾਂ ਕਵੀ ਦੀ ਜਿਵੇਂ ਲੋਕਾਂ ਨੇ ਤਾਰੀਫ਼ ਹੀ ਬਦਲ ਦਿੱਤੀ ਸੀ।

ਦੋਸਤ

ਜਦ ਉਹ ਵਿਆਹ ਵਾਲੇ ਘਰ ਪਹੁੰਚਾ ਤਾਂ ਅੰਦਰ ਮੇਲ ਦੀ ਗਹਿਮਾ-ਗਹਿਮ ਸੀ। ਵਿਧਵਾ ਮਾਸੀ ਨੇ ਮੱਥਾ ਟੇਕਣ ਦੇ ਉੱਤਰ ਵਿਚ ਅਸੀਸਾਂ ਦੇ ਕੇ ਪੁੱਛਿਆ, "ਬੱਚੇ ਕਿਥੇ ਨੇ ਤੇ ਕੁਸ਼ੱਲਿਆ ? ਸਟੇਸ਼ਨ 'ਤੇ ਛੱਡ ਆਇਆ ਏਂ ਸਗੋਂ ?"

"ਨਹੀਂ ਮਾਸੀ ਜੀ", ਗੋਪਾਲ ਦਾਸ ਨੇ ਕਿਹਾ, "ਤੁਹਾਨੂੰ ਪਤਾ ਈ ਹੈ, ਕੁਸ਼ੱਲਿਆ ਤਗੜੀ ਨਹੀਂ, ਉਹ ਇਨ੍ਹਾਂ ਦਿਨਾਂ ਵਿਚ ਸਫ਼ਰ ਨਹੀਂ ਸੀ ਕਰ ਸਕਦੀ। ਨਿੱਕੀ ਵੀ ਕੁਝ ਬਹੁਤੀ ਬੀਮਾਰ ਹੋ ਗਈ ਸੀ।"

"ਤੇ ਫਿਰ ਨਰਿੰਦਰ ਤੇ ਨਿਰਮਲ ਨੂੰ ਲੈ ਆਉਂਣਾ ਸੀ ?"

"ਕੁੜੀ ਤੇ, ਮਾਸੀ ਜੀ, ਘਰ ਦਾ ਕੰਮ ਕਾਰ ਸਾਂਭਦੀ ਹੈ, ਤੇ ਨਰਿੰਦਰ ਬਿਨਾਂ ਬਾਜ਼ਾਰੋਂ...।"

"ਜੇ ਨੇੜੇ ਹੁੰਦੇ ਤੇ ਤੈਨੂੰ ਹੁਣੇ ਹੀ ਮੋੜਨਾ ਸੀ, ਆਪਣੀ ਧੀ ਨੂੰ ਲਿਆਉਣ ਲਈ, ਪਰ ਹੱਛਾ !"

ਵਿਹੜੇ ਵਿਚ ਇਕ ਭੱਠੀ ਤੇ ਇਕ ਲੋਹ ਲੱਗੀ ਹੋਈ ਸੀ। ਲੋਹ ਦੇ ਲਾਗੇ ਪੇੜੇ ਕਰਨ ਵਾਲੀਆਂ, ਵੇਲਣ ਵਾਲੀਆਂ ਤੇ ਉਥੱਲਣ ਵਾਲੀਆਂ ਕੁੜੀਆਂ ਤੇ ਤੀਵੀਆਂ ਬੈਠੀਆਂ ਸਨ। ਪਸੀਨੇ ਵਗ ਰਹੇ ਸਨ, ਫੇਰ ਵੀ ਤਾਅ ਮੱਠਾ ਸੀ। ਇਕ ਮੁਟਿਆਰ ਸਾਦੇ ਤੇ ਸਾਫ ਕਪੜਿਆਂ ਵਿਚ ਸਾਹਮਣੇ ਕਮਰੇ ਵਿਚੋਂ ਇਕ ਮੁੱਢੀ ਲੈ ਕੇ ਨਿਕਲੀ ਤੇ ਪਹਿਲੀਆਂ ਲਕੜਾਂ ਨੂੰ ਝਾੜ ਕੇ ਮੁੱਢੀ ਵਿਚ ਲਾ ਦਿੱਤੀ। ਬਾਬੂ ਗੋਪਾਲ ਦਾਸ ਲਾਗਿਓਂ ਦੀ ਲੰਘ ਕੇ ਮਾਸੀ ਦੇ ਪਿੱਛੇ ਪਿੱਛੇ ਉਸ ਕਮਰੇ ਵਿਚ ਚਲਾ ਗਿਆ, ਜਿਸ ਵਿਚ ਉਸ ਦੀ ਵਿਆਹੀ ਜਾਣ ਵਾਲੀ ਸਾਲੀ ਬੈਠੀ ਸੀ। ਉਸ ਨਮਸਤੇ ਕੀਤੀ ਤੇ ਭੈਣ ਬਾਰੇ ਵੀ ਪੁੱਛਿਆ। ਗੋਪਾਲ ਦਾਸ ਨੇ ਪਹਿਲਾਂ ਹੀ ਉੱਤਰ ਦਿੱਤਾ। ਏਨੇ ਨੂੰ ਸ਼ਾਨਦਾਰ ਬਨਾਰਸੀ ਸਾੜ੍ਹੀ ਵਿਚ ਉੱਚੀ ਅੱਡੀ ਖੜਕਾਉਂਦੀ ਇਕ ਹੋਰ ਕੁੜੀ ਅੰਦਰ ਵੜੀ। ਗੋਪਾਲ ਦਾਸ ਨੂੰ ਵੇਖ ਕੇ ਉਸ ਤੋਤੇ-ਨੱਕੀ ਬੈਠਵੀਂ ਠੋਡੀ ਵਾਲੀ ਕੁੜੀ ਨੂੰ, ਜਿਵੇਂ ਇਕ ਝਟਕਾ ਲੱਗਾ। ਉਸ ਨੇ ਅੱਖਾਂ ਤਾਂ ਨਾ ਮਲੀਆਂ, ਪਰ ਅੱਖਾਂ ਮਲ ਕੇ ਦੇਖਣ ਵਾਲਾ ਪ੍ਰਭਾਵ ਜ਼ਰੂਰ ਉਸ ਦੀਆਂ ਅੱਖਾਂ ਉਤੇ ਆ ਗਿਆ। ਅਚਾਨਕ ਉਹ ਰਸਮੀ ਜਿਹੀ ਨਮਸਤੇ ਕਰਕੇ ਇਵੇਂ ਬਾਹਰ ਮੁੜੀ ਜਿਵੇਂ ਉਸ ਨੂੰ ਕੋਈ ਜ਼ਰੂਰੀ ਕੰਮ ਯਾਦ ਆ ਗਿਆ ਹੋਵੇ।

ਇਹ ਕੁੜੀ ਉਸ ਦੀ ਘਰ ਵਾਲੀ ਦੀ ਦੂਸਰੀ ਮਾਸੀ ਦੀ ਧੀ ਸੀ, ਜੋ ਇਕ ਕਾਫ਼ੀ ਵਡੇਰੀ ਉਮਰ ਦੇ ਕਰਨਲ ਨਾਲ ਵਿਆਹੀ ਗਈ ਸੀ। ਕੁੜੀ ਦਾ ਪਿਤਾ ਮੇਜਰ ਸੀ ਤੇ ਉਸੇ ਕੋਠੀ-ਨੁਮਾ ਘਰ ਵਿਚ, ਜੋ ਪਿੰਡ ਦੇ ਬਾਹਰਵਾਰ ਪੱਕੀ ਸੜਕ ਦੇ ਕੰਢੇ ਸੀ, ਇਹ ਸ਼ਾਦੀ ਹੋ ਰਹੀ ਸੀ। ਮੇਜਰ ਸਾਹਿਬ ਨੇ ਆਪਣਾ ਪੱਕਾ ਟਿਕਾਣਾ

ਰਾਂਚੀ ਬਣਾਇਆ ਸੀ, ਜਿਥੇ ਉਹ ਰਿਟਾਇਰਮੈਂਟ ਤੋਂ ਮਗਰੋਂ ਆਪਣੇ ਨਿਜੀ ਹਸਪਤਾਲ ਵਿਚ ਪ੍ਰੈਕਟਿਸ ਕਰਦੇ ਸਨ। ਕਾਫੀ ਜਾਇਦਾਦ ਉਨ੍ਹਾਂ ਉਸ ਪਾਸੇ ਖਰੀਦੀ ਸੀ। ਉਹ ਜਦ ਪਿੰਡ ਆਉਂਦੇ ਸਨ. ਤਾਂ ਪਿੰਡ ਦੇ ਲੋਕ ਉਨ੍ਹਾਂ ਦੀ ਉਪਰੋਂ ਉਪਰੋਂ ਇੱਜ਼ਤ ਕਰਦੇ ਸਨ,ਪਰ ਵਿਚੋਂ ਚੰਗਾ ਨਹੀਂ ਸਨ ਜਾਣਦੇ, ਸੜਦੇ ਸਨ ਤੇ ਪਿੱਠ ਪਿੱਛੇ 'ਛੀਂਬਾ' ਕਹਿ ਕੇ ਉਨ੍ਹਾਂ ਦਾ ਅਪਮਾਨ ਕਰਦੇ ਸਨ। ਮਾਇਆ ਉਨ੍ਹਾਂ ਬੜੀ ਜੋੜੀ ਸੀ। ਭਾਵੇਂ ਮਾਇਆ ਦੇ ਆਸਰੇ ਉਹ ਆਪਣੇ ਵੱਡੇ ਪੁੱਤਰ ਦੀ ਸ਼ਾਦੀ ਜ਼ਾਤ ਤੋਂ ਬਾਹਰ ਨਹੀਂ ਸਨ ਕਰ ਸਕੇ, ਪਰ ਉਨ੍ਹਾਂ ਆਪਣੀ ਵੱਡੀ ਧੀ ਨੂੰ ਇਕ ਖੱਤਰੀ ਕਰਨਲ ਅਤੇ ਉਸ ਤੋਂ ਛੋਟੀ ਧੀ ਨੂੰ ਇਕ ਜੱਟ ਕਪਤਾਨ ਨਾਲ ਵਿਆਹ ਦਿਤਾ ਸੀ। ਦੂਸਰਾ ਜੋੜਾ ਹਾਣ ਪ੍ਰਵਾਨ ਸੀ। ਗੋਪਾਲ ਦਾਸ ਅੰਤਰ-ਜਾਤੀ ਵਿਆਹਾਂ ਦਾ ਹਾਮੀ ਸੀ, ਪਰ ਉਸ ਨੂੰ ਇਸ ਗੱਲ 'ਤੇ ਅਫ਼ਸੋਸ ਸੀ ਕਿ ਇਹ ਸ਼ਾਦੀਆਂ ਕਿਸੇ ਅਖੌਤੀ ਨੀਵੇਂ ਜ਼ਾਤ ਵਾਲੇ ਦੇ ਧਨੀ ਹੋਣ ਬਿਨਾਂ ਨਹੀਂ ਸਨ ਹੋ ਸਕਦੀਆਂ, ਤੇ ਉਹ ਵੀ ਉਸ ਦੀਆਂ ਲੜਕੀਆਂ ਦੀਆਂ।

ਸਵਰਨ ਲਤਾ ਕਰਨਲ ਦੀ ਵਹੁਟੀ ਸੀ, ਜੋ ਖੱਤਰੀ ਸੀ। ਗੋਪਾਲ ਦਾਸ ਨੂੰ ਉਹ ਅੱਗੇ ਹੀ ਜਾਣਦੀ ਸੀ। ਕੁਆਰੀ ਹੁੰਦੀ ਇਕ ਦੋ ਵਾਰੀ ਉਸ ਦੇ ਘਰ ਆਪਣੀ ਭੈਣ ਨੂੰ ਮਿਲਣ ਵੀ ਗਈ ਸੀ ਤੇ ਉਸ ਨੂੰ ਚੰਗਾ ਵੀ ਜਾਣਦੀ ਸੀ। ਪਰ ਵਿਆਹ ਤੋਂ ਮਗਰੋਂ ਉਹ ਦੇਸ ਆਉਣ 'ਤੇ ਵੀ ਗੋਪਾਲ ਦਾਸ ਦੇ ਘਰ ਨਹੀਂ ਗਈ ਸੀ। ਹੁਣ ਉਹ ਉਸ ਨੂੰ ਮਮੂਲੀ ਕਲਰਕ ਤੇ ਨਿਗੂਣਾ ਲਿਖਾਰੀ ਪ੍ਰਤੀਤ ਹੁੰਦਾ ਸੀ, ਜਿਸਦੀ ਦੋਹਾਂ ਸੋਮਿਆਂ ਦੀ ਆਮਦਨ ਉਸ ਦੇ ਟੱਬਰ ਲਈ ਰੋਟੀ ਕਪੜਾ ਵੀ ਨਹੀਂ ਸੀ ਖਰੀਦ ਸਕਦੀ।

ਉਹ ਕਹਿੰਦੀ, 'ਅੱਜ ਕਲ੍ਹ ਉਸਦੀਆਂ ਲਿਖਤਾਂ ਵਿਚ ਨਿਕੰਮਿਆਂ ਕੁਲੀਆਂ, ਮਜ਼ਦੂਰਾਂ, ਕਾਮਿਆਂ, ਕਮੀਣਾਂ ਦੀਆਂ ਗੱਲਾਂ ਹੁੰਦੀਆਂ ਹਨ। ਉਸ ਦੀਆਂ ਲਿਖਤਾਂ ਵਿਚ ਬਾਲ ਰੂਮਾਂ, ਕੌਕਟੇਲ ਪਾਰਟੀਆਂ, ਰੇਸਾਂ,ਗੈਰ-ਕੁਦਰਤੀ ਕਾਰਨਾਮਿਆਂ, ਰੋਹੜੂ ਪਿਆਰਾਂ ਤੇ ਮਾਰ-ਧਾੜ ਦਾ ਬਿਆਨ ਨਹੀਂ ਹੁੰਦਾ। ਪੈਸੇ ਤੇ ਇਨ੍ਹਾਂ ਵਿਚ ਨੇ। ਜਿਹੜਾ ਪੈਸੇ ਨਹੀਂ ਕਮਾ ਸਕਦਾ, ਉਹ ਤਾਂ ਵੱਡਾ ਮੂਰਖ ਹੋਇਆ।'

ਗੋਪਾਲ ਦਾਸ ਹੁਣ ਸ਼ਿਕੰਜਵੀਂ ਦਾ ਗਲਾਸ ਪੀ ਕੇ ਅੱਧਾ ਘੰਟਾ ਅਰਾਮ ਕਰ ਚੁੱਕਾ ਸੀ। ਬਾਹਰ ਕੋਈ ਇਸਤ੍ਰੀ ਆਵਾਜ਼ ਦੇ ਕੇ ਕਹਿ ਰਹੀ ਸੀ- "ਪਾਟੀਆਂ ਲੱਕੜਾਂ ਮੁੱਕ ਗਈਆਂ ਨੇ, ਮੋਛੇ ਪਏ ਨੇ ਪਾੜਨ ਵਾਲੇ, ਹਵੇਲੀ ਵਿਚੋਂ ਕੌਣ ਪਾੜ ਕੇ ਲਿਆਏ ? ਤੁਸੀਂ ਦੋਵੇਂ ਨੌਕਰ ਸਰਦਾਰ ਜੀ ਨਾਲ ਸ਼ਹਿਰ ਭੇਜ ਦਿੱਤੇ ਨੇ।" ਕੁਝ ਮੇਲੀ ਵਿਹੜੇ ਤੋਂ ਪਾਰ ਦੇ ਕਮਰਿਆਂ ਵਿਚ ਬੈਠੇ ਗੱਪਾਂ ਮਾਰ ਰਹੇ ਸਨ ਤੇ ਕੁਝ ਤਾਸ਼ ਖੇਡ ਰਹੇ ਸਨ। ਕੋਟ ਲਾਹ ਕੇ ਉਹ ਬਾਹਰ ਨਿਕਲਿਆ। ਬਾਹਰ ਇਕ ਪੋਤੂ ਬੱਚਾ ਖੜਾ ਸੀ, ਉਸ ਤੋਂ ਉਸ ਨੂੰ ਪਤਾ ਲੱਗਾ ਕਿ ਹਵੇਲੀ ਓਸੇ ਘਰ ਦੀ ਵੱਖੀ ਵਾਲੀ ਗਲੀ ਵਿਚ ਦੋ ਕੁ ਘਰ ਲੰਘ ਕੇ ਹੈ। ਬੱਚੇ ਨੂੰ ਨਾਲ ਲੈ ਕੇ ਉਹ ਉਥੇ ਪਹੁੰਚਾ।

ਕੱਚੀ ਹਵੇਲੀ ਦਾ ਬਾਹਰਲਾ ਬੂਹਾ ਖੁੱਲ੍ਹਾ ਸੀ। ਅੰਦਰ ਕਈ ਕਿੱਕਰ ਦੇ ਮੋਛੇ ਤੇ ਮੁੱਢ ਪਏ ਸਨ। ਇਕ ਵਿਚ ਫਾਨਾ ਲੱਗਾ ਹੋਇਆ ਸੀ। ਦੋ ਹੋਰ ਫਾਨੇ, ਵਦਾਣ ਤੇ ਇਕ ਭਾਰਾ ਕੁਹਾੜਾ ਲਾਗੇ ਪਿਆ ਸੀ। ਸਾਹਮਣੀ ਸਬਾਤ ਹੇਠ ਇਕ ਮੰਜੀ ਡਿੱਠੀ

ਹੋਈ ਸੀ। ਉਸ ਪਜਾਮਾ ਤੇ ਕਮੀਜ਼ ਲਾਹ ਕੇ ਮੰਜੀ ਤੇ ਰੱਖ ਦਿੱਤੇ ਤੇ ਵਦਾਣ ਦੀ ਸੱਟ ਨਾਲ ਫਾਨਾ ਪੂਰਾ ਧਸਾ ਦਿੱਤਾ। ਲੱਕੜ ਦੂਸਰਾ ਫਾਨਾ ਲਾਉਣ ਤਕ ਕੜਕਦੀ ਰਹੀ। ਦੂਸਰੀ ਸੱਟ ਦੇ ਨਾਲ ਹੀ ਪਿਛਲੇ ਬੂਹੇ ਵਿਚੋਂ ਕਿਸੇ ਇਸਤ੍ਰੀ ਦੀ ਮਿੱਠੀ ਜਹੀ ਆਵਾਜ਼ ਆਈ : "ਇਹ ਤੁਸੀਂ ਕੀ ਕਰਦੇ ਓ ?" ਤੀਸਰੀ ਸੱਟ ਨਾਲ ਬਾਬੂ ਹੋਰਾਂ ਦੇ ਜੋ ਵਾਲ ਉਨ੍ਹਾਂ ਦੀਆਂ ਅੱਖਾਂ ਅੱਗੇ ਸੋਹਣੀ ਬੇ-ਤਰਤੀਬੀ ਵਿਚ ਖਿੱਲਰ ਗਏ ਸਨ, ਉਨ੍ਹਾਂ ਨੂੰ ਝਟਕੇ ਭਰੇ ਹੁਲਾਰੇ ਨਲ ਆਪਣੀ ਥਾਂ 'ਤੇ ਬਿਠਾਉਂਦਿਆਂ ਉਨ੍ਹਾਂ ਮੁੜ ਕੇ ਵੇਖਿਆ ਕਿ ਸਾਦੇ ਤੇ ਸਾਫ਼ ਕਪੜਿਆਂ ਵਾਲੀ ਮੁਟਿਆਰ ਕਲਾਵੇ ਵਿਚ ਕੁਝ ਵੀਂਗਰੀਆਂ ਲਈ ਹੈਰਾਨ ਖੜੀ ਸੀ।

"ਨਮਸਤੇ !" ਉਸ ਗੋਪਾਲ ਦਾਸ ਵਲ ਵੇਖ ਕੇ ਆਖਿਆ, "ਤੁਹਾਨੂੰ ਏਥੇ ਕਿਸ ਮੂਰਖ ਨੇ ਭੇਜਿਆ ਏ ?"

'ਤਾਂ ਇਹ ਕੁੜੀ ਕਿਸੇ ਕੰਮੀ ਦੀ ਧੀ ਨਹੀਂ ਸੀ', ਬਾਬੂ ਨੇ ਸੋਚਿਆ। ਕੌਣ ਸੀ ਇਹ ? ਉਸ ਨੇ ਇਸ ਸੰਦਲੀ ਚਿਹਰੇ 'ਤੇ ਸਾਫ਼ ਤਰਾਸ਼ੇ ਨਕਸ਼ਾਂ ਵਾਲੀ ਕੁੜੀ ਨੂੰ ਅੱਗੇ ਕਦੀ ਨਹੀਂ ਸੀ ਵੇਖਿਆ।

"ਵਿਹਲਾ ਸਾਂ", ਉਸ ਕਿਹਾ, "ਕੋਈ ਕੰਮ ਕਰਾਂ, ਮੈਂ ਸੋਚਿਆ।"

ਉਹ ਕੌਣ ਸੀ ?- ਜਾਣਨ ਦੀ ਇੱਛਾ ਰਖਦਿਆਂ ਹੋਇਆਂ ਵੀ ਉਸ ਨੇ, ਉਸ ਨੂੰ ਕੁਝ ਨਾ ਪੁੱਛਿਆ। ਮੈਂ ਕੌਣ ਹਾਂ ?- ਦੱਸਣ ਦੀ ਖ਼ਾਹਸ਼ ਹੁੰਦਿਆਂ ਹੋਇਆਂ ਵੀ, ਉਸ ਕੁੜੀ ਨੇ ਉਸ ਨੂੰ ਕੁਝ ਨਾ ਦੱਸਿਆ।

"ਛੱਡੋ ਪਰੇ, ਬੀਬੀ ਜੀ ਬੁਰਾ ਮਨਾਉਣਗੇ।"

'ਕਿਹੜੇ ਬੀਬੀ ਜੀ ?' ਉਸ ਦੇ ਦਿਲ ਵਿਚ ਸਵਾਲ ਆਇਆ, ਪਰ ਉਸ ਕਿਹਾ, "ਬੀਬੀ ਜੀ ਕਿਉਂ ਗੁੱਸੇ ਹੋਣਗੇ ?" ਆਖ਼ਰ ਮੈਂ ਇਕ ਕੀਤੇ ਜਾਣ ਵਾਲਾ ਕੰਮ ਹੀ ਤਾਂ ਕਰ ਰਿਹਾ ਹਾਂ।"

ਉਸ ਨੇ ਵਦਾਣ ਦੀਆਂ ਸੱਟਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ।

"ਤਾਂ ਤੁਸੀਂ ਮਾਸੀ ਜੀ ਦਾ ਕਹਿਣਾ ਈ ਮੰਨੋਗੇ", ਕਹਿੰਦੀ ਕਹਿੰਦੀ ਉਹ ਬਾਹਰ ਨਿਕਲ ਗਈ।

ਬਾਬੂ ਗੋਪਾਲ ਦਾਸ ਦੇ ਕਾਲਜ ਵਿਚ ਗੋਲਾ ਤੇ ਹਥੌੜਾ ਸੁੱਟਣ ਵਾਲੇ ਡੌਲਿਆਂ ਦੀਆਂ ਮਛਲੀਆਂ ਅੱਜ ਸਾਲਾਂ ਮਗਰੋਂ ਫੇਰ ਉਭਰ ਆਈਆਂ ਸਨ। ਉਸ ਮੋਛੇ ਨੂੰ ਦੋ ਚਾਰ ਸੱਟਾਂ ਨਾਲ ਦੁਫਾੜ ਕਰ ਦਿੱਤਾ ਅਤੇ ਛੇਤੀ ਹੀ ਉਸ ਨੇ ਉਨ੍ਹਾਂ ਫਾੜਾਂ ਨੂੰ ਪਾੜ ਕੇ ਇਕ ਹੋਰ ਮੋਛੇ ਨੂੰ ਫਾਲਾ ਲਾ ਦਿੱਤਾ।

ਇੰਨੇ ਨੂੰ ਤਿੰਨ ਜ਼ਨਾਨੀਆਂ ਹਵੇਲੀ ਵਿਚ ਆ ਵੜੀਆਂ ਅਤੇ ਇਕ ਨੇ ਛੇਤੀ ਨਾਲ ਮਗਰੋਂ ਹਵੇਲੀ ਦਾ ਬੂਹਾ ਬੰਦ ਕਰ ਦਿਤਾ। ਉਸ ਸੱਜੇ ਪਾਸੇ ਧੌਣ ਮੋੜ ਕੇ ਵੇਖਿਆ, ਮੇਜਰਾਣੀ ਅੱਗੇ ਅੱਗੇ ਆ ਰਹੀ ਸੀ। ਵਦਾਣ ਛੱਡ ਕੇ ਉਸ ਹੱਥ ਜੋੜ ਕੇ 'ਮੱਥਾ ਟੇਕਣਾ' ਕੀਤਾ। ਮੇਜਰਾਣੀ ਗਰੀਬ ਘਰ ਦੀ ਧੀ ਸੀ। ਉਹ ਗੋਪਾਲ ਦਾ ਮੱਥਾ ਚੁੰਮਣ ਲਈ ਅੱਗੇ ਵਧੀ, ਪਰ ਗੋਪਾਲ ਦੇ ਲਚਕਦਾਰ ਝਟਕੇ ਦੇ ਬਾਵਜੂਦ ਉਸ ਦੇ

ਵਾਲ ਮੱਥੇ 'ਤੇ ਆਏ ਪਸੀਨੇ ਨਾਲ ਚੰਬੜੇ ਰਹੇ। ਮੇਜਰਾਣੀ ਨੇ ਇਰਾਦਾ ਬਦਲ ਲਿਆ ਤੇ ਪਿੱਠ 'ਤੇ ਹੱਥ ਰੱਖ ਕੇ ਅਸੀਸ ਦਿੱਤੀ।

"ਹੱਛਾ, ਵੀਰ ਮੇਰੇ", ਉਸ ਆਪਣੀ ਸਭ ਤੋਂ ਵੱਡੀ ਭੈਣ ਦੇ ਜਵਾਈ ਨੂੰ ਕਿਹਾ, "ਭਲਾ ਤੂੰ ਇਹ ਕੀ ਕਰਨਾ ਪਿਆ ਏਂ ?"

"ਐਵੇਂ, ਮੈਂ ਕਿਹੜਾ ਵਿਹਲੇ ਬੈਠੇ ਵੱਡਾ ਹੋਣਾ ਸੀ। ਲੱਕੜਾਂ ਦੀ ਲੋੜ ਸੀ। ਮੈਂ ਕਿਹਾ, ਨੌਕਰ ਘਰ ਨਹੀਂ ਤੇ ਮੈਂ ਹੀ ਕੰਮ ਕਰ ਦਿੰਨਾਂ।"

"ਚੱਲ ਛੱਡ, ਕੱਪੜੇ ਪਾ, ਕੋਈ ਵੇਖੇ ਤੇ ਕੀ ਆਖੇ ? ਮੇਜਰਾਂ ਦਾ ਜੁਆਈ ਲੱਕੜਾਂ ਪਾੜਦਾ ਏ ?" ਉਸ ਗੋਪਾਲ ਨੂੰ ਕਪੜੇ ਪਾਉਣ ਲਈ ਮੰਜੀ ਵੱਲ ਧਕਦਿਆਂ ਕਿਹਾ।

"ਮੈਂ ਹੁਣੇ ਤੇ ਇਹਨੂੰ ਅੰਦਰਲੀ ਬੈਠਕ ਵਿਚ ਛੱਡ ਕੇ ਆਈ ਸਾਂ", ਵਿਧਵਾ ਮਾਸੀ ਨੇ ਕਿਹਾ।

ਮੇਜਰਾਣੀ ਮਾਸੀ ਨੂੰ ਦਲੀਲ ਦਿੰਦਿਆਂ ਉਸ ਕਿਹਾ, "ਫੇਰ ਲੱਕੜਾਂ ਕੌਣ ਪਾੜੇਗਾ ਤੇ ਓਧਰ ਲੰਗਰ ਦਾ ਕੰਮ ਕਿਸ ਤਰ੍ਹਾਂ ਚਲੇਗਾ ?"

"ਘਾਟਾ ਨਹੀਂ ਸਾਨੂੰ ਲੱਕੜਾਂ ਪਾੜਨ ਵਾਲਿਆਂ ਦਾ। ਚੁੱਪ ਕਰ ਕੇ ਬੈਠਕ ਵਿਚ ਬੈਠ। ਖ਼ਬਰਦਾਰ, ਜੇ ਹਿੱਲਿਓਂ ਜੁਲਿਓਂ।"

"ਮੈਂ ਤੇ ਵਿਹਲਾ ਬੈਠਕ ਦਾ ਸ਼ਿੰਗਾਰ ਬਣ ਕੇ ਬਹਿ ਨਹੀਂ ਸਕਦਾ, ਮਾਸੀ ਜੀ ! ਇਹ ਤੇ ਤਿੰਨ ਦਿਨਾਂ ਦੀ ਮਹਿਜ਼ ਕੈਦ ਹੋਈ।"

"ਮੇਰਾ ਕਹਿਣਾ ਨਹੀਂ ਸੀ ਮੰਨਿਆ, ਬੀਬੀ ਜੀ", ਉਸ ਸਾਦਾ ਲਿਬਾਸ ਵਾਲੀ ਕੁੜੀ ਨੇ ਮੇਜਰਾਣੀ ਨੂੰ ਗੋਪਾਲ ਬਾਬੂ ਵਲ ਵੇਖਦਿਆਂ ਕਿਹਾ, ਜਿਵੇਂ ਉਸ ਦੀਆਂ ਨਜ਼ਰਾਂ ਕਹਿ ਰਹੀਆਂ ਹੋਣ, 'ਹੁਣ ਕਿਉਂ ਛੱਡਿਆ ਜੇ, ਮੈਂ ਜਿੱਤੀ ਕਿ ਨਾ।'

"ਮਾਸੀ ਜੀ, ਇਹ ਕੁੜੀ ਕੌਣ ਏਂ ?"

"ਤੈਨੂੰ ਨਹੀਂ ਪਤਾ ? ਹਾਂ, ਇਹ ਇਕੋ ਵਾਰ ਛੋਟੀ ਹੁੰਦੀ ਪੰਜਾਬ ਆਈ ਸੀ ਤੇ ਤੁਹਾਡੇ ਨਹੀਂ ਸੀ ਗਈ। ਇਹ ਸਾਰਿਆਂ ਤੋਂ ਛੋਟੀ ਏ ਨਾ, ਪ੍ਰੇਮ ਲਤਾ।"

"ਮੈਂ ਕਿਹਾ, ਮਾਸੀ ਜੀ ਨੇ ਕੋਈ ਨੌਕਰਾਣੀ ਲਿਆਂਦੀ ਏ", ਗੋਪਾਲ ਨੇ ਸ਼ਰਾਰਤ ਨਾਲ ਕਿਹਾ।

ਵਿਧਵਾ ਮਾਸੀ ਨੇ ਸਿਰ ਤੇ ਅੱਖਾਂ ਦੀ ਜੁੰਬਸ਼ ਨਾਲ ਪ੍ਰੇਮ ਲਤਾ ਵਲ ਤੱਕਦਿਆਂ ਕਿਹਾ, "ਲਤਾ, ਐਹ ਲਾਈ ਸੂ ਜੀਜਿਆਂ ਵਾਲੀ।"

"ਇਹ ਵੀ ਏ ਤੇਰੇ ਵਰਗੀ; ਪੜ੍ਹਦੀ ਰਹੇਗੀ ਜਾਂ ਲਿਖਦੀ ਰਹੇਗੀ। ਉਥੋਂ ਵਿਹਲੀ ਹੋਵੇਗੀ ਤੇ ਸਹੇਲੀਆਂ ਨਾਲ ਸੇਵਾ ਸੰਮਤੀ ਵਿਚ ਡਿਊਟੀ ਦੇਣ ਚਲੀ ਜਾਵੇਗੀ। ਖੇਡਣ ਦਾ ਵੀ ਤੇਰੇ ਵਾਂਗ ਸ਼ੌਕ ਹੈ ਇਹਨੂੰ। ਇਹ ਰਾਂਚੀ ਦੀ ਤੀਵੀਆਂ ਦੀ ਹਾਕੀ ਟੀਮ ਵਿਚ ਖੇਡਦੀ ਏ", ਵਿਧਵਾ ਮਾਸੀ ਨੇ ਗੋਪਾਲ ਨੂੰ ਕਿਹਾ। "ਤੇ ਲੈ ਏਸੇ ਵਰ੍ਹੇ ਆਪਣੇ ਬਰਾਬਰ ਹੋਈ। ਐਤਕੀਂ ਏਸ ਬੀ.ਏ. ਦਾ ਇਮਤਿਹਾਨ ਦੇਣੈ।"

"ਮੇਰੇ ਬਰਾਬਰ ਇਹ ਨਹੀਂ ਹੋ ਸਕਦੀ, ਮਾਸੀ ਜੀ, ਕਦੇ ਵੀ।"

"ਇਹ ਠੀਕ ਹੈ, ਜੀਜਾ ਜੀ ! ਤੁਹਾਡੀ ਬਰਾਬਰੀ ਮੈਂ ਕਦੇ ਨਹੀਂ ਕਰ ਸਕਦੀ।"

"ਕਿਉਂ ਨਹੀਂ ਕਰ ਸਕਦੀ ? ਮੈਂ ਹਾਂ ਈ ਕੀ। ਤੂੰ ਆਪਣੀਆਂ ਭੈਣਾਂ ਵਾਂਗ ਤਰੱਕੀ ਕਰ ਸਕਦੀ ਏਂ।" ਇਹ ਵਾਕ ਕਹਿ ਕੇ ਤੁਰਦਿਆਂ ਉਸ ਲਤਾ ਵਲ ਵੇਖਿਆ। ਉਹ ਚੁੱਪ ਸੀ, ਜਿਵੇਂ ਉਸ ਕੋਈ ਚੋਟ ਖਾਧੀ ਹੋਈ ਹੁੰਦੀ ਹੈ।

"ਉਹ ਮੇਰੀ ਤਰੱਕੀ ਕਿਵੇਂ ਹੋਈ, ਜੀਜਾ ਜੀ ? ਤੁਸੀਂ ਟਿਚਰਾਂ ਕਰਦੇ ਓ ਨਾ ?" ਉਸ 'ਮੇਰੀ' ਸ਼ਬਦ ਤੇ ਜ਼ੋਰ ਦੇਂਦਿਆਂ ਕਿਹਾ।

"ਨਹੀਂ, ਲਤਾ, ਮੇਰਾ ਮਤਲਬ ਸੀ ਮੈਂ ਕਿਹੜਾ ਹਿਮਾਲਾ ਟੱਪ ਲਿਆ ਹੈ। ਮੇਰਾ ਮਤਲਬ ਸੀ..." ਉਸ ਗੱਲ ਨੂੰ ਹੋਰ ਪਾਸੇ ਪਾਉਣ ਦੇ ਜਤਨ ਵਿਚ ਕਿਹਾ, "ਮੇਰੀ ਉਮਰ ਹੈ ਅਠੱਤੀ ਸਾਲ, ਤੁਸੀਂ ਚਾਲ੍ਹੀ ਹੀ ਸਮਝੋ, ਤੇ ਤੇਰੀ ਮਸੀਂ ਹੋਣੀ ਏਂ ਵੀਹ ਸਾਲ..."

"ਉੱਨੀ ਸਾਲ", ਉਸ ਦੀ ਮਾਂ ਵਿਚੋਂ ਹੀ ਬੋਲੀ।

ਉਹ ਬਾਹਰ ਨਿਕਲ ਆਏ ਸਨ ਤੇ ਵਿਆਹ ਵਾਲੀ ਕੁੜੀ ਦੀ ਮਾਂ ਹਵੇਲੀ ਦੇ ਬੂਹੇ ਨੂੰ ਜਿੰਦਰਾ ਮਾਰ ਰਹੀ ਸੀ।

"ਠੀਕ ਹੋਇਆ ਫੇਰ; ਇਹ ਮੇਰੇ ਬਰਾਬਰ ਕਿਸ ਤਰ੍ਹਾਂ ਹੋ ਸਕਦੀ ਹੈ ? ਜਿੰਨਾ ਚਿਰ ਇਹ ਸਾਬਤ ਨਾ ਕਰੇ ਕਿ ਦੋ, ਚਾਰ ਦੇ ਬਰਾਬਰ ਹੁੰਦੇ ਨੇ।" ਲਤਾ ਤੋਂ ਸਿਵਾ ਸਾਰੇ ਨਿੰਮ੍ਹਾ ਨਿੰਮ੍ਹਾ ਹੱਸ ਪਏ।

ਲਤਾ ਨੇ ਤੇਜ਼ ਤੁਰ ਕੇ ਗੋਪਾਲ ਬਾਬੂ ਦੇ ਬਰਾਬਰ ਹੁੰਦਿਆਂ ਕਿਹਾ, "ਹਿਸਾਬ ਵਿਚ ਨਹੀਂ ਤਾਂ, ਇਸ ਜੀਵਨ ਵਿਚ ਦੋ, ਚਾਰ ਦੇ ਬਰਾਬਰ ਹੋ ਜਾਂਦੇ ਹਨ।"

ਗੋਪਾਲ ਨੇ ਕਿਹਾ, "ਬਦੋ ਬਦੀ ਕਰ ਦਿਤੇ ਜਾਂਦੇ ਹਨ।"

"ਮਰਜ਼ੀ ਨਾਲ ਵੀ ਹੁੰਦੇ ਹਨ।"

ਗੋਪਾਲ ਘਬਰਾ ਗਿਆ! ਉਸ ਬੋਲਣਾ ਬੰਦ ਕਰ ਦਿੱਤਾ।

ਉਸ ਦਿਨ ਤੋਂ ਮਗਰੋਂ ਗੋਪਾਲ ਦਾਸ ਨੂੰ ਕੋਈ ਕੰਮ ਨਾ ਕਰਨ ਦਿੱਤਾ ਗਿਆ। ਜੰਞ ਦੀ ਸੇਵਾ ਤੇ ਵਰਤਾਉਣ ਦਾ ਕੰਮ ਵੀ ਉਸ ਨੂੰ ਨਾ ਦਿਤਾ ਗਿਆ। ਮੇਜਰ ਸਾਹਿਬ ਦੇ ਆਪਣੇ ਕਰਨਲ ਤੇ ਕਪਤਾਨ ਜਵਾਈ, ਉਸ ਦੀ ਇਕ ਵਿਧਵਾ ਗਰੀਬ ਸਾਲੀ ਦੀ ਧੀ ਦੇ ਵਿਆਹ 'ਤੇ ਖੁਦ ਹਾਜ਼ਰ ਨਹੀਂ ਸਨ ਹੋਏ। ਗੋਪਾਲ ਨੂੰ ਪੁਰਾਣੇ ਰਿਵਾਜ ਅਨੁਸਾਰ ਜੰਞ ਵਿਚ ਬਿਠਾ ਕੇ ਰੋਟੀ ਖਾਣ ਲਈ ਕਿਹਾ ਗਿਆ, ਪਰ ਉਸ ਇਹ ਗੱਲ ਨਾ ਮੰਨੀ। ਸਵਰਨ ਲਤਾ ਆਪਣੀਆਂ ਭਾਂਤ ਭਾਂਤ ਦੀਆਂ ਡਰੈਸਾਂ ਦੀ ਨੁਮਾਇਸ਼ ਵਿਚ ਰੁੱਝੀ ਰਹੀ ਅਤੇ ਦੋ ਦਿਨਾਂ ਵਿਚ ਉਸ ਬਦਲ ਬਦਲ ਕੇ ਕੋਈ ਦਸ ਜੋੜੇ ਪਾਏ। ਨਵਾਂ ਜਵਾਈ ਸਹਾਇਕ ਥਾਣੇਦਾਰ ਸੀ, ਉਸ ਦਾ ਪਿਓ ਰੀਟਾਇਰਡ ਇੰਸਪੈਕਟਰ। ਜੰਞ ਵਿਚ ਕਈ ਥਾਣੇਦਾਰ, ਸੂਬੇਦਾਰ, ਲੈਫ਼ਟੀਨੈਂਟ, ਸਫੈਦਪੋਸ਼ ਤੇ ਜ਼ੈਲਦਾਰ ਸਨ। ਸਵਰਨ ਲਤਾ ਉਨ੍ਹਾਂ ਦੀਆਂ ਨਜ਼ਰਾਂ ਦਾ ਕੇਂਦਰ ਬਣਨ ਦੇ ਆਹਰ ਵਿਚ ਸਦਾ ਰਹਿੰਦੀ, ਪਰ ਫਿਰ ਵੀ ਕੇਂਦਰ ਆਪਣੇ ਸਾਦਾ ਪੰਜਾਬੀ ਲਿਬਾਸ ਵਿਚ ਪ੍ਰੇਮ ਲਤਾ ਹੀ ਰਹਿੰਦੀ। ਵਿਆਹ ਦੀਆਂ ਆਮ ਰਸਮਾਂ ਤੋਂ ਵਿਹਲੀ ਹੋ ਕੇ ਉਹ ਕਦੇ ਰੋਟੀ ਪਕਾਉਣ ਵਾਲੀਆਂ ਵਿਚ ਹੁੰਦੀ, ਕਦੀ ਵਿਧਵਾ ਮਾਸੀ ਦੇ ਕਿਸੇ ਨਾ ਕਿਸੇ ਕੰਮ ਵਿਚ ਮਦਦ ਕਰਦੀ। ਗੋਪਾਲ ਨੇ ਉਸ ਨੂੰ ਦੂਸਰੇ ਦਿਨ ਜੰਞ ਦੀ ਰਾਤ ਦੀ ਰੋਟੀ ਤੋਂ ਮਗਰੋਂ ਬੁੱਢੇ ਝੀਊਰ ਨਾਲ

ਭਾਂਡੇ ਮੰਜਵਾਉਂਦਿਆਂ ਵੀ ਵੇਖਿਆ। ਇਸ ਬਦਲੇ ਉਸ ਨੂੰ ਆਪਣੇ ਪਿਤਾ ਕੋਲੋਂ ਥੋੜ੍ਹੀ ਜਹੀ ਝਾੜ ਵੀ ਪਈ। ਅੱਗੋਂ ਪ੍ਰੇਮ ਲਤਾ ਨੇ ਲਾਡ ਭਰੇ ਲਹਿਜੇ ਵਿਚ ਆਖਿਆ "ਡੈਡੀ, ਇਹ ਬੁੱਢਾ ਸਵੇਰ ਦੇ ਭਾਂਡੇ ਮਾਂਜ ਮਾਂਜ ਕੇ ਥੱਕ ਗਿਆ ਹੈ। ਨੌਕਰ ਹੋਰ ਕੰਮਾਂ ਵਿਚ ਲੱਗੇ ਹੋਏ ਹਨ। ਮੇਲ ਨੂੰ ਰੋਟੀ ਵਿਚ ਦੇਰ ਹੋ ਜਾਏਗੀ।"

ਗੋਪਾਲ ਨੂੰ ਆਉਂਦਿਆਂ ਵੇਖ ਕੇ ਮੇਜਰ ਸਾਹਿਬ ਉਥੋਂ ਹਟ ਗਏ ਸਨ। ਉਹ ਮੁਸਕਰਾਇਆ। ਉਹ ਮੁਸਕਰਾਈ ਤੇ ਆਪਣਾ ਕੰਮ ਕਰੀ ਗਈ।

ਤੀਸਰੇ ਦਿਨ ਦੁਪਹਿਰ ਤਕ ਸਭ ਰਸਮਾਂ ਮੁੱਕ ਗਈਆਂ ਤੇ ਡੋਲੀ ਤੁਰ ਗਈ। ਗੋਪਲ ਨੇ ਜ਼ਰੂਰ ਸ਼ਾਮ ਨੂੰ ਟੁਰਨਾ ਸੀ। ਬੜਾ ਜ਼ੋਰ ਲਾਇਆ ਗਿਆ ਕਿ ਉਹ ਕੁਝ ਦਿਨ ਹੋਰ ਰਹੇ, ਪਰ ਉਸ ਨੇ ਆਪਣੀ ਅਸਮਰਥਾ ਪ੍ਰਗਟ ਕੀਤੀ। ਉਸ ਨੂੰ ਪੱਗ ਦੀ ਕੀਮਤ, ਮਠਿਆਈ ਆਦਿ ਦੇ ਕੇ ਵਿਦਾ ਕੀਤਾ ਗਿਆ। ਸਟੇਸ਼ਨ ਉਥੋਂ ਕੋਈ ਚਾਰ ਫਰਲਾਂਗ ਸੀ। ਨੌਕਰ ਨੂੰ ਪੁਰਾਣਾ ਸੂਟਕੇਸ ਚੁਕਾ ਕੇ ਪਹਿਲੋਂ ਹੀ ਭੇਜ ਦਿਤਾ ਗਿਆ ਸੀ। ਸਭ ਸੰਬੰਧੀ ਮਿਲੇ। ਸਵਰਨ ਲਤਾ ਮਿਆਨੀ ਵਿਚ ਸੀ। ਥੱਲੇ ਓਦੋਂ ਉੱਤਰੀ, ਜਦ ਮਾਂ ਨੇ ਖਿੱਝ ਕੇ ਆਵਾਜ਼ ਦਿਤੀ। ਰਸਮੀ ਮੁਸਕਰਾਹਟ ਨਾਲ ਨਮਸਤੇ ਕਰ ਕੇ ਉਸ ਦੇ ਤੁਰਨ ਤੋਂ ਪਹਿਲੋਂ ਹੀ ਮੁੜ ਪੌੜੀਆਂ ਚੜ੍ਹ ਗਈ। ਪ੍ਰੇਮ ਲਤਾ ਕਿਤੇ ਵੀ ਨਹੀਂ ਸੀ ਤੇ ਨਾ ਹੀ ਉਸ ਨੂੰ ਕਿਸੇ ਆਵਾਜ਼ ਮਾਰੀ। ਗੋਪਾਲ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ ਕਿ ਉਸ ਨੂੰ ਲਤਾ ਨੂੰ ਅਸੀਸ ਭਰੀਆਂ ਸ਼ੁਭ ਇਛਾਵਾਂ ਪੇਸ਼ ਕਰਨੀਆਂ ਚਾਹੀਦੀਆਂ ਸਨ। ਉਹ ਉਸ ਕੁੜੀ ਵਲ ਖਿਚਿਆ ਗਿਆ ਸੀ।

ਪਿਛਾਂਹ ਮੁੜ ਮੁੜ ਵੇਖਦੀਆਂ ਨਜ਼ਰਾਂ ਨਾਲ ਉਹ ਸਟੇਸ਼ਨ ਵਲ ਟੁਰ ਗਿਆ। ਮੇਜਰ ਸਾਹਿਬ ਉਸ ਨੂੰ ਕੋਠੀ ਤੋਂ ਬਾਹਰ ਸੜਕ ਤਕ ਛੱਡਣ ਆਏ। ਸੜਕ 'ਤੇ ਫਰਲਾਂਗ ਕੁ ਟੋਟਾ ਤੁਰ ਕੇ ਉਹ ਸਟੇਸ਼ਨ ਵਲ ਮੁੜਿਆ ਤਾਂ ਟਾਹਲੀ ਦੇ ਹੇਠ ਪ੍ਰੇਮ ਲਤਾ ਸੈਂਡਲ ਦੀ ਟੋ ਨਾਲ ਜ਼ਮੀਨ 'ਤੇ ਲੀਕਾਂ ਮਾਰਦੀ, ਮੋਢੇ 'ਤੇ ਪਰਸ ਲਮਕਾਈ ਖੜੀ ਦਿੱਸੀ। ਉਸ ਸਫ਼ੈਦ ਸਾੜ੍ਹੀ ਤੇ ਪੂਰਾ ਬਲਾਊਜ਼ ਪਾਇਆ ਹੋਇਆ ਸੀ। ਗੋਪਾਲ ਬਾਬੂ ਦੇ ਚਾਰ ਕਦਮ ਹੀ ਅੱਗੇ ਵਧਿਆ ਸੀ ਕਿ ਲਤਾ ਨੇ ਸਿਰ ਭੁਆਂ ਕੇ ਮੋੜ ਵੱਲ ਵੇਖਿਆ। ਛੇਤੀ ਹੀ ਗੋਪਾਲ ਉਸ ਦੇ ਬਰਾਬਰ ਪਹੁੰਚ ਗਿਆ। "ਤੁਸੀਂ ਇਥੇ ਕਿੱਥੇ ?" ਗੋਪਾਲ ਨੇ ਕਿਹਾ।

ਲਤਾ ਨੇ ਨਾਲ ਕਦਮ ਮਿਲਾਂਦਿਆਂ ਕਿਹਾ, "ਇਕ ਫ੍ਰੈਂਡ ਨੂੰ ਗੱਡੀ ਚੜ੍ਹਾਉਣ ਆਈ ਆਂ, ਜੀਜਾ ਜੀ !"

ਉਸ ਨੇ ਲਤਾ ਦੇ ਮੂੰਹੋਂ ਪਹਿਲੀ ਵਾਰੀ ਅੰਗਰੇਜ਼ੀ ਦਾ ਸ਼ਬਦ ਸੁਣਿਆ। ਉਸਦੀ ਵੱਡੀ ਭੈਣ ਤਾਂ ਨੌਕਰਾਂ ਨਾਲ ਵੀ ਅੰਗਰੇਜ਼ੀ ਹੀ ਧੌਸੀ ਜਾਂਦੀ ਸੀ।

"ਤੇ ਤੇਰੀ ਸਹੇਲੀ ਕਿਥੇ ਹੈ, ਲਤਾ ?"

"ਮੈਂ ਤੇ ਫ੍ਰੈਂਡ ਕਿਹੈ। ਸਹੇਲੀ ਥੋੜ੍ਹਾ ਆਖਿਐ ?"

"ਓਹ ! ਤਾਂ ਠੀਕ ਏ", ਗੋਪਾਲ ਨੇ ਕਿਹਾ, ਪਰ ਕਿਹਾ ਬਿਨਾਂ ਸਮਝਿਆਂ। ਤੇ ਜੋ ਕੁਝ ਸਮਝਿਆ ਸੀ, ਤਾਂ ਉਸ ਨੂੰ ਉਸ 'ਤੇ ਵਿਸ਼ਵਾਸ ਨਹੀਂ ਸੀ ਹੁੰਦਾ। ਉਹ ਕਈ

ਕਦਮ ਬਿਨਾਂ ਬੋਲਿਆਂ ਤੁਰੀ ਗਏ। ਇਸ ਟੋਟੇ 'ਤੇ ਸਟੇਸ਼ਨ ਵੱਲ ਹੋਰ ਕੋਈ ਆਦਮੀ ਨਹੀਂ ਸੀ ਜਾ ਰਿਹਾ। ਲਤਾ ਦਾ ਨੌਕਰ ਦੂਰ ਉੱਚੇ ਸਟੇਸ਼ਨ ਦੀਆਂ ਪੌੜੀਆਂ ਚੜ੍ਹ ਰਿਹਾ ਸੀ।

ਲਤਾ ਨੇ ਚੁੱਪ ਤੋੜੀ, "ਜੀਜਾ ਜੀ, ਇਕ ਗੱਲ ਪੁੱਛਾਂ ? ਦੱਸੋਗੇ ?"

"ਜ਼ਰੂਰ ਦੱਸਾਂਗਾ ?"

"ਸੱਚੀਂ ! ਪਰ ਸੱਚ ਸੱਚ ?"

"ਫ੍ਰੈਂਡ ਨਾਲ ਕੋਈ ਝੂਠ ਬੋਲ ਸਕਦੈ ?"

ਲਤਾ ਨੇ ਦੇਖਿਆ, ਉਸ ਦੀਆਂ ਅੱਖਾਂ ਉਸ ਦੇ ਕਥਨ ਦੀਆਂ ਗਵਾਹ ਸਨ।

"ਅੱਛਾ, ਤੁਸੀਂ ਭੈਣ ਜੀ ਨੂੰ ਤੇ ਬੱਚਿਆਂ ਨੂੰ ਨਾਲ ਕਿਉਂ ਨਹੀਂ ਸੀ ਲਿਆਏ ?"

"ਮਾਲੀ ਮੁਸ਼ਕਲ ਸੀ", ਪੂਰੀ ਗੰਭੀਰਤਾ ਨਾਲ ਉਸ ਬਿਨਾਂ ਝਿਜਕ ਜਾਂ ਸ਼ਰਮ ਦੇ ਕਿਹਾ।

"ਤਾਂ ਮੈਂ ਠੀਕ ਸਾਂ", ਉਸ ਬੇ-ਮਲੂਮਾ ਹਉਕਾ ਲੈਂਦਿਆਂ ਕਿਹਾ, "ਤੁਸੀਂ ਤਾਂ ਆਪਣੀਆਂ ਲਿਖਤਾਂ ਵਿਚ ਵੀ ਸੱਚ ਹੀ ਬੋਲਦੇ ਹੋ।"

"ਤੈਨੂੰ ਮੇਰੀਆਂ ਲਿਖਤਾਂ ਦਾ ਕਿਵੇਂ ਪਤਾ ਏ ?"

"ਮੈਂ ਤੁਹਾਡੀਆਂ ਸਾਰੀਆਂ ਲਿਖਤਾਂ ਪੜ੍ਹੀਐਂ। ਕੁਝ-ਇਕ ਦਾ ਹਿੰਦੀ ਵਿਚ ਅਨੁਵਾਦ ਵੀ ਕੀਤੈ ? ਕੁਝ ਇਕ ਹਿੰਦੀ ਮਾਸਕਾਂ ਵਿਚ ਛਪੀਆਂ ਵੀ ਨੇ। ਮੈਂ ਸੋਚਿਆ, ਲੋਕਾਂ ਦਾ ਸਾਹਿਤ ਹਿੰਦੀ ਬੋਲਣ ਵਾਲਿਆਂ ਲੋਕਾਂ ਤਕ ਵੀ ਪਹੁੰਚ ਜਾਏ।"

ਬਟੂਆ ਖੋਲ੍ਹ ਕੇ ਉਸ ਦੋ ਸੌ ਸੌ ਦੇ ਨੋਟ ਕੱਢੇ ਤੇ ਦੇਣ ਲਈ ਵਧਾਉਂਦਿਆਂ ਕਿਹਾ, "ਤੁਹਾਨੂੰ ਮੇਰੀ ਸਹੁੰ ਜੇ ! ਭੈਣ ਜੀ ਤੇ ਬੱਚਿਆਂ ਦੇ ਕਪੜਿਆਂ ਲਈ ਹੀ ਖ਼ਰਚਣੇ।"

ਗੋਪਾਲ ਦੀਆਂ ਅੱਖਾਂ ਗੁੱਸੇ ਨਾਲ ਭਰ ਗਈਆਂ, ਪਰ ਉਸ ਮੱਥੇ 'ਤੇ ਤਿਊੜੀਆਂ ਨਾ ਪੈਣ ਦਿੱਤੀਆਂ ਤੇ ਉਸ ਵਲਵਲੇ-ਰਹਿਤ ਜਿਹੇ ਸ਼ਬਦਾਂ ਵਿਚ ਕਿਹਾ, "ਤੁਸੀਂ ਮੇਰੀ ਹੱਤਕ ਕਰ ਰਹੇ ਹੋ ?"

"ਇਹ ਤੇ ਤੁਹਾਡੀਆਂ ਕਿਰਤਾਂ ਦੇ ਅਨੁਵਾਦਾਂ ਦੇ ਹਿੰਦੀ ਵਿਚ ਛਪਣ ਦਾ ਇਵਜ਼ਾਨਾ ਹੈ।"

ਗੋਪਾਲ ਕੁਝ ਚਿਰ ਚੁੱਪ ਰਿਹਾ। ਫੇਰ ਬੋਲਿਆ, "ਫੇਰ ਵੀ ਇਹ ਤੁਹਾਡੀ ਹੀ ਮਿਹਨਤ ਹੈ।"

"ਮੈਂ ਉਹਦੇ ਵਿਚ ਕਿਹੜੀ ਹਿੰਗ ਫਟਕੜੀ ਲਾਈ ਹੈ ?"

"ਨਹੀਂ ਬਈ, ਮੈਂ ਅਨੁਵਾਦ ਕਰਕੇ ਦੇਖੇ ਨੇ, ਅਨੁਵਾਦ ਕਰਨਾ ਮੌਲਿਕ ਲਿਖਣ ਕੋਲੋਂ ਔਖਾ ਕੰਮ ਹੈ। ਤੇ ਉਹ ਅਨੁਵਾਦ ਤਾਂ ਮੈਂ ਆਪ ਪੜ੍ਹੇ ਨੇ, ਕਿਤੇ ਉਂਗਲ ਧਰਨ ਨੂੰ ਉਕਾਈ ਨਹੀਂ ਲੱਭੀ। ਘੱਟੋ ਘੱਟ ਅੱਧ ਤੁਹਾਡਾ ਹੈ, ਇਸ ਵਿਚ।'

"ਹੱਛਾ ਅੱਧ ਤਾਂ ਲਓ", ਉਸ ਨੇ ਇਕ ਨੋਟ ਵੱਖਰਾ ਕਰਦਿਆਂ ਕਿਹਾ।

"ਤਾਂ ਲਵਾਂਗਾ, ਜਿਥੇ ਮੈਂ ਚਾਹਾਂ ਇਸ ਨੂੰ ਖ਼ਰਚ ਕਰ ਸਕਾਂ। ਮੇਰੇ 'ਤੇ ਕੋਈ

ਸ਼ਰਤ ਨਾ ਹੋਵੇ।"

"ਸ਼ਰਤ ਤਾਂ ਉਹੋ ਰਹੇਗੀ।"

"ਤਾਂ ਮੈਂ ਨਹੀਂ ਲਵਾਂਗਾ।"

ਜੀਜਾ ਉਸ ਨੂੰ ਜ਼ਾਲਮ ਨਹੀਂ ਤਾਂ ਬੜਾ ਅਜੀਬ ਬੰਦਾ ਜਾਪ ਰਿਹਾ ਸੀ, ਜੋ ਆਪਣੀ ਪਤਨੀ ਤੇ ਬੱਚਿਆਂ ਲਈ ਆਈ ਰਕਮ ਉਨ੍ਹਾਂ 'ਤੇ ਖ਼ਰਚ ਕਰਨੋਂ ਇਨਕਾਰ ਕਰ ਰਿਹਾ ਸੀ।

ਪਰ ਉਹ ਬੋਲੀ, "ਬਾਕੀ ਦੇ ਸੌ ਰੁਪਏ ਮੇਰੇ ਨੇ। ਉਸ ਨੂੰ ਮੈਂ ਜਿੱਥੇ ਚਾਹਾਂ ਵਰਤਾਂਗੀ ਫੇਰ ?"

"ਮੈਨੂੰ ਕੀ ਇਤਰਾਜ਼ ਏ।"

"ਪਰ ਦੋਸਤ", ਉਸ ਕੁੜੀ ਨੇ ਬੜੀ ਜੁਰੱਅਤ ਨਾਲ ਕਿਹਾ, "ਤੁਸੀਂ ਮੇਰੇ ਨਾਲ ਝੂਠ ਨਾ ਬੋਲਣ ਦਾ ਇਕਰਾਰ ਕੀਤਾ ਹੈ। ਤੁਸੀਂ ਸੌ ਰੁਪਏ ਨੂੰ ਆਪਣੀ ਮਰਜ਼ੀ ਨਾਲ ਕਿੱਥੇ ਖਰਚੋਗੇ ?"

"ਲੋਕ ਭਲਾਈ ਲਈ ਮੈਂ ਆਪਣਾ ਚੰਦਾ ਕਈ ਚਿਰਾਂ ਤੋਂ ਨਹੀਂ ਦੇ ਸਕਿਆ। ਐਸ ਵੇਲੇ ਲੋਕਾਂ ਦੇ ਸੇਵਕਾਂ ਨੂੰ ਪੈਸੇ ਦੀ ਬੜੀ ਲੋੜ ਹੈ।'

"ਮੈਂ ਤੁਹਾਨੂੰ ਰੋਕ ਨਹੀਂ ਸਕਦੀ", ਲਤਾ ਨੇ ਮਾਨੋਂ ਗੋਪਾਲ ਦੀਆਂ ਬੇਨਤੀਆਂ ਕਰਦਿਆਂ, ਅੱਖਾਂ ਨੂੰ ਤਸੱਲੀ ਦੇਂਦਿਆਂ ਕਿਹਾ ਤੇ ਨੋਟ ਉਸ ਦੇ ਹੱਥ 'ਤੇ ਰੱਖ ਦਿੱਤਾ।

ਗੱਡੀ ਦੀ ਖੜ ਖੜ ਸੁਣਾਈ ਦੇ ਰਹੀ ਸੀ। ਦੋਵੇਂ ਭੱਜ ਕੇ ਸਟੇਸ਼ਨ 'ਤੇ ਪਹੁੰਚੇ। ਨੌਕਰ ਬਾਹਰ ਹੀ ਟਿਕਟ-ਘਰ ਦੇ ਬਰਾਂਡੇ ਵਿਚ ਖੜਾ ਸੀ। ਗੋਪਾਲ ਨੇ ਪੈਸੇ ਕੱਢ ਕੇ ਟਿਕਟ ਲੈਣ ਲਈ ਖਿੜਕੀ ਵੱਲ ਪੈਰ ਵਧਾਇਆ ਹੀ ਸੀ ਕਿ ਹਿੰਦੁਸਤਾਨੀ ਨੌਕਰ ਨੇ ਕਿਹਾ, "ਬਾਬੂ ਜੀ, ਮੈਂ ਨੇ ਟਿਕਟ ਲੇ ਲੀ। ਮੇਜਰ ਸਾਹਿਬ ਨੇ ਪੈਸੇ ਦੇ ਦੀਏ ਥੇ।"

ਗੋਪਾਲ ਨੇ ਮੁੜ ਕੇ ਦੇਖਿਆ, ਪ੍ਰੇਮ ਲਤਾ ਮੁਸਕਰਾ ਰਹੀ ਸੀ। ਦੋਵੇਂ ਪਲੇਟ-ਫ਼ਾਰਮ ਦੇ ਅੱਗਲੇ ਸਿਰੇ ਵਲ ਵਧ ਰਹੇ ਸਨ।

"ਹੱਛਾ ਹੁਣ ਦੂਸਰਾ ਨੋਟ, ਤੁਸੀਂ ਮੇਰੇ ਵੱਲੋਂ ਬੱਚਿਆਂ ਲਈ...।"

"ਇਹ ਵੀ ਤੁਸੀਂ ਉਨ੍ਹਾਂ ਨੂੰ ਦਿਓ, ਜਿਨ੍ਹਾਂ ਲਈ ਮੈਂ ਲਿਖਦਾ ਹਾਂ, ਸਾਰਿਆਂ ਦੇ ਬੱਚਿਆਂ ਨੂੰ। ਇਕ ਇਕ ਟੱਬਰ ਦੀ ਸਹਾਇਤਾ ਕੀਤਿਆਂ ਕੀ ਬਣੇਗਾ ? ਕੱਟਾਂ ਮੈਂ ਰਸੀਦ ?" ਉਸ ਜੇਬ ਵਿਚੋਂ ਕਾਪੀ ਕੱਢਦਿਆਂ ਕਿਹਾ।

"ਮੈਂ ਆਪਣਾ ਚੰਦਾ ਬਾਕਾਇਦਾ ਦਿੰਦੀ ਹਾਂ। ਤੁਹਾਡੀ ਖ਼ੁਸ਼ੀ ਇਸੇ ਵਿਚ ਹੈ ਤਾਂ ਇਹ ਵੀ ਚੰਦਾ ਜਮ੍ਹਾ ਕਰ ਲਵੋ।" ਪਰ ਉਸ ਬਟੂਆ ਖੋਲ੍ਹਦਿਆਂ ਕਿਹਾ, "ਐਹ ਇਕ ਹੋਰ ਨੋਟ ਤਾਂ ਜ਼ਰੂਰ ਬੱਚਿਆਂ ਨਹੀ ਲਿਜਾਣਾ ਪਵੇਗਾ।"

"ਮੇਰੀ ਆਤਮਾ ਨੂੰ ਨਾ ਝੁਕਾ, ਲਤਾ ! ਮੈਨੂੰ ਸਿੱਧਾ ਖੜਾ ਰਹਿਣ ਦੇ।"

"ਮੇਰੇ ਪਿਤਾ ਕੋਲ ਆਪਣੇ ਜੋਗਾ ਤੇ ਭਰਾ ਜੀ ਦੇ ਗਵਾਉਣ ਜੋਗਾ ਬੜਾ ਹੈ। ਇਹ ਮੇਰੇ ਜੇਬ-ਖ਼ਰਚ ਦੀ ਬੱਚਤ ਵਿਚੋਂ ਹੈ।"

"ਬੀਬਾ, ਤੇਰੀ ਇਹ ਰਕਮ ਮੈਨੂੰ ਖ਼ੁਸ਼ੀ ਨਹੀਂ ਦੇਵੇਗੀ ਤੇ ਨਾ ਹੀ ਸ਼ਾਇਦ

ਤੇਰੀ ਭੈਣ ਨੂੰ।"

"ਤਾਂ ਤੁਸੀਂ ਰਸੀਦ ਕੱਟੋ, ਦੋ ਸੌ ਦੀ", ਉਸ ਦੋ ਨੋਟ ਅਗਾਂਹ ਕਰਦਿਆਂ ਕਿਹਾ। ਰਸੀਦ-ਬੁੱਕ ਖੁੱਲ੍ਹੀ ਛੱਡ ਕੇ ਉਸ ਖ਼ੁਸ਼ੀ ਭਰੀਆਂ ਅੱਖਾਂ ਨਾਲ ਲਤਾ ਵੱਲ ਤੱਕਿਆ। ਲਤਾ ਨੇ ਮੁਸਕਰਾ ਕੇ ਕਿਹਾ, "ਮੈਂ ਇਹ ਖ਼ੁਸ਼ੀ ਨਾਲ ਕਹਿੰਦੀ ਹਾਂ।"

ਗੋਪਾਲ ਫਿਰ ਖਲੋਤਾ ਰਿਹਾ। ਲਤਾ ਨੇ ਉਸ ਦੀ ਅੰਦਰਲੀ ਜੇਬ ਵਿਚੋਂ ਬਟੂਆ ਕੱਢ ਕੇ, ਰੁਪਏ ਵਿਚ ਰੱਖ ਕੇ, ਬਟੂਆ ਜ਼ੇਬ ਵਿਚ ਪਾ ਦਿੱਤਾ। ਰਸੀਦ-ਬੁੱਕ ਫੜ ਕੇ ਰਸੀਦ ਭਰ ਦਿੱਤੀ ਤੇ ਕਿਹਾ, "ਲਉ, ਹੁਣ ਕਰੋ ਦਸਖ਼ਤ।"

ਗੋਪਾਲ ਨੇ ਦਸਖ਼ਤ ਕਰ ਕੇ ਰਸੀਦ ਕੱਟ ਦਿੱਤੀ। ਉਹ ਉਸ ਨੂੰ ਚੁੰਮ ਲੈਣਾ ਚਾਹੁੰਦਾ ਸੀ, ਜਿਵੇਂ ਕਦੇ ਯੂਨੀਵਰਸਿਟੀ ਵਿਚ ਫਸਟ ਰਹਿਣ ਕਾਰਨ ਆਪਣੇ ਦੋਸਤ ਰਾਜ ਪਾਲ ਨੂੰ ਉਸ ਚੁੰਮਿਆ ਸੀ ਜਾਂ ਜਿਸ ਤਰ੍ਹਾਂ ਕਿਸੇ ਚੰਗੇ ਕੰਮ ਬਦਲੇ ਉਹ ਆਪਣੀ ਬੇਟੀ ਨਿਰਮਲ ਨੂੰ ਚੁੰਮਦਾ ਸੀ।

ਗੱਡੀ ਦਾ ਇੰਜਣ ਉਨ੍ਹਾਂ ਦੇ ਲਾਗਿਓਂ ਲੰਘ ਗਿਆ ਸੀ। ਥਰਡ ਕਲਾਸ ਦਾ ਡੱਬਾ ਉਨ੍ਹਾਂ ਦੇ ਸਾਹਮਣੇ ਖੜਾ ਸੀ। ਉਹ ਉਸ ਵੱਲ ਵਧਿਆ, ਪਰ ਮੇਜਰ ਸਾਹਿਬ ਦਾ ਨੌਕਰ ਪੁਕਾਰ ਰਿਹਾ ਸੀ, "ਬਾਬੂ ਜੀ, ਇੰਟਰ ਕਿਲਾਸ ਹੀਆਂ ਹੈ।"

ਗੋਪਾਲ ਲਤਾ ਵੱਲ ਵੇਖ ਕੇ ਮੁਸਕਰਾਇਆ ਤੇ ਉਧਰ ਤੁਰ ਪਿਆ। ਗੱਡੀ ਨੇ ਕੇਵਲ ਡੇਢ ਮਿੰਟ ਠਹਿਰਨਾ ਸੀ। ਡੱਬੇ ਵਿਚ ਵਿਹਲ ਸੀ। ਉਹ ਬਾਰੀ ਲਾਗਲੀ ਸੀਟ 'ਤੇ ਬੈਠ ਕੇ ਬਾਹਰ ਦੇਖਣ ਲਗ ਪਿਆ। ਲਤਾ ਉਸ ਦੇ ਹੱਥ ਨਾਲ ਇਵੇਂ ਖੇਡਣ ਲੱਗ ਪਈ, ਜਿਵੇਂ ਉਹ ਕੋਈ ਬਾਲੜੀ ਹੋਵੇ। ਗਾਰਡ ਨੇ ਵਿਸਲ ਦਿੱਤੀ। ਲਤਾ ਦੇ ਹੱਥ ਦੀ ਪਕੜ ਤਕੜੀ ਹੋ ਗਈ। ਗੋਪਾਲ ਨੇ ਉਸ ਦਾ ਉੱਤਰ ਨਿੱਘੀ ਪਕੜ ਵਿਚ ਦਿੱਤਾ। ਇੰਜਣ ਨੇ ਵਿਸਲ ਦਿਤੀ ਤੇ ਰੇੜ੍ਹੇ ਪੈ ਗਿਆ। ਛੇਤੀ ਹੀ ਗੱਡੀ ਪਲੇਟਫ਼ਾਰਮ ਪਾਰ ਕਰ ਗਈ। ਲਤਾ ਹੱਥ ਹਿਲਾ ਰਹੀ ਸੀ। ਗੋਪਾਲ ਨੇ ਵੀ ਹੱਥ ਹਿਲਾਇਆ ਅਤੇ ਫੇਰ ਉਹ ਸ਼ੱਕੀ ਨਜ਼ਰਾਂ ਨਾਲ ਦੇਖ ਰਹੇ ਇਕ ਲਾਲੇ ਲਾਲੀ ਵੱਲ ਵੇਖਣ ਲਗ ਪਿਆ। ਉਥੇ ਉਸ ਦੀ ਨਜ਼ਰ ਇਕ ਚਿੱਟ-ਦਾੜ੍ਹੀਏ ਸਰਦਾਰ ਵੱਲ ਗਈ, ਜੋ ਆਪਣੇ ਸਾਥੀ ਨੂੰ ਅਰਕਾਂ ਮਾਰ ਕੇ ਉਸ ਵੱਲ ਤਕ ਰਿਹਾ ਸੀ। ਉਸ ਵੱਲ ਵੇਖ ਕੇ ਉਹ ਬੇ-ਹਰਕਤ ਹੋ ਗਏ। ਗੋਪਾਲ ਬਾਬੂ ਨੇ ਬਾਹਰ ਦੇਖਿਆ। ਨੰਨ੍ਹੀਂ ਲਤਾ ਚਿੱਟਾ ਰੁਮਾਲ ਹਿਲਾ ਰਹੀ ਸੀ। ਆਪਣੀ ਕਲਪਨਾ ਵਿਚ ਉਸ ਨੂੰ ਉਹ ਕੁੜੀ ਆਕਾਸ਼ ਨਾਲ ਲੱਗੀ ਚਿੱਟਾ ਝੰਡਾ ਹਿਲਾਉਂਦੀ ਦਿੱਸੀ- ਪ੍ਰੇਮ ਤੇ ਦੋਸਤੀ ਦਾ ਝੰਡਾ, ਸਾਰੇ ਸੰਸਾਰ ਲਈ।

ਵਿਚਕਾਰਲੀ ਸੀਟ 'ਤੇ ਬੈਠੇ ਕਾਲੀ ਟੋਪੀ ਵਾਲੇ ਮਨਚਲੇ ਨੌਜਵਾਨ ਨੇ ਹੀਆ ਕਰਕੇ ਪੁੱਛ ਹੀ ਲਿਆ, "ਬਾਊ ਜੀ, ਇਹ ਕੁੜੀ ਕੌਣ ਸੀ ?"

ਗੋਪਾਲ ਦਾਸ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ, "ਦੋਸਤ।"

ਕਮਰੇ ਵਿਚ ਗੰਭੀਰ ਚੁੱਪ ਛਾ ਗਈ। ਕਈਆਂ ਨੇ ਗੋਪਾਲ ਬਾਬੂ ਵੱਲ ਵੇਖਣਾ ਵੀ ਬੰਦ ਕਰ ਲਿਆ, ਜਿਵੇਂ ਦੇਖਣ-ਮਾਤਰ ਨਾਲ ਉਹ ਅਪਵਿੱਤਰ ਹੋ ਜਾਣਗੇ।

ਡੇਢ ਆਦਮੀ

ਜਦ ਉਸ ਨੂੰ ਪਾਗਲਖਾਨੇ ਦੇ ਮਾਨਸਿਕ ਰੋਗੀਆਂ ਦੇ ਡਾਕਟਰ ਕੋਲ ਲਿਆਂਦਾ ਗਿਆ ਤਾਂ ਉਹ ਬਿਲਕੁਲ ਸ਼ਾਂਤ ਸੀ। ਸਰੀਰ ਉਸ ਦਾ ਚੁਸਤ ਸੀ, ਤੇ ਉਸ ਦੇ ਵਾਹੇ ਹੋਏ ਲੰਮੇ ਵਾਲ ਬੰਗਾਲੀ ਜੂੜੇ ਵਿਚ ਬੱਝੇ ਹੋਏ ਸਨ। ਉਸ ਦੇ ਮੱਥੇ ਉਪਰਲੇ ਵਾਲ ਬੇਤਰਤੀਬੀ ਨਾਲ ਉੱਚੇ ਉੱਠੇ ਹੋਏ ਸਨ, ਜਿਵੇਂ ਉਹ ਉਨ੍ਹਾਂ ਵਿਚ ਉਂਗਲਾਂ ਮਾਰਦੀ ਰਹੀ ਹੋਵੇ। ਉਹ ਇਕ ਨਿਰਛਲ ਘਰ-ਗ੍ਰਿਹਸਥਣ ਜਾਪਦੀ ਸੀ।

ਡਾਕਟਰ ਨੇ ਉਸਨੂੰ ਸਿਰ ਤੋਂ ਪੈਰਾਂ ਤਕ ਵੇਖਿਆ। ਪੈਰਾਂ ਤੋਂ ਉਸਦੀ ਨਜ਼ਰ ਫੇਰ ਉਪਰ ਉੱਠਣੀ ਸ਼ੁਰੂ ਹੋਈ। ਲੱਕ ਤੋਂ ਗਲ ਤਕ ਉਸ ਦੀਆਂ ਅੱਖਾਂ ਹੌਲੀ ਹੌਲੀ ਘੋਖ ਕੇ ਵੇਖਦੀਆਂ ਗਈਆਂ ਅਤੇ ਅੱਖਾਂ 'ਤੇ ਜਾ ਕੇ ਬਿਲਕੁਲ ਟਿਕ ਗਈਆਂ।

ਕੁਝ ਚਿਰ ਮਗਰੋਂ ਉਸ ਦੀਆਂ ਅੱਖਾਂ ਵਿਚ ਅੱਖਾਂ ਗੱਡੀ ਡਾਕਟਰ ਬੋਲਿਆ, "ਤੂੰ...ਪਾਗਲ...ਨਹੀਂ...ਹੈਂ।"

"ਹਾਂ, ਇਹੋ ਤੇ ਮੈਂ ਕਹਿੰਦੀ ਹਾਂ ਕਿ ਮੈਂ ਪਾਗਲ ਨਹੀਂ ਹਾਂ, ਪਰ ਇਹ ਭੀੜ ਮੈਨੂੰ ਪਾਗਲ ਬਣਾ ਕੇ ਹੀ ਰਹੇਗੀ।"

ਉਨ੍ਹਾਂ ਵਿਚੋਂ ਇਕ ਤੀਵੀਂ ਫੜੇ ਹੋਏ ਕਾਗਜ਼ ਡਾਕਟਰ ਦੀ ਮੇਜ਼ 'ਤੇ ਰੱਖਣ ਲਈ ਵਧੀ ਅਤੇ ਫੇਰ ਦੋਵੇਂ ਬਾਹਰ ਨਿਕਲ ਗਈਆਂ। ਇਕ ਤਖ਼ਤੇ ਦਾ ਸਪ੍ਰਿੰਗਦਾਰ ਬੂਹਾ ਕੁਝ ਚਿਰ ਝੂਲ ਕੇ ਬੰਦ ਹੋ ਗਿਆ।

ਡਾਕਟਰ ਨੇ ਅਦਬ ਨਾਲ ਮੁਸਕਰਾਉਂਦਿਆਂ ਕਿਹਾ, "ਬੈਠ ਜਾਓ, ਸ੍ਰੀਮਤੀ ਜੀ !"

ਉਹ ਚਾਰ ਸਾਲ ਤੋਂ ਅਦਬ ਵਾਲੇ ਸ਼ਬਦ ਬੋਲਣ ਤੇ ਬੇਅਦਬੀ ਦੇ ਸ਼ਬਦ ਸੁਣਨ ਦੀ ਆਦੀ ਹੋ ਚੁਕੀ ਸੀ। ਡਾਕਟਰ ਦੇ ਸ਼ਬਦਾਂ ਨੇ ਮਾਨੋ ਸੜੀ ਹੋਈ ਥਾਂ 'ਤੇ ਠੰਡਾ ਫਹਿਆ ਰੱਖ ਦਿੱਤਾ। ਉਹ ਕਾਹਲੀ ਕਾਹਲੀ ਅੱਖਾਂ ਝਮਕ ਕੇ ਇਕ-ਟੱਕ ਵੇਖਦਿਆਂ ਕਿਹਾ, "ਆਪ ਤੇ ਆਦਮੀ ਹੋ।"

"ਕੀ ਇਸ ਵਿਚ ਆਪ ਨੂੰ ਸ਼ੱਕ ਸੀ ?" ਡਾਕਟਰ ਨੇ ਪੁੱਛਿਆ।

ਬੜੇ ਗੰਭੀਰ ਲਹਿਜੇ ਵਿਚ ਉਸ ਕਿਹਾ, "ਆਦਮੀ ਤਾਂ ਹੀ ਆਦਮੀ ਹੁੰਦਾ ਹੈ ਜੇ ਅੰਤ ਤਕ ਆਦਮੀ ਰਹੇ" !

ਡਾਕਟਰ ਕੁਝ ਚਿਰ ਚੁੱਪ ਰਿਹਾ। ਫਿਰ ਉਸ ਸਾਹਮਣੇ ਪਏ ਕਾਗਜ਼ 'ਤੇ ਵੇਖਿਆ 'ਤੇ ਅੱਖਾਂ ਚੁੱਕਣ ਤੋਂ ਮਗਰੋਂ ਸਵਾਲ ਕੀਤਾ, "ਕੀ ਤੁਸੀਂ ਕੁਝ ਪੜ੍ਹੇ ਹੋਏ ਵੀ ਹੋ ?"

"ਹਾਂ, ਅੱਠ ਜਮਾਤਾਂ।"

ਡਾਕਟਰ ਦੇ ਕਾਗਜ਼ਾਂ 'ਤੇ ਵਿਦਿਆ ਵਾਲਾ ਖ਼ਾਨਾ ਖਾਲੀ ਸੀ। ਉਸ ਕਲਮ ਚੁੱਕ

ਕੇ ਕੁਝ ਲਿਖਿਆ। ਫਿਰ ਹੋਲਡਰ ਦਾ ਪਿਛਲਾ ਬੰਨਾ ਦੰਦਾਂ ਵਿਚ ਲੈ ਕੇ ਸੋਚਦਾ ਰਿਹਾ ਕਿ ਇਸ ਦੀ ਬੋਲਚਾਲ ਅੱਠਵੀਂ ਜਮਾਤ ਪੜ੍ਹੀ ਤੀਵੀਂ ਤੋਂ ਕਿਤੇ ਉਚੇਰੀ ਪੱਧਰ ਦੀ ਕਿਉਂ ਹੈ। ਉਸ ਨੂੰ ਸ਼ਾਇਦ ਪਤਾ ਨਹੀਂ ਸੀ ਕਿ ਵਿਚਾਰ ਜੀਵਨ ਦੇ ਤਜਰਬੇ ਦੀ ਉਪਜ ਹੁੰਦੇ ਹਨ।

ਡਾਕਟਰ ਨੇ ਫਿਰ ਪੁੱਛਿਆ, "ਕੀ ਆਪ ਦਾ ਨਾਂ ਪਾਰਬਤੀ ਦੇਵੀ ਹੈ ?"

ਕੁੜੀ ਨੇ ਅਜੀਬ ਢੰਗ ਨਾਲ ਉੱਤਰ ਦਿੱਤਾ, "ਪਾਰਬਤੀ...ਦੇਵੀ ? ਨਹੀਂ, ਪਾਰਬਤੀ...ਨਹੀਂ, ਨਹੀਂ...ਪਾਰੂ।"

"ਹਾਂ, ਹਾਂ ਪਾਰੂ। ਪਾਰਬਤੀ ਦੇਵੀ ! ਤੂੰ ਪਾਗਲ ਨਹੀਂ ਹੈਂ। ਪਰ ਇਕ ਗੱਲ ਦਾ ਮੈਨੂੰ ਪਤਾ ਹੈ ਕਿ ਤੂੰ ਕੋਈ ਗੱਲ ਕਰਨਾ ਚਾਹੁੰਦੀ ਹੈਂ...!"

"ਜਿਸ ਨੂੰ ਕੋਈ ਸੁਣਦਾ ਹੀ ਨਹੀਂ", ਪਾਰੂ ਨੇ ਮਾਨੋ ਫਿਕਰਾ ਪੂਰਾ ਕਰਦਿਆਂ ਕਿਹਾ।

"ਉਹ ਗੱਲ ਮੈਂ ਸੁਣਾਂਗਾ।"

"ਉਹ ਗੱਲ ਨਹੀਂ, ਉਹ ਇਕ ਕਹਾਣੀ ਹੈ, ਇਕ ਸਵਾਲ ਹੈ। ਉਸ ਦਾ ਉੱਤਰ ਮਿਲੇ ਬਿਨਾਂ ਮੈਂ ਪਾਗਲ ਹੋ ਜਾਵਾਂਗੀ।"

"ਮੈਂ ਲਗਦੀ ਵਾਹੇ ਉੱਤਰ ਦੇਣ ਦਾ ਜਤਨ ਕਰਾਂਗਾ।"

ਪਾਰੂ ਕੁਰਸੀ 'ਤੇ ਟਿਕ ਕੇ ਬੈਠ ਗਈ। ਉਹ ਡਾਕਟਰ ਦੀਆਂ ਅੱਖਾਂ ਵਿਚ ਵੇਖਦੀ ਬੋਲੀ :

"ਮੈਂ ਢਾਕੇ ਵਿਚ ਜੰਮੀ। ਮੇਰਾ ਪਿਤਾ ਮਾਲਕ-ਮਕਾਨ ਸੀ ਤੇ ਮਕਾਨ ਵੱਡਾ ਹੋਣ ਕਰਕੇ ਕਈ ਹਿੱਸੇ ਕਿਰਾਏ 'ਤੇ ਦੇ ਛੱਡਦਾ ਸੀ। ਉਮਰ ਭਰ ਉਸ ਕੋਈ ਕੰਮ ਨਹੀਂ ਸੀ ਕੀਤਾ। ਅਸੀਂ ਦੋ ਭੈਣਾਂ ਤੇ ਦੋ ਭਰਾ ਸਾਂ। ਮੇਰਾ ਵਿਆਹ ਇਕ ਜੈਨਰਲ ਸਟੋਰ ਦੇ ਸੇਲਜ਼ਮੈਨ ਨਾਲ ਹੋਇਆ, ਜਿਸ ਦਾ ਬਸਤੀਆਂ ਵਿਚ ਛੋਟਾ ਜਿਹਾ ਆਪਣਾ ਮਕਾਨ ਸੀ। ਮੈਂ ਆਪਣੇ ਪਤੀ ਦੇ ਘਰ ਬਹੁਤ ਸੁਖੀ ਸਾਂ। ਮੇਰੇ ਘਰ ਦੋ ਸਾਲ ਦਾ ਬੱਚਾ ਸੀ, ਜਦ ਢਾਕੇ ਵਿਚ ਗੜਬੜ ਸ਼ੁਰੂ ਹੋਈ। ਸਾਡਾ ਘਰ ਮੁਸਲਮਾਨੀ ਇਲਾਕੇ ਵਿਚ ਘਿਰਿਆ ਹੋਇਆ ਸੀ। ਸੋ ਅਸੀਂ ਸਭ ਕੁਝ ਉਥੇ ਹੀ ਛੱਡ ਕੇ ਪਿਤਾ ਜੀ ਦੇ ਘਰ ਆ ਗਏ। ਜਦ ਬਾਜ਼ਾਰਾਂ ਵਿਚ ਛੁਰੇ-ਬਾਜ਼ੀ ਤੇ ਘਰਾਂ ਵਿਚ ਬੇਇੱਜ਼ਤੀਆਂ ਹੋਣ ਲੱਗੀਆਂ ਤਾਂ ਅਸੀਂ ਆਪਣੇ ਦੇਸ਼ ਨੂੰ ਵਿਦਾ ਆਖੀ। ਮੇਰੀ ਵੱਡੀ ਭੈਣ ਇਕ ਪਿੰਡ ਵਿਚ ਵਿਆਹੀ ਹੋਈ ਸੀ। ਉਨ੍ਹਾਂ ਦੀ ਅੱਜ ਤਕ ਕੋਈ ਉੱਘ ਸੁੱਘ ਨਹੀਂ ਨਿਕਲੀ। ਰਸਤੇ ਵਿਚ ਬਹੁਤ ਔਕੜਾਂ ਆਈਆਂ, ਪਰ ਜਿਵੇਂ ਕਿਵੇਂ ਅਸੀਂ ਸਿਆਲਦਾ ਸਟੇਸ਼ਨ 'ਤੇ ਆ ਉਤਰੇ ਤੇ ਸੁਖ ਦਾ ਸਾਹ ਲਿਆ।

"ਅਸੀਂ ਸਾਰਾ ਟੱਬਰ ਕਈ ਦਿਨ ਫੁੱਟ-ਪਾਥਾਂ 'ਤੇ ਰੁਲਦੇ ਰਹੇ। ਸਭ ਕੁਝ ਰਸਤੇ ਵਿਚ ਲੁੱਟਿਆ ਪੁੱਟਿਆ ਗਿਆ ਸੀ। ਮੰਗਣ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਸੀ ਦਿੱਸਦਾ। ਸੋ ਢਿੱਡ ਦੀ ਭੁੱਖ ਤੋਂ ਤੰਗ ਆ ਕੇ ਮੰਗਣਾ ਸ਼ੁਰੂ ਕੀਤਾ। ਮੇਰਾ ਪਤੀ ਸਾਰੇ ਟੱਬਰ ਵਿਚ ਸਭ ਤੋਂ ਤੱਕੜਾ ਸੀ। ਉਹ ਕਈ ਦਿਨ ਕੰਮ ਲੱਭਣ ਜਾਂਦਾ ਰਿਹਾ, ਪਰ ਕੰਮ

ਕਿਤੇ ਲੱਭਦਾ ਨਹੀਂ ਸੀ ਤੇ ਮੰਗਿਆ ਹੋਇਆ ਉਹ ਖਾਂਦਾ ਨਹੀਂ ਸੀ। ਪਾਣੀ 'ਤੇ ਕੋਈ ਕਿੰਨਾ ਚਿਰ ਜੀਊਂਦਾ ਰਹਿ ਸਕਦਾ ਹੈ ? ਥੋੜ੍ਹੇ ਦਿਨਾਂ ਵਿਚ ਹੀ ਉਹ ਸਭ ਤੋਂ ਮਾੜਾ ਹੋ ਗਿਆ। ਆਖ਼ਰ ਆਪਣੇ ਬੱਚੇ ਦਾ ਵਾਸਤਾ ਪਾ ਕੇ ਮੈਂ ਉਸ ਨੂੰ ਮੰਗਿਆ ਪਿੰਨਿਆ ਖੁਆ ਹੀ ਦਿਤਾ। ਮੈਨੂੰ ਕੀ ਪਤਾ ਸੀ ਕਿ ਉਹ ਖਾਣਾ ਹੀ ਉਸ ਦੀ ਮੌਤ ਬਣ ਜਾਏਗਾ। ਮੇਰੀ ਦੁਨੀਆਂ ਹਨੇਰੀ ਹੋ ਗਈ।

"ਕੁਝ ਚਿਰ ਮਗਰੋਂ ਮੇਰੇ ਵੱਡੇ ਭਰਾ ਨੂੰ ਹੋਟਲ ਤੇ ਪਲੇਟਾਂ ਧੋਣ ਦੀ ਨੌਕਰੀ ਮਿਲ ਗਈ। ਬਸਤੀਆਂ ਵਿਚ ਖਪਰੈਲ ਦੀ ਛੱਤ ਵਾਲ਼ੀ ਇਕ ਬਾੜੀ ਵਿਚ ਦਸਾਂ ਰੁਪਈਆਂ ਦਾ ਸਾਨੂੰ ਇਕ ਕਮਰਾ ਮਿਲ ਗਿਆ। ਦਾਦਾ ਦੀ ਤਨਖਾਹ ਵਿਚੋਂ ਜਿਹੜੇ ਵੀਹ ਰੁਪਏ ਬਚਦੇ ਸਨ, ਉਸ ਨਾਲ ਭਰਜਾਈ ਤੇ ਉਸ ਦੇ ਬੱਚਿਆਂ ਦਾ ਗੁਜ਼ਾਰਾ ਵੀ ਨਹੀਂ ਸੀ ਚਲਦਾ। ਦਾਦਾ ਵੀ ਮਾੜਾ ਹੁੰਦਾ ਜਾ ਰਿਹਾ ਸੀ। ਭਰਜਾਈ ਮੇਰੇ 'ਤੇ ਨਰਾਜ਼ ਸੀ ਕਿਉਂਕਿ ਮੈਂ ਉਸ ਦੇ ਬੱਚਿਆਂ ਦੇ ਮੂੰਹੋਂ ਭਾਤ ਖੋਂਹਦੀ ਸੀ। ਬੁੱਢੇ ਬਾਪ ਨੇ ਕਦੇ ਕੁਝ ਕੀਤਾ ਨਹੀਂ ਸੀ। ਉਹ ਇਕ ਨੁੱਕਰੇ ਬੈਠਾ ਮੈਨੂੰ ਗਾਲ੍ਹਾਂ ਕੱਢਦਾ ਰਹਿੰਦਾ। ਮੈਂ ਤੰਗ ਆ ਕੇ ਬਾਹਰ ਚਲੀ ਜਾਂਦੀ ਤੇ ਮੰਗਦੀ ਪਿੰਨਦੀ। ਲੰਗੜਿਆਂ-ਲੂਲ੍ਹਿਆਂ ਤੇ ਅੰਨ੍ਹਿਆਂ, ਬੁੱਢਿਆਂ ਨੂੰ ਭਿੱਖ ਮਿਲ ਜਾਂਦੀ ਸੀ, ਪਰ ਮੈਨੂੰ ਸਾਰੇ ਦਿਨ ਵਿਚ ਦੋ ਚਾਰ ਪੈਸੇ ਵੀ ਨਾ ਨਸੀਬ ਹੁੰਦੇ। ਉਹ ਪੈਸੇ ਵੀ ਟੱਬਰ 'ਤੇ ਖ਼ਰਚ ਹੋ ਜਾਂਦੇ ਅਤੇ ਮੇਰਾ ਬੱਚਾ ਦਿਨੋ-ਦਿਨ ਦੁਬਲਾ ਹੁੰਦਾ ਜਾਂਦਾ।

ਇਕ ਦਿਨ ਫੁੱਟ-ਪਾਥ 'ਤੇ ਮੈਂ ਤਰਲੇ ਕਰ ਕਰ ਮੰਗ ਰਹੀ ਸਾਂ ਕਿ ਇਕ ਸੂਟਿਡ-ਬੂਟਿਡ ਅੱਧਖੜ ਸਾਹਬ ਮੇਰੇ ਅਗੋਂ ਲੰਘਿਆ। ਕੁਝ ਹਾਸਲ ਹੋਣ ਦੀ ਆਸ ਵਿਚ ਮੈਂ ਆਪਣਾ ਹੱਥ ਅੱਗੇ ਕਰ ਕੇ ਅਸੀਸ ਕੀਤੀ।

" 'ਹੂੰ'... ਉਹ ਇਕ ਪਾਸੇ ਦੀ ਮੁੱਛ ਚੜ੍ਹਾ ਕੇ ਬੋਲਿਆ, 'ਹੱਟੀ-ਕਟੀ ਜਵਾਨ ਹੈਂ, ਮੰਗਦਿਆਂ ਸ਼ਰਮ ਨਹੀਂ ਆਉਂਦੀ ?'

"ਸ਼ਰਮ ਤੇ ਆਉਂਦੀ ਹੈ, ਪਰ ਕੀ ਕਰਾਂ ?' ਮੈਂ ਪੁੱਛਿਆ।

"ਕੋਈ ਕੰਮ ਕਰ, ਕੋਈ ਕੰਮ, ਉਸ ਖੜੋ ਕੇ ਕਿਹਾ।

" 'ਕੰਮ ਤੇ ਮੇਰੇ ਪਤੀ ਨੂੰ ਵੀ ਨਾ ਮਿਲਿਆ ਤੇ ਉਹ ਅਣਆਈ ਮੌਤੇ ਮਰ ਗਿਆ'।

"ਸਾਹਬ ਨੇ ਹਮਦਰਦੀ ਜਤਾਉਂਦਿਆਂ ਕਿਹਾ, 'ਤੈਨੂੰ ਤੇ ਕੰਮ ਮਿਲ ਸਕਦਾ ਹੈ ਜੇ ਕਰਨਾ ਹੋਵੇ ਤਾਂ'।

"ਜੇ ਕੰਮ ਮਿਲੇ ਤਾਂ ਹੋਰ ਕੀ ਚਾਹੀਦਾ ਹੈ", ਮੈਂ ਆਖਿਆ।

" 'ਆ ਮੇਰੇ ਨਾਲ, ਮੈਂ ਤੈਨੂੰ ਘਰ ਵਿਖਾ ਦਿਆਂ। ਉਥੇ ਘਰ ਦਾ ਕੰਮਕਾਰ ਕਰਨਾ ਪਵੇਗਾ ਅਤੇ ਗੁਜ਼ਾਰੇ ਜੋਗੇ ਪੈਸੇ ਮਿਲ ਜਾਣਗੇ', ਉਸ ਨੇ ਮੈਨੂੰ ਸਿਰ ਤੋਂ ਪੈਰਾਂ ਤਕ ਵੇਖਦਿਆਂ ਕਿਹਾ ਅਤੇ ਤੁਰ ਪਿਆ।

"ਮੈਂ ਉਸ ਦੇ ਮਗਰ ਮਗਰ ਤੁਰ ਪਈ। ਚੌਕ ਵਿਚ ਪਹੁੰਚ ਕੇ ਉਹ ਟ੍ਰੈਮ ਉਡੀਕਣ ਲੱਗ ਪਿਆ। ਅਸੀਂ ਟ੍ਰੈਮ 'ਤੇ ਚੜ੍ਹ ਗਏ। ਉਸ ਮੈਨੂੰ ਪਿਛਲੀ ਸੀਟ 'ਤੇ ਬਿਠਾ ਕੇ

ਦੋ ਟਿਕਟਾਂ ਖਰੀਦੀਆਂ। ਇਕ ਥਾਂ ਪਹੁੰਚ ਕੇ ਉਸ ਰੱਸੀ ਖਿੱਚ ਕੇ ਟ੍ਰੈਮ ਖੜੀ ਕਰਨ ਲਈ ਟੱਲੀ ਵਜਾਈ ਤੇ ਮੈਨੂੰ ਵੀ ਉਤਰਨ ਲਈ ਇਸ਼ਾਰਾ ਕੀਤਾ। ਕੰਡਕਟਰ ਨੇ ਡ੍ਰਾਈਵਰ ਨੂੰ 'ਜ਼ਨਾਨਾ ਉਤਰੇਗਾ, ਬਾਂਧ ਕੇ' ਕਹਿ ਕੇ ਟ੍ਰੈਮ ਨੂੰ ਪੂਰੀ ਤਰ੍ਹਾਂ ਰੁਕਣ ਲਈ ਚੇਤਵਨੀ ਕੀਤੀ। ਮੈਂ ਉਸ ਕੇ ਮਗਰ ਉੱਤਰ ਗਈ। ਇਕ ਬਾੜੀ ਦੇ ਨਵੇਕਲੇ ਕੋਨੇ ਵਿਚ ਘਰ ਸੀ। ਉਸ ਨੇ ਬੂਹਾ ਖੜਕਾਇਆ। ਅੰਦਰੋਂ ਇਕ ਨੌਕਰ ਨੇ ਬੂਹਾ ਖੋਲ੍ਹਿਆ ਅਤੇ ਮਾਲਕ ਦੇ ਮੂੰਹ ਵੱਲ ਵੇਖਦਾ ਬਾਹਰ ਨਿਕਲ ਗਿਆ। ਮੈਨੂੰ ਪਿਛਲੇ ਕਮਰੇ ਦਾ ਬੂਹਾ ਵਿਖਾ ਕੇ ਸਾਹਬ ਨੇ ਬਾਹਰਲਾ ਬੂਹਾ ਬੰਦ ਕਰ ਦਿੱਤਾ। ਬੰਦ ਹੋਣ ਦੇ ਖਟਕੇ ਨਾਲ ਮੈਨੂੰ ਇਕ ਝਟਕਾ ਲੱਗਾ। ਹੁਣ ਸਾਹਬ ਮੇਰੇ ਕਮਰੇ ਵਿਚ ਆ ਚੁੱਕਾ ਸੀ। ਉਸ ਉਹ ਬੂਹਾ ਵੀ ਬੰਦ ਕਰ ਕੇ ਕੁੰਜੀ ਲਾ ਦਿੱਤੀ। ਇਸ ਕਮਰੇ ਵਿਚ ਇਕ ਪਲੰਘ ਵਿਛਿਆ ਹੋਇਆ ਸੀ। ਇਕ ਮੇਜ਼ ਤੇ ਕੁਰਸੀ ਤੋਂ ਇਲਾਵਾ ਇਕ ਕਿਤਾਬਾਂ ਭਰੀ ਅਲਮਾਰੀ ਵੀ ਸੀ। ਸਾਹਬ ਨੇ ਮੈਨੂੰ ਪਲੰਘ 'ਤੇ ਬੈਠ ਜਾਣ ਲਈ ਕਿਹਾ। ਜਦੋਂ ਬਾਹਰ ਨਿਕਲੀ, ਮੇਰੇ ਹੱਥਾਂ ਵਿਚ ਪੰਜਾਂ ਦਾ ਨੋਟ ਸੀ। ਬਾੜੀ ਤੋਂ ਬਾਹਰ ਸਿਗਰਟ ਦਾ ਕਸ਼ ਲਗਾਂਦਾ ਮੈਨੂੰ ਉਹੋ ਨੌਕਰ ਦਿਸਿਆ ਜੋ ਮੇਰੀ ਵਲ ਵੇਖ ਕੇ ਬੜੀ ਬੇਰਹਿਮੀ ਨਾਲ ਹੱਸਿਆ।

"ਟ੍ਰੈਮ 'ਤੇ ਚੜ੍ਹ ਕੇ ਮੈਂ ਆਪਣੇ ਘਰ ਜਾਣ ਵਾਲੇ ਰਸਤੇ 'ਤੇ ਜਾ ਉਤਰੀ। ਪੰਜ ਰੁਪਏ ਭਨਾ ਲਏ। ਘਰ ਜਾ ਕੇ ਜਦ ਪੰਦਰਾਂ ਆਨੇ ਪਿਤਾ ਜੀ ਦੇ ਹੱਥ 'ਤੇ ਰੱਖੇ ਤਾਂ ਉਹ ਪ੍ਰਸੰਨ ਤੋਂ ਹੈਰਾਨ ਬਹੁਤੇ ਹੋਏ। ਘਰ ਵਿਚ ਕਿਸੇ ਨਾ ਪੁੱਛਿਆ ਕਿ ਮੈਂ ਪੈਸੇ ਕਿਥੋਂ ਲਿਆਂਦੇ ਨੇ।"

ਹੁਣ ਤਕ ਡਾਕਟਰ ਨੇ ਕੋਈ ਹੁੰਗਾਰਾ ਨਹੀਂ ਸੀ ਦਿਤਾ ਅਤੇ ਪੱਥਰ ਦੀ ਮੂਰਤ ਵਾਂਗ ਅਹਿਲ ਸੁਣ ਰਿਹਾ ਸੀ। ਉਹ ਹਿੱਲਿਆ ਅਤੇ ਉਸ ਦੇ ਇਕ ਸਾਹ ਦੇ ਬਾਹਰ ਨਿਕਲਣ ਦੀ ਆਵਾਜ਼ ਵਧੇਰੇ ਉੱਚੀ ਸੁਣਾਈ ਦਿਤੀ। ਉਹ ਹਿੱਲ ਕੇ ਫੇਰ ਅਹਿਲ ਹੋ ਗਿਆ, ਜਿਵੇਂ ਹੋਰ ਸੁਣਨ ਲਈ ਤਿਆਰ ਹੋ ਗਿਆ ਹੋਵੇ।

"ਹੁਣ ਮੈਂ ਸ਼ਾਮੀਂ ਜ਼ਰਾ ਤਿਆਰ ਹੋ ਕੇ ਮੰਗਣ ਜਾਂਦੀ। ਜਾਂਦੀ ਵੀ ਕਿਉਂ ਨਾ ? ਇਸ ਤਰ੍ਹਾਂ ਮੇਰੇ ਪਿਤਾ ਤੇ ਪੁੱਤਰ ਨੂੰ ਭਾਤ ਮਿਲਦਾ ਸੀ। ਬੱਚਾ ਮੇਰੀ ਭਰਜਾਈ ਸੰਭਾਲ ਲੈਂਦੀ ਸੀ। ਉਸ ਬਾਬੂ ਵਰਗੇ ਕੰਮ ਦੇਣ ਵਾਲੇ ਮੈਨੂੰ ਅਕਸਰ ਮਿਲ ਜਾਂਦੇ ਸਨ। ਉਹ ਮੇਰੀਆਂ ਸ਼ਰਮੀਲੀਆਂ-ਨਿਰਲੱਜ ਅੱਖਾਂ ਵਿਚੋਂ ਮੇਰੇ ਸੌਦੇ ਦਾ ਹੋਕਾ ਸਮਝ ਲੈਂਦੇ ਸਨ ਤੇ ਕੰਮ ਦੇਣ ਦਾ ਬਹਾਨਾ ਕਰ ਕੇ ਲੈ ਜਾਂਦੇ ਸਨ। ਉਹ ਹਰ ਫਿਰਕੇ ਅਤੇ ਹਰ ਧਰਮ ਦੇ ਆਦਮੀ ਹੁੰਦੇ, ਪਰ ਹੁੰਦੇ ਸਾਰੇ ਸੂਟਿਡ-ਬੂਟਿਡ।"

"ਇਕ ਦਿਨ ਜਦ ਮੈਂ ਵਾਪਸ ਆਈ ਤਾਂ ਸਾਡੇ ਗੁਆਂਢੀ ਗਨਪਤੀ ਮੁਖੋਪਾਧਿਆ ਮੇਰੇ ਪਿਤਾ ਨਾਲ ਬੜੇ ਜੋਸ਼ ਵਿਚ ਗੱਲਾਂ ਕਰ ਰਹੇ ਸਨ :

" 'ਰਾਮ ਰਾਮ ! ਕਦੇ ਅੱਗੇ ਵੀ ਐਨਾ ਅਨਰਥ ਸੁਣਿਆ ਸੀ ? ਬ੍ਰਾਹਮਣ ਐਸੀਆਂ ਗੱਲਾਂ ਕਰਨ। ਬ੍ਰਾਹਮਣ ਤਾਂ ਧਰਮ ਦੀ ਧੁਜਾ ਹਨ। ਵਿਧਵਾ-ਵਿਵਾਹ ਅਧਰਮ ਹੈ, ਅਤੇ ਸਾਡੇ ਵਿਚ ਕੁਝ ਐਸੇ ਲੋਕ ਪੈਦਾ ਹੋ ਗਏ ਹਨ ਜੋ ਕਾਨਫਰੰਸਾਂ ਵਿਚ ਬੇਸ਼ਰਮੀ ਨਾਲ ਵਿਧਵਾ-ਵਿਵਾਹ ਦਾ ਪ੍ਰਚਾਰ ਤੇ ਸਮਰਥਨ ਕਰਦੇ ਹਨ। ਮੈਂ ਤਾਂ ਸੁਖ ਦਾ ਸਾਹ ਲਿਆ ਜਦ ਇਸ ਕਾਨਫਰੰਸ ਵਿਚ ਵਿਧਵਾ-ਵਿਵਾਹ ਦਾ ਪ੍ਰਸਤਾਵ ਗਿਰ ਗਿਆ। ਪਰ

ਫਿਰ ਵੀ ਅਧਰਮੀਆਂ ਦੀ ਗਿਣਤੀ ਵਧ ਰਹੀ ਹੈ। ਖ਼ਬਰੇ ਭਗਵਾਨ ਕੀ ਕਰਨ ਵਾਲਾ ਹੈ ?'

"ਮੈਂ ਇਹ ਕੰਮ ਕਾਫੀ ਚਿਰ ਕਰਦੀ ਰਹੀ ਅਤੇ ਇਸ ਕੰਮ ਵਿਚ ਤਾਕ ਹੋ ਗਈ। ਜਵਾਨ ਵਿਧਵਾਵਾਂ ਨੂੰ ਜਿਸ ਗੱਲ ਦਾ ਡਰ ਹੁੰਦਾ ਹੈ, ਉਸ ਦੀ ਰੋਕ ਮੈਂ ਆਪਣੇ ਵਰਗੀ ਕਾਰ ਕਰਦੀਆਂ ਹੋਰ ਤੀਵੀਆਂ ਤੋਂ ਸਿੱਖ ਲਈ ਸੀ।

ਆਖਰ ਇਕ ਦਿਨ ਆਇਆ ਕਿ ਮੈਂ ਬਦਇਖ਼ਲਾਕੀ ਦੇ ਕਾਰੋਬਾਰ ਕਰਨ ਦੇ ਜੁਰਮ ਵਿਚ ਪਕੜੀ ਗਈ। ਮੇਰੇ ਨਾਲ ਦਾ ਬਦਇਖ਼ਲਾਕੀ ਦਾ ਭਾਈਵਾਲ ਪਤਾ ਨਹੀਂ ਕਿਵੇਂ ਬਚ ਨਿਕਲਿਆ ! ਮੇਰੇ ਖ਼ਿਲਾਫ਼ ਗਵਾਹਾਂ ਵਿਚ ਸ਼ਹਿਰ ਦਾ ਇਕ ਪਤਵੰਤਾ ਵੀ ਸੀ, ਜੋ ਉਸ ਸ਼ਾਨਦਾਰ ਕੋਠੀ ਵਿਚ ਰਹਿੰਦਾ ਸੀ, ਜਿਸ ਦੇ ਕੋਲੋਂ ਮੈਂ ਫੜੀ ਗਈ ਸਾਂ। ਮੈਂ ਉਸ ਨੂੰ ਤੇ ਪੁਲੀਸ ਨੂੰ ਆਪਣੀਆਂ ਔਕੜਾਂ ਤੇ ਮੁਸ਼ਕਲਾਂ ਦੱਸਣ ਦਾ ਯਤਨ ਕੀਤਾ, 'ਮੈਨੂੰ ਕੋਈ ਕੰਮ ਨਹੀਂ ਦਿੰਦਾ, ਮੇਰਾ ਬੱਚਾ ਭੁੱਖਾ ਮਰ ਜਾਏਗਾ। ਮੇਰੇ ਪਿਤਾ ਦਾ ਕੋਈ ਸਹਾਰਾ ਨਹੀਂ।' ਪਰ ਕਾਨੂੰਨ ਲਈ ਇਹ ਸਭ ਬਹਾਨੇ ਸਨ। ਮੇਰਾ ਪਤਾ ਲੈ ਕੇ ਮੇਰੇ ਭਰਾ ਤੇ ਪਿਤਾ ਨੂੰ ਖ਼ਬਰ ਕੀਤੀ ਗਈ। ਇਸ ਵੇਲੇ ਮੈਨੂੰ ਉਨ੍ਹਾਂ ਵੀ ਨਾ ਅਪਣਾਇਆ। ਮੁਕੱਦਮਾ ਚੱਲਣ ਮਗਰੋਂ ਮੈਨੂੰ ਸਜ਼ਾ ਹੋ ਗਈ, ਪਰ ਪਹਿਲਾ ਜੁਰਮ ਹੋਣ ਕਰਕੇ ਮੈਜਿਸਟਰੇਟ ਨੇ ਕੁਝ ਨਰਮੀ ਵਰਤੀ।

"ਜੇਲ੍ਹ ਕੱਟ ਕੇ ਆਉਣ ਤੋਂ ਮਗਰੋਂ ਮੈਂ ਘਰ ਗਈ। ਪਿਤਾ ਜੀ ਸੁੱਕ ਕੇ ਕੰਡਾ ਹੋਏ ਹੋਏ ਸਨ। ਮੇਰਾ ਬੱਚਾ ਮਰਨ ਵਾਲਾ ਸੀ। ਦਾਦਾ ਤੇ ਉਸ ਦੇ ਬੱਚਿਆਂ ਦਾ ਬੁਰਾ ਹਾਲ ਸੀ, ਪਰ ਮੈਨੂੰ ਅਪਣਾਉਣ ਲਈ ਕੋਈ ਤਿਆਰ ਨਹੀਂ ਸੀ। ਮੈਂ ਮੁੜ ਆਈ ਅਤੇ ਆਪਣੇ ਸਭ ਤੋਂ ਪਹਿਲੇ ਵਾਂਕਫ਼ ਦੀ ਸਹਾਇਤਾ ਨਾਲ ਬਦਇਖ਼ਲਾਕੀ ਦੇ ਕਾਰੋਬਾਰ ਨੂੰ ਇਖ਼ਲਾਕੀ ਕਾਰੋਬਾਰ ਬਣਾਉਣ ਵਿਚ ਸਫਲ ਹੋਈ। ਮੈਨੂੰ ਖੁਲ੍ਹੇ ਤੌਰ 'ਤੇ ਬੈਠਕ ਵਿਚ ਬੈਠ ਕੇ ਕਾਰੋਬਾਰ ਕਰਨ ਦਾ ਲਾਇਸੈਂਸ ਮਿਲ ਗਿਆ। ਸੋਨਾਗਾਚੀ ਵਿਚ ਮਾਮੂਲੀ ਜਿਹੀ ਕੋਠੜੀ ਲੈ ਕੇ ਮੈਂ ਕਾਰੋਬਾਰ ਸ਼ੁਰੂ ਕੀਤਾ। ਨਵੀਂ ਨਵੀਂ ਆਈ ਹੋਣ ਦੀ ਖਿੱਚ ਕਰਕੇ ਕਈ ਲੋਕ ਆਉਂਦੇ ਅਤੇ ਚੋਖੇ ਪੈਸੇ ਮਿਲ ਜਾਂਦੇ। ਮੇਰੇ ਭਰਾ ਤੇ ਪਿਤਾ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਆਖ਼ਰ ਇਕ ਦਿਨ ਆਪਣੇ ਬੱਚੇ ਨੂੰ ਮੈਂ ਉਥੋਂ ਚੁੱਕ ਲਿਆਈ। ਦੋ ਕੁ ਮਹੀਨੇ ਮਗਰੋਂ ਮੈਂ ਇਕ ਵਧੀਆ ਬਾੜੀ ਵਿਚ ਦੂਹਰਾ ਕਮਰਾ ਲੈ ਲਿਆ। ਚੰਗੇ ਤਬਕੇ ਦੇ ਗਾਹਕ ਆਉਣ ਲੱਗ ਪਏ। ਮੈਂ ਬਿਜਲੀ-ਪੱਖਾ, ਰੇਡੀਓ-ਸੈੱਟ ਅਤੇ ਹੋਰ ਸਜਾਵਟਾਂ ਖ਼ਰੀਦ ਆਂਦੀਆਂ। ਹੁਣ ਮੈਂ ਆਪਣੇ ਗਾਹਕ ਦੀ ਘੋਖ ਕਰ ਕੇ ਵਿਹਾਜਦੀ ਸਾਂ। ਮਰਜ਼ੀ ਦਾ ਗਾਹਕ ਰੱਖਦੀ ਸਾਂ।

"ਇਕ ਦਿਨ ਮੇਰੀ ਗੁਆਂਢਣ ਮੇਰੇ ਕਮਰੇ ਵਿਚ ਆਈ। ਪੁੱਛਣ 'ਤੇ ਪਤਾ ਲੱਗਾ ਕਿ ਮੇਰੀ ਬਰਾਦਰੀ ਦੀ ਹੀ ਸੀ।

"ਅਰੀ ਤੂੰ ਅੱਛੀ ਦੁਜਾਤੀ ਹੈ ?" ਉਸ ਆਖਿਆ, 'ਤੇਰੇ ਅੰਦਰ ਠਾਕੁਰ ਹੀ ਨਹੀਂ ਹਨ। ਕੀ ਤੂੰ ਰੋਜ਼ ਠਾਕੁਰ-ਪੂਜਾ ਨਹੀਂ ਕਰਾਉਂਦੀ ?'

"ਮੈਂ ਹੈਰਾਨ ਸਾਂ। ਪੁੱਛਣ 'ਤੇ ਪਤਾ ਲੱਗਾ ਕਿ ਸਾਡ਼ੀ ਬਰਾਦਰੀ ਦੀ ਹਰ ਇਕ ਵੇਸਵਾ ਦੇ ਅੰਦਰ ਸ਼ਿਵ ਜੀ ਹੁੰਦੇ ਹਨ ਅਤੇ ਬਹੁ-ਗਿਣਤੀ ਸ਼ਿਵ-ਪੂਜ ਵੇਸਵਾਵਾਂ ਦੀ

ਹੀ ਹੈ। ਪੰਡਤ ਆਉਂਦੇ ਹਨ ਤੇ ਫੁੱਲ ਚੜ੍ਹਾਉਂਦੇ ਹਨ। ਦੋ ਮਿੰਟ ਪੂਜਾ ਵੀ ਕਰਦੇ ਹਨ ਅਤੇ ਪੰਜ ਰੁਪਈਏ ਮਹੀਨਾ ਲੈਂਦੇ ਹਨ। ਮੈਂ ਉਸ ਨੂੰ ਪੰਡਤ ਲਗਾ ਦੇਣ ਲਈ ਕਿਹਾ। ਉਸੇ ਦਿਨ ਮੈਂ ਇਕ ਠਾਕੁਰ ਅਤੇ ਇਕ ਠਾਕੁਰ ਦੀ ਤਸਵੀਰ ਮੁੱਲ ਲੈ ਆਂਦੀ। ਦੂਜੇ ਦਿਨ ਪੰਡਤ ਜੀ ਆਏ। ਗਨਪਤੀ ਮੁਖੋਪਾਧਿਆ ਹੀ ਸਨ। ਪਰ ਮੈਂ ਇਹ ਪ੍ਰਗਟ ਕਰਦਿਆਂ ਕਿ ਮੈਂ ਉਸ ਨੂੰ ਨਹੀਂ ਪਛਾਣਦੀ, ਪੂਜਾ ਦੀ ਮਾਹਵਾਰੀ ਰਕਮ ਪੇਸ਼ਗੀ ਦੇ ਦਿੱਤੀ।

"ਮੇਰੇ ਕੋਲ ਹੋਰ ਉੱਚੇ ਤਬਕੇ ਦੇ ਗਾਹਕਾਂ ਤੋਂ ਇਲਾਵਾ ਦਰੋਗੇ ਤੇ ਮੈਜਿਸਟਰੇਟ ਵੀ ਆਉਂਦੇ ਸਨ। ਕੀ ਤੁਸੀਂ ਹੈਰਾਨ ਹੋਵੋਗੇ ਜੇ ਮੈਂ ਕਹਾਂ ਕਿ ਉਹ ਮੈਜਿਸਟਰੇਟ ਸਾਹਿਬ ਵੀ ਇਕ ਦਿਨ ਆਏ ਜਿਨ੍ਹਾਂ ਮੈਨੂੰ ਸਜ਼ਾ ਦਿਤੀ ਸੀ ?"

ਡਾਕਟਰ ਇਥੇ ਕੁਝ ਇਵੇਂ ਹਿੱਲਿਆ ਜਿਵੇਂ ਉਸ ਨੂੰ ਕਿਸੇ ਹੁੱਜ ਦਿਤੀ ਹੋਵੇ।

ਪਾਰੂ ਨੇ ਕਹਾਣੀ ਜਾਰੀ ਰੱਖੀ :

"ਦੂਜੇ ਹੀ ਮਹੀਨੇ ਬਾੜੀ ਦੇ ਦਰਬਾਨ ਨੇ ਮੇਰੇ ਕੋਲੋਂ ਹੋਰਨਾਂ ਤੋਂ ਵਧ ਕਰਾਇਆ ਲੈਣ ਦੀ ਮੰਗ ਕੀਤੀ। ਉਸ ਨੇ ਆਪਣੀ ਮਜਬੂਰੀ ਜਤਾਉਂਦਿਆਂ ਕਿਹਾ, "ਮੇਰਾ ਕੋਈ ਵੱਸ ਨਹੀਂ, ਮੈਂ ਤਾਂ ਮਾਲਕ ਦੇ ਹੁਕਮ 'ਤੇ ਤੁਰਦਾ ਹਾਂ। ਤੁਸੀਂ ਆਪ ਮਾਲਕ ਨੂੰ ਉਨ੍ਹਾਂ ਦੇ ਦਫ਼ਤਰ ਵਿਚ ਮਿਲ ਲਵੋ।'

"ਮੈਂ ਉਸ ਤੋਂ ਮਾਲਕ ਦੇ ਦਫ਼ਤਰ ਦਾ ਪਤਾ ਲੈ ਲਿਆ। ਜਦ ਮੈਂ ਉਥੇ ਪਹੁੰਚੀ ਤਾਂ,ਤੁਸੀਂ ਹੈਰਾਨ ਨਾ ਹੋਣਾ, ਬਾੜੀ ਦੇ ਇਕ ਸੌ ਦੂਹਰੇ ਕਮਰਿਆਂ ਦਾ ਵੇਸਵਾਵਾਂ ਤੋਂ ਔਸਤਨ ਡੇਢ ਸੌ ਰੁਪਿਆ ਮਾਹਵਾਰ ਦੇ ਹਿਸਾਬ 15,000 ਉਗਰਾਹੁਣ ਵਾਲਾ ਸੇਠ ਉਹੋ ਸ਼ਰੀਫ ਆਦਮੀ ਸੀ, ਜਿਸ ਨੇ ਮੇਰੇ ਵਿਰੁੱਧ ਬਦਇਖ਼ਲਾਕੀ ਦੇ ਕਾਰੋਬਾਰ ਕਰਨ ਦੀ ਗਵਾਹੀ ਦਿਤੀ ਸੀ। ਉਹ ਮੈਨੂੰ ਮਨਾਉਣਾ ਚਾਹੁੰਦਾ ਸੀ, ਪਰ ਮੈਂ ਉਸ ਨੂੰ ਐਨੀ ਨਫ਼ਰਤ ਕਰਦੀ ਸਾਂ ਕਿ ਮੈਂ ਉਸ ਦੀ ਕੋਈ ਗੱਲ ਨਾ ਮੰਨੀ ਅਤੇ ਇਸ ਤਰ੍ਹਾਂ ਕਿਰਾਏ ਦੇ ਮੁਆਮਲੇ ਵਿਚ ਉਸ ਨੇ ਮੇਰੀ ਵੀ ਇਕ ਨਾ ਸੁਣੀ। ਮੈਂ ਵਾਪਸ ਮੁੜ ਆਈ ਅਤੇ ਘਰ ਆ ਕੇ ਪਤਾ ਲਗਾ ਕਿ ਸੋਨਾਗਾਚੀ ਦੇ ਇਲਾਕੇ ਵਿਚ ਉਸ ਦੀਆਂ ਇਹੋ ਜਹੀਆਂ ਹੋਰ ਵੀ ਬੜੀਆਂ ਬਾੜੀਆਂ ਹਨ।

"ਪਤਾ ਨਹੀਂ ਮੇਰੀ ਅਮੀਰੀ ਦਾ ਮੇਰੇ ਪਿਤਾ, ਭਰਾਵਾਂ ਨੂੰ ਕਿਵੇਂ ਪਤਾ ਲੱਗਾ ਗਿਆ, ਸ਼ਾਇਦ ਪੁਜਾਰੀ ਜੀ ਤੋਂ। ਉਹ ਮੇਰੇ ਕੋਲ ਪਹੁੰਚ ਹੀ ਗਏ। ਉਨ੍ਹਾਂ ਦਾ ਭੈੜਾ ਹਾਲ ਵੇਖ ਕੇ ਮੇਰੇ ਕੋਲੋਂ ਰਿਹਾ ਨਾ ਗਿਆ। ਮੈਂ ਉਨ੍ਹਾਂ ਨੂੰ ਅਕਸਰ ਕੁਝ ਨਾ ਕੁਝ ਦੇ ਛੱਡਦੀ।

"ਮੈਂ ਅਕਸਰ ਬਾਜ਼ਾਰ ਵਿਚ ਜਾਂਦੀ। ਫੁੱਟ-ਪਾਥਾਂ ਤੇ ਮੰਗਦੀਆਂ ਮੁਟਿਆਰਾਂ ਨੂੰ ਆਪਣੀ ਕਮਾਈ ਵਿਚੋਂ ਦਿਲ ਖੋਲ੍ਹ ਕੇ 'ਦਾਨ' ਕਰਦੀ। ਕਿੱਡੀ ਮੂਰਖ ਸਾਂ ਮੈਂ ! ਕੀ ਮੈਂ ਇਸ ਤਰ੍ਹਾਂ ਉਨ੍ਹਾਂ ਨੂੰ ਸੋਨਾਗਾਚੀ ਪਹੁੰਚਣ ਤੋਂ ਰੋਕ ਸਕਦੀ ਸਾਂ ?

"ਇਕ ਰਾਤ ਮੇਰੇ ਕੋਲ ਮਨਭਾਉਂਦੇ ਪੰਜਾਬੀ ਗਾਹਕ ਨਾਲ ਇਕ ਅਜੀਬ ਆਦਮੀ, ਅਜੀਬ ਜਿਹੇ ਲਿਬਾਸ ਵਿਚ ਆਇਆ। ਚੌੜਾ ਪਜਾਮਾ, ਖੁੱਲ੍ਹਾ ਕੁਰਤਾ, ਪੈਰੀਂ ਚੱਪਲ, ਲੰਮੇ ਤੀਵੀਆਂ ਵਰਗੇ ਵਾਲ ਪਿੱਛੇ ਸੁੱਟੇ ਹੋਏ ਸਨ। ਉਸ ਨੇ ਕਮਰੇ ਦੇ ਵਿਚਕਾਰ

ਆਪਣੇ ਪੈਰਾਂ 'ਤੇ ਭੌਂ ਕੇ ਸਭ ਪਾਸੇ ਵੇਖਿਆ। ਕੋਠੇ ਵਿਚ ਠਾਕੁਰ ਵੇਖ ਕੇ ਉਸ ਆਪਣੀ ਜ਼ਬਾਨ ਵਿਚ ਮੇਰੇ ਗਾਹਕ ਰਾਹੀਂ ਪੁੱਛਿਆ, 'ਠਾਕੁਰ ਦੀ ਪੂਜਾ ਕੌਣ ਕਰਦਾ ਹੈ ?' ਮੇਰੇ ਉਤਰ ਨੂੰ ਆਪਣੇ ਸਾਥੀ ਤੋਂ ਅਨੁਵਾਦਿਆ ਸੁਣ ਕੇ ਉਸ ਨੇ ਕਿਹਾ, 'ਤਾਂ ਉਹ ਪੁਜਾਰੀ ਕਦੇ ਵੀ ਵੇਸਵਾ-ਬਿਰਤੀ ਦੇ ਵਿਰੁਧ ਅਤੇ ਵਿਧਵਾ-ਵਿਆਹ ਦੇ ਹੱਕ ਵਿਚ ਨਹੀਂ ਹੋ ਸਕਦਾ।'। ਮੇਰੇ ਕਹਿਣ 'ਤੇ ਜਿਹੜੀ ਗੱਲ ਉਹ ਅਜੀਬ ਮਨੁੱਖ ਆਪਣੇ ਸਾਥੀ ਨਾਲ ਕਰਦਾ, ਭਾਵੇਂ ਉਹ ਮੇਰੇ ਲਈ ਨਾ ਵੀ ਹੁੰਦੀ, ਉਹ ਝੱਟ ਮੇਰੇ ਲਈ ਇਸ ਤਰ੍ਹਾਂ ਅਨੁਵਾਦ ਕਰ ਦੇਂਦਾ ਕਿ ਸ਼ਾਇਦ ਅਜੀਬ ਮਨੁੱਖ ਨੂੰ ਵੀ ਪਤਾ ਨਾ ਲੱਗਦਾ।

"ਕੰਧ 'ਤੇ ਲੱਗੀਆਂ ਲੀਡਰਾਂ ਦੀਆਂ ਤਸਵੀਰਾਂ ਵੇਖ ਕੇ ਉਸ ਪੁੱਛਿਆ, 'ਕੀ ਇਹ ਤੁਹਾਨੂੰ ਬਹੁਤ ਚੰਗੇ ਲਗਦੇ ਹਨ ?' ਮੇਰੇ ਹਾਂ ਕਹਿਣ 'ਤੇ ਉਸ ਫਿਰ ਪੁੱਛਿਆ, 'ਕਿਉਂ ?'

"ਕਿਉਂਕਿ ਉਨ੍ਹਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਿਚ ਹਿੱਸਾ ਪਾਇਆ ਹੈ, ਮੈਂ ਉੱਤਰ ਦਿੱਤਾ।

"ਉਸ ਨੇ ਡੂੰਘਾ ਸਾਹ ਖਿੱਚ ਕੇ ਆਪਣੇ ਸਾਥੀ ਨੂੰ ਕਿਹਾ, "ਜਦ ਤੱਕ ਸਭ ਨੂੰ ਕੰਮ, ਚੰਗਾ ਖਾਣਾ, ਲੋੜੀਂਦੇ ਕਪੜੇ, ਸਵਾਸਥ-ਵਰਧਕ ਘਰ ਨਹੀਂ ਮਿਲਦੇ, ਵੇਸਵਾ-ਬਿਰਤੀ ਕਦੇ ਨਹੀਂ ਹਟ ਸਕਦੀ। ਅਤੇ ਭਾਵੇਂ ਤੋਪਾਂ ਬੰਦੂਕਾਂ ਨਾਲ ਕੋਈ ਦੇਸ ਕਿੱਡਾ ਮਹਾਨ ਹੋਵੇ, ਜਿੰਨਾ ਚਿਰ ਸਿੱਧੀ-ਵਿੰਗੀ, ਵੇਸਵਾ-ਬਿਰਤੀ ਉਸ ਦੇਸ ਵਿਚ ਹੈ ਓਨਾ ਚਿਰ ਉਹ ਦੇਸ ਅਸਲ ਵਿਚ ਗ਼ੁਲਾਮ ਹੈ।'

"ਗੱਲ ਨੂੰ ਜਾਰੀ ਰੱਖਦਿਆਂ ਉਸ ਕਿਹਾ :

"ਇਹ ਮਜ਼ਦੂਰੀ ਕਰਨ, ਨਹੀਂ ਰਹਿ ਸਕਦੀਆਂ ਤਾਂ ਆਪਣਾ ਕੁਝ ਭਾਰ ਹੌਲਾ ਕਰਨ ਲਈ ਆਪਣੇ ਵਰਗੇ ਮਜ਼ਦੂਰਾਂ ਨਾਲ ਸ਼ਾਦੀ ਕਰਨ, ਰਲ ਕੇ ਬੱਚਿਆਂ ਨੂੰ ਪਾਲਣ, ਤਜਰਬੇ ਤੋਂ ਗਿਆਨ ਪ੍ਰਾਪਤ ਕਰਨ, ਕੰਮ ਨਾ ਮਿਲੇ ਤਾਂ ਇਕੱਠੀਆਂ ਹੋ ਕੇ ਲੜਨ, ਉਨ੍ਹਾਂ ਨਾਲ ਜੋ ਕੰਮ ਦੇ ਸਕਦੇ ਹਨ- ਪਰ ਆਪਣੇ ਲਾਭ ਲਈ ਤੇ ਐਸ਼ੋ-ਇਸ਼ਰਤ ਦੇ ਸਾਮਾਨ ਨੂੰ ਕਾਇਮ ਰੱਖਣ ਲਈ ਕੰਮ ਨਹੀਂ ਦਿੰਦੇ। ਇਹ ਹੈ ਕੰਮ, ਅਸਲੀ ਕੰਮ। ਜੋ ਇਹ ਕੰਮ ਕਰਦਿਆਂ ਗੋਲੀ ਖਾ ਕੇ ਮਰ ਜਾਂਦਾ ਹੈ, ਉਹ ਮਹਾਨ ਹੈ- ਉਹ ਅਸਲੀ ਲੀਡਰ ਹੈ।'

"ਅਚਾਨਕ ਉਸ ਦੀ ਨਜ਼ਰ ਗੱਦੀ ਦੇ ਉਪਰ ਲਟਕ ਰਹੀ ਸ਼ਿਵ ਜੀ ਦੀ ਤਸਵੀਰ ਤੇ ਪਈ।

"ਕੀ ਭਗਵਾਨ ਸਭ ਕੁਝ ਦੇਖਦਾ ਹੈ ?'

"ਹਾਂ, ਮੈਂ ਕਿਹਾ।

"ਕੀ ਇਸ ਗੱਦੀ 'ਤੇ ਹੁੰਦੇ ਕੁਕਰਮ ਨੂੰ ਵੀ ?'

"ਮੈਨੂੰ ਚੱਕਰ ਆ ਗਿਆ। ਮੈਂ ਪੈਰਾਂ ਭਾਰ ਭੁੰਜੇ ਬੈਠ ਗਈ। ਅੱਧ-ਪਚੱਧੀ ਹੋਸ਼ ਆਉਣ ਤੇ ਮੈਂ ਪਤਾ ਨਹੀਂ ਕਿਉਂ ਉਸ ਨੂੰ ਬੇਇਜ਼ਤੀ ਕਰ ਕੇ ਬਾਹਰ ਕੱਢ ਦਿੱਤਾ। ਉਸ ਨੇ ਆਪਣੇ ਸਾਥੀ ਨੂੰ ਬਾਹਰ ਨਿਕਲਦਿਆਂ, ਸਾਧਾਂ ਵਾਂਗ ਕਿਹਾ, 'ਅਜੇ ਬੁੱਧੀ ਮਲੀਨ ਹੈ ਇਸ ਦੀ। ਅਸੀਂ ਇਕ ਵਾਰ ਫਿਰ ਆਵਾਂਗੇ ਇਨ੍ਹਾਂ ਕੋਲ।'

"ਅਤੇ ਫੇਰ ਉਹ ਚਲੇ ਗਏ। ਮੈਨੂੰ ਆਪਣੇ ਗਾਹਕ ਦੇ ਘਰ ਦਾ ਪਤਾ ਸੀ। ਮਗਰੋਂ ਮੈਂ ਉਸਨੂੰ ਇਕ ਦਿਨ ਦੇ ਵਕਫ਼ੇ ਮਗਰੋਂ ਕਈ ਚਿੱਠੀਆਂ ਪਾਈਆਂ। ਅਕਸਰ ਪਹਿਲੀ ਚਿੱਠੀ ਦੇ ਜਵਾਬ ਵਿਚ ਹੀ ਉਹ ਉਸੇ ਰਾਤ ਆ ਹਾਜ਼ਰ ਹੁੰਦਾ ਸੀ। ਪਰ ਕੋਈ ਉੱਤਰ ਨਾ ਆਇਆ। ਮੈਂ ਆਪ ਖੋਜ ਕੀਤੀ। ਉਹ ਘਰ ਛੱਡ ਗਿਆ ਹੋਇਆ ਸੀ।

"ਅਖ਼ਬਾਰ ਵਿਚ ਖ਼ਬਰਾਂ ਛਪ ਰਹੀਆਂ ਸਨ ਕਿ ਨਗਰ-ਸਭ ਵੇਸਵਾਵਾਂ ਨੂੰ ਸੋਨਾਗਾਚੀ ਵਿਚੋਂ ਕੱਢ ਕੇ ਸ਼ਹਿਰ ਤੋਂ ਦੂਰ ਪੰਦਰਾਂ ਮੀਲ 'ਤੇ ਵਸਾਉਣ ਦੀ ਤਜਵੀਜ਼ ਤੇ ਵਿਚਾਰ ਕਰ ਰਹੀ ਹੈ। ਵੇਸਵਾਵਾਂ ਇਸ ਦੇ ਵਿਰੁੱਧ ਸਨ। ਅਸਾਂ ਚੰਦਾ ਇਕੱਠਾ ਕਰ ਕੇ ਇਕ ਦੋ ਅਖ਼ਬਾਰਾਂ ਦੇ ਐਡੀਟਰਾਂ ਨੂੰ ਆਪਣੇ ਨਾਲ ਲਾ ਲਿਆ ਸੀ। ਨਗਰ-ਸਭਾ ਦੇ ਵਿਸ਼ਾਲ ਹਾਲ ਵਿਚ ਇਸ ਗੱਲ 'ਤੇ ਵਿਚਾਰ ਹੋਣੀ ਸੀ। ਇਕ ਗੈਲਰੀ ਵੇਸਵਾਵਾਂ ਵਾਸਤੇ ਵੀ ਨੀਯਤ ਕੀਤੀ ਗਈ ਸੀ। ਮੈਂ ਵੀ ਸਰਦੀਆਂ ਪੁੱਜਦੀਆਂ ਵੇਸਵਾਵਾਂ ਵਿਚ ਗਿਣੀ ਜਾਂਦੀ ਸਾਂ। ਸੋ ਮੈਂ ਵੀ ਹੋ ਸਾਥਣਾਂ ਨਾਲ ਉਥੇ ਪਹੁੰਚੀ। ਬਾੜੀ ਦਾ ਮਾਲਕ ਸੇਠ ਵੀ ਨਗਰ-ਸਭਾ ਦਾ ਪ੍ਰਤਿਨਿਧ ਸੀ। ਉਸ ਨੇ ਵੇਸਵਾਵਾਂ ਦੇ ਸ਼ਹਿਰ ਵਿਚ ਰੱਖੇ ਜਾਣ ਦੇ ਹੱਕ ਵਿਚ ਧੁੰਆਂਧਾਰ ਭਾਸ਼ਨ ਦਿੱਤਾ...' ਵੇਸਵਾਵਾਂ ਦੇ ਸ਼ਹਿਰ ਤੋਂ ਬਾਹਰ ਜਾਣ ਨਾਲ ਸ਼ਰੀਫ ਆਦਮੀਆਂ ਦੀਆਂ ਧੀਆਂ ਭੈਣਾਂ ਵਾਸਤੇ ਸ਼ਹਿਰ ਵਿਚ ਰਹਿਣਾ ਤੇ ਫਿਰਨਾ ਮੁਸ਼ਕਲ ਹੋ ਜਾਵੇਗਾ। ਵੇਸਵਾਵਾਂ, ਸਮਾਜ ਦਾ ਉਹ ਭਾਗ ਹਨ ਜੋ ਬਦਮਾਸ਼ਾਂ ਦੇ ਵਿਸ਼ੇ-ਵਾਸ਼ਨਾ ਦੇ ਜੋਸ਼ ਨੂੰ ਆਪਣੇ ਆਪ 'ਤੇ ਸਹਾਰ ਕੇ ਸ਼ਰੀਫ਼ਜ਼ਾਦੀਆਂ ਦੀ ਇੱਜ਼ਤ ਨੂੰ ਬਚਾਉਂਦੀਆਂ ਹਨ।' ਅੱਜ ਤਾਂ ਉਹ ਵੇਸਵਾਵਾਂ ਦੇ ਬਦਇਖ਼ਲਾਕੀ ਦੇ ਕਾਰੋਬਾਰ ਨੂੰ ਮਾਨੋ ਸਦਾਚਾਰ ਬਣਾ ਰਿਹਾ ਸੀ। ਮੇਰੀਆਂ ਹੋਰ ਵੇਸਵਾ ਭੈਣਾਂ ਨੂੰ ਉਸ ਦੀ ਤਕਰੀਰ ਬਹੁਤ ਚੰਗੀ ਲੱਗੀ। ਉਹ ਉਨ੍ਹਾਂ ਦੇ ਹੱਕ ਵਿਚ ਵੀ ਸੀ ਤੇ ਮੇਰੇ ਹੱਕ ਵਿਚ ਵੀ। ਪਰ ਉਸ ਦੀ ਤਕਰੀਰ ਵੇਲੇ ਮੈਨੂੰ ਉਸ ਰਾਤ ਆਏ ਅਜੀਬ ਆਦਮੀ ਦੀਆਂ ਗੱਲਾਂ ਰਹਿ ਰਹਿ ਕੇ ਯਾਦ ਆਉਂਦੀਆਂ ਸਨ। ਮੈਂ ਇਸ ਭਲੇਮਾਣਸ ਸੇਠ ਦੀ ਅਸਲੀ ਮਨਸ਼ਾ ਨੂੰ ਉਨ੍ਹਾਂ ਦੇ ਆਸਰੇ ਸਮਝਣ ਦੇ ਯੋਗ ਹੋ ਗਈ ਸਾਂ।

"ਸਾਨੂੰ ਸ਼ਹਿਰੋਂ ਬਾਹਰ ਕੱਢਣ ਦੀ ਤਜਵੀਜ਼ ਰੱਦ ਹੋ ਗਈ। ਮੇਰੀਆਂ ਸਾਥਣਾਂ ਖ਼ੁਸ਼ ਸਨ, ਪਰ ਮੈਂ ਗੰਭੀਰ ਹੁੰਦੀ ਜਾ ਰਹੀ ਸਾਂ। ਮੈਂ ਉਨ੍ਹਾਂ ਨਾਲ ਹਾਲ ਵਿਚੋਂ ਬਾਹਰ ਆ ਰਹੀ ਸਾਂ। ਬਾਹਰ ਉਸ ਸੇਠ ਨੂੰ ਇਕ ਮਾਅਰਕੇ ਦੀ ਤਕਰੀਰ ਕਰਨ ਕਾਰਨ ਵਧਾਈਆਂ ਮਿਲ ਰਹੀਆਂ ਸਨ, ਫੋਟੋ ਲਾਹੀਆਂ ਜਾ ਰਹੀਆਂ ਸਨ। ਮੇਰੇ ਅੰਦਰੋਂ ਪਤਾ ਨਹੀਂ ਕਿਥੋਂ ਰੋਹ ਉਮਲ ਪਿਆ। ਮੈਂ ਨਿਉਂ ਕੇ ਆਪਣੀ ਸੈਂਡਲ ਖੋਲ੍ਹ ਲਈ ਅਤੇ ਵਗਾਹ ਕੇ ਉਸ ਦੇ ਮੂੰਹ ਉਤੇ ਕੱਢ ਮਾਰੀ।

"ਚਾਰੇ ਪਾਸੇ ਹਾਹਾਕਾਰ ਮੱਚ ਗਈ। ਮੈਨੂੰ ਗ੍ਰਿਫਤਾਰ ਕਰ ਲਿਆ ਗਿਆ। ਮੇਰੀਆਂ ਸਾਥਣਾਂ ਨੇ ਮੈਨੂੰ ਫਿਟਕਾਂ ਪਾਈਆਂ। ਮੇਰੇ 'ਤੇ ਮੁਕੱਦਮਾ ਚਲਾਇਆ ਗਿਆ। ਮੇਰੇ ਬਿਆਨ ਨੂੰ ਮੱਕਾਰੀ ਕਿਹਾ ਗਿਆ। ਸੇਠ ਦੀ ਮੇਰੇ ਵਿਰੁੱਧ ਗਵਾਹੀ ਦਾ ਆਸਰਾ ਲੈ ਕੇ ਮੇਰੀ ਦੁਸ਼ਮਣੀ ਉਸ ਨਾਲ ਸਾਬਤ ਕੀਤੀ ਗਈ। ਮੈਨੂੰ ਸਜ਼ਾ ਦਿੱਤੀ ਗਈ।

"ਮੈਂ ਆਪਣੀ ਕਹਾਣੀ ਜੇਲ੍ਹ ਦੀਆਂ ਕੰਧਾਂ ਨੂੰ ਸੁਣਾਉਂਦੀ ਸਾਂ, ਹੋਰ ਕੋਈ ਸੁਣਦਾ

ਜ਼ ਨਹੀਂ ਸੀ। ਦਿਨੇ ਉਹ ਮੇਰਾ ਮੂੰਹ ਬੰਦ ਕਰ ਦਿੰਦੇ ਸਨ। ਮੈਂ ਰਾਤ ਨੂੰ ਸੁਪਨਿਆਂ ਵਿਚ ਇਕੱਠੇ ਹੋਏ ਲੋਕਾਂ ਨੂੰ ਸੁਣਾਉਂਦੀ ਸਾਂ। ਤੁਹਾਡੇ ਬਿਨਾਂ ਮੇਰੀ ਇਹ ਸੰਖੇਪ ਕਹਾਣੀ ਵੀ ਕਿਸੇ ਨਹੀਂ ਸੁਣੀ। ਇਹੋ ਹੈ ਮੇਰੀ ਕਹਾਣੀ, ਇਹੋ ਹੈ ਮੇਰਾ ਸਵਾਲ, ਇਹੋ ਹੈ ਮੇਰੀ ਸਮੱਸਿਆ। ਇਸ ਦਾ ਉੱਤਰ ? ਇਸ ਦਾ ਹੱਲ ?"

"ਮੈਂ ਪੂਰਾ ਆਦਮੀ ਨਹੀਂ, ਭੈਣ", ਡਾਕਟਰ ਨੇ ਕਿਹਾ, "ਅੱਧੇ ਆਦਮੀ ਕੋਲ ਹਮਦਰਦੀ ਹੁੰਦੀ ਹੈ, ਸਮਝ ਹੁੰਦੀ ਹੈ। ਸੋ ਮੈਂ ਅੱਧਾ ਆਦਮੀ ਹਾਂ। ਪੂਰੇ ਆਦਮੀ ਨੂੰ ਤਾਂ ਤੂੰ ਕੱਢ ਦਿੱਤਾ, ਹੱਲ ਨੂੰ ਤੂੰ ਠੁਕਰਾ ਦਿੱਤਾ, ਪਰ ਉਹ ਜ਼ਰੂਰ ਤੁਹਾਡੇ ਕੋਲ ਫਿਰ ਆਵੇਗਾ। ਜੇ ਛੇਤੀ ਹੈ ਤਾਂ ਤੈਨੂੰ ਉਹਨੂੰ ਖੁਦ ਲੱਭਣਾ ਪਵੇਗਾ। ਉਹ ਕਿਸੇ ਨਾ ਕਿਸੇ ਸਕੂਲ ਵਿਚ ਕੋਈ ਨਾ ਕੋਈ ਬੋਲੀ ਬੋਲਦਾ, ਕਿਸੇ ਨਾ ਕਿਸੇ ਕਾਰਖ਼ਾਨੇ ਵਿਚ ਜਾਂ ਖੇਤ ਵਿਚ ਲੱਭ ਹੀ ਪਵੇਗਾ। ਪਰ ਮੈਂ ਅੱਧਾ ਆਦਮੀ ਹਾਂ। ਮੈਂ ਗੋਰਮਿੰਟ ਦਾ ਤਨਖ਼ਾਹਦਾਰ ਡਾਕਟਰ ਹਾਂ। ਮੇਰੇ ਕੋਲ ਹੱਲ ਕਿੱਥੇ ? ਤੂੰ ਪਾਗ਼ਲ ਨਹੀਂ ਹੈ। ਤੂੰ ਕਦੇ ਪਾਗ਼ਲ ਸੈਂ, ਪਰ ਹੁਣ ਨਹੀਂ। ਤੇਰੀ ਸਜ਼ਾ ਮੁੱਕਣ ਵਾਲੀ ਹੈ ਤੇ ਹੁਣ ਤੂੰ ਕੋਈ 'ਕੰਮ' ਕਰੀਂ।"

'ਕੰਮ' ਸ਼ਬਦ 'ਤੇ ਡਾਕਟਰ ਨੇ ਜ਼ੋਰ ਦਿੱਤਾ। ਪਾਰੂ ਨੇ ਉਸ ਨੂੰ ਅੱਖਾਂ ਪੂੰਝਦਿਆਂ ਦੇਖਿਆ।

ਪਹੁ ਫੁੱਟ ਪਈ

ਨਸੀਮ ਅੰਮ੍ਰਿਤਸਰ ਦੇ ਨਾਜ਼ਰ ਮੁਹੰਮਦ ਐਡਵੋਕੇਟ ਦੀ ਲਾਡਲੀ ਹੁਸੀਨ ਧੀ ਸੀ, ਤੇ ਕਠਾਣੀਆਂ ਦੇ ਨੰਬਰਦਾਰ ਮੁਹੰਮਦ ਯਾਸੀਨ ਦੇ ਇਕਲੌਤੇ ਪੁੱਤਰ ਕਪਤਾਨ ਵਾਰਿਸ ਮੁਹੰਮਦ ਨਾਲ ਵਿਆਈ ਗਈ ਸੀ। ਵਿਆਹ ਤੋਂ ਮਗਰੋਂ ਡੇਢ ਮਹੀਨਾ ਨਵ-ਵਿਵਾਹਿਤ ਜੋੜੇ ਨੇ ਕਸ਼ਮੀਰ ਵਿਚ ਬਿਤਾਇਆ ਸੀ-ਬਹੁਤਾ ਚਿਰ ਡੱਲ ਦੀ ਇਕ ਸੁੰਦਰ ਹਾਊਸ-ਬੋਟ ਵਿਚ। ਕੁਝ ਚਿਰ ਪੇਕਿਆਂ ਦੇ ਰਹਿ ਕੇ ਉਹ ਆਪਣੇ ਪਤੀ ਕੋਲ ਮੇਰਠ ਛਾਉਣੀ ਚਲੀ ਗਈ ਸੀ, ਜਿਥੇ ਉਸ ਨੇ ਫੌਜੀਆਂ ਦੀਆਂ ਬੀਵੀਆਂ ਦੇ ਅਦਬ-ਅਦਾਬ ਤੋਂ ਇਲਾਵਾ ਮੋਟਰ ਚਲਾਉਣੀ ਵੀ ਸਿੱਖ ਲਈ ਸੀ। ਭਾਵੇਂ ਪੇਕੇ ਤੇ ਸਹੁਰੇ ਦੋਵੇਂ ਖ਼ਾਨਦਾਨ ਕੱਟੜ ਮੁਸਲਮਾਨ ਸਨ, ਪਰ ਨੂੰਹ ਧੀ ਦੇ ਨੰਗੇ ਮੂੰਹ ਰਹਿਣ, ਨੱਚਣ, ਗਾਉਣ ਆਦਿ ਨੂੰ ਮਜ਼ਹਬ ਦੇ ਖ਼ਿਲਾਫ਼ ਹੁੰਦਿਆਂ ਵੀ ਬੁਰਾ ਨਹੀਂ ਸਨ ਮਨਾਉਂਦੇ।

ਕੱਲ੍ਹ ਜਦ ਕੱਥੂ ਨੰਗਲ ਵਲੋਂ ਸਿੱਖਾਂ ਦੇ ਜਥੇ ਨੇ ਰਫਲਾਂ, ਬਰੇਂਨਗੰਨਾਂ ਤੇ ਬੰਬਾਂ ਨਾਲ ਹਮਲਾ ਕੀਤਾ ਤਾਂ ਉਹ ਨਿਆਈਂ ਦੀਆਂ ਪੈਲੀਆਂ ਦੇ ਚਰ੍ਹ ਵਿਚ ਸੀ। ਦੋ ਘੰਟੇ ਜਥੇ ਦੀ ਤੇ ਪਿੰਡ ਦੀ ਫੌਜੀ ਢੰਗ ਨਾਲ ਲੜਾਈ ਹੁੰਦੀ ਰਹੀ ਤੇ ਨਸੀਮ ਜੋ ਕਦੇ ਪਿੰਡ ਵਿਚ ਆਈ ਘੱਟ ਹੀ ਬਾਹਰ ਨਿਕਲਦੀ ਸੀ, ਆਪਣੇ ਆਪ ਨੂੰ ਸੰਭਾਲ ਕੇ ਚਰ੍ਹ ਵਿਚ ਦੜੀ ਰਹੀ। ਗਰਮੀ ਦੇ ਡਰ ਨਾਲ ਨਸੀਮ ਦਾ ਖ਼ੂਨ ਮਾਨੋ ਪਸੀਨਾ ਹੋ ਕੇ ਵਗ ਰਿਹਾ ਸੀ।

ਅਖ਼ੀਰ ਮੋਰਚਾ ਸਰ ਹੋ ਗਿਆ। ਜੱਥਾ ਦੱਖਣ ਵਲੋਂ ਪਿੰਡ ਵਿਚ ਦਾਖ਼ਲ ਹੋਇਆ ਤੇ ਵੱਢ-ਟੁਕ ਸ਼ੁਰੂ ਹੋ ਗਈ। ਨਸੀਮ ਦਾ ਡਰ ਜਿਵੇਂ ਅਕਲ ਬਣਦਾ ਜਾ ਰਿਹਾ ਸੀ। ਉਹ ਚਰ੍ਹ ਵਿਚੋਂ ਘਿਸਰਦੀ ਘਿਸਰਦੀ ਪਿੰਡ ਤੋਂ ਦੂਰ ਹੁੰਦੀ ਗਈ। ਬਹੁਤੇ ਮੁਸਲਮਾਨ ਬੇ-ਹੌਸਲਾ ਹੋ ਕੇ ਪੱਛਮ ਵੱਲ ਨੱਠ ਰਹੇ ਸਨ ਅਤੇ ਜੱਥਾ ਉਨ੍ਹਾਂ ਦੁਆਲੇ ਦਾਇਰਾ ਤੰਗ ਕਰ ਰਿਹਾ ਸੀ। ਨਸੀਮ ਪੂਰਬ ਵਲ ਨੂੰ ਹਟਦੀ ਜਾ ਰਹੀ ਸੀ। ਕਦੀ ਖਾਲ ਵਿਚ ਲਿਬੜਦੀ, ਕਦੀ ਸਰਕੜੇ ਨਾਲ ਪਛੀਂਦੀ, ਕਦੀ ਗਾਚੇ ਵਿਚ ਲੁਕਦੀ ਤੇ ਕਦੀ ਨਕਾਰੀ ਸੁੰਡੀ ਵਾਂਗ ਰੀਂਗਦੀ, ਉਹ ਰਾਤ ਤੇ ਹਨੇਰੇ ਵਿਚ ਇਕ ਖੂਹ ਲਾਗੇ ਜਾ ਪੁੱਜੀ। ਅੰਦਾਜ਼ੇ ਤੋਂ ਉਹ ਆਪਣੇ ਸਹੁਰਿਆਂ ਦਾ ਉੱਚਾ ਮਕਾਨ ਫੁਕੀਂਦਾ ਦੇਖ ਰਹੀ ਸੀ। ਉਸ ਦਾ ਖ਼ਿਆਲ ਸੀ ਕਿ ਪਿੰਡ ਵਿਚੋਂ ਕੋਈ ਨਹੀਂ ਬਚਿਆ ਹੋਵੇਗਾ। ਉਹ ਅੱਲਾ ਦਾ ਵਿਰਦ ਕਰ ਰਹੀ ਸੀ। ਗ਼ਮ ਤੇ ਦੁੱਖਾਂ ਦਿਆਂ ਹੱਲਿਆਂ ਵਿਚ ਉਸ ਨੂੰ ਇਸ ਗੱਲ ਦੀ ਠੰਢ ਸੀ ਕਿ ਉਸ ਦਾ ਪਤੀ ਪਿੰਡ ਵਿਚ ਨਾ ਹੋਣ ਕਰਕੇ ਸਹੀ ਸਲਾਮਤ ਹੈ ਅਤੇ ਕੀ ਪਤਾ ਕੱਲ੍ਹ ਹੀ ਉਹ ਪਾਕਿਸਤਾਨੀ ਫੌਜ ਤੇ ਟਰੱਕ ਲੈ ਕੇ ਉਸ ਨੂੰ ਬਚਾਉਣ ਆ ਨਿਕਲੇ। ਪਰ ਕੱਲ੍ਹ ਤਕ ਉਸ ਨਾਲ ਕੀ ਨਹੀਂ ਸੀ ਹੋ ਸਕਦਾ। ਇਹ ਖ਼ਿਆਲ ਉਸ

ਲਈ ਮੌਤ ਤੋਂ ਵੀ ਡਰਾਉਣਾ ਜਾਪਦਾ ਸੀ। "ਮੋਏ ! ਕਾਫ਼ਰ !" ਹੌਲੀ ਜਿਹੀ ਕਹਿ ਕੇ ਉਹ ਉਸ ਖ਼ਿਆਲ ਦੇ ਡਰ ਦੇ ਭਾਰ ਨੂੰ ਹਲਕਾ ਕਰਨਾ ਚਾਹੁੰਦੀ ਸੀ। ਉਸ ਦਾ ਸਹੁਰਾ ਖ਼ਤਮ, ਉਸ ਦੀ ਬੁੱਢੀ ਸੱਸ ਖ਼ਤਮ। ਕੌਣ ਸੀ ਜੋ ਅੱਗ ਦੇ ਤੂਫ਼ਾਨ ਵਿਚੋਂ ਬਚ ਕੇ ਨਿਕਲ ਸਕਦਾ ? ਪਰ ਆਖ਼ਰ ਉਹ ਵੀ ਤਾਂ ਬਚ ਨਿਕਲੀ ਸੀ। ਹੋਰ ਕਿੰਨਾ ਚਿਰ ਬਚੀ ਰਹੇ, ਇਸ ਦਾ ਉਸ ਨੂੰ ਕੁਝ ਪਤਾ ਨਹੀਂ ਸੀ। ਉਹ ਆਪਣੀ ਜਾਨ ਬਚਾਉਂਦੀ ਸਿੱਖਾਂ ਹਿੰਦੂਆਂ ਦੇ ਪਿੰਡ ਮੋਹਣਪੁਰੇ ਵਲ ਹੱਟ ਰਹੀ ਸੀ।

ਭਾਦੋਂ ਦੇ ਛਿੜਾਕਿਆਂ ਮਗਰੋਂ ਜੇ ਕਿਤੇ ਸੂਰਜ ਅੱਧਾ ਘੰਟਾ ਵੀ ਲਿਸ਼ਕ ਜਾਵੇ ਤਾਂ ਜਿਹੜਾ ਤਵਾੜ ਲਗਦਾ ਹੈ, ਉਸ ਦੀ ਕੁਝ ਨਾ ਪੁੱਛੋ ! ਇਸ ਹੁੱਸੜ ਵਿਚ ਤਾਂ ਹੰਢੇ-ਬੀਤੇ ਕਰੜੇ ਕਿਸਾਨ ਵੀ ਦਿਲ ਛੱਡ ਜਾਂਦੇ ਹਨ। ਕੱਲ੍ਹ ਦੇ ਛਿੜਾਕੇ ਚੰਗੀ ਭੋਂ-ਭਿੱਜ ਕਰ ਗਏ ਸਨ। ਇਹੋ ਜਿਹੇ ਹੁੱਸੜ ਵਿਚ ਉਸ ਨੂੰ ਝੋਨੇ ਦੇ ਡੂੰਘੇ ਤੇ ਪਾਣੀ ਨਾਲ ਅੱਧ-ਭਰੇ ਖੇਤਾਂ ਲਾਗਿਓਂ ਲੰਘਣਾ ਪੈ ਰਿਹਾ ਸੀ। ਚਾਣਚੱਕ ਉਸ ਨੂੰ ਬਹੁਤ ਸਾਰੇ ਪੈਰਾਂ ਦਾ ਖੜਾਕ ਤੇ ਵੱਟ ਦੇ ਦੁਪਾਸੜ ਉਗੇ ਸੰਘਣੇ ਗਾਚੇ ਵਿਚੋਂ ਕਈ ਸਰੀਰਾਂ ਦੇ ਖਹਿਸਰਨ ਦੀ ਆਵਾਜ਼ ਆਈ। ਗਾਚਾ ਢੇਰ ਪਿੱਛੇ ਰਹਿ ਗਿਆ ਸੀ ਅਤੇ ਚਰ੍ਹੀ ਤੇ ਗੁਆਰਾ ਕਾਫ਼ੀ ਦੂਰ ਸੀ। ਇਸ ਤੋਂ ਪਹਿਲਾਂ ਕਿ ਉਹ ਲੋਕ ਇਥੇ ਆਉਣ ਤੇ ਉਸ ਨੂੰ ਦੇਖ ਕੇ ਲੁੱਟ ਦੇ ਮਾਲ ਵਿਚ ਉਸ ਨੂੰ ਮਾਲ-ਢਾਂਡੇ ਵਾਂਗ ਰਲਾ ਲੈਣ, ਉਹ ਛੋਪਲੀ ਜਹੀ ਤਵਾੜ ਛੱਡਦੇ ਪਾਣੀ ਵਿਚ ਉੱਤਰ ਕੇ ਲੇਟ ਗਈ। ਝੋਨਾਂ ਹਾਲਾਂ ਸੰਘਣਾ ਨਹੀਂ ਸੀ ਹੋਇਆ...ਪਰ ਰਾਤ ਦੇ ਹਨੇਰੇ ਨੇ ਉਸ ਨੂੰ ਸੰਘਣਾ ਬਣਾ ਕੇ ਨਸੀਮ ਦਾ ਸਹਾਇਕ ਬਣਾ ਦਿੱਤਾ। ਕਾਫੀ ਚਿਰ ਲੁਟੇਰੇ ਲਾਗਿਓਂ ਦੀ ਲੰਘਦੇ ਰਹੇ ਅਤੇ ਝੋਨੇ ਦੇ ਮੁੱਢਾਂ ਵਿਚਲੇ ਚਿੱਕੜ ਵਿਚੋਂ ਉਸ ਦੇ ਸਰੀਰ ਦੇ ਭਾਰ ਨਾਲ ਬੁਲਬੁਲੇ ਉਠ ਉਠ ਕੇ ਉਸ ਦੇ ਲਾਗੇ ਪਾਟਦੇ ਰਹੇ। ਤਵਾੜ ਤੇ ਹਵਾੜ ਨੇ ਨਸੀਮ ਵਰਗੀ ਛੋਹਰੀ ਨੂੰ ਨੀਮ ਬੇਹੋਸ਼ ਕਰ ਦਿਤਾ ਸੀ ਪਰ ਮੌਤ ਤੇ ਉਸ ਤੋਂ ਵੀ ਵਧ ਉਧਾਲੇ ਤੇ ਖ਼ੂਨੀ ਬੇਪਤੀ ਤੋਂ ਬਚ ਨਿਕਲਣ ਦੇ ਖ਼ਿਆਲ ਨੇ ਉਸ ਨੂੰ ਪੂਰੀ ਤਰ੍ਹਾਂ ਬੇਹੋਸ਼ ਨਾ ਹੋਣ ਦਿਤਾ।

ਆਖ਼ਰ ਲੁਟੇਰਿਆਂ ਦਾ ਜਲੂਸ ਮੁੱਕਾ। ਨਸੀਮ ਨੇ ਸੰਘਣੇ ਹਨੇਰੇ ਵਿਚੋਂ ਵੀ ਆਪਣੇ ਪਿੰਡ ਦਿਆਂ ਜਵਾਨਾਂ ਤੇ ਕੁੜੀਆਂ ਨੂੰ ਨੇਜ਼ਿਆਂ ਅੱਗੇ ਲਾ ਕੇ ਹੱਕੇ ਜਾਂਦਿਆਂ ਦੇਖ ਹੀ ਲਿਆ ਸੀ। ਉਹ ਉਸ ਥਾਂ ਤੋਂ ਇਕ ਪਾਸੇ ਹਟ ਗਈ। ਮਲ੍ਹਿਆਂ ਦੇ ਕੰਡਿਆਂ ਵਿਚ ਅੜ ਕੇ ਉਸ ਦੀ ਰੇਸ਼ਮੀ ਸਲਵਾਰ ਦੀਆਂ ਲੀਰਾਂ ਲੱਥ ਗਈਆਂ। ਆਖ਼ਰ ਉਹ ਇਕ ਦੁਹਰਟੇ 'ਤੇ ਪੁੱਜੀ, ਜਿਸ 'ਤੇ ਉਹ ਆਪ ਤਾਂ ਕਦੇ ਨਹੀਂ ਸੀ ਆਈ, ਪਰ ਜਿਸ ਦੇ ਬਾਰੇ ਉਸ ਨੇ ਸੁਣਿਆ ਹੋਇਆ ਸੀ ਕਿ ਉਹ ਪਿੰਡ ਦੀ ਹੱਦ 'ਤੇ ਹੈ। ਉਸ ਨੇ ਸੁਣਿਆ ਹੋਇਆ ਸੀ ਕਿ ਉਨ੍ਹਾਂ ਖੇਤਾਂ ਵਿਚ ਇਕ ਖੜੱਪਾ ਰਹਿੰਦਾ ਹੈ ਜੋ ਕਈ ਵਾਰ ਮਗਰ ਵੀ ਪੈ ਜਾਂਦਾ ਹੈ। ਲੁਟੇਰੇ ਉਸ ਪਾਸੇ ਵੱਲ ਨਹੀਂ ਸਨ ਆ ਰਹੇ। ਜ਼ਹਿਰੀਲੇ ਖੜੱਪੇ ਦੀ ਜੂਹ ਨੂੰ ਉਸ ਆਪਣਾ ਰੱਖਿਆ-ਸਥਲ ਸਮਝਿਆ। ਉਹ ਡਰਦੀ ਮਾਰੀ ਉਥੋਂ ਹਟੀ ਨਾ। ਖੂਹ ਤੋਂ ਜ਼ਰਾ ਕੁ ਹਟਵੇਂ ਇਕ ਪੱਠਿਆਂ ਦੇ ਟੱਕ ਦੀ ਆੜ ਵਿਚ ਉਹ ਨਿਸਚਿੰਤ ਲੰਮੀ ਪੈ ਗਈ। ਉਸ ਦੇ ਸਰੀਰ ਨਾਲ ਉਸ ਦੇ ਚਿੱਕੜ ਲਿੱਬੜੇ ਕਪੜੇ ਚੰਮੜੇ ਹੋਏ ਸਨ। ਉਹ ਸਿਰ ਹੇਠਾਂ ਬਾਂਹ ਦੇ ਕੇ ਸਿਤਾਰਿਆਂ ਵਲ ਵੇਖ ਰਹੀ

ਸੀ, ਜਿਨ੍ਹਾਂ ਨੂੰ ਕਦੀ ਕਦੀ ਹਨੇਰੇ ਬੱਦਲਾਂ ਦੇ ਟੁਕੜੇ ਕੱਜ ਲੈਂਦੇ ਸਨ ਅਤੇ ਉਨ੍ਹਾਂ ਦੇ ਲੰਘ ਜਾਣ ਮਗਰੋਂ ਐਉਂ ਪ੍ਰਤੀਤ ਹੁੰਦਾ ਸੀ ਕਿ ਉਹ ਵਧੇਰੀ ਸ਼ਾਨ ਨਾਲ ਚਮਕ ਪਏ ਹਨ। ਆਪਣੀ ਕਿਸਮ ਦੇ ਸਿਤਾਰੇ 'ਤੇ ਵੀ ਉਹ ਦੁੱਖ ਤੇ ਗਮਾਂ ਦੇ ਅਸਥਾਈ ਬੱਦਲ ਛਾਏ ਵੇਖਣ ਲੱਗੀ। ਖੜੱਪੇ ਦਾ ਖਿਆਲ ਉਸ ਨੂੰ ਰਹਿ ਰਹਿ ਕੇ ਆਉਂਦਾ, ਪਰ ਉਸ ਨੂੰ ਭੈ-ਭੀਤ ਕਰਨ ਦੀ ਥਾਂ ਦ੍ਰਿੜ੍ਹ ਬਣਾ ਜਾਂਦਾ। ਟਿੱਡੀਆਂ ਦੀ ਆਵਾਜ਼ ਵਿਚੋਂ ਉਹ ਕਈ ਵਾਰ ਸੱਪ ਦੀ ਟਿੱਚਕਾਰੀ ਵੀ ਨਿਖੇੜਦੀ, ਪਰ ਕੋਈ ਸੱਪ ਉਸ ਦੇ ਕੋਲ ਨਾ ਆਉਂਦਾ। ਕਈ ਵਾਰੀ ਘਾਹ ਦੀ ਟਿੱਡ ਟਪੋਸੀ ਮਾਰ ਕੇ ਉਸ ਦੀਆਂ ਕੋਮਲ ਗੱਲਾਂ ਨਾਲ ਟਕਰਾਉਂਦੇ ਤੇ ਉਹ ਆਪਣੀਆਂ ਮਖਮਲੀ ਉਂਗਲਾਂ ਦੇ ਪੁੱਠੇ ਪੋਟਿਆਂ ਨਾਲ ਉਨ੍ਹਾਂ ਨੂੰ ਝਾੜ ਸੁੱਟਦੀ। ਕੀੜਿਆਂ-ਮਕੌੜਿਆਂ ਦੀ ਬੇਰਹਿਮੀ ਉਸ ਨੂੰ ਚੇਤੰਨ ਮਨੁੱਖ ਦੀ ਨਿਰਦੈਤਾ ਤੋਂ ਭੈੜੀ ਨਹੀਂ ਸੀ ਜਾਪਦੀ। ਉਸ ਨੂੰ ਸ਼ੈਕਸਪੀਅਰ ਦਾ ਉਹ ਗੀਤ ਯਾਦ ਆਇਆ, ਜੋ ਉਸ ਨੇ 'ਐਜ਼ ਯੂ ਲਾਈਕ ਇਟ' ਵਿਚ ਡਿਊਕ ਦੇ ਮੂੰਹੋਂ ਗਵਾਇਆ ਸੀ :

ਵੱਗ ਵੱਗ ਸਿਆਲ ਦਿਆ ਠੱਕਿਆ
ਤੂੰ ਉੱਨਾ ਨਿਰਦੈ ਨਹੀਂ ਹੈਂ...

ਅਤੇ ਅੱਗੇ ਉਸ ਨੇ ਜੋੜਿਆ :

ਜਿੰਨਾ ਮਜ਼੍ਹਬ ਦਾ ਕੱਟੜ ਵਿਸ਼ਵਾਸੀ।

ਉਹ ਅੱਜ ਆਪਣੀ ਲੀਗੀ ਕੱਟੜ ਪਾਲਸੀ ਤੋਂ ਹੇਠਾਂ ਉੱਤਰ ਕੇ ਜਾਂ ਸ਼ਾਇਦ ਉਪਰ ਉੱਠ ਕੇ ਸੋਚ ਰਹੀ ਸੀ।

ਸੋਚਦਿਆਂ ਸੋਚਦਿਆਂ ਉਹ ਸੌਂ ਗਈ। ਕਹਿੰਦੇ ਹਨ ਨੀਂਦ ਤੇ ਸੂਲੀ ਉਤੇ ਵੀ ਆ ਜਾਂਦੀ ਹੈ। ਜੀਵਨ-ਰੱਖਿਆ ਲਈ ਤਨ ਤੇ ਮਨ ਦੀਆਂ ਸਾਰੀਆਂ ਸ਼ਕਤੀਆਂ ਖ਼ਰਚ ਕਰ ਕੇ ਕੀਤੇ ਉਸ ਦੇ ਉਤਸ਼ਾਹੀ ਉੱਦਮ ਨੇ ਉਸ ਨੂੰ ਵੱਢ ਕੇ ਖੁੰਘਾਂ ਉਤੇ ਵੀ ਘੂਕ ਸੁਆ ਦਿੱਤਾ। ਉਹ ਦਿਨ ਚੜ੍ਹੇ ਤਕ ਸੁੱਤੀ ਰਹੀ। ਅੱਭੜ-ਵਾਹੀ ਉਹ ਰੌਲਾ ਪਾਉਂਦੀ ਉਠੀ, "ਇਹ ਜ਼ੁਲਮ ਨਾ ਕਰਿਓ, ਬਾਬਾ ਜੀ, ਮੈਂ ਮਾਂ ਬਣਨ ਵਾਲੀ ਹਾਂ।"

ਉਸ ਨੇ ਦੇਖਿਆ, ਦਿਨ ਚੜ੍ਹ ਆਇਆ ਸੀ,- ਏਥੋਂ ਤਕ ਕਿ ਸੂਰਜ ਦੀਆਂ ਕਿਰਨਾਂ ਉਸ ਦੇ ਮੂੰਹ 'ਤੇ ਪਈ ਤ੍ਰੇਲ ਨੂੰ ਸੁਕਾ ਗਈਆਂ ਸਨ, ਭਾਵੇਂ ਉਸ ਦੇ ਸਰੀਰ ਨਾਲ ਲੱਗੇ ਚੀਥੜੇ ਹਾਲੀ ਵੀ ਸਿੱਲ੍ਹੇ ਸਨ। ਉਸ ਨੇ ਉੱਠਣ ਦਾ ਯਤਨ ਕੀਤਾ, ਪਰ ਉਸ ਤੋਂ ਉੱਠਿਆ ਨਾ ਗਿਆ। ਉਸ ਨੂੰ ਇਸ ਤਰ੍ਹਾਂ ਜਾਪਿਆ ਜਿਸ ਤਰ੍ਹਾਂ ਖੜੱਪਾ ਉਸ ਦਾ ਸਾਹ ਸਤ ਪੀ ਗਿਆ ਹੈ। ਉਸ ਵਿਚਾਰੀ ਨੂੰ ਕੀ ਪਤਾ ਕਿ ਧਰਮ ਵਾਂਗ ਖੁਸ਼ਨੁਮਾ ਸਣ ਦੇ ਬਸੰਤੀ ਗੁੱਛੇਦਾਰ ਫੁੱਲਾਂ ਵਾਲੇ ਹਰੇ ਕਚਾਹ ਬੂਟਿਆਂ ਦੀ ਵਾੜ ਨੇ, ਜੋ ਨਾਲ ਦੀ ਪੈਲੀ ਦੇ ਦੁਆਲੇ ਉੱਗੇ ਹੋਏ ਸਨ, ਉਸ ਦੇ ਨੈਣ-ਪ੍ਰਾਣ ਜਕੜ ਲਏ ਹਨ। ਆਖ਼ਰ ਉਹ ਆਪਣੇ ਸਾਰੇ ਸਰੀਰ ਤੇ ਮਨ ਦੇ ਬਲ ਨੂੰ ਸਰੀਰ ਵਿਚ ਕੇਂਦ੍ਰਿਤ ਕਰ ਕੇ ਉੱਠੀ ਅਤੇ ਆਪਣੇ ਆਪ ਨੂੰ ਬਹੁਤ ਖ਼ਤਰੇ ਵਿਚ ਸਮਝ ਕੇ ਚਰ੍ਹੀ ਵਿਚ ਜਾ ਵੜੀ। ਲੋਕੀਂ ਦਿਨ ਦੇ ਚਾਨਣ ਵਿਚ ਲੁੱਟ ਦਾ ਮਾਲ ਲੈ ਕੇ ਥੋੜ੍ਹੀ ਕੁ ਵਿੱਥ ਤੋਂ ਲੰਘ ਰਹੇ ਸਨ — ਹਿੰਦੂ ਵੀ ਤੇ ਸਿੱਖ ਵੀ। ਦੋ ਤਿੰਨ ਬੰਦੇ ਕੁਰਾਹੇ ਪੈ ਕੇ ਉਸ ਖੇਤ ਦੇ ਲਾਗਿਓਂ ਵੀ ਲੰਘੇ।

ਇਕ ਕਹਿ ਰਿਹਾ ਸੀ, "ਰਾਤੀਂ ਮੁਸਲਿਆਂ ਦੀਆਂ ਪੈਲੀਆਂ ਨੂੰ ਹੱਥ ਲਾ ਦਿਓ ਤੇ ਪੱਠੇ ਵੱਢ ਕੇ ਲੈ ਚਲੋ।"

ਦੂਜੇ ਨੇ ਕਿਹਾ, "ਹਾਲਾਂ ਤਰ ਮਾਲ ਦੀ ਲੁਟ ਬਥੇਰੀ ਹੈ। ਕਈ ਪਿੰਡ ਹਾਲੇ ਮੁਸਲਿਆਂ ਦੇ ਮਾਰਨ ਵਾਲੇ ਨੇ। ਤੇ ਜ਼ਨਾਨੀ ਤੇ ਸਾਡੇ ਹੱਥ ਆਈ ਨਹੀਂ, ਮੱਖ, ਕੋਈ।"

ਤੀਜੇ ਕਿਹਾ, "ਮਾਈਂ...ਮੁਸਲੀਆਂ ਕਈ ਕਈ ਤੇ ਨਿਰਾ ਪਰਸਤਾਨ ਈ ਨੇ।"

ਪਹਿਲਾ ਬੋਲਿਆ, "ਮੱਝਾ ਸਿਹਾਂ, ਤੂੰ ਚੰਗਾ ਵੈਲੀ ਏਂ। ਪੱਠਾ ਦੱਥਾ ਵੀ ਨਹੀਓਂ ਛੱਡਣਾ, ਅਸੀਂ ਤੇ ਇਨ੍ਹਾਂ ਦੀਆਂ ਫ਼ਸਲਾਂ ਵੀ ਚਾਰ ਛੱਡਣੀਆਂ ਨੇ। ਵਾਹਗੁਰੂ ਨੇ ਮੌਕਾ ਬਣਾਇਐ, ਗੁਰੂ ਦੇ ਪੁੱਤਾਂ ਦਾ ਬਦਲਾ ਲੈਣ ਦਾ।"

ਨਸੀਮ ਨੇ ਫਨੀਅਰ ਸੱਪ ਵਾਲੇ ਖੇਤ ਵੀ ਖ਼ਤਰੇ ਤੋਂ ਖ਼ਾਲੀ ਨਾ ਸਮਝੇ। ਉਸ ਸੋਚਿਆ, 'ਕਿਤੇ ਦਿਨ ਵੇਲੇ ਹੀ ਕੋਈ ਮੇਰੇ ਵਾਲੇ ਖੱਤੇ ਨੂੰ ਦਾਤਰੀ ਨਾ ਪਾ ਦਏ। ਆਲੇ-ਦੁਆਲੇ ਦੇਖਿਆ, ਖੂਹ ਦੇ ਲਾਗੇ ਦੋ ਮੂਸਲ ਸਨ। ਇਕ ਨੂੰ ਹੱਥ ਲੱਗਾ ਹੋਇਆ ਸੀ ਤੇ ਹੇਠਾਂ ਗੋਲ ਮਘੋਰਾ ਸੀ। ਆਲੇ-ਦੁਆਲੇ ਕੋਈ ਨਾ ਦੇਖ ਕੇ ਉਹ ਜੀ-ਭਿਆਣੀ ਮੂਸਲ ਵਿਚ ਜਾ ਵੜੀ। ਇਹ ਉਸ ਨੇ ਇਕ ਬੜੀ ਭਾਰੀ ਗਲਤੀ ਕੀਤੀ, ਪਰ ਇਹ ਨਾ ਕਰਦੀ ਤੇ ਕਰਦੀ ਵੀ ਕੀ ?

ਸਾਰਾ ਦਿਨ ਲੋਕ ਲੁੱਟ ਦੇ ਮਾਲ ਦੀ ਰਹਿੰਦ-ਖੂੰਹਦ ਢੋਂਦੇ ਰਹੇ ਤੇ ਉਸ ਲਈ ਬਾਹਰ ਨਿਕਲਣਾ ਅਸੰਭਵ ਹੋ ਗਿਆ। ਹਵਾ ਰੁਕੀ ਹੋਈ ਸੀ ਤੇ ਹੁੱਸੜ ਨੇ ਮੂਸਲ ਨੂੰ ਲੋਹਾ ਢਾਲਣ ਵਾਲੀ ਭੱਠੀ ਬਣਾ ਦਿੱਤਾ ਸੀ। ਨਸੀਮ ਨੂੰ ਮਲੂਮ ਹੁੰਦਾ ਸੀ ਕਿ ਉਸ ਦਾ ਸਰੀਰ ਮੋਮ ਦਾ ਹੈ ਤੇ ਉਹ ਹੌਲੀ ਹੌਲੀ ਪੰਘਰ ਕੇ ਘਟ ਰਿਹਾ ਹੈ। ਪਰ ਉਹ ਰਾਤ ਦੇ ਸੁਪਨੇ ਨੂੰ ਜਾਗ੍ਰਤ ਜੀਵਨ ਵਿਚ ਯਾਦ ਦੇ ਪਰਦੇ 'ਤੇ ਸਾਕਾਰ ਕਰ ਕੇ ਦੇਖਣ ਲਈ ਮਜਬੂਰ ਸੀ।

ਇਕ ਅਜੀਬ ਅਨਹੋਣਾ ਨਜ਼ਾਰਾ ਸੀ। ਧਰਤੀ ਦੇ ਇਕ ਵਿਸ਼ਾਲ ਪੱਧਰ ਮੈਦਾਨ ਦੇ ਵਿਚਕਾਰ ਇਕ ਲੀਕ ਵਹੀ ਹੋਈ ਸੀ ਅਤੇ ਲੀਕ ਦੇ ਪੱਛਮ ਵਲ ਲਿਖਿਆ ਹੋਇਆ ਸੀ 'ਪਾਕਿਸਤਾਨ' ਤੇ ਪੂਰਬ ਵਲ ਸੀ 'ਹਿੰਦੁਸਤਾਨ'। ਉਹ ਹਿੰਦੁਸਤਾਨ ਵਿਚ ਸੀ। ਪਾਕਿਸਤਾਨ ਵਿਚ ਹਿੰਦੂ ਸਿੱਖ ਔਰਤਾਂ ਤੇ ਬੱਚੀਆਂ ਦੀਆਂ ਬੱਕਰੀਆਂ ਭੇਡਾਂ ਵਾਂਗ ਬੋਲੀਆਂ ਦਿੱਤੀਆਂ ਜਾ ਰਹੀਆਂ ਸਨ ਅਤੇ ਖ਼ਰੀਦਾਰ ਉਨ੍ਹਾਂ ਨੂੰ ਚੰਗੀ ਤਰ੍ਹਾਂ ਟੋਹ ਟੋਹ ਕੇ ਦੇਖ ਰਹੇ ਸਨ। ਹਿੰਦੁਸਤਾਨ ਵਿਚ ਔਰਤਾਂ ਤੇ ਬੱਚੀਆਂ ਨੂੰ ਨੰਗਿਆਂ ਕਰ ਕੇ ਤਿੱਖਿਆਂ ਬਰਛਿਆਂ ਦੇ ਜ਼ੋਰ ਸਰੇ ਬਾਜ਼ਾਰ ਨਚਾਇਆ ਜਾ ਰਿਹਾ ਸੀ। ਕਿੱਡਾ ਖੌਫ਼ਨਾਕ ਸੀ ਇਹ ਨਾਚ ! ਤੇ ਲੋਕ ਹੱਸ ਰਹੇ ਸਨ !! ਪਾਕਿਸਤਾਨ ਵਿਚ ਗੱਡੀਆਂ ਵਿਚ ਪਿਆਸੇ ਹਿੰਦੂ ਸਿੱਖਾਂ ਨੂੰ ਪੀਣ ਲਈ ਪਾਣੀ ਵੀ ਨਹੀਂ ਸੀ ਮਿਲ ਸਕਦਾ। ਹਿੰਦੁਸਤਾਨ ਵਿਚ ਮੁਸਲਿਮ ਮਾਵਾਂ ਬੱਚਿਆਂ ਨੂੰ ਜ਼ਿੰਦਾ ਰੱਖਣ ਲਈ ਆਪਣੇ ਸਰੀਰ ਦਾ ਹੀ ਗੰਦਾ ਪਾਣੀ ਆਪਣੇ ਬੱਚਿਆਂ ਦੇ ਮੂੰਹ ਵਿਚ ਪਾ ਰਹੀਆਂ ਸਨ। ਪਾਕਿਸਤਾਨ ਵਿਚ ਹਿੰਦੂ ਸਿੱਖ ਬੱਚੇ ਨੇਜ਼ਿਆਂ ਵਿਚ ਪ੍ਰੋ ਕੇ, ਮਾਵਾਂ ਨੂੰ ਪਿੱਛੇ ਲਾ ਕੇ ਜਲੂਸ ਕੱਢੇ ਜਾ ਰਹੇ ਸਨ ! ਹਿੰਦੁਸਤਾਨ ਵਿਚ ਬੱਚਿਆਂ ਦੇ ਸਾਹਮਣੇ ਉਨ੍ਹਾਂ ਦੀਆਂ ਜਵਾਨ ਮਾਵਾਂ ਦੀ ਬੇਇੱਜ਼ਤੀ ਕੀਤੀ ਜਾ ਰਹੀ ਸੀ, ਤੇ ਹਿੰਦੂ ਸਿੱਖ ਤੀਵੀਆਂ ਇਹ ਵੇਖ ਕੇ ਇਕ ਜ਼ਾਲਮ-ਖੁਸ਼ੀ ਦਾ ਵਹਿਸ਼ੀ

ਹਾਸਾ ਹੱਸ ਰਹੀਆਂ ਸਨ।

ਸੁਪਨੇ ਵਿਚ ਡਿੱਠੇ ਨਜ਼ਾਰੇ ਏਨੇ ਖ਼ੂਨ ਭਰੇ ਤੇ ਗੰਦ ਨਾਲ ਲਿਬੜੇ ਹੋਏ ਸਨ ਕਿ 'ਕਾਉਬਾਏ' ਤੇ 'ਡਕੈਤੀ' ਦੀਆਂ ਫ਼ਿਲਮਾਂ ਦੀ ਅਤੇ ਦਿਲ-ਪਾੜ ਦੁੱਖੀ ਕਥਾਵਾਂ ਦੀ ਚਾਹਵਾਨ ਹੋਣ ਦੇ ਬਾਵਜੂਦ ਵੀ ਹੁਣ ਉਨ੍ਹਾਂ ਸੁਪਨੇ ਦੇ ਨਜ਼ਾਰਿਆਂ ਨੂੰ ਜਾਗਰਤ-ਕਲਪਨਾ ਦੇ ਸਾਹਮਣੇ ਵੇਖਣ ਦਾ ਹੀਆ ਨਸੀਮ ਨਹੀਂ ਸੀ ਕਰਦੀ। ਪਰ ਇਹ ਤੇ ਇਨ੍ਹਾਂ ਤੋਂ ਵੀ ਭਿਆਨਕ ਤੇ ਦਿਲ-ਹਿਲਾਊ ਘਟਨਾਵਾਂ ਆਮ ਘਟਨਾਵਾਂ ਵਾਂਗ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਜ਼ਿਦੋ-ਜ਼ਿਦੀ ਹੋ ਰਹੀਆਂ ਸਨ। ਕਿਸੇ ਸ਼ੈਤਾਨ ਦਾ ਪਰਛਾਵਾਂ ਦੋਹਾਂ ਪਾਸਿਆਂ ਦਿਆਂ ਲੋਕਾਂ ਦੀਆਂ ਰੂਹਾਂ 'ਤੇ ਪੈ ਗਿਆ ਜਾਪਦਾ ਸੀ। ਪਰ ਨਸੀਮ ਨੂੰ ਯਾਦ ਸੀ ਕਿ ਅੱਖਾਂ ਵਿਚੋਂ ਚੰਗਿਆੜੇ ਸੁੱਟਦੇ ਇਕ ਅੱਗ ਬਗੋਲੇ ਦੇਓ ਵਰਗੇ ਚਿਹਰੇ ਵਾਲੇ ਬਾਬੇ ਨੇ ਉਸ ਨੂੰ ਪਕੜ ਲਿਆ ਤੇ ਅੱਗੋਂ ਤਿੱਖੀ, ਦੋ ਢਾਈ ਇੰਚ ਮੋਟੀ ਭੱਠੀ ਵਿਚੋਂ ਹੁਣੇ ਕੱਢੀ, ਲਾਲ ਸੁਰਖ਼ ਲੋਹੇ ਦੀ ਲੱਠ ਨੂੰ ਉਸ ਦੇ ਸਰੀਰ ਵਿਚ ਚੁਭਾਉਣ ਲੱਗਾ। ਉਹ ਇਕ ਅਤਿ ਭਿਆਨਕ ਹਾਸਾ ਹੱਸ ਰਿਹਾ ਸੀ ਤੇ ਇਉਂ ਮਲੂਮ ਹੁੰਦਾ ਸੀ ਕਿ ਉਸ ਦੇ ਹਾਸੇ ਨਾਲ ਭੁਚਾਲ ਆ ਰਿਹਾ ਹੋਵੇ। ਨਸੀਮ ਕਹਿ ਰਹੀ ਸੀ, 'ਇਹ ਨਾ ਜ਼ੁਲਮ ਕਰਿਓ, ਬਾਬਾ ਜੀ ! ਮੈਂ ਪੰਜਾਂ ਮਹੀਨਿਆਂ ਤਕ ਮਾਂ ਬਣਨ ਵਾਲੀ ਹਾਂ।' ਏਥੇ ਉਸ ਦੇ ਸੁਪਨੇ ਨੇ ਟੁੱਟ ਕੇ ਉਸ ਦਾ ਛੁਟਕਾਰਾ ਕਰ ਦਿਤਾ ਸੀ। ਪਰ ਅਸਲ ਵਿਚ ਉਸ ਮਕਾਰ ਫਰੰਗੀ ਦੀ ਵਾਹੀ ਲੀਕ ਦੇ ਦੁਪਾਸੜ ਕਿਸੇ ਬਾਬੇ ਨੇ ਕਿਸੇ ਪੋਤੀ ਦੀ ਇਹੋ ਜਿਹੀ ਬੇਨਤੀ ਨਹੀਂ ਸੀ ਸੁਣੀ। ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਹਿੰਦੂ-ਸਿੱਖ — ਸਾਰੇ ਰੱਬ ਰਹੀਮ ਅਤੇ ਦਿਆਲੂ ਪਰਮਾਤਮਾ ਤੇ ਵਾਹਿਗੁਰੂ ਦੇ ਪਿਆਰੇ !

ਨਸੀਮ ਹੁਣ ਨਾਂ ਦੀ ਨਸੀਮ ਸੀ। ਉਹ ਸੜ ਰਹੀ ਸੀ, ਉਸ ਦਾ ਗਲਾ ਸੁੱਕ ਗਿਆ ਸੀ। ਉਸ ਦਾ ਜੀਅ ਕਰਦਾ ਸੀ ਕਿ ਉਹ ਕੁੱਤੇ ਵਾਂਗ ਜੀਭ ਲਮਕਾ ਲਵੇ। ਉਹ ਉਸ ਮੂਸਲ ਦੇ ਅੰਦਰਲੇ ਦੋਜ਼ਖ਼ ਵਿਚੋਂ ਬਾਹਰ ਨਿਕਲ ਜਾਣਾ ਚਾਹੁੰਦੀ ਸੀ ਪਰ ਬਾਹਰ ਵੀ ਤਾਂ ਦੋਜ਼ਖ਼ ਦੀ ਭਾਹ ਦੂਣੀ ਭੜਕ ਰਹੀ ਸੀ। ਜੀਵਨ ਆਸ ਦੇ ਸਹਾਰੇ ਬੜਾ ਪਿਆਰਾ ਹੁੰਦਾ ਹੈ। ਬਾਹਰ ਨਾ ਨਿਕਲਣਾ ਚਾਹੁੰਦਿਆਂ ਵੀ ਉਸ ਨੂੰ ਬਾਹਰ ਨਿਕਲਣਾ ਹੀ ਪਿਆ। ਉਸ ਨੂੰ ਇਉਂ ਮਹਿਸੂਸ ਹੋਇਆ ਕਿ ਉਸ ਘੁੱਪ ਹਨੇਰੀ ਨਰਕ ਦੀ ਖੁੰਧਰ ਵਿਚ ਫੁੰਕਾਰੇ ਵੱਜ ਰਹੇ ਸਨ। ਰਾਤੀਂ ਉਸ ਨੂੰ ਖੇਤਾਂ ਵਿਚ ਸੁੱਤਿਆਂ ਕਿਸੇ ਫਨੀਅਰ ਦਾ ਡਰ ਨਹੀਂ ਸੀ ਆਇਆ, ਪਰ ਹੁਣ ਉਹ ਇਤਨੀ ਭੈ-ਭੀਤ ਹੋ ਗਈ ਕਿ ਉਸ ਮਘੋਰੇ ਵਿਚੋਂ ਨਿਕਲਣਾ ਵੀ ਉਸ ਲਈ ਅਸੰਭਵ ਹੋ ਗਿਆ ਸੀ। ਦਿਨ ਭਰ ਦੀ ਗਰਮੀ ਤੇ ਹੁਸੜ ਨੇ ਉਸ ਦਾ ਲਹੂ ਨਚੋੜ ਲਿਆ ਸੀ। ਪਰ ਜੋ ਰਹਿੰਦਾ ਖੂੰਹਦਾ ਸੀ ਵੀ, ਉਹ ਉਸ ਨੂੰ ਨਾੜਾਂ ਵਿਚ ਜੰਮ ਗਿਆ ਜਾਪਿਆ। ਉਹ ਬੇਹਿੱਸ ਉਥੇ ਹੀ ਉਥੇ ਹੀ ਪਈ ਰਹੀ। ਆਖ਼ਰ ਉਸ ਨੂੰ ਕੁਝ ਚਿਰ ਮਗਰੋਂ ਫੁੰਕਾਰਿਆਂ ਦੀ ਆਵਾਜ਼ ਆਉਣੀ ਬੰਦ ਹੋਈ। ਉਸ ਵਿਚ ਵੀ ਜਾਨ ਨਵੇਂ ਸਿਰਿਓਂ ਸਰਕੀ। ਉਹ ਹੌਲੀ ਹੌਲੀ ਰੀਂਗ ਕੇ ਮਘੋਰੇ ਦੇ ਪੈਰੋ ਪੈਰ ਘਟਦੇ ਚਾਨਣ ਵੱਲ ਵਧਣ ਲੱਗੀ। ਉਸ ਆਪਣਾ ਸਿਰ ਬਾਹਰ ਕੱਢਿਆ ਤੇ ਫੇਰ ਆਪਣਾ ਧੜ ਅਤੇ ਫੇਰ ਝੱਟ ਹੀ ਉਸ ਆਪਣੀਆਂ ਲੱਤਾਂ ਇਕੱਠੀਆਂ ਕਰ ਕੇ ਡੱਡੂ ਵਾਂਗ ਟਪੋਸੀ ਲਾਈ ਤੇ ਦੂਰ ਜਾ ਪਈ।

ਹੋਸ਼ ਸੰਭਾਲ ਕੇ ਉਸ ਚਾਰੇ ਪਾਸੇ ਵੇਖਿਆ। ਤ੍ਰਿਕਾਲਾਂ ਪੈਣ ਵਾਲੀਆਂ ਸਨ।

ਲਾਗੇ ਕੋਈ ਨਹੀਂ ਸੀ। ਖ਼ਬਰੇ ਕਿਸੇ ਹੋਰ ਮੋਰਚੇ 'ਤੇ ਇਕੱਠ ਜੁੜਿਆ ਹੋਵੇ। ਖੂਹ ਦੀਆਂ ਟਿੰਡਾਂ ਚੋ ਚੋ ਕੇ ਸਭ ਖਾਲੀ ਪਈਆਂ ਸਨ ਤੇ ਨਸੀਮ ਅੰਦਰ ਲੱਗੀ ਤ੍ਰੇਹ ਦੀ ਅੱਗ ਨੂੰ ਬੁਝਾਉਣ ਲਈ ਪਾਣੀ ਲੱਭ ਰਹੀ ਸੀ। ਖੂਹ ਭਾਰਾ ਸੀ ਤੇ ਉਸ ਕੋਲੋਂ ਗਿੜ ਨਹੀਂ ਸੀ ਸਕਦਾ, ਤੇ ਜੇ ਗਿੜ ਵੀ ਸਕਦਾ ਹੁੰਦਾ ਤਾਂ ਉਹ ਖੜਾਕ ਨਾਲ ਕਿਸੇ ਲੁਟੇਰੇ ਨੂੰ ਉਥੇ ਖਿੱਚ ਲਿਆਉਣ ਦੇ ਡਰ ਤੋਂ ਨਾ ਗੇੜਦੀ। ਕੱਚੇ ਔਲੂ ਵਿਚ ਕੁਝ ਪਾਣੀ ਜਮ੍ਹਾ ਸੀ। ਉਸ ਨੇ ਬੁੱਕ ਭਰ ਭਰ ਕੇ ਪਾਣੀ ਪੀਤਾ ਅਤੇ ਉਸ ਨੂੰ 'ਆਬੇ ਹਯਾਤ' - ਜ਼ਿੰਦਗੀ ਨਵੇਂ ਸਿਰਿਓਂ ਦੇਣ ਵਾਲਾ ਪਾਣੀ- ਸਮਝਿਆ। ਉਸ ਨੂੰ ਕੀ ਪਤਾ ਸੀ ਕਿ ਦਿਨੇ ਉਸ ਔਲੂ ਵਿਚੋਂ ਕੁੱਤੇ ਪਾਣੀ ਲੱਕਦੇ ਰਹੇ ਸਨ। ਉਹ ਜਾਣਦੀ ਵੀ ਹੁੰਦੀ ਤਾਂ ਇਸ ਤੋਂ ਸਿਵਾ ਹੋਰ ਕੀ ਕਰਦੀ ?

ਅਚਾਨਕ ਉਸ ਨੂੰ ਲਾਗਲੀ ਪੈਲੀ ਦੇ ਟੱਕ ਵਿਚੋਂ ਆਵਾਜ਼ ਆਈ, "ਕੇਹੜੀ ਐਂ ਤੂੰ ? ਜ਼ਰਾ ਐਧਰ ਆਈਂ, ਪੱਠਿਆਂ ਨੂੰ ਹੱਥ ਪੁਆਈਂ।"

ਨਸੀਮ ਨੇ ਅੱਧ ਕੁ ਮਿੰਟ ਸੋਚਿਆ।

ਉਧਰੋਂ ਫੇਰ ਆਵਾਜ਼ ਆਈ, "ਆਉਂਦੀ ਨਹੀਂ, ਕੌਣ ਐਂ ਤੂੰ ?"

ਨਸੀਮ ਅੰਨ੍ਹੇ-ਵਾਹ ਜਿਧਰੋਂ ਰਾਤੀਂ ਆਈ ਸੀ, ਉਸੇ ਪਾਸੇ ਉੱਠ ਦੌੜੀ। ਪੱਠਿਆਂ ਵਾਲਾ ਦਾਤਰੀ ਭਰੀ ਵਿਚੋਂ ਖਿੱਚ ਕੇ ਪੱਠਿਆਂ ਦੇ ਉਤੋਂ ਦੀ ਉਹਦੇ ਵਲ ਭੱਜਾ। ਨਸੀਮ ਘਬਰਾਈ ਹੋਈ ਉਸ ਦੀ ਚਾਲ ਨਾ ਸਮਝ ਸਕੀ। ਉਸ ਨੇ ਕੇਵਲ ਪਿਛਾਂਹ ਹੀ ਮੁੜ ਕੇ ਡਿੱਠਾ, ਪਰ ਪਿੱਛੇ ਕੋਈ ਨਹੀਂ ਸੀ। ਉਹ ਲਾਗਲੇ ਚਰ੍ਹ ਵਿਚ ਵੜਨ ਹੀ ਲੱਗੀ ਸੀ ਕਿ ਜੱਟ ਨੇ ਉਸ ਨੂੰ ਉਤੋਂ ਆ ਘੇਰਿਆ।

"ਕੌਣ ਹੈਂ ਤੂੰ ?" ਉਸ ਪੁੱਛਿਆ, ਅਤੇ ਜਵਾਬ ਨਾ ਮਿਲਣ 'ਤੇ ਆਪੇ ਹੀ ਉਸ ਦੀ ਸ਼ਕਲ, ਪਹਿਰਾਵੇ ਤੇ ਲੇਬੂ ਪੇਬੂ ਹੋਏ ਕਪੜਿਆਂ ਤੋਂ ਅੰਦਾਜ਼ਾ ਲਗਾ ਕੇ ਜਵਾਬ ਦਿੱਤਾ, "ਮੁਸਲਮਾਨੀ ! ਨਸੀਮ ਨੇ ਹਾਂ ਜਾਂ ਨਾਂਹ ਵਿਚ ਕੋਈ ਉੱਤਰ ਨਾ ਦਿਤਾ। ਸਿੱਖ ਨੇ ਉਸ ਨੂੰ ਬਾਹੋਂ ਫੜ ਕੇ ਖਿਚਿਆ, ਪਰ ਉਹ ਨਾ ਉੱਠੀ। ਉਸ ਦੂਸਰੀ ਵਾਰ ਸਾਰਾ ਜ਼ੋਰ ਲਾ ਕੇ ਉਸ ਨੂੰ ਖਿੱਚਿਆ। ਉਹ ਚੀਕ ਮਾਰ ਕੇ ਉੱਠੀ ਅਤੇ ਉਸ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ। ਪਰ ਦੂਸਰੇ ਹੀ ਪਲ ਜੱਟ ਦੀ ਲਿਸ਼ਕਦੀ ਤਣੀ ਹੋਈ ਦਾਤਰੀ ਨੇ ਉਸ ਨੂੰ ਫੇਰ ਬਿਠਾ ਦਿਤਾ।

"ਸਿੱਧੀ ਹੋ ਕੇ ਆਪੇ ਤੁਰ ਪਓ, ਮੈਂ ਆਖਿਆ, ਨਹੀਂ ਤੇ..." ਉਸ ਦਾਤਰੀ ਸਿੱਧੀ ਉਸ ਦੀ ਛਾਤੀ ਵੱਲ ਕਰ ਦਿੱਤੀ। ਨਸੀਮ ਡਰੀ ਨਹੀਂ। ਉਸ ਨੇ ਉੱਠ ਕੇ ਆਪਣੀ ਪਰੋਲੇ ਵਰਗੀ ਚੁੰਨੀ ਸੰਭਾਲੀ ਤੇ ਫੇਰ ਦਾਅ ਬਚਾ ਕੇ ਜੱਟ ਦੇ ਗਲ ਪੈ ਗਈ। ਜੱਟ ਨੇ ਦਾਤਰੀ ਪਰੇ ਸੁੱਟ ਕੇ ਉਸ ਨੂੰ ਦੋਹਾਂ ਹੱਥਾਂ ਨਾਲ ਕਾਬੂ ਕਰਨ ਦਾ ਯਤਨ ਕੀਤਾ ਪਰ ਨਸੀਮ ਕਾਫੀ ਕਰੜੀ ਨਿਕਲੀ। ਜੱਟ ਨੂੰ ਪੰਜ ਸਤ ਮਿੰਟ ਚੰਗਾ ਜ਼ੋਰ ਲਾਉਣਾ ਪਿਆ ਤਾਂ ਕਿਤੇ ਉਹ ਉਸ ਦੀ ਸੱਜੀ ਬਾਂਹ ਮਰੋੜਨ ਵਿਚ ਸਫਲ ਹੋਇਆ। ਪਰ ਇਸ ਤੋਂ ਪਹਿਲਾਂ ਨਸੀਮ ਉਸ ਦੇ ਮੂੰਹ 'ਤੇ ਆਪਣੇ ਨਹੁੰਆਂ ਨਾਲ ਕਈ ਲਾਲ ਲਕੀਰਾਂ ਵਾਹ ਚੁਕੀ ਸੀ ਤੇ ਹਾਲਾਂ ਤਕ ਉਸ ਦੀ ਦਾੜ੍ਹੀ ਦੇ ਕਾਲੇ ਮੋਟੇ ਵਾਲ ਉਸ ਦੀਆਂ ਉਂਗਲਾਂ ਵਿਚ ਫਸੇ ਹੋਏ ਸਨ।

"ਤਾਂ ਇਹ ਲੂੰਬੜ ਦੀ ਬੱਚੀ ਛੇਤੀ ਕਾਬੂ ਆਉਣ ਵਾਲੀ ਨਹੀਂ ?" ਜੱਟ ਨੇ ਆਪਣੇ ਆਪ ਨੂੰ ਉੱਚੀ ਸਾਰੀ ਕਿਹਾ ਅਤੇ ਸਾਰੇ ਜ਼ੋਰ ਦਾ ਇਕ ਗੋਡਾ ਨਸੀਮ ਦੇ ਲੱਕ ਵਿਚ ਮਾਰਿਆ।

ਨਸੀਮ ਮੂਧੜੇ ਮੂੰਹ ਪਈ, ਪਰ ਉਸ 'ਹਾਇ'...ਊਈ' ਕੋਈ ਨਾ ਕੀਤੀ। ਉਸ ਨੂੰ ਨਿੱਸਲ ਹੋ ਕੇ ਪਈ ਨੂੰ ਜੱਟ ਨੇ ਆਪਣੀ ਲੱਥ ਕੇ ਭੁੰਜੇ ਪਈ ਪੱਗ ਨਾਲ ਹੱਥ ਪਿੱਛੇ ਕਰ ਕੇ ਨੂੜ ਦਿਤਾ ਤੇ ਫੇਰ ਆਪਣੀ ਦਾਤਰੀ ਚੁਕ ਕੇ ਉਸ ਨੂੰ ਉੱਠਣ ਲਈ ਹੁਕਮ ਦਿਤਾ। ਉਸ ਭੁੰਜੇ ਪਈ ਨੇ ਕਿਹਾ, "ਜ਼ਾਲਮ, ਮੈਨੂੰ ਮਾਰ ਸੁੱਟ। ਮੈਂ ਤੇਰਾ ਇਹ ਵੀ ਅਹਿਸਾਨ ਮੰਨਾਂਗੀ। ਤੇਰਾ ਇਹ ਵੀ ਰੱਬ ਦੀ ਦਰਗਾਹੇ ਰਹਿਮ ਮੰਨਿਆ ਜਾਏਗਾ।"

"ਤੈਨੂੰ ਮੈਂ ਕੁਝ ਨਹੀਂ ਆਖਦਾ। ਆਪੇ ਚੁੱਪ ਕਰ ਕੇ ਟੁਰ ਪੈ, ਨਹੀਂ ਤੇ ਇਹੋ ਜਿਹੀ ਮਾਰ ਮਾਰੂੰ ਕਿ ਸਾਰੀ ਉਮਰ ਯਾਦ ਰਖੇਂਗੀ।"

ਸ਼ਾਇਦ ਉਹ ਇਸ ਲੁੱਟ ਦੇ ਮਾਲ 'ਤੇ, ਅਰਸ਼ੋਂ ਉਤਰੀ ਪਰੀ 'ਤੇ ਇਕੱਲਾ ਹੀ ਮੱਲ ਮਾਰੀ ਰੱਖਣਾ ਚਾਹੁੰਦਾ ਸੀ। ਨਸੀਮ ਮੂਧੜੇ ਮੂੰਹ ਪਈ ਨਾ ਉੱਠੀ। ਉਸ ਆਦਮੀ ਨੇ ਉਸ ਨੂੰ ਗੁੱਤੋਂ ਫੜ ਕੇ ਖੜੀ ਕਰ ਦਿੱਤਾ। ਨਸੀਮ ਦੇ ਨੱਕ ਵਿਚੋਂ ਲਹੂ ਵਗ ਰਿਹਾ ਸੀ।

"ਤੁਰ ਪੈ ਸਿੱਧੀ ਹੋ ਕੇ", ਉਸ ਨੇ ਕੁਰੱਖ਼ਤ ਹੌਲੀ ਆਵਾਜ਼ ਵਿਚ ਕਿਹਾ, ਜਿਵੇਂ ਉਹ ਕਿਸੇ ਹੋਰ ਕੋਲੋਂ ਡਰ ਰਿਹਾ ਹੁੰਦਾ ਹੈ।

ਸੂਰਜ ਡੁੱਬ ਗਿਆ ਸੀ। ਨਸੀਮ ਦਾ ਮਨੁੱਖਤਾ ਤੋਂ ਵਿਸ਼ਵਾਸ ਉੱਠ ਚੁੱਕਾ ਸੀ। ਉਹ ਚੀਕ-ਚਿਹਾੜਾ ਨਹੀਂ ਸੀ ਪਾਉਣਾ ਚਾਹੁੰਦੀ, ਪਰ ਫਿਰ ਵੀ ਉਸ ਉੱਚੀ ਹਾਲ ਦੁਹਾਈ ਪਾਈ, "ਮੈਨੂੰ ਬਚਾਓ- ਇਸ ਸ਼ੈਤਾਨ ਕੋਲੋਂ। ਬਹੁੜਿਓ ! ਕੋਈ ਰੱਬ ਦੇ ਨੇਕ ਬੰਦਿਓ !"

ਇਹ ਤਿੱਖੀ ਚੀਰਵੀਂ ਆਵਾਜ਼ ਆਖ਼ਰ ਕਿਸੇ ਦੇ ਕੰਨ ਤਕ ਪਹੁੰਚ ਹੀ ਗਈ।

ਉਸ ਰਾਖਸ਼ ਨੇ ਕਿਹਾ, "ਖ਼ਬਰਦਾਰ ! ਜੇ ਦੂਜੀ ਆਵਾਜ਼ ਕੱਢੀ ਤੇ ! ਇਹੋ ਦਾਤਰੀ ਤੇਰੀਆਂ ਆਂਦਰਾਂ ਧੂ ਲਿਆਊ।"

ਉਸ ਨੂੰ ਇਹ ਨਹੀਂ ਸੀ ਪਤਾ ਕਿ ਨਸੀਮ ਮਰਨੋਂ ਉੱਕਾ ਨਹੀਂ ਸੀ ਡਰਦੀ। ਜੇ ਉਹ ਜੀਊਣਾ ਚਾਹੁੰਦੀ ਸੀ ਤਾਂ ਕੇਵਲ ਆਪਣੇ ਪਤੀ ਨੂੰ ਮਿਲਣ ਦੀ ਆਸ 'ਤੇ। ਉਹ ਖੜੋਤੀ ਰਹੀ। ਇਕ ਗੋਡਾ ਉਸ ਦੇ ਲੱਕ ਵਿਚ ਵੱਜਾ। ਉਹ ਮਸਾਂ ਡਿਗਦੀ ਡਿਗਦੀ ਬਚੀ, ਪਰ ਫੇਰ ਕਰੜੀ ਹੋ ਕੇ ਖੜੋ ਗਈ। ਜੱਟ ਦੀ ਦਾਤਰੀ ਦਾ ਦਸਤਾ ਮੌਰਾਂ ਵਿਚ ਵੱਜ ਕੇ ਖੁੱਭ ਗਿਆ, ਪਰ ਉਹ ਨਾ ਹਿੱਲੀ। ਸ਼ੈਤਾਨ ਦੇ ਦਿਲ ਵਿਚ ਖ਼ਬਰੇ ਕੀ ਆਇਆ। ਉਸ ਕੁੜੀ ਦੀ ਸੱਜੀ ਵੱਖੀ ਵਿਚ ਖੱਬਾ ਹੱਥ ਦੇ ਕੇ, ਦੂਜੀ ਬਾਂਹ ਗੋਡਿਆਂ ਦੇ ਹੇਠਾਂ ਦੇ ਕੇ ਉਸ ਰੋਂਦੀ ਕੁਰਲਾਉਂਦੀ ਨੂੰ ਚੁੱਕ ਲਿਆ।

ਅਚਾਨਕ ਇਕ ਕਰੜੀ ਆਵਾਜ਼ ਆਈ, 'ਖ਼ਬਰਦਾਰ ! ਜੇ ਇਕ ਪੈਰ ਵੀ ਪੁੱਟਿਆ। "ਪੈਲੀ ਦੀ ਨੁੱਕਰ ਤੇ ਕੋਈ ਠਾਠਾ ਬੰਨ੍ਹੀ ਖੜਾ ਸੀ, ਪਰ ਉਸ ਦੇ ਹੱਥ ਵਿਚ ਕੁਝ ਨਹੀਂ ਸੀ।

"ਕੌਣ ਏਂ ਤੂੰ ਓਏ, ਮੈਨੂੰ ਰੋਕਣ ਵਾਲਾ।"

"ਮੈਂ ਕੋਈ ਵੀ ਹੋਵਾਂ। ਤੂੰ ਇਹਨੂੰ ਛੇਤੀ ਛੱਡ ਦੇ।"

"ਭਈ ਤੂੰ ਇਹਨੂੰ ਲੈ ਜਾਵੇਂ ?" ਪਹਿਲੇ ਨੇ ਵਾਕ ਨੂੰ ਪੂਰਾ ਕਰਦਿਆਂ ਕਿਹਾ। ਨਾਲ ਹੀ ਸ਼ਾਇਦ ਉਸ ਦੀ ਹਮਾਇਤ ਹਾਸਲ ਕਰਨ ਲਈ ਜਾਂ ਖਬਰੇ ਉਸ ਨੂੰ ਬੇਸ਼ਰਮੀ ਦਾ ਨਿਉਂਦਾ ਦੇ ਕੇ ਨਰਮ ਕਰਨ ਲਈ ਉਸ ਕਿਹਾ, "ਇਹ ਤੇ ਮੁਲਸਮਾਨੀ ਆ।"

ਦੂਜਾ ਬੰਦਾ ਦੌੜ ਦੇ ਅੱਗੇ ਹੋ ਗਿਆ। ਪਹਿਲੇ ਨੇ ਕੁੜੀ ਨੂੰ ਉਥੇ ਹੀ ਸੁੱਟ ਕੇ. ਦਾਤਰੀ ਸੂਤ ਲਈ।

"ਦੇਖ ਓਇ ਆਤਮਿਆਂ, ਜੇ ਇਕ ਪੈਰ ਵੀ ਹੋਰ ਅਗਾਂਹ ਪੁੱਟਿਆ ਤਾਂ ਗੋਲੀ ਵਿਚ ਦੀ ਲੰਘਾ ਦਊਂ।

ਪਹਿਲਾ ਆਦਮੀ ਉਥੇ ਹੀ ਸਹਿਮ ਕੇ ਖੜ੍ਹ ਗਿਆ। ਨਵੇਂ ਆਦਮੀ ਨੇ ਕੁੜਤੇ ਥੱਲਿਓਂ ਪਸਤੌਲ ਕੱਢ ਕੇ ਤਾਣਿਆ ਹੋਇਆ ਸੀ।

"ਕੋਈ ਗੱਲ ਨਹੀਂ, ਮਿਹਰ ਸਿਆਂ, ਰਹਿਣਾ ਤੇ ਇਸੇ ਬਾਹਰੇ 'ਚ ਈ ਆ ਨਾ ਤੂੰ। ਤੇਰੀ ਖੈਰ ਨਹੀਂ। ਗੁਰੂ ਮਾਰਿਆ, ਤੂੰ ਸੁਲ੍ਹਿਆਂ ਨੂੰ ਬਚਾਉਨਾ ਏਂ। ਕੋਈ ਰੱਬ ਦਾ ਖੌਫ਼ ਕਰ। ਪਰ ਰੱਬ ਨੂੰ ਤਾਂ ਤੁਸੀਂ ਲੋਕ ਮੰਨਦੇ ਈ ਨਹੀਂ", ਪੂਛ ਦਬਾ ਕੇ ਭੱਜੇ ਜਾਂਦੇ ਕੁੱਤੇ ਵਾਂਗ ਪਹਿਲਾ ਜਿਵੇਂ ਦੰਦ ਵਿਖਾ ਕੇ ਭੌਂਕਿਆ।

ਨਸੀਮ ਸਮਝ ਗਈ ਕਿ ਇਹ ਕੋਈ ਮੁਨਕਰ ਹੈ, ਪਰ ਪਹਿਲੇ ਆਦਮੀ ਦੇ ਲਫ਼ਜ਼ਾਂ ਨੇ ਹੀ ਉਸ ਦਾ ਨਵੇਂ ਆਦਮੀ 'ਤੇ ਭਰੋਸਾ ਬਨ੍ਹਾ ਦਿੱਤਾ ਸੀ। ਉਹ ਉਸ ਵਲ ਵਧੀ। ਨਵੇਂ ਆਦਮੀ ਨੇ ਉਸ ਦੀਆਂ ਬਾਹਵਾਂ ਖੋਲ੍ਹ ਦਿਤੀਆਂ। ਉਹ ਦੋਵੇਂ ਪਹਿਲੇ ਆਦਮੀ ਤੋਂ ਉਲਟ ਪਾਸੇ ਤੁਰ ਪਏ। ਨਵੇਂ ਆਦਮੀ ਨੇ ਮੂੰਹ ਮੋੜ ਕੇ ਉੱਚੀ ਦੇ ਕੇ ਕਿਹਾ, "ਓਏ, ਵੱਟ ਤੋਂ ਆਪਣੀ ਪੱਗ ਲੈ ਜਾ, ਐਵੇਂ ਭੱਜਾ ਜਾਨੈਂ।"

ਕੁਝ ਦੂਰ ਜਾਣ ਤੋਂ ਮਗਰੋਂ ਮਿਹਰ ਸਿੰਘ ਨੇ ਨਸੀਮ ਨੂੰ ਕਿਹਾ, "ਬੀਬੀ, ਸਾਨੂੰ ਖੇਤਾਂ ਦੇ ਓਹਲੇ ਓਹਲੇ ਓਸੇ ਪਾਸੇ ਜਾਣਾ ਪਵੇਗਾ ਜਿਸ ਪਾਸਿਓਂ ਆਏ ਹਾਂ। ਉਂਜ ਮੁਸਲਿਮ ਕੈਂਪ ਏਥੋਂ ਕੁਲ ਪੰਜ ਮੀਲ ਏ, ਪਰ ਹੁਣ ਲੁਟੇਰੇ ਘੋੜੀਆਂ 'ਤੇ ਸਾਡਾ ਪਿੱਛਾ ਕਰਨਗੇ। ਐਸ ਵੇਲੇ ਘਰ ਘਰ ਰਫਲਾਂ ਨੇ, ਅਸੀਂ ਦੋਵੇਂ ਜੀਊਂਦੇ ਨਹੀਂ ਬਚ ਸਕਦੇ। ਏਥੋਂ ਦਾਅ ਨਾਲ ਹੀ ਨਿਕਲਣਾ ਪਵੇਗਾ। ਰਾਤੀਂ ਸਾਡੇ ਪੈਰਾਂ ਦੇ ਨਿਸ਼ਾਨ ਉਨ੍ਹਾਂ ਨੂੰ ਪੂਰੇ ਨਹੀਂ ਦਿੱਸਣੇ। ਕਿਤੇ ਡਰਦੀ ਤੇ ਨਹੀਂ ਕੁੜੀਏ ਤੂੰ ?"

'ਬੀਬੀ' ਤੇ 'ਕੁੜੀਏ' ਸ਼ਬਦਾਂ ਨੇ ਨਸੀਮ ਦੇ ਤੱਪਦੇ ਦਿਲ ਵਿਚ ਠੰਡ ਵਰਤਾ ਦਿਤੀ। ਉਸ ਦਾ ਸਰੀਰ ਹੌਲਾ ਫੁੱਲ ਹੋ ਗਿਆ ਤੇ ਥਕਾਵਟ ਦਾ ਨਾਂ-ਨਿਸ਼ਾਨ ਨਾ ਰਿਹਾ। ਉਸ ਮਹਿਸੂਸ ਕੀਤਾ ਕਿ ਉਹ ਮੁੜ ਬੱਚੀ ਬਣ ਗਈ ਹੈ ਤੇ ਬਚਪਨ ਦੇ ਲਾਡ ਨਾਲ ਆਪਣੇ ਵੱਡੇ ਭਰਾ ਨੂੰ ਕਹਿ ਰਹੀ ਹੈ, "ਨਹੀਂ, ਭਰਾ ਜੀ, ਤੁਹਾਡੇ ਹੁੰਦਿਆਂ ਮੈਨੂੰ ਕਾਹਦਾ ਡਰ ਹੈ।"

ਉਹ ਉਲਟੇ ਪਾਸੇ ਤੁਰ ਪਏ। ਓਸੇ ਪਿੰਡ ਦੇ ਉੱਤਰ ਵੱਲੋਂ ਵਲਾ ਕੇ ਉਹ ਖੇਤਾਂ ਵਿਚੋਂ ਬਚਦੇ ਬਚਾਂਦੇ ਚੋਖੀ ਰਾਤ ਪਈ ਇਕ ਹੋਰ ਪਿੰਡ ਪਹੁੰਚੇ। ਬਾਹਰਵਾਰ ਹੀ ਇਕ ਕੱਚੇ ਕੋਠੇ ਦੇ ਬੂਹੇ ਨੂੰ ਠਕੋਰਿਆ। ਬੂਹਾ ਖੁੱਲ੍ਹਣ ਤੋਂ ਪਹਿਲਾਂ ਉਸ ਨੂੰ ਇਸ ਤਰ੍ਹਾਂ ਪੰਜ ਚਾਰ ਵਾਰ

ਠਕੋਰਨਾ ਪਿਆ। ਅੰਦਰੋਂ ਇਕ ਬਜ਼ੁਰਗ ਹਿੰਦੂ ਨਿਕਲਿਆ। ਹਨੇਰੇ ਵਿਚ ਹੀ ਨਸੀਮ ਵੱਲ ਵੇਖ ਕੇ ਕਹਿਣ ਲੱਗਾ, "ਕੋਈ ਮੁਸਲਮਾਨ ਬੀਬੀ ਏ ?"

ਮਿਹਰ ਸਿੰਘ ਦੇ 'ਹਾਂ' ਕਹਿਣ 'ਤੇ ਬਜ਼ੁਰਗ ਨੇ ਨਸੀਮ ਨੂੰ ਕਿਹਾ, "ਧੀਏ, ਸਾਹਮਣੀ ਕੋਠੀ ਵਿਚ ਮੰਜਾ ਡੱਠਾ ਹੋਇਆ ਹੈ। ਚੈਨ ਨਾਲ ਆਰਾਮ ਕਰ, ਮੈਂ ਦੁੱਧ ਭੇਜਦਾਂ ਤੇਰੇ ਲਈ।"

ਤਸੱਲੀ ਨਾਲ ਦੁੱਧ ਪੀ ਕੇ ਨਸੀਮ ਬੜੀ ਤਸੱਲੀ ਨਾਲ ਸੁੱਤੀ। ਤੜਕੇ ਜਦੋਂ ਉਸ ਨੂੰ ਉਠਾਇਆ ਗਿਆ ਤਾਂ ਉਸ ਦਾ ਉੱਠਣ ਨੂੰ ਜੀਅ ਨਹੀਂ ਸੀ ਕਰਦਾ। ਸ਼ਾਇਦ ਉਹ ਕੋਈ ਬਹਿਸ਼ਤਾਂ ਦੇ ਸੁਪਨੇ ਲੈ ਰਹੀ ਸੀ। ਉਸ ਨੂੰ ਇਕ ਖੱਦਰ ਦੀ ਚਾਦਰ ਉਤੇ ਲੈਣ ਨੂੰ ਦਿਤੀ ਗਈ, ਇਕ ਸਾਦਾ ਸੂਟ ਤੇ ਉਸ ਦੀ ਬਾਂਹ ਵਿਚ ਇਕ ਲੋਹੇ ਦਾ ਕੜਾ ਪੁਆਇਆ ਗਿਆ। ਮੁਨ੍ਹੇਰੇ ਹੀ ਮਿਹਰ ਸਿੰਘ ਤੇ ਨਸੀਮ ਬਾਹਰ ਨਿਕਲੇ। ਪੈਲੀਆਂ ਵਿਚੋਂ ਵਲਦੇ ਵਲਾਂਦੇ ਉਹ ਪੱਕੀ ਸੜਕ 'ਤੇ ਪੁੱਜੇ। ਕੁਝ ਚਿਰ ਉਹ ਇਸ ਤਰ੍ਹਾਂ ਖਲੋਤੇ ਰਹੇ, ਜਿਵੇਂ ਕਿਸੇ ਲਾਰੀ ਦੀ ਉਡੀਕ ਵਿਚ ਹੋਣ। ਆਖ਼ਰ ਉਸ ਚਾਦਰ ਵਿਚ ਕੱਜੀ ਨਸੀਮ ਨੂੰ ਸੜਕ-ਕੰਢੇ ਬਹਿ ਜਾਣ ਲਈ ਕਿਹਾ। ਮਿਹਰ ਸਿੰਘ ਨੇ ਵੀ ਕਪੜੇ ਬਦਲੇ ਹੋਏ ਸਨ। ਉਹ ਹਲਵਾਹਕ ਜੱਟ ਮਲੂਮ ਹੁੰਦਾ ਸੀ, ਜੋ ਹੁਣੇ ਹੁਣੇ ਜੋਤਰਾ ਲਾ ਕੇ ਆਇਆ ਹੋਵੇ।

ਅਖ਼ੀਰ ਮਿਲਟਰੀ ਦਾ ਇਕ ਟਰੱਕ ਆਉਂਦਾ ਦਿਸਿਆ। ਮਿਹਰ ਸਿੰਘ ਨੇ ਬੈਟਰੀ ਦੇ ਲਿਸ਼ਕਾਰੇ ਨਾਲ ਉਸ ਨੂੰ ਖੜਾ ਕਰ ਲਿਆ। ਉਸ ਵਿਚ ਕੁਝ ਪੇਂਡੂ ਮੁਸਲਮਾਨ ਤੇ ਪਾਕਿਸਤਾਨੀ ਸਿਪਾਹੀ ਸਨ।

"ਭੈਣ !' ਉਸ ਨਸੀਮ ਨੂੰ ਕਿਹਾ, "ਆ ਜਾ। ਇਹ ਤੈਨੂੰ ਤੇਰੇ ਟਿਕਾਣੇ ਪਹੁੰਚਾ ਦੇਣਗੇ।"

ਮਿਲਟਰੀ ਦੇ ਆਦਮੀਆਂ ਵਲ ਵੇਖਦਿਆਂ ਉਹ ਕਿਹਾ, 'ਇਹ ਕੈਪਟਨ ਵਾਰਿਸ ਮੁਹੰਮਦ ਦੇ ਘਰੋਂ ਹਨ।"

ਨਸੀਮ ਟਰੱਕ 'ਤੇ ਚੜ੍ਹਾ ਲਈ ਗਈ। ਟਰੱਕ ਵਿਚੋਂ ਇਕ ਆਦਮੀ ਨੇ ਉੱਚੀ ਦਿਤੀ ਕਿਹਾ, "ਤੂੰ ! ਮਿਹਰ ਸਿਆਂ ! ਜ਼ਰੂਰ ਜਾਨ ਗੁਆ ਬੈਠੇਂਗਾ- ਆਪਣੇ ਭਰਾਵਾਂ ਹੱਥੋਂ ਈ।"

"ਚੰਗਾ, ਜ਼ਹੂਰ, ਜੇ ਨੇਕ ਕੰਮ ਕਰਦਿਆਂ ਮੌਤ ਆਉਂਦੀ ਹੈ ਤੇ ਲੱਖ ਵਾਰ ਆਵੇ।"

ਜ਼ਹੂਰ ਦੀਨ ਇਸ ਇਲਾਕੇ ਵਿਚ ਮੁਸਲਮਾਨਾਂ ਵਿਚੋਂ ਵੱਡਾ ਕਾਫ਼ਰ ਤੇ ਮੁਨਕਰ ਮੰਨਿਆ ਜਾਂਦਾ ਸੀ। ਨਸੀਮ ਦੇ ਕੰਨਾਂ ਤਕ ਵੀ ਇਸ ਨਾਂ ਦੀ ਮਸ਼ਹੂਰੀ ਪਹੁੰਚੀ ਹੋਈ ਸੀ।

ਟਰੱਕ ਰਵਾਨਾ ਹੋ ਗਿਆ।

"ਭਰਾ ਜੀ, ਫੇਰ ਮਿਲਾਂਗੇ ਕਦੀ !" ਨਸੀਮ ਨੇ ਵਲੈਤੀ ਢੰਗ ਨਾਲ ਹੱਥ ਨੂੰ ਹਿਲਾਉਂਦਿਆਂ ਉੱਚੀ ਪੁਕਾਰ ਕੇ ਕਿਹਾ।

ਅਤੇ ਸਾਰਾ ਰਾਹ ਉਹ ਸੋਚਦੀ ਗਈ ਕਿ ਇਹ ਕਿਸ ਤਰ੍ਹਾਂ ਦੇ ਮੁਨਕਰ ਤੇ ਕਾਫ਼ਰ ਹਨ, ਤੇ ਆਖ਼ਰ ਪਹੁ ਫੁੱਟ ਪਈ।

ਮਨੁੱਖ ਤੇ ਪਸ਼ੂ

ਤੜਕੇ ਤਿੰਨ ਵਜੇ ਜੱਥੇ ਨੇ ਪਠਾਣਾਂ ਤੇ ਪਠਾਣੀਆਂ ਪਿੰਡ ਨੂੰ ਜਾ ਘੇਰਾ ਪਾਇਆ। ਘੇਰੇ ਦੀ ਫੌਜੀ ਤਰਤੀਬ, ਖ਼ਰੀਦੇ ਹੋਏ ਕੌਮੀ ਫ਼ੌਜ ਦੇ ਨਾਂ-ਕਟੇ ਸਿਪਾਹੀ ਸ਼ਖ਼ਸੀ ਤੌਰ ਤੇ ਕਰ ਰਹੇ ਸਨ। ਜੰਗ-ਨੀਤੀ ਅਨੁਸਾਰ ਹਮਲਾ ਕਰਨ ਵਾਲਿਆਂ ਨੂੰ ਕੋਈ ਖ਼ਤਰਾ ਨਹੀਂ ਸੀ। ਆਲੇ-ਦੁਆਲੇ ਦੇ ਹਿੰਦੂ-ਸਿੱਖ ਪਿੰਡਾਂ ਨੇ ਪਠਾਣਾਂ ਦੇ ਚੁਬਾਰਿਆਂ ਦੀਆਂ ਲੋਆਂ ਦੇਰ ਰਾਤ ਗਈ ਤਕ ਚਮਕਦੀਆਂ ਦੇਖੀਆਂ ਸਨ। ਫੇਰ ਇਕ ਇਕ ਕਰ ਕੇ ਲੋਆਂ ਬੁਝ ਗਈਆਂ ਸਨ, ਜਿਵੇਂ ਪਠਾਣ ਆਪਣੇ ਪਹਿਰੇ ਕਾਇਮ ਕਰਕੇ ਹੌਲੀ ਹੌਲੀ ਸੌਂਦੇ ਜਾ ਰਹੇ ਹੋਣ।

ਤੜਕੇ ਦਾ ਸਮਾਂ ਸ਼ਬਖੂਨ ਲਈ ਬੜਾ ਚੰਗਾ ਹੁੰਦਾ ਹੈ। ਚੰਗੇ ਚੰਗੇ ਸਿਪਾਹੀ ਵੀ ਇਸ ਵੇਲੇ ਉਂਘਲਾ ਜਾਂਦੇ ਹਨ। ਘੇਰਾ ਚਾਰੇ ਪਾਸਿਓਂ ਭੀੜਾ ਕਰ ਕੇ ਰਫਲਾਂ ਵਾਲਿਆਂ ਨੀਯਤ ਟਿਕਾਣੇ ਮੱਲ ਲਏ। ਬਰਛਿਆਂ ਵਾਲੇ ਘੋੜ-ਸਵਾਰ ਸ਼ੇਰਖ਼ਾਨ ਦੇ ਬਾਗ ਓਹਲੇ ਖੜੇ ਗਏ ਤਾਂ ਜੁ ਇਸ਼ਾਰਾ ਹੋਣ ਤੇ ਭੱਜਦੇ ਦੁਸ਼ਮਣਾਂ ਨੂੰ ਵਿੰਨ੍ਹ ਸਕਣ। ਆੜ ਲੈ ਕੇ ਤਲਵਾਰਾਂ, ਬਰਛਿਆਂ, ਕੁਹਾੜੀਆਂ ਵਾਲੇ ਬਹਾਦਰ, ਸਮੇਤ ਬੰਬ ਸੁੱਟਣ ਵਾਲੇ ਜਵਾਨਾਂ ਦੇ ਅੱਗੇ ਵਧਣੇ ਸ਼ੁਰੂ ਹੋਏ। ਇਨ੍ਹਾਂ ਦੇ ਨਾਲ ਦੋਹੀਂ ਪਾਸੀਂ ਬ੍ਰੈੱਨਗੰਨਾਂ ਵਾਲੇ ਦੋ ਜਵਾਨ ਸਨ। ਚਾਰੇ ਟੁਕੜੀਆਂ ਚਾਰੇ ਪਾਸਿਓਂ ਜਦ ਨੀਯਤ ਟਿਕਾਣੇ ਉਤੇ ਪਹੁੰਚ ਗਈਆਂ ਤਾਂ ਰਫਲਾਂ ਵਾਲਿਆਂ ਨੂੰ ਬੈਟਰੀਆਂ ਦੇ ਇਸ਼ਾਰੇ ਮਿਲੇ। ਰਫਲਾਂ ਨੇ ਪਹਿਲੋਂ ਵਾਛੜਾਂ ਦਾਗੀਆਂ। ਇਕ ਬੰਨਿਓਂ ਬ੍ਰੈੱਨਗੰਨਾਂ ਦੇ ਸਿਲਸਿਲੇਵਾਰ ਫਾਇਰ ਹੋਏ ਤਾਂ ਜੁ ਅਗਲਿਆਂ ਨੂੰ ਮਸ਼ੀਨਗੰਨ ਦਾ ਡਰਾਵਾ ਦੇ ਸਕਣ ਤੇ ਉਹ ਬੇ-ਹੌਸਲਾ ਹੋ ਜਾਣ, ਕਿਉਂਕਿ ਖ਼ਬਰ ਸੀ ਕਿ ਪਠਾਣਾਂ ਕੋਲ ਬੜਾ ਅਸਲਾ ਹੈ। ਪਰ ਸਾਹਮਣੇ ਪਾਸਿਓਂ ਕੋਈ ਜਵਾਬ ਨਹੀਂ ਸੀ ਆ ਰਿਹਾ। ਜੰਗ ਦੇ ਨੀਤੀਵਾਨਾਂ ਨੂੰ ਫਿਕਰ ਪਿਆ ਕਿ ਕਿਤੇ ਲਾਗੇ ਜਾਣ 'ਤੇ ਅਚਾਨਕ ਫਾਇਰ ਨਾ ਸ਼ੁਰੂ ਹੋ ਜਾਵੇ। ਮਨਚਲੇ ਸਕਾਊਟ, ਰਫ਼ਲਾਂ ਸਮੇਤ ਅਗਾਂਹ ਰੇੜ੍ਹੇ ਗਏ। ਪਠਾਣਾਂ ਦੇ ਮੋਰਚੇ ਖ਼ਾਲੀ ਸਨ। ਹੌਸਲਾ ਵਧ ਗਿਆ। ਜਿਹੜੇ ਮੋਰਚਿਆਂ ਵਿਚ ਨਹੀਂ ਸੜ ਸਕਦੇ, ਉਹ ਗਲੀਆਂ ਦੀ ਹੱਥੋ-ਹੱਥ ਲੜਾਈ ਕੀ ਲੜਨਗੇ।

ਕੁਝ ਚਿਰ ਮਗਰੋਂ ਸਕਾਊਟ ਪਿੰਡ ਵਿਚ ਜਾ ਵੜੇ। ਸੁੰਨ-ਮਸਾਣ ਸੀ, ਹਰ ਘਰ ਵਿਚ। ਹਨੇਰਾ ਸੀ ਹਰ ਥਾਂ। ਫ਼ਾਇਰ ਬੰਦ ਕਰ ਕੇ ਵਧਣ ਦਾ ਇਸ਼ਾਰਾ ਹੋਇਆ। ਟੁਕੜੀਆਂ ਅਗਾਂਹ ਵਧੀਆਂ, ਦਸਤੀ ਬੰਬਾਂ ਵਾਲੇ ਤੇ ਬ੍ਰੈੱਨਗੰਨਾਂ ਵਾਲੇ ਤਿਆਰ-ਬਰ-ਤਿਆਰ ਸਨ ਤੇ ਬਰਛੇ ਸਿੱਧੇ ਤਣੇ ਹੋਏ ਸਨ। ਪਿੰਡ ਵਿਚ ਜਾ ਕੇ ਪਤਾ ਲੱਗਾ ਕਿ ਪਿੰਡ ਤਾਂ ਸਾਰਾ ਖ਼ਾਲੀ ਪਿਆ ਹੈ।

ਰੌਸ਼ਨੀਆਂ ਜਗਾਈਆਂ ਗਈਆਂ। ਕਈ ਲੰਪਾਂ ਤੇ ਦੀਵੇ ਘਰਾਂ ਵਿਚੋਂ ਹੀ ਲੱਭ ਪਏ। ਦੋ ਹਜ਼ਾਰ ਦੀ ਆਬਾਦੀ ਸ਼ਾਂਤੀ ਨਾਲ ਨਿਕਲ ਗਈ। ਜਥੇਦਾਰ ਵਲੋਂ ਹੁਕਮ ਹੋਇਆ, "ਡਾਹਡਾ ਅਨਰਥ ਹੋਇਆ। ਕਿਸੇ ਦੀ ਮਦਦ ਬਿਨਾਂ ਇਸ ਤਰ੍ਹਾਂ ਨਹੀਂ ਹੋ ਸਕਦਾ। ਇਕੋ ਆਦਮੀ ਹੈ ਐਸਾ ਬੇਗੈਰਤ, ਜੋ ਆਪਣੇ ਰਸੂਖ਼ ਦਾ ਦੁਆਲੇ ਦੇ ਪਿੰਡਾਂ ਵਿਚ ਜ਼ਹਿਰ ਫੈਲਾ ਕੇ ਐਸਾ ਕੁਕਰਮ ਕਰ ਸਕਦਾ ਹੈ। ਹੱਛਾ ! ਨਗਦੀ ਤੇ ਜ਼ੇਵਰ ਤਾਂ ਨਿਕਲ ਗਿਆ ਹੋਏਗਾ। ਚੰਗਾ ਜੋ ਬਾਕੀ ਹੈ, ਸਾਫ਼ ਕਰ ਦਿਓ। ਚੰਗਾ ਚੰਗਾ ਮਾਲ ਅਫ਼ਸਰ ਆਪ ਲੁੱਟਣ। ਉਹਦੇ ਵਿਚੋਂ ਅੱਧਾ ਉਨ੍ਹਾਂ ਦਾ ਹੋਵੇਗਾ, ਅੱਗੇ ਵਾਂਗ ਤੇ ਅੱਧਾ ਸਾਂਝੇ ਖਾਤੇ ਜਾਵੇਗਾ।"

ਛੇ ਵਜੇ ਸਵੇਰ ਤਕ ਖ਼ੂਬ ਲੁਟ ਹੋਈ। ਪਿੰਡਾਂ ਨੂੰ ਪਤਾ ਲਗਾ ਗਿਆ। ਮੁਲਖਈਆ ਸਾਰਾ ਟੁੱਟ ਪਿਆ। ਗੱਡੇ ਲਾ ਕੇ ਢੋਆ ਢਾਈ ਸ਼ੁਰੂ ਹੋਈ। ਸਵੇਰੇ ਸੱਤ ਵਜੇ ਤਕ ਕਈਆਂ ਮਕਾਨਾਂ ਦੇ ਬੂਹੇ, ਬਾਰੀਆਂ, ਫੱਟ ਤੇ ਪਾਣੀ ਦੇ ਪੰਪਾਂ ਦੀਆਂ ਮਸ਼ੀਨਾਂ ਤਕ ਵੀ ਲੱਥ ਗਈਆਂ।

ਵੱਡੇ ਜਥੇਦਾਰ ਨੇ ਆਪਣੀ ਜੀਪ ਵਿਚ ਦੋ ਚਾਰ ਹੋਰ ਸਿਰਕੱਢਾਂ ਨੂੰ ਬਿਠਾਇਆ ਤੇ ਜੀਪ ਹਜੋਕੇ ਖਾਂਦੀ ਪਠਾਣੀਆਂ ਦੇ ਪਹੇ ਵਿਚੋਂ ਪੱਕੀ ਸੜਕ ਵਲ ਰਵਾਨਾ ਹੋਈ।

"ਦੇਖੋ ਜੀ, ਕਿੱਡਾ ਜ਼ੁਲਮ ਕੀਤਾ ਜੇ ਇਸ ਆਦਮੀ ਨੇ !"

"ਕਿਹੜੇ ਆਦਮੀ ਨੇ ?" ਫੌਜੀ ਪ੍ਰਬੰਧ ਦੇ ਇਕ ਸਿਰਕੱਢ ਨੇ, ਜੋ ਇਲਾਕੇ ਦੀਆਂ ਸਰਗਰਮੀਆਂ ਤੋਂ ਬਿਲਕੁਲ ਜਾਣੂ ਨਹੀਂ ਸੀ, ਪੁੱਛਿਆ।

"ਉਹ ਹੈ ਜੀ ਇਕ ਤਰਖੌਟਾ !"

ਸਿਰਕੱਢ ਪ੍ਰਬੰਧਕ ਨੇ ਜੱਥੇਦਾਰ ਦੇ ਚਿਹਰੇ ਵਲ ਮੁੜ ਕੇ ਦੇਖਿਆ। ਪ੍ਰਬੰਧਕ ਸ਼ਾਇਦ ਆਪ ਵੀ ਰਾਮਗੜ੍ਹੀਆ ਖ਼ਾਨਦਾਨ ਨਾਲ ਸੰਬੰਧ ਰਖਦਾ ਸੀ। ਉਸ ਨੂੰ ਇਹ ਗੱਲ ਸ਼ਾਇਦ ਗੁਰਸ਼ਿੱਖੀ ਦੇ ਅਸੂਲਾਂ ਮੁਤਾਬਕ ਬੁਰੀ ਲੱਗੀ, ਭਾਵੇਂ ਉਹ ਅੱਜ ਕਲ੍ਹ ਕਈ ਕੰਮ ਆਪ ਵੀ ਗੁਰਸਿੱਖੀ ਦੇ ਅਸੂਲਾਂ ਦੇ ਵਿਰੁੱਧ ਕਰ ਰਿਹਾ ਸੀ, ਜਿਹਾ ਕਿ ਬੱਚਿਆਂ ਤੇ ਇਸਤ੍ਰੀਆਂ 'ਤੇ ਹਮਲਾ। ਇਸਤ੍ਰੀਆਂ ਦੀ ਬੇਪਤੀ ਖ਼ਬਰੇ ਉਸ ਦੇ ਸਾਹਮਣੇ ਨਾ ਹੁੰਦੀ ਹੋਵੇ, ਪਰ ਉਹ ਜਾਣਦਾ ਸੀ ਕਿ ਕੁੜੀਆਂ, ਮੁਟਿਆਰਾਂ, ਅਧਖੜਾਂ, ਬੱਚਿਆਂ ਵਾਲੀਆਂ ਨੂੰ ਚੁੱਕ ਕੇ ਹਿੰਦੂ ਤੇ ਸਿੱਖ ਪੱਛਮੀ ਪੰਜਾਬ ਵਿਚ ਹੋਏ ਜ਼ੁਲਮਾਂ ਦੀ ਭਾਜੀ ਲਾਹ ਰਹੇ ਸਨ। ਪ੍ਰਬੰਧਕ ਨੇ ਹੋਰ ਕੁਝ ਨਾ ਪੁੱਛਿਆ।

ਜੱਥੇਦਾਰ ਨੇ ਸੋਚਣਾ ਸ਼ੁਰੂ ਕੀਤਾ, ਕਿੱਦਾਂ ਇਹ ਤਰਖੌਟਾ ਉਸ ਦੇ ਸਾਰੇ ਜੀਵਨ ਵਿਚ ਸਦਾ ਉਸ ਦੀ ਵਿਰੋਧਤਾ ਕਰਦਾ ਆ ਰਿਹਾ ਸੀ। ਜੱਥੇਦਾਰ ਆਪਣੀ ਜਵਾਨੀ ਵਿਚ ਚੰਗਾ ਲੜਾਕਾ ਤੇ ਮਾਰਖ਼ੋਰਾ ਮਸ਼ਹੂਰ ਰਿਹਾ ਸੀ। ਉਸ ਦੇ ਆਪਣੇ ਪਿੰਡ ਵਿਚ ਹੀ ਜਦ ਸਾਰੇ ਕਮੀਣ ਇਕੱਠੇ ਹੋ ਕੇ ਪੰਚਾਇਤ ਸਾਹਮਣੇ ਆਏ ਸਨ ਤਾਂ ਉਸ ਨੇ ਉਨ੍ਹਾਂ ਦੀ ਵਧਦੀ ਕਾਂਗ ਨੂੰ ਸੋਟਿਆਂ ਨਾਲ ਰੋਕਿਆ ਸੀ। ਸਫੈਦਪੋਸ਼ ਦੇ ਮੁੰਡੇ ਨੇ ਚਮਾਰਾਂ ਦੀ ਧੀ ਦੀ ਬੇਪਤੀ ਕੀਤੀ ਸੀ। ਹੈ ਤੇ ਬੁਰੀ ਗੱਲ ਸੀ, ਪਰ ਕਮੀਣ ਜ਼ਿਮੀਂਦਾਰਾਂ ਦਾ ਮੁਕਾਬਲਾ ਕਰਨ ! ਇਹ ਕਿਵੇਂ ਬਰਦਾਸ਼ਤ ਹੋ ਸਕਦਾ ਸੀ ? ਸਗੋਂ ਕਮੀਣ ਉਲਟੇ ਬੱਝ ਗਏ ਸਨ। ਇਕ ਬੰਨੇ ਉਹ, ਸਫ਼ੈਦਪੋਸ਼, ਲੰਬੜਦਾਰ, ਜ਼ਿਮੀਂਦਾਰ ਸਾਰੇ ਦੇ ਸਾਰੇ

ਤੇ ਨਾਲ ਸਾਰੇ ਸ਼ਾਹਾਂ ਦੇ ਘਰ। ਤੇ ਇਕ ਬੰਨੇ ਇਹ ਨਵਾਂ ਨਵਾਂ ਕਮਾ ਕੇ ਆਇਆ ਤਰਖੈਂਟਾ। ਇਹ ਸਾਰੇ ਪਿੰਡ ਦਿਆਂ ਕਮੀਣਾਂ ਦੀ ਮਦਦ ਕਰਦਾ ਰਿਹਾ। ਜ਼ਮਾਨਤਾਂ ਦਿਤੀਆਂ, ਵਕੀਲ ਕੀਤੇ ਤੇ ਸਾਰਿਆਂ ਨੂੰ ਛੁਡਾ ਲਿਆਇਆ। ਇਲਾਕੇ ਦੇ ਸਾਰੇ ਕਮੀਣ ਏਸ ਭੂਏ ਕਰ ਦਿੱਤੇ।

ਜੱਥੇਦਾਰ, ਲੋਕੀਂ ਆਖਦੇ ਸਨ, ਭਾਵੇਂ ਲੁਟੇਰਾ ਤੇ ਨਹੀਂ ਸੀ, ਪਰ ਉਨ੍ਹਾਂ ਦਾ ਥਾਮੂੰ ਜ਼ਰੂਰ ਸੀ। ਕਈ ਵਾਰੀ ਗੁੱਝੇ ਤੌਰ ਤੇ ਉਹ ਉਨ੍ਹਾਂ ਦੀ ਸਹਾਇਤਾ ਸ਼ਾਹਾਂ ਕੋਲੋਂ ਕ਼ਰਵਾ ਦਿੰਦਾ ਸੀ। ਸ਼ਾਹਾਂ ਨੂੰ ਵੀ, ਛੋਟੇ ਜ਼ਿਮੀਂਦਾਰ ਕਰਜ਼ਾਈਆਂ ਨੂੰ ਥਾਂ ਸਿਰ ਰੱਖਣ ਲਈ, ਲੁਟੇਰਿਆਂ ਦੀ ਲੋੜ ਸੀ ਤੇ ਲੁਟੇਰਿਆਂ ਨੂੰ ਵੀ ਲੁਟਿਆ ਮਾਲ ਬੰਨੇ ਕਰਨ ਲਈ ਉਨ੍ਹਾਂ ਦੀ। ਉਂਜ ਵੀ ਨਫਾ ਖੂਬ ਹੁੰਦਾ ਸੀ। ਚੋਰਾਂ ਦੇ ਕਪੜੇ ਡਾਗਾਂ ਦੇ ਗਜ਼। ਜੱਥੇਦਾਰ ਨੇ ਦੇਖਿਆ ਸੀ ਕਿ ਉਹ ਆਦਮੀ ਸਭ ਕੁਝ ਧਰਮ ਦੇ ਨਾਂ ਹੇਠਾਂ ਕਰ ਰਿਹਾ ਸੀ — ਉਸ ਦੀਆਂ ਨੇਕੀਆਂ ਵੀ ਜਥੇਦਾਰ ਨੂੰ ਬਦੀਆਂ ਮਲੂਮ ਹੁੰਦੀਆਂ ਸਨ।

ਫੇਰ ਧਰਮ, ਮਾਰ-ਕੁੱਟ ਖਾਣ ਦੇ ਦੌਰ ਵਿਚੋਂ ਲੰਘਿਆ। ਜੱਥੇਦਾਰ ਨੇ ਇਕ ਮੋਰਚੇ ਵਿਚ ਮਾਰ ਖਾਧੀ ਤੇ ਜਥੇਦਾਰ ਬਣ ਕੇ ਧਰਮ ਵਿਚ ਹਿੱਸਾ ਲੈਣ ਲਗ ਪਿਆ, ਪਰ ਆਪਣੀ ਰੁਚੀ ਧਰਮ ਵਿਚ ਵੀ ਲੈ ਆਇਆ। 'ਉਹ ਆਦਮੀ' ਧਰਮ ਵਿਚ ਆ ਕੇ ਧਰਮ ਵਿਚੋਂ ਨਿਕਲ ਗਿਆ ਤੇ ਕੌਮੀ ਸਾਂਝੀ ਲਹਿਰ ਵਿਚ ਚਲਾ ਗਿਆ। ਧਰਮ ਦੇ ਆਦਰਸ਼ ਤਾਂ ਸੁਨਹਿਰੀ ਸਨ, ਪਰ ਉਸ 'ਤੇ ਚੱਲਿਆ ਘੱਟ ਜਾਂਦਾ ਸੀ। ਧਰਮ ਧਰਮਸਾਲਾ ਵਿਚ ਰਹਿ ਜਾਂਦਾ ਸੀ ਤੇ ਬਾਹਰ ਆ ਕੇ ਧਾਰਮਿਕ ਰਸੂਖ ਨੂੰ ਗਰੀਬ ਦੇ ਵਿਰੁਧ ਵਰਤਿਆ ਜਾਂਦਾ ਸੀ। ਉਸ ਆਦਮੀ ਦਾ ਵਿਚਾਰ ਸੀ ਕਿ ਅੰਗਰੇਜ਼ ਦੇ ਹੱਥੋਂ ਜਦ ਸਾਰੀ ਜਨਤਾ ਰਾਜ-ਸ਼ਕਤੀ ਖੋਹ ਲਵੇਗੀ ਤਾਂ ਗਰੀਬ ਦਾ ਛੁਟਕਾਰਾ ਹੋ ਜਾਵੇਗਾ ਤੇ ਸਾਰੇ ਹੀ ਆਦਮੀ ਬਣ ਜਾਣਗੇ। ਇਸ ਪਾਸੇ ਜਾਣ ਨਾਲ ਉਸ ਆਦਮੀ ਦਾ ਤੇਜ ਹੋਰ ਵਧਿਆ। ਉਸ ਕੈਦਾਂ ਕੱਟੀਆਂ, ਜੁਰਮਾਨੇ ਸਹਾਰੇ, ਪਰ ਗਰੀਬਾਂ ਦਾ ਸਾਥ ਉਸ ਕਦੇ ਨਾ ਛੱਡਿਆ। ਬਾਹਰੇ ਵਿਚ ਉਹ ਆਪਣੇ ਕੰਮਾਂ ਨਾਲ ਮਸ਼ਹੂਰ ਹੁੰਦਾ ਗਿਆ। ਬਹੁਤੇ ਛੋਟੇ ਜ਼ਿਮੀਂਦਾਰਾਂ ਨੇ ਵੀ ਉਸ ਨੂੰ ਆਪਣਾ ਸ਼ੁਭਇੱਛਕ ਮੰਨ ਲਿਆ। ਉਹ ਜਿਥੇ ਗਰੀਬਾਂ ਦੀ ਮਦਦ ਕਰਦਾ ਸੀ, ਉਥੇ ਧਰਤੀ ਦੇ ਪੁੱਤ ਥੋੜ੍ਹ-ਜ਼ਮੀਨਿਆਂ ਉਤੇ ਲੱਦੇ ਜਾਂਦੇ ਥਲੀ ਤੇ ਜਲੀ ਮੁਆਮਲੇ ਵਿਚ ਵਾਧਾ ਹੋਣ ਦਾ ਵੀ ਵਿਰੋਧੀ ਸੀ।

ਜੱਥੇਦਾਰ ਨੇ ਸੋਚਿਆ, ਧਰਮ ਵਿਚ ਹੁਣ ਸਾਂਝੀ ਕੌਮੀਅਤ ਨੂੰ ਦਾਖ਼ਲ ਕਰ ਕੇ ਇਸਨੂੰ ਮੈਦਾਨੋਂ ਕੱਢਣਾ ਚਾਹੀਦਾ ਹੈ। ਉਹ ਵੀ ਕੌਮੀ ਪਾਸੇ ਝੁਕਿਆ ਤੇ ਕੈਦਾਂ ਕੱਟੀਆਂ। ਕੌਮੀਆਂ ਦਾ ਜ਼ੋਰ ਪਿਆ ਤਾਂ ਨੀਲੇ ਤੋਂ ਖ਼ਾਕੀ ਰੰਗ ਬਣ ਗਿਆ ਤੇ ਮਗਰੋਂ ਚਿੱਟਾ ਵੀ।

'ਉਸ ਆਦਮੀ' ਨੂੰ ਕੌਮੀਅਤ ਵਿਚ ਵੀ ਹੱਲ ਨਾ ਲੱਭਾ। ਉਸ ਕੌਮ-ਪ੍ਰਸਤ ਮੋਸਿਲੀਨੀਆਂ, ਹਿਟਲਰਾਂ ਤੇ ਫ੍ਰਾਂਕੋਆਂ ਨੂੰ ਗਰੀਬ ਤੇ ਮਜ਼ਦੂਰ ਨੂੰ ਦਬਾਉਂਦਿਆਂ, ਬੇਹਾਲ ਤੇ ਬੇਹੋਸ਼ ਕਰਦਿਆਂ ਦੇਖਿਆ। ਉਸ ਨੂੰ ਕੌਮੀ ਲਹਿਰ ਵਿਚ ਵੀ ਲੋਟੂਆਂ ਦੇ ਆਸਾਰ ਆਉਂਦੇ ਦਿੱਸੇ।

ਉਹ ਹੋਰ ਅੱਗੇ ਸਖ਼ਤੀਆਂ ਸਹਿਣ ਵਾਲੀ ਜਮਾਤ ਦਾ ਹਾਮੀ ਹੋ ਗਿਆ। ਉਸ

ਦੇਖਿਆ : ਦਇਆ, ਦਾਨ, ਸੰਤੋਖ ਸਭ ਰਾਜਨੀਤੀ ਹੈ, ਗਰੀਬ ਨੂੰ ਗੁੰਮਰਾਹ ਕਰਨ ਲਈ। ਆਜ਼ਾਦੀ ਗਰੀਬ ਦਾ ਹੱਕ ਹੈ ਤੇ ਉਹ ਲੜੇ ਆਪਣੇ ਹੱਕ ਲਈ, ਜ਼ੁਲਮ ਸਹੇ ਤੇ ਲੋੜ ਪਵੇ ਤਾਂ ਮਰੇ ਵੀ। ਉਹ ਸੋਚਦਾ, ਦਾਨ ਕਰਨ ਲਈ ਧਨ ਕਿਥੋਂ ਆਉਂਦਾ ਹੈ ? ਕਾਨੂੰਨੀ ਲੁੱਟ-ਖਸੁੱਟ ਵਿਚੋਂ। ਤੇ ਫੇਰ ਉਹ ਦੇਖਦਾ, ਫੈਕਟਰੀਆਂ ਵਿਚ ਦਾਨ-ਪਾਤਰ ਮਜ਼ਦੂਰਾਂ ਦੀ ਹੀ ਮਜ਼ਦੂਰੀ ਤੋਂ ਭਰਦੇ ਹਨ ਤੇ ਸਿਲਾਂ 'ਤੇ ਨਾਂ ਸੇਠਾਂ ਦੇ ਲਿਖੇ ਜਾਂਦੇ ਹਨ। ਸੰਤੋਖ ! ਸੰਤੋਖ ਧਨੀ ਕਿਉਂ ਨਹੀਂ ਕਰਦਾ ? ਤਾਂ ਜੁ ਉਹ ਮਿਹਨਤੀ ਦੀ ਮਿਹਨਤ ਤੋਂ ਜੋਕ ਵਾਂਗ ਭਰਦਾ ਜਾਏ ਤੇ ਇਸ ਦੀ ਰੋਕਥਾਮ ਨੂੰ ਤਸ਼ੱਦਦ ਜਾਂ ਹਿੰਸਾ ਕਿਹਾ ਜਾਵੇ ? ਅਤੇ ਇੱਦਾਂ ਉਹ ਲੋਕ-ਦਰਦੀ ਬਣ ਗਿਆ। ਸਾਰੇ ਇਸ ਨੂੰ ਲੋਕ ਦਿਸਦੇ ਸਨ। ਜੱਥੇਦਾਰ ਹੁਣ ਓਥੇ ਨਹੀਂ ਸੀ ਪਹੁੰਚ ਸਕਦਾ। ਉਥੇ ਦੇਣਾ ਹੀ ਦੇਣਾ ਹੈ, ਕਰਨਾ ਹੀ ਕਰਨਾ ਹੈ, ਮਰਨਾ ਹੀ ਮਰਨਾ ਹੈ।

ਗੁਮਰਾਹ ਕੀਤੀ ਗਈ ਜਨਤਾ ਦੀ ਬਦਲੇ ਤੇ ਕਹਿਰ ਦੀ ਅੱਗ ਵਿਚੋਂ ਮੁਸਲਮਾਨਾਂ ਨੂੰ ਜਤਨਾ ਸਮਝ ਕੇ ਇਹੋ ਆਦਮੀ ਬਚਾ ਰਿਹਾ ਸੀ। ਪਿੰਡਾਂ ਦੇ ਪਿੰਡ ਇਸ ਵੱਲ ਸਨ। ਕੰਮੀ ਇਸ ਵੱਲ ਸਨ, ਗਾਹਕ ਇਸ ਵੱਲ ਸਨ, ਥੋੜ੍ਹ-ਜ਼ਮੀਨੀਏ ਇਸ ਵੱਲ ਸਨ ਜੋ ਕਹਿੰਦੇ ਸਨ, "ਭਲੇ ਆਦਮੀ, ਤੂੰ ਕਾਨੂੰਨ-ਸਭਾ ਵਿਚ ਸਾਡੇ ਵਲੋਂ ਜਾਵੀਂ। ਸਾਡੀਆਂ ਲੜਾਈਆਂ ਲੜੀਂ।" ਉਹ ਕੰਮ ਵਿਚ ਵਿਸ਼ਵਾਸ ਰਖਦਾ ਸੀ। ਕੰਮ ਉਸ ਨੂੰ ਅੱਗੇ ਲਿਆ ਰਿਹਾ ਸੀ। ਜੱਥੇਦਾਰ ਨੂੰ ਇਹ ਵੀ ਗਿਆਨ ਸੀ ਤੇ ਉਹ ਪਿੰਡ ਦੇ ਸੇਠਾਂ ਤੋਂ ਉਪਰ ਜਾ ਕੇ ਦੇਸ਼ ਦੇ ਧਨੀਆਂ ਨਾਲ ਰਲ ਰਿਹਾ ਸੀ- ਬਿਨਾਂ ਸ਼ਰਤ।

ਅਤੇ ਇੱਦਾਂ ਅੰਦਰ ਗਿਆ ਜੱਥੇਦਾਰ ਬਾਹਰ ਆ ਗਿਆ, ਜਦੋਂ ਜੀਪ ਸ਼ਹਿਰ ਜਾਂਦੀ ਪੱਕੀ ਤੇ ਸਾਫ਼ ਸੜਕ 'ਤੇ ਚੜ੍ਹੀ। ਸੜਕਾਂ ਉਤੇ ਸੜ ਰਹੀਆਂ ਲਾਸ਼ਾਂ ਨੂੰ ਬਚਾਉਣਾ ਮੁਸ਼ਕਲ ਸੀ। ਕੱਲ੍ਹ ਹੀ ਨਿਕਲ ਕੇ ਜਾ ਰਹੇ ਮੁਸਲਮਾਨਾਂ ਦੇ ਇਕ ਗੋਹ 'ਤੇ ਹਮਲਾ ਹੋਇਆ ਸੀ। ਮਰਦ, ਤੀਵੀਆਂ, ਬਾਲ, ਲੰਗਾਰੇ ਤੇ ਵੱਢੇ-ਟੁਕੇ ਪਏ ਸਨ।

ਪਰੇ ਦੂਰ ਇਕ ਸਾਈਕਲ-ਸਵਾਰ ਮੂੰਹ ਵਲ੍ਹੇਟੀ ਲਾਸ਼ਾਂ ਤੋਂ ਬਚਦਾ ਬਚਾਉਂਦਾ ਏਸੇ ਪਾਸੇ ਆਉਂਦਾ ਮਲੂਮ ਹੁੰਦਾ ਸੀ। ਹੋਰ ਸੜਕ 'ਤੇ ਸੁੰਨਸਾਨ ਸੀ। ਕਿਸੇ ਨੇ ਉਸ ਆਦਮੀ ਨੂੰ ਪੜਤਾਲਣ ਦੀ ਕੋਸ਼ਿਸ਼ ਨਾ ਕੀਤੀ। ਜੱਥੇਦਾਰ ਨੇ ਵੀ ਲਾਗੇ ਆ ਕੇ ਉਸ ਵੱਲ ਗਹੁ ਨਾਲ ਦੇਖਿਆ। ਜੀਪ ਤੇਜ਼ੀ ਨਾਲ ਲਾਗੋਂ ਦੀ ਲੰਘ ਗਈ। "ਇਹ ਉਹੋ ਆਦਮੀ ਸੀ", ਨਿਸਚਾ ਕਰ ਕੇ ਜਥੇਦਾਰ ਨੇ ਆਪਣੇ ਸਾਥੀਆਂ ਨੂੰ ਕਿਹਾ। ਪਰ ਜੀਪ ਦੌੜੀ ਗਈ। ਦੂਰ ਪਰੇ, ਜਿਵੇਂ ਕਿਸੇ ਸਿਨਮਾ ਦੇ ਪਰਦੇ 'ਤੇ ਲੋਕਾਂ ਦੀ ਲਹਿਰ ਉਸ ਵੱਲ ਵਧਦੀ ਜਾਪੀ। ਉਹ ਉਸ ਆਦਮੀ ਦੇ ਸਾਥੀ ਸਨ। ਉਹ ਵਧਦੇ ਆਏ, ਵਧਦੇ ਆਏ। ਉਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਮਲੂਮ ਹੋਈ। ਉਹ ਵੱਡੇ ਵੱਡੇ ਹੁੰਦੇ ਜਾਂਦੇ ਜਾਪੇ।

"ਜੀਪ ਖੜੀ ਕਰੋ", ਜਥੇਦਾਰ ਨੇ ਹਾਕਮਾਨਾਂ ਲਹਿਜੇ ਵਿਚ ਕਿਹਾ। ਜੀਪ ਹਲਕੀ ਹੋ ਕੇ ਰੁਕ ਗਈ।

"ਫੇਰ ਪਿੱਛੇ", ਉਸ ਹੁਕਮ ਦਿਤਾ। ਜੀਪ ਮੁੜ ਕੇ ਫੇਰ ਉਹੋ ਰਾਹ ਪਿੱਛੇ ਸੁੱਟਣ ਲੱਗੀ।

ਹੁਣ ਉਸ ਨੇ ਆਪਣੇ ਆਪ ਨੂੰ ਵਧਦਾ ਜਾਂਦਾ ਪ੍ਰਤੀਤਿਆ। ਉਹ ਮਸਤ ਹਾਥੀ ਬਣ ਗਿਆ ਸੀ। ਦੂਰ ਪਰੇ ਮਾੜੂਏ ਮਰੀਅਲ ਜਹੇ ਲੋਕ ਸਨ। ਹਾਥੀ ਹੁਣੇ ਹੁਣੇ ਉਨ੍ਹਾਂ ਨੂੰ ਕੁਚਲ ਦਏਗਾ, ਵਿੰਨ੍ਹ ਸੁੱਟੇਗਾ, ਚੀਰ ਦਏਗਾ, ਉਛਾਲ ਦਏਗਾ ਤੇ ਉਨ੍ਹਾਂ ਵਿਚੋਂ ਵੱਡੇ ਤੋਂ ਵੱਡੇ ਟਾਹਣ ਨੂੰ ਉਖਾੜ ਕੇ ਲਿਤਾੜ ਦਏਗਾ।

"ਮਾਰੀਂ ਪਿੱਠ ਵਲੋਂ ਵਿਚ !"

ਉਹ ਆਦਮੀ ਬੇਖ਼ਬਰ ਪੈਰ ਮਾਰੀ ਸਾਈਕਲ ਨੂੰ ਤੇਜ਼ ਕਰਦਾ ਜਾ ਰਿਹਾ ਸੀ। ਡਰਾਈਵਰ ਦਾ ਸਟੀਅਰਿੰਗ ਥਿੜਕਿਆ ਤੇ ਸਿੱਧੀ ਕਰਦਿਆਂ ਕਰਦਿਆਂ ਜੀਪ ਅੱਗੇ ਨਿਕਲ ਗਈ।

"ਹੋਸ਼ ਨਾਲ ਤੋਰੀ ਚੱਲ", ਜਥੇਦਾਰ ਦੀਆਂ ਅੱਖਾਂ ਵਿਚ ਹਰ ਇਕ ਲਈ ਬੇ-ਰਹਿਮੀ ਦੀ ਲਾਲੀ ਸੀ।

"ਹੁਣ ਮੋੜ" ਦੋ ਮਿੰਟ ਮਗਰੋਂ ਜੱਥੇਦਾਰ ਨੇ ਕਿਹਾ, "ਹੁਣ ਨਾ ਥਿੜਕੀਂ।"

ਸਾਈਕਲ ਵਾਲੇ ਨੂੰ ਫੇਰ ਵੀ ਕੋਈ ਖ਼ਬਰ ਨਹੀਂ ਸੀ।

ਜੀਪ ਤੇਜ਼ ਹੋਈ ਤੇ ਹੋਰ ਤੇਜ਼। ਇਕ-ਦਮ ਲਾਗੋਂ ਲਿਆ ਕੇ ਸਿੱਧੀ ਵਿਚ 'ਘੱੜਚ ਘੱੜਚ, ਕੜਿੱਕ ਕੜਿੱਕ'।

ਡਰਾਈਵਰ ਤੇ ਜਥੇਦਾਰ ਤੋਂ ਸਿਵਾ ਸਭ ਨੇ ਸ਼ਾਇਦ ਅੱਖਾਂ ਮੀਟ ਲਈਆਂ ਸਨ। ਜੀਪ ਖੜੀ ਹੋਈ। ਫ਼ਰਲਾਂਗ ਪਿੱਛੇ ਸਾਈਕਲ ਮਰੁੰਡਿਆਂ ਪਿਆ ਸੀ। ਲਾਸ਼ ਦੇ ਅੰਗ ਹਾਲੀਂ ਵੀ ਕੁਝ ਹਿੱਲ ਰਹੇ ਸਨ। ਕੋਲ ਜਾਂਦਿਆਂ ਅੰਗ ਠੰਡੇ ਹੋ ਗਏ। ਠੀਕ ਉਹੋ ਈ ਸੀ।

"ਲੱਦੋ ਇਸ ਨੂੰ ਤੇ ਇਸ ਦੇ ਸਾਈਕਲ ਨੂੰ।"

"ਪਰ ਜੀਪ ਖ਼ਰਾਬ ਹੋ ਜਾਏਗੀ।"

"ਜੋ ਮੈਂ ਕਹਿਨਾਂ, ਕਰ", ਭਿਆਨਕ ਆਵਾਜ਼ ਆਈ।

ਲਾਸ਼ ਤੇ ਸਾਈਕਲ ਲੱਦ ਲਿਆ ਗਿਆ।

"ਉਸ ਪਿੰਡ ਜੋ ਪਰਸੋਂ ਮਾਰਿਆ।"

ਅੱਧੇ ਘੰਟੇ ਵਿਚ ਜੀਪ ਉਥੇ ਪਹੁੰਚੀ।

"ਫ਼ਾਇਰ ਕਰੋ, ਪਿੰਡ 'ਤੇ।"

ਇਕ ਕੋਠੀ ਵਿਚ ਸ਼ਤੀਰ ਇਕੱਠੇ ਕਰ ਕੇ ਚਿਤਾ ਬਣਾਈ ਗਈ ਤੇ ਚਿਤਾ ਨੂੰ ਅੱਗ ਲਾ ਦਿਤੀ ਗਈ। "ਸਾਈਕਲ ਫੇਰ ਬਿਲੇ ਲਾਵਾਂਗੇ।"

ਅੱਗ ਮੱਚ ਕੇ ਲਾਗਲੇ ਘਰਾਂ ਨੂੰ ਵੀ ਲੱਗ ਗਈ। ਜੀਪ ਸੜਕ ਤੇ ਚੜ੍ਹੀ।

ਅਚਾਨਕ ਜਥੇਦਾਰ ਨੇ ਕਿਹਾ, "ਧੋਣਾ ਪਏਗਾ ਇਸ ਖ਼ੂਨ ਨੂੰ, ਇਸ ਆਦਮੀ ਦੇ ਖ਼ੂਨ ਨੂੰ। ਇਹ ਆਮ ਖ਼ੂਨ ਨਹੀਂ। ਇਹ ਆਪਣੀ ਖ਼ੁਸ਼ਬੋ ਤੋਂ ਪਛਾਣਿਆ ਜਾਂਦਾ ਹੈ।"

ਉਸ ਨੂੰ ਇਸ ਖ਼ੂਨ ਦੇ ਕਤਰੇ ਵਿਚੋਂ ਆਦਮੀ ਬਣ ਬਣ ਕੇ ਉਸ ਵਲ ਵਧਦੇ ਆਉਂਦੇ ਜਾਪਦੇ ਸਨ।

"ਹਾਂ ਧੋਣਾ ਪਏਗਾ !"

ਡਰਾਈਵਰ ਨੇ ਚਾਲ ਧੀਮੀ ਕਰ ਕੇ ਉਸ ਦੇ ਮੂੰਹ ਵਲ ਦੇਖਿਆ। ਜੱਥੇਦਾਰ ਨੇ ਸਿਰ ਛੰਡਿਆ ਤੇ ਅੱਖਾਂ ਕਈ ਵਾਰੀ ਖੋਲ੍ਹੀਆਂ-ਮੀਟੀਆਂ। ਉਸ ਮਾਨੋ ਆਪਣੇ ਦਿਲ ਨੂੰ ਝੰਜੋੜਿਆ ਤੇ ਦਿਮਾਗ਼ ਦੀਆਂ ਕੰਨ ਫੜਾ ਕੇ ਬੈਠਕਾਂ ਕੱਢਵਾਈਆਂ।

"ਕੋਈ ਨਹੀਂ, ਸਭ ਠੀਕ ਹੈ, ਚਲੋ ਛੇਤੀ।"

ਤੇ ਜੀਪ ਫੇਰ ਸੜਕ 'ਤੇ ਤੇਜ਼ੀ ਨਾਲ ਦੌੜਨ ਲੱਗੀ।

ਕਿਸ ਦਾ ਕਸੂਰ ?

1

ਚੱਕ ਦੇ ਚੌਕ ਵਿਚ ਪਾਲੇ ਸ਼ਾਹ ਦਾ ਦੋ-ਮੰਜ਼ਲਾ ਕੱਚਾ ਮਕਾਨ ਸੀ। ਪਿੰਡ ਵਿਚ ਕੁਝ ਇਕ ਘਰਾਂ ਨੇ ਪੱਕੀਆਂ ਬੈਠਕਾਂ ਵੀ ਪਾਈਆਂ ਸਨ, ਪਰ ਫੇਰ ਵੀ ਸ਼ਾਹ ਦਾ ਕੱਚਾ ਘਰ ਸਭ ਤੋਂ ਉੱਚਾ ਸੀ। ਏਸੇ ਦੇ ਹੇਠਾਂ ਬਾਜ਼ਾਰ ਵਿਚ ਸ਼ਾਹ ਦੀ ਦੁਕਾਨ ਸੀ, ਜਿਸ ਵਿਚ ਉਸ ਨੇ ਹਟਵਾਣੀਏ, ਪੰਸਾਰੀ, ਮੁਨਿਆਰੀ ਤੇ ਬਜ਼ਾਜੀ ਦਾ ਸਾਮਾਨ ਰਖਿਆ ਹੋਇਆ ਸੀ, ਕਾਫ਼ੀ ਬੇਤਰਤੀਬਾ। ਦੁਕਾਨ ਦੇ ਲਾਗਿਓਂ ਬੂਹਾ ਅੰਦਰਲੇ ਵਿਹੜੇ ਨੂੰ ਜਾਂਦਾ ਸੀ ਤੇ ਕੱਚੇ ਮਾਲ ਦੇ ਗੁੰਦਾਮਾਂ ਦਾ ਕੰਮ ਦੇਣ ਵਾਲੇ ਕੋਠੇ ਏਸੇ ਅੰਦਰ ਸਨ। ਘੋੜੀ ਤੇ ਮੱਝਾਂ ਹਾਲੀਂ ਖੁੱਲ੍ਹੇ ਇਹਾਤੇ ਵਰਗੇ ਵਿਹੜੇ ਵਿਚ ਬੱਝਦੀਆਂ ਸਨ।

ਚੁਬਾਰੇ ਵਿਚ ਬੈਠਿਆਂ ਪਾਲੇ ਸ਼ਾਹ ਨੇ ਬੜ੍ਹਕਾਂ ਵੱਜਦੀਆਂ ਸੁਣੀਆਂ। ਕਿਸ਼ਨ ਸਿੰਘ ਚੌਕ ਵਿਚ ਖਲੋ ਕੇ ਬੱਕਰਾ ਬੁਲਾ ਰਿਹਾ ਸੀ ਤੇ ਥਾਣੇਦਾਰਾਂ ਦੇ ਖ਼ਾਨਦਾਨ ਨੂੰ ਗਾਲ੍ਹ ਕੱਢ ਰਿਹਾ ਸੀ। ਨਾਲ ਉਸ ਦੀ ਟੋਲੀ ਦੇ ਵੈਲੀ ਯਾਰ ਸਨ। ਥਾਣੇਦਾਰਾਂ ਦਾ ਉਸ ਵੇਲੇ ਕੋਈ ਬੰਦਾ ਘਰ ਨਹੀਂ ਸੀ, ਸੋ ਕੋਈ ਨਾ ਕੁਸਕਿਆ। ਕਿਸ਼ਨ ਸਿੰਘ ਦੀ ਉੱਪਰ ਉੱਠੀ ਨਜ਼ਰ ਵਿਚ ਖ਼ਬਰੇ ਸ਼ਾਹ ਦਾ ਉੱਚਾ ਚੁਬਾਰਾ ਰੜਕਿਆ ਤੇ ਉਸ ਸ਼ਾਹ ਦੇ ਬੂਹੇ ਅੱਗੇ ਜਾ ਕੇ ਦੋ ਬੜ੍ਹਕਾਂ ਮਾਰ ਦਿਤੀਆਂ ਤੇ ਮਗਰੋਂ ਧੀਆਂ ਭੈਣਾਂ ਦੀਆਂ ਗਾਲ੍ਹਾਂ ਦੀ ਵਾਛੜ ਸ਼ੁਰੂ ਕਰ ਦਿੱਤੀ।

ਸ਼ਾਹ ਦੇ ਘਰੋਂ ਕੇਸਰੀ ਨੇ ਕਿਹਾ, "ਕੀ ਐਥੇ ਗਾਲ੍ਹਾਂ ਲੈਣ ਨੂੰ ਬੈਠੇ ਓ ? ਸ਼ਹਿਰ ਹੱਟੀ ਹੈਗੀ ਈ ਐ। ਇਕ ਹੋਰ ਕੱਢ ਲਵੋ।"

"ਗਾਲ੍ਹਾਂ ਨਾਲ ਕੰਨ ਕਾਲੇ ਹੋ ਗਏ ਸਾਡੇ ? ਅੱਗੇ ਨਹੀਂ ਗਾਲ੍ਹਾਂ ਕੱਢੀਆਂ ਕਦੇ ? ਗਾਲ੍ਹਾਂ ਕੱਢ ਕੇ ਕੁਝ ਹੱਥੋਂ ਦੇ ਈ ਜਾਂਦੇ ਨੇ, ਕੁਝ ਲੈ ਤੇ ਨਹੀਂ ਜਾਂਦੇ। ਬਾਕੀ, ਗਾਲ੍ਹਾਂ ਦਾ ਵੀ ਅਸੀਂ ਮੁੱਲ ਪੁਵਾ ਦਿੰਨੇ ਆਂ, ਜਦੋਂ ਸਾਡਾ ਦਾਅ ਲੱਗੇ।"

"ਛੱਡੋ ਪਰ੍ਹੇ। ਤੁਹਾਡੀਆਂ ਏਹੋ ਗੱਲਾਂ ਰਹੀਆਂ', ਸ਼ਾਹਣੀ ਨੇ ਆਖਿਆ।

ਗਾਲ੍ਹਾਂ ਨਵੇਂ ਸਿਰਿਓਂ ਸ਼ੁਰੂ ਹੋ ਗਈਆਂ ਸਨ।

"ਏਹੋ ਗਾਲ੍ਹਾਂ ਚੰਗੀਆਂ ਨੇ। ਸ਼ਹਿਰ ਦੀ ਹੱਟੀ ਪਿੰਡ ਦੀ ਹੱਟੀ ਦਾ ਚੌਥਾ ਹਿੱਸਾ ਵੀ ਨਫ਼ਾ ਨਹੀਂ ਦਿਖਾਉਂਦੀ।"

"ਕਮਾਈ ਜਾਓ ਖੱਟੀਆਂ ਤੇ ਪੁਣਵਾਈ ਜਾਓ ਧੀਆਂ।"

ਸ਼ਾਹ ਚਾਦਰ ਕੱਸ ਕੇ ਥੱਲੇ ਉਤਰਿਆ। ਸ਼ਾਹਣੀ ਨੇ ਰੋਕਿਆ। ਪਰ ਸ਼ਾਹ ਨੂੰ ਆਪਣੇ ਆਪ 'ਤੇ ਭਰੋਸਾ ਸੀ।

ਬੂਹਾ ਖੋਲ੍ਹ ਕੇ ਉਸ ਕਿਹਾ, "ਬੱਲੇ, ਬੱਲੇ, ਕਿਸ਼ਨ ਸਿਹਾਂ। ਤੇਰੇ ਵਰਗਾ ਰੂਹ ਆਲਾ ਜੰਮਣਾ ਨਹੀਂ ਕਦੇ ਕੋਈ। ਥਾਣੇਦਾਰਾਂ 'ਚੋਂ ਕੁਸਕਿਆ ਨਹੀਂ ਕੋਈ ਤੇਰੇ ਸਾਹਮਣੇ।"

ਕਿਸ਼ਨ ਸਿੰਘ ਤੇ ਉਸ ਦੇ ਸਾਥੀਆਂ ਨੇ ਥਾਣੇਦਾਰ ਕਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

"ਕਿਸ਼ਨ ਸਿਹਾਂ, ਚਾਹੀਦਾ ਮਖ਼ ਕੁਸ਼ ?" ਸ਼ਾਹ ਨੇ ਕਿਹਾ ਤੇ ਇਸ ਤੋਂ ਪਹਿਲੋਂ ਉਹ ਕੁਝ ਕਹੇ, ਆਪਣੀ ਫਤੂਹੀ ਦੇ ਅੰਦਰਲੀ ਜੇਬ ਵਿਚੋਂ ਟਟੋਲ ਕੇ ਪੰਜਾਂ ਦਾ ਨੋਟ ਕੱਢਿਆ, ਤੇ ਕਿਹਾ, "ਆਹ ਲੈ ਇਕ ਬੋਤਲ ਹੋਰ ਲੈ ਲਓ।"

ਕਿਸ਼ਨ ਸਿੰਘ ਕਹਿਣ ਲੱਗਾ, "ਤੇ ਸ਼ਾਹ, ਐਧੇ ਨਾਲ ਕੀ ਬਣਨਾ।"

"ਪੰਜਾਂ ਦਾ ਨੋਟ ਐ, ਬੱਚੂ।"

"ਦੋ ਬਣ ਗਈਆਂ", ਵਿਰਕਾਂ ਦੇ ਸਵਰਨੇ ਨੇ ਕਿਹਾ।

ਕਿਸ਼ਨ ਸਿੰਘ ਨੇ ਤਰਲਾ ਮਾਰਿਆ, "ਸ਼ਾਹ, ਹੋਰ ਕੁਝ ਖਾਣ ਪੀਣ ਨੂੰ ?"

ਸ਼ਾਹ ਨੇ ਦੋ ਰੁਪਈਏ ਹੋਰ ਦਿੱਤੇ ਤੇ 'ਲਲਾ-ਲਲਾ' ਕਰਦੇ ਬੁੜ੍ਹਕਾਂ ਮਾਰਦੇ, ਬੱਕਰੇ ਬੁਲਾਉਂਦੇ, ਥਾਣੇਦਾਰ ਕਿਆਂ ਦੇ ਬੂਹੇ ਅੱਗੇ ਕੁਝ ਚਿਰ ਖੜੋ ਕੇ ਗਾਲ੍ਹਾਂ ਕੱਢ ਕਢਾ ਕੇ ਉਹ ਨਵੇਂ ਖੁੱਲ੍ਹੇ ਠੇਕੇ ਅੱਗੇ ਜਾ ਖਲੋਤਾ।

2

ਚੱਕ ਵਿਚ ਅੱਜ ਬਹਾਦਰ ਮਹਿਰੇ ਨੇ ਦੋ ਬੱਕਰੇ ਬਣਾਏ ਸਨ। ਰੀਸੋ-ਰੀਸੀ ਬਥੇਰਿਆਂ ਘਰਾਂ ਅੱਜ ਮਾਸ ਚਾੜ੍ਹਿਆ ਸੀ। ਕਿਸ਼ਨ ਸਿੰਘ ਦੇ ਸਭ ਤੋਂ ਵੱਡੇ ਭਰਾ ਸ਼ੇਰ ਸਿੰਘ ਨੇ ਵੀ ਅੱਜ ਮਾਸ ਚਾੜ੍ਹਿਆ ਸੀ।

ਕਿਸ਼ਨ ਸਿੰਘ ਪਹਿਲੋਂ ਪਿੰਡ ਵਾਲੇ ਇਹਾਤੇ ਵਿਚ ਰਹਿੰਦਾ ਸੀ। ਇਹਾਤਾ ਬੜਾ ਹੀ ਖੁੱਲ੍ਹਾ ਸੀ ਤੇ ਪੰਜਾਂ ਟੱਬਰਾਂ ਦੇ ਰਹਿਣ ਜੋਗੇ ਕੋਠੇ ਤੇ ਦੋ ਪਸ਼ੂਆਂ ਵਾਲੇ ਅੰਦਰ ਸਨ। ਚੰਗਾ ਖੁੱਲ੍ਹਾ ਵਸੇਬਾ ਸੀ। ਪਰ ਹੁਣ ਜਦੋਂ ਦੀ ਉਸ ਭਾਈਆਣੀ ਅਤਰ ਕੌਰ ਨੂੰ ਦਿਨ ਦੀਵੇਂ ਕੱਢ ਲਿਆਂਦਾ ਸੀ ਤਾਂ ਉਹ ਆਪਣੇ ਵੱਡੇ ਭਰਾ ਮਿਹਰ ਸਿੰਘ ਤੇ ਛੋਟੇ ਭਰਾ ਬਿਸ਼ਨ ਸਿੰਘ ਨਾਲ ਮੁਰੱਬਿਆਂ ਵਾਲਿਆਂ ਕੋਠਿਆਂ ਵਿਚ ਰਹਿੰਦਾ ਸੀ। ਸ਼ੇਰ ਸਿੰਘ ਏਸ ਕੰਮ ਦਾ ਵਿਰੋਧੀ ਸੀ ਤੇ ਮਿਹਰ ਸਿੰਘ ਤੇ ਬਿਸ਼ਨ ਸਿੰਘ ਨੇ ਉਸ ਦੀ ਹਮਾਇਤ ਕੀਤੀ ਸੀ।

ਕਿਸ਼ਨ ਸਿੰਘ ਨੇ ਆਪਣੀ ਵਹੁਟੀ ਨੂੰ ਮਾਰ ਮਾਰ ਕੇ ਪੇਕੇ ਕੱਢ ਦਿੱਤਾ ਸੀ ਤੇ ਉਹ ਆਪਣੇ ਕੁੱਛੜਲੇ ਨੂੰ ਨਾਲ ਲੈ ਕੇ ਸਦਾ ਲਈ ਤੁਰ ਗਈ ਸੀ। ਕਿਸ਼ਨ ਸਿੰਘ ਦੀ ਵਹੁਟੀ, ਕਿਰਪੋ ਵਾਹਵਾ ਸੁਣੱਖੀ ਸੀ, ਪਰ ਭਾਈਆਣੀ ਵਾਂਗੂੰ ਉਸ ਨੂੰ ਪਾਉਣਾ ਤੇ ਮਟਕਾਉਣਾ ਨਹੀਂ ਸੀ ਆਉਂਦਾ। ਕਿਰਪੋ ਨੇ ਵੱਡੀ ਧੀ ਨੂੰ ਵਿਆਹ ਛੱਡਿਆ ਸੀ ਤੇ ਉਹ ਮੁਕਲਾਵੇ ਜਾ ਕੇ ਵੀ ਪੰਜ ਸੱਤ ਦਿਨ ਸਹੁਰੇ ਰਹਿ ਆਈ ਹੋਈ ਸੀ। ਕਿਰਪੋ ਦੇ ਜਾਣ ਮਗਰੋਂ ਛੇ ਮਹੀਨੇ ਲੰਘ ਗਏ ਸਨ, ਪਰ ਪਿਉ ਨੂੰ ਗੁਰਨਾਮੋ ਨੂੰ ਸਹੁਰੇ ਭੇਜਣ ਦਾ ਆਪਣੇ ਨਵੇਂ ਇਸ਼ਕ ਵਿਚੋਂ ਵਿਹਲ ਹੀ ਨਹੀਂ ਸੀ। ਸ਼ੇਰ ਸਿੰਘ ਨੇ ਆਪਣੇ

ਵਲੋਂ ਅਕਲ ਕੀਤੀ ਸੀ ਤੇ ਛੋਟੇ ਭਰਾ ਦੀਆਂ ਦੋਹਾਂ ਧੀਆਂ ਨੂੰ ਪਿੰਡ ਵਾਲੇ ਇਹਾਤੇ ਵਿਚ ਹੀ ਰੱਖ ਲਿਆ ਸੀ। ਗੁਰਨਾਮੋਂ ਤੋਂ ਛੋਟੀ ਬਖਸ਼ੀਸ਼ੋ ਵੀ ਭਰ ਮੁਟਿਆਰ ਸੀ। ਬਖਸ਼ੀਸ਼ੋ ਦੀ ਚੜ੍ਹਦੀ ਜਵਾਨੀ ਪਿੰਡ ਦੇ ਜਵਾਨਾਂ ਦੀਆਂ ਨੀਵੀਆਂ ਅੱਖਾਂ ਵਿਚੋਂ ਪ੍ਰਸੰਸਾ ਲਏ ਬਿਨਾਂ ਨਹੀਂ ਸੀ ਰਹਿੰਦੀ। ਸਾਰਿਆਂ ਨੂੰ ਉਸ ਦੇ ਬਾਪੂ ਤੇ ਚਾਚਿਆਂ-ਤਾਇਆਂ ਦਾ ਡਰ ਸੀ। ਜੇ ਉਹ ਕਿਸੇ ਕੰਮੀ-ਕਮੀਣ ਦੀ ਧੀ ਹੁੰਦੀ ਤਾਂ ਕਈ ਆਸ਼ਕ ਜੰਮਦੇ ਤੇ ਕਈ ਕਿੱਸੇ ਜੋੜੇ ਜਾਂਦੇ, ਬੋਲੀਆਂ ਬਣਦੀਆਂ।

ਸ਼ੇਰ ਸਿੰਘ ਨੂੰ ਇਕ ਵਾਰੀ ਸੱਪ ਲੜ ਗਿਆ ਸੀ। ਬਚ ਤਾਂ ਭਾਵੇਂ ਗਿਆ, ਪਰ ਉਸ ਦੀਆਂ ਅੱਖਾਂ ਕੁਝ ਖ਼ਰਾਬ ਹੋ ਗਈਆਂ ਸਨ। ਉਸ ਦੀ ਘਰ ਵਾਲੀ, ਗੁਲਾਬੀ ਦੀ ਨਜ਼ਰ ਵੀ ਮਾੜੀ ਸੀ। ਇਨ੍ਹਾਂ ਦਾ ਵੱਡਾ ਮੁੰਡਾ ਲਾਇਲਪੁਰ ਗਵਰਨਮਿੰਟ ਕਾਲਜ ਵਿਚ ਚੌਧਵੀਂ ਵਿਚ ਪੜ੍ਹਦਾ ਸੀ। ਵੱਡੀਆਂ ਕੁੜੀਆਂ ਵਿਆਹ ਦਿੱਤੀਆਂ ਸਨ ਤੇ ਉਹ ਇਕ ਤਰ੍ਹਾਂ ਦਾ ਸੁਰਖ਼ਰੂ ਹੋ ਗਿਆ ਜਾਪਦਾ ਸੀ। ਗੁਰਨਾਮੋ ਤੇ ਸ਼ੀਸ਼ੋ ਦੀ ਤਾਈ ਨਾਲ ਨਹੀਂ ਸੀ ਬਣਦੀ, ਭਾਵੇਂ ਤਾਇਆ ਉਨ੍ਹਾਂ ਨਾਲ ਬੜਾ ਹੀ ਪਿਆਰ ਕਰਦਾ ਸੀ। ਉਹ ਆਪਣੇ ਕੋਠੇ ਵਿਚ ਵੱਖ ਹੀ ਰਹਿੰਦੀਆਂ ਸਨ।

ਅੱਜ ਸ਼ਰਾਬੀ ਹੋਇਆ ਕਿਸ਼ਨ ਸਿੰਘ ਪਿੰਡ ਵਾਲੇ ਇਹਾਤੇ ਹੀ ਆਣ ਵੜਿਆ। ਸ਼ਰਾਬ ਦਾ ਤਾਂ ਉਹ ਐਡਾ ਪਿਆਕ ਸੀ ਕਿ ਬੋਤਲ ਬੋਤਲ ਰੂੜੀ ਬਰਾਂਡ ਪੀ ਕੇ ਵੀ ਉਸ ਦਾ ਪੈਰ ਨਹੀਂ ਸੀ ਥਿੜਕਦਾ। ਪਰ ਅੱਜ ਕੁਝ ਬੋਲੀਆਂ ਨੇ ਉਸ ਨੂੰ ਬਹੁਤੀ ਹੀ ਪਿਆ ਦਿਤੀ ਸੀ। ਉਹ ਝੂਮਦਾ-ਝੂਮਦਾ ਅੰਦਰ ਵੜਿਆ, "ਓਏ ਭਾਊ ਸ਼ੇਰ ਸਿਆਂ, ਕੱਢ ਮਾਸ ਮੂਸ ਜਿਹੜਾ ਹੈਗਾ ਈ", ਉਸ ਗੱਜ ਕੇ ਆਖਿਆ ਤੇ ਡੱਬ ਵਿਚੋਂ ਅਧੀਆ ਕੱਢ ਕੇ ਇਹਾਤੇ ਦੇ ਵਿਚਕਾਰ ਰੱਖ ਕੇ ਪੈਰਾਂ ਭਾਰ ਬੈਠ ਗਿਆ।

"ਨੱਸ ਜਾ ਉਏ ਮੁਰੱਬਿਆਂ ਨੂੰ। ਐਵੇਂ ਕੁਪੱਤ ਨਾ ਖਲਾਰਦਾ ਫਿਰ। ਛੋਟਿਆਂ ਤੈਨੂੰ ਵਿਗਾੜ ਦਿੱਤਾ। ਤੈਨੂੰ ਕਹੀ ਮਰਨ ਮਿੱਟੀ ਚੜ੍ਹੀ ਹੋਈ ਐ।"

"ਤੂੰ ਮੇਰੇ ਹੱਥੋਂ ਮਰਨਾ, ਭਾਊ..." ਉਸ ਨੇ ਮਾਂ ਦੀ ਗਾਲ੍ਹ ਨਾਲ ਵਾਕ ਪੂਰਾ ਕਰਦਿਆਂ ਕਿਹਾ।

ਸ਼ੇਰ ਸਿੰਘ ਮੂੰਹ ਵਲ੍ਹੇਟ ਕੇ ਅੰਦਰ ਵੜ ਗਿਆ ਤੇ ਕਿਸ਼ਨ ਸਿੰਘ ਨੇ ਆਪ ਰਸੋਈ ਵਿਚ ਵੜ ਕੇ ਮਾਸ ਦਾ ਪਤੀਲਾ ਚੁੱਕ ਲਿਆਂਦਾ ਤੇ ਪੱਗ ਦਾ ਬਿੰਨੂੰ ਬਣਾ ਕੇ ਜ਼ਮੀਨ 'ਤੇ ਧਰ ਦਿੱਤਾ। ਬੋਤਲ ਦੀ ਮੁਹਰ ਲਾਹ ਕੇ ਉਸ ਪੰਜ ਸੱਤ ਵਾਰੀ ਬਿੰਨੂੰ 'ਤੇ ਮਾਰੀ। ਆਖ਼ਰ ਸੱਟ ਨਾਲ ਡੱਟ ਫੱਕ ਕਰ ਕੇ ਬਾਹਰ ਉੱਡ ਗਿਆ। ਕੁੜੀਆਂ ਆਪਣੀ ਕੋਠੜੀ ਦੇ ਬੂਹੇ ਉਹਲਿਓਂ ਆਪਣੇ ਪਿਉ ਦੀ ਕਰਤੂਤ ਦੇਖਦੀਆਂ ਰਹੀਆਂ।

"ਓਏ ਸ਼ੇਰ ਸਿਆਂ, ਆ ਜਾ ਓਏ ਜੇ ਕੁਝ ਖਾਣਾ ਖੱਟਣਾ ਈਂ ਤੇ ਲਿਆ ਓਏ, ਕੰ...ਰਾ, ਗਲਾਸ। ਲੈ ਇਕ ਅੱਧ ਹਾੜਾ।"

"ਜਾ ਵੇ ਖਸਮਾਂ ਨੂੰ ਖਾਣਿਆ। ਤੈਨੂੰ ਤੇ ਸ਼ਰਮ ਆਉਣੋਂ ਜਾਣੋਂ ਰਹੀ ਹੋਈ ਐ। ਖਾ ਮਰ ਲੈ ਜੋ ਖਾਣਾ ਈ ਤੇ ਬਕੀ ਨਾ ਜਾਹ। ਪਿਓਆਂ ਵਰਗੇ ਭਰਾ ਦੀ ਲਾਹ ਕੇ ਹੱਥ ਫੜਾ ਦਿੰਨਾਂ। ਬਚਨੇ ਦਾ ਬਾਪੂ, ਜੇ ਇਹਦੇ ਨਾਲ ਕਲਾਮ ਕੀਤੀ ਊ ਤੇ ਯਾਦ ਰੱਖੀਂ।"

"ਤੇਰੇ ਪਿਓਆਂ ਵਰਗਾ ਹੋਊ। ਮੇਰੇ ਪਿਓਆਂ ਵਰਗਾ ਕਿਹਾ ਤੇ ਗੁੱਤ ਮੁੰਨ ਦਊਂ,

ਕਮਜਾਤੇ ! ਗਲਾਸ ਨਹੀਂ ਦੇਣਾ...ਹਾ...ਹਾ...ਹਾ ਮੈਂ ਪਿਆਕ ਕਾਹਦਾ ਹੋਇਆ।" ਤੇ ਉਸ ਬੋਤਲ ਮੂੰਹ ਨਾਲ ਲਾ ਕੇ ਅੱਧੀ ਮੁਕਾ ਕੇ ਮੂੰਹੋਂ ਲਾਹੀ। ਬਾਂਹ ਨਾਲ ਮੂੰਹ ਘਸਾ ਕੇ ਉਹ ਪਚਾਕੇ ਮਾਰਨ ਲੱਗਾ।

ਸ਼ੇਰ ਸਿੰਘ ਦੀ ਕੋਠੜੀ ਅੰਦਰੋਂ ਉਸ ਆਵਾਜ਼ ਸੁਣੀ ਹੀ ਨਹੀਂ, "ਓਇ ਕੁੱਤਿਆ ਹੋਸ਼ ਕਰ। ਬਹੁਤਾ ਬਕਿਆ ਤਾਂ ਜੁੱਤੀਆਂ ਮਾਰ ਮਾਰ ਕੇ ਹੌਲਾ ਕਰ ਦਊਂ।"

ਗੁਲਾਬੀ ਨੇ ਹੌਲੀ ਜਿਹੀ ਕਿਹਾ, "ਬਚਨੇ ਦਾ ਬਾਪੂ, ਤੂੰ ਨਾ ਬੋਲ। ਉਹਦੇ ਅੰਦਰ ਤੇ ਦੈਂਤ ਵੜਿਆ ਹੋਇਆ।"

ਸ਼ੇਰ ਸਿੰਘ ਨੂੰ ਫੇਰ ਮਮਤਾ ਜਾਗੀ। ਉਹ ਬਾਹਰ ਆ ਗਿਆ, "ਜਾਹ, ਪੀ ਪਾ ਕੇ ਅੰਦਰ ਵੜ ਜਾ ਤੇ ਜਾਂ ਹੁਣੇ ਈ ਮੁਰੱਬੇ ਜਾ ਵੜ। ਧਿਰ ਧਿਰ ਨਾਲ ਤੂੰ ਵਗਾੜੀ ਹੋਈ ਐ। ਮਾਈਂ...ਅਤਰੋ ਹੁਣ..."

ਉਸ ਦਾ ਗੁੱਸਾ ਪੂਰਾ ਵੀ ਨਹੀਂ ਸੀ ਹੋਇਆ ਕਿ ਕਿਸ਼ਨ ਸਿੰਘ ਬੜ੍ਹਕ ਪਿਆ, "ਖ਼ਬਰਦਾਰ ਓਏ ਸ਼ੇਰ ਸਿਹਾਂ, ਜੇ ਅਤਰ ਕੌਰ ਦਾ ਨਾਂ ਲਿਆ ਤੇ ਵੱਢ ਸੁੱਟੂੰ ਏਥੇ ਈ। ਸ਼ਰਾਬ ਤੂੰ ਨਹੀਂ ਪੀਤੀ। ਓਏ ਭੜੂਇਆ, ਇਸ਼ਕ ਤੂੰ ਨਹੀਂ ਕੀਤਾ...ਅੰਞਾਣੇ ਬਣਾ ਛੱਡੇ। ਹੂੰਹ ... ਮੈਂ ਡਰਦਾਂ ਕਿਸੇ ਤੋਂ ? ਮੇਰੀ ਵੀ ਸਾਰਿਆਂ ਦੇਖੀ ਹੋਈ ਐ। ਉਏ ਕੌਣ...ਜੰਮਿਆਂ...ਮੇਰੀ 'ਵਾ ਵੱਲ ਦੇਖਣ ਵਾਲਾ। ਤੂੰ ਵੀ ਨੜਛਿਆ, ਹੋ ਜਾ ਓਧਰ...ਲੈ ਆ ਆਪਣੇ ਪਿਓ ਰੱਬ ਨੂੰ ਵੀ।"

ਓਸ ਬੋਤਲ ਫੇਰ ਮੂੰਹ ਨੂੰ ਲਾਈ ਤੇ ਮੁਕਾ ਕੇ ਹੀ ਛੱਡੀ।

"ਹੁਣ ਸਰੂਰ ਆਇਆ ਕੁਝ", ਉਸ ਆਖਿਆ ਤੇ ਮਾਸ ਦੀਆਂ ਡਲੀਆਂ ਕੱਢ ਕੇ ਖਾਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਉਹ ਸ਼ਰਾਬੀ ਹੋ ਗਿਆ ਸੀ।

ਸ਼ੇਰ ਸਿੰਘ ਦੇ ਦਿਲ ਵਿਚ ਫੇਰ ਦਇਆ ਆਈ, "ਆ ਗੁਲਾਬੀਏ, ਏਸ ਨੂੰ ਅੰਦਰ ਪਾ ਲਈਏ, ਮਾਰਿਆ ਜਾਊ ਮੁਰੱਬੀਂ ਜਾਂਦਾ।"

"ਏਸ ਬੈੜੇ ਦਾ ਕੀ ਲੈਣਾ। ਏਸ ਨੂੰ ਓਧਰ ਈ ਸੌਣ ਦਿਓ।" ਇਹ ਕਹਿ ਕੇ ਉਸ 'ਵਾਜ ਦਿੱਤੀ, "ਨੀ ਨਾਮੋ, ਨੀ ਸ਼ੀਸ਼ੋ, ਸਾਂਭੋ ਨੀ ਸੁਗਾਤ ਪਿਉ ਨੂੰ।"

"ਮੈਂ ਹਾਲੀ...ਮੁਰੱਬੇ...ਹੈਂ...ਜਾਊਂ...ਊਂ" ਕਹਿੰਦਾ ਕਹਿੰਦਾ ਉਹ ਉਠਿਆ। ਝੂਲ ਕੇ ਤਿੰਨ ਕਦਮ ਸੱਜੇ ਪਾਸੇ ਲੰਘ ਗਿਆ ਤੇ ਪੈਰ ਵਜ ਕੇ ਪਤੀਲਾ ਮੂਧਾ ਹੋ ਗਿਆ। "ਹ...ਹ...ਹ...ਡੁੱਲ੍ਹ ਗਿਆ।" ਉਸ ਹੋਰ ਇਕ ਕਦਮ ਵਧਾਇਆ ਤੇ "ਅਤਰੋ ! ਅ...ਤ...ਰੋ...!" ਸ਼ੇਰ ਸਿੰਘ ਨੇ ਆ ਕੇ ਉਸ ਨੂੰ ਫੜ ਲਿਆ। ਗੁਰਨਾਮ ਤੇ ਬਖਸ਼ੀਸ਼ੋ ਆਪਣੀ ਕੋਠੜੀ ਵਿਚੋਂ ਨਿਕਲ ਆਈਆਂ। ਮੰਜੇ 'ਤੇ ਤਲਾਈ ਤੇ ਖੇਸ ਉਹ ਵਿਛਾ ਆਈਆਂ ਸਨ। ਤਿੰਨਾਂ ਜਣਿਆਂ ਮਸੀਂ ਉਸ ਨੂੰ ਸਾਂਭਿਆ। "ਛੱਡੋ...ਓਏ...ਕੌਣ ਓ, ਤੁਸੀਂ ਓਏ ਜਮਦੂਤੋ...ਅਤਰੋ...ਅ...ਤ...ਰ, ਮੀਰਾਂ ਪੁਰੀਆਂ ਦਾ ਭਾਊ...ਰੋ...ਰਸ਼ਨ ਕਰ ਦੂੰ ਨਾਂ।"

ਫੇਰ ਜਿਵੇਂ ਉਸ ਨੂੰ ਕੁਝ ਚਿਰ ਲਈ ਪੂਰੀ ਹੋਸ਼ ਆ ਗਈ। ਮੰਜੇ 'ਤੇ ਪੈਂਦਿਆਂ ਉਸ ਜਟਕੀ 'ਵਾਜ ਲਾਈ :

"ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ ਕਾਇਰ ਲੋਗ, ਕਮੀਨੇ।"

3

ਅੱਧੀ ਰਾਤ ਕਿਸ਼ਨ ਸਿੰਘ ਨੂੰ ਹੋਸ਼ ਆਈ। ਥਾਣੇਦਾਰਾਂ ਕੇ ਪਹਿਰ ਰਾਤ ਗਿਆਂ ਬੂਹੇ ਅੱਗੇ ਬੜ੍ਹਕਾਂ ਮਾਰ ਗਏ ਸਨ। ਉਹ ਪਿਸ਼ਾਬ ਕਰਨ ਬਾਹਰ ਨਿਕਲਿਆ ਤੇ ਬਿਨਾਂ ਪੱਗੋਂ ਈ ਮੁਰੱਬੇ ਉਠ ਨੱਠਾ। ਖ਼ਬਰੇ ਉਸਦੇ ਅੰਦਰ ਇਹ ਅਨਜਾਣਿਆ ਭੈ ਵੀ ਕੰਮ ਕਰ ਰਿਹਾ ਸੀ ਕਿ ਜਿਹੜੀ ਅਤਰ ਕੌਰ ਇਕ ਅੱਧਖੜ ਭਾਈ ਨਾਲ ਨਿਕਲ ਕੇ ਬੁੱਢੇ ਥਾਣੇਦਾਰ ਨੂੰ ਛੱਡ ਸਕਦੀ ਹੈ ਤੇ ਜਿਹੜੀ ਭਾਈ ਨੂੰ ਛੱਡ ਕੇ ਵੈਲ ਸ਼ਰਾਬੀਏ ਦੇ ਘਰ ਵੱਸ ਸਕਦੀ ਹੈ, ਉਹ ਕਿਸੇ ਉਸ ਦੇ ਜਵਾਨ ਭਰਾ ਨਾਲ ਵੀ ਰਲ ਸਕਦੀ ਹੈ।

ਗੁਰਨਾਮੋ ਨੇ ਜਦੋਂ ਪਿਉ ਨੂੰ ਬਾਹਰ ਗਿਆਂ ਮੁੜ ਕੇ ਆਉਂਦਾ ਨਾ ਡਿੱਠਾ ਤਾਂ ਬਾਹਰ ਨਿਕਲੀ। ਉਸ ਇਹਾਤੇ ਦਾ ਬੂਹਾ ਖੁੱਲ੍ਹਾ ਡਿੱਠਾ ਤੇ ਬਾਹਰ ਝਾਤੀ ਮਾਰੀ। ਬਾਪੂ ਦਾ ਕਿਤੇ ਨਾਂ ਪਤਾ ਨਾ ਦਿਸਿਆ। ਅਖ਼ੀਰ ਉਸ ਕੁੰਡਾ ਮਾਰ ਕੇ ਹੋੜਾ ਵੀ ਲਾ ਲਿਆ। ਸ਼ੇਰ ਸਿੰਘ ਨੇ ਖੜਾਕ ਸੁਣ ਕੇ 'ਵਾਜ ਦਿੱਤੀ, "ਕੌਣ ਐ ?"

'ਤਾਇਆ ਮੈਂ ਆਂ, ਗੁਰਨਾਮੋ। ਬਾਪੂ ਖ਼ਬਰੇ ਮੁਰੱਬੀਂ ਚਲਾ ਗਿਆ।"

"ਤੇ, ਕੁੜੀਓ, ਜਿੰਦਾ ਨਹੀਂ ਸੀ ਮਾਰਿਆ, ਤੁਸੀਂ ? ਤੁਸੀਂ ਪਸ਼ੂ ਕਢਾ ਕੇ ਸਾਹ ਲੈਣੇ ਐਂ।"

"ਤਾਇਆ, ਡੰਗਰਾਂ ਵਾਲੇ ਅੰਦਰ ਨੂੰ ਤਾਂ ਜਿੰਦਾ ਲਾ ਦਿੱਤਾ ਸੀ, ਬਾਪੂ ਦੇ ਕਮਰੇ ਨੂੰ ਰੌਲੇ ਗੌਲੇ ਵਿਚ ਲਾਉਣਾ ਭੁੱਲ ਗਿਆ ਸੀ।"

"ਤੇ ਜੇ ਥਾਣੇਦਾਰ ਕਿਆਂ ਨੂੰ ਪਤਾ ਲੱਗਾ ਜਾਂਦਾ, ਬੂਹਾ ਖੁੱਲ੍ਹਾ ਐ ਤੇ ਬਾਪੂ ਤੁਹਾਡਾ ਅੰਦਰ ਐ ਤਾਂ ਕੀ ਬਣਦਾ ?"

ਉਹ ਬਾਹਰ ਨਿਕਲ ਆਇਆ ਤੇ ਕੁੰਡੇ ਨੂੰ ਜਿੰਦਾ ਲਾਇਆ।

"ਬਚਨੇ ਦੀ ਮਾਂ, ਆਪ ਜਿੰਦਾ ਮਾਰਿਆ ਕਰ। ਇਨ੍ਹਾਂ ਕੁੜੀਆਂ-ਚਿੜੀਆਂ ਨੂੰ ਹੋਸ਼ ਨਹੀਂ ਰਹਿੰਦੀ।"

ਜਦੋਂ ਗੁਰਨਾਮੋ ਨੇ ਅੰਦਰ ਵੜ ਕੇ ਕੋਠੜੀ ਦਾ ਬੂਹਾ ਮਾਰਿਆ ਤਾਂ ਅੰਨ੍ਹੇਰੇ ਵਿਚੋਂ ਈ ਸ਼ੀਸ਼ੋ ਬੋਲੀ, "ਨਾਮੋ, ਚਲਾ ਗਿਆ ਬਾਪੂ ?"

"ਹਾਹੋ ਨਹੀਂ, ਮਖਾਂ ਚਲਾ ਗਿਆ ਈ। ਡਰ ਈ ਰਹਿੰਦਾ ਇਹਦਾ।"

"ਬੀਬੀ ਭੈਣ, ਮੈਂ ਤੇਰੇ ਕੋਲ ਆ ਜਾਂ ?"

"ਕਿਉਂ ? ਡਰ ਲੱਗਦਾ ਈ ?"

"ਨਹੀਂ, ਦੋਵੇਂ ਭੈਣਾਂ ਨਿੱਘੀਆਂ ਹੋ ਕੇ ਸਵਾਂਗੀਆਂ, ਬੀ...ਬੀ...ਭੈ...ਐ...ਣ।"

"ਹੱਛਾ, ਹੱਛਾ, ਤਰਲੇ ਨਾ ਲੈ। ਆ ਜਾ। ਤੈਨੂੰ ਜਿਹੜਾ ਡਰ ਲੱਗਦਾ, ਮੈਂ ਜਾਣਨੀਆਂ।"

"ਡਰ-ਡੁਰ ਨਹੀਂ ਲੱਗਦਾ ਮੈਨੂੰ। ਸੁਆਦ ਔਂਦਾ ਤੇਰੇ ਨਾਲ ਸੁੱਤਿਆਂ।"

ਸ਼ੀਸ਼ੋ ਗੁਰਨਾਮੋ ਨਾਲ ਜਾ ਲੇਟੀ ਤੇ ਓੁਸ ਨੂੰ ਬਾਹਾਂ ਵਿਚ ਲੈ ਕੇ ਘੁੱਟ ਲਿਆ।

"ਬੀਬੀ...ਭੈਣ !"

ਸ਼ੀਸ਼ੋ ਨੇ ਪ੍ਰਤੀਤ ਕੀਤਾ। ਨਾਮੋ ਕਿਵੇਂ ਕੰਬੀ ਜਾ ਰਹੀ ਹੈ।

"ਭੈਣ, ਬਾਹਰ ਪਾਲਾ ਬਹੁਤਾ ਸਗੋਂ ?"

"ਨਹੀਂ ਨੀ ਬਹੁਤਾ ਤੇ ਨਹੀਂ, ਪਰ ਹੈ ਈ ਐ ਨਾ। ਅੱਧ ਸਿਆਲ ਜੂ ਹੋਇਆ।"

"ਤੂੰ ਤੇ ਕੰਬੀ ਜਾਨੀ ਐ।"

"ਮੈਂ ਤੇ ਨਹੀਂ ਕੰਬਦੀ।"

"ਠੰਡ ਨਹੀਂ ਲੱਗਦੀ ਤੇ ਡਰ ਆਉਂਦਾ ਹੋਊ ?"

"ਬਾਹਾਂ ਚੁੱਕ ਲੈ ਤੇ ਮੂੰਹ ਪਰਲੇ ਬੰਨੇ ਕਰ ਕੇ ਸੌਂ ਜਾ।"

"ਮੈਨੂੰ ਨਹੀਂ ਐਦਾਂ ਨਿੱਘ ਆਉਂਦਾ।"

"ਚਲ ਪਰ੍ਹੇ ਹੋ", ਗੁਰਨਾਮੋ ਨੇ ਬਾਹਾਂ ਪਰੇ ਸੁੱਟਦਿਆਂ ਕਿਹਾ।

ਸ਼ੀਸ਼ੋ ਨੇ ਮੂੰਹ ਦੂਜੇ ਬੰਨੇ ਕਰ ਲਿਆ, ਪਰ ਪਿੱਠ ਭੈਣ ਦੀ ਵੱਖੀ ਨਾਲ ਦੱਬ ਕੇ ਲਾ ਦਿੱਤੀ। ਕਿੰਨਾ ਚਿਰ ਉਹ ਮੂੰਹ ਵਿਚ ਹੀ ਗਾਉਂਦੀ ਰਹੀ... "ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ ਕਾਇਰ ਲੋਕ, ਕਮੀਨੇ।" ਉਸ ਦੇ ਬਾਪੂ ਨੇ 'ਸੋਹਣੀ ਮਹੀਂਵਾਲ' ਦਾ ਕਿੱਸਾ ਲਿਆਂਦਾ ਸੀ। ਭਾਵੇਂ ਕੁਝ ਦਿਨ ਉਨ੍ਹਾਂ ਦੇ ਘਰ ਹੀ ਕੋਠੀ ਵਿਚ ਲੁਕਾ ਕੇ ਰੱਖਿਆ ਗਿਆ ਸੀ, ਪਰ ਸ਼ੀਸ਼ੋ ਨੇ ਉਹ ਚੋਰੀ ਚੋਰੀ ਭੈਣ ਨੂੰ ਪੜ੍ਹਦਿਆਂ ਦੇਖਿਆ ਸੀ। ਦੋਵੇਂ ਹੀ ਪਹਿਲੇ ਗੁਰਦੁਆਰੀਏ ਭਾਈ ਕੋਲੋਂ ਪੜ੍ਹੀਆਂ ਸਨ। ਬਾਲ ਉਪਦੇਸ਼ ਤੇ ਇਕ ਕਿਤਾਬ ਪੜ੍ਹ ਕੇ ਉਹ ਪੰਜ ਗ੍ਰੰਥੀ ਪੜ੍ਹਨ ਲਗ ਪਈਆਂ ਸਨ। ਨਿਰੇ ਪਾਠ ਕਰਨ ਸਿੱਖਣ ਨਾਲ ਜਾਂ ਕੰਠ ਕਰਨ ਨਾਲ ਤਾਂ ਗਿਆਨ ਨਹੀਂ ਆਉਂਦਾ। ਵਿਦਿਆ ਦੇਣ ਦਾ ਸਾਰਾ ਸਿਲਸਿਲਾ ਹੀ ਗਲਤ ਹੈ ਤੇ ਪੁਰਾਣਾ ਪੋਂਡੂ ਰਿਵਾਜ ਤਾਂ ਉਂਜ ਹੀ ਮਿਤੀ ਪੁਗਾ ਚੁੱਕਾ ਹੈ। ਜਦੋਂ ਨਾਮੋ ਕਿਤੇ ਉਰੇ ਪਰੇ ਹੁੰਦੀ ਤਾਂ ਉਹ ਵੀ 'ਸੋਹਣੀ' ਪੜ੍ਹਦੀ। ਕੱਚੇ ਘੜੇ 'ਤੇ ਤਰਨ ਤੇ ਡੁੱਬਣ ਦਾ ਬਿਆਨ ਤੇ ਪੱਟ ਦੀ ਮਛਲੀ ਦਾ ਬਿਆਨ ਉਸ ਪੁਸਤਕ ਵਿਚੋਂ ਬੜਾ ਦਰਦਨਾਕ ਤੇ ਸੋਹਣਾ ਲੱਗਦਾ ਸੀ ਤੇ ਅੱਜ ਉਸ ਦੇ ਪਿਤਾ ਦੀ ਤੁੱਕ :

"ਇਸ਼ਕ ਮੁਸ਼ਕ ਦੀ ਸਾਰ ਕੀ ਜਾਣਨ ਕਾਇਰ ਲੋਕ, ਕਮੀਨੇ।"

ਉਸ ਨੇ ਸੋਚਦੀ ਸੋਚਦੀ ਨੇ ਜਾਚਿਆ ਕਿ ਵੱਡੀ ਭੈਣ ਸਿੱਧੀ ਪਈ ਹੀ ਮਾੜੇ ਮਾੜੇ ਉੱਸਲਵੱਟੇ ਭੰਨੀ ਜਾ ਰਹੀ ਹੈ। ਉਸ ਨੂੰ ਵੀ ਖ਼ਬਰੇ ਉਸ ਵਾਂਗ ਨੀਂਦ ਨਹੀਂ ਆ ਰਹੀ ਸੀ। ਉਸ ਹੌਸਲਾ ਕਰ ਕੇ ਪੁੱਛਿਆ, "ਨੀਂਦ ਨਹੀਂ ਆਉਂਦੀ, ਭੈਣ ?"

ਉਸ ਨੇ ਢੁੱਕਵਾਂ ਬਹਾਨਾ ਬਣਾ ਕੇ ਉੱਤਰ ਦਿੱਤਾ, "ਸ਼ੀਸ਼ੋ, ਇਕ ਵਾਰੀ ਨੀਂਦ ਉੱਖੜ ਜਾਏ ਤਾਂ ਫੇਰ ਔਖੀ ਹੀ ਆਉਂਦੀ ਐ।"

"ਨੀਂਦ ਤੇ ਮੈਨੂੰ ਵੀ ਨਹੀਂ ਆਉਂਦੀ।" ਤੇ ਉਸ ਝੱਟ ਉਸ ਵੱਲ ਮੂੰਹ ਮੋੜ ਕੇ ਫੇਰ ਗਲਵੱਕੜੀ ਪਾ ਲਈ। ਗੁਰਨਾਮੋ ਫੇਰ ਕੰਬ ਉੱਠੀ ਤੇ ਉਸ ਦੀ ਬਾਂਹ ਛੰਡ ਕੇ ਕਿਹਾ, "ਨੀ, ਪਰੇ ਮਰ। ਨਾਲ ਈ ਚੰਬੜੀ ਜਾਂਦੀ ਐਂ।"

"ਤੂੰ ਡਰਨੀ ਕਿਉਂ ਐਂ, ਮੇਰੇ ਕੋਲੋਂ ? ਮੈਂ ਕੋਈ ਹਊਆਂ ? ਮੈਨੂੰ ਤੇ ਨਿੱਘ ਨਹੀਂ ਆਉਂਦਾ, ਤੈਨੂੰ ਆਉਂਦਾ ?"

ਗੁਰਨਾਮੋ ਚੁੱਪ ਰਹੀ ਤੇ ਸ਼ੀਸ਼ੋ ਨੇ ਫੇਰ ਉਸ ਨੂੰ ਆਪਣੀਆਂ ਬਾਹਾਂ ਵਿਚ ਕੱਸ ਲਿਆ ਤੇ ਕਿਹਾ, "ਨੀ ਭੈਣ, ਮੁਸ਼ਕ ਕੀ ਹੁੰਦੈ।"

"ਲੈ ਤੈਨੂੰ ਹੁਣ ਮੁਸ਼ਕ ਦਾ ਵੀ ਪਤਾ ਨਹੀਂ। ਬੋ ਨੂੰ ਆਖੀਦਾ ਕਿ।"

"ਨੀ ਬਾਪੂ ਤਾਂ ਆਂਹਦਾ ਸੀ : ਇਸ਼ਕ ਮੁਸ਼ਕ ਦੀ ਸਾਰ ,ਕੀ ਜਾਨਣ ਕਾਇਰ ਲੋਕ, ਕਮੀਨੇ। ਅੜੀਏ ਇਹ ਕੁਝ ਹੋਰ ਹੋਊ।"

"ਨੀ, ਇਹ ਖ਼ਸ਼ਬੋ ਹੋਣੀ ਐਂ, ਨੀਂ।"

"ਤੇ ਕਮੀਨੇ ਤੇ ਭਲਾ ਕਮੀਣ ਹੋਏ, ਤੇ ਕਾਇਰ ਕੀ ਹੋਏ ?"

"ਨੀ ਕਾਇਰ ਹੋਏ ਕੈਰ, ਜਿਨ੍ਹਾਂ ਵਿਚ ਹੌਂਸਲਾ ਨਾ ਹੋਵੇ, ਜਿਹੜੇ ਵਰ੍ਹਦੀਆਂ 'ਚੋਂ ਨੱਸ ਜਾਣ, ਹੋਰ ਕੀ ?"

"ਬੀਬੀ ਭੈਣ, ਤੂੰ ਉਂਜ ਤਾਂ ਮੈਥੋਂ ਦੋ ਵਰ੍ਹੇ ਵੱਡੀ ਐ। ਪਰ ਸਿਆਣੀ ਬਹੁਤ ਐਂ ਤੂੰ। ਵਿਆਹ ਮਗਰੋਂ ਤਾਂ ਤੂੰ ਬਹੁਤ ਸਿਆਣੀ ਹੋ ਗਈ ਏਂ। ਹੱਛਾ ਭਲਾ ਇਸ਼ਕ ਕੀ ਹੋਇਆ ?"

"ਹਾਇਆ ਨੀ ਤੈਨੂੰ ਲੋੜ੍ਹਾ ਪੈ ਜਾਏ ! ਮੈਨੂੰ ਕੀ ਪਤਾ ਇਸ਼ਕ ਉਸ਼ਕ ਕੀ ਹੁੰਦਾ।"

"ਕਿਉਂ ਲੁਕਾਉਂਦੀ ਐਂ, ਮੈਥੋਂ ? ਭਲਾ ਤੂੰ ਚੋਰੀਂ ਚੋਰੀਂ ਬਾਪੂ ਦੀ 'ਸੋਹਣੀ' ਨਹੀਂ ਸੀ ਪੜ੍ਹਦੀ ?"

"ਕਿਦੋਂ ? ਮੈਂ ਤਾਂ ਨਹੀਂ ਪੜ੍ਹੀ ਕਦੀ। ਤਾਂ ਤੂੰ ਵੀ ਪੜ੍ਹੀ ਹੋਣੀ ਐਂ ?"

"ਤੇ ਓਦਣ ਪਸ਼ੂਆਂ ਵਾਲੇ ਅੰਦਰ ਮੁਣਸ਼ੀ ਚੂੜ੍ਹੇ ਨੂੰ ਕੀ ਵਖਾਲਦੀ ਸੈਂ ?"

"ਨਹੀਂ ਨੀ, ਮੈਂ ਕਦੋਂ ਦਖਾਲਦੀ ਸਾਂ, ਕਮਜਾਤੇ। ਮੈਂ ਤਾਂ ਪੜ੍ਹੀ ਈ ਨਹੀਂ, ਵੇਖੀ ਵੀ ਨਹੀਂ, 'ਸੋਹਣੀ'।"

"ਮੈਂ ਸਗੋਂ ਦੱਸਿਆ ਨਹੀਂ ਕਿਸੇ ਨੂੰ। ਤੂੰ ਉਸ ਨੂੰ ਦੋ-ਤਿੰਨ ਤੁਕਾਂ ਵੀ ਪੜ੍ਹ ਕੇ ਸੁਣਾਈਆਂ ਸੀ।"

ਗੁਰਨਾਮੋ ਘਬਰਾ ਗਈ, ਤੇ ਸ਼ੀਸ਼ੋ ਦੀ ਬਾਂਹ ਨੇ ਉਸ ਦੇ ਦਿਲ ਦੀ ਧੜਕਣ ਉੱਚੀ ਤੇ ਤੇਜ਼ ਹੁੰਦੀ ਸੁਣੀ ਤੇ ਮਹਿਸੂਸੀ। ਕੁਝ ਆਪੇ ਨੂੰ ਸੰਭਾਲ ਕੇ ਉਹ ਬੋਲੀ, "ਨੀ ਸ਼ੀਸ਼ੋ, ਕੁਆਰੀਆਂ ਨਹੀਂ ਇਹੋ ਜਿਹੀਆਂ ਗੱਲਾਂ ਕਰਦੀਆਂ। ਮੈਂ ਤਾਂ ਵਿਆਹੀ ਹੋਈ ਆਂ। ਮੈਨੂੰ ਉਹ ਕਿੱਸਾ ਸੋਹਣਾ ਲੱਗਾ ਸੀ। ਹੁਣ ਬਾਪੂ ਲੈ ਗਿਆ ਸਾਡੀ ਨਵੀਂ ਮਾਂ, ਅਤਰੋ ਨਥਾਵੀਂ ਲਈ। ਓਥੇ ਹੁੰਦੀ ਤਾਂ ਤੇਰਾ ਜੀਜਾ ਲਿਆ ਦਿੰਦਾ। ਮੈਂ ਕਿਹਾ, ਮੁਣਸ਼ੀ ਨੂੰ ਕਹੂੰ, ਲਿਆ ਦਊ ਉਸ ਦੇ ਨਾਲ ਦੀ।"

"ਲੈ ਏਹ ਤੇ ਬਾਪੂ ਦੇ ਲਿਜਾਣ ਤੋਂ ਪਹਿਲੋਂ ਦੀ ਗੱਲ ਹੈ। ਪਿਛੋਂ ਦੀ ਹੁੰਦੀ ਤਾਂ ਤੂੰ ਦਖਾਲਦੀ ਕਿਵੇਂ ?"

ਗੁਰਨਾਮੋ ਫੇਰ ਕੁੜਿੱਕੀ ਵਿਚ ਫਸ ਗਈ। "ਹਾਹੋ ਨੀ", ਉਸ ਇਕਬਾਲ ਕਰ ਲਿਆ, ਪਹਿਲੋਂ ਹੀ ਸੱਚ। ਪਰ ਉਸ ਲਿਆ ਕੇ ਨਹੀਂ ਦਿੱਤੀ। ਸਿੱਧੜ ਜਿਹਾ, ਡਰੂ ਜਿਹਾ ਹੈ।"

"ਨੀ ਭੈਣ, ਚੂੜ੍ਹਿਆਂ ਦੇ ਘਰ ਕਿਵੇਂ ਜੰਮ ਪਿਆ ਉਹ ? ਉਹ ਤੇ ਬੜਾ

ਸੋਹਣਾ ! ਤੇ ਕਹਿੰਦੇ ਨੇ ਬੜੀ ਸੋਹਣੀ ਕੌਡੀ ਪਾਉਂਦਾ, ਛਾਲਾਂ ਵਧ ਕੇ ਮਾਰਦਾ ਤੇ ਆਪਣੇ ਤੋਂ ਵੱਡੀ ਉਮਰ ਦੇ ਮੁੰਡੇ ਓਸ ਦਾ ਢਾ ਕੱਢੇ ਨੇ ਤੇ ਨਾਲੇ ਸਕੂਲ ਵਿਚ ਵੀ ਛੇ ਵਰ੍ਹੇ ਓਸ ਲੰਘਣ ਨਹੀਂ ਸੀ ਦਿੱਤਾ ਕੋਈ ਅੱਗੇ !"

ਗੁਰਨਾਮੋ ਦੀ ਛਾਤੀ ਸ਼ੀਸ਼ੋ ਦੀ ਬਾਂਹ ਉਪਰ ਲੈ ਕੇ ਉੱਠੀ ਤੇ ਫੇਰ ਬੈਠ ਗਈ।

"ਛੱਡ, ਨੀ ਭੈਣ", ਸ਼ੀਸ਼ੋ ਨੇ ਮੁੜ ਕੇ ਕਿਹਾ, "ਹੁਣ ਤੂੰ ਦੱਸ ਬਈ ਇਸ਼ਕ ਕੀ ਹੁੰਦੈ?"

"ਨੀ ਓਹੋ ਈ ਜੋ ਸੋਹਣੀ, ਮਹੀਂਵਾਲ ਨੂੰ ਕਰਦੀ ਸੀ ਤੇ ਜੋ ਮਹੀਂਵਾਲ, ਸੋਹਣੀ ਨਾਲ ਕਰਦਾ ਸੀ...ਪਿਆਰ !"

"ਹੂੰ...ਊਂ, ਤੇ ਇਹ ਇਸ਼ਕ ਮੁਣਸ਼ੀ ਨਹੀਂ ਕਰ ਸਕਦਾ ਹੋਣਾ ? ਕਮੀਣ ਜੂ ਹੋਇਆ...ਚੂੜ੍ਹਾ ?"

"ਨਹੀਂ ਨੀ, ਕਮੀਣ ਤੇ ਮੁਸ਼ਕ ਨਹੀਂ ਪਛਾਣ ਸਕਦਾ ਹੋਣਾ ਕਿ ?"

"ਫੇਰ ਇਸ਼ਕ ਦੀ ਗੱਲ ਤਾਂ ਜਾਣਦਾ ਹੋਊ ? ਪੜ੍ਹਿਆ ਹੋਇਆ ਏ। ਭਾਵੇਂ ਬਚਨ ਭਾ ਵਾਂਗ ਉਹ ਕਾਲਜੀਂ ਨਹੀਂ ਪੜ੍ਹਿਆ। ਗਰੀਬ, ਕਮੀਣ ਜੂ ਹੋਇਆ।"

"ਜਾਣਦਾ ਹੋਊ। ਕੀ ਪਤਾ ?"

"ਤਾਂ ਕਾਇਰ ਹੋਊ, ਭੈਣ ?"

"ਨਹੀਂ ਨੀ, ਓਦਣ ਬਾਪੂ ਵੱਲ ਹੋ ਕੇ ਜਦ ਥਾਣੇਦਾਰਾਂ ਕਿਆਂ ਨਾਲ ਲੜਿਆ ਤਾਂ ਬਾਪੂ ਦੇ ਸਾਰੇ ਬੇਲੀ ਭਜ ਗਏ ਸੀ। ਓਸ ਨੇ ਚੌਂਕ ਵਿਚ ਬਾਪੂ ਨਾਲ ਖੜੇ ਕੇ ਤੇ ਲਲਕਾਰ ਕੇ ਡਾਂਗ ਵਾਹੀ ਸੀ। ਇਕ ਇਕ ਡਾਂਗ ਨਾਲ, ਸਾਰੇ ਆਂਹਦੇ, ਦੋ ਦੋ ਸੁੱਟੇ। ਸਾਰੇ ਕੁਹਾੜੀਆਂ ਡਾਗਾਂ ਵਾਲੇ ਥਾਣੇਦਾਰਾਂ ਦੇ ਘਰ ਵਾੜ ਦਿੱਤੇ।"

"ਤਾਂ ਫੇਰ ਬਾਪੂ ਵਾਂਗ ਸ਼ਰਾਬ ਨਹੀਂ ਪੀਂਦਾ ਹੋਊ। ਬਾਪੂ ਦਾ ਹੌਂਸਲਾ ਤਾਂ ਸ਼ਰਾਬ ਨਾਲ ਵੱਧਦਾ। ਉਂਜ ਤਾਂ ਨੱਸ ਜਾਂਦਾ ਮਦਾਨ ਚੋਂ ਬਾਪੂ ਵੀ। ਸ਼ਰਾਬ ਪੀਵੇ ਤਾਂ ਬਾਪੂ ਆਂਗ ਉਹਨੂੰ ਵੀ ਇਸ਼ਕ ਕਰਨਾ ਆ ਜਾਵੇ।"

"ਬਹੁਤੀਆਂ ਗੱਲਾਂ ਨਹੀਂ ਕਰੀਦੀਆਂ, ਬਾਪੂ ਦੀਆਂ, ਮੂਰਖੇ !"

"ਤੇ ਅਤਰੋ ਨੂੰ ਕਿਉਂ ਕੱਢ ਲਿਆਇਆ, ਕਾਹਦੇ ਲਈ ? ਆਪੇ ਈ ਦੱਸ ਖਾਂ। ਮਾਂ ਸਾਡੀ ਨੂੰ ਕੱਢ ਦਿੱਤਾ। ਇਸ਼ਕ ਈ ਹੋਊ।"

"ਛੱਡ ਨੀ ਛੱਡ। ਤੂੰ ਬਹੁਤ ਚਲਾਕ ਹੋ ਗਈ ਐਂ।"

"ਮੈਂ ਦੱਸਦੀ ਤੇ ਨਹੀਂ ਕਿਸੇ ਨੂੰ।"

ਤੇ ਫੇਰ ਉਹ ਚੁੱਪ ਹੋ ਗਈਆਂ ਤੇ ਕਿੰਨਾ ਚਿਰ ਸੋਚਦੀਆਂ ਸੋਚਦੀਆਂ ਸੌਂ ਗਈਆਂ, ਜਦ ਤਕ ਤਾਈ ਨੇ ਰੇੜਕਾ ਪਾਉਣ ਲਈ ਉਨ੍ਹਾਂ ਨੂੰ 'ਵਾਜਾਂ ਨਾ ਦਿੱਤੀਆਂ।

4

ਤਾਏ ਨੇ ਜ਼ੋਰ ਲਾ ਕੇ ਗੁਰਨਾਮੋ ਨੂੰ ਸਹੁਰੇ ਤੋਰ ਹੀ ਦਿੱਤਾ, ਮੁੰਡਾ ਜੂ ਲੈਣ ਆ ਗਿਆ ਸੀ। ਹੁਣ ਰਹਿ ਗਈ ਬਖਸ਼ੀਸ਼ੋ। ਉਹ ਹੁਣ ਤਾਏ ਦੇ ਕੋਠੇ ਵਿਚ ਲੈ ਆਂਦੀ ਗਈ।

ਕਦੇ ਕਦੇ ਉਹ ਤਾਈ ਨਾਲ ਲੜ ਪੈਂਦੀ ਤੇ ਗੁੱਸੇ ਹੋ ਕੇ ਆਪਣੀ ਕੋਠੜੀ ਵਿਚ ਆਣ ਸੌਂਦੀ। ਉਨ੍ਹਾਂ ਦਾ ਕਾਮਾ ਮੁਣਸ਼ੀ ਦਿਨੋਂ ਦਿਨ ਉਸ ਦੇ ਦਿਲ ਵਿਚ ਵੱਸਦਾ ਗਿਆ। ਉਹ ਸ਼ਾਇਦ ਸੋਚਦੀ ਸੀ ਕਿ ਇਸ਼ਕ ਕੋਈ ਝੂਠੀ ਗੱਲ ਹੈ। ਮੁਣਸ਼ੀ ਉਸ ਵੱਲ ਦੇਖਦਾ ਹੀ ਨਹੀਂ ਸੀ। ਉਸ ਨੂੰ ਸਾਰੇ ਪਿੰਡ ਦੇ ਜਵਾਨ ਕਾਇਰ ਜਾਪਦੇ ਸਨ। ਸ਼ਾਇਦ ਉਹ ਸਮਝਦੀ ਸੀ, ਮੈਂ ਆਪ ਵੀ ਕਾਇਰ ਹਾਂ। 'ਇਸ਼ਕ ਮੁਸ਼ਕ ਦੀ ਸਾਰ ਕੀ ਜਾਨਣ ਕਾਇਰ ਲੋਕ, ਕਮੀਨੇ" ਨੇ ਉਸ ਦੇ ਅੰਦਰ ਇਕ ਤਜਰਬਾ ਕਰਨ ਦੀ ਭਾਵਨਾ ਜਗਾ ਦਿੱਤੀ ਸੀ। ਉਹ ਸ਼ਾਇਦ ਸਮਝਦੀ ਸੀ ਕਿ ਉਹ ਆਪਣੇ ਪਿਉ ਵਾਂਗ ਕਾਇਰ ਹੈ, ਜਿਸ ਨੂੰ ਕੇਵਲ ਸ਼ਰਾਬ ਪੀ ਕੇ, ਤੇ ਗੁੱਸਾ ਖਾ ਕੇ ਹੀ ਹੌਂਸਲਾ 'ਚੜ੍ਹਦਾ' ਹੈ ਤੇ ਇਸ਼ਕ 'ਕੁੱਦਦਾ' ਹੈ।

ਇਕ ਦਿਨ ਕੰਮ ਬਹੁਤ ਹੋਣ ਕਰਕੇ ਪੱਠੇ ਆਲ੍ਹੀ 'ਤੇ ਨਾ ਕੁਤਰੇ ਜਾ ਸਕੇ। ਮੁਣਸ਼ੀ ਨੂੰ ਹੁਕਮ ਹੋਇਆ ਕਿ ਆਗ ਭਰੀਆਂ ਬੰਨ੍ਹ ਕੇ ਗੱਡੇ 'ਤੇ ਲੈ ਜਾਏ ਤੇ ਓਥੇ ਅਹਾਤੇ ਵਾਲੇ ਟੋਕੇ ਨਾਲ ਕੁਤਰ ਕੇ ਚੋਣ ਵਾਲੇ ਪਸ਼ੂਆਂ ਤੇ ਬੌਲਦਾਂ ਨੂੰ ਪਾ ਦਵੇ।

ਸ਼ੀਸ਼ੋ ਤਾਈ ਦੇ ਚੌਂਕੇ-ਚੁਲ੍ਹੇ ਦੇ ਆਹਰ ਲੱਗੀ ਹੋਈ ਸੀ ਕਿ ਪਸ਼ੂ ਘਰ ਆ ਗਏ। ਮੁਣਸ਼ੀ ਨੇ ਬਾਹਰੋਂ ਹੀ 'ਵਾਜ ਦਿੱਤੀ, "ਤਾਈ, ਡੰਗਰ ਬੰਨ੍ਹ ਲੈ ਪਹਿਲੋਂ। ਮੈਂ ਗੱਡੇ ਤੋਂ ਆਗਾਂ ਦੀਆਂ ਭਰੀਆਂ ਲਾਹੁੰਦਾ, ਓਨਾ ਚਿਰ। ਅੱਜ ਪੱਠੇ ਏਥੇ ਈ ਕੁਤਰਨੇ ਨੇ। ਅੱਜ ਮੈਂ ਤੇ ਚੁੰਭੇ ਲਈ ਬਾਲਣ ਈ ਬਣਾਉਂਦਾ ਰਿਹਾ। ਬਾਕੀ ਸਾਰੇ ਛੋਲੀ ਨੂੰ ਲੱਗੇ ਰਹੇ। ਸਰਦਾਰ ਤੇ ਕੰਮ ਈ ਨਹੀਂ ਕਰਦਾ ਕੁਝ।"

"ਜਾਹ ਨੀ ਸ਼ੀਸ਼ੋ, ਡੰਗਰ ਬੰਨ੍ਹ ਲੈ। ਬੌਲਦ ਆਪੇ ਮੁਣਸ਼ੀ ਬੰਨ੍ਹ ਲਊ।"

ਕੁੜੀ ਨੇ ਪਸ਼ੂ ਬੰਨ੍ਹ ਲਏ ਤੇ ਏਨੇ ਚਿਰ ਨੂੰ ਮੁਣਸ਼ੀ ਨੇ ਆਗਾਂ ਦੀ ਇਕ ਭਰੀ ਟੋਕੇ ਲਾਗੇ ਲਿਆ ਸੁੱਟੀ। ਦੂਜੀ ਭਰੀ ਨੂੰ ਰੇੜ੍ਹ ਕੇ ਪਿੱਛੇ ਆਂਦਾ ਤਾਂ ਸ਼ੀਸ਼ੋ ਲਾਗੇ ਪਹੁੰਚ ਗਈ ਤੇ ਭਰੀ ਨੂੰ ਹੱਥ ਪੁਆਇਆ, "ਔਖੇ ਹੋਣ ਦੀ ਕੀ ਲੋੜ ਐ ? ਲਿਆ ਮੈਂ ਹੱਥ ਪੁਆਉਨੀਆਂ।"

ਦੋਹਾਂ ਨੇ ਭਰੀ ਚੁੱਕ ਕੇ ਸਿਰ ਦੇ ਬਰਾਬਰ ਲੈ ਆਂਦੀ ਤੇ ਮੁਣਸ਼ੀ ਨੇ ਚੁੱਕ ਕੇ ਟੋਕੇ ਅੱਗੇ ਜਾ ਸੁੱਟੀ। ਉਸ ਦੇ ਮੁੜਦਿਆਂ ਨੂੰ ਸ਼ੀਸ਼ੋ ਨੇ ਭਰੀ ਰੇੜ ਕੇ ਰੁਖ਼ ਸਿਰ ਕਰ ਲਈ ਸੀ। ਭਰੀ ਸਾਰਿਆਂ ਤੋਂ ਭਾਰੀ ਸੀ। ਐਤਕੀਂ ਮੁਣਸ਼ੀ ਨੇ ਭਰੀ ਚੁੱਕਣ ਲਈ ਜਾਣ ਬੁੱਝ ਕੇ ਜ਼ੋਰ ਨਾ ਲਾਇਆ। ਭਰੀ ਕੁੜੀ ਵਲੋਂ ਉੱਚੀ ਰਹੀ ਤੇ ਮੁਣਸ਼ੀ ਵਲੋਂ ਨੀਵੀਂ।

"ਚੁੱਕਦਾ ਨਹੀਂ ਜ਼ੋਰ ਲਾ ਕੇ", ਸ਼ੀਸ਼ੋ ਨੇ ਕਿਹਾ, "ਭਰੀ ਮੇਰੇ 'ਤੇ ਸੁੱਟ ਦੇਣੀ ਊਂ ?" ਪਰ ਮੁਣਸ਼ੀ ਖ਼ਬਰੇ ਸ਼ੀਸ਼ੋ ਦਾ ਜ਼ੋਰ ਦੇਖ ਰਿਹਾ ਸੀ।

"ਭਰੀ ਈ ਭਾਰੀ ਐ। ਸਾਥੋਂ ਠੱਲ੍ਹੀ ਨਹੀਂ ਜਾਣੀ", ਮੁਣਸ਼ੀ ਨੇ ਆਖਿਆ।

"ਹੱਛਾ !" ਤੇ ਕੁੜੀ ਨੇ ਭਰੀ ਆਪਣੀ ਛਾਤੀ 'ਤੇ ਠੱਲ੍ਹ ਕੇ ਉਤਾਂਹ ਖੜ੍ਹੀ ਕਰ ਦਿੱਤੀ। "ਲੈ ਹੁਣ ਨੀਵਾਂ ਵੀ ਹੋ", ਉਸ ਕਿਹਾ।

ਮੁਣਸ਼ੀ ਨੇ ਜ਼ੋਰ ਲਾ ਕੇ ਭਰੀ ਆਪਣੇ ਹੱਥਾਂ 'ਤੇ ਲੈ ਕੇ ਸਿਰ 'ਤੇ ਧਰ ਲਈ ਤੇ ਕਿਹਾ, "ਜਾ ਹੁਣ, ਸ਼ੀਸ਼ੇ, ਮੈਂ ਆਪੇ ਚੁੱਕ ਕੇ ਸੁੱਟ ਲਊਂ। ਤੂੰ ਮੱਝਾਂ ਚੋਣ ਦੀ ਤਿਆਰੀ ਕਰ। ਔਹ ਦੇਖ ਬੂਰੀ ਅੜਿੰਗਣ ਡਹੀ ਹੋਈ ਐ।"

"ਆਹ ਵੀ ਚੁਕਾ ਜਾਨੀ ਆਂ", ਉਸ ਆਖਿਆ। ਅਸਲ ਵਿਚ ਉਸਦੀ ਸਹਾਇਤਾ ਕਰਨ ਵਿਚ ਉਸ ਨੂੰ ਕੁਝ ਸੁਆਦ ਜਿਹਾ ਜਾਪਦਾ ਸੀ।

"ਜਾਹ, ਸ਼ੀਸ਼ੇ, ਜਾਹ। ਤਗੜੀਂ ਐਂ ਤੂੰ ਮੰਨ ਲਿਆ", ਉਸ ਕੁਝ ਹੌਲੀ ਜਹੀ ਕਿਹਾ।

ਇਹ ਪ੍ਰਸੰਸਾ-ਵਾਕ ਉਸ ਦੇ ਦਿਲ ਠੰਢ ਪਾਉਂਦਾ ਜਾਪਿਆ। ਉਹ ਮੱਝਾਂ ਚੋਣ ਲਈ ਬਾਲਟੀ ਤਿਆਰ ਕਰਨ ਲਗ ਪਈ। ਬੌਲਦ ਖੋਲ੍ਹ ਕੇ ਮੁਣਸ਼ੀ ਨੇ ਕਿੱਲਿਆਂ ਨਾਲ ਬੰਨ੍ਹ ਦਿੱਤੇ ਤੇ ਗੱਡਾ ਇਕ ਬੰਨੇ ਕਰ ਕੇ ਖੜਾ ਕਰ ਦਿੱਤਾ। ਬੂਰੀ ਦੀ ਕੱਟੀ ਛੱਡ ਕੇ ਉਹ ਸ਼ੀਸ਼ੇ ਨੂੰ ਆਵਾਜ਼ ਦਿੱਤੀ ਕਿ ਆਣ ਕੇ ਮੱਝ ਚੋ ਲਵੇ। ਬਾਲਟੀ ਵਿਚ ਪਾਣੀ ਲੈ ਕੇ ਉਹ ਆ ਗਈ। ਹੱਥ ਨਾਲ ਕਦੇ ਕੱਟੀ ਨੂੰ ਇਸ ਥਣੋਂ ਉਸ, ਤੇ ਉਸ ਥਣੋਂ ਇਸ ਨੂੰ ਲਾ ਕੇ ਪਸਮਾਇਆ, ਤੇ ਮੁਣਸ਼ੀ ਨੇ ਕੱਟੀ ਨੂੰ ਖਿੱਚ ਕੇ ਪਰ੍ਹੇ ਕਿੱਲੇ ਨਾਲ ਬੰਨ੍ਹ ਦਿੱਤਾ। ਸ਼ੀਸ਼ੇ ਨੇ ਛਿੱਟੇ ਮਾਰ ਕੇ ਮੱਝ ਦੇ ਥਣ ਧੋਤੇ। ਪਿਛਾਂਹ ਮੁੜ ਕੇ ਮੱਝ ਨੇ ਦੇਖਿਆ ਤੇ ਸ਼ੀਸ਼ੇ ਨੇ ਧਾਰ ਉਸ ਦੀ ਨਾਸ ਵਿਚ ਮਾਰੀ ਤੇ ਉਹੀ ਚੱਟਣ ਲਗ ਪਈ। ਦੋ ਤਿੰਨ ਧਾਰਾਂ ਇਦਾਂ ਮਾਰ ਕੇ ਸ਼ੀਸ਼ੇ ਨੇ ਪੱਟਾਂ ਵਿਚ ਬਾਲਟੀ ਲੈ ਕੇ ਧਾਰਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਮੁਣਸ਼ੀ ਨੇ ਆਖ਼ਰੀ ਭਰੀ ਟੋਕੇ ਦੇ ਪਰਨਾਲੇ ਹੇਠਾਂ ਖਿੱਚਦਿਆਂ ਕਿਹਾ, "ਕੱਟੀ ਲਈ ਵੀ ਕੁਝ ਛੱਡੀਂ।"

ਸ਼ੀਸ਼ੇ ਦੀ ਬਾਲਟੀ ਲੱਗਭਗ ਭਰ ਗਈ ਸੀ। ਉਸ ਕਿਹਾ, "ਕੱਟੀ, ਛੱਡ ਕੇ ਤੇ ਖਾਂਗੜ ਦਾ ਕੱਟਾ ਵੀ ਛੱਡ ਦੇ।"

ਦੁੱਧ ਚੋ ਹਟਣ ਮਗਰੋਂ ਤਾਈ ਨੇ ਕਿਹਾ, "ਨੀ ਸ਼ੀਸ਼ੋ, ਤੂੰ ਜ਼ਰਾ ਚੀਰਨੀਆਂ ਲਾ ਤੇ ਕਾਮਾ ਪੱਠੇ ਕੁਤਰ ਲਵੇ। ਜਿਹੜੇ ਹੈਗੇ ਸੀ ਉਹ ਤੇ ਪਾ ਦਿੱਤੇ ਨੇ। ਆਟਾ ਮੈਂ ਗੁੰਨ੍ਹਨੀ ਆਂ।"

ਸ਼ੀਸ਼ੇ ਨੇ ਆਗ ਲਾਉਣੇ ਸ਼ੁਰੂ ਕਰ ਦਿੱਤੇ। ਨੀਵਾਂ ਮੂੰਹ ਰੱਖਦਿਆਂ ਮੁਣਸ਼ੀ ਨੇ ਕਿਹਾ, "ਲੈ ਹੁਣ ਤਗੜੀ ਹੋ ਕੇ ਲਾਈਂ ਜ਼ਰਾ ਆਗ।"

"ਆਗ ਲੌਣ 'ਚ ਕੀ ਤਗੜੇ ਹੋਣਾ। ਤੂੰ ਤਗੜਾ ਹੋ ਕੇ ਲੱਗੀਂ। ਵਿਚੋਂ ਈ ਦੌੜ ਨਾ ਜਾਈਂ...।"

ਮੁਣਸ਼ੀ ਨੇ ਹੱਥੀ ਫੜੀ ਤੇ ਟੋਕਾ ਵਾਹੁਣਾ ਸ਼ੁਰੂ ਕਰ ਦਿੱਤਾ। ਇਕ ਭਰੀ ਅੱਖਾਂ ਦੇ ਫਰਕਾਰੇ ਵਿਚ ਕੁਤਰ ਸੁੱਟੀ। ਮੱਝਾਂ ਪੱਠਿਆਂ ਵੱਲ ਮੁੜ ਮੁੜ ਤੱਕਦੀਆਂ ਸਨ। ਖੁਰਲੀ ਖ਼ਾਲੀ ਪਈ ਸੀ, ਬੌਲਦਾਂ ਦੀ ਖੁਰਲੀ ਵਿਚ ਵੀ ਕੁਝ ਨਹੀਂ ਸੀ। ਮੁਣਸ਼ੀ ਨੇ ਟੋਕਾ ਰੋਕਿਆ ਤੇ ਪੱਠੇ ਟੋਕਰੀ ਵਿਚ ਪਾਉਣੇ ਸ਼ੁਰੂ ਕੀਤੇ।

"ਬਸ, ਕੋਹ ਨਾ ਤੁਰੀ ਤੇ ਬਾਬਾ ਤਿਹਾਈ", ਸ਼ੀਸ਼ੇ ਨੇ ਆਖਿਆ।

"ਨਹੀਂ, ਦੇਖੋਂ ਨਾ, ਡੰਗਰ ਭੁੱਖੇ ਨੇ।"

"ਸਭ ਸਾਹ ਲੈਣ ਦਾ ਬਹਾਨਾ", ਸ਼ੀਸ਼ੇ ਨੇ ਕਿਹਾ।

"ਸਾਹ ਚੜ੍ਹਿਆ ਕਿਤੇ ਤੈਨੂੰ ਦਿਸਦਾ ? ਲਾਉਣ ਵਾਲਾ ਹੋਵੇ ਤਾਂ ਮੈਂ ਵੀਹ ਵੀਹ ਭਰੀਆਂ ਕੁਤਰ ਸੁੱਟਾਂ।" ਮੁੰਡੇ ਦੇ ਅੰਦਰ ਕੁਝ ਅਜੀਬ ਜਿਹਾ ਜੋਸ਼ ਆ ਗਿਆ ਤੇ ਫੁੱਟਦੇ ਸੋਮੇ ਵਾਂਗ ਉਸ ਦੇ ਮੂੰਹੋਂ ਨਿਕਲਿਆ, "ਤੇਰੇ ਲਾਉਂਦਿਆਂ ਤੇ ਮੈਂ ਕੋਠਾ ਭਰਿਆ ਕੁਤਰ..." ਮੁੰਡੇ ਨੇ ਜ਼ਬਾਨ ਰੋਕ ਲਈ।

"ਕਹੀ ਚੱਲ, ਕਹੀ ਚੱਲ", ਸ਼ੀਸ਼ੋ ਨੇ ਹੌਲੀ ਨਰਮ ਲਹਿਜੇ ਵਿਚ ਕਿਹਾ, "ਤਾਂ ਤੂੰ ਕਾਇਰ ਨਹੀਂ।"

ਮੁੰਡਾ ਟੋਕਰੀ ਭਰ ਕੇ ਮੱਝਾਂ ਨੂੰ ਪਾ ਆਇਆ। ਫੇਰ ਇਕ ਬਲਦਾਂ ਨੂੰ ਤੇ ਫੇਰ ਮੁੜ ਕੇ ਮੱਝਾਂ ਨੂੰ। ਉਸ ਫੇਰ ਟੋਕੇ ਦੀ ਹੱਥੀ ਫੜ ਲਈ। ਟੋਕਾ ਵਗਦਾ ਗਿਆ। ਸ਼ੀਸ਼ੋ ਨੂੰ ਦੱਬਾ ਬਣਾਉਣਾ ਔਖਾ ਹੋ ਜਾਂਦਾ। ਟੋਕੇ ਦਾ ਚੱਕਰ ਸ਼ੀਸ਼ੋ ਨੂੰ ਇੰਜਣ ਦੇ ਪਹੀਏ ਵਾਂਗ ਭੌਂਦਾ ਜਾਪਦਾ। ਚੁੰਨੀ ਉਸ ਦੀ ਲੱਥ ਗਈ ਤੇ ਦੋ ਲਿਟਾਂ ਚਾਬਕਾਂ ਵਾਂਗ ਮਾਨੋ ਉਸ ਦੀਆਂ ਅੱਖਾਂ ਦੀ ਜੋੜੀ ਨੂੰ ਕਾਬੂ ਵਿਚ ਰੱਖਣ ਦਾ ਜਤਨ ਕਰਨ ਲੱਗ ਪਈਆਂ। ਪਰ ਉਸ ਦੀ ਨਿਗਾਹ ਮੁਣਸ਼ੀ ਦੇ ਇਕੱਠੇ ਹੋ ਕੇ ਫੁੱਲਦੇ ਤੇ ਸਿੱਧੇ ਹੋ ਕੇ ਖੁੱਲ੍ਹਦੇ ਡੌਲਿਆਂ 'ਤੇ ਜਾਣੋਂ ਨਹੀਂ ਸੀ ਟਿਕਦੀ। ਮੁਣਸ਼ੀ ਦੇ ਪੈਰ ਮਾਨੋ ਚਟਾਨਾਂ ਵਾਂਗ ਜੰਮੇ ਹੋਏ ਸਨ, ਜਿਨ੍ਹਾਂ ਨੂੰ ਵੱਡੇ ਤੋਂ ਵੱਡੇ ਤੂਫ਼ਾਨ ਵੀ ਟੱਸ ਤੋਂ ਮੱਸ ਨਹੀਂ ਸਨ ਕਰ ਸਕਦੇ। ਇਸ ਅਰਸੇ ਵਿਚ ਚੀਰਨੀ ਜੰਮ ਗਈ। ਟੋਕੇ ਹਵਾਈ ਜਹਾਜ਼ ਦੇ ਪੱਖੇ ਵਾਂਗ ਚਲਣ ਲੱਗੇ।

"ਖੜੋ ਜਾ", ਸ਼ੀਸ਼ੋ ਨੇ ਹੌਲੀ ਜਿਹੀ ਕਿਹਾ, "ਪੁੱਠਾ ਗੇੜ ਟੋਕਾ।"

"ਜ਼ੋਰ ਲਾ ਕੇ ਤੋਰ ਦੇ", ਉਸ ਹਵਾ ਦੀ ਤੇਜ਼ੀ ਨਾਲ ਚਲਦੇ ਟੋਕੇ ਤੋਂ ਆਵਾਜ਼ ਰਤਾ ਕੁ ਉੱਚੀ ਚੁੱਕ ਕੇ ਕਿਹਾ।

ਸ਼ੀਸ਼ੋ ਨੇ ਪਿੱਛੇ ਹੱਟ ਕੇ ਦੋਹਾਂ ਹੱਥਾਂ ਦਾ ਜ਼ੋਰ ਦੇ ਕੇ ਚੀਰਨੀ ਤੋਰ ਦਿੱਤੀ।

"ਸ਼ਾਬਾਸ਼ !" ਮੁਣਸ਼ੀ ਨੇ ਕਿਹਾ ਤੇ ਸਾਰੇ ਆਗ ਕੁਤਰ ਕੇ ਸਾਹ ਲਿਆ।

"ਬੱਲੇ", ਸ਼ੀਸ਼ੋ ਨੇ ਕਿਹਾ।

ਬਹੁਤ ਹੀ ਹੌਲੀ ਮੁਣਸ਼ੀ ਨੇ ਕਿਹਾ, "ਮੈਂ ਤੇਰੀ ਥਾਂ ਲਾਉਂਦਾ ਹੋਵਾਂ ਤਾਂ ਹੋਵੇ ਬੱਲੇ।

"ਤੂੰ ਲਾਉਂਦਾ ਹੋਵੇਂ ਤਾਂ ਮੈਂ ਕੁਤਰਦੀ ਕੁਤਰਦੀ ਮਰ ਜਾਂ, ਪਰ ਹਟਾਂ ਕਦੇ ਨਾ।"

ਮੁਣਸ਼ੀ ਚੌਕੰਨਾ ਹੋ ਗਿਆ। ਦੂਰੋਂ ਰਸੋਈ ਵਿਚੋਂ ਲਾਲਟੈਣ ਦਾ ਚਾਨਣ ਕੰਧ ਦੇ ਝਰੋਖੇ ਰਾਹੀਂ ਸ਼ੀਸ਼ੋ ਦੇ ਮੂੰਹ 'ਤੇ ਪੈ ਰਿਹਾ ਸੀ। ਦੋ ਲਾਲ ਗੁਲਾਬ ਜਿਵੇਂ ਚੰਦਰਮਾ ਵਿਚ ਰੱਖੇ ਹੋਏ ਹੋਣ ! ਅੱਖਾਂ ਵਿਚ ਇਕ ਡਲ੍ਹਕ ਸੀ ਤੇ ਸੌ ਸਾਲ ਧਰਤ ਵਿਚ ਦੱਬੀ ਹੋਈ ਸ਼ਰਾਬ ਦਾ ਰੰਗ। ਉਸ ਤਕ ਕੇ ਸਿਰ ਨੀਵਾਂ ਕਰ ਕੇ ਟੋਕਰੀ ਭਰਦਿਆਂ ਕਿਹਾ, "ਤੂੰ ਚਲੀ ਜਾ, ਸ਼ੀਸ਼ੋ। ਤੂੰ ਮਾਰ ਦਏਂਗੀ ਮੈਨੂੰ। ਮੈਂ ਸ਼ਰਾਬੀ ਨਹੀਂ ਕੋਈ।"

"ਸ਼ਰਾਬੀ ਨਹੀਂ ਤਾਂ ਹੋਰ ਵੀ ਬਹਾਦਰ ਹੋਇਆ ਕਿ।"

"ਕੀ ਕਰਨੀ ਐਂ, ਕੁੜੀਏ ਮੁਟਿਆਰੇ ? ਮੈਂ ਤੇ ਕਮੀਣ ਆਂ।"

"ਹੋਰ ਵੀ ਚੰਗਾ, ਸ਼ਰਾਬੀ ਤੇ ਨਹੀਂ, ਕਾਇਰ ਤੇ ਨਹੀਂ।"

"ਤੂੰ ਜ਼ਰੂਰ ਮਾਰ ਦਏਂਗੀ ਮੈਨੂੰ !" ਮੁਣਸ਼ੀ ਨੇ ਲੰਮਾ ਸਾਹ ਖਿਚ ਕੇ ਛੱਡਦਿਆਂ ਕਿਹਾ।

5

ਦੋ ਦਿਨ ਤਾਂ ਗੱਲ ਨੱਪੀ ਰੱਖੀ ਗਈ। ਆਖ਼ਰ ਰੌਲਾ ਪੈ ਹੀ ਗਿਆ ਕਿ ਸ਼ੀਸ਼ੋ, ਕਿਸ਼ਨ ਸਿੰਘ ਦੀ ਧੀ ਨਿਕਲ ਗਈ ਹੈ। "ਨੀ ਨਿਕਲੀ ਵੀ ਤੇ ਕੀਹਦੇ ਨਾਲ ? ਚੂੜ੍ਹੇ ਨਾਲ ? ਨੀ ਤੈਨੂੰ ਹੈਂਸ ਪੈ ਜਾਏ !" ਕੋਈ ਬਰਾਦਰੀ ਦੀ ਤੀਵੀਂ ਕਿਸੇ ਹੋਰ ਗੁਆਂਢਣ ਨਾਲ ਗੱਲ ਕਰਦੀ।

"ਕਰਨੀ ਦੀ ਭਰਨੀ", ਥਾਣੇਦਾਰਾਂ ਦੀਆਂ ਤੀਵੀਆਂ ਕਹਿੰਦੀਆਂ।

"ਭਾਈ ਦਾ ਸਰਾਫ਼", ਕੋਈ ਨੇਮੀ ਧਰਮੀ ਕਹਿੰਦਾ, ਪਰ ਉਸ ਨੂੰ ਅੰਧ-ਵਿਸ਼ਵਾਸ ਇਹ ਨਾ ਦੇਖਣ ਦਿੰਦਾ ਕਿ ਭਾਈ ਵੀ ਤਾਂ ਅਤਰੋ ਨੂੰ ਕੱਢ ਕੇ ਹੀ ਲਿਆਇਆ ਸੀ।

ਭਾਂਤੇ ਭਾਂਤ ਗੱਲਾਂ ਹੁੰਦੀਆਂ। ਸ਼ਾਹ ਹੋਰੀਂ ਚੋਰੀ ਚੋਰੀ ਸ਼ਾਹਣੀ ਨੂੰ ਕਹਿੰਦੇ, "ਦੇਖਿਆ ਕੇਸਰੋ, ਧੀਆਂ ਦੀਆਂ ਗਾਲ੍ਹਾਂ ਮੁੱਲ ਪੁਆ ਦਿੱਤੀਆਂ ਕਿ ਨਾ। ਥਾਣੇਦਾਰਾਂ ਦੇ ਚਰਨ ਨੂੰ ਐਸੀ ਫੂਕ ਮਾਰੀ ਕਿ ਉਸ ਆ ਜਾ ਕੇ ਗੱਡੀ ਚੜ੍ਹਾ ਦਿੱਤੀ। ਲੋਕਾਂ ਦੀ ਲੁਆ ਫਬਾ ਕੇ ਏਦਾਂ ਕੰਮ ਕੱਢੀਦੇ ਨੇ। ਪੈਸਾ ਤੇ ਸਾਡਾ ਕਿਸੇ ਧਿਰ ਵੱਲ ਮਾਰਿਆ ਨਹੀਂ ਜਾਣਾ। ਤੂੰ ਐਵੇਂ ਘਬਰਾਉਂਦੀ ਸੈਂ।"

ਦੌੜ ਭੱਜ ਸ਼ੁਰੂ ਹੋਈ। ਥਾਂ ਥਾਂ ਲੱਭਣ ਵਾਲ ਖਿਲਰ ਗਏ, ਪਰ ਕੁੜੀ ਤੇ ਮੁੰਡਾ ਕਿਤੇ ਨਾ ਲੱਭੇ। ਸੱਤਾਂ ਦਿਨਾਂ ਮਗਰੋਂ ਕੇਵਲ ਮੁਰੱਬਿਆਂ ਦੇ ਮਾਲਕਾਂ ਦੀ ਇਕ ਗੁਪਤ ਪੰਚਾਇਤ ਜੁੜੀ। ਸਾਰਿਆਂ ਫੈਸਲਾ ਕੀਤਾ ਕਿ ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ। ਇਹ ਬੜੀ ਮਾੜੀ ਗੱਲ ਹੋਈ ਹੈ। ਇਹ ਵੀ ਫ਼ੈਸਲਾ ਹੋਇਆ ਕਿ ਮੁਣਸ਼ੀ ਦੀ ਵਿਧਵਾ ਮਾਂ, ਜਵਾਲੀ ਦੇ ਘਰ ਰਾਤੀਂ ਜਾ ਕੇ ਉਸ ਦੀ ਜਵਾਨ ਕੁੜੀ ਨੂੰ ਚੁੱਕ ਕੇ ਚੌਂਕ ਵਿਚ ਖਰਾਬ ਕੀਤਾ ਜਾਵੇ। ਗੱਲ ਸਾਰੀ ਗੁਪਤ ਰੱਖੀ ਗਈ। ਪਰ ਜਦੋਂ ਰਾਤੀਂ ਉਸ ਦਾ ਘਰ ਘੇਰਿਆ ਗਿਆ ਤਾਂ ਪਤਾ ਲੱਗਾ ਕਿ ਸ਼ਾਮੀਂ ਕੁੜੀ ਤੇ ਦੋ ਛੋਟੇ ਮੁੰਡਿਆਂ ਨੂੰ ਲੈ ਕੇ ਉਹ ਪਹਿਲੋਂ ਹੀ ਜਾ ਚੁੱਕੀ ਸੀ। ਨੇਕੀ ਤੇ ਕਿਸੇ ਹੋਰ ਨੇ ਕੀਤੀ ਸੀ, ਪਰ ਲੜਾਈ ਕਰ ਕੇ ਇਹ ਬਦੀ ਬਣਾ ਕੇ ਥਾਣੇਦਾਰਾਂ ਦੇ ਚਰਨੇ ਦੇ ਜ਼ੁੰਮੇ ਲੱਗੀ। ਪਤਾ ਨਹੀਂ ਕਿਉਂ, ਸਾਰਾ ਚੱਕ ਕ੍ਰਿਸ਼ਨ ਸਿੰਘ ਦੇ ਹੱਕ ਵਿਚ ਹੋ ਗਿਆ ਸੀ। ਚਰਨੇ ਸਹੁੰਆਂ ਖਾਧੀਆਂ, ਪਰ ਪੰਚਾਇਤ ਨਾ ਮੰਨੇ। ਉਹ ਕਹਿਣ, "ਭਈ, ਮੁੰਡੇ ਕੁੜੀ ਨੂੰ ਫੜਵਾ।" ਕਿਸ਼ਨ ਸਿੰਘ ਤੇ ਉਸ ਦੇ ਭਰਾ ਹੀ ਮਾਣ ਨਹੀਂ ਸਨ, ਹੁਣ ਤੇ ਪਿੰਡ ਸਾਰਾ ਉਨ੍ਹਾਂ ਵੱਲ ਸੀ। ਉਹ ਕਹਿਣ, "ਚਰਨ ਨੂੰ ਅਸੀਂ ਵੱਢ ਦੇਣਾ।" ਚਰਨ ਕਹਿਣ ਲੱਗਾ, "ਭਈ ਪਤਾ ਨਹੀਂ ਮੈਨੂੰ ਕੁਛ, ਪਰ ਪੰਚਾਇਤ ਦਾ ਕਿਹਾ ਸਿਰ ਮੱਥੇ। ਮੇਰਾ ਭਾਵੇਂ ਕਿੰਨਾ ਲੱਗ ਜਾਏ, ਮੈਂ ਫੜਾ ਦਊਂ।"

ਕੋਈ ਡੇਢ ਕੁ ਮਹੀਨੇ ਮਗਰੋਂ ਇਕ ਡਾਕਟਰ ਦੀ ਹੱਟੀ ਅੱਗੋਂ ਸ਼ੀਸ਼ੋ ਲੰਘੀ। ਡਾਕਟਰ ਚੱਕ ਵਿਚ ਕਈ ਵਰ੍ਹੇ ਕੰਮ ਕਰ ਗਿਆ ਸੀ ਤੇ ਦੋ ਸਾਲਾਂ ਤੋਂ ਇਸ ਸ਼ਹਿਰ ਹੱਟੀ ਆਣ ਪਾਈ ਸੀ। ਇਹ ਬਸਤੀ ਮਿੱਲ-ਮਜ਼ਦੂਰਾਂ ਦੀ ਸੀ। ਡਾਕਟਰ ਨੇ ਬਹੁਤਾ ਗਹੁ ਨਾ ਕੀਤਾ। ਪੰਜਾਂ ਸੱਤਾਂ ਦਿਨਾਂ ਮਗਰੋਂ ਜਦ ਉਹ ਵੱਡੇ ਸਟੇਸ਼ਨ 'ਤੇ ਆਪਣੇ ਬਾਲ-ਬੱਚੇ ਨੂੰ ਲੈਣ ਗਿਆ, ਤਾਂ ਉਸ ਨੂੰ ਚੱਕ ਦਾ ਇਕ ਬੰਦਾ ਮਿਲ ਪਿਆ। ਉਹ

ਦੇਸ ਕਿਸੇ ਵਿਆਹ ਜਾ ਰਿਹਾ ਸੀ। ਸੁਖ-ਸਾਂਦ ਪੁੱਛਦਿਆਂ ਸ਼ੀਸ਼ੋ ਦੇ ਨਿਕਲਣ ਦੀ ਗੱਲ ਤੁਰ ਪਈ। ਡਾਕਟਰ ਨੇ ਕਿਹਾ, "ਮੈਨੂੰ ਇਕ ਦਿਨ ਝੌਲਾ ਤੇ ਪਿਆ ਸੀ, ਪਰ ਪਤਾ ਕਰ ਕੇ ਦੱਸੂੰ।" ਉਸ ਆ ਕੇ ਬਸਤੀ ਦੀ ਖੋਜ ਕਰਨੀ ਸ਼ੁਰੂ ਕੀਤੀ। ਆਖ਼ਰ ਇਕ ਦਿਨ ਉਸ ਨੂੰ ਸਬਜ਼ੀ ਖਰੀਦਦੀ ਸ਼ੀਸ਼ੋ ਲੱਭ ਪਈ। ਉਸ ਪਿੱਛਾ ਕਰ ਕੇ ਉਸ ਦੇ ਘਰ ਦਾ ਪਤਾ ਕਰ ਲਿਆ ਤੇ ਇਕ ਤਾਰ ਉਸ ਦੇ ਪਿਉ ਨੂੰ ਦੇ ਦਿੱਤੀ। ਪੰਜ ਜਣੇ ਦੂਸਰੇ ਦਿਨ ਸ਼ਾਮੀਂ ਉਥੇ ਆਣ ਪਹੁੰਚੇ। ਸ਼ੀਸ਼ੋ ਇਕੱਲੀ ਸੀ। ਮੁਣਸ਼ੀ ਰੁਪਏ ਕਮਾ ਕੇ ਹੋਰ ਅੱਗੇ ਕਿਤੇ ਥਾਂ ਬਣਾਉਣ ਗਿਆ ਹੋਇਆ ਸੀ। ਪਰ ਸ਼ੀਸ਼ੋ ਨੇ ਉਨ੍ਹਾਂ ਨੂੰ ਕੁਝ ਨਾ ਦੱਸਿਆ।

ਸ਼ੀਸ਼ੋ ਇਕੋ ਕਹੇ, "ਮੈਂ ਤੁਹਾਡੇ ਨਾਲ ਨਹੀਂ ਜਾਣਾ। ਮੈਂ ਤੇ ਵਿਆਹੀ ਹੋਈ ਆਂ।

"ਕਿਹੜੇ ਗੁਰਦੁਆਰੇ ਵਿਆਹ ਹੋਇਆ ਤੇਰਾ ? ਦੱਸ !"

"ਕੱਠਾ ਰਹਿਣ-ਬਹਿਣ ਈ ਵਿਆਹ ਹੁੰਦਾ ਐ ਕਿ ਮਨ ਮਿਲੇ ਦਾ ਮੇਲ ਹੁੰਦਾ।"

ਕਿਸ਼ਨ ਸਿੰਘ ਨੇ ਉਸ ਨੂੰ ਬੜਾ ਕੁੱਟਿਆ, ਪਰ ਉਹ ਆਪਣੇ ਹੱਠ 'ਤੇ ਪੱਕੀ ਰਹੀ। ਲੋਕਾਂ ਨੂੰ ਪਤਾ ਲੱਗ ਗਿਆ। ਕੋਈ ਉਸ ਦਾ ਸਾਥ ਨਾ ਦੇਵੇ। ਡਾਕਟਰ ਦੇ ਕਹਿਣ 'ਤੇ ਸਾਰਿਆਂ ਇਤਬਾਰ ਕੀਤਾ ਤੇ ਕੁੜੀ ਨੂੰ ਅੱਗੇ ਲਾ ਦਿੱਤਾ। ਉਹ ਪਿੰਡ ਬੜੀ ਮੁਸ਼ਕਲਾਂ ਨਾਲ ਲਿਆਂਦੀ ਗਈ। ਬਸ ਜਾਨੋਂ ਨਹੀਂ ਮਾਰਿਆ, ਹੋਰ ਸਭ ਤਸੀਹੇ ਦਿੱਤੇ, ਪਰ ਕੁੜੀ ਮੁਣਸ਼ੀ ਦਾ ਪਤਾ ਨਾ ਦੱਸੇ। ਉਹ ਕਹੇ "ਤੁਸੀਂ ਮੈਨੂੰ ਮਾਰ ਦਓ। ਮੈਂ ਉਸ ਨੂੰ ਕੱਢ ਕੇ ਲਗਈ ਸਾਂ। ਕਸੂਰ ਤੇ ਮੇਰਾ ਐ।"

ਚਰਨ ਨੂੰ ਓਸੇ ਦਿਨ ਲਾਹੌਰ ਭੇਜ ਦਿੱਤਾ ਗਿਆ। ਉਸ ਡਾਕਟਰ ਤੋਂ ਘਰ ਪੁੱਛ ਲਿਆ। ਤਿੰਨਾਂ ਦਿਨਾਂ ਮਗਰੋਂ ਮੁਣਸ਼ੀ ਆਇਆ ਤੇ ਸਾਰਾ ਹਾਲ ਜਾਣਿਆ। ਮਕਾਨ ਵਾਲਿਆਂ ਉਸ ਨੂੰ ਝਟ-ਪਟ ਮਕਾਨ ਖ਼ਾਲੀ ਕਰਨ ਨੂੰ ਕਿਹਾ। ਮਕਾਨ ਵਿਚ ਕੀ ਸੀ ? ਉਸ ਖ਼ਾਲੀ ਕਰ ਦਿੱਤਾ। ਚਰਨ ਉਸ ਦਾ ਪਿੱਛਾ ਤੇ ਕਰ ਹੀ ਰਿਹਾ ਸੀ, ਮੁੜ ਘਿੜ ਕੇ ਐਉਂ ਮਿਲਿਆ ਜਿਵੇਂ ਅਚਾਨਕ ਮਿਲ ਪਿਆ ਹੁੰਦਾ ਹੈ।

"ਸ਼ੀਸ਼ੋ ਰਾਜੀ ਐ ?" ਚਰਨ ਨੇ ਪੁੱਛਿਆ।

"ਜਾਹ, ਓਏ ਜਾ, ਤੈਨੂੰ ਭਲਾ ਪਤਾ ਨਹੀਂ ?"

"ਕੀ ਭਲਾ ?" ਚਰਨ ਨੇ ਪੁੱਛਿਆ।

"ਸ਼ੀਸ਼ੋ ਨੂੰ ਡਾਕਟਰ ਮਿਹਰ ਚੰਦ ਨੇ ਫੜਾ ਦਿੱਤਾ। ਉਹ ਉਸ ਨੂੰ ਚੁੱਕ ਕੇ ਲੈ ਗਏ ਨੇ। ਖਬਰੇ ਉਸ ਨਾਲ ਕੀ ਬੀਤਦੀ ਹੋਊ !" ਇਹ ਕਹਿ ਕੇ ਮੁਣਸ਼ੀ ਬਾਲਾਂ ਵਾਂਗ ਰੋਣ ਲੱਗ ਪਿਆ।

"ਰੋਨਾਂ ਕਿਉਂ ਐਂ ? ਹੀਲਾ-ਚਾਰਾ ਕੀਤਿਆਂ ਹੀ ਕੁਝ ਬਣਦਾ। ਮੈਂ ਤੇ ਦੇਸ ਆਇਆ ਹੋਇਆ ਸਾਂ। ਪਿੱਛੇ ਦਾ ਕੁਝ ਪਤਾ ਨਹੀਂ। ਅੱਗੇ ਤੇਰੀ, ਦੇਖ ਲੈ, ਕਿੱਦਾਂ ਸਿਰ ਤਲੀ 'ਤੇ ਰਖ ਕੇ ਮਦਦ ਕੀਤੀ ਸੀ ਤੇ ਹੁਣ ਵੀ ਕਰਾਂਗੇ। ਪਰ ਮਰਦਾਨਾ ਹੋ ਤੂੰ।"

"ਮੇਰਾ ਉਸ ਦਾ ਬਚਨ ਹੈ, ਮਰ ਜਾਣਾ ਪਰ ਛੱਡਣਾ ਨਹੀਂ। ਰੱਬ ਕੇ ਵਾਸਤੇ ਮੇਰੀ ਬਾਹਲ ਬਣ ਫੇਰ", ਮੁਣਸ਼ੀ ਨੇ ਬੇਨਤੀ ਕੀਤੀ।

"ਅੱਗੇ ਬਣੇ ਆਂ ਤੇ ਹੁਣ ਵੀ ਬਣਾਂਗੇ। ਪਰ ਤੂੰ ਮਾੜਾ ਕਿਉਂ ਹੋ ਗਿਆਂ ?"

"ਏਥੇ ਕਿਹੜੀਆਂ ਬੂਰੀਆਂ ਬੱਝੀਆਂ ਨੇ, ਚੰਨਿਆਂ ? ਸ਼ੀਸ਼ੋ ਵੀ ਤੇ ਮਾੜੀ ਹੋ ਗਈ ਸੀ।"

ਓਸੇ ਦਿਨ ਸ਼ਾਮ ਦੀ ਗੱਡੀ ਉਹ ਤੁਰ ਪਏ ਚੱਕ ਨੂੰ। ਤਿੰਨ ਵਜੇ ਤੜਕੇ ਟੇਸ਼ਨੋਂ ਉੱਤਰ ਕੇ ਡਾਂਡੇ ਮੀਂਡੇ ਚਰਨ ਕੀ ਆਲ੍ਹੀ 'ਤੇ ਪਹੁੰਚੇ। ਚਰਨ ਸਿੰਘ ਨੇ ਕਿਹਾ, "ਮੁਣਸ਼ੀ, ਦਿਨ ਤੇ ਕੱਢ ਸਾਰਾ। ਏਥੇ ਰੋਟੀ ਤੈਨੂੰ ਪੁਚਾ ਦਊਂ ਮੈਂ। ਬਾਹਰੋਂ ਜਿੰਦਾ ਮਾਰ ਦਊਂ। ਫੇਰ ਦੇਖੂੰ ਹਾਲ, ਕੀ ਬਣਦੈ ? ਜਦੋਂ ਦਾਅ ਲੱਗਾ, ਤੇਰੇ ਨਾਲ ਅੱਗੇ ਵਾਂਗ ਤੇਰੀ ਮਸ਼ੂਕ ਤੋਰ ਦਊਂ।"

ਚਰਨ ਜਿੰਦਾ ਮਾਰ ਕੇ ਚਲਾ ਗਿਆ। ਰੋਟੀ ਵੀ ਸਵੇਰੇ ਪੁਚਾ ਦਿੱਤੀ ਤੇ ਮਗਰੋਂ ਚੋਰੀਂ ਕਿਸ਼ਨ ਸਿੰਘ ਨੂੰ ਜਾ ਪਤਾ ਦਿੱਤਾ। ਉਨ੍ਹਾਂ ਦੂਰ ਦੂਰ ਆਲ੍ਹੀ 'ਤੇ ਪਹਿਰਾ ਲਾ ਦਿੱਤਾ।

ਬਚਨ, ਸ਼ੇਰ ਸਿੰਘ ਦਾ ਪੁੱਤਰ ਵੀ ਕਾਲਜੋਂ ਆ ਗਿਆ ਹੋਇਆ ਸੀ ਤੇ ਸਾਰੀ ਗੱਲ ਨੂੰ ਘੋਖ ਰਿਹਾ ਸੀ। ਕੁੜੀ ਦੀ ਮਾਰ ਵੀ ਓਸੇ ਹਟਾਈ ਸੀ। ਉਸ ਨੂੰ ਚਾਚਿਆਂ ਦੀਆਂ ਅੱਜ ਦੀਆਂ ਸਰਗਰਮੀਆਂ ਦਾ ਪਤਾ ਨਹੀਂ ਸੀ ਲਗਦਾ। ਉਹ ਉਨ੍ਹਾਂ ਦੀਆਂ ਸਰਗਰਮੀਆਂ ਦੇ ਕੇਂਦਰ ਨੂੰ ਲੱਭਣਾ ਚਾਹੁੰਦਾ ਸੀ, ਪਰ ਸ਼ਾਮ ਤਕ ਨਿਸਫਲ ਰਿਹਾ ਸੀ। ਕੁੜੀ ਹੋਰ ਵਿਆਹ ਮੰਨਦੀ ਨਹੀਂ ਸੀ ਤੇ ਉਸ ਨੂੰ ਡਰ ਸੀ ਕਿ ਕਿਤੇ ਕਿਸੇ ਰਾਤ ਓਸ ਨੂੰ ਕਤਲ ਨਾ ਕਰ ਦੇਣ। ਕੁੜੀ ਉਸ ਨੂੰ ਬੇਕਸੂਰ ਜਾਪਦੀ ਸੀ।

ਸ਼ਾਮੀਂ ਕਿਸ਼ਨ ਸਿੰਘ ਨੇ ਸ਼ਰਾਬ ਦੀਆਂ ਬੋਤਲਾਂ ਮੰਗਵਾਈਆਂ ਤੇ ਇਕ ਪਾਸੇ ਚਲਾ ਗਿਆ। ਹਨੇਰੀ ਰਾਤ ਸੀ। ਇਕ ਵਜੇ ਚਰਨ ਸਿੰਘ ਨੇ ਜਿੰਦਾ ਖੋਲ੍ਹਿਆ। ਮੁਣਸ਼ੀ ਜਾਗਦਾ ਹੀ ਸੀ। ਬਾਹਰ ਨਿਕਲਿਆ। ਚਾਰ ਨੇਜ਼ੇ ਉਸ ਦੇ ਚਹੁੰ ਪਾਸੀਂ ਲੱਗ ਗਏ।

"ਚਰਨ ਸਿੰਆਂ", ਮੁਣਸ਼ੀ ਨੇ ਵਾਜ ਦਿੱਤੀ।

ਕਿਸ਼ਨ ਸਿੰਘ ਨੇ ਕਿਹਾ, "ਤੁਰ ਪਓ ਸਿੱਧਾ ਹੋ ਕੇ।"

ਮੁਣਸ਼ੀ ਸਭ ਕੁਝ ਸਮਝ ਗਿਆ ਤੇ ਉਸਨੂੰ ਸਿਵਿਆਂ ਤੋਂ ਪਾਰਲੇ ਉਜਾੜ ਮੁਰੱਬਿਆਂ ਵਾਲੇ ਜ਼ਖ਼ੀਰੇ ਵਿਚ ਖੜਿਆ ਗਿਆ। ਗਾਲ੍ਹਾਂ ਭੈੜੀਆਂ ਤੋਂ ਭੈੜੀਆਂ ਵਰ੍ਹਨੀਆਂ ਸ਼ੁਰੂ ਹੋਈਆਂ।

"ਗਾਲ੍ਹਾਂ ਦਾ ਕੀ ਫੈਦਾ, ਜੋ ਕਰਨਾਂ ਜੇ ਕਰੋ।"

"ਐਸੇ ਤਸੀਹੇ ਦੇ ਦੇ ਕੇ ਮਾਰੋ ਕਿ ਰੱਬ ਵੀ ਰੋ ਪਏ", ਹਨੇਰੇ ਵਿਚੋਂ ਕਿਸੇ ਦੀ ਰਾਖ਼ਸ਼ ਵਰਗੀ 'ਵਾਜ ਆਈ।

"ਇਸ ਦਾ ਪੋਟਾ ਪੋਟਾ ਜੀਉਂਦੇ ਦਾ ਵੱਢੋ। ਪਤਾ ਲੱਗੇ ਜ਼ਿਮੀਂਦਾਰਾਂ ਦੀ ਪੱਗ ਨੂੰ ਕਿਵੇਂ ਹੱਥ ਪਾਈਦਾ ਐ।"

ਬਚਨ ਸਿੰਘ ਨੇ ਕੇਂਦਰ ਦਾ ਪਤਾ ਕਰ ਲਿਆ ਸੀ, ਪਰ ਗੱਲ ਦਾ ਪਤਾ ਨਹੀਂ ਸੀ। ਹੁਣ ਜਦ ਉਸ ਨੂੰ ਚਾਚੇ ਵੀ ਨਾ ਲੱਭੇ ਤਾਂ ਉਹ ਚਰਨੇ ਦੀ ਆਲ੍ਹੀ ਵਲ ਭੱਜਾ।

"ਜਾਹ, ਮੁਣਸ਼ੀ ਘੇਰਿਆ ਹੋਇਆ ਈ ਜ਼ਖ਼ੀਰੇ ਵੱਲ। ਤੂੰ ਵੀ ਹੱਥ ਸੁੱਚਾ ਕਰ

ਆ", ਚਰਨੇ ਨੇ ਰਾਹ ਵਿਚ ਮਿਲ ਕੇ ਕਿਹਾ।

ਜਦ ਉਹ ਉਥੇ ਪੁੱਜਾ ਤਾਂ ਮੁਣਸ਼ੀ ਦੇ ਦੋ ਹੱਥ ਕੱਟ ਦਿੱਤੇ ਗਏ ਸਨ ਤੇ ਇਕ ਲੱਤ 'ਤੇ ਕੁਹਾੜੀ ਦਾ ਵਾਰ ਹੋਇਆ ਹੀ ਸੀ।

"ਮਰ ਗਿਆ ਸਗੋਂ", ਬਚਨ ਨੇ 'ਵਾਜ ਦਿੱਤੀ।

"ਆ ਜਾ, ਆ ਜਾ, ਤਸੀਹੇ ਦੇ ਦੇ ਮਾਰਨਾ ਇਹਨੂੰ", ਮਿਹਰ ਸਿੰਘ ਨੇ ਕਿਹਾ।

"ਇਸ ਨੂੰ ਪੀੜ ਨਹੀਂ ਹੁੰਦੀ।"

"ਪੀੜ ਤੇ ਹੁੰਦੀ ਐ, ਸਰਦਾਰ, ਪਰ ਸੀ ਨਹੀਂ ਕਰਦਾ", ਮੁਣਸ਼ੀ ਨੇ ਕਿਹਾ।

ਬਚਨ ਨੇ ਬੈਟਰੀ ਮਾਰੀ। ਦੋ ਹੱਥ ਤੇ ਇਕ ਲੱਤ ਵੱਖਰੇ ਪਏ ਸਨ। ਪਰਲ ਪਰਲ ਲਹੂ ਵਗ ਰਿਹਾ ਸੀ। ਬੈਟਰੀ ਨੇ ਮਾਨੋ ਅੱਖਾਂ ਮੀਟ ਲਈਆਂ।

"ਮੁਣਸ਼ੀ, ਇਹ ਕਿਸ ਦਾ ਕਸੂਰ ਐ ?"

"ਸਰਦਾਰ ਕਿਸ਼ਨ ਸਿੰਘ ਦਾ।"

"ਬਖਸ਼ੀਸ਼ੋ ਦਾ ?"

"ਕੋਈ ਨਹੀਂ", ਉਸ ਦੀ ਆਵਾਜ਼ ਦ੍ਰਿੜ੍ਹ ਸੀ।

"ਤੇਰਾ ?"

"ਨਹੀਂ", ਉਸ ਦੀ ਆਵਾਜ਼ ਹੋਰ ਵੀ ਦ੍ਰਿੜ੍ਹ ਸੀ।

ਕਿਸ਼ਨ ਸਿੰਘ ਪਿੱਛੇ ਹਟ ਗਿਆ।

ਬਚਨ ਸਿੰਘ ਨੇ ਫੇਰ ਪੁੱਛਿਆ, "ਕਿਸੇ ਹੋਰ ਦਾ ?"

"ਪਾਲੋ ਸ਼ਾਹ ਦਾ।"

"ਆਹ ਹੁਣ ਮੈਨੂੰ ਪੀੜ ਹੋਈ ! ਮੈਨੂੰ ਛੇਤੀ ਮੁਕਾ ਦਿਓ।"

ਕਿਸ਼ਨ ਸਿੰਘ ਨੇ ਕਿਹਾ, "ਹੋਰ ਤਸੀਹੇ ਨਾ ਦਿਓ।

ਉਸ ਨੇ ਬਰਛਾ ਮੁਣਸ਼ੀ ਦੀ ਛਾਤੀ ਵਿਚੋਂ ਪਾਰ ਕਰ ਦਿੱਤਾ।

"ਆ...ਹ ਕੋਈ ਤਰ...ਸਵਾ...ਨ ! ਤੇਰਾ...ਭਲਾ...ਆਹ !"

ਬਚਨ ਸਿੰਘ ਪਿੰਡ ਵੱਲ ਨੂੰ ਦੌੜਿਆ ਜਾਂਦਾ ਕਹਿ ਗਿਆ, "ਲਾਸ਼ ਨੂੰ ਸੰਭਾਲੋ। ਪਿੰਡ ਵਿਚ ਪਤਾ ਲੱਗਣ ਦੇ ਅਸਾਰ ਨੇ।"

ਉਸ ਨੂੰ ਭੈਣ ਦਾ ਫਿਕਰ ਪਿਆ। ਕਾਤਲ ਕਿਤੇ ਹੋਰ ਕਤਲ ਨਾ ਕਰ ਦੇਣ। ਘਰ ਜਾ ਕੇ ਬਖਸ਼ੀਸ਼ੋ ਨੂੰ ਕੱਢਿਆ ਤੇ ਪੁੱਠੇ ਪਾਸੇ ਇਕ ਆਪਣੇ ਦੋਸਤ ਦੇ ਪਿੰਡ ਲੈ ਤੁਰਿਆ।

"ਕਿੱਥੇ ਵੀਰ ?"

"ਜਿੱਥੇ ਮੈਂ ਕਹਾਂ, ਭੈਣੇ।"

"ਮੁਣਸ਼ੀ ਦਾ ਕੋਈ ਪਤਾ ?"

"ਲੱਗ ਜਾਏਗਾ।"

"ਉਸ ਦਾ ਕੋਈ ਕਸੂਰ ਨਹੀਂ, ਵੀਰ ਜੀ।"

"ਤੇਰਾ ਵੀ ਨਹੀਂ ਭੈਣ। ਚਾਚੇ ਦਾ ਹੈ, ਪਾਲੇ ਸ਼ਾਹ ਦਾ ਹੈ, ਤੇ ਮੈਨੂੰ ਪਤਾ ਹੈ ਕਸੂਰ ਕਿਥੋਂ ਨਿਕਲਦੇ ਹਨ। ਮੈ ਤੈਨੂੰ ਦੱਸਾਂਗਾ। ਦੌੜੀ ਚੱਲ ਜ਼ਰਾ, ਜੇ ਕਿਤੇ ਇਸ ਅੰਨ੍ਹੇਰੀ ਜ਼ਾਲਮ ਰਾਤ ਵਿਚੋਂ ਬਚ ਨਿਕਲੇ, ਫੇਰ ਤੈਨੂੰ ਸਭ ਕੁਝ ਦੱਸਾਂਗਾ। ਤੂੰ ਸਮਝ ਜਾਏਂਗੀ। ਤੂੰ ਤੇ ਮੈ ਲੜਾਂਗੇ, ਭੈਣ, ਬੇਇਨਸਾਫ਼ੀ ਨਾਲ।"

"ਤੇ ਮੁਣਸ਼ੀ ਵੀ ?"

ਬਚਨ ਕੁਝ ਲਾ ਬੋਲਿਆ। ਉਹ ਸੋਚਦਾ ਗਿਆ। ਕਿਸ਼ਨ ਸਿੰਘ ਦਾ ਅਰਥ: ਥੋੜ੍ਹੀ ਜ਼ਮੀਨੀ ਮਲਕੀਅਤ ਤੇ ਉਸ ਦੀ ਆਕੜ, ਮੂਰਖਤਾ। ਪਾਲੇ ਸ਼ਾਹ ਦਾ ਅਰਥ: ਧਨ, ਲੁਟੇਰਾਪਨ ਤੇ ਚਲਾਕੀ। ਮੁਣਸ਼ੀ ਤੇ ਸ਼ੀਸ਼ੇ ਦਾ ਅਰਥ: ਸਾਂਝਾ ਕੰਮ ਤੇ ਪਿਆਰ, ਤੇ ਸਾਂਝਾ ਸੰਸਾਰ।

ਕਪੂਰ ਤੇ ਮਜ਼ਦੂਰ

ਕਰਮ ਚੰਦ ਜਦੋਂ ਮੈਨੇਜਰ ਸਾਹਿਬ ਦੇ ਦਫਤਰ ਵਿਚੋਂ ਝਾੜ ਖਾ ਕੇ ਨਿਕਲਿਆ ਤਾਂ ਉਸ ਦਾ ਹਾਲ ਬਹੁਤ ਬੁਰਾ ਸੀ। ਉਸ ਨੂੰ ਐਸੇ ਕਠੋਰ ਵਰਤਾਉ ਦੀ ਕਦੇ ਆਸ ਨਹੀਂ ਸੀ। ਕਪੂਰ ਵੀ ਵਿੰਗ ਤੇ ਸਪਿੰਨਿੰਗ ਮਿਲਜ਼ ਦੇ ਮਾਲਕ ਨਾਲ ਉਹ ਆਪਣੇ ਆਪ ਨੂੰ ਇਕ ਬੜੇ ਭਾਰੇ ਰਿਸ਼ਤੇ ਨਾਲ ਸੰਬੰਧਤ ਸਮਝਤਾ ਸੀ। ਉਹ ਆਪ ਵੀ ਕਪੂਰ ਸੀ ਅਤੇ ਇਸੇ ਰਿਸ਼ਤੇ ਨੂੰ ਜਤਾ ਜਤਾ ਕੇ ਕਪੂਰ ਸਾਹਿਬ ਤੇ ਉਨ੍ਹਾਂ ਦੇ ਮੈਨੇਜਰ ਸਾਹਿਬ ਨੇ ਉਸ ਤੋਂ 'ਮਜ਼ਦੂਰ ਸਭਾ' ਦੇ ਵਿਰੁੱਧ ਕਈ ਕੰਮ ਕਰਵਾਏ ਸਨ। ਕਰਮ ਚੰਦ ਮਜ਼ਦੂਰ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਕਪੂਰ ਸਾਹਿਬ ਦੀ ਮੁੱਛ ਦਾ ਵਾਲ ਸਮਝਦਾ ਸੀ। ਪਰ ਨਫੇਬਾਜ਼ੀ ਦੀ ਦੁਨੀਆਂ ਵਿਚ ਕੌਣ ਕਿਸੇ ਦਾ ਹੁੰਦਾ ਹੈ। ਮੈਨੇਜਰ ਮਹਿਤਾ ਸਾਹਿਬ, ਕਪੂਰ ਸਾਹਿਬ ਦੇ ਸਾਲੇ ਦਾ ਤਾਂ ਉਹ ਆਪਣੇ ਆਪ ਨੂੰ ਸੱਜਾ ਹੱਥ ਸਮਝਦਾ ਸੀ।

ਅੱਜ ਜਦ ਉਹ ਆਪਣੇ ਤਿੰਨਾਂ ਉਂਗਲਾਂ ਤੋਂ ਸੱਖਣੇ ਹੱਥ ਵਾਲੀ ਬਾਂਹ ਨੂੰ ਗਲ ਵਿਚ ਪਾਈ, ਮੈਨੇਜਰ ਸਾਹਿਬ ਤੋਂ ਆਪਣੇ ਸਦੀਵੀ ਆਰੀ ਪੁਣੇ ਦੇ ਕਾਨੂੰਨੀ ਇਵਜ਼ਾਨੇ ਬਾਰੇ ਪੁੱਛਣ ਆਇਆ ਸੀ ਤਾਂ ਮੈਨੇਜਰ ਸਾਹਿਬ ਦੀਆਂ ਅੱਖਾਂ ਹੀ ਫਿਰੀਆਂ ਹੋਈਆਂ ਸਨ। ਉਸ ਨੂੰ ਦੱਸਿਆ ਗਿਆ ਸੀ ਕਿ ਤੇਰ੍ਹਾਂ ਫਰਵਰੀ, 1950 ਵਾਲੇ ਦਿਨ ਉਹ ਗੈਰ-ਹਾਜ਼ਰ ਸੀ। ਤੇਰ੍ਹਾਂ ਫਰਵਰੀ ਸੰਨ 1950 ਨੂੰ, ਅੱਜ ਤੋਂ ਤਿੰਨ ਮਹੀਨੇ ਪਹਿਲਾਂ, ਇਹ ਉਂਗਲਾਂ ਕਟੀਣ ਵਾਲੀ ਦੁਰਘਟਨਾ ਉਨ੍ਹਾਂ ਦੀ ਫੈਕਟਰੀ ਅੰਦਰ ਪਹਿਲੀ ਸ਼ਿਫਟ ਵਿਚ ਹੋਈ ਸੀ। ਇਹ ਦੁਰਘਟਨਾ ਦੀ ਜ਼ਿੰਮੇਂਵਾਰੀ ਮੈਨੇਜਰ ਸਾਹਿਬ ਤੇ ਆਉਂਦੀ ਸੀ। ਮਸ਼ੀਨ ਦੀਆਂ ਪੁਲੀਆਂ ਤੇ ਪਟੇ ਬਦਲਾਉਣ ਵਾਲਾ ਚਿਮਟਾ ਟੁੱਟ ਗਿਆ ਸੀ। ਕਰਮ ਚੰਦ ਨੇ ਮਸ਼ੀਨ ਬੰਦ ਕਰ ਦੇਣੀ ਚਾਹੀ ਸੀ,ਪਰ ਮਾਲ ਦੇ ਭਾਅ ਦੀ ਤੇਜ਼ੀ ਕਾਰਨ ਮੈਨੇਜਰ ਸਾਹਿਬ ਨੇ ਕਿਹਾ ਸੀ ਕਿ ਮਸ਼ੀਨ ਚਲਦੀ ਰੱਖੀ ਜਾਏ। "ਪਟੇ ਦਾ ਕੀ ਹੁੰਦਾ ਹੈ, ਉਹ ਤੇ ਹੱਥ ਨਾਲ ਧੱਕ ਕੇ ਚਾੜ੍ਹ ਲਾਹ ਲਈਦਾ ਹੈ।" ਉਸ ਕਰਮ ਚੰਦ ਨੂੰ ਆਖਿਆ ਸੀ, "ਤੇ ਤੂੰ ਤੇ ਬਹੁਤ ਹੀ ਸਿਆਣਾ ਕਾਰੀਗਰ ਹੈਂ।"

ਕਰਮ ਚੰਦ ਨੇ ਮਸ਼ੀਨ ਚਾਲੂ ਰੱਖੀ ਸੀ। ਮਜ਼ਦੂਰ ਕਾਰੀਗਰਾਂ ਦਾ ਰੌਲਾ ਪਿਆ ਸੀ ਕਿ ਮਸ਼ੀਨਾਂ ਦੀ ਚਾਲ ਵਧਾ ਦਿਤੀ ਗਈ ਹੈ। ਚਾਲ ਤਾਂ ਵਧੀ ਹੋਈ ਕਰਮ ਚੰਦ ਨੂੰ ਜਾਪਦੀ ਸੀ, ਪਰ ਉਹ ਸਦਾ ਮਾਲਕਾਂ ਦਾ ਸਾਥ ਦਿੰਦਾ ਰਿਹਾ ਸੀ। ਇਸ ਤੋਂ ਪਹਿਲੋਂ ਕਿ ਮਜ਼ਦੂਰ ਕੋਈ ਸਾਂਝਾ ਕਦਮ ਚੁੱਕਣ, ਕਰਮ ਚੰਦ ਦੀ ਇਕ ਚੀਕ ਵੱਜੀ ਸੀ ਤੇ ਉਸ ਦਾ ਲਹੂ-ਲੁਹਾਨ ਹੱਥ ਲਾਗਲੇ ਮਜ਼ਦੂਰਾਂ ਨੇ ਦੇਖਿਆ ਸੀ। ਮਜ਼ਦੂਰਾਂ ਨੇ ਆਪਣੀਆਂ ਮਸ਼ੀਨਾਂ ਬੰਦ ਕਰ ਕੇ ਕਰਮ ਚੰਦ ਨੂੰ ਸੰਭਾਲਿਆ ਸੀ। ਪਟਾ ਧੱਕਣ ਲੱਗਿਆਂ ਸ਼ਾਇਦ

ਤੇਜ਼ ਚਾਲ ਕਾਰਨ ਉਸ ਦੀਆਂ ਉਂਗਲਾਂ ਪਟੇ ਦੇ ਜੋੜ ਤੋਂ ਉੱਖੜੀ ਹੋਈ ਕੰਘੀ ਵਿਚ ਫਸ ਕੇ ਕੱਟੀਆਂ ਗਈਆਂ ਸਨ। ਉਨ੍ਹਾਂ ਵਿਚੋਂ ਦੋ ਉਂਗਲਾਂ ਜੋੜਾਂ ਲਾਗੋਂ ਮਾਸ ਨਾਲ ਥੋੜ੍ਹੀਆਂ ਥੋੜ੍ਹੀਆਂ ਅੜੀਆਂ ਹੋਈਆਂ ਲਮਕ ਰਹੀਆਂ ਸਨ।

ਮਜ਼ਦੂਰਾਂ ਕੋਲੋਂ ਮੈਨੇਜਰ ਤੇ ਚੌਕੀਦਾਰਾਂ ਨੇ ਉਸ ਨੂੰ ਸੰਭਾਲ ਲਿਆ ਸੀ। ਮਜ਼ਦੂਰ ਸਮਝਦੇ ਸਨ ਕਿ ਮਾਲਕਾਂ ਦਾ ਖ਼ਾਸ ਆਦਮੀ ਹੋਣ ਕਰਕੇ ਉਨ੍ਹਾਂ ਦੀ ਉਸ ਨੂੰ ਕੋਈ ਲੋੜ ਨਹੀਂ। ਕਈਆਂ ਦੇ ਮਨ ਵਿਚ ਉਸ ਦੇ ਮਜ਼ਦੂਰ ਜਥੇਬੰਦੀ ਨਾਲ ਕੀਤੇ ਵਿਰੋਧ ਤੇ ਵਧੀਕੀਆਂ ਕਾਰਨ ਜੋਸ਼ ਸੀ, ਤੇ ਕਈ ਉਸ ਨੂੰ ਸਿੱਧੀ ਨਫ਼ਰਤ ਦੀ ਨਜ਼ਰ ਨਾਲ ਵੀ ਵੇਖਦੇ ਸਨ। ਜਿਹੜੇ ਕੁਝ ਸਿਆਣੇ ਸਨ, ਉਹ ਸਮਝਦੇ ਸਨ, ਕਰਮ ਚੰਦ ਮਾਲਕਾਂ ਦਾ ਆਪਣਾ ਆਦਮੀ ਹੋਣ ਕਰਕੇ ਉਹ ਉਸ ਲਈ ਸਭ ਕੁਝ ਆਪ ਕਰਨਗੇ। ਹਾਂ, ਉਨ੍ਹਾਂ ਮਸ਼ੀਨਾਂ ਦੀ ਚਾਲ ਤੇਜ਼ ਹੋਣ 'ਤੇ ਇਤਰਾਜ਼ ਕੀਤਾ। ਪਰ ਬਿਨਾਂ ਇਹ ਮੰਨਿਆਂ ਕਿ ਚਾਲ ਤੇਜ਼ ਕੀਤੀ ਗਈ ਸੀ, ਮਾਲਕਾਂ ਨੇ ਚਾਲ ਠੀਕ ਟਿਕਾਣੇ 'ਤੇ ਲੈ ਆਂਦੀ ਸੀ।

ਅੱਜ ਆ ਕੇ ਕਰਮ ਚੰਦ ਨੂੰ ਪਤਾ ਲੱਗਾ ਕਿ ਉਸ 'ਤੇ ਵਾਪਰੀ ਦੁਰਘਟਨਾ ਦੀ ਰਿਪੋਰਟ ਦਰਜ ਹੀ ਨਹੀਂ ਸੀ ਕੀਤੀ ਗਈ। ਉਸ ਨੂੰ ਕੁਝ ਦਿਨ ਗੈਰਹਾਜ਼ਰ ਦਿਖਾ ਕੇ ਫ਼ੈਕਟਰੀ ਵਿਚੋਂ ਹਟਾ ਦਿੱਤਾ ਗਿਆ ਸੀ।

ਹੁਣ ਉਸ ਦੇ ਸਾਹਮਣੇ ਪਿਛਲੀਆਂ ਗੱਲਾਂ ਤੇ ਘਟਨਾਵਾਂ ਸੰਖੇਪ-ਲਿਪੀ ਵਾਂਗ, ਮਾਨਸਿਕ-ਸੰਖੇਪ-ਚਿੰਨ੍ਹ ਬਣ ਕੇ ਤੇ ਸਿਨੇਮਾ ਦੀ ਕਹਾਣੀ ਵਾਂਗ, ਸਾਲਾਂ ਤੇ ਦਹਾਕਿਆਂ ਨੂੰ ਸਕਿੰਟਾਂ ਤੇ ਮਿੰਟਾਂ ਵਿਚ ਬਦਲਦੀਆਂ ਹੋਈਆਂ ਲੰਘਣ ਲੱਗੀਆਂ। ਉਸ ਨੂੰ ਇਹ ਕਹਿ ਕੇ ਇਕ ਪ੍ਰਾਈਵੇਟ ਡਾਕਟਰ ਕੋਲ ਭੇਜਿਆ ਗਿਆ ਸੀ ਕਿ ਸਰਕਾਰੀ ਹਸਪਤਾਲਾਂ ਵਿਚ ਪੈਸੇ ਬਿਨਾਂ ਮਰੀਜ਼ਾਂ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ। ਡਾਕਟਰ ਚੰਗਾ ਸਰਜਨ ਸੀ ਤੇ ਉਸ ਨੇ ਉਸ ਦਾ ਲਹੂ ਬੰਦ ਕਰ ਕੇ ਯੋਗ ਇਲਾਜ ਸ਼ੁਰੂ ਕੀਤਾ ਸੀ। ਮਗਰੋਂ ਘਰ ਜਾ ਕੇ ਟੀਕੇ ਆਦਿ ਵੀ ਉਹ ਆਪ ਹੀ ਕਰਦਾ ਰਿਹਾ ਸੀ। ਉਸ ਕਰਮ ਚੰਦ ਤੋਂ ਆਪਣੇ ਬਿੱਲਾਂ ਦੀ ਰਕਮ ਦੀ ਮੰਗ ਕੀਤੀ ਸੀ। ਕਰਮ ਚੰਦ ਨੇ ਕਿਹਾ ਸੀ, "ਡਾਕਟਰ ਸਾਹਿਬ, ਮੈਂ ਕਪੂਰ ਸਾਹਿਬ ਦਾ ਖ਼ਾਸ ਆਦਮੀ ਹਾਂ। ਮੈਂ ਵੀ ਕਪੂਰ ਹਾਂ।"

ਡਾਕਟਰ ਨੇ ਬਿੱਲ ਵੱਡੀ ਅਸਾਮੀ ਤੋਂ ਲੈਣੇ ਸਨ। ਸੋ ਉਸਨੂੰ ਬਿੱਲਾਂ ਦੇ ਪੇਸ਼ ਕਰਨ ਦੀ ਕੋਈ ਕਾਹਲੀ ਨਹੀਂ ਰਹੀ ਹੋਵੇਗੀ। ਦੋ ਮਹੀਨੇ ਉਸ ਨੂੰ ਘਰ ਦੇ ਖ਼ਰਚ ਲਈ ਨਕਦ ਕੁਝ ਨਾ ਕੁਝ ਮਿਲ ਜਾਂਦਾ ਰਿਹਾ। ਤੀਸਰੇ ਮਹੀਨੇ ਜਦ ਕਿ ਉਸਨੂੰ ਕਿਸੇ ਕੁਝ ਨਾ ਭੇਜਿਆ ਤੇ ਡਾਕਟਰ ਵੀ ਪੱਟੀ ਕਰਦਾ ਲਾਪਰਵਾਹੀ ਦਿਖਾਣ ਲੱਗਾ, ਤਾਂ ਉਸ ਸੋਚਿਆ ਕਿ ਉਹ ਆਪ ਜਾ ਕੇ ਮੈਨੇਜਰ ਸਾਹਿਬ ਦੇ ਨਾਲ ਗੱਲ ਕਰੇ। ਪਰ ਮੈਨੇਜਰ ਨੇ ਤੇ ਸਿੱਧੇ ਮੂੰਹ ਗੱਲ ਕਰਨੋਂ ਵੀ ਇਨਕਾਰ ਕਰ ਦਿੱਤਾ ਸੀ। ਉਸ ਦੇ ਕਲਰਕ ਨੇ ਕਰਮ ਚੰਦ ਨੂੰ ਦੱਸਿਆ ਸੀ ਕਿ ਤੇਰ੍ਹਾਂ ਤਰੀਕ ਨੂੰ ਫੈਕਟਰੀ ਵਿਚ ਕੋਈ ਦੁਰਘਟਨਾ ਹੋਈ ਦਰਜ ਨਹੀਂ ਤੇ ਪੱਕੇ ਆਰੀਪੁਣੇ ਦੇ ਪੈਸੇ ਮਿਲਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਉਸ ਇਹ ਵੀ ਦਸਿਆ ਕਿ ਆਪਣਾ ਆਦਮੀ ਹੋਣ ਕਰਕੇ ਡਾਕਟਰ ਸਾਹਿਬ ਦਾ ਖ਼ਰਚ ਤੇ ਉਸ ਦੀ ਮਾਇਕ ਸਹਾਇਤਾ ਵੀ

ਸੇਠ ਸਾਹਿਬ ਨੇ ਸ਼ਾਇਦ ਆਪਣੇ ਪਾਸੋਂ ਕਰ ਦਿੱਤੀ ਹੋਵੇ।

ਕਰਮ ਚੰਦ ਜਿਸ ਹਨੇਰੇ ਨੂੰ ਚਾਨਣਾ ਸਮਝਣ ਦੀ ਬੀਮਾਰੀ ਵਿਚ ਗ੍ਰਸਿਆ ਰਿਹਾ ਸੀ, ਉਸ ਦੀ ਹੁਣ ਉਸ ਨੂੰ ਪੂਰੀ ਤਰ੍ਹਾਂ ਸਮਝ ਆ ਗਈ ਸੀ। ਉਸ ਸਮਝਿਆ ਸੀ ਕਿ ਕਪੂਰ ਸਾਹਿਬ ਤੋਂ ਦੁਰਘਟਨਾ ਦੀ ਆਪਣੀ ਜ਼ਿੰਮੇਂਵਾਰੀ ਲੁਕਾਈ ਰੱਖਣ ਲਈ ਮੈਨੇਜਰ ਨੇ ਸਭ ਕੁਝ ਕੀਤਾ ਹੋਵੇਗਾ। ਇਕ ਵਾਰੀ ਜਦੋਂ ਉਸ ਨੇ ਕਪੂਰ ਸਾਹਿਬ ਕੋਲ਼ ਹਾਜ਼ਰ ਹੋ ਕੇ ਸਾਰੀ ਗੱਲ ਕਹਿ ਦਿਤੀ ਤਾਂ ਸਭ ਠੀਕ ਹੋ ਜਾਵੇਗਾ। ਦਿਨ ਦਾ ਚਾਨਣ ਦੇਖ ਕੇ ਵੀ ਉਹ ਵਹਿਮ ਦੀ ਜਾਲ਼ਿਆਂ ਨਾਲ ਭਰੀ ਸੁਰੰਗ ਵਿਦ ਦਾਖ਼ਲ ਹੋ ਰਿਹਾ ਸੀ।

ਉਸ ਨੇ ਕਪੂਰ ਸਾਹਿਬ ਦੇ ਅੰਦਰ ਜਾਣ ਦੀ ਆਗਿਆ ਮੰਗੀ। ਆਖ਼ਰ ਧਰਨਾ ਮਾਰ ਕੇ ਬੈਠਣ ਦੇ ਡਰਾਵੇ ਕਾਰਨ ਉਸਨੂੰ ਆਗਿਆ ਮਿਲ ਹੀ ਗਈ। ਕਰਮ ਚੰਦ ਨੇ ਸਾਰੀ ਗੱਲ ਸੁਣਾਈ, ਪਰ ਕਪੂਰ ਸਾਹਿਬ ਉਸ 'ਤੇ ਵਿਸ਼ਵਾਸ ਹੀ ਨਹੀਂ ਸਨ ਕਰਦੇ। ਉਹ ਜੋ ਕੁਝ ਕਹੇ, ਉਸ ਨੂੰ ਮੰਨ ਲੈਣ ਵਾਲੇ ਦਿਨ ਮਾਨੋ ਕਾਫ਼ੂਰ ਹੋ ਗਏ ਸਨ। ਉਹ ਨਿਰਾਸ, ਕਪੂਰ ਸਾਹਿਬ ਦੇ ਦਫ਼ਤਰ ਵਿਚੋਂ ਨਿਕਲ ਕੇ ਬਾਹਰਲੇ ਗੇਟ ਵਲ ਤੁਰਿਆ ਜਾ ਰਿਹਾ ਸੀ। ਰਸਤੇ ਵਿਚ ਉਸ ਨੂੰ ਇਕ ਦੋ ਮਜ਼ਦੂਰ ਆਉਂਦੇ ਮਿਲੇ ਸਨ। ਸਰਸਰੀ ਹਾਲ-ਹਵਾਲ ਪੁੱਛਿਆ ਗਿਆ ਸੀ। ਮਜ਼ਦੂਰ ਜੱਥੇ ਦੀ ਸਦਾ ਵਿਰੋਧਤਾ ਕਰਨ 'ਤੇ ਸ਼ਰਮਸਾਰ, ਉਹ ਅਸਲ ਗੱਲ ਕਿਸੇ ਨੂੰ ਦੱਸਦਾ ਹੀ ਨਹੀਂ ਸੀ। ਉਸ ਸਿੱਟਾ ਕੱਢ ਲਿਆ ਸੀ ਕਿ ਸਭ ਕਲਾ ਮਾਲਕ ਦੀ ਭੁਆਈ ਭੌਂਦੀ ਹੈ। ਚਾਨਣ ਫੇਰ ਹੋ ਗਿਆ ਸੀ। ਕੀਤੀ ਕਾਰ ਦੀ ਜ਼ਰਾ ਕੁ ਖੁਲ੍ਹ-ਦਿਲੀ ਪੇਸ਼ਗੀ ਤੋਂ ਸਿਵਾ, ਉਸ ਨੂੰ ਕਦੇ ਕੁਝ ਵਾਧੂ ਮਿਲਿਆ ਵੀ ਨਹੀਂ ਸੀ, ਤੇ ਜੋ ਕੁਝ ਮਿਲਿਆ ਵੀ ਹੋਵੇ ਤਾਂ ਉਹ ਹੁਣ ਸਮਝਦਾ ਸੀ ਕਿ ਮਜ਼ਦੂਰਾਂ ਦੀ ਧਰਮਾਊ-ਕਾਟ ਵਿਚੋਂ ਚਾਰ ਸੌ ਵੀਹ ਨਾਲ ਹੀ ਮਿਲਿਆ ਹੋਵੇਗਾ। ਮਜ਼ਦੂਰਾਂ ਕੋਲ ਉਹ ਸਹਾਇਤਾ ਲਈ ਕਿਉਂ ਜਾਵੇ ? ਉਸ ਦਾ ਕੀ ਹੱਕ ਸੀ ?

ਮੈਨੇਜਰ ਸਾਹਿਬ ਨੇ ਵੀ ਸ਼ਾਹਿਦ ਇਸੇ ਵਿਰੋਧਤਾ ਦਾ ਖਿਆਲ ਰੱਖਿਆ ਸੀ। ਹੁਣ ਦਸ ਪੰਦਰਾਂ ਰੁਪਏ ਐਡਵਾਂਸ ਜਾਂ ਚਾਂਦੀ ਤੋਂ ਕਾਗਜ਼ ਵਿਚ ਬਦਲੇ ਇਕ ਦੋ ਟੁਕਰਾਂ ਦੇ ਸੁੱਟਣ ਦਾ ਸਵਾਲ ਨਹੀਂ ਸੀ, ਜਿਸ ਵਿਚੋਂ ਮਜ਼ਦੂਰਾਂ ਦੇ ਲਹੂ ਦਾ ਲੂਣ ਸੁਆਦ ਦੇਂਦਾ ਸੀ। ਹੁਣ ਹਜ਼ਾਰਾਂ ਦੀ ਰਕਮ ਦਾ ਸਵਾਲ ਸੀ। ਕਰਮ ਚੰਦ ਮਿਹਨਤ ਕਰ ਕੇ ਉਸ ਦੇ ਮੁੱਲ ਦਾ ਇਕ ਛੋਟਾ ਅੰਸ਼ ਪ੍ਰਾਪਤ ਕਰਦਾ ਹੋਇਆ ਵੀ, ਉਸ ਨੂੰ ਮਾਲਕ ਦਾ ਲੂਣ ਸਮਝਿਆ ਕਰਦਾ ਸੀ। ਉਸ ਨੂੰ ਧਨੀ-ਸਮਾਜ ਦੇ ਇਖਲਾਕ, ਧਰਮ, ਕਾਨੂੰਨ, ਸਾਹਿਤ, ਆਚਾਰ ਆਦਿ ਨਾਲ ਪਾਏ ਪੇਚਦਾਰ ਪ੍ਰਭਾਵਾਂ ਤੋਂ ਇਹੋ ਗਿਆਨ ਮਿਲਿਆ ਸੀ ਕਿ ਧਨੀ ਦੇ ਧਨ ਨਾਲ ਫ਼ੈਕਟਰੀਆਂ ਬਣਦੀਆਂ ਹਨ, ਕੱਚਾ ਮਾਲ ਆਉਂਦਾ ਹੈ ਤੇ ਇਸ ਤਰ੍ਹਾਂ ਸਾਡੀ ਉਜਰਤ ਸਾਡੀ ਮਿਹਨਤ ਦਾ ਮੁੱਲ ਨਹੀਂ, ਧਨੀ ਦੀ ਦਾਤ ਹੈ, ਉਹ ਉਸ ਦਾ ਲੂਣ ਹੈ। ਉਨ੍ਹਾਂ ਨੂੰ ਮੁਜ਼ਾਰਾ ਤੇ ਕਾਮਾ ਜਾਗੀਰਦਾਰ ਦਾ ਲੂਣ ਖਾਂਦਾ ਦਿਸਦਾ ਸੀ। ਇਕ ਵਾਰੀ ਜਦੋਂ ਉਸ ਨੇ ਇਨ੍ਹਾਂ ਗੱਲਾਂ ਦੀ ਅਸਲੀਅਤ ਸਮਝਾਈ ਜਾਂਦੀ ਕਿਸੇ ਕੋਲੋਂ ਸੁਣੀ ਸੀ ਤਾਂ ਉਸ ਨੂੰ ਕਰਮ ਚੰਦ ਨੇ ਨਾਸਤਕ ਕਿਹਾ ਸੀ। ਉਸ

ਨੂੰ ਸਮਝ ਨਹੀਂ ਸੀ ਆਉਂਦੀ ਕਿ ਮਿਹਨਤ ਵਿਕਣ ਵਾਲੀ ਸ਼ੈ ਕਿਵੇਂ ਹੋ ਸਕਦੀ ਹੈ, ਭਾਵੇਂ ਉਹ ਰੋਜ਼ ਮਜ਼ਦੂਰੀ ਵੇਚਦਾ ਸੀ। ਪਰ ਮਜ਼ਦੂਰੀ ਕੋਈ ਦਿਸਣ ਵਾਲੀ ਠੋਸ ਸ਼ੈ ਥੋੜ੍ਹੀ ਸੀ ? ਪਰ ਅੱਜ ਉਸ ਨੂੰ ਸਮਝ ਆ ਰਹੀ ਸੀ। ਕਿਰਤੀ ਦੀ ਕਿਰਤ ਰਚਿਤ ਜਿਨਸ ਬਣਾ ਕੇ ਕੱਚੇ ਮਾਲ ਦਾ ਮੁੱਲ ਵਧਾਉਂਦੀ ਹੈ, 'ਪੈਸਾ' ਨਹੀਂ। ਧਨੀ ਤੇ ਵਿਹਲੜ ਜਾਗੀਰਦਾਰ ਜੋ ਐਸ਼ੋ-ਇਸ਼ਰਤ, ਮਜ਼ਦੂਰ ਤੇ ਕਾਮੇ ਨੂੰ ਉਸੇ ਦੀ ਮਿਹਨਤ ਦੇ ਮੁੱਲ ਦਾ ਵੱਡਾ ਹਿੱਸਾ ਨਾ ਦੇ ਕੇ ਕਰਦਾ ਸੀ, ਉਸ ਵਿਚ ਕਾਮੇ ਤੇ ਮਜ਼ਦੂਰ ਦੇ ਲਹੂ ਦਾ ਲੂਣਾ ਸੁਆਦ ਸੀ, ਜੋ ਆਦਮ-ਖ਼ੋਰ ਬਘਿਆੜ ਵਾਂਗ ਮੂੰਹ ਲੱਗਾ ਨਹੀਂ ਸੀ ਛੁੱਟਦਾ। ਕਾਰਖ਼ਾਨੇਦਾਰ ਤੇ ਜਾਗੀਰਦਾਰ ਮਜ਼ਦੂਰ ਤੇ ਕਾਮੇ ਦਾ ਲੂਣ ਖਾਂਦੇ ਸਨ ਜਾਂ ਲਹੂ ਪੀਂਦੇ ਸਨ, ਜਿਸ ਵਿਚੋਂ ਕੁਝ ਹਿੱਸਾ ਮੈਨੇਜਰਾਂ ਤੇ ਕਰਮ ਚੰਦ ਵਰਗੇ ਟਾਊਟਾਂ ਨੂੰ ਦੇਂਦੇ ਸਨ। ਉਹ ਆਪਣੇ ਆਪ ਕੁਝ ਨਹੀਂ ਸਨ ਕਰਦੇ, ਸਭ ਕੁਝ ਉਨ੍ਹਾਂ ਤੋਂ ਕਰਵਾਇਆ ਜਾਂਦਾ ਸੀ। ਕਰਮ ਚੰਦ ਨੂੰ ਅੱਜ ਪਤਾ ਲਗਾ ਕਿ ਕਪੂਰ ਸਾਹਿਬ 'ਧਨੀ' ਹਨ ਤੇ ਉਹ 'ਮਜ਼ਦੂਰ'। ਤੇ ਕਪੂਰ ਹੋਣ ਦੀ ਸਾਂਝ ਉਨ੍ਹਾਂ ਵਿਚ ਕੋਈ ਨਹੀਂ।

ਉਸ ਨੂੰ ਗੁੱਸਾ ਚੜ੍ਹ ਗਿਆ। ਪਰ ਉਹ ਇਕੱਲਾ ਸੀ। ਗੁੱਸਾ ਕੁਰਾਹੇ ਪੈ ਗਿਆ। ਉਸ ਸੋਚਿਆ: ਮੈਂ ਫ਼ੈਕਟਰੀ ਨੂੰ ਅੱਗ ਲਾ ਦਵਾਂਗਾ। ਫੇਰ ਉਸ ਨੂੰ ਮਜ਼ਦੂਰਾਂ ਦੇ ਇਕ ਸਾਥੀ ਦੇ ਬੋਲ ਯਾਦ ਆਏ। ਉਸ ਕਿਹਾ ਸੀ, "ਨਿਰਾਸ ਹੋ ਕੇ ਕਈ ਮਜ਼ਦੂਰ ਮਸ਼ੀਨਾਂ ਨੂੰ ਕੋਸਣ ਲੱਗ ਪੈਂਦੇ ਹਨ। ਮਸ਼ੀਨ ਆਦਮੀ ਦਾ ਔਜ਼ਾਰ ਹੈ, ਕੁਦਰਤ ਨੂੰ ਜਿੱਤਣ ਲਈ। ਆਦਮੀਆਂ ਨੇ ਸਮੁੰਦਰ ਨੂੰ ਜਿੱਤ ਲਿਆ ਹੈ, ਹਵਾ ਜਿੱਤ ਰਹੇ ਹਨ। ਪਹਾੜਾਂ ਨੂੰ ਚੀਰ ਸੁੱਟਿਆ ਹੈ ਤੇ ਦਰਿਆਵਾਂ ਨੂੰ ਬੰਨ੍ਹ ਲਿਆ ਹੈ। ਮਸ਼ੀਨ ਆਦਮੀ ਦੇ ਕਾਬੂ ਹੋਣੀ ਚਾਹੀਦੀ ਹੈ। ਮਸ਼ੀਨ ਨਫ਼ੇ ਲਈ ਚੱਲੇਗੀ ਤਾਂ ਆਦਮੀ ਉਸ ਦੇ ਕਾਬੂ ਵਿਚ ਹੋਵੇਗਾ ਅਤੇ ਉਹ ਅੰਨ੍ਹੀ ਤਾਕਤ ਹੋ ਕੇ ਕਿਸਮਤ ਜਾਂ ਭਾਗ ਦਾ ਵਹਿਮ ਉਪਜਾਵੇਗੀ। ਪਰ ਜੇ ਉਸ ਨੂੰ ਮਨੁੱਖ ਸਮਾਜਕ ਤੌਰ 'ਤੇ ਕਾਬੂ ਕਰ ਕੇ ਚਲਾਵੇਗਾ ਤੇ ਮਨੁੱਖ ਦੇ ਸੁਖ ਲਈ ਚਲਾਵੇਗਾ ਤਾਂ ਉਹ ਮਨੁੱਖ ਦੇ ਰਾਹੀਂ ਕੁਦਰਤ 'ਤੇ ਹੋਰ ਜਿੱਤਾਂ ਪ੍ਰਾਪਤ ਕਰਨ ਦਾ ਸਾਧਨ ਬਣੇਗੀ। ਮਸ਼ੀਨੀ ਸਮੇਂ ਤੋਂ ਪੁਰਾਤਨ ਸਮੇਂ ਵੱਲ ਮੁੜਨਾ ਵਹਿਸ਼ਤ ਵੱਲ ਮੁੜਨਾ ਹੈ। ਮਸ਼ੀਨਾਂ ਨੂੰ ਤੋੜਨਾ ਭੰਨਣਾ ਆਪਣੇ ਔਜ਼ਾਰਾਂ ਤੇ ਸੰਦਾਂ ਦੀ ਦੌਲਤ ਨੂੰ ਗੁਆ ਕੇ ਹੱਥਲ ਹੋਣਾ ਹੈ। ਕਿਸਾਨ ਤੇ ਮਜ਼ਦੂਰ ਦਾ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਕਰਨ ਲਈ ਲੜਨਾ, ਉਨ੍ਹਾਂ ਦਾ ਆਪਣੇ ਹੱਕ ਲਈ ਲੜਨਾ ਹੈ ਤੇ ਉਸੇ ਵਿਚ ਸਾਰਿਆਂ ਦਾ ਸੁੱਖ ਹੈ।

ਦਸ ਜਮਾਤਾਂ ਪੜ੍ਹੇ ਹੋਏ ਹੋਣ ਦੇ ਬਾਵਜੂਦ ਵੀ, ਉਸ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ ਆਈ, ਜਦ ਕਿ ਜਥੇਬੰਦੀ ਵਿਚ ਬੱਝੇ ਬਿਲਕੁਲ ਅਨਪੜ੍ਹ ਮਜ਼ਦੂਰ ਵੀ ਇਨ੍ਹਾਂ ਗੱਲਾਂ ਨੂੰ ਸਮਝਦੇ ਸਨ। ਅੱਜ ਉਸ ਨੂੰ ਸਭ ਕੁਝ ਸਮਝ ਆ ਗਿਆ ਸੀ। ਉਸ ਕਿਹਾ, "ਫ਼ੈਕਟਰੀ ਨੂੰ ਫੂਕਣਾ ਜਹਾਲਤ ਹੈ। ਇਕੱਲੇ ਦੁਕੱਲੇ ਕੰਮ ਕਰਨਾ ਅਸੰਭਵ ਹੈ ਤੇ ਜੇ ਕੀਤਾ ਵੀ ਜਾਵੇ ਤਾਂ ਹੁਲੜਬਾਜ਼ੀ ਵਿਚ ਬਦਲ ਜਾਂਦਾ ਹੈ। ਪਰ ਉਸ 'ਤੇ ਵਿਸ਼ਵਾਸ ਹੀ ਕੌਣ ਕਰੇਗਾ ?"

ਉਹ ਬਹੁਤ ਦੁਖੀ ਹੋ ਗਿਆ ਸੀ। ਹੁਣ ਉਸ ਬਾਹਰਲਾ ਗੇਟ ਪਾਰ ਕਰ ਲਿਆ

ਸੀ। ਉਹ ਬਹੁਤ ਘਬਰਾ ਗਿਆ ਸੀ। ਬਾਹਰ ਟਾਹਲੀ ਦੇ ਰੁਖ ਹੇਠਾਂ ਉਹ ਘਾਹ ਦੀ ਤਹਿ ਵਿਛੀ ਦੇਖ ਕੇ ਲੇਟ ਗਿਆ। ਉਸ ਕੋਲ ਕੋਈ ਪੈਸਾ ਨਹੀਂ ਸੀ। ਉਹ ਸੁਹਾਗਵੰਤੀ ਤੇ ਆਪਣੇ ਤਿੰਨ ਬੱਚਿਆਂ ਕੋਲ ਕਿਸ ਤਰ੍ਹਾਂ ਜਾਵੇਗਾ ? ਸਭ ਕੁਝ ਤਾਂ ਉਹ ਪਾਕਿਸਤਾਨ ਵਿਚ ਲੁਟਾ ਕੇ ਇਥੇ ਪਹੁੰਚੇ ਸਨ। ਗਾਂਧੀ ਵੀ ਤਾਂ ਸੱਚ ਲਈ ਮਰਨ-ਵਰਤ ਰੱਖਦਾ ਸੀ। ਅੱਜ ਉਸ ਨੂੰ ਆਪਣਾ ਸੱਚ ਗਾਂਧੀ ਦੇ ਸੱਚਾਂ ਤੋਂ ਉਪਰ ਦਿਸਦਾ ਸੀ। ਉਹ ਉਠ ਕੇ ਆਪਣੇ ਮਨ ਦੀ ਦ੍ਰਿੜ੍ਹਤਾ ਵਾਂਗ ਜੰਮ ਕੇ ਬੈਠ ਗਿਆ।

"ਕਪੂਰ ਸਾਹਿਬ, ਐਥੇ ਬੈਠੇ ਓ ?" ਕਿਸੇ ਪੁੱਛਿਆ। ਅੱਜ "ਕਪੂਰ ਸਾਹਿਬ" ਨਾਂ ਵਿਚੋਂ ਉਸ ਨੂੰ ਚੋਟ ਪ੍ਰਤੀਤ ਹੋਈ। ਉਸ ਦੇਖਿਆ ਉਹ ਤੇ ਮਜ਼ਦੂਰਾਂ ਦਾ ਸਾਥੀ ਸੀ। ਸਾਥੀ ਨੂੰ ਅੱਖਾਂ ਰਾਹੀਂ ਕਰਮ ਚੰਦ ਅੰਦਰੋਂ ਪੰਘਰਿਆ ਹੋਇਆ ਦਿਸਿਆ। ਉਹ ਉਸ ਦੇ ਲਾਗੇ ਬੈਠ ਗਿਆ।

"ਤੁਹਾਡੇ ਸਦੀਵੀ ਆਰੀ ਹੋਣ ਦੇ ਇਵਜ਼ਾਨੇ ਦੀ ਅਦਾਇਗੀ ਹੋ ਗਈ ?"

ਕਰਮ ਚੰਦ ਚੁੱਪ ਰਿਹਾ।

"ਤੁਸੀਂ ਮੈਨੂੰ ਕਦੇ ਆਪਣਾ ਸਾਥੀ ਨਹੀਂ ਸਮਝਿਆ ?"

ਕਰਮ ਚੰਦ ਫਿਰ ਚੁੱਪ ਰਿਹਾ।

"ਦਾਲ ਵਿਚ ਕੁਝ ਕਾਲਾ ਹੈ ?"

ਕਰਮ ਚੰਦ ਫਿਰ ਵੀ ਚੁੱਪ ਰਿਹਾ।

"ਤਾਂ ਕੀ ਇਵਜ਼ਾਨਾ ਨਹੀਂ ਮਿਲਿਆ ?"

ਕਰਮ ਚੰਦ ਨੇ ਨਾਂਹ ਵਿਚ ਹੌਲੀ ਜਿਹੀ ਸਿਰ ਹਿਲਾਇਆ। ਸਾਥੀ ਹੈਰਾਨ ਹੋ ਗਿਆ। ਉਸ ਹੌਲੀ ਹੌਲੀ ਸਾਰੀ ਗੱਲ ਪੁੱਛ ਲਈ। ਅੰਦਰੋਂ ਆਏ ਇਕ ਮਜ਼ਦੂਰ ਨੇ ਸਾਥੀ ਨੂੰ ਦੇਖਿਆ। ਸਾਥੀ ਨੇ ਕੁਝ ਕਿਹਾ। ਮਜ਼ਦੂਰ ਅੰਦਰ ਚਲਾ ਗਿਆ। ਪੰਜਾਂ ਮਿੰਟਾਂ ਵਿਚ ਪੰਜ ਮਜ਼ਦੂਰ ਅੰਦਰੋਂ ਆ ਗਏ। ਸਾਥੀ ਤੋਂ ਸਭ ਕੁਝ ਸੁਣ ਕੇ ਉਹ ਹੈਰਾਨ ਰਹਿ ਗਏ।

"ਪਰ ਸਾਥੀ ! ਕਰਮ ਚੰਦ ਹੋਰੀਂ ਸਾਡੀ ਜੱਥੇਬੰਦੀ ਵਿਚ ਨਹੀਂ ਹਨ। ਅਸੀਂ..."

"ਸਭ ਦੁਨੀਆਂ ਭਰ ਦੇ ਮਜ਼ਦੂਰ ਭਰਾ ਭਰਾ ਹਨ।"

ਪੰਜੇ ਮਜ਼ਦੂਬ ਅੰਦਰ ਚਲੇ ਗਏ। ਮਿੰਟਾਂ ਵਿਚ ਫ਼ੈਕਟਰੀ ਦਾ ਕੰਮ ਬੰਦ ਹੋ ਗਿਆ। ਮਜ਼ਦੂਰਾਂ ਨੇ ਹੜਤਾਲ ਕਰ ਦਿਤੀ ਸੀ। ਜਦ ਮੈਨੇਜਰ ਨੂੰ ਸਟ੍ਰਾਈਕ ਦੇ ਕਾਰਨ ਦਾ ਪਤਾ ਲੱਗਾ ਤਾਂ ਉਸ ਪੰਜ ਮਜ਼ਦੂਰਾਂ ਨੂੰ ਸਦਵਾਇਆ ਤੇ ਕਿਹਾ, "ਕਰਮ ਚੰਦ ਤਾਂ ਸਦਾ ਤੁਹਾਡੇ ਖ਼ਿਲਾਫ਼ ਰਿਹਾ ਹੈ ?"

ਇਕ ਸਿਆਣੇ ਪੰਚ ਨੇ ਚੋਟ ਕੀਤੀ, "ਤਾਂ ਸਾਡੇ ਬਹਾਨੇ ਹੀ ਉਸ ਨੂੰ ਨਿਮਕ-ਹਲਾਲੀ ਦੀ ਸਜ਼ਾ ਦਿੱਤੀ ਜਾਣ ਲੱਗੀ ਹੈ ?"

"ਉਸ ਦੀ ਤੇ ਰਪੋਰਟ ਹੀ ਨਹੀਂ ਦਰਜ", ਮੈਨੇਜਰ ਨੇ ਕਿਹਾ।

"ਦੁਰਘਟਨਾ ਦਾ ਕਾਰਨ ਤੁਸੀਂ ਹੋ ਤੇ ਉਹ ਸਾਡੇ ਸਾਰਿਆਂ ਦੇ ਸਾਹਮਣੇ ਹੋਈ ਸੀ।"

"ਪਰ ਭਈ ਕਾਨੂੰਨ ਵੀ ਤਾ ਕੋਈ ਚੀਜ਼ ਹੈ", ਮੈਨੇਜਰ ਨੇ ਫੇਰ ਕਿਹਾ।

ਇਕ ਹੋਰ ਪੰਚ ਨੇ ਕਿਹਾ, "ਕਾਨੂੰਨ ਤੁਹਾੜਾ ਹੈ। ਮਹਿਕਮੇ ਤੁਹਾਡੇ ਹਨ। ਸੱਚ ਅਸਲੀਅਤ ਹੈ, ਜੋ ਅੱਖਾਂ ਸਾਹਮਣੇ ਵਾਪਰੇ। ਸੋ ਅਸੀਂ ਸੱਚੇ ਹਾਂ ਤੇ ਬੇਇਨਸਾਫ਼ੀ ਦੇ ਖਿਲਾਫ਼ ਲੜਾਂਗੇ।"

"ਤੁਸੀਂ ਹੜਤਾਲ ਨਾ ਕਰੋ, ਅਸੀਂ ਵਿਚਾਰ ਕਰਦੇ ਹਾਂ।"

"ਹੜਤਾਲ ਰਹੇਗੀ। ਅਸੀਂ ਬਾਹਰ ਜਾ ਰਹੇ ਹਾਂ", ਪੰਚਾਂ ਨੇ ਚਟਾਨੀ ਦ੍ਰਿੜ੍ਹਤਾ ਨਾਲ ਕਿਹਾ।

"ਤੁਸੀਂ ਸਾਰੇ ਕੁਝ ਚਿਰ ਲਈ ਬਾਹਰ ਹੀ ਉਡੀਕ ਕਰੋ। ਮੈਂ ਕਪੂਰ ਸਾਹਿਬ ਨਾਲ ਸਲਾਹ ਕਰ ਕੇ ਹੁਣੇ ਤੁਹਾਨੂੰ ਦੱਸਦਾ ਹਾਂ।"

ਸੈਂਕੜਿਆਂ ਮਜ਼ਦੂਰਾਂ ਨੇ ਕਰਮ ਚੰਦ ਨੂੰ ਘੇਰ ਲਿਆ। ਸਾਰੇ ਉਸ ਨੂੰ ਹਮਦਰਦੀ ਨਾਲ ਦੇਖ ਰਹੇ ਸਨ।

"ਬੜਾ ਜ਼ੁਲਮ ਹੈ, ਬੜਾ !" ਕਿਸੇ ਮਜ਼ਦੂਰ ਨੇ ਕਿਹਾ।

"ਐਹ ਜੇ ਅਸਲੀਅਤ ਇਨ੍ਹਾਂ ਧਨੀਆਂ ਦੀ", ਕਿਸੇ ਹੋਰ ਨੇ ਆਖਿਆ। ਕਰਮ ਚੰਦ ਸ਼ਰਮਸਾਰ ਸੀ।

ਨਾਅਰੇ ਗੂੰਜਣੇ ਸ਼ੁਰੂ ਹੋ ਗਏ, "ਮਜ਼ਦੂਰ ਇਤਹਾਦ, ਜ਼ਿੰਦਾਬਾਦ।'

ਦਸਾਂ ਮਿੰਟਾਂ ਦੇ ਅੰਦਰ ਅੰਦਰ ਮੈਨੇਜਰ ਬਾਹਰ ਆ ਗਿਆ। ਕਪੂਰ ਸਾਹਿਬ ਦੇ ਲਿਖਤੀ ਆਰਡਰ ਦੀ ਇਕ ਕਾਪੀ ਪੰਚਾਂ ਨੂੰ ਦਿੱਤੀ ਗਈ। ਕਾਨੂੰਨ ਅਨੁਸਾਰ ਸਾਰੀ ਰਕਮ ਕਰਮ ਚੰਦ ਨੂੰ ਮਿਲ ਜਾਏਗੀ। ਪੰਚਾਂ ਨੇ ਕਰਮ ਚੰਦ ਦੇ ਰਾਜ਼ੀ ਹੋਣ ਤਕ ਸਾਰੇ ਖ਼ਰਚ ਵੀ ਉਨ੍ਹਾਂ ਜ਼ਿਮੇਂ ਮੰਨਵਾ ਲਏ।

ਫੇਰ ਨਾਅਰੇ ਵੱਜਣੇ ਸ਼ੁਰੂ ਹੋ ਗਏ। "ਮਜ਼ਦੂਰ ਇਤਹਾਦ, ਜ਼ਿੰਦਾਬਾਦ।"

ਕਰਮ ਚੰਦ ਨੂੰ ਹੋਸ਼ ਆ ਗਿਆ। ਉਸ ਨੇ ਪੱਟੀਆਂ ਨਾਲ ਬੱਧਾ ਹੱਥ ਸਲਿੰਗ ਵਿਚੋਂ ਕੱਢ ਕੇ ਉੱਚੀ ਚੁੱਕ ਕੇ ਪੁਕਾਰਿਆ:

"ਦੁਨੀਆਂ ਭਰ ਕੇ ਮਜ਼ਦੂਰੋ !"

ਅਤੇ ਸਾਰਿਆਂ ਮਜ਼ਦੂਰਾਂ ਨੇ ਗੜਗੂੰਜ ਪਾ ਦਿੱਤੀ :

"ਇਕ ਹੋ ਜਾਓ !"

ਭੈਣ-ਭਰਾ

ਮਨਮੋਹਨ ਦਾ ਕਈ ਸਾਲ ਮੁੜ-ਮੁੜ ਕੇ ਇਕੋ ਰੰਗ ਤੇ ਢੰਗ ਵਿਚ ਆਉਂਦੇ ਰਹਿਣ ਵਾਲਾ ਸੁਪਨਾ ਸੁਣ ਕੇ ਮੈਂ ਆਪਣੀ ਮਨੋਵਿਗਿਆਨਕ ਸੂਝ ਅਨੁਸਾਰ ਉਸ ਦੇ ਮੁੜ ਮੁੜ ਕੇ ਆਉਂਦੇ ਰਹਿਣ ਅਤੇ ਫੇਰ ਸਮਾਂ ਪਾ ਕੇ, ਇਕ-ਦਮ ਉਸ ਦੇ ਆਉਣੋਂ ਹਟ ਜਾਣ ਦਾ ਕਾਰਨ ਮਨਮੋਹਨ ਨੂੰ ਸਮਝਾਇਆ, ਜਿਸ ਨਾਲ ਪੜ੍ਹਿਆ-ਲਿਖਿਆ ਮੁੰਡਾ ਸਹਿਮਤ ਹੋ ਗਿਆ। ਮੈਂ ਉਸ ਨੂੰ ਲੰਪ ਨਿੰਮ੍ਹੀ ਕਰ ਦੇਣ ਲਈ ਕਿਹਾ, ਜਿਹੜੀ ਲਾਗਲੇ ਮੇਜ਼ ਉਤੇ, ਕਮਰੇ ਦੀ ਦੁਨੀਆ ਦੇ ਹਨੇਰੇ ਨੂੰ ਜਿੱਤਣ ਦੀ ਕਾਮਯਾਬੀ ਵਿਚ ਮਾਣ ਕਰ ਰਹੀ ਸੀ। ਬੱਤੀ ਨੀਵੀਂ ਹੁੰਦਿਆਂ ਹੀ ਹਨੇਰੇ ਦੀਆਂ ਫੌਜਾਂ ਨੇ ਆਪਣਾ ਘੇਰਾ ਲੰਪ ਦੁਆਲੇ ਤੰਗ ਕਰਨਾ ਸ਼ੁਰੂ ਕਰ ਦਿੱਤਾ।

ਮੈਂ ਆਪਣੀ ਰਜ਼ਾਈ ਗਲ ਤਕ ਖਿੱਚ ਲਈ। ਇੰਨੇ ਨੂੰ ਮੇਰਾ ਲੜਕਾ ਮੰਜੇ 'ਤੇ ਲੇਟਿਆ-ਲੇਟਿਆ ਬੋਲ ਉੱਠਿਆ, "ਬਾਊ ਜੀ, ਤੁਹਾਡਾ ਨਿਰਣਾ ਮੈਨੂੰ ਠੀਕ ਨਹੀਂ ਜਾਪਦਾ। ਘੱਟੋ ਘੱਟ ਇਹ ਮੇਰਿਆਂ ਸੁਪਨਿਆਂ 'ਤੇ ਬਿਲਕੁਲ ਲਾਗੂ ਨਹੀਂ ਹੁੰਦਾ। ਇਹ ਮੈਨੂੰ ਲਗਾਤਾਰ ਯਾਰ੍ਹਾਂ ਸਾਲਾਂ ਤੋਂ ਆ ਰਹੇ ਹਨ ਤੇ ਜਦੋਂ ਆਉਂਦੇ ਹਨ, ਇਕੋ ਸਿਲਸਿਲੇ ਵਿਚ ਆਉਂਦੇ ਹਨ ਅਤੇ ਉਨ੍ਹਾਂ ਦੀਆਂ ਘਟਨਾਵਾਂ ਵਿਚ ਵੀ ਕਦੇ ਰਤੀ ਜਿੰਨਾ ਫ਼ਰਕ ਨਹੀਂ ਪੈਂਦਾ।"

ਮਨਮੋਹਨ ਮੇਰੀ ਸੱਸ ਦੀ ਭੈਣ ਦਾ ਪੁੱਤਰ ਹੈ, ਤੇ ਇਸ ਸਾਕੋਂ ਕੁਲਵੰਤ ਦਾ ਮਾਮਾ ਹੈ। ਲਗਭਗ ਇਕੋ ਜਿਡੀ ਉਮਰ ਦੇ ਹੋਣ ਕਰ ਕੇ ਅਤੇ ਬਹੁਤਾ ਮੇਲ-ਮਿਲਾਪ ਹੋਣ ਕਾਰਨ ਇਨ੍ਹਾਂ ਦਾ ਆਪੋ ਵਿਚ ਬੜਾ ਗੂੜ੍ਹ ਹੈ। ਸੋ ਮਨਮੋਹਨ ਆਪਣੇ ਮੰਜੇ ਤੋਂ ਹੀ ਗਿਲਾ ਕਰਦਿਆਂ ਬੋਲਿਆ, "ਓਏ ਕੁਲਵੰਤ, ਤੂੰ ਤੇ ਸ਼ਾਇਦ ਇਹ ਸੁਪਨੇ ਕਦੇ ਮੈਨੂੰ ਵੀ ਨਹੀਂ ਸੁਣਾਏ।"

ਮਾਨੋ ਮੇਰੇ ਮਨ ਵਿਚ ਉਪਜੇ ਸਵਾਲ ਦਾ ਉੱਤਰ ਦੇਣ ਲਈ ਕੁਲਵੰਤ ਬੋਲਿਆ, "ਭਾ ਜੀ, ਇਹ ਤਾਂ ਮੈਂ ਕਦੇ ਬਾਊ ਜੀ ਨੂੰ ਵੀ ਨਹੀਂ ਸੁਣਾਏ। ਬੀਬੀ ਜੀ ਕਹਿੰਦੇ ਰਹੇ ਹਨ ਕਿ ਆਪਣੇ ਬਾਊ ਨੂੰ ਇਹ ਸੁਪਨੇ ਕਦੇ ਨਾ ਸੁਣਾਈਂ, ਉਹ ਬੜੇ ਗ਼ਮਖੋਰੇ ਨੇ, ਤੇ ਨਾ ਹੀ ਸੁਪਨੇ ਕਿਸੇ ਹੋਰ ਨੂੰ ਸੁਣਾਈਂ, ਨਹੀਂ ਤੇ ਇਹ ਜ਼ਰੂਰ ਤੇਰੇ ਬਾਊ ਤਕ ਪਹੁੰਚ ਜਾਣਗੇ।"

ਮੈਨੂੰ ਇਹ ਸੁਣ ਕੇ ਆਪਣੀ ਪਤਨੀ ਦੀ ਸਿਆਣਪ 'ਤੇ ਮਾਣ ਅਤੇ ਅਗਿਆਨਤਾ 'ਤੇ ਰਹਿਮ ਆਇਆ। ਉਸ ਦੇ ਇਸੇ ਹੁਕਮ ਵਿਚ ਮੈਨੂੰ ਕੁਲਵੰਤ ਦੇ ਸੁਪਨਿਆਂ ਦੇ ਮੁੜ ਮੁੜ ਕੇ ਆਉਣ ਦੀ ਕੁੰਜੀ ਦਿੱਸੀ।

ਕੁਲਵੰਤ ਇਰਾਦਾ ਪੱਕਾ ਕਰਦਾ ਮੁੜ ਬੋਲਿਆ, "ਪਰ ਅੱਜ ਇਹ ਗੱਲ ਤੁਰ

ਪਈ ਹੈ ਤਾਂ ਮੈਂ ਅੱਜ ਇਹ ਸੁਪਨੇ ਸੁਣਾ ਕੇ ਹੀ ਰਹਾਂਗਾ।"

ਮਨਮੋਹਨ ਨੇ ਆਪਣਾ ਸਰ੍ਹਾਣਾ ਲਾਗਲੀ ਕੰਧ ਨਾਲ ਲਾ ਕੇ ਰਜ਼ਾਈ ਸਮੇਤ ਫੇਰ ਢਾਸਣਾ ਲਾ ਲਿਆ। ਮੈਂ ਉਸੇ ਤਰ੍ਹਾਂ ਤੇ ਨਾ ਕੀਤਾ, ਪਰ ਸੁਪਨੇ ਸੁਣਨ ਦੀ ਉਤਾਵਲ ਮੇਰੇ ਵਿਚ ਉਸ ਕੋਲੋਂ ਕੋਈ ਘੱਟ ਨਹੀਂ ਸੀ। ਟੇਬਲ 'ਤੇ ਪਈ ਲੈਂਪ ਦੀ ਨਿਮ੍ਹੀ ਲੋਅ ਨੇ ਕਮਰੇ ਵਿਚ ਰਹੱਸ ਦਾ ਵਾਯੂ-ਮੰਡਲ ਰਚਿਆ ਹੋਇਆ ਸੀ, ਜਦ ਕੁਲਵੰਤ ਨੇ ਆਪਣੇ ਉਨ੍ਹਾਂ ਸੁਪਨਿਆਂ ਦੇ ਸੁਨਾਉਣ ਦਾ ਮੁੱਢ ਬੱਧਾ।

"ਓ ਪਤਾ ਜੇ ਨਾ, ਬਾਊ ਜੀ, ਜਦੋਂ 1947 ਵਿਚ ਫ਼ਸਾਦਾਂ ਦੇ ਦਿਨੀਂ, ਮੈਂ ਤੇ ਸਿੰਧਰ ਨਾਨਕੇ ਗਏ ਹੋਏ ਸਾਂ ਤੇ ਤੁਸੀਂ ਬਾਕੀ ਸਾਰਾ ਟੱਬਰ ਏਥੇ ਸਾਓ ?"

ਮੈਂ ਆਪਣੀ ਸਭ ਤੋਂ ਵੱਡੀ ਲੜਕੀ ਦਾ ਨਾਂ ਸੁਣ ਕੇ ਹਉਕੇ ਵਰਗਾ ਹੁੰਗਾਰਾ ਦਿੱਤਾ।

"ਭਾ ਜੀ", ਉਸ ਮਨਮੋਹਨ ਨੂੰ ਸੰਬੋਧਨ ਕਰਦਿਆਂ ਕਿਹਾ, "ਤੁਸੀਂ ਓਦੋਂ ਲਾਇਲਪੁਰੋਂ ਅੰਮ੍ਰਿਤਸਰ ਆ ਗਏ ਹੋਏ ਸਾਓ, ਪਰ ਅਸੀਂ ਓਦੋਂ ਨਾਨਕੇ ਚੱਕ ਸਰਗੋਧੇ ਹੀ ਫਸੇ ਹੋਏ ਸਾਂ। ਪਿੰਡ ਦੇ ਲੋਕ, ਜੋ ਮੁਸ਼ਕਲ ਨਾਲ ਹੀ ਕਿਸੇ ਸਾਂਝੇ ਕੰਮ ਲਈ ਇਕੱਠੇ ਹੁੰਦੇ ਸਨ, ਚੱਕ ਦੇ ਦੁਆਲੇ ਵਾਹਵਾ ਚੌੜੀ ਕੱਚੀ ਫ਼ਸੀਲ ਉਸਾਰ ਚੁੱਕੇ ਸਨ। ਜੁਲਾਈ ਦੇ ਮਹੀਨੇ ਸਿੱਖਾਂ ਦੇ ਬਵੰਜਾਂ ਪਿੰਡਾਂ ਨੂੰ ਆਪਣੇ ਬਾਹੂਬਲ 'ਤੇ ਬੜਾ ਮਾਣ ਸੀ, ਪਰ ਅਗਸਤ ਦੇ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਦੇ ਹੌਂਸਲੇ ਕਿਰਨੇ ਸ਼ੁਰੂ ਹੋ ਗਏ ਤੇ ਪੰਦਰਾਂ ਅਗਸਤ ਨੂੰ ਜਦੋਂ ਵੰਡ ਦਾ ਐਲਾਨ ਹੋਇਆ ਤਾਂ ਹਰ ਬਹਾਦਰ ਦੇ ਮੂੰਹ 'ਤੇ ਘਬਰਾਹਟ ਦੇ ਚਿੰਨ੍ਹ ਉਭਰਨੇ ਸ਼ੁਰੂ ਹੋ ਗਏ। ਥੋੜ੍ਹੇ ਦਿਨਾਂ ਵਿਚ ਹੀ ਪੂਰਬੀ ਪੰਜਾਬ ਵਿਚੋਂ ਬਚ ਨਿਕਲੇ ਮੁਸਲਮਾਨ ਮੁਹਾਜਰਾਂ ਨੇ ਇਲਾਕੇ ਦੇ ਸ਼ਹਿਰਾਂ, ਕਸਬਿਆਂ ਵਿਚ ਹਨੇਰ ਮਚਾ ਦਿੱਤਾ। ਬਲੋਚ ਮਿਲਟਰੀ ਦੇ ਪਿੰਡਾਂ ਦੇ ਪਿੰਡਾਂ ਨੂੰ ਸਾਫ ਕਰਨ ਦੀਆਂ ਅਵਾਈਆਂ ਵੀ ਉੱਡਣ ਲੱਗੀਆਂ। ਵੱਡੇ ਬਾਊ ਜੀ ਨੂੰ, ਅੰਗਰੇਜ਼ੀ ਪੜ੍ਹੇ ਹੋਣ ਕਰ ਕੇ ਦਸਾਂ ਜਵਾਨਾਂ ਨਾਲ ਲਾਲੀਆਂ ਭੇਜਿਆ ਗਿਆ, ਜਿਥੇ ਕੈਂਪ ਦਾ ਮੁੱਢ ਬੱਝ ਚੁੱਕਾ ਸੀ। ਉਨ੍ਹਾਂ ਹਿੰਦੁਸਤਾਨੀ ਫੌਜ ਦੇ ਅੰਗਰੇਜ਼ ਅਫ਼ਸਰ ਨੂੰ ਆਪਣਾ ਪਿੰਡ ਖ਼ਾਲੀ ਕਰਨ ਲਈ ਕੁਝ ਟਰੱਕ ਤੇ ਗੱਡਿਆਂ 'ਤੇ ਪਸ਼ੂਆਂ ਦੀ ਰੱਖਿਆ ਲਈ ਕੁਝ ਹਿੰਦੁਸਤਾਨੀ ਫੌਜੀ ਭੇਜਣ ਲਈ ਮਨਾ ਹੀ ਲਿਆ। ਦੁਪਹਿਰੀਂ ਇਕ ਟਰੱਕ ਵਿਚ ਉਹ ਇਹ ਸੁਨੇਹਾ ਲੈ ਕੇ ਚੱਕ ਪਹੁੰਚੇ। ਇਹ ਖ਼ਬਰ ਹਵਾ ਦੀ ਮੋਢੀਂ ਚੜ੍ਹ ਕੇ ਪਿੰਡ ਵਿਚ ਫੈਲ ਗਈ ਅਤੇ ਪਹਿਲੇ ਚੜ੍ਹ ਨਿਕਲਣ ਦੀ ਚਾਹ ਵਿਚ ਘਰ-ਘਰ ਕਾਹਲੀਆਂ ਤਿਆਰੀਆਂ ਹੋਣ ਲਗ ਪਈਆਂ। ਹਰ ਕੋਈ ਗ਼ਮੀ ਭਰੀ ਖ਼ੁਸ਼ੀ ਵਿਚ ਪਹਿਲੋਂ ਚੱਲ ਨਿਕਲਣ ਦੀ ਕਾਹਲ ਵਿਚ ਸੀ। ਮੇਰੀ ਵੀ ਇਹੋ ਦਸ਼ਾ ਸੀ, ਜਦੋਂ ਮੈਨੂੰ ਸਿੰਧਰ ਭੈਣ ਯਾਦ ਆਈ, ਜਿਹੜੀ ਇਹਾਤੇ ਦੇ ਕੰਮੀਆਂ ਦੀ ਧੀ ਨਾਲ ਮੁਰੱਬਿਓਂ ਸ਼ਾਮ ਦੀ ਸਬਜ਼ੀ ਲੈਣ ਗਈ ਹੋਈ ਸੀ। ਹੈਰਾਨ ਹਾਂ ਕਿ ਸਕਿਆਂ ਸੰਬੰਧੀਆਂ ਨੂੰ ਵੀ ਉਸ ਵੇਲੇ ਉਸ ਦੀ ਯਾਦ ਭੁੱਲੀ ਹੋਈ ਸੀ। ਜੇ ਕਿਤੇ ਉਸ ਵੇਲੇ ਟਰੱਕ ਆ ਜਾਂਦੇ ਤਾਂ ਸ਼ਾਇਦ ਲਾਲੀਆਂ ਜਾ ਕੇ ਸਾਰਿਆਂ ਨੂੰ ਉਸ ਤੇ ਉਸ ਦੀ ਸਾਥਣ ਦੇ ਪਿੰਡ ਰਹਿ ਜਾਣ ਦਾ ਚੇਤਾ ਆਉਂਦਾ। ਮੈਂ ਛੋਟੇ ਮਾਮੇ ਨੂੰ ਸਿੰਧਰ ਦਾ ਚੇਤਾ ਕਰਾਇਆ, ਪਰ ਉਹ ਵੱਡੇ ਬਾਊ ਨਾਲ ਟਰੱਕ ਦੀ ਮੂਹਰਲੀ ਸੀਟ 'ਤੇ

ਬੈਠਣ ਦੀ ਧੁਨ ਵਿਚ ਕੁਝ ਸੁਣ ਹੀ ਨਹੀਂ ਸੀ ਰਿਹਾ। ਟਰੱਕਾਂ ਦੇ ਛੇਤੀ ਤੋਂ ਛੇਤੀ ਪਹੁੰਚਣ ਦੀ ਉਡੀਕ ਸੀ। ਸੰਭਵ ਸੀ ਕਿ ਕੋਈ ਪਿੰਡੋਂ ਬਾਹਰ ਰਹਿ ਜਾਂਦਾ ਅਤੇ ਮਗਰੋਂ ਲੁੱਟ ਮਾਰ ਕਰਨ ਆਏ ਜਾਂਗਲੀਆਂ ਦੇ ਢਹੇ ਚੜ੍ਹ ਜਾਂਦਾ। ਮੈਂ ਬਿਨਾਂ ਕਿਸੇ ਨੂੰ ਦੱਸਿਆਂ ਨੰਗੇ ਪੈਰੀਂ ਪਹਾੜੀ ਵਾਲੇ ਖਾਲ ਦੇ ਨਾਲ ਨਾਲ ਮੁਰੱਬਿਆਂ ਨੂੰ ਉਠ ਦੌੜਿਆ। ਮੇਰਾ ਪਹਿਲਾ ਸੁਪਨਾ ਹਮੇਸ਼ਾ ਇਥੋਂ ਸ਼ੁਰੂ ਹੁੰਦਾ ਹੈ।"

ਇਹ ਕੁਝ ਕਹਿ ਕੇ ਕੁਲਵੰਤ ਕੁਝ ਚਿਰ ਲਈ ਠਹਿਰ ਗਿਆ। ਬੱਤੀ ਹੋਰ ਨਿੰਮ੍ਹੀ ਹੋ ਗਈ ਸੀ। ਕੋਈ ਬਾਤ ਤਾਂ ਨਹੀਂ ਸੀ ਪਾਈ ਜਾ ਰਹੀ ਕਿ ਉਸਦਾ ਹੁੰਗਾਰਾ ਦਿੱਤਾ ਜਾਂਦਾ। ਪਰ ਫਿਰ ਵੀ ਜਾਪਦਾ ਸੀ ਕਿ ਸੁਣਨ ਵਾਲੇ ਸੁਣਨ ਲਈ ਚੇਤੰਨ ਸਨ।

ਕੁਲਵੰਤ ਨੇ ਇਕ ਲੰਮਾ ਸਾਹ ਲੈ ਕੇ ਫੇਰ ਕਹਿਣਾ ਸ਼ੁਰੂ ਕੀਤਾ, "ਬਿਲਕੁਲ ਅਸਲ ਵਾਂਗ ਸੁਪਨਾ ਆਉਂਦਾ ਹੈ। ਪਹਾੜੀ ਵੱਲ ਤਕਿਆਂ ਉਜਾੜ ਚੁੱਪ-ਚਾਂ ਤੋਂ ਡਰ ਆਉਂਦਾ ਹੈ। ਮੈਂ ਅੰਨ੍ਹੇਵਾਹ ਨੱਸਾ ਜਾ ਰਿਹਾ ਹਾਂ। ਰਾਹ ਵਿਚ ਕੋਈ ਆਉਂਦਾ-ਜਾਂਦਾ ਰਾਹੀ ਵੀ ਨਹੀਂ ਦਿਸਦਾ। ਪਸ਼ੂ-ਪੰਛੀ ਵੀ ਕਿਤੇ ਲੁਕ ਗਏ ਹਨ। ਮੇਰਾ ਪੈਰ ਖਾਲ ਦੀ ਵੱਟ ਤੋਂ ਨਿਕਲ ਜਾਂਦਾ ਹੈ ਤੇ ਮੈਂ ਮੂਧੜੇ ਮੂੰਹ ਡਿੱਗ ਪੈਂਦਾ ਹਾਂ। ਗੋਡੇ ਦਾ ਖਰੀਂਡ ਛਿਲਿਆ ਜਾਂਦਾ ਹੈ। ਮੈਂ ਡਿੱਗਦਾ ਹੀ ਉਠ ਕੇ ਫੇਰ ਦੌੜ ਪੈਂਦਾ ਹਾਂ। ਇਕ ਸੂਲ ਅੰਗੂਠੇ ਲਾਗੋਂ ਦੁਸਾਰ ਲੰਘ ਜਾਂਦੀ ਹੈ। ਚੀਕਵੀਂ ਪੀੜ ਹੁੰਦੀ ਹੈ। ਮੱਛੀ ਦੇ ਕੰਡੇ ਵਾਂਗ ਮੈਂ ਸੂਲ ਛੱਢ ਕੇ ਸੁੱਟ ਦਿੰਦਾ ਹਾਂ ਤੇ ਫੇਰ ਦੌੜ ਪੈਂਦਾ ਹਾਂ। ਮੈਂ ਮੁਰੱਬੇ ਪਹੁੰਚ ਜਾਂਦਾ ਹਾਂ। ਖਾਲ ਲਾਗਲੀ ਪੈਲੀ ਵਿਚ ਦੋ ਕੁੜੀਆਂ ਬੈਠੀਆਂ ਹਨ। ਲਾਗੇ ਕੋਈ ਬੰਦਾ ਨਹੀਂ, ਪਰਿੰਦਾ ਨਹੀਂ। 'ਨੀ ਸਿੰਧਰ' ! ਮੈਂ ਉੱਚੀ ਆਵਾਜ਼ ਮਾਰਦਾ ਹਾਂ, ਜਿਵੇਂ ਉਹ ਮੈਥੋਂ ਛੋਟੀ ਹੋਵੇ। 'ਵੇ ਵੀਰਾ !' ਉਹ ਚੀਕ ਉੱਠਦੀ ਹੈ, 'ਤੇਰੀ ਤੇ ਲੱਤ ਵਿਚੋਂ ਲਹੂ ਵਗਦੈ'। ਮੈਂ ਉਸ ਨੂੰ ਦੱਸਦਾ ਹਾਂ ਕਿ 'ਲਹੂ ਵਗਦੇ ਦੇਖਣ ਦਾ ਸਮਾਂ ਨਹੀਂ। ਟਰੱਕ ਆ ਰਹੇ ਹਨ। ਅੱਜ ਅਸੀਂ ਏਥੋਂ ਚਲੇ ਜਾਣਾ,ਬਾਊ ਜੀ ਕੋਲ, ਅੰਮ੍ਰਿਤਸਰ। ਛੇਤੀ ਕਰ ਕਿਤੇ ਟਰੱਕ ਨਿਕਲ ਨਾ ਜਾਣ। ਸਾਡਾ ਕਿਸੇ ਨੂੰ ਫ਼ਿਕਰ ਨਹੀਓ !' ਤੇ ਮੈਂ ਉਸ ਦੀ ਸਬਜ਼ੀ ਵਾਲੀ ਪੋਟਲੀ ਸਿਰ 'ਤੇ ਰੱਖ ਲੈਂਦਾ ਹਾਂ ਤੇ ਇਕੋ ਸਾਹੇ ਅਸੀਂ ਦੌੜਦੇ ਪਿੰਡ ਪਹੁੰਚਦੇ ਹਾਂ। ਮੇਰਾ ਪਹਿਲਾ ਸੁਪਨਾ ਅਕਸਰ ਏਥੇ ਆ ਕੇ ਟੁੱਟ ਜਾਂਦਾ ਹੈ।"

ਕੁਲਵੰਤ ਇਥੇ ਪਹੁੰਚ ਕੇ ਚੁੱਪ ਹੋ ਗਿਆ। ਨਿੰਮ੍ਹੀ ਲੈਂਪ ਦੇ ਘੁਸਮੁਸੇ ਚਾਨਣ ਵਿਚ ਮੈਨੂੰ ਉਹ ਹੁਣੇ ਸੁਪਨਾ ਦੇਖ ਕੇ ਜਾਗਿਆ ਜਾਪਿਆ। ਮੈਨੂੰ ਵੀ ਸਾਰੀ ਘਟਨਾ ਦੇ ਸਮਝਣ ਦਾ ਮੌਕਾ ਮਿਲ ਗਿਆ। ਉਦੋਂ ਕੁਲਵੰਤ ਕੁਲ ਯਾਰ੍ਹਾਂ ਤੇ ਸਿੰਧਰ ਤੇਰ੍ਹਾਂ ਸਾਲਾਂ ਦੀ ਸੀ।

ਗਲਾ ਸਾਫ਼ ਕਰ ਕੇ ਕੁਲਵੰਤ ਨੇ ਫੇਰ ਬੋਲਣਾ ਸ਼ੁਰੂ ਕੀਤਾ, "ਅੰਗਰੇਜ਼ ਅਫਸਰ ਨਾਲ ਵੱਡੇ ਬਾਊ ਜੀ ਤੇ ਦਵਿੰਦਰ ਬੈਠੇ। ਅਸੀਂ ਇਕ ਟਰੱਕ ਵਿਚ ਪਿੱਛੇ ਘੁਸੜ-ਮੁਸੜ ਕੇ ਬੈਠ ਗਏ। ਡੰਗਰ ਤੇ ਸਾਮਾਨ ਨਾਲ ਲੱਦੇ ਦੋ ਗੱਡੇ ਕਾਮਿਆਂ ਨਾਲ ਪੈਦਲ ਕਾਫ਼ਲੇ ਵਿਚ ਸ਼ਾਮਲ ਕੀਤੇ ਗਏ। ਅਸੀਂ ਤਾਂ ਅੱਧੇ ਘੰਟੇ ਵਿਚ ਹੀ ਲਾਲੀਆਂ ਜਾ ਪਹੁੰਚੇ, ਜਿਥੇ ਵੱਡੇ ਬਾਊ ਦੇ ਛੋਟਾ ਥਾਣੇਦਾਰ ਰਹਿ ਚੁੱਕਣ ਕਰਕੇ ਮੁਸਲਿਮ ਵਸੋਂ ਦੇ ਲਾਗੇ ਹੀ ਸਾਨੂੰ ਕਸਬੇ ਦੇ ਅੰਦਰ ਰਹਿਣ ਲਈ ਇਕ ਘਰ ਮਿਲ ਗਿਆ। ਬਾਕੀ

ਸਾਰੇ ਬਾਹਰ ਕੈਂਪ ਵਿਚ ਰਹੇ। ਕਈ ਛੋਟੇ-ਛੋਟੇ ਕਾਫ਼ਲੇ ਇਥੇ ਇਕੱਠੇ ਹੋ ਰਹੇ ਸਨ। ਹੋਰ ਗੋਰਖਾ ਫੌਜ ਦੇ ਪੁੱਜਣ ਦੀ ਉਡੀਕ ਸੀ। ਇਥੇ ਪਹੁੰਚ ਕੇ ਸਾਰਿਆਂ ਨੂੰ ਕੁਝ ਵਧੇਰੇ ਹੌਂਸਲਾ ਹੋ ਗਿਆ।

"ਮੈਂ ਤੇ ਛੋਟਾ ਮਾਮਾ ਇਥੇ ਬਹੁਤ ਖੇਡਦੇ ਸਾਂ। ਲੌਢੇ ਵੇਲੇ ਮੈਨੂੰ ਬਹੁਤ ਭੁੱਖ ਲਗਦੀ ਸੀ, ਪਰ ਰਾਸ਼ਨ ਦੇ ਛੇਤੀ ਮੁਕ ਜਾਣ ਦੇ ਡਰ ਤੋਂ ਉਸ ਵੇਲੇ ਸਾਨੂੰ ਚਾਹ ਨਾਲ ਰੋਟੀ ਨਹੀਂ ਸੀ ਮਿਲਦੀ। ਸਿੰਧਰ ਪਤਾ ਨਹੀਂ ਕਿਵੇਂ, ਇਕ ਰੋਟੀ ਮੇਰੇ ਲਈ ਲੁਕਾ ਰਖਦੀ ਸੀ। ਮੇਰਾ ਦੂਸਰਾ ਸੁਪਨਾ ਅਕਸਰ ਇਥੋਂ ਸ਼ੁਰੂ ਹੁੰਦਾ ਹੈ।

"ਮੈਂ ਖੇਡ ਕੇ ਵਾਪਸ ਮੁੜਦਾ ਹਾਂ। ਸਿੰਧਰ ਤੋਂ ਰੋਟੀ ਮੰਗਦਾ ਹਾਂ। ਉਹ ਗੁਪਤ ਟਿਕਾਣੇ ਤੋਂ ਰੋਟੀ ਲੈਣ ਜਾਂਦੀ ਹੈ। ਰੋਟੀ ਉਥੋਂ ਲੱਭਦੀ ਨਹੀਂ। ਉਹ ਹੈਰਾਨ ਤੇ ਦੁਖੀ ਜਾਪਦੀ ਹੈ। ਮੈਂ ਫੇਰ ਰੋਟੀ ਮੰਗਦਾ ਹਾਂ। 'ਰੋਟੀ ਤਾਂ ਅੱਜ ਵੀਰ, ਹੈ ਨਹੀਂ', ਉਹ ਆਖਦੀ ਹੈ। ਮੈਂ ਸਿੱਧਾ ਮੁੱਕਾ ਜ਼ੋਰ ਨਾਲ ਉਸ ਦੇ ਢਿੱਡ ਵਿਚ ਧੱਕ ਦਿੰਦਾ ਹਾਂ। ਉਹ ਇਕੱਠੀ ਹੋ ਕੇ ਭੁੰਜੇ ਬਹਿ ਜਾਂਦੀ ਹੈ। ਭਾਵੇਂ ਪੀੜ ਦੀ ਚੀਸ ਉਸ ਦੇ ਚਿਹਰੇ 'ਤੇ ਦਿਸਦੀ ਹੈ, ਪਰ ਉਹ ਚੀਕਦੀ ਨਹੀਂ। ਬਿਟਰ ਬਿਟਰ ਆਪਣੀਆਂ ਮੋਟੀਆਂ-ਮੋਟੀਆਂ ਅੱਖਾਂ ਨਾਲ ਮੇਰੇ ਵੱਲ ਕੁਝ ਚਿਰ ਤੱਕੀ ਜਾਂਦੀ ਹੈ।"

ਕੁਲਵੰਤ ਸਿੰਘ ਚੁੱਪ ਹੋ ਗਿਆ। ਕਾਫ਼ੀ ਲੰਮੀ ਚੁੱਪ ਸੀ ਇਹ। ਜਾਪਦਾ ਸੀ ਕਿ ਮੁੱਕਾ ਸਿੱਧਾ ਮੇਰੇ ਢਿੱਡ ਵਿਚ ਵੱਜਾ ਹੈ। ਮਨਮੋਹਨ ਸ਼ਾਇਦ ਆਪਣੇ ਭਣੇਵੇਂ ਦੀ ਬੇਰਹਿਮੀ 'ਤੇ ਹੈਰਾਨ ਸੀ, ਪਰ ਪਤਾ ਨਹੀਂ ਕਿਉਂ ਮੈਨੂੰ ਉਸ 'ਤੇ ਤਰਸ ਆ ਰਿਹਾ ਸੀ। ਮੇਰਾ ਖ਼ਿਆਲ ਸੀ ਕਿ ਕੁਲਵੰਤ ਹੁਣ ਹੋਰ ਕੁਝ ਨਹੀਂ ਬੋਲੇਗਾ ਅਤੇ ਉਸ ਤੋਂ ਹੋਰ ਕੁਝ ਪੁੱਛਣਾ ਉਸ 'ਤੇ ਜ਼ੁਲਮ ਹੋਵੇਗਾ।

ਪਰ ਕੁਲੰਵਤ ਬੋਲ ਹੀ ਉੱਠਿਆ, 'ਤੇ ਆਖ਼ਰ ਕਾਫ਼ਲੇ ਨੂੰ ਇਕ ਦਿਨ ਕੂਚ ਦਾ ਹੁਕਮ ਹੋ ਹੀ ਗਿਆ। ਮੀਲਾਂ ਲੰਮਾ ਇਹ ਕਾਫ਼ਲਾ ਸੀ। ਆਦਮੀ ਹੀ ਆਦਮੀ, ਪਸ਼ੂ ਹੀ ਪਸ਼ੂ, ਗੱਡੇ ਹੀ ਗੱਡੇ। ਵੱਡੇ ਬਾਊ ਨੂੰ ਵੀ ਐਤਕੀਂ ਸਾਰਿਆਂ ਦੇ ਨਾਲ ਤੁਰਨਾ ਪਿਆ। ਸਾਡਾ ਇਕ ਗੱਡਾ ਤਾਂ ਲਾਲੀਆਂ ਤੋਂ ਨਿਕਲਦਾ ਹੀ ਲੱਕ ਤੋੜ ਬੈਠਾ। ਕਾਫੀ ਸਾਮਾਨ ਉਥੇ ਹੀ ਛੱਡਣਾ ਪਿਆ, ਪਰ ਕੁਝ ਜ਼ਰੂਰੀ ਸਮਝ ਕੇ ਚੁੱਕਣਾ ਪਿਆ। ਮੇਰੇ ਹਿੱਸੇ ਕ੍ਰਾਕਰੀ ਦੀ ਇਕ ਛੋਟੀ ਪੇਟੀ ਆਈ, ਜੋ ਮੇਰੇ ਲਈ ਉਦੋਂ ਕਾਫ਼ੀ ਵੱਡੀ ਸੀ। ਸਿੰਧਰ ਨੂੰ ਵੀ ਇਕ ਗੱਠੜੀ ਚੁੱਕਣੀ ਪਈ। ਅਸੀਂ ਕਦੇ ਬਹੁਤਾ ਭਾਰ ਸਿਰ 'ਤੇ ਨਹੀਂ ਸੀ ਚੁੱਕਿਆ। ਇਕ ਵੇਲਾ ਆਇਆ ਕਿ ਮੈਂ ਸਾਰਿਆਂ ਨਾਲੋਂ ਵਿਛੜ ਗਿਆ। ਭਾਰ ਨੂੰ ਸੰਭਾਲਦਾ ਮੈਂ ਗੋਰਖਿਆਂ ਦੀ ਆਵਾਜ਼ ਦੇ ਅੱਗੇ ਨੱਸਿਆ। ਲਾਲੀਆਂ ਦੀਆਂ ਤੱਤੀਆਂ ਰੇਤਾਂ 'ਤੇ ਮੈਂ ਦੋ ਮੀਲ ਦੌੜਦਾ ਹੀ ਗਿਆ। ਪਰ ਮੇਰਾ ਸਾਥ ਪਤਾ ਨਹੀਂ ਕਿਥੇ ਗੁੰਮ ਹੋ ਚੁੱਕਾ ਸੀ। ਅਖ਼ੀਰ ਮੇਰੀ ਚਾਲ ਧੀਮੀ ਹੋਣੀ ਸ਼ੁਰੂ ਹੋਈ ਤੇ ਮੈ ਕਾਫ਼ਲੇ ਦੇ ਅਗਲੇ ਸਿਰੇ ਲਾਗੋਂ ਪਿਛਾਂ ਤਿਲ੍ਹਕਣਾ ਸ਼ੁਰੂ ਕੀਤਾ। ਭਾਰ ਨੂੰ ਲਾਹ ਕੇ ਸਾਹ ਲੈਣ ਦਾ ਹੌਂਸਲਾ ਵੀ ਨਹੀਂ ਸੀ ਪੈਂਦਾ। ਭਾਰ ਤਾਂ ਜਿਵੇਂ ਮੇਰੇ ਸਿਰ ਦਾ ਸਥਾਈ ਦੁਖਦਾ ਹਿੱਸਾ ਹੋ ਚੁੱਕਾ ਸੀ। ਮੈਨੂੰ ਪੰਜਾਂ ਮੀਲਾਂ ਦੇ ਪੈਂਡੇ ਵਿਚ ਹੀ ਆਪਣੇ ਸਾਥ ਨਾਲ ਫੇਰ ਕਦੇ ਮਿਲ ਸਕਣ ਦੀ ਆਸ ਨਹੀਂ ਸੀ ਰਹੀ ਤੇ ਅੰਮ੍ਰਿਤਸਰ ਦੂਰ ਦੂਰ ਹੁੰਦਾ ਜਾ ਰਿਹਾ ਸੀ।

"ਸੜਕ ਇੱਕ ਉਭਾਰ ਤੋਂ ਲੰਘ ਰਹੀ ਸੀ। ਮੈਂ ਦੇਖਿਆ : ਨਾ ਕਾਫ਼ਲੇ ਦਾ ਅਗਲਾ ਸਿਰਾ ਹੈ, ਨਾ ਪਿਛਲਾ। ਏਨੇ ਨੂੰ ਕੋਈ ਜਾਣੀ-ਪਛਾਣੀ ਅਵਾਜ਼ ਆਈ, 'ਓਏ ਕਾਕਾ, ਤੂੰ ਕਿਥੇ ਫਿਰਨਾ ਵਾਂ, 'ਕੱਲਾ ?' ਮੁੜ ਕੇ ਦੇਖਿਆ, ਸਾਡਾ ਕਾਮਾ ਸੀ। ਡੁੱਬਦੇ ਨੂੰ ਤੀਲ੍ਹੇ ਦਾ ਸਹਾਰਾ ਮਿਲਿਆ। ਪਰ ਮਗਰੋਂ ਪਤਾ ਲੱਗਾ, ਉਸ ਤੀਲ੍ਹੇ ਵਿਚ ਗੇਲੀ ਜਿੰਨਾ ਬਲ ਸੀ। ਉਸ ਨੇ ਪਹਿਲੋਂ ਮੇਰੇ ਸਿਰ ਤੋਂ ਪੋਟੀ ਲਾਹ ਕੇ ਆਪਣੇ ਸਿਰ 'ਤੇ ਰੱਖ ਲਈ, ਭਾਵੇਂ ਉਸ ਦੀ ਪਿੱਠ 'ਤੇ ਅੱਗੇ ਵੀ ਭਾਰ ਬੜਾ ਹੋਇਆ ਸੀ। ਕੁਝ ਚਿਰ ਤਾਂ ਇਉਂ ਜਾਪਿਆ, ਜਿਵੇਂ ਮੇਰਾ ਸਿਰ ਵੀ ਭਾਰ ਨਾਲ ਲੱਥ ਗਿਆ ਹੈ। ਉਸ ਨੇ ਆਪਣੀ ਡੋਲਣੀ ਵਿਚੋਂ ਮੈਨੂੰ ਪਾਣੀ ਵੀ ਪਿਲਾਇਆ। ਫੇਰ ਹੋਰ ਪੰਜ ਮੀਲ ਉਹ ਮੈਨੂੰ 'ਅੰਬਰਸਰ ਆਹ, ਅੰਬਰਸਰ ਔਹ' ਦਿਖਾਉਂਦਾ ਹੀ ਲੈ ਆਇਆ। ਉਸ ਨੇ ਕਈ ਵਾਰ ਕਿਹਾ, 'ਨਾ ਲੱਭਣਗੇ ਤਾਂ ਕੀ ਐ ? ਮੈਂ ਨਹੀਂ ਤੇਰੇ ਨਾਲ ? ਮੈਂ ਨਹੀਂ ਤੇਰਾ ਮਾਮਾ ? ਅਸੀਂ ਮੱਝਾਂ ਦਾ ਦੁੱਧ ਰੋਜ਼ ਚੋ ਕੇ ਪੀਆ ਕਰਾਂਗੇ ਤੇ ਹੱਸਦੇ ਖੇਡਦੇ ਅੰਬਰਸਰ ਜਾ ਵੜਾਂਗੇ।'

"ਸੂਰਜ ਡੁੱਬ ਗਿਆ ਸੀ। ਕਾਫ਼ਲਾ ਹਾਲੀ ਵੀ ਤੁਰਿਆ ਜਾ ਰਿਹਾ ਸੀ। ਹਨੇਰਾ ਵਧ ਰਿਹਾ ਸੀ। ਅਜਗਰ ਵਾਂਗ ਲੇਟੀਆਂ ਸਰਗੋਧੇ ਦੇ ਇਲਾਕੇ ਦੀਆਂ ਕਾਲੀਆਂ ਖ਼ੁਸ਼ਕ ਪਹਾੜੀਆਂ ਦੇ ਮੀਲਾਂ ਤਕ ਫੈਲੇ ਕੁੰਡਲ ਵਿਚਲੀ ਰੇਤਲੀ ਵਾਦੀ ਅੰਦਰ ਕਾਫਲੇ ਦੀ ਲੀਕ ਕੀੜੀਆਂ ਦੀ ਕਤ੍ਰਾਰ ਵਾਂਗ ਰੀਂਗਦੀ, ਵਲ ਖਾਂਦੀ ਦਾਖ਼ਲ ਹੋ ਰਹੀ ਸੀ। ਪਹਿਲੋਂ ਪਹੁੰਚਿਆਂ ਨੇ ਵੀ ਅੱਗਾਂ ਨਹੀਂ ਸਨ ਬਾਲੀਆਂ। ਦੂਰ ਨੇੜੇ ਪਸ਼ੂਆਂ ਦੇ ਗਲੀਂ ਜੰਗ ਤੇ ਟੱਲੀਆਂ ਟੁਣਕ ਰਹੀਆਂ ਸਨ। ਹਨੇਰੇ ਵਿਚ ਤੁਰੇ ਫਿਰਦੇ ਟਾਵੇਂ-ਟਾਵੇਂ ਬੰਦੇ ਨਿਰੇ ਭੂਤ ਜਾਪਦੇ ਹਨ। ਸਾਡਾ ਕਾਮਾ ਤਾਂ ਸ਼ਾਇਦ ਮੈਨੂੰ ਤਾਜ਼ਾ ਚੋਇਆ ਦੁੱਧ ਪਿਆ ਕੇ ਸੁਆ ਦਿੰਦਾ, ਪਰ ਮੈਨੂੰ ਉਦਾਸ ਦੇਖ ਕੇ ਮੇਰਾ ਹੌਂਸਲਾ ਵਧਾਉਣ ਲਈ ਆਪਣੇ ਵੱਗ ਨੂੰ ਪਿੰਡ ਦੇ ਇਕ ਹੋਰ ਸਾਥੀ ਦੇ ਵੱਗ ਵਿਚ ਰਲਾ ਕੇ, ਉਹ ਮੇਰੇ ਨਾਲ ਸਾਡੇ ਘਰ ਵਾਲਿਆਂ ਦੀ ਬੇਅਰਥ ਭਾਲ ਲਈ ਨਿਕਲਿਆ। ਵੱਗ ਤੋਂ ਦੂਰ ਨਿਕਲ ਜਾਣ 'ਤੇ ਹਨੇਰੇ ਵਿਚ ਫੇਰ ਉਹ ਥਾਂ ਲੱਭਣੀ ਵੀ ਮੁਸ਼ਕਲ ਸੀ। ਅਸੀਂ ਆਪਣੇ ਵੱਗ ਦੇ ਲਾਗੇ ਲਾਗੇ ਫਿਰਦਿਆਂ ਹੀ ਦੋ ਕੁ ਮੀਲ ਪੈਂਡਾ ਮਾਰ ਲਿਆ।

"ਲੋਕੀ ਰੇਤਾਂ 'ਤੇ ਹੀ ਲੇਟ ਗਏ ਸਨ। ਨੰਨ੍ਹੇ ਬੱਚੇ ਮਾਵਾਂ ਦੀਆਂ ਬੁੱਕਲਾਂ ਵਿਚੋਂ ਖ਼ੁਰਾਕ ਦੀ ਭਾਲ ਕਰਦੇ ਰੋ ਰਹੇ ਸਨ। ਭਾਰ ਚੁੱਕ ਕੇ ਡੂੰਘਾ ਤੇ ਰੇਤਲਾ ਪੈਂਡਾ ਮਾਰ ਕੇ ਆਏ ਲੋਕ ਰੋਟੀ ਉਤੇ ਆਰਾਮ ਨੂੰ ਤਰਜੀਹ ਦੇ ਰਹੇ ਸਨ। ਮੇਰਾ ਤੀਸਰਾ ਸੁਪਨਾ ਇਥੋਂ ਹੀ ਸ਼ੁਰੂ ਹੁੰਦਾ ਹੈ।

"ਇਕ ਟੱਬਰ ਸਾਰਾ ਸੁੱਤਾ ਹੋਇਆ ਹੈ। ਕੇਵਲ ਇਕ ਛਿੰਗ ਜਹੀ ਸੁਬਕ ਕੁੜੀ ਜਾਗ ਰਹੀ ਹੈ, ਜਿਵੇਂ ਪਹਿਰਾ ਦੇ ਰਹੀ ਹੋਵੇ। ਮੈਂ ਉਸ ਨੂੰ ਹਨੇਰੇ ਵਿਚ ਵੀ ਪਛਾਣ ਲੈਂਦਾ ਹਾਂ। ਮੇਰੀ ਆਵਾਜ਼ ਤੋਂ ਪਹਿਲੋਂ ਹੀ ਉਹ ਭੱਜ ਕੇ ਮੇਰੇ ਨਾਲ ਆ ਚੰਬੜਦੀ ਹੈ। 'ਵੇ ਵੀਰ, ਤੂੰ ਆ ਗਿਆ ?' ਉਹ ਇਸ ਲਹਿਜੇ ਵਿਚ ਪੁੱਛਦੀ ਹੈ ਜਿਵੇਂ ਉਸ ਨੂੰ ਮੇਰੇ ਮਿਲਣ 'ਤੇ ਵਿਸ਼ਵਾਸ ਹੀ ਨਾ ਰਿਹਾ ਹੋਵੇ। ਅਤੇ ਫੇਰ ਝੱਟ ਹੀ ਉਹ ਇਕ ਪੋਣੇ ਵਿਚੋਂ 'ਚਾਰ ਦੀ ਫਾੜੀ ਸਮੇਤ ਦੋ ਚਹੁਰੀਆਂ ਕੀਤੀਆਂ ਰੋਟੀਆਂ ਕੱਢ ਕੇ ਮੇਰੇ ਹੱਥ 'ਤੇ ਰੱਖ ਦਿੰਦੀ ਹੈ।"

ਕੁਲਵੰਤ ਬਿਲਕੁਲ ਚੁੱਪ ਹੋ ਗਿਆ ਮੈਂ ਲੈਂਪ ਵਲ ਬਾਂਹ ਵਧਾਈ, ਜੋ ਮੇਰੇ ਹੱਥ ਦੇ ਪਹੁੰਚਣ ਤੋਂ ਪਹਿਲੋਂ ਫਕ-ਫਕ ਕਰ ਕੇ ਬੁਝ ਗਈ। ਕੁਲਵੰਤ ਨੇ ਮੇਰੇ ਨਿਰਣੇ ਬਾਰੇ ਵੀ ਮੁੜ ਕੋਈ ਰਾਇ ਨਾ ਦਿੱਤੀ ਅਤੇ ਮੈਂ ਆਪਣੇ ਮੰਜੇ 'ਤੇ ਲੇਟਿਆ-ਲੇਟਿਆ ਹੀ ਲਾਇਲਪੁਰ ਦੀਆਂ ਉਨ੍ਹਾਂ ਬੇਨਾਮ ਪੈਲੀਆਂ ਦੀ ਭਾਲ ਵਿਚ ਤੁਰ ਪਿਆ, ਜਿਥੇ ਇਕ ਭੈਣ ਮਿੱਟੀ ਵਿਚ ਮਿੱਟੀ ਹੋਈ ਪਈ ਸੀ।

ਕੁਝ ਹੀ ਚਿਰ ਮਗਰੋਂ ਮੈਨੂੰ ਹਨੇਰੇ ਕਮਰੇ ਵਿਚੋਂ ਰੋਣ 'ਤੇ ਕਾਬੂ ਕਰਦੇ ਦੋ ਹਉਕਿਆਂ ਨੇ ਵਾਪਸ ਮੋੜ ਲਿਆਂਦਾ।

ਸਵਾਲ ?

ਪ੍ਰੋਫੈਸਰ ਖੁਸ਼ਵੰਤ ਨੇ ਕਿਹਾ, "ਮੈਂ ਤੇ ਮੇਰੀ ਮੰਗੇਤਰ ਇਕੋ ਸ਼ਹਿਰ ਵਿਚ ਰਹਿੰਦੇ ਹਾਂ। ਮੈਂ ਜਨਤਾ ਕਾਲਜ ਵਿਚ ਅੰਗਰੇਜ਼ੀ ਦਾ ਅਧਿਆਪਕ ਹਾਂ ਅਤੇ ਮੇਰੀ ਮੰਗੇਤਰ ਸਿਟੀ ਕਾਲਜ ਫਾਰ ਵਿਮਨ ਵਿਚ ਅਰਥ-ਸ਼ਾਸਤਰ ਦੀ ਅਧਿਆਪਕਾ ਹੈ। ਸਾਹਿਤ ਨਾਲ ਵੀ ਉਸ ਨੂੰ ਗਹਿਰੀ ਮਸ ਹੈ। ਅਸਲ ਵਿਚ ਇਸ ਮੰਗਣੀ ਦੀ ਉਹ ਵੀ ਉਸੇ ਤਰ੍ਹਾਂ ਪੂਰੀ ਜ਼ਿਮੇਂਵਾਰ ਹੈ ਜਿਸ ਤਰ੍ਹਾਂ ਕਿ ਮੈਂ। ਉਸ ਦੇ ਮਾਤਾ ਪਿਤਾ 1947 ਦੇ ਫ਼ਸਾਦਾਂ ਵਿਚ ਮਾਰੇ ਗਏ ਸਨ। ਉਹ ਓਦੋਂ ਆਪਣੇ ਚਾਚਾ ਜੀ ਕੋਲ ਲਾਹੌਰ ਪੜ੍ਹਦੀ ਸੀ ਅਤੇ ਉਨ੍ਹਾਂ ਦੇ ਨਾਲ ਹੀ ਗੜਬੜਾਂ ਦੇ ਦਿਨੀਂ ਇਸ ਪੰਜਾਬ ਵਿਚ ਆਈ ਸੀ। ਹੁਣ ਉਹ ਚਾਚਾ ਜੀ ਦੀ ਧੀ ਹੈ। ਦੋ ਸਾਲਾਂ ਤੋਂ ਉਹ ਇਸ ਸ਼ਹਿਰ ਵਿਚ ਰਹਿ ਰਹੀ ਹੈ। ਕਾਲਜ ਹੋਸਟਲ ਦੀ ਇੰਚਾਰਜ ਹੋਣ ਕਰਕੇ ਉਹ ਹੋਸਟਲ ਲਾਗਲੇ ਨਿੱਕੇ ਜਹੇ ਬੰਗਲੇ ਵਿਚ ਹੀ ਰਹਿੰਦੀ ਹੈ।

"ਇਸ ਮੰਗਣੀ ਦੀ ਗੱਲ ਵੀ ਉਸ ਚਾਚਾ ਜੀ ਨਾਲ ਆਪ ਹੀ ਤੋਰੀ ਸੀ ਤੇ ਉਨ੍ਹਾਂ ਨੇ ਮੈਨੂੰ ਮਿਲ ਕੇ ਮੇਰੇ ਨਾਲ ਕੀਤੀ ਸੀ। ਮੈਂ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਬੇਨਤੀ ਕੀਤੀ ਸੀ ਕਿ ਬਿਨਾਂ ਜਾਣ-ਪਛਾਣ ਦੇ ਇਹ ਗੱਲ ਕਿਸ ਤਰ੍ਹਾਂ ਹੋ ਸਕਦੀ ਹੈ। "ਅੱਛਾ ! ਤੁਸੀਂ ਬੀਬੀ ਬਾਰੇ ਕੁਝ ਨਹੀਂ ਜਾਣਦੇ ! ਉਹ ਤਾਂ ਤੁਹਾਡੇ ਬਾਰੇ ਬਹੁਤ ਕੁਝ ਜਾਣਦੀ ਹੈ", ਉਨ੍ਹਾਂ ਆਖਿਆ ਸੀ।

"ਉਨ੍ਹਾਂ ਬੜੀ ਖੁੱਲ੍ਹ-ਦਿਲੀ ਨਾਲ ਸਾਨੂੰ ਇਕ ਦੂਜੇ ਨਾਲ ਮਿਲਣ ਦੀ ਆਗਿਆ ਦਿੱਤੀ ਸੀ ਅਤੇ ਮੈਨੂੰ ਪੰਜਾਂ ਸੱਤਾਂ ਮਹੀਨਿਆਂ ਮਗਰੋਂ ਹੀ ਉਨ੍ਹਾਂ ਕੋਲੋਂ ਮਨਜੀਤ ਦੇ ਹੱਥ ਦੀ ਮੰਗ ਕਰਨੀ ਪਈ ਸੀ। ਇਸ ਤਰ੍ਹਾਂ ਮੰਗਣੀ ਹੋ ਗਈ ਤੇ ਵਿਆਹ ਦੀ ਤਰੀਕ ਸਾਲ ਦੇ ਅੰਦਰ ਅੰਦਰ ਨਿਯਤ ਕਰਨ ਦਾ ਫੈਸਲਾ ਹੋ ਗਿਆ। ਇਹ ਗੱਲ ਕੋਈ ਲੋਕਾਂ ਕੋਲੋਂ ਲੁਕਾ ਕੇ ਨਹੀਂ ਸੀ ਰੱਖੀ ਗਈ। ਮਨਜੀਤ ਅਕਸਰ ਮੈਨੂੰ ਆਉਂਦਿਆਂ ਜਾਂਦਿਆਂ ਮਿਲਦੀ ਸੀ। ਕਈਆਂ ਸਾਹਿਤਿਕ ਤੇ ਵਿਦਿਅਕ ਗੋਸ਼ਟੀਆਂ ਤੇ ਸੰਮੇਲਨਾਂ ਵਿਚ ਉਹ ਮੇਰੇ ਨਾਲ ਭਾਗ ਲੈਂਦੀ ਹੈ। ਅਕਸਰ ਅਸੀਂ ਕਈ ਸਮਾਜਿਕ ਤੇ ਰਾਜਨੀਤਿਕ ਮਸਲਿਆਂ 'ਤੇ ਵਿਚਾਰ-ਵਟਾਂਦਰਾਂ ਕਰਦੇ ਹਾਂ।

"ਦੋ ਦਿਨ ਦੀਆਂ ਛੁੱਟੀਆਂ ਕਿਤੇ ਇਕੱਠੀਆਂ ਹੋ ਜਾਣ, ਮਨਜੀਤ ਜ਼ਰੂਰ ਆਪਣੇ ਚਾਚਾ-ਚਾਚੀ ਜਾਂ ਆਪਣੀ ਸਹੇਲੀ ਗੁਰਦਰਸ਼ਨ ਨੂੰ ਮਿਲਣ ਲਈ ਰੇਲ-ਸਵਾਰ ਹੋ ਜਾਂਦੀ। ਗੁਰਦਰਸ਼ਨ ਚਾਚਾ ਜੀ ਦੇ ਇਕ ਸੁਹਿਰਦ ਮਿੱਤਰ ਦੀ ਧੀ ਸੀ, ਜੋ ਇਕ ਡਿਗਰੀ ਕਾਲਜ ਦੇ ਪ੍ਰਿੰਸੀਪਾਲ ਹਨ। ਉਮਰ ਵਿਚ ਮਨਜੀਤ ਤੋਂ ਚਾਰ ਪੰਜ ਸਾਲ ਛੋਟੀ ਸੀ, ਪਰ ਪਿਆਰ ਇਨ੍ਹਾਂ ਦਾ ਜੌੜੀਆਂ ਭੈਣਾਂ ਤੋਂ ਵੀ ਵਧ ਸੀ। ਉਂਜ ਵੀ ਸਹੇਲੀਆਂ ਦਾ

ਪਿਆਰ ਕਈ ਵਾਰੀ ਭੈਣਾਂ ਤੋਂ ਵਧ ਹੀ ਹੁੰਦਾ ਹੈ।

"ਜਦ ਕਦੇ ਮਨਜੀਤ ਮੈਨੂੰ ਮਿਲਦੀ, ਗੁਰਦਰਸ਼ਨ ਦਾ ਜ਼ਿਕਰ ਜ਼ਰੂਰ ਕਰਦੀ। ਕਈ ਕਈ ਮਿੰਟ ਉਸ ਦੀ ਸੁੰਦਰਤਾ ਤੇ ਕੋਮਲ ਸੁਭਾਅ ਬਾਰੇ ਗੱਲਾਂ ਕਰੀ ਜਾਂਦੀ। ਮਨਜੀਤ ਆਪਣੇ ਮਜ਼ਮੂਨ ਦੀ ਗੰਭੀਰ ਵਿਦਵਾਨ ਹੈ, ਪਰ ਗੁਰਦਰਸ਼ਨ ਦੀਆਂ ਗੱਲਾਂ ਕਰਦਿਆਂ ਉਹ ਝੱਲੀ ਜਹੀ ਜਾਪਦੀ। ਮਨਜੀਤ ਵਿਚ ਵਿੰਗ-ਵਲ ਕੋਈ ਨਹੀਂ। ਇਸਤ੍ਰੀ ਲਈ ਆਪਣੇ ਪਤੀ ਜਾਂ ਮੰਗੇਤਰ ਨਾਲ ਕਿਸੇ ਹੋਰ ਮੁਟਿਆਰ ਦੀ ਸੁੰਦਰਤਾ ਦਾ ਬਿਆਨ ਕਰਨਾ ਖ਼ਤਰਨਾਕ ਸਮਝਿਆ ਜਾਂਦਾ ਹੈ। ਪਰ ਗੁਰਦਰਸ਼ਨ ਨੇ ਮਨਜੀਤ ਦਾ ਦਿਲ ਇਸ ਤਰ੍ਹਾਂ ਜਿੱਤ ਲਿਆ ਹੋਇਆ ਸੀ ਕਿ ਜਿਵੇਂ ਇਕ ਕੁੜੀ ਦਾ ਦਿਲ ਕੋਈ ਕੁੜੀ ਹੀ ਜਿੱਤ ਸਕਦੀ ਹੈ। ਮੇਰੇ ਲਈ ਇਹ ਸਭ ਕੁਝ ਮਨਜੀਤ ਦੇ ਗੁਰਦਰਸ਼ਨ ਲਈ ਪਿਆਰ ਦਾ ਮਾਪ ਹੁੰਦਾ। ਜਿਉਂ ਜਿਉਂ ਉਹ ਗੁਰਦਰਸ਼ਨ ਦੀ ਤਾਰੀਫ਼ ਕਰਦੀ, ਉਸਦਾ ਚਿਹਰਾ ਮੇਰੇ ਲਈ ਵਧੇਰੇ ਤੋਂ ਵਧੇਰਾ ਸੁੰਦਰ ਹੁੰਦਾ ਜਾਂਦਾ। ਮੇਰਾ ਪਿਆਰ ਉਸ ਲਈ ਹੋਰ ਹੋਰ ਵਧੀ ਜਾਂਦਾ।

"ਗੁਰਦਰਸ਼ਨ ਇਕ ਵਾਰੀ ਗਰਲ-ਗਾਈਡਾਂ ਦੇ ਕੈਂਪ ਤੋਂ ਵਾਪਸ ਪਰਤਦਿਆਂ ਇਥੇ ਉਤਰੀ ਤਾਂ ਮਨਜੀਤ ਉਸ ਨੂੰ ਲੈ ਕੇ ਮੇਰੇ ਕੋਲ ਪਹੁੰਚੀ। ਜਿਵੇਂ ਕੋਈ ਆਪਣੀ ਸਭ ਤੋਂ ਚੰਗੀ ਤੇ ਕੀਮਤੀ ਚੀਜ਼ ਦੀ ਨੁਮਾਇਸ਼ ਕਰਨੋਂ ਨਹੀਂ ਰਹਿ ਸਕਦਾ, ਕੁਝ ਉਵੇਂ ਉਸ ਦੀ ਹਾਲਤ ਸੀ। ਅਤੇ ਜਿਵੇਂ ਕਸ਼ਮੀਰ ਦੀ ਕੁਦਰਤੀ ਸੁੰਦਰਤਾ ਕਲਪਨਾ ਤੋਂ ਕਿਤੇ ਵਧੀਕ ਸਾਬਤ ਹੁੰਦੀ ਹੈ ਤਿਵੇਂ ਗੁਰਦਰਸ਼ਨ ਵੀ ਮਨਜੀਤ ਦੀ ਬਿਆਨੀ ਗੁਰਦਰਸ਼ਨ ਤੋਂ ਕਿਤੇ ਵਧ ਸੀ : ਸੋਹਣੀ, ਸੁਘੜ, ਸੋਹਲ, ਸਿਆਣੀ, ਸੁਚੱਜੀ ਤੇ ਮਿੱਠਬੋਲੀ। ਉਸਦਾ ਮਨਜੀਤ ਨਾਲ ਪਿਆਰ ਵੀ ਕੋਈ ਘੱਟ ਨਹੀਂ ਸੀ। ਸਿਆਣੀ ਬਿਆਣੀ ਕੁੜੀ ਦਾ ਬਾਲਾਂ ਵਾਂਗ 'ਜੀਜਾ ਜੀ, ਜੀਜਾ ਜੀ' ਕਰਦਿਆਂ ਮੂੰਹ ਸੁੱਕਦਾ ਤੇ ਉਸ ਤੋਂ ਉਸ ਦੇ ਮਨਜੀਤ ਲਈ ਪਿਆਰ ਦੀ ਅਥਾਹ ਡੂੰਘਾਈ ਦਾ ਕੁਝ ਕੁਝ ਪਤਾ ਲੱਗਦਾ।

"ਐਤਕੀਂ ਦੁਸਹਿਰੇ ਦੀਆਂ ਛੁੱਟੀਆਂ 'ਤੇ ਮਨਜੀਤ ਗੁਰਦਰਸ਼ਨ ਨੂੰ ਮਿਲਣ ਗਈ ਤੇ ਉਸੇ ਰਾਤ ਹੀ ਓਥੋਂ ਮੁੜ ਆਈ। ਮੇਰੇ 'ਬੈਚੁਲਰਜ਼ ਲਾਜ' ਵਿਚ ਉਹ ਕਦੇ ਮੈਨੂੰ ਮਿਲਣ ਨਹੀਂ ਸੀ ਆਈ। ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਰਾਤ ਦੇ ਦਸ ਵਜੇ ਉਸ ਬੂਹਾ ਆ ਖੜਕਾਇਆ। ਉਸ ਨੂੰ ਇਹੋ ਜਿਹੇ ਵੇਲੇ ਆਈ ਦੇਖ ਕੇ ਮੈਂ ਕੁਝ ਘਬਰਾਇਆ, ਪਰ ਫੇਰ ਛੇਤੀ ਹੀ ਉਸ ਨੂੰ ਅੰਦਰ ਵਾੜ ਕੇ ਬੂਹਾ ਮਾਰ ਲਿਆ। ਟੇਬਲ-ਲੈਂਪ ਜਗ ਰਿਹਾ ਸੀ, ਕਿਉਂਕਿ ਮੈਂ ਹਾਲੀ ਪੜ੍ਹ ਰਿਹਾ ਸਾਂ। ਫੇਰ ਵੀ ਮੈਂ ਛੱਤ ਵਾਲਾ ਲੈਂਪ ਜਗਾ ਦਿੱਤਾ। ਸੀਲਿੰਗ ਫੈਨ ਮਧਮ ਮਧਮ ਚਲ ਹੀ ਰਿਹਾ ਸੀ। ਕੁਰਸੀ 'ਤੇ ਬੈਠਣ ਦੀ ਬਜਾਏ ਉਹ ਮੇਰੇ ਪਲੰਘ 'ਤੇ ਜਾ ਬੈਠੀ। ਉਸ ਦੇ ਵਾਲ ਕੁਝ ਬੇ-ਤਰਤੀਬੀ ਜਹੀ ਵਿਚ ਖਿਲਰੇ ਹੋਏ ਸਨ। ਮੈਨੂੰ ਤਾਂ ਉਹ ਫਿਰ ਵੀ ਸੋਹਣੇ ਲੱਗਦੇ ਸਨ — ਸਗੋਂ ਬਹੁਤੇ ਸੋਹਣੇ। ਪਰ ਮਨਜੀਤ ਦੇ ਚਿਹਰੇ ਨੇ ਮੈਨੂੰ ਫ਼ਿਕਰ ਵਿਚ ਪਾ ਦਿੱਤਾ। ਮੈ ਕੁਰਸੀ ਖਿੱਚ ਕੇ ਉਸ ਦੇ ਸਾਹਮਣੇ ਆ ਬੈਠਾ। ਮੈਨੂੰ ਉਹ ਉਸ ਘੁੱਗੀ ਵਾਂਗ ਜਾਪੀ, ਜੋ ਗੜੇ-ਮਾਰ ਨਾਲ ਆਪਣੇ ਖੰਭ ਤੁੜਾ ਕੇ ਕਿਵੇਂ ਨਾ ਕਿਵੇਂ ਆਪਣੇ ਆਲ੍ਹਣੇ ਵਿਚ ਪਹੁੰਚਣ ਵਿਚ ਸਫਲ ਹੋ ਗਈ ਹੋਵੇ। ਉਸ ਦੀਆਂ ਅੱਖਾਂ

ਦੀਆਂ ਪੁਤਲੀਆਂ ਦੇ ਕੇਂਦਰਾਂ ਵਿਚ ਇਕ ਇਕ ਚਾਨਣ ਦੀ ਬਿੰਦੀ ਸੀ। ਉਸ ਦੇ ਰੁਖ ਬਦਲਣ ਨਾਲ ਉਨ੍ਹਾਂ ਦੇ ਦੁਆਲੇ ਦਾ ਹਨੇਰਾ ਜਿਵੇਂ ਮੈਨੂੰ ਪ੍ਰਸ਼ਨ-ਚਿੰਨ੍ਹ ਬਣ ਕੇ ਫੈਲਦਾ ਜਾਪਿਆ। ਉਹ ਹਨੇਰਾ ਮੈਨੂੰ ਉਸ ਦੇ ਚਿਹਰੇ 'ਤੇ ਵੀ ਫੈਲਦਾ ਮਲੂਮ ਹੋਇਆ। ਇਥੋਂ ਤਕ ਕਿ ਪਿਸ਼ਾਵਰੀ ਆੜੂ ਦੀ ਨੋਕਦਾਰ ਬੈਜ਼ਵੀ ਗੋਲਾਈ ਵਿਚ ਬਣਿਆ ਉਸ ਦਾ ਸੁਮਾਪ ਚਿਹਰਾ ਥੋੜ੍ਹਾ ਜਿਹਾ ਟੇਡਾ ਹੋਣ ਕਰਕੇ ਮੈਨੂੰ ਇਕ ਵੱਡਾ ਪ੍ਰਸ਼ਨ-ਚਿੰਨ੍ਹ ਬਣਦਾ ਦਿਸਿਆ, ਜਿਸ ਦੀ ਬਿੰਦੀ ਉਸ ਦੀ ਠੋਡ਼ੀ ਦੇ ਸੁੰਦਰ ਡੂੰਘ ਵਿਚ ਬਣਦੀ ਸੀ।

"ਅਚਾਨਕ ਮਨਜੀਤ ਨੇ ਬੋਲਣਾ ਸ਼ੁਰੂ ਕੀਤਾ, 'ਗੁਰਦਰਸ਼ਨ, ਤੁਹਾਨੂੰ ਪਤਾ ਹੈ ਨਾ, ਦਿੱਲੀ ਦੇ ਇਕ ਲੱਖਪਤੀ ਘਰਾਣੇ ਵਿਚ ਮੰਗੀ ਗਈ ਸੀ ?"

"ਹਾਂ, ਹਾਂ, ਮੈਂ ਕਿਹਾ, 'ਤੇ ਉਹ ਵੀ ਬਿਨਾਂ ਗੁਰਦਰਸ਼ਨ ਦੀ ਸਲਾਹ ਲੈਣ ਦੇ। ਭਲਾ ਉਸ ਬਾਰੇ ਉਹ ਕਿਹੜੀ ਗੱਲ ਹੈ ਜਿਹੜੀ ਤੁਸੀਂ ਮੈਨੂੰ ਨਹੀਂ ਦੱਸਦੇ ?"

"ਪਰ ਮਨਜੀਤ ਨੇ ਲਾਪਰਵਾਹੀ ਜਹੀ ਨਾਲ ਖ਼ਾਲੀ ਜਹੀਆਂ ਨਜ਼ਰਾਂ ਪਰੇ ਕੰਧ 'ਤੇ ਟਿਕਾਈ ਜਾਰੀ ਰੱਖਿਆ, 'ਪਿੱਛੇ ਜਹੇ, ਦਸ ਕੁ ਦਿਨ ਹੋਏ, ਉਹ ਚੋਰੀ ਚੋਰੀ ਮੇਰੇ ਕੋਲ ਆਈ ਸੀ। ਮੂੰਹ ਉਸ ਦਾ ਸਦਾ ਵਾਂਗ ਹਸੂੰ ਹਸੂੰ ਕਰਦਾ ਸੀ। ਪਰ ਆਈ ਐਤਕੀਂ ਉਹ ਮੇਰੇ ਨਾਲ ਇਕ ਖ਼ਾਸ ਗੱਲ ਕਰਨ ਹੀ ਸੀ। ਕਹਿਣ ਲੱਗੀ : ਪਿਤਾ ਜੀ ਬੜੇ ਘਬਰਾਏ ਹੋਏ ਤੇ ਉਪਰਾਮ ਜਿਹੇ ਹਨ। ਦੋ ਤਿੰਨ ਦਿਨ ਤੋਂ ਕਾਲਜ ਹੀ ਨਹੀਂ ਗਏ। ਚਾਰ ਦਿਨ ਹੋਏ, ਇਕ ਚਿੱਠੀ ਉਨ੍ਹਾਂ ਨੂੰ ਮਿਲੀ ਸੀ। ਉਸ ਨੂੰ ਪੜ੍ਹ ਕੇ ਹੀ ਉਨ੍ਹਾਂ ਦਾ ਇਹ ਹਾਲ ਹੋਇਆ ਹੈ। ਮੈਂ ਪਹਿਲੋਂ ਇਸ ਗੱਲ ਦਾ ਬਹੁਤਾ ਖ਼ਿਆਲ ਨਾ ਕੀਤਾ। ਫੇਰ ਮੈਂ ਦੂਸਰੇ ਦਿਨ ਦੋ ਤਿੰਨ ਵਾਰੀ ਉਨ੍ਹਾਂ ਨੂੰ ਮੁੜ ਉਹੋ ਚਿੱਠੀ ਪੜ੍ਹਦਿਆਂ ਦੇਖਿਆ। ਮੈਂ ਨਾਲ ਦੇ ਕਮਰੇ ਵਿਚ ਸਾਂ ਤੇ ਪਿਤਾ ਜੀ ਨੂੰ ਇਸ ਦਾ ਪਤਾ ਨਹੀਂ ਸੀ ਕਿ ਮੈਂ ਸਭ ਕੁਝ ਦੇਖ ਰਹੀ ਹਾਂ। ਉਹ ਹਰ ਵਾਰ ਚਿੱਠੀ ਪੜ੍ਹ ਕੇ ਅੱਥਰੂ ਪੂੰਝਦੇ ਸਨ। . . . ਓਹ ਹੋ ! ਇਹ ਵੀ ਕਦੇ ਹੋ ਸਕਦਾ ਹੈ ! ! . . . ਉਨ੍ਹਾਂ, ਇਕ ਵਾਰੀ ਸੁਣੀ ਜਾਣ ਵਾਲੀ ਆਵਾਜ਼ ਵਿਚ ਕਿਹਾ, ਤੇ ਨਾਲ ਹੀ ਯਕੀਨੀ ਲਹਿਜੇ ਵਿਚ ਸਿਰ ਮਾਰ ਮਾਰ ਕੇ ਅੱਤ ਦਾ ਦੁੱਖ ਪ੍ਰਗਟ ਕਰਦਿਆਂ ਕਹਿੰਦੇ ਰਹੇ . . . ਮੈਂ ਜਾਣਦਾ ਹਾਂ ! ਮੈਂ ਜਾਣਦਾ ਹਾਂ !

"ਗੁਰਦਰਸ਼ਨ ਕਿੱਡੀ ਬੀਬੀ ਕੁੜੀ ਸੀ। ਪਿਤਾ ਦਾ ਦੁੱਖ ਉਹ ਨਾ ਸਹਾਰ ਸਕੀ ਅਤੇ ਉਸ ਨੇ ਚੋਰੀ ਕਰ ਕੇ ਪਿਤਾ ਜੀ ਦੀ ਪ੍ਰਾਈਵੇਟ ਡਾਕ ਵਿਚੋਂ ਉਹ ਚਿੱਠੀ ਪਛਾਣ ਕੇ ਪੜ੍ਹੀ। ਚਿੱਠੀ ਉਸ ਦੇ ਸਹੁਰਾ ਜੀ ਦੀ ਹੱਥੀਂ ਲਿਖੀ ਹੋਈ ਸੀ। ਮੁਖਤਸਰ ਜਹੀ ਚਿੱਠੀ ਸੀ ਉਹ। ਲਿਖਿਆ ਸੀ : ਨਾਲ ਦੀ ਗੁਮਨਾਮ ਚਿੱਠੀ, ਜੋ ਪਰਸੋਂ ਹੀ ਸਾਨੂੰ ਮਿਲੀ ਹੈ ਅਤੇ ਜੋ ਕਾਕੇ ਨੂੰ ਵੀ ਪੜ੍ਹਾ ਦਿੱਤੀ ਗਈ ਹੈ, ਉਸ ਦੀ ਸਲਾਹ ਨਾਲ ਆਪ ਵੱਲ ਭੇਜ ਰਿਹਾ ਹਾਂ, ਦੱਸੋ ਹੁਣ ਕੀ ਕੀਤਾ ਜਾ ਸਕਦਾ ਹੈ ?

"ਤੇ ਨਾਲ ਦੀ ਚਿੱਠੀ ਅੰਗਰੇਜ਼ੀ ਵਿਚ ਟਾਈਪ ਕੀਤੀ ਹੋਈ ਸੀ। ਲਿਖਿਆ . . . ਸੀ . . . ਲਿਖਿਆ ਸੀ : ਗੁਰਦਰਸ਼ਨ ਬਦਚਲਣ ਹੈ। ਇਸ ਗੱਲ ਨੂੰ ਕਈ ਨਾਵਾਂ ਤੇ ਘਟਨਾਵਾਂ ਨਾਲ ਸਿੱਧ ਕੀਤਾ ਹੋਇਆ ਸੀ। ਤਿੰਨ ਫੁਲਸਕੇਪ ਕਾਗਜ਼ਾਂ ਤੇ ਟਾਇਪ ਕੀਤੀ ਹੋਈ ਉਹ ਚਿੱਠੀ ਸੀ। ਇਹ ਚਿੱਠੀ ਉਸ ਦੇ ਭਰਾ ਜੀ ਦੇ ਟਾਈਪ

ਰਾਈਟਰ 'ਤੇ ਟਾਈਪ ਹੋਈ ਸੀ, ਜਿਸ ਦਾ ਪਤਾ 'ਕੇ' ਅੱਖਰ ਦੇ ਠੀਕ ਨਾ ਲੱਗਣ ਤੋਂ ਲੱਗਦਾ ਸੀ।'

"ਮੈਂ ਹੈਰਾਨ ਪਰੇਸ਼ਾਨ ਸਾਂ। ਇਹ ਗੱਲ ਜੇ ਗੁਰਦਰਸ਼ਨ ਬਾਰੇ ਮਨਜੀਤ ਆਪ ਵੀ ਕਹਿੰਦੀ ਤਾਂ ਜਿਵੇਂ ਤੇ ਜਿੰਨਾ ਕੁ ਮੈਂ ਗੁਰਦਰਸ਼ਨ ਨੂੰ ਜਾਣਦਾ ਤੇ ਸਮਝਦਾ ਸਾਂ, ਉਸ ਦੇ ਆਧਾਰ 'ਤੇ ਮੈਂ ਕਦੀ ਯਕੀਨ ਨਾ ਕਰਦਾ।

"ਮਨਜੀਤ ਕਹਿੰਦੀ ਗਈ, 'ਗੁਰਦਰਸ਼ਨ ਮੁੜ ਮੁੜ ਇਹੋ ਕਹਿੰਦੀ ਰਹੀ ਕਿ ਪਿਤਾ ਜੀ ਦਾ ਦੁੱਖ ਮੈਥੋਂ ਨਹੀਂ ਜਰਿਆ ਜਾਂਦਾ। ਉਸ ਦੇ ਚਿਹਰੇ ਦੀ ਲਾਲੀ ਮਧਮ ਪੈ ਗਈ ਹੋਈ ਸੀ, ਪਰ ਹਸੂੰ-ਹਸੂੰ ਉਹ ਸਦਾ ਵਾਂਗ ਹੀ ਕਰਦਾ ਸੀ। ਫ਼ਿਕਰ ਤੇ ਦੁੱਖ ਵੀ ਉਸ ਨੂੰ ਹੱਦ ਦਾ ਸੀ। ਪਰ ਇਹੋ ਜਿਹਾ ਚਿਹਰਾ ਤਾਂ ਮੌਤ ਦੇ ਦੁੱਖ ਵਿਚ ਵੀ ਹਸੂੰ-ਹਸੂੰ ਕਰਦਾ ਰਹਿੰਦਾ ਸੀ।

"ਉਸੇ ਦਿਨ ਗੁਰਦਰਸ਼ਨ ਕੁਝ ਚਿਰ ਮਗਰੋਂ ਮੁੜ ਗਈ। ਉਸ ਦੀ ਚਿੱਠੀ ਮੈਨੂੰ ਕੋਈ ਨਾ ਆਈ। ਭਾਵੇਂ ਦੋ-ਦੋ ਸਤਰਾਂ ਦੀਆਂ ਹੀ ਲਿਖੇ, ਹਫ਼ਤੇ ਵਿਚ ਦੋ ਚਿੱਠੀਆਂ ਉਹ ਜ਼ਰੂਰ ਮੈਨੂੰ ਲਿਖਦੀ ਸੀ। ਹਫ਼ਤਾ ਲੰਘ ਗਿਆ। ਮੈਂ ਇਸ ਅਰਸੇ ਵਿਚ ਦੋ ਚਿੱਠੀਆਂ ਉਸ ਨੂੰ ਲਿਖ ਚੁੱਕੀ ਸਾਂ। ਸੋ ਦੁਸਹਿਰੇ ਦੀ ਪਹਿਲੀ ਛੁੱਟੀ ਨੂੰ ਹੀ ਮੈਂ, ਤੁਹਾਨੂੰ ਬਿਨਾਂ ਮਿਲਿਆਂ, ਪਿੰਡ ਚਲੀ ਗਈ। ਕਸਬੇ ਵਿਚ ਸੁੰਨ-ਮਸਾਣ ਜਹੀ ਜਾਪਦੀ ਸੀ। ਕਈ ਨਜ਼ਰਾਂ ਗਹੁ ਤੇ ਹਮਦਰਦੀ ਨਾਲ ਮੇਰੇ ਵੱਲ ਤੱਕਦੀਆਂ ਮਲੂਮ ਹੁੰਦੀਆਂ ਸਨ।

"ਪ੍ਰਿੰਸੀਪਲ ਸਾਹਿਬ ਦੀ ਕੋਠੀ ਵਿਚ ਕੋਈ ਹਰਕਤ ਨਹੀਂ ਸੀ। ਅੰਦਰ ਮਾਤਾ ਜੀ ਸਨ। ਮੈਨੂੰ ਦੇਖ ਕੇ ਉੱਠ ਕੇ ਜੱਫੀ ਪਾ ਲਈ ਤੇ ਭੁਬੀਂ ਭੁਬੀਂ ਰੋਏ : ਤੇਰੀ ਗੁਰਦਰਸ਼ਨ ਤੁਰ ਗਈ ਬੇਟੀ, ਰੱਬ ਦੇ ਦੇਸ਼ ! ਮੈਨੂੰ ਅਸਹਿ ਧੱਕਾ ਲੱਗਾ। ਮੈਂ ਰੋ ਵੀ ਨਾ ਸਕੀ। ਰੋਣ ਜਿਵੇਂ ਮੈਨੂੰ ਭੁੱਲ ਹੀ ਗਿਆ ਹੋਵੇ ! ਪਤਾ ਲੱਗਾ : ਅਚਾਨਕ ਹੈਜ਼ੇ ਦਾ ਹਮਲਾ ਹੋਇਆ ਅਤੇ ਗੁਰਦਰਸ਼ਨ ਤੁਰਦੀ ਬਣੀ। ਪ੍ਰਿੰਸੀਪਲ ਸਾਹਿਬ ਘੁੱਗੂ ਮੁੱਗੂ ਹੋਏ ਬੈਠੇ ਸਨ। ਬਿਤਰ ਬਿਤਰ ਮੇਰੀ ਵੱਲ ਤੱਕਦੇ ਰਹੇ। ਉਹ, ਕਹਿੰਦੇ ਸਨ, ਰੋਏ ਹੀ ਨਹੀਂ। ਗੁਰਦਰਸ਼ਨ ਦੇ ਭਰਾ ਤੇ ਭਰਜਾਈ ਵੀ ਦਿੱਲੀਓਂ ਆਏ ਹੋਏ ਸਨ। ਉਹ ਵੀ ਮੇਰੇ ਨਾਲ ਬੋਲੇ ਨਹੀਂ। ਬਸ ਮੈਨੂੰ ਦੇਖ ਕੇ ਰੋਈ ਹੀ ਜਾਂਦੇ ਸਨ।

"ਭਰਾ ਜੀ ਦਾ ਕੰਮ ਅੱਜ ਕੱਲ੍ਹ ਲੱਖਾਂ ਵਿਚ ਹੈ। ਪ੍ਰਿੰਸੀਪਲ ਸਾਹਿਬ ਨੇ ਆਪਣੇ ਸਾਰੇ ਜੀਵਨ ਦੀ ਕਮਾਈ ਦੇ ਕੇ ਉਨ੍ਹਾਂ ਦੇ ਕੰਮ ਦਾ ਮੁੱਢ ਬੰਨ੍ਹਿਆ ਸੀ। ਆਪਣੇ ਬੁਢੇਪੇ ਲਈ ਵੀ ਉਨ੍ਹਾਂ ਆਪਣੇ ਕੋਲ ਕੁਝ ਨਹੀਂ ਸੀ ਰੱਖਿਆ। ਇਹੋ ਭਰਾ-ਭਰਜਾਈ ਗੁਰਦਰਸ਼ਨ ਦਾ ਸਾਕ ਬਹੁਤ ਉੱਚੇ ਘਰ ਕਰਨ ਦਾ ਦੱਬਿਆ ਦੱਬਿਆ ਵਿਰੋਧ ਵੀ ਕਰਦੇ ਸਨ।

"ਉਹ ਸਭ ਕੁਝ ਦੇਖ ਕੇ ਮੇਰੇ ਅੰਦਰ ਗੁੰਝਲਾਂ ਦਾ ਗੋਲਾ ਬੱਝ ਗਿਆ, ਜਿਵੇਂ ਮੇਰੀਆਂ ਆਂਦਰਾਂ ਇਕੱਠੀਆਂ ਹੋ ਕੇ ਪਿਲਚ ਗਈਆਂ ਹੋਣ। ਚੁਪਚਾਪ ਉਥੇ ਕੁਝ ਚਿਰ ਬੈਠੀ ਰਹੀ। ਫੇਰ ਉਹ ਸਭ ਕੁਝ ਮੇਰੇ ਲਈ ਅਸਹਿ ਹੋ ਗਿਆ। ਤੇ ਮੈਂ ਉੱਠ ਖਲੋਤੀ। ਮੈਂ ਮਾਤਾ ਜੀ ਦੇ ਕਹਿੰਦਿਆਂ ਕਹਿੰਦਿਆਂ ਵਾਪਸ ਮੁੜ ਪਈ। ਕਿੱਡਾ ਧੱਕਾ ਲੱਗਾ ਹੋਵੇਗਾ ਉਨ੍ਹਾਂ ਨੂੰ।

"ਮੈਂ ਤੁਰੀ ਆ ਰਹੀ ਸਾਂ ਕਿ ਕੋਠੀ ਦੇ ਬਾਗ਼ ਦਾ ਮਾਲੀ ਇਕ ਝਾੜ ਓਹਲੇ ਖੜਾ ਆਪਣੇ ਵੱਲ ਤਰਸ ਭਰੀ ਨਜ਼ਰ ਨਾਲ ਤੱਕਦਾ ਮੈਂ ਦੇਖਿਆ। ਮੈਂ ਰਾਹੇ ਰਾਹ ਤੁਰੀ ਜਾ ਰਹੀ ਸਾਂ ਕਿ ਇਕ ਖੁੱਲ੍ਹੇ ਉਜਾੜ ਜਹੇ ਮਾਰੂ ਮੈਦਾਨ 'ਚੋਂ ਕਿ ਨਿੱਕੇ ਰਸਤੇ ਮਾਲੀ ਕਹਿੰਦਾ ਭੱਜਾ ਆ ਰਿਹਾ ਸੀ : ਬਿਟੀਆ ਰਾਨੀ, ਬਿਟੀਆ ਰਾਨੀ, ਆਪ ਕਾ ਪਰਸ ਤੋਂ ਵਹੀਂ ਛੂਟ ਗਯਾ ਥ਼ਾ। ਮੈਂ ਹੈਰਾਨ ਸਾਂ ਕਿ ਮੈਂ ਆਪਣਾ ਪਰਸ ਉਥੇ ਕਿਵੇਂ ਛੱਡ ਆਈ। ਸਭ ਕੁਝ ਤਾਂ ਉਸੇ ਵਿਚ ਸੀ। ਪਰਸ ਮੇਰੇ ਹੱਥ ਵਿਚ ਫੜਾ ਕੇ ਮੇਰੇਂ ਬਹੁਤ ਨੇੜੇ ਹੋ ਕੇ ਉਹ ਹਵਾ ਦੀ ਸਰ ਸਰ ਜਿੰਨੀ ਆਵਾਜ਼ ਵਿਚ ਬੋਲਿਆ : ਰੋਓ, ਰੋਓ, ਜੀ ਭਰ ਕਰ ਰੋਓ ! ਤੁਮ ਰੋਤੀ ਕਿਉਂ ਨਹੀਂ ਹੋ ? ਤੁਮ੍ਹਾਰੀ ਬਹਿਨ ਤੋ, ਬਿਟੀਆ, ਅਬ ਵਾਪਿਸ ਨਹੀਂ ਆਏਗੀ। ਔਰ ਸੁਨੋ . . .। ਉਸ ਨੇ ਹੋਰ ਕੋਲ ਹੋ ਕੇ ਮੇਰੇ ਕੰਨ ਵਿਚ ਕਿਹਾ : ਬਿਟੀਆ ਰਾਨੀ ਬਿਮਾਰੀ ਸੇ ਨਹੀਂ ਮਰੀ ਹੈ। ਉਸ ਨੇ ਜ਼ਹਿਰ ਖਾ ਲੀਆ ਥਾ। ਮੈਂ ਅੱਖਾਂ ਪਾੜ ਪਾੜ ਕੇ ਉਸ ਵੱਲ ਦੇਖਦੀ ਰਹਿ ਗਈ। ਉਹ ਕਹੀ ਗਿਆ : ਹਾਂ, ਹਾਂ, ਠੀਕ ਤੋ ਕਹਿ ਰਹਾ ਹੂੰ। ਮੈਨੇ ਹੀ ਤੋ ਰੌਸ਼ਨਦਾਨ ਤੋੜ ਕਰ ਅੰਦਰ ਸੇ ਦਰਵਾਜ਼ਾ ਖੋਲ੍ਹਾ ਥਾ। ਅਪਨੇ ਬਿਸਤਰ ਪਰ ਆਰਾਮ ਸੇ ਜੈਸੇ ਮੁਸਕਰਾਤੀ ਲੇਟੀ ਹੋ ! ਪਾਸ ਹੀ, ਤਿਪਾਈ ਪਰ ਏਕ ਗਿਲਾਸ ਔਰ ਏਕ ਕਾਗਜ਼ ਕਾ ਟੁਕੜਾ ਪੜਾ ਥਾ। ਬਤਾਨਾ ਨਹੀਂ ਕਿਸੀ ਕੋ, ਬਿਟੀਆ, ਏਕ ਤੁਮ੍ਹੀ ਕੋ ਬਤਾ ਦੀਆ।

"ਉਹ ਮੈਨੂੰ ਸਟੇਸ਼ਨ ਤਕ ਗੱਡੀ ਚੜ੍ਹਾਉਣ ਆਇਆ। ਗੱਡੀ ਆਉਣ ਹੀ ਵਾਲੀ ਸੀ। ਆਉਂਦਿਆਂ ਹੀ ਮੈਂ ਗੱਡੀ 'ਤੇ ਸਵਾਰ ਹੋ ਗਈ। ਜਦੋਂ ਗੱਡੀ ਅੱਧਾ ਪਲੇਟਫ਼ਾਰਮ ਲੰਘ ਗਈ ਤਾਂ ਮੈਂ ਸਟੇਸ਼ਨ 'ਤੇ ਭਰਾ ਜੀ ਨੂੰ ਨੱਸੇ ਆਉਂਦੇ ਦੇਖਿਆ। ਸ਼ਾਇਦ ਉਹ ਮੈਨੂੰ ਮੋੜਨ ਆਏ ਸਨ। ਪਰ ਗੱਡੀ ਹੁਣ ਚਾਲ ਫੜ ਚੁੱਕੀ ਸੀ।

"ਗੱਡੀ ਤੋਂ ਉਤਰ ਕੇ ਮੈਂ ਸਿੱਧੀ ਤੁਹਾਡੇ ਵਲ ਆਈ ਹਾਂ।"

"ਮਨਜੀਤ ਦਾ ਚਿਹਰਾ ਲੁਹਾਰ ਦੀ ਭੱਠੀ ਵਾਂਗ ਤਮਤਮਾ ਉੱਠਿਆ ਸੀ। ਉਹ ਚੀਕ ਉੱਠੀ।

"ਕਿਸ ਨੇ ਕੀਤਾ ਇਹ ਖ਼ੂਨ ? ਕਿਉਂ ਕੀਤਾ ਇਹ ਖ਼ੂਨ ?"

"ਇਨ੍ਹਾਂ ਸਵਾਲਾਂ ਦਾ ਜਵਾਬ ਉਸ ਦੇ ਮਨ ਵਿਚ ਮੌਜੂਦ ਸੀ। ਫਿਰ ਵੀ ਉਹ ਚੋਟ ਦੀ ਸ਼ਿੱਦਤ ਤੋਂ ਘਬਰਾ ਕੇ ਮੁੜ ਮੁੜ ਉਹੋ ਸਵਾਲ ਕਰੀ ਜਾ ਰਹੀ ਸੀ।

"ਕੁਝ ਚਿਰ ਮਗਰੋਂ ਉਹ ਸ਼ਾਤ ਲਹਿਜੇ ਵਿਚ ਓਪਰਿਆਂ ਵਾਂਗ ਕਹਿਣ ਲੱਗੀ, 'ਪ੍ਰੋਫ਼ੈਸਰ ਸਾਹਿਬ, ਗੁਰਦਸ਼ਨ ਦੀ ਮੌਤ ਮਗਰੋਂ ਮੈਂ ਤੁਹਾਡੇ ਨਾਲ ਸ਼ਾਦੀ ਨਹੀਂ ਕਰ ਸਕਾਂਗੀ। ਉਸ ਦਾ ਪਿਆਰ ਮੈਨੂੰ ਤੁਹਾਡੇ ਲਈ ਪਿਆਰ ਦੇ ਨਿੱਤ ਵਧਦੇ ਉਛਾਲੇ ਦਿੰਦਾ ਰਹਿੰਦਾ ਸੀ। ਮਰਦ ਇਹੋ ਜਿਹੇ ਹੀ ਹੁੰਦੇ ਹਨ ! ਤੇ ਨਾਲੇ ਹੁਣ ਮੇਰੇ ਕੋਲ ਕੁਝ ਰਿਹਾ ਹੀ ਨਹੀਂ ਦੇਣ ਨੂੰ, ਤੇ ਵਿਆਹ ਪਿਆਰ ਤੋਂ ਬਿਨਾਂ ਇਕ ਨਾਟਕ ਹੋਵੇਗਾ।'

"ਮੈਂ ਦੇਖ ਰਿਹਾ ਸਾਂ ਕਿ ਮਨਜੀਤ ਸੱਚ ਕਹਿ ਰਹੀ ਹੈ। ਮੈਂ ਸੱਚੇ ਦਿਲੋਂ ਕਿਹਾ, ਕਿ ਮੈਂ ਤੁਹਾਡੀ ਏਸ ਕੰਮ ਵਿਚ ਮਦਦ ਕਰਾਂਗਾ। ਮੈਂ ਖ਼ੁਦ ਸਾਰੀ ਉਮਰ ਵਿਆਹ ਨਹੀਂ ਕਰਵਾਵਾਂਗਾ — ਕਿਸੇ ਨਾਲ ਵੀ।

"ਇਹ ਸੁਣ ਕੇ ਮਨਜੀਤ ਤ੍ਰਭਕੀ। ਸ਼ਾਇਦ ਉਸ ਮੇਰਾ ਦ੍ਰਿੜ੍ਹ-ਇਰਾਦਾ ਮੇਰੀਆਂ

ਅੱਖਾਂ ਵਿਚੋਂ ਪੜ੍ਹ ਲਿਆ ਸੀ। ਉਹ ਡਡਿਆ ਕੇ ਮੇਰੇ ਨਾਲ ਚੰਬੜ ਗਈ ਅਤੇ ਉਸ ਦੇ ਹੰਝੂ ਮੇਰੀ ਛਾਤੀ ਨੂੰ ਭਿਉਣ ਲੱਗੇ। ਉਹ ਆਪਣੇ ਚਿਹਰੇ ਨੂੰ ਮੇਰੀ ਛਾਤੀ 'ਤੇ ਰਗੜ ਰਗੜ ਕੇ ਕਹਿ ਰਹੀ ਸੀ. 'ਇਕ ਰਤਨ ਗੁਆ ਕੇ ਹੁਣ ਮੈਂ ਦੂਸਰਾ ਗੁਆਉਣ ਦੀ ਹਿੰਮਤ ਨਹੀਂ ਕਰ ਸਕਦੀ।'

"ਆਖ਼ਰ ਮੈਂ ਉਸ ਨੂੰ ਆਪਣੇ ਪਲੰਘ 'ਤੇ ਲਿਟਾ ਦਿੱਤਾ। ਉਹ ਕਾਫੀ ਦੇਰ ਰੋਂਦੀ ਰਹੀ ਤੇ ਫੇਰ ਸੌਂ ਗਈ। ਤੇ ਮੈਂ ਸਾਰੀ ਰਾਤ ਬੈਠ ਕੇ ਉਸ਼ ਦੇ ਵੱਡੇ ਸਵਾਲ ਦਾ ਸਹੀ ਹੱਲ ਲੱਭਦਾ ਰਿਹਾ।"

ਤੱਕੜੀ ਦਾ ਫੇਰ

ਕਹਾਣੀ ਤਾਂ ਬੜੀ ਸਰਲ ਹੈ . . . ਪਰ ਉਸ ਤੱਕੜੀ ਦੇ ਫੇਰ ਦੀ ਸਮਝ ਨਹੀਂ ਆਉਂਦੀ ਜਿਸ ਵਿਚ ਇਕੋ ਵੱਟਾ ਦੋ ਤਰ੍ਹਾਂ ਦੇ ਤੋਲ ਤੋਲਦਾ ਹੈ।

ਇਕ ਸੀ ਕੁੜੀ ਤੇ ਇਕ ਸੀ ਮੁੰਡਾ। ਕੁੜੀ ਅਠਾਈਆਂ ਵਰ੍ਹਿਆਂ ਦੀ ਸੀ, ਮੁੰਡਾ ਬ਼ਾਈਆਂ ਵਰ੍ਹਿਆ ਦਾ। ਕੁੜੀ ਨੇ ਕਾਲਜ ਦੀ ਪੜ੍ਹਾਈ ਦਾ ਇਕ ਵਿਸ਼ਾ ਸੰਗੀਤ ਰੱਖਿਆ ਸੀ ਤੇ ਬੀ. ਏ. ਕਰਨ ਮਗਰੋਂ ਉਸ ਗਵਾਲੀਅਰ ਸੰਗੀਤ ਵਿਦਿਆਲੇ ਦਾ ਡਿਪਲੋਮਾ ਵੀ ਪ੍ਰਾਪਤ ਕਰ ਲਿਆ ਸੀ। ਤੇ ਹੁਣ ਉਹ ਆਪਣੇ ਸ਼ਹਿਰ ਦੇ ਕੰਨਿਆ ਵਿਦਿਆਲੇ ਵਿਚ ਸੰਗੀਤ ਦੀ ਅਧਿਆਪਕ ਲੱਗ ਗਈ ਸੀ। ਉਸ ਦੇ ਸੁਰ ਅਤੇ ਸੰਗੀਤ-ਗਿਆਨ ਦਾ ਚਰਚਾ ਸੂਬੇ ਭਰ ਵਿਚ ਸੀ, ਕਿਉਂਕਿ ਉਹ ਅਕਸਰ ਰੇਡੀਓ 'ਤੇ ਗਾਉਂਦੀ ਅਤੇ ਸੰਗੀਤ ਸਭਾਵਾਂ ਵਿਚ ਭਾਗ ਲੈਂਦੀ ਸੀ। ਮੁੰਡਾ ਐਮ. ਏ. ਵਿਚ ਪੜ੍ਹ ਰਿਹਾ ਸੀ ਅਤੇ ਸਾਹਿਤ ਰਚਨਾ ਵਿਚ ਛੋਟੀਆਂ ਜਮਾਤਾਂ ਤੋਂ ਹੀ ਲੱਗਾ ਹੋਇਆ ਸੀ। ਮੁੰਡਾ-ਕੁੜੀ ਕਰੀਬੀ ਸੰਬੰਧੀਆਂ ਦੀ ਸੰਤਾਨ ਸਨ। ਉਹ ਭੂਆ ਦਾ ਪੁੱਤਰ ਸੀ ਤੇ ਉਹ ਮਾਮੇ ਦੀ ਧੀ। ਘਰ ਵਿਚ ਆਉਣਾ ਜਾਣਾ ਹੈ ਈ ਸੀ। ਦੋਵੇਂ ਇਕ ਦੂਜੇ ਵੱਲ ਖਿੱਚੇ ਗਏ।

ਸਾਂਝੇ ਪੰਜਾਬ ਦੇ ਉੱਤਰ ਪੱਛਮੀ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕਿਆਂ ਵਿਚੋਂ ਉੱਖੜ ਕੇ ਆਏ .ਗੈਰ-ਮੁਸਲਿਮਾਂ ਵਿਚ ਇਹ ਕੋਈ ਬੁਰੀ ਗੱਲ ਨਹੀਂ ਸੀ ਸਮਝੀ ਜਾਂਦੀ ਕਿ ਇਹੋ ਜਿਹੇ ਮੁੰਡਿਆਂ-ਕੁੜੀਆਂ ਦੀਆਂ ਸ਼ਾਦੀਆਂ ਆਪੋ ਵਿਚ ਕਰ ਦਿੱਤੀਆਂ ਜਾਣ। ਸਗੋਂ ਇਹੋ ਜਿਹੇ ਸਾਕਾਂ ਨੂੰ ਚੰਗਾ ਸਮਝਿਆ ਜਾਂਦਾ ਸੀ। ਪਰ ਭਾਰਤੀ ਪੰਜਾਬ ਵਿਚ ਇਹ ਪਰੰਪਰਾ ਉੱਨੀ ਪ੍ਰਚੱਲਤ ਨਹੀਂ ਸੀ। ਉਸ ਮੁੰਡੇ ਤੇ ਕੁੜੀ ਦੋਹਾਂ ਦੇ ਮਾਪਿਆਂ ਲਈ ਹੁਣ ਇਹੋ ਜਿਹੇ ਵਿਆਹ ਲਈ ਕੁਝ ਝਕ ਪੈਦਾ ਹੋ ਗਿਆ ਸੀ।

ਪਰ ਇਸ ਤੋਂ ਦੋ ਸਾਲ ਪਹਿਲਾਂ ਉਸ ਮੁੰਡੇ ਤੇ ਉਸ ਕੁੜੀ ਦੇ ਮਾਪਿਆਂ ਨੂੰ ਇਹ ਝਕ ਲਾਹੁਣਾ ਹੀ ਪਿਆ ਸੀ। ਮੁੰਡੇ ਦਾ ਸੱਕਾ ਭਰਾ ਉਦੋਂ ਛੱਬੀਆਂ ਸਾਲਾਂ ਦਾ ਸੀ ਤੇ ਉਸ ਕੁੜੀ ਦੀ ਸਕੀ ਭੈਣ ਚੌਵੀਆਂ ਸਾਲਾਂ ਦੀ। ਪੜ੍ਹਨ ਵਿਚ ਉਹ ਮੁੱਢ ਤੋਂ ਹੀ ਬੜੇ ਹੁਸ਼ਿਆਰ ਸਨ ਅਤੇ ਤਿੰਨ ਸਾਲ ਇਕੱਠੇ ਇਕੋ ਡਿਗਰੀ ਕਾਲਜ ਵਿਚ ਇਕ ਜਮਾਤ ਅੱਗੇ-ਪਿੱਛੇ ਪੜ੍ਹਦੇ ਰਹੇ ਸਨ। ਘਰ ਆਉਣਾ-ਜਾਣਾ ਖੁਲ੍ਹਾ ਸੀ। ਕਈ ਵਾਰੀ ਪੜ੍ਹਾਈ ਵੀ ਇਕੱਠੀ ਤੇ ਸੈਰ ਵੀ ਇਕੱਠੀ। ਜਵਾਨ ਦਿਲ ਸਨ, ਪਿਆਰ ਪੈ ਗਿਆ।

ਮੁੰਡੇ ਦਾ ਵੱਡਾ ਭਰਾ ਅੰਗਰੇਜ਼ੀ ਦਾ ਐਮ. ਏ. ਕਰਨ ਕਿਸੇ ਹੋਰ ਸ਼ਹਿਰ ਚਲਾ ਗਿਆ ਤੇ ਕੁੜੀ ਦੀ ਭੈਣ ਇਕ ਸਾਲ ਮਗਰੋਂ ਰਾਜਨੀਤੀ ਵਿਗਿਆਨ ਦਾ ਐਮ. ਏ. ਕਰਨ ਕਿਸੇ ਹੋਰ ਸ਼ਹਿਰ। ਪਰ ਚਿੱਠੀ-ਪੱਤਰ ਸਦਾ ਜਾਰੀ ਰਿਹਾ। ਐਮ. ਏ. ਦੇ ਅਖੀਰਲੇ ਸਾਲ ਵਿਚ ਇਮਤਿਹਾਨ ਦੇ ਲਾਗੇ ਮੁੰਡੇ ਦੇ ਵੱਡੇ ਭਰਾ ਨੂੰ ਪਲੀਉਰਿਸੀ

ਦੀ ਸ਼ਿਕਾਇਤ ਹੋ ਗਈ। ਡਾਕਟਰਾਂ ਨੇ ਉਸ ਨੂੰ ਦੋ ਸਾਲ ਲਈ ਪੜ੍ਹਨੋਂ ਰੋਕ ਦਿੱਤਾ।

ਕੁੜੀ ਦੀ ਛੋਟੀ ਭੈਣ ਬਾਈਆਂ ਸਾਲਾਂ ਦੀ ਉਮਰ ਵਿਚ ਐਮ. ਏ. ਕਰ ਕੇ ਲੈਕਚਰਾਰ ਲੱਗ ਗਈ। ਉਸ ਨੇ ਬਿਮਾਰੀ ਵਿਚ ਮੁੰਡੇ ਦੇ ਵੱਡੇ ਭਰਾ ਦਾ ਬੜਾ ਹੌਸਲਾ ਵਧਾਇਆ। ਉਹ ਉਸ ਨੂੰ ਕਹਿੰਦੀ ਕਿ ਉਸ ਦਾ ਉਸ ਨਾਲ ਪਿਆਰ ਸਦੀਵੀ ਹੈ ਅਤੇ ਉਸ ਦੇ ਰਾਜ਼ੀ ਹੋਣ 'ਤੇ ਉਸ ਨਾਲ ਹੀ ਵਿਆਹ ਕਰਵਾਏਗੀ। ਮੁੰਡੇ ਨੂੰ ਸ਼ੱਕ ਸੀ, ਪਰ ਕੁੜੀ ਦ੍ਰਿੜ੍ਹ ਸੀ। ਉਹ ਸਮਝਦਾ ਸੀ ਕਿ ਬਿਮਾਰੀ ਵਿਚ ਉਸ ਦਾ ਦਿਲ ਰੱਖਣ ਲਈ ਹੀ ਉਹ ਉਪਰੋਂ ਉਪਰੋਂ ਇਹ ਕੁਝ ਕਹਿ ਰਹੀ ਹੈ। ਮੁੰਡੇ ਦੇ ਰਾਜ਼ੀ ਹੋਣ 'ਤੇ ਕੁੜੀ ਨੇ ਉਸ ਨੂੰ ਮੁੜ ਪੜ੍ਹਾਈ ਸ਼ੁਰੂ ਕਰਨ ਲਈ ਪ੍ਰੇਰਨਾ ਦਿੱਤੀ। ਉਹ ਨਾ ਵੀ ਪ੍ਰੇਰਦੀ ਤਾਂ ਵੀ ਉਹ ਜ਼ਰੂਰ ਪੜ੍ਹਦਾ। ਉਸ ਨੇ ਉਸ ਦੀ ਮਾਇਆ ਨਾਲ ਵੀ ਖੁਲ੍ਹੀ ਸਹਾਇਤਾ ਕੀਤੀ। ਮੁੰਡਾ ਵੀ ਐਮ. ਏ. ਪਾਸ ਕਰ ਗਿਆ ਤੇ ਲੈਕਚਰਾਰ ਲੱਗ ਗਿਆ।

ਦੋਹਾਂ ਦੇ ਮਾਪੇ ਇਨ੍ਹਾਂ ਦੇ ਪਿਆਰ ਨੂੰ ਚੰਗਾ ਨਹੀਂ ਸਨ ਸਮਝਦੇ। ਪਰ ਕੀ ਕਰ ਸਕਦੇ ਸਨ ? ਮੁੰਡਾ ਕੁੜੀ ਬਾਲਗ ਸਨ ਤੇ ਆਪਣੀ ਕਮਾਈ ਕਰਦੇ ਸਨ। ਕੁੜੀ ਨੇ ਸਾਬਤ ਕਰ ਦਿੱਤਾ ਸੀ ਕਿ ਉਸ ਦਾ ਪਿਆਰ ਸੱਚਾ ਹੈ। ਤੇ ਦੋਹਾਂ ਸਿਆਣੀਆਂ ਧਿਰਾਂ ਵਿਚੋਂ ਜੇ ਇਕ ਦਾ ਪਿਆਰ ਪੱਕਾ ਹੋਵੇ ਤਾਂ ਦੂਜੀ ਦਾ ਕੱਚਾ ਨਹੀਂ ਰਹਿ ਸਕਦਾ। ਆਖ਼ਰ ਪ੍ਰੋਫ਼ੈਸਰ ਤੇ ਪ੍ਰੋਫ਼ੈਸਰਨੀ ਦੋਹਾਂ ਦੇ ਮਾਪੇ ਉਨ੍ਹਾਂ ਦਾ ਬਾਕਾਇਦਾ ਧਾਰਮਿਕ ਰੀਤੀ ਨਾਲ ਵਿਆਹ ਕਰਨਾ ਮੰਨ ਹੀ ਗਏ ਤੇ ਉਨ੍ਹਾਂ ਦਾ ਅਨੰਦ-ਕਾਰਜ ਹੋ ਗਿਆ।

ਕਈ ਕਹਿਣਗੇ ਕਿ ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ। ਪਰ ਇਥੇ ਇਹ ਗੱਲ ਨਹੀਂ ਸੀ। ਪ੍ਰੋਫ਼ੈਸਰ ਦਾ ਛੋਟਾ ਸੱਕਾ ਭਰਾ, ਵਿਦਿਆਰਥੀ ਪ੍ਰੋਫ਼ੈਸਰਿਆਣੀ ਦੀ ਵੱਡੀ ਸੱਕੀ ਭੈਣ, ਉਸਤਾਨੀ ਦੀ ਅਕਲ ਤੇ ਅਹਿਸਾਸ ਦੀ ਸੂਖਮਤਾ ਕਾਰਨ ਉਸ ਵੱਲ ਆਕਰਸ਼ਿਤ ਹੋਇਆ ਸੀ। ਸ਼ਕਲ ਵੀ ਉਸਤਾਨੀ ਦੀ ਸੋਹਣੀ ਸੀ, ਪਰ ਸ਼ਕਲ ਉਸ ਦੀ ਖਿੱਚ ਦਾ ਵੱਡਾ ਕਾਰਨ ਨਹੀਂ ਸੀ। ਮਲੂਮ ਹੁੰਦਾ ਸੀ ਕਿ ਇਕ ਰੂਹ ਦੇ ਦੋ ਟੋਟੇ ਦੋ ਵੱਖੋ ਵੱਖ ਸਰੀਰਾਂ ਵਿਚ ਰੱਖ ਦਿੱਤੇ ਗਏ ਸਨ, ਜੋ ਇਕ ਹੋ ਜਾਣਾ ਲੋਚਦੇ ਸਨ। ਮੁੰਡਾ ਵੀ ਬੜਾ ਸੂਕਸ਼ਮ ਅਹਿਸਾਸ ਸੀ ਤੇ ਓਨਾ ਹੀ ਵਧੇਰੇ ਅਕਲਮੰਦ ਵੀ। ਕਈ ਗੁਣਾਂ ਕਰਕੇ ਉਹ ਇਕ ਦੂਜੇ ਦੇ ਪੂਰਕ ਸਨ। ਉਹ ਸੰਗੀਤ ਦੀ ਦੇਵੀ ਸੀ ਤੇ ਉਹ ਸੰਗੀਤ ਦਾ ਸੋਝੀਵਾਨ ਪ੍ਰਸੰਸਕ। ਉਹ ਸਾਹਿਤਕਾਰ ਸੀ ਤੇ ਉਹ ਸਾਹਿਤ ਦੀ ਸੁਹਿਰਦ ਆਲੋਚਕ। ਦੋਵੇਂ ਹੱਥੀਂ ਕੰਮ ਕਰਨ ਨੂੰ ਪੁੰਨ ਸਮਝਦੇ ਸਨ ਤੇ ਕੰਮ ਵਿਚ ਇਕ ਦੂਜੇ ਦੇ ਸਹਾਇਕ ਬਣਨਾ ਚਾਹੁੰਦੇ ਸਨ। ਜੇ ਪ੍ਰੋਫ਼ੈਸਰ ਤੇ ਪ੍ਰੋਫ਼ੈਸਰਿਆਣੀ ਦਾ ਵਿਆਹ ਪਵਿੱਤਰ ਸੀ ਤਾਂ ਵਿਦਿਆਰਥੀ ਤੇ ਉਸਤਾਨੀ ਦਾ ਉਸ ਤੋਂ ਵੀ ਪਵਿੱਤਰ। ਪਰ ਦੋਹਾਂ ਧਿਰਾਂ ਦੇ ਮਾਤਾਵਾਂ-ਪਿਤਾਵਾਂ ਨੂੰ ਖਿਆਲ ਆਇਆ ਕਿ ਇਹ ਤਾਂ ਲੀਹ ਹੀ ਤੁਰ ਪਈ। ਉਨ੍ਹਾਂ ਦਾ ਖ਼ਿਆਲ ਸੀ ਕਿ ਪਹਿਲਾ ਵਿਆਹ ਵੀ ਚੰਗਾ ਨਹੀਂ ਸੀ, ਪਰ ਉਹ ਤਾਂ ਮਜਬੂਰੀ ਚੰਗਾ ਬਣਾਉਣਾ ਹੀ ਪਿਆ ਸੀ। ਇਹ ਵੀ ਉਹੋ ਜਹੀ ਗੱਲ ਬਣਦੀ ਜਾਪਦੀ ਸੀ, ਪਰ ਲੱਗਦੀ ਸੀ ਮਾਪਿਆਂ ਨੂੰ ਉਸ ਤੋਂ ਵੀ ਭੈੜੀ। ਸੋ ਦੁਵੱਲਿਓਂ ਕੱਟੜ ਵਿਰੋਧਤਾ ਸ਼ੁਰੂ ਹੋਈ ਤੇ ਹੈਰਾਨੀ ਦੀ ਗੱਲ ਕਿ ਪ੍ਰੋਫ਼ੈਸਰ ਤੇ ਪ੍ਰੋਫ਼ੈਸਰਿਆਣੀ ਵੀ ਹੁਣ ਦੋਹਾਂ ਮਾਪਿਆਂ ਦੇ ਧੜੇ ਵਿਚ ਸ਼ਾਮਲ ਸਨ। ਉਪਰਲਾ ਉਪਰਲਾ ਵੱਡਾ ਇਤਰਾਜ਼

ਸੀ ਕਿ ਮੁੰਡਾ ਛੋਟਾ ਤੇ ਕੁੜੀ ਵੱਡੀ, ਇਸ ਲਈ ਪਿਆਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਉਨ੍ਹਾਂ ਨੂੰ ਕੋਈ ਨਾ ਸਮਝਾ ਸਕਿਆ ਕਿ ਪ੍ਰੋਫ਼ੈਸਰ ਪ੍ਰੋਫ਼ੈਸਰਿਆਣੀ ਹਾਲਤ ਵਿਚ ਕੁੜੀ ਛੋਟੀ ਸੀ ਤੇ ਮੁੰਡਾ ਵੱਡਾ ਤੇ ਪਿਆਰ ਦੀ ਮੁਸਾਵਤ ਵਿਚ ਇਹ ਦੋਵੇਂ ਗੱਲਾਂ ਬਰਾਬਰ ਹਨ। ਛੋਟੇ ਭਰਾ ਤੇ ਵੱਡੀ ਭੈਣ ਦੇ ਹੱਕ ਵਿਚ ਉਨ੍ਹਾਂ ਵਾਲੀ ਹੀ ਪਿਆਰ ਦੀ ਦਲੀਲ ਦਿੱਤੀ ਜਾਂਦੀ ਸੀ, ਪਰ ਵੱਡਾ ਭਰਾ ਤੇ ਛੋਟੀ ਭੈਣ ਇਸ ਨੂੰ ਮੰਨਦੇ ਹੀ ਨਹੀਂ ਸਨ।

ਵਿਦਿਆਰਥੀ ਨੂੰ ਉਸਤਾਨੀ ਸਾਹਮਣੇ ਮੂਰਖ ਤੇ ਉਪਭਾਵੁਕ ਕਹਿ ਕੇ ਭੰਡਿਆ ਗਿਆ, ਕੁੜੀ ਨੂੰ ਮੁੰਡੇ ਅੱਗੇ ਮੱਕਾਰ ਤੇ ਫੰਧਕ ਕਹਿ ਕੇ ਨਿੰਦਿਆ ਗਿਆ। ਕੁੜੀ ਨੂੰ ਲਬੇੜਨਾ ਸੌਖਾ ਹੁੰਦਾ ਹੈ। ਉਸ ਦੀਆਂ ਹਮਜੋਲਣਾਂ, ਸਹੇਲੀਆਂ ਤੇ ਸਾਥਣਾਂ ਵਿਚ ਉਸ ਦੇ ਜਾਲ ਲਾਉਣ ਦੀ ਕਹਾਣੀ ਨਸ਼ਰ ਕੀਤੀ ਗਈ। ਦੁਨੀਆਂ ਕੀ ਜਾਣੇ ਡੂੰਘੀਆਂ ਗੱਲਾਂ ਨੂੰ ? ਵਿਦਿਆਰਥੀ ਉਮਰ ਵਿਚ ਛੋਟਾ ਹੈ, ਠੀਕ ਹੀ ਉਸ ਨੂੰ ਉਹ ਫਾਹੁੰਦੀ ਹੋਵੇਗੀ, ਉਹ ਕਹਿੰਦੀਆਂ।

ਕੰਨੋਂ ਕੰਨੀਂ ਗੱਲਾਂ ਹੁੰਦੀਆਂ। ਸੰਗੀਤ ਦੀ ਦੇਵੀ ਘਬਰਾ ਗਈ। ਉਸ ਆਪਣੇ ਦਰਵਾਜ਼ੇ ਭੀੜ ਲਏ। ਉਸ ਕਹਿ ਦਿਤਾ ਕਿ ਉਹ ਉਸ ਵਿਦਿਆਰਥੀ ਨੂੰ ਉੱਕਾ ਨਹੀਂ ਚਾਹੁੰਦੀ। ਉਸ ਨੇ ਆਪਣੇ ਮਨ ਵਿਚ ਕਿਸੇ ਨਾਲ ਵੀ ਵਿਆਹ ਨਾ ਕਰਵਾਉਣ ਦਾ ਪੱਕਾ ਇਰਾਦਾ ਬਣਾ ਲਿਆ। ਉਸ ਸ਼ਾਇਦ ਸੋਚਿਆ ਕਿ ਉਸ ਦਾ ਪਿਆਰਾ ਸਾਹਿਤਕਾਰ ਉਸ ਨੂੰ ਭੁਲ ਜਾਵੇਗਾ ਤੇ ਮਰਨ ਮਗਰੋਂ ਤਾਂ ਉਸ 'ਤੇ ਥੋਪਿਆ ਕਲੰਕ ਧੋਤਾ ਜਾਵੇਗਾ।

ਪਰ ਇਹ ਕਿਵੇਂ ਹੋ ਸਕਦਾ ਸੀ ? ਉਹ ਸਦਾ ਉਸਤਾਨੀ ਦੇ ਪਿਆਰ ਦਾ ਇਕਬਾਲ ਕਰਦਾ ਸੀ। ਸੰਗੀਤ ਦੀ ਦੇਵੀ ਦੀ ਸ਼ਾਨ ਵਿਚ ਅਪਮਾਨ ਸੂਚਕ ਸ਼ਬਦ ਸੁਣ ਕੇ ਮਾਤਾ-ਪਿਤਾ ਨਾਲ ਗੁੱਸੇ ਹੁੰਦਾ, ਭਰਾ-ਭਰਜਾਈ ਨਾਲ ਲੜਦਾ। ਦਿਲ ਦੇ ਗੁਪਤ ਮੰਦਰ ਵਿਚ ਹੰਸਾਸਣ 'ਤੇ ਬੈਠੀ ਉਸ ਗ੍ਰੰਥ-ਵੀਣਾ-ਧਾਰਨੀ ਸਰਸਵਤੀ ਦੀ ਪ੍ਰਤਿਮਾ ਦੇ ਚਰਨਾਂ ਨੂੰ ਉਹ ਹੰਝੂਆਂ ਦੇ ਅਰਘ ਨਾਲ ਧੋਂਦਾ ਤੇ ਅਹਿਸਾਸਾਂ ਦੇ ਫੁੱਲਾਂ ਨਾਲ ਪੂਜਦਾ।

ਕੁੜੀ ਆਪਣੇ ਤੋਂ ਮੱਕਾਰ ਤੇ ਫੰਧਕ ਹੋਣ ਦੇ ਫਰਜ਼ ਦਾਗ ਨੂੰ ਲਾਹੁਣ ਦੇ ਜਾਲ ਵਿਚ ਫਸੀ ਹੋਈ ਸੀ। ਮੁੰਡਾ ਸ਼ਾਇਦ ਵੱਡੀ ਉਮਰ ਦਾ ਹੋਣ ਦਾ ਜਤਨ ਕਰ ਰਿਹਾ ਸੀ, ਪਰ ਉਹ ਜਿੰਨਾ ਵੱਡਾ ਹੁੰਦਾ ਸੀ, ਕੁੜੀ ਉੱਨੀ ਉਸ ਤੋਂ ਵੱਡੀ ਹੁੰਦੀ ਜਾਂਦੀ ਸੀ। ਮੁੰਡਾ ਗੰਭੀਰ ਪੁਸਤਕਾਂ ਲਿਖ ਲਿਖ ਕੇ ਆਪਣੇ ਉਪਨਾਮ 'ਉਪਭਾਵੁਕ' ਨਾਲੋਂ 'ਉਪ' ਲਾਹੁਣ ਤੇ ਸਿਆਣਾ ਬਣਨ ਦਾ ਜਤਨ ਕਰਦਾ ਰਿਹਾ। ਪਰ ਮਿਲਾਪ ਦੀ ਕੁੰਜੀ ਕੁੜੀ ਦੇ ਹੱਥ ਵਿਚ ਸੀ ਤੇ ਉਸ ਨੇ ਜੰਦਾ ਲਾ ਛੱਡਿਆ ਸੀ। ਮੁੰਡਾ ਵੱਖ ਤੜਫਦਾ ਸੀ, ਕੁੜੀ ਵੱਖ। ਪ੍ਰੇਮ-ਵਸਤੂ ਨੂੰ ਵਰ੍ਹਿਆਂ ਦਿਆਂ ਪੈਮਾਨਿਆਂ ਨਾਲ ਨਾਪਣ ਵਾਲਿਆਂ ਉਤੇ ਭਵਿੱਖਤ ਹੱਸਦਾ ਕਿਸੇ ਨੂੰ ਸੁਣਾਈ ਨਹੀਂ ਸੀ ਦੇ ਰਿਹਾ।

ਗੁਆਚੇ ਦੀ ਭਾਲ

ਰੁਲਦੂ ਰਾਮ ਗੁਮਾਸ਼ਤੇ ਨੇ ਸਰਦਾਰ ਅਮਰ ਸਿੰਘ ਦੀ ਹਵੇਲੀ ਦਾ ਵੱਡਾ ਦਰਵਾਜ਼ਾ ਪਾਰ ਕਰ ਕੇ ਉੱਚੀ ਆਵਾਜ਼ ਦਿੱਤੀ, "ਸਰਦਾਰ ਜੀ ! ਏ ਸਰਦਾਰ ਜੀ !"

ਦੋ ਚਾਰ ਵਾਰੀ ਏਦਾਂ ਹੀ ਆਵਾਜ਼ਾਂ ਦੇਣ ਮਗਰੋਂ, ਘਰ ਦਾ ਨੌਕਰ ਬਾਹਰ ਨਿਕਲਿਆ। ਕੁੰਜੀ ਲਾ ਕੇ ਬੈਠਕ ਦਾ ਬੂਹਾ ਖੋਲ੍ਹਿਆ ਤੇ ਕਿਹਾ, "ਸ਼ਾਹ ਜੀ, ਤੁਸੀਂ ਰਤਾ ਅੰਦਰ ਬੈਠੋ। ਸਰਦਾਰ ਹੋਰੀਂ ਪਾਠ ਕਰਦੇ ਨੇ। ਹੁਣੇ ਆਏ।"

ਰੁਲਦੂ ਰਾਮ ਮਸੀਂ ਪੰਜ ਕੁ ਮਿੰਟ ਹੀ ਬੈਠਾ ਸੀ ਕਿ ਘਰ ਦੀ ਟਹਿਲਣ ਥਾਲੀ ਵਿਚ ਪਰੌਂਠਾ ਤੇ ਮੱਖਣ ਦਾ ਪੇੜਾ ਅਤੇ ਛੰਨੇ ਵਿਚ ਲੱਸੀ ਲੈ ਕੇ ਬੈਠਕ ਵਿਚ ਆਈ। ਇਕ ਚੌਂਕੀ 'ਤੇ ਦੋਵੇਂ ਚੀਜ਼ਾਂ ਰੱਖੀਆਂ ਤੇ ਚੌਂਕੀ ਰੁਲਦੂ ਰਾਮ ਦੇ ਅੱਗੇ ਕਰ ਕੇ ਕਿਹਾ, "ਸ਼ਾਹ ਜੀ ਛਕੋ।"

"ਏ ਕਾਕੋ, ਮੈਂ ਤੇ ਛਾਹ ਵੇਲਾ ਕਰ ਕੇ ਆਇਆਂ।"

"ਤੁਸੀਂ ਛਕੋ। ਮੈਂ ਕਰਾਰਾ ਪਰੌਂਠਾ ਹੋਰ ਲਿਆਉਨੀ ਆਂ।"

"ਨਾ ਕਾਕੋ, ਹੋਰ ਨਾ ਲਿਆਈਂ। ਮੈਂ ਤੇ ਅੱਗੇ ਈ ਰੱਜਿਆ ਹੋਇਆ ਆਂ।"

ਰੁਲਦੂ ਰਾਮ ਨੇ ਅਜੇ ਅਧਾ ਕੁ ਪਰੌਂਠਾ ਈ ਖਾਧਾ ਸੀ ਕਿ ਇਕ ਰਕੇਬੀ ਵਿਚ ਹੋਰ ਪਰੌਂਠਾ ਲਈ ਉਹ ਫੇਰ ਆ ਗਈ। ਰੁਲਦੂ ਰਾਮ ਨੇ ਥਾਲ ਉੱਤੇ ਹੱਥ ਰੱਖ ਦਿੱਤੇ। ਇੰਨੇ ਨੂੰ ਸਰਦਾਰ ਹੋਰੀਂ ਬੈਠਕ ਵਿਚ ਦਾਖ਼ਲ ਹੋ ਚੁੱਕੇ ਸਨ।

"ਰੱਖ. ਦੇ, ਕੁੜੀਏ ! ਰੱਖ ਦੇ। ਸ਼ਾਹ ਹੋਰੀਂ ਏਦਾਂ ਈ ਕਰਦੇ ਹੁੰਦੇ ਨੇ।"

ਕੁੜੀ ਪਰੌਂਠਾ ਪੁੱਠੇ ਹੱਥਾਂ ਤੇ ਰੱਖਣ ਹੀ ਲੱਗੀ ਸੀ ਕਿ ਸ਼ਾਹ ਹੋਰਾਂ ਨੇ ਹੱਥ ਪਿੱਛੇ ਖਿੱਚ ਲਏ ਤੇ ਪਰੌਂਠਾ ਥਾਲੀ ਵਿਚ ਜਾ ਟਿਕਿਆ।

"ਤੁਸੀਂ, ਸਰਦਾਰ ਜੀ, ਜੋਰਾਵਰੀ ਕਰਦੇ ਓ ਪਏ।"

"ਓਏ ਸ਼ਾਹਾ ! ਖਾਣ ਕੋਲੋਂ ਕੀ ਚੰਗਾ ਐ ? ਖਾ ਤੂੰ ਰੱਜ ਕੇ!"

"ਨਹੀਂ, ਸਰਦਾਰ ਜੀ, ਤੁਸੀਂ ਮੈਨੂੰ ਭਜਾਓ ਨਾ। ਮੈਂ ਤੇ ਤੁਹਾਡੇ ਨਾਲ ਇਕ ਗੱਲ ਈ ਕਰਨ ਆਇਆ ਸਾਂ।"

"ਖਾ ਤੇ ਸਹੀ ਤੂੰ। ਗੱਲ ਵੀ ਕਰ ਲੈਂਦੇ ਆਂ।"

"ਸਰਦਾਰ ਜੀ, ਮੈਂ ਮਸੀਂ ਉਂਗਲ-ਨਿੰਗਲ ਕੇ ਇਹੋ ਮੁਕਾਵਾਂਗਾ। ਮੇਰੇ ਹੱਥ ਜੋੜੇ ਐ।"

ਰੁਲਦੂ ਨੇ ਥਾਲੀ ਦੇ ਉਤੋਂ ਹੱਥ ਜੋੜੇ।

ਟਹਿਲਣ ਤੀਜਾ ਪਰੌਂਠਾ ਲਈ ਆ ਰਹੀ ਸੀ ਕਿ ਸਰਦਾਰ ਜੀ ਨੇ ਕਿਹਾ,

"ਬਸੰਤੀਏ, ਸ਼ਾਹ ਹੋਰੀਂ ਤੇ ਪਿੱਠ ਦਿਖਾ ਗਏ ਨੇ। ਮੋੜ ਲਿਜਾ ਤੂੰ ਫੁਲਕਾ।"

ਫੇਰ ਸ਼ਾਹ ਹੋਰਾਂ ਵੱਲ ਮੁਖਾਤਬ ਹੋ ਕੇ ਉਨ੍ਹਾਂ ਕਿਹਾ, "ਲੱਸੀ ਹੋਰ ਲਵੋਗੇ, ਸ਼ਾਹ ਜੀ ?" ਸ਼ਾਹ ਹੋਰਾਂ ਦੇ ਸਿਰ ਫੇਰਨ 'ਤੇ ਉਨ੍ਹਾਂ ਮੁੜਦੀ ਟਹਿਲਣ ਨੂੰ ਕਿਹਾ, "ਖਿਜਮਤੀ ਲਿਆ ਕੇ ਸ਼ਾਹ ਹੋਰਾਂ ਦੇ ਹੱਥ ਸੁੱਚੇ ਕਰਾ। ਹਾਂ, ਨਾਲੇ ਹੱਥ ਪੂੰਝਣ ਲਈ ਸਾਫ਼ ਪਰਨਾ ਵੀ ਲਈ ਆਈਂ।"

ਜਦੋਂ ਸ਼ਾਹ ਜੀ ਖਾ ਕੇ ਧੋਤੇ ਹੱਥ ਪੂੰਝ ਕੇ ਵਿਹਲੇ ਹੋਏ ਤਾਂ ਸਰਦਾਰ ਜੀ ਨੇ ਠਰ੍ਹੰਮੇ ਨਾਲ ਪੁੱਛਿਆ, "ਹੁਣ ਦੱਸ, ਰੁਲਦੂ ਰਾਮਾ, ਕੀ ਗੱਲ ਐ ?"

"ਸਰਦਾਰ ਜੀ, ਤੁਹਾਨੂੰ ਪਤਾ ਈ ਐ ਨਾ, ਸਾਡੇ ਲਾਲਾ ਜੀ ਸ਼ਿਮਲੇ ਗਏ ਸੀ। ਡਾਕਟਰ ਨੇ ਸ਼ਾਹਣੀ ਨੂੰ ਸ਼ਿਮਲੇ ਲੈ ਜਾਣ ਨੂੰ ਕਿਹਾ ਸੀ। ਓਥੇ ਪ੍ਰਕਾਸ਼ ਤੇ ਨੂੰਹ ਰਾਣੀ ਨੂੰ ਛੱਡ ਆਏ ਨੇ, ਸੇਵਾ ਕਰਨ ਲਈ, ਏਧਰ ਕੰਮ ਕਾਰ ਦਾ ਜ਼ੋਰ ਸੀ। ਓਥੇ ਸਾਰਾ ਬੰਦੋਬਸਤ ਕਰ ਕੇ ਆਪ ਮੁੜ ਆਏ ਨੇ।"

"ਰੁਲਦੂ ਰਾਮ ਜੀ, ਇਹ ਤੇ ਮੈਨੂੰ ਪਤਾ ਲੱਗ ਗਿਆ ਸੀ। ਹੁਣ ਸ਼ਾਹਣੀ ਤੇ ਤਗੜੀ ਐ ਅੱਗੇ ਨਾਲੋਂ ?"

"ਕਹਿੰਦੇ ਨੇ ਅੱਗੇ ਕੋਲੋਂ ਹਾਲਤ ਚੰਗੀ ਐ, ਪਰ ਲਾਲਾ ਜੀ ਨੇ ਇਕ ਹੋਰ ਗੱਲ ਦੱਸਣ ਲਈ ਭੇਜਿਆ ਮੈਨੂੰ, ਤੁਹਾਡੇ ਕੋਲ।"

"ਦੱਸ ਫੇਰ।"

"ਜਦੋਂ ਲਾਲਾ ਜੀ ਸ਼ਿਮਲਿਓਂ ਮੁੜ ਰਹੇ ਸਨ, ਉਨ੍ਹਾਂ ਜਿਹੜੀ ਮੋਟਰ ਕੀਤੀ ਸੀ ਨਾ, ਉਹਦਾ ਡਰੈਵਰ, ਇਕ ਥਾਂ ਏ ਬੜੋਗ, ਸੋਲਨ ਲਾਗੇ, ਉਥੇ ਪਹਾੜ ਦੇ ਵਿਚੋਂ ਦੀ ਰੇਲਵਾਈ ਦੀ ਲੈਨ ਲੰਘਾਉਣ ਲਈ ਇਕ ਸੁਰੰਗ ਬਣਦੀ ਐ। ਉਹਦੇ ਲਾਗੇ ਇਕ ਤੰਦੂਰ ਐ। ਹਾਂ, ਸੱਚ ਉਹ ਡਰੈਵਰ ਓਥੇ ਮੋਟਰ ਵਿਚ ਪਾਣੀ ਪਾਉਣ ਲਈ ਖਲੋ ਗਿਆ ਸੀ। ਲਾਲਾ ਜੀ ਕਹਿੰਦੇ ਐ ਭਈ ਤੰਦੂਰ ਵਾਲੀ ਦੁਕਾਨ ਵਿਚੋਂ ਉਨ੍ਹਾਂ ਆਪਣੇ ਪਰ੍ਹੋਣੇ ਵਰਗਾ ਬੰਦਾ ਸ਼ਰਾਬੀਆਂ ਵਾਂਗ ਥਿੜਕਦਾ-ਡੋਲਦਾ ਨਿਕਲਦਾ ਦੇਖਿਆ। ਉਹ ਏਦਾਂ ਹੀ ਇਕ ਪਹਾੜੀ ਰਾਹੇ ਹੇਠਾਂ ਉਤਰ ਗਿਆ। ਓਥੇ ਦਿਨ ਡੁੱਬਣ ਤੋਂ ਪਹਿਲਾਂ ਈ ਘੁਸਮੁਸਾ ਹੋਇਆ ਹੋਇਆ ਸੀ। ਲਾਲਾ ਜੀ ਨੇ ਓਸ ਬਾਰੇ, ਤੰਦੂਰ 'ਤੇ ਜਿਹੜਾ ਮੁੰਡਾ ਸੀ ਨਾ, ਓਸ ਤੋਂ ਪੁੱਛਿਆ ਪਰ ਓਸ ਨੂੰ ਉਸ ਬੰਦੇ ਬਾਰੇ ਕੁਝ ਵੀ ਪਤਾ ਨਹੀਂ ਸੀ। ਫੇਰ ਡਰੈਵਰ ਨੇ ਕਾਹਲ ਪਾ ਦਿੱਤੀ। ਲਾਲਾ ਜੀ ਕਹਿੰਦੇ ਨੇ, ਸਾਨੂੰ ਤਾਂ ਉਹ ਸਰਦਾਰਾਂ ਦਾ ਪਰ੍ਹੋਣਾ ਈ ਲੱਗਦਾ ਸੀ।"

"ਸਾਡਾ ਪਰ੍ਹੌਣਾ ? ਹੱਛਾ ਆ . . . . ਆ . . . ?"

ਸਰਦਾਰ ਜੀ ਫ਼ਿਕਰਮੰਦ ਹੋ ਗਏ। ਪਰ ਕੁਝ ਖੁਸ਼ੀ ਦੀ ਚਮਕ ਵੀ ਉਨ੍ਹਾਂ ਦੀਆਂ ਅੱਖਾਂ ਵਿਚੋਂ ਦਿੱਸੀ।

ਰੁਲਦੂ ਰਾਮ ਆਗਿਆ ਲੈ ਕੇ ਚਲਾ ਗਿਆ।

ਸਰਦਾਰ ਜੀ ਅੰਦਰ ਆਏ। ਆਪਣੀ ਮਾਤਾ ਜੀ ਕੋਲ ਪਹੁੰਚੇ। ਸਾਰੀ ਗੱਲ ਉਨ੍ਹਾਂ ਨੂੰ ਦੱਸੀ : "ਲਾਲਾ ਕਹਿੰਦਾ, ਆਪਣੇ ਹਾਕਮ ਸਿੰਘ ਵਰਗਾ ਲੱਗਦਾ ਸੀ। ਪਰ ਉਹ

ਤੇ ਸ਼ਰਾਬ ਦੇ ਲਾਗੇ ਵੀ ਨਹੀਂ ਸੀ ਜਾਂਦਾ। ਸ਼ੈਤ ਕੋਈ ਹੋਰ ਹੋਏਗਾ।"

"ਵੇ ਅਮਰ ਸਿਆਂ, ਦੁੱਧ-ਬੁੱਧ ਫਿੱਟਦਿਆਂ ਕਿਹੜੀ ਡੇਰ ਲਗਦੀ ਏ ? ਜਾਹ, ਵੇ ਕਿਤੇ ਓਹੋ ਨਾ ਹੋਵੇ। ਧੀ-ਧਿਆਣੀ ਪੇਕੇ ਘਰ ਬੈਠੀ ਕਿਹੜੀ ਸਾਨੂੰ ਸੁਖਾਂਦੀ ਏ।"

"ਮਾਂ ਜੀ, ਉਹਨੂੰ ਲੱਭਣ ਵਲੋਂ ਮੈਂ ਕਿਹੜੀ ਕਸਰ ਛੱਡੀ ਐ ? ਜਿਥੋਂ ਕਿਤੇ ਸੂਹ-ਬਿੜਕ ਹੋਈ ਐ, ਮੈਂ ਓਥੇ ਪਹੁੰਚਿਆ ਵਾਂ। ਖਬਰੇ ਕਿਹੜੇ ਦੇਸ ਨਿਕਲ ਗਿਆ ਐ ? ਭਰਾਵਾਂ ਨੂੰ ਤੇ ਕੋਈ ਫਿਕਰ ਫਾਕਾ ਈ ਨਹੀਂ।"

"ਵੇ ਬੀਬਿਆ, ਭਰਾ ਤੇ ਸ਼ਰੀਕ ਹੁੰਦੇ ਨੇ। ਜਿਨ੍ਹਾਂ ਨੇ ਜਣੀਆਂ, ਉਨ੍ਹਾਂ ਨੂੰ ਬਣੀਆਂ !"

"ਚੰਗਾ, ਮਾਂ ਕੁਝ ਇੰਤਜ਼ਾਮ ਕਰਦਾਂ। ਪਹਾੜਾਂ ਤੇ ਜਾਣਾ ਕਿਹੜਾ ਸੌਖਾ ਏ ? ਬੁੱਕ ਰੁਪਈਆਂ ਦੇ ਲੱਗਦੇ ਨੇ। ਸੁਣਿਆਂ ਤੇ ਅਸੀਂ ਵੀ ਐ ਭਈ ਅੰਗਰੇਜ਼ ਪਹਾੜ 'ਤੇ ਰੇਲ ਚੜ੍ਹਾਉਣ ਲੱਗਾ। ਖਬਰੇ ਓਥੇ ਈ ਮਿਹਨਤ-ਮਜੂਰੀ ਕਰਦਾ ਲੁਕ ਕੇ ਬੈਠਾ ਹੋਵੇ ?"

"ਵੇ ਜਾ, ਵੇ ਕਾਕਾ, ਜਾ। ਰੱਬ ਤੇਰਾ ਭਲਾ ਕਰੇ !"

ਟਹਿਲਣ ਲਾਗੇ ਕੰਮ ਕਰਦੀ ਗੱਲਾਂ ਸੁਣਦੀ ਰਹੀ ਸੀ। ਉਸ ਅੰਦਰ, ਸਰਦਾਰ ਦੀ ਭੈਣ ਜਮਨਾ ਨਾਲ ਜਾ ਗੱਲ ਕੀਤੀ। ਉਹ ਛੋਪਲੇ ਜਹੇ ਮਾਂ ਕੋਲ ਆ ਬੈਠੀ। ਹੌਲੀ ਜਹੀ ਝਕਦੀ, ਸ਼ਰਮਾਉਂਦੀ ਆਵਾਜ਼ ਵਿਚ ਮਾਂ ਨੂੰ ਕਹਿਣ ਲੱਗੀ, "ਮਾਂ ਜੀ, ਐਤਕੀਂ ਮੈਂ ਵੀ ਵੀਰਾ ਜੀ ਦੇ ਨਾਲ ਜਾਵਾਂਗੀ।"

"ਕੁੜੀਏ ! ਤੂੰ ਸ਼ਦੈਣ ਤੇ ਨਹੀਂ ਹੋ ਗਈ ? ਓਥੇ ਕੀ ਕਰਨ ਜਾਵੇਂਗੀ ? ਲਾਲੇ ਨੂੰ ਝੌਲਾ ਈ ਪਿਆ ਐ ਨਾ ? ਤੇਰਾ ਕੀ ਖਿਆਲ ਐ ਭਈ ਜੇ ਉਹ ਓਥੇ ਹੋਇਆ ਤਾਂ ਤੇਰਾ ਵੀਰ ਓਨੂੰ ਓਥੇ ਛੱਡ ਆਏਗਾ ? ਖਬਰੇ ਕਿਹੜੇ ਦੇਸ-ਦਸੌਰ ਨਿਕਲ ਗਿਆ ਏ ? ਕਿਹੜੀ ਚੁਰ੍ਹ ਵਿਚ ਵੜ ਗਿਆ ਐ, ਸ਼ਰੀਕਾਂ ਦੀਆਂ ਬੋਲੀਆਂ ਦਾ ਮਾਰਾ?"

ਮਾਂ ਧੀ ਨੂੰ ਸਮਝਾਉਂਦੀ ਸਮਝਾਉਂਦੀ ਝੁਰਨ ਲੱਗੀ। ਪਰ ਧੀ ਨੇ ਜ਼ਿੱਦ ਕੀਤੀ।

"ਨਹੀਂ ਮਾਂ, ਮੈਂ ਜ਼ਰੂਰ ਜਾਊਂਗੀ। ਵੀਰਾ ਜੀ ਨੂੰ ਕਹਿ ਦੇ ਨਾ। ਵੀਰਾ ਜੀ ਨੇ ਕਦੇ ਅੱਗੇ ਤੇਰਾ ਕਹਿਣਾ ਮੋੜਿਆ ?"

"ਹੱਛਾ ! ਹੱਛਾ ! ਕਹਿ ਦਿਆਂਗੀ। ਰੁਪਈਆਂ ਦੇ ਬੁੱਕ ਲੱਗਦੇ ਨੇ। ਹਾਲੀ ਬਾਗ ਦਾ ਠੇਕਾ ਵੀ ਨਹੀਂ ਤਰਿਆ। ਪੈਸਿਆਂ ਦਾ ਇੰਤਜਾਮ ਵੀ ਤੇ ਕਰਨਾ ਏਂ ?"

"ਨਹੀਂ ਮਾਂ, ਮੈਂ ਜ਼ਰੂਰ ਜਾਣਾ ਈਂ। ਪੈਸੇ ਤੂੰ ਆਪਣੇ ਕੋਲੋਂ ਦੇ ਦਈਂ, ਹਾਂ।"

"ਮੇਰੇ ਕੋਲ ਕੋਈ ਵੱਖਰਾ ਖਜ਼ਾਨਾ ਰੱਖਿਆ ਹੋਇਆ ਏ ? ਸਭ ਕਾਸੇ ਦਾ ਮਾਲਕ ਤੇਰਾ ਭਰਾ ਈ ਐ ਨਾ, ਤੇਰੇ ਬਾਪੂ ਪਿੱਛੋਂ। ਅੱਗੇ ਉਹਨੇ ਤੇਰੇ ਪਿੱਛੇ ਕੀ ਨਹੀਂ ਕੀਤਾ ?"

ਮਾਂ ਨੇ ਪੁੱਤਰ ਨੂੰ ਕਹਿ-ਕਹਾ ਕੇ ਇਸ ਵਾਰੀ ਭੈਣ ਨੂੰ ਨਾਲ ਲਿਜਾਣ ਲਈ ਮਨ੍ਹਾਂ ਹੀ ਲਿਆ। ਕਿਹਾ : "ਅੱਗੇ ਤੂੰ ਉਹਦੀ ਭਾਲ 'ਚ' ਕਲਾ ਹੀ ਜਾਂਦਾ ਰਿਹਾ, ਐਤਕੀਂ ਭੈਣ ਨੂੰ ਵੀ ਲੈ ਜਾ ਨਾਲ। ਖਬਰੇ ਇਹਦੀ ਕਿਸਮਤ ਨੂੰ ਉਹ ਲੱਭ ਈ ਪਏ।"

ਹਾਕਮ ਸਿੰਘ, ਜਮਨਾ ਦੇ ਘਰ ਵਾਲਾ, ਚਾਰ ਪੁੱਤਰਾਂ ਤੇ ਇਕ ਧੀ ਵਾਲੇ ਪਰਿਵਾਰ

ਵਿਚੋਂ ਸਭ ਤੋਂ ਛੋਟਾ ਸੀ। ਵੱਡਾ ਥਾਣੇ ਦਾ ਮੁਨਸ਼ੀ ਸੀ। ਉਸ ਤੋਂ ਦੋ ਛੋਟੇ ਆਪਣੀ ਜ਼ਮੀਨ ਨਾ ਹੋਣ ਕਰਕੇ ਤੀਜੇ ਹਿੱਸੇ 'ਤੇ ਵਾਹੀ ਕਰਦੇ ਸਨ। ਮੱਝੀਂ-ਗਾਈਂ ਵੀ ਰੱਖੀਆਂ ਹੋਈਆਂ ਸਨ। ਛੋਟੇ ਨੂੰ ਪਿਓ ਨੇ ਲਾਡਲਾ ਰੱਖਿਆ ਸੀ। ਉਹ ਗੁੜ-ਗੰਨੇ ਦੀ ਬਹਾਰੇ ਪੱਤਾਂ ਲਾਹੁਣ ਤੋਂ ਬਿਨਾਂ ਕੁਝ ਨਹੀਂ ਸੀ ਕਰਨ ਜਾਣਦਾ। ਸ਼ਿਕਾਰੀ ਕੁੱਤੇ ਰੱਖੇ ਹੋਏ ਸਨ ਤੇ ਸ਼ਿਕਾਰੇ ਚੜ੍ਹਿਆ ਰਹਿੰਦਾ ਸੀ। ਸਰਦਾਰ ਝੰਡਾ ਸਿੰਘ ਨੇ ਮੁੰਡਾ ਸੁਣੱਖਾ ਤੇ ਘਰ ਦਾ ਤੋਰਾ-ਟਿੱਕਾ ਚੰਗਾ ਦੇਖ ਕੇ ਆਪਣੀ ਧੀ ਨੂੰ ਹਾਕਮ ਸਿੰਘ ਨਾਲ ਪਰਣਾ ਦਿੱਤਾ ਸੀ। ਪਿਓ ਦੇ ਮਰ ਜਾਣ ਪਿਛੋਂ ਭਰਾ ਉਸ ਨੂੰ ਵਿਹਲਾ ਨਿਕੰਮਾ ਜਾਣ ਕੇ ਵੱਖਰਾ ਕਰਨਾ ਚਾਹੁੰਦੇ ਸਨ। ਭਰਾ ਤੇ ਭਰਜਾਈਆਂ ਨਿੱਤ ਤਾਹਨੇ ਮਿਹਣੇ ਦਿੰਦੇ ਰਹਿੰਦੇ ਸਨ। ਇਨ੍ਹਾਂ ਤੋਂ ਤੰਗ ਆ ਕੇ ਹਾਕਮ ਸਿੰਘ ਘਰੋਂ ਨਿਕਲ ਗਿਆ। ਹਾਕਮ ਸਿੰਘ ਦੀ ਪਤਨੀ ਜਮਨਾ, ਮਾਪਿਆਂ ਦੇ ਸਿਰ 'ਤੇ ਸਰਦਾਰੀ ਠਾਠ ਵਿਚ ਰਹਿੰਦੀ ਸੀ। ਉਸ ਦੀਆਂ ਜਿਠਾਣੀਆਂ ਇਸ ਗੱਲੋਂ ਵੀ ਸਾੜਾ ਕਰਦੀਆਂ ਸਨ। ਉਨ੍ਹਾਂ ਨੇ ਜਮਨਾ ਦਾ ਨੱਕ ਵਿਚ ਦਮ ਕਰ ਦਿੱਤਾ ਤੇ ਪਿੰਡ ਵਿਚ ਰਹਿਣਾ ਮੁਸ਼ਕਲ ਬਣਾ ਦਿੱਤਾ। ਜਮਨਾ ਨੂੰ ਪੇਕੇ ਘਰ ਬੈਠਣਾ ਪੈ ਗਿਆ। ਪੇਕੇ ਘਰ ਘਾਟਾ ਤੇ ਕੋਈ ਨਹੀਂ ਸੀ, ਪਰ ਵਿਆਹੀਆਂ ਵਰ੍ਹੀਆਂ ਜਵਾਨ ਕੁੜੀਆਂ ਪੇਕੇ ਘਰ ਬੈਠੀਆਂ ਕਿਹੜੇ ਮਾਪਿਆਂ ਨੂੰ ਸੁਖਾਉਂਦੀਆਂ ਹਨ ? ਓਧਰ ਕਈ ਸਾਲਾਂ ਤੋਂ ਹਾਕਮ ਸਿੰਘ ਦਾ ਪਤਾ ਹੀ ਨਹੀਂ ਸੀ ਲੱਗ ਰਿਹਾ।

ਤਿੰਨਾਂ ਚਹੁੰਆਂ ਦਿਨਾਂ ਮਗਰੋਂ ਪੰਡਤ ਤੋਂ ਸ਼ੁਭ ਮਹੂਰਤ ਪੁੱਛ ਕੇ ਸਰਦਾਰ ਅਮਰ ਸਿੰਘ ਭੈਣ ਨੂੰ ਨਾਲ ਲੈ ਕੇ ਕਾਲਕਾ ਵੱਲ ਰਵਾਨਾ ਹੋਇਆ। ਜਲੰਧਰ ਤੇ ਅੰਬਾਲਿਓਂ ਦੋ ਗੱਡੀਆਂ ਬਦਲ ਕੇ ਉਹ ਕਾਲਕਾ ਪਹੁੰਚੇ। ਰਾਤ ਇਕ ਸਰਾਂ ਵਿਚ ਕੱਟੀ। ਦੂਜੇ ਦਿਨ ਇਕ ਨਵੇਂ-ਵਿਆਹੇ ਧਨੀ ਜੋੜੇ ਨਾਲ ਕਿਰਾਏ ਦੀ ਭਾਈਵਾਲੀ ਪਾ ਕੇ ਤੀਜੇ ਪਹਿਰ ਬੜੋਗ ਪਹੁੰਚ ਗਏ। ਖਾਣਾ ਉਨ੍ਹਾਂ ਰਾਤੀਂ ਵੀ ਘਟ ਖਾਧਾ ਸੀ ਤੇ ਦਿਨੇ ਉੱਕਾ ਹੀ ਨਹੀਂ ਸੀ ਖਾਧਾ। ਸੋ ਸੜਕ ਦੇ ਮੋੜਾਂ ਘੇੜਾਂ ਤੇ ਵਲ-ਵਲੇਵਿਆਂ ਨੇ ਦੋਹਾਂ ਨੂੰ ਚੱਕਰ ਤੇ ਚਾੜ੍ਹੇ, ਪਰ ਉਲਟੀਆਂ ਕੈਆਂ ਤੋਂ ਉਹ ਬਚੇ ਰਹੇ।

ਬੜੋਗ ਪਹੁੰਚ ਕੇ ਪੁੱਛ-ਗਿੱਛ ਕਰਨ ਤੋਂ ਹਾਕਮ ਸਿੰਘ ਨਾਂ ਦੇ ਇਕ ਆਦਮੀ ਦੇ ਓਥੇ ਕੰਮ ਕਰਦੇ ਹੋਣ ਦਾ ਪਤਾ ਲੱਗ ਗਿਆ। ਪਰ ਨਾਲ ਇਹ ਵੀ ਪਤਾ ਲੱਗਾ ਕਿ ਉਹ ਅਣਆਹਿਆ ਤੇ ਪੱਕਾ ਸ਼ਰਾਬੀ ਹੈ। ਚਟਾਨਾਂ ਵਿਚ ਛੇਕ ਪਾ ਕੇ ਬਰੂਦ ਭਰਨ ਤੇ ਪਲੀਤਾ ਲਾ ਕੇ ਚਟਾਨਾਂ ਉਡਾਉਣ ਦੇ ਕੰਮ ਦਾ ਉਹ ਮਿਸਤ੍ਰੀ ਹੈ। ਉਹ ਸੱਠ ਰੁਪਏ ਮਹੀਨੇ ਦੀ ਵੱਡੀ ਤਨਖ਼ਾਹ ਲੈਂਦਾ ਹੈ ਤੇ ਸਾਰੀ ਖਾਣ-ਪੀਣ 'ਤੇ ਹੀ ਉਡਾ ਛੱਡਦਾ ਹੈ। ਕੱਦ-ਕਾਠ, ਸ਼ਕਲ ਸੂਰਤ ਦੇ ਬਿਆਨ ਤੋਂ ਉਹ ਉਨ੍ਹਾਂ ਨੂੰ ਆਪਣਾ ਹਾਕਮ ਸਿੰਘ ਹੀ ਲੱਗਦਾ ਸੀ।

ਓਥੇ ਇਕੋ ਇਕ ਪੰਜਾਬੀ ਤੰਦੂਰ ਵਾਲਾ ਸੀ, ਜਿਸ ਨੇ ਚਲਾਊ ਜਹੇ ਕੋਠੇ ਅੱਗੇ ਛੱਪਰ-ਛੱਤੇ ਦਲਾਨ ਵਿਚ ਤੰਦੂਰ ਲਾਇਆ ਹੋਇਆ ਸੀ। ਇਕ ਮਿੱਟੀ-ਪੱਥਰਾਂ ਦੇ ਥੜ੍ਹੇ ਉਤੇ ਪਤੀਲਿਆਂ-ਵਲਟੋਹਿਆਂ ਦੀਆਂ ਟੀਡਾਂ ਉਸ ਦਾ ਸਾਈਨ-ਬੋਰਡ ਸਨ। ਸੁਰੰਗ ਦੇ ਕੰਮ 'ਤੇ ਲੱਗੇ ਕਈ ਕਾਰੀਗਰ, ਫਿਟਰ ਤੇ ਮਜ਼ਦੂਰ ਓਥੋਂ ਹੀ ਰੋਟੀ ਖਾਂਦੇ ਸਨ। ਬੈਠਣ ਲਈ ਦੋ ਕਤਾਰਾਂ ਵਿਚ ਟਾਟ ਵਿਛੇ ਹੋਏ ਸਨ ਤੇ ਅੱਗੇ ਕਾਨਿਆਂ ਦੇ ਤਲੂਣਿਆਂ

ਉਤੇ ਥਾਲੀਆਂ ਰੱਖ ਕੇ ਲੋਕੀਂ ਰੋਟੀ ਖਾਂਦੇ ਸਨ। ਆਮਦਨ ਚੰਗੀ ਹੋਣ ਕਰਕੇ ਉਸ ਨੇ ਇਕ ਕੰਧ ਨਾਲ ਫੱਟਾ ਲਾ ਕੇ ਲੰਮਾ ਮੇਜ਼ ਜਿਹਾ ਬਣਾਇਆ ਹੋਇਆ ਸੀ। ਪਿੱਛੇ ਇਕ ਓਡਾ ਹੀ ਲੰਮਾ ਬੈਂਚ ਸੀ। ਮਿਸਤ੍ਰੀ, ਫਿਟਰ ਆਦਿ ਉਸ 'ਤੇ ਬੈਠ ਕੇ ਰੋਟੀ ਖਾਂਦੇ ਸਨ। ਕੋਠਾ ਚੰਗਾ ਖੁਲ੍ਹਾ ਸੀ। ਪਿਛਲੇ ਬੰਨੇ ਲੱਕੜ ਦੀਆਂ ਥੰਮੀਆਂ 'ਤੇ ਢਾਰਾ ਪਾ ਕੇ ਵਰਾਂਡਾ ਬਣਾਇਆ ਹੋਇਆ ਸੀ। ਇਕ ਤੰਦੂਰ ਵਾਲਾ ਸੀ। ਇਕ ਉਸ ਦਾ ਸਹਾਇਕ ਤੇ ਇਕ ਭਾਂਡੇ ਮਾਂਜਣ ਵਾਲਾ ਪਹਾੜੀਆਂ। ਤੰਦੂਰ ਵਾਲੇ ਦੀ ਪਤ੍ਨੀ ਤੇ ਉਹ ਆਪ ਉਸ ਕੋਠੇ ਵਿਚ ਰਹਿੰਦੇ ਸਨ। ਉਸ ਦੀ ਪਤਨੀ ਵੀ ਤੰਦੂਰ ਦੇ ਕੰਮ ਵਿਚ ਹੱਥ ਵਟਾਉਂਦੀ ਸੀ।

ਤੰਦੂਰ ਵਾਲੇ ਨੇ ਹੀ ਹਾਕਮ ਸਿੰਘ ਬਾਰੇ ਬਹੁਤਾ ਕੁਝ ਦੱਸਿਆ ਸੀ। ਉਸ ਤੋਂ ਪਤਾ ਲੱਗਾ ਸੀ ਕਿ ਉਹ ਓਥੇ ਹੀ ਰੋਟੀ ਖਾਂਦਾ ਹੈ ਤੇ ਸ਼ਾਮ ਨੂੰ ਨਸ਼ਾ-ਪਾਣੀ ਵੀ ਓਸੇ ਦੇ ਤੰਦੂਰ 'ਤੇ ਕਰਦਾ ਹੈ। ਸਰਦਾਰ ਅਮਰ ਸਿੰਘ ਦਾ ਪਤਾ ਪੁੱਛਣ 'ਤੇ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਆਪਣੇ ਕਸਬੇ ਦਾ ਰਈਸ ਹੈ। ਉਸ ਨੇ ਸਲਾਹ ਦਿੱਤੀ ਕਿ ਬੀਬੀ ਉਨ੍ਹਾਂ ਦੇ ਕਮਰੇ ਵਿਚ ਆਰਾਮ ਕਰੇ। ਕੋਠੇ ਦਾ ਜਿਹੜਾ ਬੂਹਾ ਤੰਦੂਰ ਵੱਲ ਖੁੱਲ੍ਹਦਾ ਸੀ, ਉਸ ਅੱਗੇ ਲਮਕਦੇ ਟਾਟ ਦਾ ਪਰਦਾ ਸੀ। ਤੰਦੂਰ ਵਾਲੇ ਦੀ ਸੁਆਣੀ ਨੇ ਜਮਨਾ ਨੂੰ ਹੱਥਾਂ 'ਤੇ ਚੁੱਕ ਲਿਆ। ਸਰਦਾਰ ਅਮਰ ਸਿੰਘ ਦਾ ਇਕ ਲਾਗਲੇ ਕਿਸਾਨ ਦੇ ਘਰ ਆਰਾਮ ਕਰਨ ਦਾ ਇੰਤਜ਼ਾਮ ਕਰ ਦਿੱਤਾ ਗਿਆ। ਸਲਾਹ ਇਹ ਬਣੀ ਕਿ ਸ਼ਾਮ ਵੇਲੇ ਜਦੋਂ ਉਹ ਹਾਕਮ ਸਿੰਘ ਆਪਣਾ ਨਸ਼ਾ-ਪਾਣੀ ਅੱਧਾ-ਪਚੱਧਾ ਕਰ ਲਵੇ ਤਾਂ ਬੀਬੀ ਪਰਦੇ ਵਿਚੋਂ ਉਸ ਦੀ ਪਛਾਣ ਕਰ ਲਵੇ। ਜੇ ਉਹ ਉਨ੍ਹਾਂ ਦਾ ਹਾਕਮ ਸਿੰਘ ਹੋਵੇ ਤਾਂ ਤੰਦੂਰ ਵਾਲੇ ਦੀ ਪਤਨੀ ਛੋਪਲੇ ਪਰਲੇ ਬੂਹਿਓਂ ਨਿਕਲ ਕੇ ਅਮਰ ਸਿੰਘ ਨੂੰ ਨਾਲ ਲੈ ਆਵੇ। ਫੇਰ ਜੋ ਸਲਾਹ ਹੋਵੇ, ਕੀਤਾ ਜਾਏ।

ਬੜੋਗ ਦੀ ਉੱਚੀ ਚੋਟੀ ਓਹਲੇ ਪੰਜ ਕੁ ਵਜੇ ਹੀ ਡੂੰਘੀਆਂ ਸ਼ਾਮਾਂ ਪਈਆਂ ਜਾਪਦੀਆਂ ਸਨ। ਛੇ ਕੁ ਵਜੇ ਹਾਕਮ ਸਿੰਘ ਹੋਰੀਂ ਬੋਤਲ ਲੈ ਕੇ ਤੰਦੂਰ 'ਤੇ ਆ ਪਹੁੰਚੇ ਅਤੇ ਅਫ਼ਸਰੀ ਅੰਦਾਜ਼ ਵਿਚ ਬੈਂਚ ਤੇ ਲੱਤਾਂ ਲਮਕਾ ਕੇ ਬੈਠ ਗਏ। ਪੱਗ ਲਾਹ ਕੇ ਫੱਟੇ 'ਤੇ ਰੱਖ ਦਿੱਤੀ ਤੇ ਤੰਦੂਰ ਵਾਲੇ ਨੂੰ ਕਿਹਾ, "ਲਿਆ ਖਾਂ, ਗੰਡਾ ਸਿਆਂ, ਭੇਨਵੇਂ ਦੀ ਇਕ ਕੌਲੀ ਤੇ ਨਾਲੇ ਰੱਖ ਦੇ ਨਸ਼ੇ-ਪਾਣੀ ਲਈ ਵੀ ਇਕ ਕੌਲੀ। ਰੋਟੀ ਠਹਿਰ ਕੇ ਦੇਖੀ ਜਾਊ।"

ਗੰਡਾ ਸਿੰਘ ਨੇ ਕੌਲੀ ਲਾ ਕੇ ਆਪਣੇ ਸਹਾਇਕ ਨੂੰ ਦਿੱਤੀ, ਜਿਸ ਨੇ ਇਕ ਹੋਰ ਖ਼ਾਲੀ, ਬਾਟੀ ਵਰਗੀ ਕੌਲੀ ਲੈ ਕੇ ਦੋਵੇਂ ਕੌਲੀਆਂ ਮਿਸਤ੍ਰੀ ਦੇ ਸਾਹਮਣੇ ਜਾ ਰੱਖੀਆਂ।

ਮਿਸਤ੍ਰੀ ਬੋਲਿਆ, "ਗੰਡਾ ਸਿਆਂ, ਅੱਜ ਭੈਣ ਚੰਦੀ ਨਹੀਂ ਦਿੱਸਦੀ ?" ਚੰਦੀ ਤੰਦੂਰ ਵਾਲੇ ਦੀ ਪਤਨੀ ਦਾ ਨਾਂ ਸੀ।

ਤੰਦੂਰ ਵਾਲਾ ਬੋਲਿਆ, "ਸਰਦਾਰਾ, ਰਾਜਪੂਤਾਂ ਦੀ ਪ੍ਰਸਿੰਨੀ ਨੇ ਉਹਨੂੰ ਸੱਦਿਆ ਹੋਇਆ ਸੀ। ਮੈਂ ਕਿਹਾ, ਅੱਜ ਤੂੰ ਹੋਈ ਆ। ਕ੍ਰਿਉਂ, ਚੰਦੀ ਯਾਦ ਆਈ ਐ ? ਕਰੀਏ ਰਿਸ਼ਤਾ ਕਿਤੇ ਪੱਕਾ ?"

"ਓ ਨਹੀਂ ਗੰਡਾ ਸਿਆਂ, ਮੈਂ ਵਿਆਹ ਵਿਊਹ ਨਹੀਂ ਕਰਵਾਉਣਾ। ਵਿਆਹਵਾਂ ਦੇ ਬੜੇ ਮਾਮਲੇ। ਐਦਾਂ ਈ ਚੰਗੇ ਆਂ !"

ਹਾਕਮ ਸਿੰਘ ਨੇ ਇਹ ਹਾੜਾ ਪੀ ਲਿਆ ਸੀ। ਗੰਡਾ ਸਿੰਘ ਨੇ ਸੋਚਿਆ, "ਜਿਸ ਦੀ ਅੰਦਰਲੀ ਬੀਬੀ ਵਰਗੀ ਵਹੁਟੀ ਹੋਵੇ, ਉਹ ਵਿਆਹ ਕਰਵਾਉਂਦਾ ਭਲਾ ?"

ਭੇਨਵੇਂ ਮਾਸ ਦਾ ਸੁਆਦ ਲੈਂਦਿਆਂ ਲੈਂਦਿਆਂ ਹਾਕਮ ਸਿੰਘ ਨੇ ਇਕ ਹੋਰ ਹਾੜਾ ਚਾੜ੍ਹ ਲਿਆ। "ਭਾਈ ਗੰਡਾ ਸਿਆਂ, ਮਾਸ ਵਾਹਵਾ ਬਣਿਆ। ਦੇ ਦੇ ਤੂੰ ਇਕ ਕੌਲੀ ਹੋਰ। ਅੱਜ ਰੋਟੀ ਕੀ ਖਾਣੀ ਐ।"

ਉਸ ਦੇ ਬੋਲਾਂ ਤੋਂ ਨਸ਼ਾ ਖਿੜਿਆ ਜਾਪਦਾ ਸੀ। ਇਸ ਵੇਲੇ ਤੱਕ ਜਮਨਾ ਨੇ ਆਪਣਾ ਹਾਕਮ ਸਿੰਘ ਪਛਾਣ ਲਿਆ ਸੀ। ਅੰਦਰ ਬੈਠੀ ਚੰਦੀ ਨਾਲ ਸਲਾਹ ਇਹ ਬਣੀ ਕਿ ਉਸ ਦਾ ਵੀਰਾ ਆ ਕੇ ਹਾਕਮ ਸਿੰਘ ਦਾ ਬਾਹਰ ਜਾਣ ਦਾ ਰਸਤਾ ਰੋਕ ਲਵੇ ਤੇ ਬਾਕੀ ਕੰਮ ਉਹ ਆਪ ਈ ਕਰ ਲਵੇਗੀ। ਚੰਦੀ ਨੇ ਦੂਜੇ ਬੂਹਿਓਂ ਨਿਕਲ ਕੇ ਸਰਦਾਰ ਅਮਰ ਸਿੰਘ ਨੂੰ ਜਾ ਸੁਨੇਹਾ ਦਿੱਤਾ ਤੇ ਉਸ ਨੇ ਬਿਨਾਂ ਦਿਸਿਆਂ ਆ ਕੇ ਬਾਹਰ ਦਾ ਰਸਤਾ ਓਹਲੇ ਰਹਿ ਕੇ ਰੋਕ ਲਿਆ। ਹੁਣ ਤਕ ਹਾਕਮ ਸਿੰਘ ਬੋਤਲ ਅੱਧੀ ਕੁ ਮੁਕਾ ਚੁੱਕਾ ਸੀ। ਉਹ ਰੋਜ਼ ਬੋਤਲ ਪੂਰੀ ਖ਼ਾਲੀ ਕਰ ਕੇ ਉੱਠਦਾ ਸੀ ਤੇ ਝੂਮਦਾ-ਝਾਮਦਾ ਹੇਠਾਂ ਪਹਾੜੀ ਢਾਲ 'ਤੇ ਬਣੇ ਦੇਵਕੀ ਦੇ ਘਰ ਵੱਲ ਤੁਰ ਪੈਂਦਾ ਸੀ, ਜਿਥੇ ਉਹ ਕਿਰਾਏ 'ਤੇ ਰਹਿੰਦਾ ਸੀ। ਉਸ ਦੇ ਚਾਲ-ਚਲਨ ਬਾਰੇ ਕਿਸੇ ਨੂੰ ਕਦੇ ਸ਼ੱਕ ਨਹੀਂ ਸੀ ਹੋਇਆ। ਉਹ ਕਿਸੇ ਨਾਲ ਨਸ਼ੇ ਵਿਚ ਵੀ ਬੋਲ-ਵਿਗਾੜ ਨਹੀਂ ਸੀ ਕਰਦਾ। ਉਸ ਨੂੰ ਸੱਠਾਂ ਰੁਪਈਆਂ ਦੀ ਵੱਡੀ ਤਨਖਾਹ ਉਡਾਉਂਦਿਆਂ ਦੇਖ ਕੇ ਲੋਕਾਂ ਨੂੰ ਤਰਸ ਆਉਂਦਾ ਸੀ। ਪਰ ਨੇਕ ਸਲਾਹ ਦਾ ਉਸ ਤੇ ਕੋਈ ਅਸਰ ਨਹੀਂ ਸੀ ਹੁੰਦਾ। ਨਸ਼ੇ ਵਿਚ ਮੁੜ ਮੁੜ ਇਹੋ ਕਹਿੰਦਾ ਰਹਿੰਦਾ ਸੀ, "ਕੋਈ ਨਹੀਂ ਕਿਸੇ ਦਾ।"

ਗੰਡਾ ਸਿੰਘ ਨੇ ਖੜਾਕ ਨਾਲ ਇਸ਼ਾਰਾ ਕੀਤਾ। ਲਾਲਟੈਣ ਦਾ ਚਾਨਣ ਕੋਠੜੀ ਦੇ ਬੂਹੇ ਵੱਲ ਪੈਂਦਾ ਸੀ। ਦੱਬੀਂ ਪੈਰੀਂ ਜਮਨਾ ਟਾਟ ਦਾ ਪਰਦਾ ਲਾਂਭੇ ਕਰ ਕੇ ਦਲਾਨ ਵਿਚ ਆ ਗਈ। ਉਸ ਦੀ ਰੇਸ਼ਮੀ ਸਲਵਾਰ ਦੇ ਪੌਂਚੇ ਘੱਗਰੇ ਹੇਠੋਂ ਥੋੜ੍ਹੇ ਥੋੜ੍ਹੇ ਦਿੱਸਦੇ ਸਨ, ਲੰਮਾ ਕੁੜਤਾ ਘੱਗਰੇ ਦੇ ਅੱਧ ਤਕ ਆਇਆ ਹੋਇਆ ਸੀ, ਕਾਸ਼ਨੀ ਮਲਮਲ ਦੀ ਚੁੰਨੀ ਉਤੇ ਨੀਲਾ ਦੁਸ਼ਾਲੇ ਵਰਗਾ ਟੋਟਾ ਸੀ। ਝੁੰਡ ਮੱਥੇ ਤਕ ਹੀ ਸੀ, ਅੱਖਾਂ ਅੱਧੀਆਂ ਨੰਗੀਆਂ ਸਨ। ਸਾਂਭ ਸਾਂਭ ਕੇ ਪੈਰ ਵਧਾਉਂਦਿਆਂ ਵੀ ਉਸ ਦੀਆਂ ਪੰਜੇਬਾਂ ਛਣਕ ਪਈਆਂ। ਹਾਕਮ ਸਿੰਘ ਲਈ ਇਹ ਪਛਾਣੀ ਹੋਈ ਆਵਾਜ਼ ਸੀ। ਸੁਪਨੇ ਜਹੇ ਵਿਚ ਉਸ ਦੀਆਂ ਸ਼ਰਾਬੀ ਅੱਖਾਂ ਸਤਾਰਿਆਂ ਵਾਲੀ ਜੁੱਤੀ ਵਾਲੇ ਵਧਦੇ ਪੈਰਾਂ 'ਤੇ ਪਈਆਂ, ਫੇਰ ਸਲਵਾਰ ਦੇ ਪੌਂਚਿਆਂ ਤੇ ਘੱਗਰੇ 'ਤੇ ਅਤੇ ਝਟ ਉਹ ਜਮਨਾ ਦੇ ਚਿਹਰੇ 'ਤੇ ਜਾ ਟਿਕੀਆਂ। ਜਮਨਾ ਦੀਆਂ ਅੱਖਾਂ ਵਿਚੋਂ ਦੁੱਖ ਵਹਿ ਨਿਕਲਣ ਵਾਲਾ ਸੀ। ਫੇਰ ਵੀ ਉਸ ਦੇ ਬੁੱਲ੍ਹ ਉਸ ਨੂੰ ਮੁਸਕਰਾਉਂਦੇ ਜਾਪੇ।

ਅਚਾਨਕ ਹਾਕਮ ਸਿੰਘ ਖੜਾ ਹੋ ਗਿਆ। ਉਹ ਉਨ੍ਹਾਂ ਅੱਖਾਂ ਦੀ ਤਾਬ ਨਾ ਲਿਆ ਸਕਿਆ। ਉਸ ਨੇ ਬਿਜਲੀ ਦੀ ਫੁਰਤੀ ਨਾਲ ਪੱਗ ਸਿਰ 'ਤੇ ਰੱਖੀ ਅਤੇ ਸ਼ਰਾਬ ਦੀ ਬੋਤਲ ਪਿੱਠ ਪਿੱਛੇ ਲੁਕਾ ਲਈ। ਉਹ ਪਿਛਲੇ ਪੈਰੀਂ ਬੋਤਲ ਲੁਕਾਈ ਹੌਲੀ ਹੌਲੀ

ਬਾਹਰ ਵੱਲ ਜਾਣ ਲੱਗਾ। ਅੱਖ ਦੇ ਫੋਰ ਵਿਚ ਖ਼ਿਆਲਾਂ ਦਾ ਹਜੂਮ ਉਸ ਦੇ ਮਨ ਵਿਚੋਂ ਲੰਘ ਗਿਆ।

ਇਕ ਵਾਰੀ ਉਸ ਨੂੰ ਸੁਪਨਾ ਆਇਆ ਸੀ ਕਿ ਉਹ ਬੱਦਲ 'ਤੇ ਖਲੋਤਾ ਹੋਇਆ ਹੈ, ਤਹਿਆਂ ਪੈਰਾਂ ਹੇਠੋਂ ਖਿਸਕ ਰਹੀਆਂ ਸਨ, ਉਹ ਅਕਾਸ਼ ਤੋਂ ਧਰਤ 'ਤੇ ਪੜੁੱਛਿਆ ਜਾਣ ਵਾਲਾ ਸੀ ਕਿ ਫਰਿਸ਼ਤੇ ਨੇ ਸੰਭਾਲ ਕੇ ਉਸਨੂੰ ਸੁਰਖਿਅਤ ਹਰਿਆਵਲ ਧਰਤੀ 'ਤੇ ਖਲਿਆਰ ਦਿੱਤਾ ਸੀ। ਇਕ ਵਾਰੀ ਉਹ ਛੋਟਾ ਈ ਸੀ ਤੇ ਤੁਰਨਾ ਨਹੀਂ ਸੀ ਸਿਖਿਆ ਤੇ ਮਹੀਂ ਦੀ ਪੂਛ ਫੜ ਕੇ ਡੂੰਘੇ ਛੱਪੜ ਵਿਚ ਵੜ ਗਿਆ ਸੀ। ਪੂਛ ਉਸਦੇ ਹੱਥੋਂ ਛੁਟ ਗਈ ਸੀ ਤੇ ਉਹ ਗੋਤੇ ਖਾਂਦਾ ਥੱਲੇ ਜਾ ਲੱਗਾ ਸੀ। ਜਦੋਂ ਉਸ ਦਾ ਸਾਹ ਗੁੰਮ ਹੋਣ ਲੱਗਾ ਸੀ ਤਾਂ ਕਿਸੇ ਦੇ ਹੱਥ ਨੇ ਉਸਨੂੰ ਜੂੜਿਓਂ ਫੜ ਕੇ ਬਾਹਰ ਕੱਢ ਲਿਆ ਸੀ।

ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਆਪਣੇ ਕੋਲੋਂ ਆਪ ਗੁਆਚਾ ਹੋਇਆ ਸੀ। ਉਸਨੂੰ ਪ੍ਰਤੀਤ ਹੋਇਆ ਕਿ ਉਸਨੇ ਆਪਣਾ ਗੁਆਚਾ ਆਪ ਲੱਭ ਲਿਆ ਹੈ। ਉਸਦਾ ਨਸ਼ਾ ਬਿਲਕੁਲ ਉਤਰ ਚੁੱਕਾ ਸੀ। ਉਹ ਬਾਹਰ ਜਾਣ ਹੀ ਲੱਗਾ ਸੀ ਕਿ ਪਿਛੋਂ ਸਰਦਾਰ ਅਮਰ ਸਿੰਘ ਨੇ ਜੱਫਾ ਆ ਮਾਰਿਆ। ਸਿਰ ਮੋੜਦਿਆਂ ਹੀ ਉਸ ਸਰਦਾਰ ਅਮਰ ਸਿੰਘ ਨੂੰ ਪਛਾਣ ਲਿਆ।

"ਵੀਰਾ ਜੀ, ਮੈਨੂੰ ਛੱਡ ਦਿਓ, ਮੈਂ ਭੱਜਦਾ ਨਹੀਂ। ਤੁਸੀਂ ਮੇਰੇ ਆਪਣੇ ਓ। ਮੈਂ ਆਪਣੇ ਆਪੇ ਕੋਲੋਂ ਕਿਵੇਂ ਭੱਜ ਸਕਦਾ ਵਾਂ।"

ਅਮਰ ਸਿੰਘ ਨੇ ਜੱਫਾ ਛੱਡ ਦਿੱਤਾ। ਹਾਕਮ ਸਿੰਘ ਨੇ ਬੋਤਲ ਵਗਾਹ ਕੇ ਖੱਡ ਵਿਚ ਮਾਰੀ ਤੇ ਕਿਸੇ ਪੱਥਰ 'ਤੇ ਵੱਜ ਕੇ ਉਸਦੇ ਚਿਣੀ ਚਿਣੀ ਹੋਣ ਦੀ ਆਵਾਜ਼ ਸੁਣਾਈ ਦਿੱਤੀ।

ਜਮਨਾ ਕੋਠੇ ਅੰਦਰ ਜਾ ਕੇ ਡਸਕੋਰੇ ਭਰ ਰਹੀ ਸੀ। ਚੰਦੀ ਉਸ ਨੂੰ ਧੀਰਜ ਦੇ ਰਹੀ ਸੀ, "ਹੁਣ ਨਹੀਂ ਜਾਂਦਾ, ਬੀਬੀ, ਉਹ ਕਿਤੇ।"

ਗੰਡਾ ਸਿੰਘ ਨੇ ਅੰਦਰ ਆ ਕੇ ਖ਼ਬਰ ਦਿੱਤੀ, "ਬੀਬੀ, ਤੇਰੇ ਘਰ ਵਾਲਾ ਤੇਰੇ ਵੀਰੇ ਨਾਲ ਤੁਹਾਡੇ ਰਹਿਣ ਦਾ ਇੰਤਜ਼ਾਮ ਕਰਨ ਗਿਆ ਐ।"

ਸਕੀਆਂ ਭੈਣਾਂ

ਮਹਿੰਦਰ ਕੌਰ ਦਾ ਘਰ ਵਾਲਾ, ਨਿਰਮਾਣ ਸਿੰਘ ਖੰਨੇ ਵਿਚ ਇਕ ਵੱਡੇ ਬੈਂਕ ਦੀ ਬ੍ਰਾਂਚ ਦਾ ਮੈਨੇਜਰ ਸੀ। ਉਹ ਹਾਲੀ ਕਾਲਜ ਵਿਚ ਪੜ੍ਹਦਾ ਹੀ ਸੀ ਕਿ ਪਿਓ ਮਹਿੱਟਰ ਤੇ ਗਰੀਬ ਹੋਣ ਦੇ ਬਾਵਜੂਦ ਉਸ ਦਾ ਜ਼ਿਮੀਦਾਰ ਸਹੁਰਾ ਆਪਣੀ ਧੀ ਦਾ ਰਿਸ਼ਤਾ ਉਸ ਨਾਲ ਕਰ ਗਿਆ ਸੀ। ਬੀ. ਏ. ਪਾਸ ਕਰਨ ਤੋਂ ਪਹਿਲੋਂ ਹੀ ਉਸ ਦੀ ਸ਼ਾਦੀ ਹੋ ਗਈ ਸੀ ਅਤੇ ਕਿਸੇ ਨਾ ਕਿਸੇ ਤਰ੍ਹਾਂ ਉਸ ਬੇਰੁਜ਼ਗਾਰੀ ਦੇ ਕਾਲ ਵਿਚ ਉਸ ਨੂੰ ਤੀਹ ਰੁਪਏ ਮਹੀਨੇ 'ਤੇ ਇਕ ਬੈਂਕ ਵਿਚ ਕਲਰਕੀ ਮਿਲ ਗਈ ਸੀ। ਇਸ ਬੈਂਕ ਵ੍ਹਿਚ ਕਈ ਥਾਵਾਂ 'ਤੇ ਬਦਲੀਆਂ ਹੁੰਦਿਆਂ, ਰਿੜ੍ਹਦਿਆਂ ਖਿੜ੍ਹਦਿਆਂ ਉਹ ਸੀਨੀਅਰ-ਕਲਰਕ ਬਣ ਗਿਆ ਸੀ। 1947 ਵਿਚ ਉਸ ਦਾ ਸਹੁਰਾ ਟੱਬਰ ਬਹੁਤ ਬੁਰੀ ਹਾਲਤ ਵਿਚ ਬਾਰ ਨੂੰ ਛੱਡ ਕੇ ਇਸ ਪਾਸੇ ਆ ਗਿਆ ਸੀ। ਬੜੀ ਉਡੀਕ ਤੇ ਜੱਦੋ-ਜਹਿਦ ਮਗਰੋਂ ਉਨ੍ਹਾਂ ਨੂੰ ਬਾਰ ਦੀ ਜ਼ਮੀਨ ਦੇ ਇਵਜ਼ਾਨੇ ਵਿਚ ਪਟਿਆਲਾ ਜ਼ਿਲ੍ਹੇ ਵਿਚ ਜ਼ਮੀਨ ਮਿਲੀ ਸੀ। ਸਹੁਰਾ ਸਾਹਿਬ ਚਲਾਣਾ ਕਰ ਗਏ ਹੋਏ ਸਨ।

ਮਹਿੰਦਰ ਕੌਰ ਸਭ ਤੋਂ ਵੱਡੀ ਸੀ। ਉਸ ਤੋਂ ਛੋਟਾ ਸੀ ਇਕ ਭਰਾ, ਉਸ ਤੋਂ ਛੋਟੀਆਂ ਦੋ ਭੈਣਾਂ ਤੇ ਉਨ੍ਹਾਂ ਤੋਂ ਛੋਟੇ ਦੋ ਭਰਾ। ਭਾਰਤ ਵਿਚ ਧੀਆਂ ਨੂੰ ਪਿਤਾ ਦੀ ਜਾਇਦਾਦ ਵਿਚ ਹਿੱਸੇ ਦਾ ਹੱਕ ਮਿਲ ਚੁੱਕਾ ਸੀ। ਮਹਿੰਦਰ ਕੌਰ ਦਾ ਘਰ ਵਾਲਾ ਅਕਾਊਂਟੈਂਟ ਬਣਨ ਮਗਰੋਂ ਹੁਣ ਤਕ ਬ੍ਰਾਂਚ ਮੈਨੇਜਰ ਬਣ ਚੁੱਕਾ ਸੀ। ਉਸ ਦੇ ਘਰ ਉੱਬਲ-ਉੱਛਲ ਸੀ। ਉਸ ਨੇ ਆਪਣੇ ਜੱਦੀ ਸ਼ਹਿਰ ਵਿਚ ਇਕ ਕੋਠੀ ਵੀ ਬਣਾ ਲਈ ਸੀ। ਇਹ ਦੋਵੇਂ ਥਾਵਾਂ ਉਸ ਨੇ ਕਿਰਾਏ 'ਤੇ ਦਿੱਤੀਆਂ ਹੋਈਆਂ ਸਨ ਤੇ ਆਪ ਕਿਰਾਏ ਦੇ ਘਰ ਵਿਚ ਪਰਿਵਾਰ ਸਮੇਤ ਖੰਨੇ ਰਹਿੰਦਾ ਸੀ।

ਇਕ ਦਿਨ ਸ਼ਾਮੀਂ ਬੈਂਕ ਵਾਪਸ ਆਉਂਦਿਆਂ ਉਸ ਦੇਖਿਆ, ਉਸ ਦੀ ਸਭ ਤੋ ਛੋਟੀ ਗਵਾਲੀਅਰ ਵਾਲੀ ਸਾਲੀ, ਗੁਰਦਿਆਲ ਕੌਰ ਆਈ ਹੋਈ ਹੈ। ਉਸ ਦਾ ਪਤੀ ਫੋਰਮੈਨ ਸੀ ਤੇ ਉਸ ਨੇ ਗਵਾਲੀਅਰ ਵਿਚ ਹੀ ਆਪਣੇ ਲਈ ਘਰ ਅਤੇ ਕਿਰਾਏ 'ਤੇ ਦੇਣ ਲਈ ਦੁਕਾਨਾਂ ਬਣਾ ਲਈਆਂ ਸਨ। ਪਤੀ ਹਾਲੀ ਰਿਟਾਇਰ ਨਹੀਂ ਸੀ ਹੋਇਆ ਤੇ ਉਹ ਆਪ ਵੀ ਛੋਟੀਆਂ ਅਸਾਮੀਆਂ ਨੂੰ ਉਧਾਰ ਦੇਣ ਦਾ ਵਿਹਾਰ ਕਰ ਕੇ ਕਮਾਈ ਕਰ ਲੈਂਦੀ ਸੀ। ਜ਼ਮੀਨੀ ਜਾਇਦਾਦ ਇਨ੍ਹਾਂ ਦੀ ਵੀ ਨਿਰਮਾਣ ਵਾਂਗੂ ਕੋਈ ਨਹੀਂ ਸੀ, ਪਰ ਉਸ ਦੇ ਸਾਂਢੂ ਕਰਮ ਸਿੰਘ ਦੀ ਨੀਅਤ ਰੱਜੀ ਹੋਈ ਸੀ।

ਨਿਰਮਾਣ ਸਿੰਘ ਦੀ ਇਸ ਸਾਲੀ ਤੋਂ ਵੱਡੀ ਸਾਲੀ, ਕਸ਼ਮੀਰ ਕੌਰ ਦਾ ਘਰ ਵਾਲਾ ਪੂਰਨ ਸਿੰਘ ਰੇਡੀਓ ਇੰਜੀਨੀਅਰ ਸੀ ਅਤੇ ਉਸ ਦੀ ਮਾਇਕ ਹਾਲਤ ਵੀ ਚੰਗੀ ਸੀ। ਜ਼ਮੀਨੀ ਜਾਇਦਾਦ ਉਸ ਦੀ ਵੀ ਕੋਈ ਨਹੀਂ ਸੀ ਪਰ ਉਨ੍ਹਾਂ ਦੇ ਸ਼ਰੀਕਾਂ

ਦਾ ਅੱਧਾ ਮੁਰੱਬਾ ਜ਼ਮੀਨ ਸਿਆਲਕੋਟ ਜ਼ਿਲ੍ਹੇ ਵਿਚ ਸੀ। ਉਹ ਸਾਰਾ ਪਰਵਾਰ ਫਸਾਦਾਂ ਵਿਚ ਮਾਰਿਆ ਗਿਆ ਸੀ ਤੇ ਕਰੀਬੀ ਰਿਸ਼ਤੇਦਾਰ ਹੋਣ ਕਰਕੇ ਇਨ੍ਹਾਂ ਕਲੇਮ ਕੀਤਾ ਸੀ ਤੇ ਇਨ੍ਹਾਂ ਨੂੰ ਦਸ ਏਕੜ ਜ਼ਮੀਨ ਅਲਵਰ ਰਿਆਸਤ ਵਿਚ ਮਿਲ ਗਈ ਸੀ। ਕਸ਼ਮੀਰ ਕੌਰ ਜ਼ਿਮੀਦਾਰ ਘਰਾਣੇ ਦੀ ਧੀ ਸੀ। ਉਸ ਨੇ ਜ਼ਮੀਨ ਸੰਭਾਲ ਲਈ ਸੀ ਤੇ ਜ਼ਿਮੀਦਾਰੀ ਸ਼ਾਨ ਦਿਖਾਉਣ ਲਗ ਪਈ ਸੀ। ਉਸ ਦੀ ਜ਼ਮੀਨ ਦੀ ਭੁੱਖ ਵੀ ਵਧ ਗਈ ਸੀ। ਉਹ ਆਪਣੀ ਛੋਟੀ ਭੈਣ ਕੋਲ ਗਵਾਲੀਅਰ ਗਈ ਤੇ ਨਵੇਂ ਕਾਨੂੰਨ ਦੇ ਅਨੁਸਾਰ ਆਪਣੇ ਭਰਾਵਾਂ ਤੋਂ ਜ਼ਮੀਨ ਦਾ ਹਿੱਸਾ ਲੈਣ ਲਈ ਪ੍ਰੇਰਿਆ। ਉਹ ਛੇਤੀ ਉਸ ਦੇ ਅਸਰ ਹੇਠ ਆ ਗਈ ਤੇ ਆਪਣੇ ਪਤੀ ਨਾਲ ਗੱਲ ਕੀਤੀ। ਕਰਮ ਸਿੰਘ ਨੇ ਕਿਹਾ, "ਮੈਂ ਇਹੋ ਜਿਹੇ ਕੰਮ ਵਿਚ ਸ਼ਾਮਲ ਨਹੀਂ ਹੋਣਾ। ਰੱਬ ਦਾ ਦਿੱਤਾ ਸਭ ਕੁਝ ਹੈ।" ਬਹੁਤ ਖਹਿੜੇ ਪੈਣ ਤੇ ਉਸ ਨੇ ਕਿਹਾ ਕਿ ਵੱਡਾ ਭਾ ਨਿਰਮਾਣ ਸਿੰਘ ਸਿਆਣਾ ਬੰਦਾ ਹੈ। ਉਸ ਨੂੰ ਪੁੱਛ ਲਓ। ਉਹ ਜਿਸ ਤਰ੍ਹਾਂ ਕਹੇਗਾ, ਕਰ ਲਵਾਂਗੇ। ਸੋ ਇਸ ਸਿਲਸਿਲੇ ਵਿਚ ਗੁਰਦਿਆਲ ਕੌਰ ਵੱਡੇ ਜੀਜੇ ਦੀ ਹਮਾਇਤ ਕਰਨ ਆਈ ਸੀ।

ਨਿਰਮਾਣ ਸਿੰਘ ਨੇ ਛੋਟੀ ਸਾਲੀ ਦਾ ਆਦਰ-ਭਾਅ ਕੀਤਾ। ਹੱਸਦੇ-ਖੇਡਦੇ ਰਹੇ। ਕਰਮ ਸਿੰਘ ਨੇ ਆਪਣਾ ਦੇਸ ਗਵਾਲੀਅਰ ਬਣਾ ਲਿਆ ਸੀ ਤੇ ਪੂਰਨ ਸਿੰਘ ਨੇ ਅਲਵਰ। ਸੋ ਉਨ੍ਹਾਂ ਦਾ ਪੰਜਾਬ ਆਉਣਾ ਬੜੀ ਖੁਸ਼ੀ ਦੀ ਗੱਲ ਹੁੰਦੀ ਸੀ। ਗੁਰਦਿਆਲ ਕੌਰ ਨੇ ਆਪਣੀ ਭੈਣ ਮਹਿੰਦਰ ਨਾਲ ਤਾਂ ਗੱਲ ਕਰ ਦਿੱਤੀ ਹੋਈ ਸੀ, ਪਰ ਉਸ ਨੇ ਇਸ ਬਾਰੇ ਆਪਣੇ ਜੀਜੇ ਨਾਲ ਕੋਈ ਗੱਲ ਨਾ ਕੀਤੀ, ਉਸ ਨੇ ਵੀ ਸਮਝਿਆ, ਭਰਾਵਾਂ ਨੂੰ ਮਿਲਣ ਪੇਕੇ ਆਈ ਹੋਵੇਗੀ। ਅਸੀਂ ਕਿਹੜੇ ਦੂਰ ਸਾਂ। ਭੈਣ ਨੂੰ ਮਿਲੇ ਬਿਨਾਂ ਕਿਵੇਂ ਚਲੀ ਜਾਂਦੀ।

ਰਾਤੀਂ ਰੋਟੀ-ਟੁੱਕ ਖਾ ਚੁੱਕਣ ਤੋਂ ਬਾਅਦ ਕਾਫੀ ਰੌਣਕ ਲੱਗੀ। ਕਈ ਪਿਛਲੀਆਂ ਯਾਦਾਂ ਫੋਲੀਆਂ ਗਈਆਂ। ਉਨ੍ਹਾਂ ਵੇਲਿਆਂ ਦੀਆਂ ਖੁਸ਼ੀਆਂ ਮਨਾਂ ਵਿਚ ਦੁਹਰਾਈਆਂ ਗਈਆਂ। ਭਣੇਵੇਂ ਭਣੇਵੀਆਂ ਦਾ ਪਿਆਰ ਤਾਂ ਮਾਸੀਆਂ ਨਾਲ ਬਹੁਤਾ ਹੁੰਦਾ ਹੈ। ਉਹ ਮਾਸੀ ਨੂੰ ਮਿਲ ਕੇ ਬੜੇ ਖੁਸ਼ ਹੋਏ। ਮਾਸੀ ਨੇ ਉਨ੍ਹਾਂ ਨੂੰ ਗਵਾਲੀਅਰ ਆਉਣ ਦਾ ਨਿਮੰਤ੍ਰਣ ਦਿੱਤਾ।

ਰਾਤੀਂ ਸੌਣ ਲੱਗਿਆਂ ਮਹਿੰਦਰ ਕੌਰ ਨੇ ਗੱਲ ਤੋਰੀ ਤੇ ਗੁਰਦਿਆਲੋ ਦੇ ਆਉਣ ਦਾ ਕਾਰਨ ਦੱਸਿਆ। ਨਿਰਮਾਣ ਸਿੰਘ ਨੇ ਕਿਹਾ, "ਮਿੰਦੋ, ਰੱਬ ਦਾ ਦਿੱਤਾ ਸਭ ਕੁਝ ਐ। ਜੇ ਤੇਰੇ ਲਈ ਤੇਰਾ ਪਿਤਾ ਜ਼ਮੀਨ ਜ਼ਰੂਰੀ ਸਮਝਦਾ ਤਾਂ ਤੈਨੂੰ ਜ਼ਮੀਨ ਵਾਲੇ ਘਰ ਨਹੀਂ ਸੀ ਵਿਆਹ ਸਕਦਾ ? ਕੀ ਚੀਜ਼ ਹੈ ਜੋ ਤੈਨੂੰ ਪ੍ਰਾਪਤ ਨਹੀਂ ? ਤੇਰੇ ਭਰਾ ਤੇਰੇ ਕੋਲੋਂ ਚੰਗੀ ਰੋਟੀ ਖਾਂਦੇ ਨੇ ਕਿ ਚੰਗਾ ਕਪੜਾ ਹੰਡਾਂਦੇ ਨੇ ? ਕੀ ਉਨ੍ਹਾਂ ਦੇ ਬੱਚੇ ਤੇਰੇ ਬੱਚਿਆਂ ਕੋਲੋਂ ਚੰਗੇ ਪਲੇ ਤੇ ਪੜ੍ਹੇ ਨੇ ? ਰੋਜ਼ ਸੁਣਨੀ ਏਂ ਕਿ ਹਿੱਸੇ ਪਿੱਛੇ ਕਿਸੇ ਭਰਾ ਨੇ ਆਪਣੀ ਭੈਣ ਦੀਆਂ ਬਾਹਵਾਂ ਵੱਢ ਦਿਤੀਆਂ। ਕਿਸੇ ਨੇ ਆਪਣੇ ਭਣਵਈਏ ਦਾ ਕਤਲ ਕਰ ਦਿੱਤਾ। ਅੱਜ ਉਹ ਸਾਡਾ ਆਦਰ ਕਰਦੇਂ ਨੇ। ਕਲ੍ਹ ਸ਼ਰੀਕ ਬਣ ਕੇ ਸਾਡੀਆਂ ਧੀਆਂ ਨੌਲਣਗੇ। ਭੈਣ, ਭਣਵਈਏ, ਭਣੇਵੇਂ, ਭਣੇਵੀਆਂ ਦੇ ਪਿਆਰ ਭਰੇ ਪਵਿੱਤਰ ਰਿਸ਼ਤੇ ਮਲੀਆਮੇਟ ਹੋ ਜਾਣਗੇ। ਮੈਂ ਇਹ ਕੰਮ ਨਹੀਂ ਕਰਨਾ ਤੇ ਨਾ

ਹੀ ਤੈਨੂੰ ਕਰਨ ਹੀ ਦੇਣਾ ਐ। ਮੈਂ ਤਾਂ ਤੇਰੀਆਂ ਛੋਟੀਆਂ ਭੈਣਾਂ ਨੂੰ ਵੀ ਇਹੋ ਸਲਾਹ ਦੇਵਾਂਗਾ। ਅੱਗੇ ਉਨ੍ਹਾਂ ਦੀ ਮਰਜ਼ੀ। ਅਸੀਂ ਇਸ ਕੰਮ ਵਿਚ ਨਹੀਂ ਸ਼ਾਮਲ ਹੋਣਾ।"

ਨਿਰਮਾਣ ਸਿੰਘ ਦੀ ਰਾਇ ਜਾਣ ਕੇ ਗੁਰਦਿਆਲੋ ਦੂਜੇ ਦਿਨ ਹੀ ਵਾਪਸ ਚਲੀ ਗਈ। ਕਰਮ ਸਿੰਘ, ਉਸ ਦਾ ਪਤੀ ਅੱਗੇ ਹੀ ਹਿੱਸਾ ਲੈਣ ਦੇ ਹੱਕ ਵਿਚ ਨਹੀਂ ਸੀ। ਉਨ੍ਹਾਂ ਦੇ ਬੈਠਣ ਨਾਲ ਕਸ਼ਮੀਰੋ ਵੀ ਚੁੱਪ ਹੋ ਗਈ। ਕਰਮ ਸਿੰਘ ਨੇ ਵੀ ਸਮਝਾਇਆ, "ਭੈਣੇ, ਤੇਰੇ ਕੋਲ ਜ਼ਮੀਨ ਹੈਗੀ ਐ। ਵੱਡੇ ਭਾ ਕੋਲ ਤੇ ਮੇਰੇ ਕੋਲ ਤੇ ਅੱਧਾ ਕਿੱਲਾ ਵੀ ਨਹੀਂ। ਫੇਰ ਤੇਰੇ ਘਰਵਾਲਾ ਸਾਡੇ ਦੋਹਾਂ ਕੋਲੋਂ ਵੱਡਾ ਅਫ਼ਸਰ ਐ, ਵੱਡੀ ਤਨਖ਼ਾਹ ਲੈਂਦਾ ਐ, ਛੱਡ ਪਰੇ ਇਸ ਖਿਆਲ ਨੂੰ।" ਅਸਲ ਵਿਚ ਉਸ ਦਾ ਪਤੀ ਵੀ ਸਹੁਰੇ ਦੀ ਜਾਇਦਾਦ ਵਿਚੋਂ ਹਿੱਸਾ ਨਹੀਂ ਸੀ ਲੈਣਾ ਚਾਹੁੰਦਾ।

ਇਸ ਗੱਲ ਤੋਂ ਮਹੀਨਾ ਕੁ ਮਗਰੋਂ ਨਿਰਮਾਣ ਸਿੰਘ ਦੇ ਅਕਾਊਂਟੈਂਟ ਨੇ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਰੱਖਵਾਇਆ। ਉਸ ਦਾ ਘਰ ਰਾਜਪੁਰੇ ਸੀ ਤੇ ਉਹ ਰੋਜ਼ ਖੰਨੇ ਆਉਂਦਾ ਸੀ। ਭੋਗ ਐਤਵਾਰ ਪੈਣਾ ਸੀ ਤੇ ਉਸ ਨੇ ਨਿਰਮਾਣ ਸਿੰਘ ਨੂੰ ਸਮੇਤ ਪਰਵਾਰ ਦਰਸ਼ਨ ਦੇਣ ਲਈ ਜ਼ੋਰਦਾਰ ਬੇਨਤੀ ਕੀਤੀ ਸੀ। ਨਿਰਮਾਣ ਸਿੰਘ ਮਹਿੰਦਰ ਕੌਰ ਨਾਲ ਭੋਗ ਦੇ ਸਮੇਂ ਤੋਂ ਦੋ ਕੁ ਘੰਟੇ ਪਹਿਲਾਂ ਖੰਨੇ ਤੋਂ ਰਾਜਪੁਰੇ ਪਹੁੰਚ ਗਿਆ। ਭੋਗ ਤੋਂ ਮਗਰੋਂ ਕੀਰਤਨ ਹੋਇਆ ਤੇ ਉਸ ਮਗਰੋਂ ਲੰਗਰ ਵਰਤਿਆ। ਗਰਮੀਆਂ ਦੇ ਦਿਨ ਸਨ। ਨਿਰਮਾਣ ਸਿੰਘ ਹੋਰਾਂ ਦੁਪਹਿਰ ਉਨ੍ਹਾਂ ਦੇ ਘਰ ਹੀ ਕੱਟੀ। ਸ਼ਾਮ ਨੂੰ ਉਹ ਖੰਨੇ ਵਾਸਤੇ ਤਿਆਰ ਹੋ ਪਏ। ਅਕਾਊਂਟੈਂਟ ਤੇ ਉਸ ਦੀ ਪਤਨੀ ਨੇ ਉਸ ਰਾਤ ਉਨ੍ਹਾਂ ਨੂੰ ਘਰ ਰੱਖਣ ਲਈ ਬੜਾ ਜ਼ੋਰ ਲਾਇਆ। ਮਹਿੰਦਰ ਕੌਰ ਦੇ ਭਰਾਵਾਂ ਦਾ ਪਿੰਡ ਏਥੋਂ ਬਹੁਤੀ ਦੂਰ ਨਹੀਂ ਸੀ। ਟਾਂਗੇ ਤੇ ਦੋ ਢਾਈ ਘੰਟਿਆਂ ਦਾ ਰਸਤਾ ਸੀ। ਮਹਿੰਦਰ ਕੌਰ ਨੇ ਆਪਣੇ ਪਤੀ ਨੂੰ ਕਿਹਾ ਕਿ ਹੁਣ ਐਥੇ ਆਏ ਹੀ ਹੋਏ ਹਾਂ, ਪਿੰਡ ਹੋ ਹੀ ਆਈਏ। ਉਸ ਨੇ ਮਹਿੰਦਰ ਨੂੰ ਤਾਂ ਹੋ ਆਉਣ ਲਈ ਕਹਿ ਦਿੱਤਾ, ਪਰ ਆਪ ਖੰਨੇ ਮੁੜ ਜਾਣ 'ਤੇ ਪੱਕਾ ਰਿਹਾ। ਘਰ ਬੱਚੇ ਹੀ ਸਨ। ਵੱਡਿਆਂ ਤੋਂ ਬਿਨਾਂ ਬੱਚਿਆਂ ਦੇ ਹੁੰਦਿਆਂ ਵੀ ਘਰ ਸੁੰਨਾ ਹੀ ਹੁੰਦਾ ਹੈ।

ਮਹਿੰਦਰ ਕੌਰ ਰਾਤ ਅਕਾਊਂਟੈਂਟ ਸਾਹਿਬ ਦੇ ਘਰ ਹੀ ਰਹੀ, ਕਿਉਂਕਿ ਉਸ ਦੇ ਪੇਕਿਆਂ ਦੇ ਪਿੰਡ ਵਲ ਜਾਂਦਾ ਟਾਂਗਾ ਕੋਈ ਨਾ ਮਿਲਿਆ। ਨਾਲੇ ਉਂਜ ਵੀ ਸ਼ਾਮਾਂ ਪੈਣ ਵਾਲੀਆਂ ਸਨ। ਅਕਾਊਂਟੈਂਟ ਦੀ ਘਰਵਾਲੀ ਨੇ ਮੈਨੇਜਰ ਦੀ ਪਤਨੀ ਦੀ ਚੰਗੀ ਟਹਿਲ-ਸੇਵਾ ਕੀਤੀ ਤੇ ਬੜੇ ਪਿਆਰ ਸਤਿਕਾਰ ਨਾਲ ਉਸ ਨੂੰ ਰਾਤ ਰੱਖਿਆ। ਸਵੇਰੇ ਸਾਰਿਆਂ ਛੇਤੀ ਇਸ਼ਨਾਨ-ਪਾਣੀ ਕਰ ਲਿਆ। ਅਕਾਊਂਟੈਂਟ ਦੇ ਬੱਚਿਆਂ ਨੇ ਸਕੂਲ ਕਾਲਜ ਜਾਣਾ ਸੀ ਤੇ ਆਪ ਅਕਾਊਂਟੈਂਟ ਨੇ ਖੰਨੇ। ਸਵੱਖਤੇ ਹੀ ਨਾਸ਼ਤਾ ਤਿਆਰ ਹੋ ਗਿਆ। ਅਕਾਊਂਟੈਂਟ ਸਾਹਿਬ ਦੇ ਟਿਫ਼ਨ ਬਕਸ ਵਿਚ ਦੁਪਹਿਰ ਦੀ ਰੋਟੀ ਵੀ ਤਿਆਰ ਕਰ ਕੇ ਪਾ ਦਿਤੀ ਗਈ। ਬੱਚੇ ਸਕੂਲ ਕਾਲਜ ਚਲੇ ਗਏ ਤੇ ਅਕਾਊਂਟੈਂਟ ਸਾਹਿਬ ਖੰਨੇ ਲਈ ਰਵਾਨਾ ਹ ਗਏ। ਦੋਵੇਂ ਜਣੀਆਂ ਨੂੰ ਗੱਲਾਂ ਕਰਨ ਲਈ ਵਿਹਲ ਮਿਲਿਆ। ਤੀਵੀਆਂ ਦੀਆਂ ਗੱਲਾਂ ਲਮਕ ਹੀ ਜਾਂਦੀਆਂ ਹਨ। ਨਾਲੇ ਅਕਾਊਂਟੈਂਟ ਦੀ ਪਤਨੀ ਆਪਣੇ ਪਤੀ ਦੇ ਅਫ਼ਸਰ ਦੀ ਪਤਨੀ ਨੂੰ ਕੁਝ ਉਚੇਚ ਕਰ ਕੇ ਦਿਖਾਉਣਾ ਚਾਹੁੰਦੀ

ਸੀ। ਉਹ ਕਹਿਣ ਲਗੀ, "ਤੁਸੀਂ ਹੁਣ ਪਿੰਡ ਹੀ ਜਾਣਾ ਹੈ, ਮੈਂ ਤੇ ਖਾਣਾ ਖਵਾ ਕੇ ਤੋਰਾਂਗੀ।" ਮਹਿੰਦਰ ਨੇ ਬੜਾ ਕਿਹਾ ਕਿ ਮੈਂ ਸਵੇਰੇ ਸਵੇਰੇ ਪਿੰਡ ਤੁਰ ਜਾਵਾਂ ਤਾਂ ਚੰਗੀ ਗੱਲ ਹੈ, ਨਹੀਂ ਤੇ ਧੁੱਪ ਨਾਲ ਗਰਮੀ ਵਧ ਜਾਵੇਗੀ। ਪਰ ਉਸ ਨੇ ਇਕ ਨਾ ਸੁਣੀ। ਮੀਟ ਲੈਣ ਗਈ ਫਲ ਨਾਲ ਲੈ ਆਈ। ਮੀਟ ਨਾਲ ਕਸਟਰਡ ਤਿਆਰ ਕਰ ਲਿਆ। ਖਾਣਾ ਬਣਾਉਂਦੀ ਮਹਿੰਦਰ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰਦੀ ਰਹੀ। ਖਾਣਾ ਖਾ ਕੇ ਤਿਆਰ ਹੁੰਦਿਆਂ ਸਾਢੇ ਦਸ ਵੱਜ ਗਏ। ਮਸੀਂ ਗਿਆਰਾਂ ਵਜੇ ਮਹਿੰਦਰ ਕੌਰ ਘਰੋਂ ਨਿਕਲੀ।

ਅਕਾਊਂਟੈਂਟ ਦੀ ਪਤਨੀ ਉਸ ਨੂੰ ਸੜਕ ਤੱਕ ਛੱਡਣ ਆਈ। ਮਹਿੰਦਰ ਕੌਰ ਨੇ ਉਸ ਨੂੰ ਘਰ ਵੱਲ ਤੋਰਿਆ ਤੇ ਆਪ ਟਾਂਗਿਆਂ ਦੇ ਅੱਡੇ ਵੱਲ ਹੋ ਤੁਰੀ। ਦਸਾਂ ਕੁ ਕਦਮਾਂ 'ਤੇ ਹੀ ਉਸ ਨੂੰ ਪੇਕੇ ਪਿੰਡ ਦਾ ਪਾਲਾ ਸਿੰਘ ਆਉਂਦਾ ਦਿਸਿਆ। ਲਾਗੇ ਆ ਕੇ ਉਸ ਕਿਹਾ, "ਸਗੋਂ ਮਹਿੰਦਰ ਭੈਣ ਐਂ ?" ਪਛਾਣ ਕੇ ਉਸ ਭੈਣ ਨੂੰ ਮੱਥਾ ਟੇਕਿਆ ਤੇ ਅਸੀਸ ਪ੍ਰਾਪਤ ਕੀਤੀ।

"ਤੂੰ ਕਿਧਰ ਫਿਰਦਾਂ ? ਪਿੰਡ ਨਹੀਓਂ ਜਾਣਾ ?"

"ਭਤੀਜੀ ਦਾ ਵਿਆਹ ਲਾਗੇ ਐ। ਸੌਦਾ-ਸੂਤ ਖਰੀਦਣ ਆਏ ਆਂ। ਲੌਂਢੇ ਵੇਲੇ ਮੁੜਾਂਗੇ। ਤੂੰ ਪਿੰਡ ਚਲੀ ਐਂ ਸਗੋਂ ? ਪਰ ਅਨੂਪ ਤੇ ਛੋਟੇ ਭਰਾ ਤੇ ਏਥੇ ਆਏ ਹੋਏ ਨੇ। ਮੈਨੂੰ ਦਸ ਕੁ ਵਜੇ ਮਿਲੇ ਸੀ। ਕਹਿੰਦੇ ਸਨ ਤਸੀਲੇ ਕੰਮ ਐ। ਦੋ ਢਾਈ ਘੰਟੇ ਲੱਗਣਗੇ।"

"ਹੱਛਾ ! ਚੰਗਾ ਸਗੋਂ ਮੈਂ ਏਥੇ ਈ ਮਿਲ ਲਵਾਂਗੀ। ਤਸੀਲ ਕਿਧਰ ਏ ?"

"ਐਸੇ ਸੜਕ 'ਤੇ ਸੌ ਕੁ ਕਰਮਾਂ 'ਤੇ ਖੱਬੇ ਬੰਨੇ ਇਕ ਸੜਕ ਐ। ਉਹਦੇ ਤੇ ਦੋ ਸੌ ਕਰਮਾਂ 'ਤੇ ਤਸੀਲ ਐ। ਪੁਰਾਣੀ ਹਵੇਲੀ ਜਿਹੀ ਲਗਦੀ ਐ, ਵੱਡੀ ਸਾਰੀ। ਮੈਨੂੰ ਕੰਮ ਐ, ਨਹੀਂ ਤੇ ਮੈਂ ਛੱਡ ਆਉਂਦਾ।"

"ਨਹੀਂ, ਵੀਰ, ਤੂੰ ਕੰਮ ਕਰ। ਮੈਂ ਉਨ੍ਹਾਂ ਨੂੰ ਲੱਭ ਲਵਾਂਗੀ ਹੁਣ।" ਪਾਲਾ ਸਿੰਘ ਚਲਾ ਗਿਆ ਅਤੇ ਉਹ ਤਹਿਸੀਲ ਦੇ ਰਾਹ ਪੈ ਗਈ। ਤਹਿਸੀਲ ਵਾਲੀ ਸੜਕ 'ਤੇ ਪੈਂਦਿਆਂ ਉਸ ਇਕ ਬਜ਼ੁਰਗ ਕੋਲੋਂ ਤਹਿਸੀਲ ਦਾ ਰਸਤਾ ਮੁੜ ਪੁੱਛ ਹੀ ਲਿਆ। ਬਜ਼ੁਰਗ ਨੇ ਕਿਹਾ, "ਏਹੋ ਰਾਹ ਐ, ਬੀਬੀ, ਤਸ੍ਹੀਲ ਨੂੰ। ਆਹ ਲਾਗੇ ਈ ਐ, ਸੱਜੇ ਬੰਨੇ। ਲਾਗੇ ਈ, ਪਿਛਲੇ ਬੰਨੇ, ਬੱਸਾਂ ਦਾ ਅੱਡਾ ਐ।"

ਮਹਿੰਦਰ ਨੇ ਉਹ ਹਵੇਲੀ ਲੱਭ ਹੀ ਲਈ। ਊਠਾਂ ਦੇ ਵਾੜੇ ਦੇ ਦਰਵਾਜ਼ੇ ਵਰਗਾ ਉੱਚਾ ਦਰਵਾਜ਼ਾ ਸੀ ਓਸ ਦਾ। ਚੰਗਾ ਭੀੜ-ਭੜੱਕਾ ਸੀ। ਬਾਹਰ ਸੜਕ ਕੰਢੇ ਅਸ਼ਟਾਮ ਵੇਚਣ ਵਾਲਿਆਂ ਦੇ ਵਕੀਲਾਂ ਦੇ ਤੇ ਚਾਹ-ਪਾਣੀ ਤੇ ਮਠਿਆਈਆਂ ਦੇ ਸਟਾਲ ਸਨ। ਉਹ ਅੰਦਰ ਲੰਘ ਗਈ। ਅੰਦਰ ਤੇ ਕਿਲ੍ਹੇ ਵਰਗਾ ਖੁੱਲ੍ਹਾ ਸੀ। ਇਕ ਬੰਨੇ ਤਹਿਸੀਲ ਦੇ ਦਫ਼ਤਰ ਸਨ। ਸਾਹਮਣੇ ਪਾਸੇ ਨਾਇਬ-ਤਹਿਸੀਲਦਾਰਾਂ ਦੇ ਕਚਹਿਰੀ-ਨੁਮਾ ਦਫ਼ਤਰ ਸਨ। ਵਿਚਕਾਰ ਤਹਿਸੀਲਦਾਰ ਦੀ ਕਚਹਿਰੀ ਸੀ।

ਉਸ ਦੀ ਕਚਹਿਰੀ ਵਿਚ ਉਸ ਨੂੰ ਤਿੰਨੇ ਭਰਾ ਦਿਸ ਪਏ : ਅਨੂਪ, ਪ੍ਰੇਮ ਪ੍ਰਕਾਸ਼ ਤੇ ਰਵਿੰਦਰ। ਉਨ੍ਹਾਂ ਦੀਆਂ ਪਿੱਠਾਂ ਉਸ ਵੱਲ ਸਨ। ਕਟਹਿਰੇ ਵਿਚ ਇਕ ਜ਼ਨਾਨੀ

ਖੜੀ ਕਹਿ ਰਹੀ ਸੀ, "ਜੀ, ਮੈਂ ਅਨੂਪ ਸਿੰਘ, ਪ੍ਰੇਮ ਪ੍ਰਕਾਸ਼ ਤੇ ਰਵਿੰਦਰ ਦੀ ਸਭ ਤੋਂ ਵੱਡੀ ਭੈਣ ਮਹਿੰਦਰ ਕੌਰ ਆਂ। ਮੈਂ ਆਪਣੇ ਭਰਾਵਾਂ ਤੋਂ ਜ਼ਮੀਨ ਦਾ ਹਿੱਸਾ ਨਹੀਂ ਲੈਣਾ ?"

ਮਹਿੰਦਰ ਕੌਰ ਹੱਕੀ-ਬੱਕੀ ਰਹਿ ਗਈ। ਸਰਪੰਚ ਨੇ ਕਿਹਾ, "ਇਸ ਦਾ ਬਿਆਨ ਸੱਚਾ ਹੈ।" ਵਕੀਲ ਨੇ ਉਸ ਜ਼ਨਾਨੀ ਦਾ ਅੰਗੂਠਾ ਲੁਆ ਕੇ ਕਾਗਜ਼ 'ਤੇ ਤਹਿਸੀਲਦਾਰ ਦੇ ਦਸਖ਼ਤ ਕਰਵਾਏ।

ਮਹਿੰਦਰ ਨੂੰ ਸਮਝ ਆ ਗਈ। ਪਰ ਉਹ ਬੋਲੀ ਕੁਝ ਨਹੀਂ। ਓਥੇ ਹੀ ਖਲੋਤੀ ਰਹੀ। ਉਸ ਦੇ ਦਾਖ਼ਲ ਹੁੰਦਿਆਂ ਇਕ ਤੀਵੀਂ ਬਾਹਰ ਆ ਗਈ ਸੀ। ਵਕੀਲ ਨੇ ਇਸ਼ਾਰਾ ਕੀਤਾ ਤੇ ਉਹ ਤੀਵੀਂ ਛੇਤੀ ਹੀ ਕਚਹਿਰੀ ਵਿਚੋਂ ਬਾਹਰ ਨਿਕਲ ਗਈ।

ਅਨੂਪ ਸਿੰਘ ਬਾਹਰ ਨਿਕਲਣ ਲਈ ਮੁੜਿਆ। ਅੱਗੇ ਮਹਿੰਦਰ ਖੜੀ ਸੀ। ਉਹ ਘਬਰਾਂ ਗਿਆ ਤੇ ਕੰਧ ਲਾਗੇ ਬੈਂਚ 'ਤੇ ਬੈਠ ਗਿਆ। ਉਸ ਨੂੰ ਪਤਾ ਨਹੀਂ ਕੀ ਹੋਇਆ ? ਉਹ ਬੈਂਚ 'ਤੇ ਲੇਟ ਗਿਆ ਤੇ ਬੇਹੋਸ਼ ਹੋ ਗਿਆ। ਪ੍ਰੇਮ ਪ੍ਰਕਾਸ਼ ਤੇ ਰਵਿੰਦਰ ਪੱਥਰ ਦੀਆਂ ਮੂਰਤੀਆਂ ਵਾਂਗ ਕੰਧ ਨਾਲ ਲੱਗ ਗਏ। ਮਹਿੰਦਰ ਭੱਜ ਕੇ ਅਨੂਪ ਕੋਲ ਗਈ। ਉਸ ਨੂੰ ਹਿਲਾਇਆ, ਟੋਹਿਆ ਤੇ ਚੀਕ ਉੱਠੀ, "ਵੇ ਕੋਈ ਡਾਕਟਰ ! ਮੇਰੇ ਵੀਰ ਨੂੰ ਕੀ ਹੋ ਗਿਆ ! !"

ਵਕੀਲ, ਸਰਪੰਚ ਸਭ ਜਾ ਚੁੱਕੇ ਸਨ। ਦੂਜਿਆਂ ਮੁਆਮਲਿਆਂ ਵਾਲੇ ਲੋਕਾਂ ਵਿਚੋਂ ਇਕ ਜਣਾ ਡਾਕਟਰ ਲੈਣ ਬਾਹਰ ਭੱਜਾ। ਤਹਿਸੀਲਦਾਰ ਨੂੰ ਕੁਝ ਸ਼ੱਕ ਹੋਇਆ। ਉਹ ਆਪਣੀ ਕੁਰਸੀ ਛੱਡ ਕੇ ਬੇਹੋਸ਼ ਅਨੂਪ ਸਿੰਘ ਦੇ ਕੋਲ ਆ ਕੇ ਉਸ ਦੀ ਨਬਜ਼ ਦੇਖ਼ਣ ਲੱਗਾ।

"ਨਬਜ਼ ਤਾਂ ਹੈ, ਪਰ ਬੜੀ ਧੀਮੀ ਚਲ ਰਹੀ ਹੈ। ਡਾਕਟਰ ਲਈ ਇਕ ਹੋਰ ਬੰਦਾ ਜਾਓ।"

"ਬੀਬੀ, ਤੂੰ ਕਿੱਦਾਂ ਆਈ ਐਂ ? ਤੇਰੇ ਇਹ ਕੀ ਲੱਗਦੇ ਨੇ ?"

ਮਹਿੰਦਰ ਨੇ ਆਪਣੇ ਅੰਦਰ ਭਿੜ ਰਹੇ ਜਜ਼ਬਿਆਂ 'ਤੇ ਕਾਬੂ ਕਰ ਲਿਆ ਸੀ।

"ਜੀ, ਇਹ ਮੇਰੇ ਸ਼ਰੀਕੇ 'ਚੋਂ ਭਰਾ ਲਗਦੇ ਨੇ। ਮੈਂ ਇਨ੍ਹਾਂ ਪਿੱਛੇ ਆਈ ਸਾਂ।"

ਕੰਧ ਨਾਲ ਲੱਗੀਆਂ ਪੱਥਰ ਦੀਆਂ ਮੂਰਤੀਆਂ ਹਿੱਲ ਪਈਆਂ। ਅਨੂਪ ਨੇ ਵੀ ਉੱਚੀ ਸਾਹ ਲਿਆ। ਡਾਕਟਰ ਨੇ ਆ ਕੇ ਟੋਹਿਆ ਟਾਹਿਆ ਤੇ ਦਵਾਈ ਦਿੱਤੀ। ਉਸ ਨੂੰ ਹੋਸ਼ ਆ ਗਈ। ਨਿੱਕੇ ਭਰਾ ਉਸ ਨੂੰ ਸਾਂਭਣ ਲੱਗ ਪਏ। ਇਸ ਅਰਸੇ ਵਿਚ ਮਹਿੰਦਰ ਤਹਿਸੀਲ ਵਿਚੋਂ ਨਿਕਲ ਕੇ ਨਾਲ ਦੇ ਅੱਡੇ 'ਤੋਂ ਲੁਧਿਆਣੇ ਲਈ ਤਿਆਰ ਬੱਸ 'ਤੇ ਬਹਿ ਕੇ ਖੰਨੇ ਵੱਲ ਜਾ ਚੁੱਕੀ ਸੀ।

ਬਦਲਾ

ਪਠਾਣਕੋਟੋਂ ਅੰਮ੍ਰਿਤਸਰ ਜਾਂਦੀ ਬੱਸ ਆਮ ਤੌਰ ਤੇ ਆਹਮੋ ਸਾਹਮਣੇ ਪੈਂਦੇ ਕਾਹਨੂੰਆਣ ਅਤੇ ਡੇਰਾ ਬਾਬਾ ਨਾਨਕ ਦੇ ਮੋੜਾਂ 'ਤੇ ਨਹੀਂ ਖਲੋਂਦੀ। ਭਾਵੇਂ ਸੀਟਾਂ ਸਾਰੀਆਂ ਪੁਰ ਸਨ, ਫੇਰ ਵੀ ਛੋਟੇ ਜਿਹੇ ਝਟਕੇ ਨਾਲ ਬੱਸ ਕਾਹਨੂੰਆਣ ਵਾਲੀ ਸੜਕ ਦੇ ਮੋੜ ਲਾਗੇ ਖਲੋ ਗਈ। ਬੱਸ ਦਾ ਪਿਛਲਾ ਬੂਹਾ ਖੁੱਲ੍ਹਾ। ਪਹਿਲੋਂ ਦੋ ਅੰਞਾਣੇ — ਮੁੰਡਾ, ਨਿੱਕਾ ਤੇ ਕੁੜੀ ਵੱਡੀ — ਫੇਰ ਇਕ ਜਵਾਨ ਜ਼ਨਾਨੀ, ਜਿਸ ਨੇ ਮਾੜਾ ਜਿਹਾ ਘੁੰਡ ਕੱਢਿਆ ਹੋਇਆ ਸੀ, ਉਸ ਦੇ ਮਗਰ ਨੰਗੇ ਮੂੰਹ ਇਕ ਅਧਖੜ ਔਰਤ ਅਤੇ ਮਗਰ ਇਕ ਚਿੱਟੀ ਖੁੱਲ੍ਹੀ ਦਾੜ੍ਹੀ ਵਾਲਾ ਸਮੱਧਰ ਮਰਦ ਸੀ। ਬੱਚੇ ਸੀਟਾਂ ਦੀਆਂ ਪਿੱਠਾਂ ਅਤੇ ਤੀਵੀਆਂ ਤੇ ਉਹ ਮਰਦ ਉਪਰਲਾ ਡੰਡਾ ਫੜ ਕੇ ਖਲੋ ਗਏ। ਬੱਸ ਤੁਰ ਪਈ। ਮਰਦ ਮੇਰੇ ਬਰਾਬਰ ਖਲੋਤਾ ਸੀ। ਮੈਨੂੰ ਉਹ ਆਪਣੇ ਕੋਲੋਂ ਬਹੁਤਾ ਬੁੱਢਾ ਜਾਪਿਆ। ਸਾਡੇ ਨਾਲ ਤੀਜੀ ਸਵਾਰੀ ਇਕ ਮੁੰਡਾ ਸੀ। ਮੈਂ ਆਪਣੇ ਨਾਲ ਦੇ ਨੌਜਵਾਨ ਨੂੰ ਹੌਲੀ ਜਹੀ ਕਿਹਾ, "ਜੇ ਜ਼ਰਾ ਨਾਲ ਨਾਲ ਹੋ ਜਾਈਏ ਤਾਂ ਇਹ ਬਜ਼ੁਰਗ ਵੀ ਬੈਠ ਜਾਏ।" ਜਵਾਨ ਨੇ ਇਕੱਠੇ ਹੁੰਦਿਆਂ ਕਿਹਾ, "ਹਾਂ, ਬਿਠਾ ਲਓ। ਮੈਂ ਧਾਰੀਵਾਲ ਉਤਰ ਜਾਣਾ ਹੈ. ਫੇਰ ਸੌਖੇ ਹੋ ਕੇ ਬੈਠ ਜਾਇਓ।" ਬਾਹਰ ਵੱਲ ਥੋੜ੍ਹੀ ਜਹੀ ਥਾਂ ਬਣਾ ਕੇ ਮੈਂ ਕਿਹਾ, "ਬਾਬਾ ਜੀ, ਤੁਸੀਂ ਐਥੇ ਬੈਠ ਜਾਓ।" ਉਸ ਦੇ ਬੁਲ੍ਹਾਂ 'ਤੇ ਮੁਸਕਰਾਹਟ ਆ ਗਈ, ਜੋ ਇਕ ਬੁੱਢੇ ਦੇ ਦੂਸਰੇ ਬੁੱਢੇ ਨੂੰ ਬਾਬਾ ਕਹਿਣ ਕਾਰਨ ਆਈ ਹੋਵੇਗੀ। ਪਰ ਝਕਦਾ ਝਕਦਾ ਉਹ ਮੇਰੇ ਨਾਲ ਬੈਠ ਹੀ ਗਿਆ। ਉਸ ਦੇ ਧੋ ਕੇ ਪਾਏ ਵੱਟਾਂ ਵਾਲੇ ਕਿਸਾਨੀ ਕੱਪੜੇ ਸਨ। ਤੇ ਮੈਂ ਸੂਟ-ਬੂਟ ਕੱਸਿਆ ਹੋਇਆ ਅਤੇ ਟਾਈ ਵੀ ਲਾਈ ਹੋਈ ਸੀ।

ਥੋੜ੍ਹੇ ਜਿਹੇ ਸੌਖੇ ਹੋ ਕੇ ਉਸ ਨੇ ਮੈਨੂੰ ਪੁੱਛਿਆ, "ਸਰਦਾਰ ਜੀ, ਤੁਸੀਂ ਕੀ ਕੰਮ ਕਰਦੇ ਓ ?"

ਮੈਂ ਉੱਤਰ ਦਿੱਤਾ, "ਮੈਂ ਪੜ੍ਹਾਉਂਦਾ ਹੁੰਦਾ ਸਾਂ, ਰਿਟਾਇਰ ਹੋ ਗਿਆ ਹਾਂ।"

"ਵੱਡੇ ਮਾਸਟਰ ਸੀ ਤੁਸੀਂ ?"

"ਵੱਡਾ ਮਾਸਟਰ ਈ ਸਮਝ ਲਓ। ਪਰ ਮੈਂ ਕਾਲਜ ਵਿਚ ਪੜ੍ਹਾਉਂਦਾ ਸਾਂ।"

"ਫੇਰ ਪਰੰਸੀਪਲ ਹੋਏ ਕਿ !" ਤੇ ਉਸ ਨੇ ਉੱਠਣ ਦਾ ਯਤਨ ਕੀਤਾ।

ਮੈਂ ਹੋਰ ਇਕੱਠਾ ਹੋ ਕੇ ਉਸ ਨੂੰ ਆਪਣੇ ਨਾਲ ਖਿੱਚ ਲਿਆ। ਨਾਲ ਦਾ ਨੌਜਵਾਨ ਇਹ ਕਹਿੰਦਾ ਉੱਠ ਖਲੋਤਾ, "ਤੁਸੀਂ ਆਰਾਮ ਨਾਲ ਬੈਠੋ। ਮੈਂ ਤੇ ਅੱਗੇ ਉੱਤਰ ਈ ਜਾਣਾ ਏ।" ਉਸ ਦੀਆਂ ਅੱਖਾਂ ਵਿਚ ਮੇਰੇ ਸਾਥੀ ਲਈ ਦਇਆ ਤੇ ਮੇਰੇ ਲਈ ਆਦਰ ਦੀ ਭਾਵਨਾ ਸੀ। ਮੈਂ ਤੇ ਮੇਰੇ ਸਾਥੀ ਨੇ ਉਸ ਨੂੰ ਬੈਠੇ ਰਹਿਣ ਲਈ ਕਿਹਾ, ਪਰ ਉਹ ਸੀਟੋਂ ਬਾਹਰ ਆ ਕੇ ਡੰਡਾ ਫੜ ਕੇ ਖਲੋ ਗਿਆ। ਅਸੀਂ ਸੌਖੇ ਹੋ ਕੇ ਬਹਿ ਗਏ।

ਮੈਂ ਆਪਣੇ ਸਾਥੀ ਦੇ ਚਿਹਰੇ ਤੋਂ ਕ੍ਰਿਤੱਗਤਾ ਦੀ ਭਾਵਨਾ ਪੜ੍ਹ ਸਕਦਾ ਸਾਂ।

ਹੌਲੀ ਜਹੀ ਉਸ ਬਜ਼ੁਰਗ ਨੇ ਨੀਵਾਂ ਮੂੰਹ ਪਾਈ ਪੁੱਛਿਆ, "ਫੇਰ ਤੇ ਤੁਹਾਨੂੰ ਵੱਡੀ ਪਿਨਸ਼ਨ ਮਿਲਦੀ ਹੋਊ ?"

"ਨਹੀਂ, ਪੈਨਸ਼ਨ ਨਹੀਂ ਮਿਲਦੀ। ਮੈਂ ਪ੍ਰਾਈਵੇਟ ਕਾਲਜ ਦਾ ਪ੍ਰਿੰਸੀਪਲ ਸਾਂ।"

"ਉਹੋ ਹੋ ! ਫੇਰ ਗੁਜ਼ਾਰਾ ਕਿਵੇਂ ਚੱਲਦਾ ?"

"ਇਕ-ਅੱਧ ਟਿਊਸ਼ਨ ਪੜ੍ਹਾ ਲੈਂਦਾਂ। ਕੁਝ ਮੇਰੇ ਬੱਚੇ ਭੇਜ ਦਿੰਦੇ ਨੇ।"

"ਚੰਗੀਆਂ ਨੌਕਰੀਆਂ 'ਤੇ ਨੇ ?"

"ਚੰਗੀਆਂ ਨਹੀਂ, ਗੁਜ਼ਾਰੇ ਵਾਲੀਆਂ।"

"ਚੰਗੀ ਉਲਾਦ ਏ ?"

"ਹਾਂ।"

"ਹੁਣ ਕਿੱਧਰ ਤਿਆਰੀ ਕੀਤੀ ਐ ?"

"ਓਦਰ ਗਿਆ ਸਾਂ। ਅੰਮ੍ਰਿਤਸਰ ਪੋਤਰੇ-ਪੋਤਰੀਆਂ ਨੂੰ ਮਿਲਣ ਜਾ ਰਿਹਾ ਹਾਂ।"

"ਮੈਂ ਵੀ ਅੰਬਰਸਰ 'ਸ਼ਨਾਨ ਕਰਨ ਚੱਲਿਆ ਵਾਂ। ਨਾਲ ਪੋਤਰਾ, ਪੋਤਰੀ, ਘਰਵਾਲੀ ਤੇ ਨੌਂਹ ਏ।"

"ਅੱਜ ਮੱਸਿਆ ਐ ਸਗੋਂ ?"

"ਨਹੀਂ, ਮੱਸਿਆ ਤੇ ਨਹੀਂ।"

"ਸੰਗਰਾਂਦ ਏ ਫੇਰ ?"

"ਸੰਗਰਾਂਦ ਵੀ ਨਹੀਂ।"

"ਗੁਰਪੁਰਬ ?"

"ਗੁਰਪੁਰਬ ਵੀ ਨਹੀਂ।"

ਮੇਰੇ ਸਾਰੇ ਸਵਾਲ ਮੁੱਕ ਗਏ ਸਨ। ਮੈਂ ਉਸ ਦੇ ਮੂੰਹ ਵੱਲ ਦੇਖਣ ਲੱਗਾ।

ਉਸ ਨੇ ਕਹਿਣਾ ਸ਼ੁਰੂ ਕੀਤਾ, "ਸਰਦਾਰ ਜੀ, ਮੇਰੇ ਮਨ ਵਿਚ ਕਦੇ ਕਦੇ ਉਬਾਲ ਉੱਠਦਾ ਐ। ਜਦੋਂ ਇਹ ਉਬਾਲ ਉਠੇ, ਭਾਵੇਂ ਵਾਢੀਆਂ ਹੋਣ ਤੇ ਭਾਵੇਂ ਬਿਆਈਆਂ, ਮੈਂ ਸਾਰੇ ਪਰਵਾਰ ਨੂੰ ਅੰਬਰਸਰ ਲੈ ਜਾਂਦਾਂ, "ਸ਼ਨਾਨ ਕਰਦਾਂ, ਦਰਸ਼ਨ ਕਰਦਾਂ ਤੇ ਪਾਪ ਬਖਸ਼ਾਉਂਦਾਂ। ਕਦੀ ਤਰਨ ਤਾਰਨ ਸਾਹਬ ਤੇ ਕਦੇ ਗੋਇੰਦਵਾਲ ਬੌਲੀ ਸਾਹਿਬ ਦੇ ਦਰਸ਼ਨਾਂ ਨੂੰ ਵੀ ਜਾਂਦੇ ਆਂ।"

ਮੈਂ ਉਸ ਦੀਆਂ ਅੱਖਾਂ ਵਿਚ ਦੇਖਿਆ। ਉਸ ਦੀਆਂ ਪਹਿਲੋਂ ਚਮਕਦੀਆਂ ਅੱਖਾਂ ਵਿਚ ਧੁੰਦਲਾਪਨ ਆ ਗਿਆ ਸੀ। ਫਿਰ ਉਸ ਦਾ ਸਿਰ ਝੁਕ ਗਿਆ ਜਿਵੇਂ ਕਿਸੇ ਭਾਰੀ ਪੰਡ ਨੇ ਉਸ ਦਾ ਸਿਰ ਦੱਬ ਲਿਆ ਹੋਵੇ। ਪਲ ਭਰ ਵਿਚ ਉਸ ਦੀ ਹਾਲਤ ਤਰਸਯੋਗ ਹੋ ਗਈ ਸੀ। ਮੈਂ ਸੋਚਿਆ ਉਸ ਨੂੰ ਮੇਰੇ ਸਹਾਰੇ ਦੀ ਲੋੜ ਹੈ।

ਕੰਡਕਟਰ ਟਿਕਟਾਂ ਦਿੰਦਾ ਉਸ ਕੋਲ ਪਹੁੰਚ ਗਿਆ ਤੇ ਉਸ ਨੇ ਪੋਂਡੂ ਕੁਰਤੇ ਦੀ ਛਾਤੀ ਬਰਾਬਰ ਅੰਦਰਲੀ ਜੇਬ ਵਿਚੋਂ ਗਲਮੇ ਦੇ ਬਟਨ ਖੋਲ੍ਹ ਕੇ ਬਟੂਆ ਕੱਢਿਆ

ਅਤੇ ਤਹਿ ਕੀਤੇ ਨੋਟਾਂ ਵਿਚੋਂ ਦੋ ਦਸਾਂ ਦੇ ਨੋਟ ਕੱਢ ਕੇ ਅੰਮ੍ਰਿਤਸਰ ਦੀਆਂ ਸਾਢੇ ਤਿੰਨ ਟਿਕਟਾਂ ਲਈਆਂ। ਨਿੱਕਾ ਕਾਕਾ ਹਾਲੀਂ ਛੋਟਾ ਹੀ ਸੀ, ਪਰ ਉਸ ਸ਼ਹਿਰੀ ਬੱਚਿਆਂ ਵਰਗੇ ਬਣੇ-ਬਣਾਏ ਕਪੜੇ ਪਾਏ ਹੋਏ ਸਨ ਅਤੇ ਪੈਰੀਂ ਜੁਰਾਬਾਂ ਤੇ ਲਾਲ ਬੂਟ ਸਨ। ਉਸ ਦੀ ਭੈਣ ਵੀ ਸ਼ਹਿਰਨ ਬੱਚੀ ਜਾਪਦੀ ਸੀ। ਬੁੱਢੇ ਦੀ ਪਤਨੀ ਬੁੱਢੀ ਨਹੀਂ ਸੀ ਜਾਪਦੀ। ਉਸ ਵਿਚ ਜਵਾਨੀ ਦੇ ਅੰਸ਼ ਹਾਲੀ ਕਾਇਮ ਸਨ। ਰਾਹ ਦੇ ਪੌਡੂ ਅੱਡੇ 'ਤੇ ਬੱਸ ਅੱਧਾ ਕੁ ਮਿੰਟ ਖਲੋਤੀ। ਦੋ ਸੀਟਾਂ ਤੋਂ ਇਕ ਪਤੀ-ਪਤਨੀ ਉਤਰੇ ਤੇ ਸੱਸ ਨੇ ਬੱਚਿਆਂ ਤੇ ਨੂੰਹ ਨੂੰ ਓਥੇ ਬਿਠਾ ਦਿੱਤਾ। ਭਾਵੇਂ ਨੂੰਹ ਨੇ ਉਸ ਨੂੰ ਆਪਣੀ ਥਾਂ ਬਿਠਾਉਣ ਦਾ ਬੜਾ ਜ਼ੋਰ ਲਾਇਆ। ਧਾਰੀਵਾਲ ਉਹ ਤਿੰਨਾਂ ਸੀਟਾਂ ਵਾਲੀ ਥਾਂ ਤੇ ਇਕੱਠੀਆਂ ਹੋ ਗਈਆਂ। ਬਾਬੇ ਨੂੰ ਉਨ੍ਹਾਂ ਆਪਣੇ ਪਿੱਛੇ ਖ਼ਾਲੀ ਸੀਟ 'ਤੇ ਆਉਣ ਲਈ ਕਿਹਾ, ਪਰ ਉਸ ਨਾਂਹ ਕਰ ਦਿੱਤੀ।

ਮੈਂ ਹੀ ਗੱਲ ਸ਼ੁਰੂ ਕੀਤੀ — "ਹੁਣ ਦੱਸ, ਵੀਰ, ਤੂੰ ਕਿਹੜੇ ਪਾਪ ਬਖਸ਼ਾਉਂਦਾਂ ਫਿਰਦਾਂ ਹੈਂ ?" ਮੈਥੋਂ ਮਧਰਾ ਹੋਣ ਕਰਕੇ ਉਸ ਨੇ ਮੂੰਹ ਚੁੱਕ ਕੇ ਮੇਰੇ ਚਿਹਰੇ ਵੱਲ ਦੇਖਿਆ। ਮੇਰੀਆਂ ਅੱਖਾਂ ਵਿਚ ਜ਼ਰੂਰ ਕੋਈ ਭਾਵ ਹੋਵੇਗਾ, ਜਿਸ ਤੋਂ ਉਸ ਨੂੰ ਤਸੱਲੀ ਹੋਈ ਤੇ ਉਸ ਨੇ ਇਕ ਹਉਕਾ ਲਿਆ।

"ਪਾਪ ਮੈਂ ਬੜਾ ਵੱਡਾ ਕੀਤਾ ਹੋਇਆ", ਉਸ ਕਿਹਾ। "ਮੈਂ ਤੁਹਾਨੂੰ ਉਹ ਦੱਸਾਂਗਾ। ਮੈਂ ਏਧਰ ਦਾ ਨਹੀਂ, ਓਧਰੋਂ ਆਇਆ ਹੋਇਆ ਵਾਂ।" ਉਸ ਨੇ ਪੱਛਮ ਵੱਲ ਇਸ਼ਾਰਾ ਕੀਤਾ। ਉਸ ਦਾ ਮਤਲਬ ਪਾਕਿਸਤਾਨ ਤੋਂ ਸੀ।

"ਸਾਡੀ ਜ਼ਮੀਨ ਜ਼ਿਲ੍ਹੇ ਸਰਗੋਧੇ ਵਿਚ ਸੀ। ਸਾਡੇ ਬਾਬੇ ਨੂੰ ਫੌਜੀ ਬਹਾਦਰੀ ਕਰਕੇ ਦੋ ਮੁਰੱਬੇ ਜ਼ਮੀਨ ਮਿਲੀ ਸੀ। ਚੱਕ ਛਿਹੱਤਰ ਭਾਗਟਾਂ ਵਾਲੇ ਵਿੱਚ। ਮੇਰਾ ਬਾਪੂ ਆਪਣੇ ਬਾਪੂ ਦਾ 'ਕੱਲਾ-ਕੱਲਾ' ਪੁੱਤ ਸੀ। ਮੈਂ ਆਪਣੇ ਦਾਦੇ-ਦਾਦੀ ਨੂੰ ਕੀ ਦੇਖਣਾ ਸੀ, ਮੈਂ ਤਾਂ ਆਪਣੇ ਬਾਪੂ ਦੇ ਮਰਨ ਤੋਂ ਪੰਜ ਮਹੀਨੇ ਮਗਰੋਂ ਜੰਮਿਆਂ ਸਾਂ। ਮੈਥੋਂ ਵੱਡੇ ਮੇਰੇ ਦੋ ਭਰਾ ਸਨ, ਜੋ ਮੇਰੇ ਬਾਪੂ ਦੇ ਮਰਨ ਤੇ ਛੇਆਂ ਤੇ ਤਿੰਨਾਂ ਸਾਲਾਂ ਦੇ ਸਨ। ਸਾਡੀ ਮਾਂ ਨੇ ਬੜਾ ਜੇਰਾ ਰੱਖਿਆ ਸੀ। ਓਦੋਂ ਸਾਡੀ ਮਾਂ ਮਸੀਂ ਪੰਝੀਆਂ-ਛੱਬੀਆਂ ਵਰ੍ਹਿਆਂ ਦੀ ਹੋਵੇਗੀ। ਉਸ ਨੇ ਡੇਢ ਮੁਰੱਬਾ ਮੁਜ਼ਾਰਿਆਂ ਨੂੰ ਦੇਣਾ। ਓਦੋਂ ਮੁਜ਼ਾਰਿਆਂ ਨੂੰ ਪੈਦਾਵਾਰ ਦਾ ਤੀਜਾ ਹਿੱਸਾ ਈ ਮਿਲਦਾ ਸੀ। ਮੁਜ਼ਾਹਰੇ ਹੱਸ ਕੇ ਉਸ ਦੀ ਜ਼ਮੀਨ ਲੈਂਦੇ। ਕਾਮਾ ਰੱਖ ਕੇ ਉਹ ਆਪ ਵੀ ਅੱਧੇ ਮੁਰੱਬੇ ਦੀ ਵਾਹੀ ਕਰਾ ਲੈਂਦੀ। ਉਸ ਦੀ ਰੱਬ ਵੱਲ ਰੁਚੀ ਤੇ ਦਾਨੀ ਸੁਭਾਅ ਦੇਖ ਕੇ ਪਿੰਡ ਵਾਲੇ ਨੰਬਰਦਾਰ, ਪਿਨਸ਼ਨੀਏ, ਸਫੈਦਪੋਸ਼, ਪਟਵਾਰੀ ਸਾਰੇ ਉਸ ਨੂੰ ਚੰਗਾ ਜਾਣਦੇ। ਪਿੰਡ ਦੇ ਵੱਡਿਆਂ ਤੋਂ ਉਹ ਨੱਕੋਂ ਨੀਵਾਂ ਘੁੰਡ ਕੱਢਦੀ, ਵੱਡੀਆਂ ਜ਼ਨਾਨੀਆਂ ਨੂੰ ਮੱਥਾ ਟੇਕਦੀ ਤੇ ਕੁੜੀਆਂ ਨੂੰ ਰਾਮ ਸੱਤ ਕਹਿੰਦੀ। ਮੈਥੋਂ ਵੱਡੇ ਚਾਰ ਚਾਰ ਜਮਾਤਾਂ ਪੜ੍ਹਾ ਕੇ ਉਸ ਨੇ ਵਾਹੀ ਵਿਚ ਹੀ ਲਾ ਲਏ। ਉਸ ਨੇ ਸਾਨੂੰ ਦੁੱਧ, ਮਲਾਈਆਂ ਤੇ ਮੱਖਣਾਂ ਨਾਲ ਪਾਲਿਆ। ਮੇਰੇ ਭਰਾ ਸ਼ੇਰ ਜੁਆਨ ਨਿਕਲੇ। ਜਿਉਂ ਜਿਉਂ ਉਹ ਵੱਡੇ ਹੁੰਦੇ ਜਾਂਦੇ, ਦਿਨੋਂ ਦਿਨ ਉਹ ਆਪਣੀ ਜ਼ਮੀਨ ਦਾ ਵੱਧ ਤੋਂ ਵੱਧ ਹਿੱਸਾ ਆਪਣੀ ਵਾਹੀ ਹੇਠਾਂ ਲਈ ਆਉਂਦੇ। ਏਥੋਂ ਤਕ ਕਿ ਵੱਡੇ ਦੇ ਵੀਹਾਂ ਵਰ੍ਹਿਆਂ ਦੇ ਹੋਣ ਤਕ ਦੋਹਾਂ ਭਰਾਵਾਂ ਨੇ ਦੋਵੇਂ ਮੁਰੱਬੇ ਆਪਣੀ ਵਾਹੀ ਹੇਠ ਲੈ ਆਂਦੇ। ਉਹ

ਆਪ ਵਾਹੀ ਕਰਦੇ ਤੇ ਕਾਮਿਆਂ ਕੋਲੋਂ ਵਾਹੀ ਕਰਾਉਂਦੇ। ਮਾਂ ਸਾਡੀ ਸਲਾਹ ਦਿੰਦੀ, ਆਪ ਵੀ ਕੰਮ ਵਿਚ ਸ਼ਾਮਲ ਹੁੰਦੀ, ਉਲਝਵੇਂ ਫੈਸਲੇ ਵੱਡਿਆਂ ਤੇ ਪਿਨਸ਼ਨੀਆਂ ਦੀ ਸਹਾਇਤਾ ਨਾਲ ਕਰ-ਕਰਵਾ ਲੈਂਦੀ। ਥੋੜ੍ਹਾ ਬਹੁਤਾ ਘਾਟਾ ਵੀ ਖਾ ਲੈਂਦੀ। ਜੇ ਅਸੀਂ ਕਿਸੇ ਹੱਕੀ ਗੱਲ 'ਤੇ ਅੜ ਬੈਠਦੇ ਤਾਂ ਸਾਨੂੰ ਪਲੋਸ ਕੇ ਮਨਾ ਲੈਂਦੀ। ਬੜੀ ਪਿਆਰੀ ਮਾਂ ਸੀ ਸਾਡੀ।"

ਮੈਂ ਦੇਖਿਆ ਉਸ ਨੂੰ ਮੇਰੇ ਹੁੰਗਾਰੇ ਦੀ ਲੋੜ ਨਹੀਂ ਸੀ ਜਾਪ ਰਹੀ। ਮੈਨੂੰ ਵੀ ਹੁੰਗਾਰੇ ਦੇਣ ਦੀ ਲੋੜ ਨਹੀਂ ਸੀ ਜਾਪ ਰਹੀ, ਕਿਉਂਕਿ ਮੈਂ ਤਾਂ ਆਪ ਹੀ ਸਾਰਾ ਹੁੰਗਾਰਾ ਬਣਿਆ ਪਿਆ ਸਾਂ ਤੇ ਸ਼ਾਇਦ ਉਸ ਬਜ਼ੁਰਗ ਨੇ ਆਪਣੀ ਵਿਥਿਆ ਸੁਣਾਉਂਦਿਆਂ ਇਹ ਭਾਂਪ ਲਿਆ ਸੀ। ਆਖ਼ਰ ਕਹਾਣੀ ਕੀ ਹੋਈ ਜਿਹੜੀ ਸੁਣਨ ਵਾਲੇ ਨੂੰ ਕੀਲ ਨਾ ਲਵੇ, ਭਾਵੇਂ ਸੁਣਨ ਵਾਲਾ ਪੜ੍ਹਿਆ ਹੋਇਆ ਹੋਵੇ ਜਾਂ ਅਨਪੜ੍ਹ।

"ਸੋਹਣੇ ਸਰੀਰਾਂ 'ਤੇ ਲੰਮੇ ਕੱਦਾਂ ਵਾਲੇ ਮੇਰੇ ਭਰਾ ਸਨ। ਉਨ੍ਹਾਂ ਵਿਚ ਕੋਈ ਐਬ ਨਹੀਂ ਸੀ। ਘੁਲਦੇ ਸਨ, ਕਬੱਡੀ ਪਾਉਂਦੇ ਸਨ, ਸੌਂਚੀ ਖੇਡਦੇ ਸਨ। ਵੱਡਾ ਤਾਂ ਆਪਣੇ ਤੋਂ ਸਵਾਏ ਨੂੰ ਗੁਟੋਂ, ਲੱਕੋਂ ਜਾਂ ਲੱਤੋਂ ਫੜ ਲਏ ਤਾਂ ਉਸ ਤੋਂ ਹਿੱਲਿਆ ਨਹੀਂ ਸੀ ਜਾਂਦਾ। ਛੋਟਾ ਬੜਾ ਛੁਹਲਾ ਸੀ, ਸ਼ਤੂੰਗੜਾ ਜਿਹਾ, ਫੜਨ ਵਾਲੇ ਦੇ ਹੱਥੋਂ ਮੱਛੀ ਵਾਂਗ ਤਿਲ੍ਹਕ ਜਾਂਦਾ ਸੀ। ਫੇਰ ਵੀ ਉਨ੍ਹਾਂ ਵਿਚ ਆਕੜ ਨਾਂ ਲੈਣ ਨੂੰ ਨਹੀਂ ਸੀ। ਨਿਉਂ ਕੇ ਚੱਲਦੇ ਸਨ। ਥੋੜ੍ਹੇ ਕੀਤੇ ਕਿਸੇ ਦੇ ਸਿਰੇ ਨਹੀਂ ਸੀ ਆਉਂਦੇ। ਦੋਹਾਂ ਦੇ ਦਾਅ-ਮੇਚ ਦੇ ਚੰਗੀ ਘਰੀਂ ਵਿਆਹ ਹੋ ਗਏ ਸਨ। ਭਾਬੀਆਂ ਮੇਰੀਆਂ ਚੰਨ ਦੀਆਂ ਟੁਕੜੀਆਂ ਸਨ ਤੇ ਦਿਲ ਦੀਆਂ ਨਿੱਤਰੇ ਪਾਣੀ ਵਾਂਗ ਸਾਫ਼। ਪੇਕੇ ਘਰੀਂ ਭਰਾਵਾਂ ਨਾਲ ਪਿਆਰ ਕਰਦੀਆਂ ਸਨ ਤੇ ਸਹੁਰੇ ਘਰ ਮੈਂ ਉਨ੍ਹਾਂ ਨੂੰ ਸਾਂਝਾ ਭਰਾ ਮਿਲ ਗਿਆ ਸਾਂ। ਜਿਸ ਨੂੰ ਮੇਰੀ ਮਾਂ ਵਰਗੀ ਮਾਂ, ਮੇਰੇ ਭਰਾਵਾਂ ਵਰਗੇ ਭਰਾ, ਮੇਰੀਆਂ ਭਰਜਾਈਆਂ ਵਰਗੀਆਂ ਭਰਜਾਈਆਂ ਮਿਲੀਆਂ ਹੋਣ, ਜੋ ਉਸ ਦੇ ਦੁਖ-ਸੁਖ, ਪਹਿਨਣ-ਪੱਚਰਣ, ਖਾਣ-ਪੀਣ ਦਾ ਖ਼ਿਆਲ ਰੱਖਣ ਤਾਂ ਉਸ ਪਲ ਪਲ ਪਲੱਰਨਾ ਹੀ ਹੋਇਆ। ਮੈਂ ਭਾਵੇਂ ਆਪਣੇ ਭਰਾਵਾਂ ਕੋਲੋਂ ਚਾਰ ਉਂਗਲਾਂ ਛੋਟਾ ਈ ਸਾਂ, ਪਰ ਘਿਓ-ਮੱਖਣ 'ਤੇ ਪਲਣ, ਕਸਰਤ ਤੇ ਕੰਮ ਨੇ ਮੇਰਾ ਸਰੀਰ ਸਾਰਿਆਂ ਕੋਲੋਂ ਗੁੱਟਵਾਂ ਬਣਾ ਦਿਤਾ ਸੀ। ਘੋਲ ਵਿਚ ਮੈਂ ਆਪਣੇ ਕੋਲੋਂ ਡਿਉੜੇ ਨਾਲ ਲੜ ਜਾਂਦਾ, ਸੌਂਚੀ ਵਿਚ ਵੱਡੇ ਜੁਆਨਾਂ ਦੀਆਂ ਛਾਤੀਆਂ ਵਿਚ ਧੱਫੇ ਮਾਰਦਾ ਨਿਕਲ ਆਉਂਦਾ। ਭਾਵੇਂ ਵਾਹੀ ਦੇ ਕੰਮ ਵਿਚ ਮੇਰੇ ਭਰਾ ਮੈਨੂੰ ਬਹੁਤਾ ਪੈਣ ਨਾ ਦਿੰਦੇ, ਪਰ ਮੈਨੂੰ ਜਦੋਂ ਵੀ ਮੌਕਾ ਮਿਲਦਾ, ਧੱਸ ਕੇ ਕੰਮ ਕਰਦਾ।

"ਘਰ ਦੀ ਸ਼ੁਹਰਤ ਸੁਣ ਕੇ ਲਾਗਲੇ ਪਿੰਡ ਦੇ ਇਕ ਜ਼ਿਮੀਂਦਾਰ ਸ਼ਾਹ, ਪਾਲਾ ਸਿੰਘ ਨੇ ਆਪਣੀ ਲੜਕੀ ਦਾ ਰਿਸ਼ਤਾ ਮੇਰੇ ਲਈ ਮਾਂ ਦੀ ਝੋਲੀ ਪਾ ਦਿੱਤਾ। ਮੇਰੀ ਮਾਂ ਨੇ, ਭਰਾਵਾਂ ਨੇ, ਭਰਜਾਈਆਂ ਨੇ ਬੜੀ ਖੁਸ਼ੀ ਕੀਤੀ। ਮੇਰੀ ਮਾਂ ਨੇ ਪਿੰਡ ਦੇ ਸਾਰੇ ਕੰਮੀਆਂ-ਕਮੀਣਾਂ ਨੂੰ ਰੋਟੀ ਵਰਜੀ। ਮੇਰੇ ਪਿਤਾ ਦੀ ਮੌਤ ਮਗਰੋਂ ਮੇਰੀ ਮਾਂ ਨਿੱਤਨੇਮਣ ਬਣ ਗਈ ਸੀ। ਗੁਰਦੁਆਰੇ ਤਾਂ ਗੁਰਪੁਰਬ-ਸੰਗ੍ਰਾਂਦ ਨੂੰ ਹੀ ਜਾਂਦੀ ਸੀ, ਪਰ ਭਾਈ ਜੀ ਨੂੰ ਕਿਹਾ ਹੋਇਆ ਸੀ ਕਿ ਜੇ ਕੋਈ ਰਾਹੀ-ਯਾਤਰੀ ਆਵੇ ਤਾਂ ਰੋਟੀ ਸਾਡੇ ਘਰੋਂ ਜਾਵੇ।

"ਮੇਰੇ ਵਿਆਹ ਦੀ ਸਾਹੇ ਚਿੱਠੀ ਪਹੁੰਚ ਗਈ ਸੀ। ਘਰ ਵਿਚ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮੀਂਹ ਵਰ੍ਹ ਹਟੇ ਸਨ ਅਤੇ ਹਾਲੀਂ ਖੇਤਾਂ ਵਿਚ ਕੋਈ ਬਹੁਤਾ ਕੰਮ ਨਹੀਂ ਸੀ। ਸੱਥ ਵਿਚ ਮੁੰਡੇ ਬਾਰਾਂ-ਟਾਹਣੀ, ਸੂਆ-ਬਾਈ, ਆਦਿ ਖੇਡਾਂ ਖੇਡ ਰਹੇ ਸਨ। ਧੰਨੇ ਸ਼ਾਹ ਦੀ ਹੱਟੀ ਦੇ ਬਾਹਰ ਤਖਤਪੋਸ਼ 'ਤੇ ਦੋ ਬੁੱਢੇ ਸ਼ਤਰੰਜ ਖੇਡ ਰਹੇ ਸਨ ਤੇ ਉਨ੍ਹਾਂ ਦੇ ਸਲਾਹਕਾਰ ਕੁਝ ਤਖਤਪੋਸ਼ 'ਤੇ ਬੈਠੇ ਤੇ ਕੁਝ ਦੁਆਲੇ ਖੜੇ ਸਲਾਹਾਂ ਦੇ ਰਹੇ ਸਨ। ਪਰ੍ਹੇ ਭੁੰਜੇ ਦੋ ਬੁੱਢੇ ਤੱਪੜ ਵਿਛਾਈ ਚੌਪੜ ਖੇਡ ਰਹੇ ਸਨ। ਉਨ੍ਹਾਂ ਨੂੰ ਹੋਰ ਦੋ ਖੇਡਣ ਵਾਲੇ ਨਹੀਂ ਸਨ ਜੁੜੇ। ਅਸੀਂ ਮੁੰਡੇ-ਖੁੰਡੇ ਤਾਸ਼ ਖੇਡਦੇ ਸਾਂ। ਵਿਚ ਇਕ ਅੱਧਖੜ ਵੀ ਖੇਡ ਰਿਹਾ ਸੀ, ਜੋ ਮੇਰਾ ਹਾਣੀ ਨਹੀਂ ਸੀ। ਉਸ ਨੇ ਆਪਣੇ ਹਾਣੀ ਨੂੰ 'ਸ਼ਾਰਾ ਦਿੱਤਾ, ਜੋ ਮੈਂ ਦੇਖ ਲਿਆ। ਉਸ ਦੇ ਹਾਣੀ ਨੇ 'ਸ਼ਾਰਾ ਨਹੀਂ ਸੀ ਸਮਝਿਆ। ਫੇਰ ਉਹ ਧਰਤੀ ਥਾਪੜਨ ਲੱਗ ਪਿਆ। ਮੈਂ ਕਿਹਾ, 'ਚਾਚਾ, ਸਿੱਧੀ ਤਰ੍ਹਾਂ ਖੇਡ, 'ਸ਼ਾਰਾ ਨਾ ਦੇ।'

"ਉਹ ਕਹਿਣ ਲੱਗਾ, 'ਮੈਂ ਕਿਹੜਾ 'ਸ਼ਾਰਾ ਦਿੱਤਾ ? ਖੇਡਣਾ ਆਪ ਨੂੰ ਨਹੀਂ ਆਉਂਦਾ। 'ਸ਼ਾਰਾ ਦਿੱਤਾ, 'ਸ਼ਾਰਾ ਦਿੱਤਾ।'

"ਮੈਂ 'ਸ਼ਾਰਿਆਂ ਨਾਲ ਨਹੀਓਂ ਖੇਡਣ ਦੇਣਾ, ਚਾਚਾ। ਹਾਂ, ਮੈਂ ਤੈਨੂੰ ਕਹਿ ਦਿਤਾ ਈ', ਮੈਂ ਗੁੱਸੇ ਨਾਲ ਕਿਹਾ।

"ਸ਼ੇਰੂ ਦੀ ਭਾਵੇਂ ਅੱਧੀ ਦਾੜ੍ਹੀ ਚਿੱਟੀ ਹੋ ਗਈ ਸੀ, ਪਰ ਸਰੀਰ ਉਸ ਦਾ ਹਾਲੀ ਵੀ ਤਗਿਆ ਹੋਇਆ ਸੀ। ਪਿੰਡ ਵਿਚ ਹਾਲੀ ਵੀ ਉਸ ਦਾ ਜਵ੍ਹਾ ਸੀ। ਉਹ ਕੱਲੂ ਦੇ ਮੁੰਡੇ ਦੀ ਲਲਕਾਰ ਤੋਂ ਤੈਸ਼ ਵਿਚ ਆ ਗਿਆ। ਉਸ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਹੰਕਾਰੇ ਹੋਏ ਹਾਸੇ ਨਾਲ ਉਸ ਨੇ ਕਿਹਾ, 'ਕੱਲੂ ਜੰਮੀ ਗਿੱਦੜੀ ਤੇ ਅੱਜ ਹੋਇਆ ਵਿਆਹ ! ਇਹਨੇ ਸ਼ੇਰੂ ਨੂੰ ਖੇਡਣ ਨਹੀਂ ਦੇਣਾ। ਦੋ ਕੁਸ਼ਤੀਆਂ ਕਾਹਦੀਆਂ ਢਾਹ ਗਿਆ, ਰੁਸਤਮ ਬਣ ਗਿਆ। ਇਹਦਾ ਬਾਪੂ ਵੀ ਏਦਾਂ ਆਕੜਦਾ ਸੀ। ਯਾਰਾਂ ਨੇ ਬੰਨੇ ਲਾ ਦਿੱਤਾ। ਇਹਦੇ ਵੱਡੇ ਭਰਾ ਤੇ ਅੱਖ ਨਹੀਂ ਚੁੱਕਦੇ। ਇਹ ਆ ਗਿਆ ਵੱਡਾ ਸਾਨ੍ਹ !

"ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਮੇਰਾ ਸਰੀਰ ਬਲਣ ਲੱਗਾ। ਲਾਂਬੂ ਕਿਤੋਂ ਅੰਦਰੋਂ ਉਠ ਰਹੇ ਸਨ। ਮੈਂ ਅੰਦਰੇ ਅੰਦਰ ਪੀ ਗਿਆ। ਮੈਥੋਂ ਕੁਝ ਬੋਲਿਆ ਈ ਨਾ ਗਿਆ। ਅਸੀਂ ਜਿੱਤੇ ਹੋਏ ਸਾਂ। ਉਹ ਪੀਂਹਦੇ ਸਨ। ਮੇਰਾ ਹਾਣੀ ਕਹਿਣ ਲੱਗਾ, 'ਰਾਮਿਆ, ਬੜਾ ਖੇਡ ਲਿਆ। ਹੁਣ ਹੋਰ ਨਹੀਂ ਖੇਡਣਾ।' ਸ਼ੇਰੂ ਦਾ ਹਾਣੀ ਉਮਰ ਵਿਚ ਸਾਡਾ ਹਾਣੀ ਸੀ। ਉਸ ਨੇ ਵੀ ਪੱਤੇ ਸੁੱਟ ਦਿੱਤੇ। ਮੇਰੇ ਹਾਣੀ ਨੇ ਤਾਸ਼ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਥੱਕਿਆਂ ਟੁੱਟਿਆਂ ਵਾਂਗ ਉੱਠ ਬੈਠਾ। ਐਉਂ ਲੱਗੇ ਜਿਵੇਂ ਲੱਤਾਂ ਘਸੀਟਦਾ ਤੁਰੀ ਜਾ ਰਿਹਾ ਹਾਂ। ਘਰ ਪਹੁੰਚਾ। ਡਿਉੜੀ ਲੰਘਿਆ। ਮਾਂ ਚਰਖਾ ਕੱਤਦੀ ਸੀ। ਓਥੋਂ ਈ ਛੋਟੀ ਭਾਬੀ ਨੂੰ 'ਵਾਜ ਦਿੱਤੀ। ਤੇਰਾ ਵੀਰ ਆਇਆ ਈ। ਛੰਨੇ ਵਿਚ ਦੁੱਧ ਪਾ ਦੇ, ਛੱਕਰ ਚੰਗੀ ਤਰ੍ਹਾਂ ਘੋਲ ਦਈਂ, ਮਲਾਈ ਵੀ ਪਾ ਦਈਂ ਸੱਬਰਕੱਤੀ।'

"ਨਾ ਪਾਈਂ ਦੁੱਧ, ਭਾਬੀ। ਮੈਂ ਨਹੀਓਂ ਪੀਣਾ।"

"ਮਾਂ ਦਾ ਤੰਦ ਓਥੇ ਦਾ ਓਥੇ ਰਹਿ ਗਿਆ।

"ਦੁੱਧ ਕਿਉਂ ਨਹੀਂ ਪੀਣਾ, ਮਾਂ ਸਦਕੇ ? ਤੇਰੇ ਦੁੱਧ ਦਾ ਵੇਲਾ ਏ।"

"ਮੇਰਾ ਦਾਣਾ ਪਾਣੀ ਮੁੱਕ ਗਿਆ, ਮਾਂ।"

"ਵੇ ਕੀ ਨਹਿਸ਼ ਗੱਲਾਂ ਕਰਦਾਂ। ਕਾਹਤੋਂ ਤੇਰਾ ਦਾਣਾ ਪਾਣੀ ਮੁੱਕ ਗਿਆ ?"

"ਮਾਂ ਤੂੰ ਸਾਰੀ ਉਮਰ ਮੈਨੂੰ ਧੋਖੇ ਵਿਚ ਰੱਖਿਆ।"

"ਨਾ ਵੇ ਪੁੱਤਰਾ, ਮੈਂ ਤੈਨੂੰ ਕਿਉਂ ਧੋਖੇ ਵਿਚ ਰੱਖਣਾ ਸੀ।"

"ਮੇਰਾ ਹੋਰ ਬੈਠਣ ਨੂੰ ਜੀਅ ਨਾ ਕੀਤਾ। ਮੈਨੂੰ ਮਲੂਮ ਹੋਇਆ, ਮਾਂ ਬੋਲਦੀ ਤੇ ਹੈ ਪਰ ਫੇਰ ਵੀ ਉਸ ਦਾ ਮੂੰਹ ਸੀਤਾ ਹੋਇਆ ਐ। ਮੈਂ ਮਰੱਬੀਂ ਚਲਾ ਗਿਆ। ਵੱਡਾ ਭਰਾ ਆਲ੍ਹੀ 'ਤੇ ਸੀ। ਮੇਰੇ ਵੱਲ ਦੇਖ ਕੇ ਕਹਿਣ ਲੱਗਾ, 'ਕੀ ਗੱਲ ਐ ? ਨਿੰਮੋਝਾਣਾ ਜਿਹਾ ਕਿਉਂ ਐਂ ? ਕਿਸੇ ਨੇ ਕੁਝ ਕਿਹਾ ਤੈਨੂੰ ?"

"ਨਹੀਂ, ਮੈਨੂੰ ਕਿਸੇ ਕੀ ਕਹਿਣਾ ਸੀ ? ਊਂ ਈ। ਪਰ ਭਾ, ਤੈਨੂੰ ਪਤਾ ਸਾਡਾ ਬਾਪੂ ਕਿਵੇਂ ਮਰਿਆ ਸੀ ?"

"ਭਾ ਦੇ ਮੂੰਹ ਤੋਂ ਮੈਨੂੰ ਜਾਪਿਆ ਜਿਵੇਂ ਚੋਰ ਫੜਿਆ ਗਿਆ ਹੋਵੇ। ਪਰ ਉਹ ਕਹਿਣ ਲੱਗਾ, "ਮੈਂ ਬਾਪੂ ਬਮਾਰ ਪਿਆ ਦੇਖਿਆ ਸੀ, ਮਰਦਾ ਵੀ ਦੇਖਿਆ ਸੀ। ਮਾਂ ਨੇ ਆਪ ਲਾਂਬੂ ਲਾਇਆ ਸੀ। ਮੈਨੂੰ ਨਹੀਂ ਸੀ ਲਾਉਣ ਦਿੱਤਾ।"

"ਭਾ ਥਿੜਕਿਆ ਹੋਇਆ ਸੀ ਤੇ ਡਰਿਆ ਹੋਇਆ ਜ਼ਾਪਦਾ ਸੀ। ਏਨੇ ਨੂੰ ਛੋਟਾ ਭਾ ਨਾਮਾ ਆ ਗਿਆ। ਕਹਿਣ ਲੱਗਾ, 'ਵਿਆਹ ਸਿਰ 'ਤੇ ਆਇਆ। ਭਾ ਜੀ, ਤੁਸੀਂ ਏਥੇ ਕੀ ਕਰਦੇ ਓ ? ਰਾਮਿਆ, ਤੈਨੂੰ ਮਾਂ ਨੇ ਬੁਲਾਇਆ। ਸ਼ਹਿਰ ਜਾ ਕੇ ਕਪੜੇ-ਲੱਤੇ ਖਰੀਦਣੇ ਨੇ ਤੇ ਗਹਿਣੇ ਵੀ ਘੜਵਾਉਣੇ ਨੇ। 'ਕੱਠੇ ਬੈਠ ਕੇ ਸਲਾਹ ਕਰਨੀ ਐਂ।'

"ਮੈਨੂੰ ਜਾਪਿਆ ਜਿਵੇਂ ਵੱਡੇ ਭਾ ਦੇ ਸਾਹ ਵਿਚ ਸਾਹ ਆਇਆ। ਭਾ ਨੇ ਕਾਮੇ ਨੂੰ 'ਵਾਜ ਮਾਰ ਕੇ ਕਿਹਾ ਕਿ ਕੰਮ ਮੁਕਾ ਕੇ ਤੇ ਆਲ੍ਹੀ ਨੂੰ ਜਿੰਦਾ ਲਾ ਕੇ ਕੁੰਜੀ ਘਰ ਦੇ, ਅੱਗੇ ਵੱਡਾ ਭਰਾ ਕਰਤਾਰਾ, ਵਿਚਕਾਰ ਮੈਂ ਤੇ ਮਗਰ ਛੋਟਾ ਭਰਾ ਨ੍ਹਾਮਾ, ਅਸੀਂ ਤਿੰਨੇ ਘਰ ਪਹੁੰਚ ਗਏ। ਮੈਂ ਮਾਂ ਦੀਆਂ ਨਜ਼ਰਾਂ ਨੂੰ ਅਣਦੇਖੀਆਂ ਕਰ ਕੇ ਗਹੁ ਨਾਲ ਦੇਖ ਰਿਹਾ ਸਾਂ। ਉਨ੍ਹਾਂ ਨੇ ਜਿਵੇਂ ਭਾ ਦੀਆਂ ਅੱਖਾਂ ਤੋਂ ਪੁੱਛਿਆ, 'ਕਿਤੇ ਦੱਸ ਤੇ ਨਹੀਂ ਦਿੱਤਾ ?" ਭਾ ਦੀਆਂ ਅੱਖਾਂ ਮੈਂ ਦੇਖ ਨਾ ਸਕਿਆ, ਪਰ ਮਾਂ ਦੀਆਂ ਅੱਖਾਂ ਵਿਚ ਤਸੱਲੀ ਆਉਂਦੀ ਮੈਂ ਦੇਖ ਲਈ। ਪਰ ਫੇਰ ਵੀ ਮਾਂ ਦੀਆਂ ਅੱਖਾਂ ਵਿਚ ਇਕ ਹਰਾਸ ਸੀ।

"ਤਾਂ ਜੁ ਮਾਂ ਨੂੰ ਤੌਖਲਾ ਨਾ ਹੋਵੇ, ਮੈਂ ਰੋਟੀ ਵੇਲੇ ਰੋਟੀ ਖਾਣ ਦੀ ਕੋਸ਼ਿਸ਼ ਕੀਤੀ। ਪਰ ਘਰ ਦੇ ਘਿਓ ਨਾਲ ਗੜੁੱਚ ਤਿਲ੍ਹਕਵੀਂ ਬੁਰਕੀ ਸੰਘ ਵਿਚ ਅੜ ਅੜ ਜਾਵੇ। ਬੜਾ ਜਤਨ ਕਰ ਕੇ ਅੱਧ ਪਚੱਧੀ ਰੋਟੀ ਉੱਗਲ-ਨਿਗਲ ਕੇ ਖਾਧੀ। ਭਰਜਾਈਆਂ ਨੇ ਰੋਟੀ ਸੁਆਦੀ ਬਣਾਉਣ ਵਿਚ ਸਾਰਾ ਜ਼ੋਰ ਲਾਇਆ ਸੀ, ਪਰ ਮੇਰੇ ਲਈ ਸੁਆਦ ਵੀ ਬੇਸੁਆਦ ਹੋਇਆ ਹੋਇਆ ਸੀ। ਮੇਰੀ ਮਾਂ ਨੂੰ ਫ਼ਿਕਰ ਲੱਗਾ ਹੋਇਆ ਸੀ ਤੇ ਮੈਨੂੰ ਪਤਾ ਲੱਗ ਗਿਆ ਸੀ ਕਿ ਅਸਲ ਗੱਲ ਦਾ ਪਤਾ ਮੈਨੂੰ ਘਰੋਂ ਨਹੀਂ ਲੱਗਣਾ। ਮੈਂ ਸੋਚਿਆ, 'ਕੀ ਪਤਾ ਸ਼ੇਰੂ ਨੇ ਬੜ ਹੀ ਹੱਕੀ ਹੋਵੇ। ਪਰ ਫੇਰ ਮੇਰੇ ਘਰ ਦੇ ਕਿਉ ਹਰਾਸੇ ਹੋਏ ਨੇ ? ਮੈਂ ਵੀਹਾਂ ਵਰ੍ਹਿਆਂ ਦਾ ਹੋਣ ਲੱਗਾਂ ਜੇ ਇਹ ਗੱਲ ਸੱਚ ਸੀ ਤਾਂ

ਮੈਂ ਹੋਰ ਕਿਸੇ ਤੋਂ ਕਿਉਂ ਨਾ ਪਤਾ ਲੱਗਾ ? ਲੋਹੜਾ ਪੈ ਗਿਆ, ਐਡਾ ਹੀ ਸ਼ੇਰੂ ਕਿਆਂ ਦਾ ਦਾਬਾ ਐ ! ਫੇਰ ਸਾਰੇ ਪਿੰਡ ਤੇ !' ਮਿਹਰੂ ਬੁੱਢਾ ਹੋ ਗਿਆ ਸੀ, ਕਿਹਰੂ ਨੇ ਵੀ ਬੁਢੇਪੇ ਵਿਚ ਪੈਰ ਰੱਖ ਲਿਆ ਸੀ। ਪਰ ਮੈਨੂੰ ਇਹ ਵੀ ਚੇਤਾ ਆਇਆ ਕਿ ਪਿੰਡ ਦੇ ਸਰਦਾਰ, ਪਿਨਸ਼ਨੀਏ, ਲੰਬਰਦਾਰ ਕੋਈ ਉਨ੍ਹਾਂ ਦਾ ਪਰਛਾਵਾਂ ਨਹੀਂ ਸਨ ਉਲੰਘਦੇ। ਸ਼ੇਰੂ ਦਾ ਲਲਕਾਰਾ ਅਜੇ ਕੈਮ ਸੀ। ਕਈ ਵਾਰੀ ਕਬੱਡੀ ਵਿਚ ਹਾਲੀ ਵੀ ਉਹ ਜੁਆਨਾਂ ਨੂੰ ਹੱਥ ਦਿਖਾ ਜਾਂਦਾ ਸੀ। ਤਿੰਨਾਂ ਭਰਾਵਾਂ ਦਾ ਪੱਕਾ ਜੁੱਟ ਸੀ। ਇਕ ਮੁਰੱਬੇ 'ਤੇ ਸਾਂਝੀ ਖੇਤੀ ਕਰਦੇ ਸਨ। ਠੇਕੇ 'ਤੇ ਵੀ ਇਕ ਅੱਧ ਮੁਰੱਬਾ ਵਾਹ ਲੈਂਦੇ ਸਨ। ਸੁਣਨ ਵਿਚ ਅਉਂਦਾ ਸੀ ਕਿ ਪੱਠਾ-ਦੱਥਾ ਵੀ ਲੋਕਾਂ ਦਾ ਵੱਢ ਲੈਂਦੇ ਨੇ, ਪਰ ਚੋਰੀਂ। ਮਾਲ-ਢਾਂਡੇ ਦੀ ਚੋਰੀ ਵਿਚ ਵੀ ਕਦੇ ਕਦੇ ਉਨ੍ਹਾਂ ਦਾ ਨਾਂ ਵੱਜਦਾ ਸੀ, ਪਰ ਫੜੇ ਉਹ ਕਦੇ ਨਹੀਂ ਸੀ ਜਾਂਦੇ। ਇਹ ਗੱਲਾਂ ਮੇਰੀਆਂ ਸੁੱਤੀਆਂ ਸੁੱਤੀਆਂ ਅੱਖਾਂ ਅੱਗੇ ਉਘੜ ਰਹੀਆਂ ਸਨ। ਉਹ ਰਾਤ ਮੈਂ ਉਸਲਵੱਟੇ ਲੈਂਦਿਆਂ ਕੱਢੀ। ਜੇ ਕਿਤੇ ਕੋਈ ਪਲ ਅੱਖ ਲਗਦੀ ਤਾਂ ਡਰਾਉਣੇ ਸੁਫਨੇ ਆਉਂਦੇ।

"ਦੂਜੇ ਦਿਨ ਜਿਸ ਕੋਲੋਂ ਸਰਸਰੀ ਜਹੀ ਗੱਲ ਕਰ ਕੇ ਆਪਣੇ ਬਾਪੂ ਦੀ ਮੌਤ ਬਾਰੇ ਪੁੱਛਦਾ, ਉਹ ਕਿਵੇਂ ਨਾ ਕਿਵੇਂ ਸੱਚ-ਝੂਠ ਬੋਲ ਕੇ ਮੈਨੂੰ ਟਾਲ ਦਿੰਦਾ ਤੇ ਪੱਲੇ ਕੁਝ ਨ ਬੰਨ੍ਹਾਉਂਦਾ। ਮੇਰਾ ਸ਼ੇਰੂ ਦੀ ਗੱਲ ਸੱਚ ਹੋਣ 'ਤੇ ਯਕੀਨ ਬੱਝਦਾ ਜਾਂਦਾ ਸੀ। ਅਖੀਰ ਮੈਨੂੰ ਇਕ ਤਰਕੀਬ ਸੁੱਝੀ। ਸਾਡਾ ਸਭ ਤੋਂ ਪੁਰਾਣਾ ਕਾਮਾ ਛਿੱਬੂ ਸੀ। ਉਸ ਦੇ ਪੁੱਤਰ ਹੁਣ ਸਾਡਾ ਕੰਮ ਨਹੀਂ ਸੀ ਕਰਦੇ। ਛਿਬੂ ਨੇ ਹੁਣ ਕੰਮ ਕਰਨਾ ਛੱਡ ਦਿੱਤਾ ਹੋਇਆ ਸੀ। ਮੰਜੀ 'ਤੇ ਬੈਠਾ ਹੁੱਕਾ ਗੁੜ੍ਹਕਾਉਂਦਾ ਰਹਿੰਦਾ ਸੀ। ਸਾਡੀ ਮਾਂ ਰੱਬ-ਤਰਸੀ ਉਸ ਨੂੰ ਵਰ੍ਹੇ-ਛਿਮਾਹੀਂ ਮਣ-ਸਵਾ ਮਣ ਦਾਣੇ ਦੇ ਛੱਡਿਆ ਕਰਦੀ ਸੀ। ਸਾਡੇ ਬਾਬੇ ਦੇ ਵੇਲੇ ਉਹ ਭਰ ਜਵਾਨ ਸੀ ਤੇ ਬਾਪੂ ਨਾਲ ਵੀ ਕਾਮਾ ਰਹਿੰਦਾ ਸੀ। ਉਸ ਕੋਲੋਂ ਕੁਝ ਨਾ ਕੁਝ ਗੱਲ ਨਿਕਲ ਆਉਣ ਦੀ ਮੈਨੂੰ ਆਸ ਸੀ। ਜਦੋਂ ਉਸਦਾ ਵੱਡਾ ਮੁੰਡਾ ਸਾਡੇ ਨਾਲ ਕੰਮ ਕਰਦਾ ਸੀ ਤਾਂ ਛਿਬੂ ਸਾਡੇ ਖੇਤਾਂ ਵਿਚ ਆਉਂਦਾ ਹੁੰਦਾ ਸੀ। ਮੈਂ ਜਦੋਂ ਉਸ ਨੂੰ ਤਾਇਆ ਕਹਿ ਕੇ ਬੁਲਾਉਂਦਾ ਹੁੰਦਾ ਸੀ ਤਾਂ ਬੜਾ ਖੁਸ਼ ਹੁੰਦਾ ਸੀ। ਉਸ ਦੀਆਂ ਅੱਖਾਂ ਪੰਘਰੀਆਂ ਪੰਘਰੀਆਂ ਜਾਪਦੀਆਂ ਸਨ ਤੇ ਕਦੇ ਕਦੇ ਉਹ ਨਿੰਮ੍ਹਾ ਜਿਹਾ ਹਉਕਾ ਵੀ ਲੈਂਦਾ ਸੀ।

"ਉਸ ਦਿਨ ਰਾਤ ਪੈਣ 'ਤੇ ਮੈਂ ਜੰਡਿਆਲੀਆਂ ਦੇ ਹਾਤੇ ਗਿਆ। ਛਿਬੂ ਤੇ ਉਸ ਦਾ ਪਰਵਾਰ ਉਨ੍ਹਾਂ ਦਾ ਹੀ ਕੰਮ ਕਰਦੇ ਸਨ ਤੇ ਉਨ੍ਹਾਂ ਦੇ ਬਾਹਰਲੇ ਹਾਤੇ ਵਿਚ ਹੀ ਰਹਿੰਦੇ ਸਨ। ਉਨ੍ਹਾਂ ਦੇ ਕੋਠਿਆਂ ਲਾਗੇ ਹਾਤੇ ਦੀ ਕੰਧ ਵਿਚ ਇਕ ਖੱਪਾ ਸੀ। ਭਾਰ ਭੂਰ ਨਾ ਹੋਵੇ ਤਾਂ ਇਧਰੋਂ ਹੀ ਆ ਜਾ ਲੈਂਦੇ ਸਨ। ਮੈਂ ਖੱਪੇ ਵਿਚੋਂ ਅੰਦਰ ਵੜਿਆ। ਛਿਬੂ ਮੰਜੇ 'ਤੇ ਬੈਠਾ ਸੀ। ਮੈਂ ਤਾਇਆ ਕਹਿ ਕੇ ਬੁਲਾਇਆ ਤਾਂ ਉਸ ਨੇ ਪੁੱਛਿਆ, 'ਰਾਮਾ ਐਂ ਸਗੋਂ ?'

"ਤਾਇਆ ਮੈਂ ਰਾਮਾ ਈ ਆਂ', ਕਹਿ ਕੇ ਮੈਂ ਉਸਦੇ ਕੋਲ ਬੈਠ ਗਿਆ।

"ਆ ਕਿਦਾਂ ਆਇਆਂ ?" ਉਹਨੇ ਪੁੱਛਿਆ।

"ਮੈਂ ਥੋੜ੍ਹਾ ਜਿਹਾ ਨਸ਼ਾ ਕਪੜਿਆਂ 'ਤੇ ਡੋਲ੍ਹਿਆ ਹੋਇਆ ਸੀ। ਛਿੱਬੂ ਨੇ ਸਾਹ

ਖਿੱਚ ਕੇ ਲੈਂਦਿਆਂ ਪੁੱਛਿਆ, 'ਤੂੰ ਨਸ਼ਾ ਪੀਤਾ ਹੋਇਆ ਸਗੋਂ ?"

"ਤੇਰਾ ਬਾਪੂ ਤੇ ਨਸ਼ੇ ਦੇ ਲਾਗੇ ਨਹੀਂ ਸੀ ਜਾਂਦਾ, ਨਾ ਹੀ ਤੇਰੇ ਭਰਾ ਨਸ਼ੇ ਦੇ ਲਾਗੇ ਢੁੱਕਦੇ ਨੇ !"

"ਮੈਂ ਵੀ ਕਿਹੜਾ ਢੁਕਦਾਂ। ਮੇਰਾ ਵਿਆਹ ਐ ਨਾ ਲਾਗੇ। ਹਾਣੀ ਮੁੰਡੇ ਮਗਰ ਪੈ ਗਏ। ਕੱਲ੍ਹ ਐਥੋਂ ਲੰਘਦਿਆਂ ਤੈਨੂੰ ਖੰਘਾਰ ਸੁੱਟਦੇ ਨੂੰ ਦੇਖਿਆ। ਮੈਂ ਕਿਹਾ ਸੰਤਰੇ-ਅੰਗੂਰ ਪਾ ਕੇ ਕੱਢੀ ਹੋਈ ਤਾਏ ਨੂੰ ਗੁਣ ਕਰੂ। ਰੇਸ਼ਾ ਖੋਰ ਦੇਊ।'

"ਮੈਨੂੰ ਪਤਾ ਸੀ ਛਿੱਬੂ ਨਸ਼ੇ ਦਾ ਸ਼ੁਕੀਨ ਰਿਹਾ ਸੀ। ਮੈਂ ਕਿਹਾ, "ਲੈ ਫੜ, ਤਾਇਆ, ਇਕ ਹਾੜਾ।"

"ਨਾ ਮੁੰਡਿਆ, ਮੁੰਡੇ ਮੁੜਨ ਵਾਲੇ ਨੇ। ਕੀ ਕਹਿਣਗੇ।"

"ਕੀ ਕਹਿਣਗੇ ? ਕਹਿ ਦਈਂ ਰਾਮੇ ਨੇ ਖੁਸ਼ੀ 'ਚ ਪਿਆਈ ਐ। ਜਕ ਲਗਦਾ ਤਾਂ ਆ ਬਾਗ 'ਚ ਚਲੇ ਚਲਨੇ ਆਂ, ਖਾਲ ਕੰਢੇ।"

"ਨਾ ਬਈ' ਕਹਿਣ ਨੂੰ ਤਾਂ ਛਿੱਬੂ ਕਹਿ ਗਿਆ, ਪਰ ਉਸ ਦੇ ਮੂੰਹ ਵਿਚ ਪਾਣੀ ਆ ਗਿਆ। ਮੈਂ ਉਸ ਨੂੰ ਮੰਜੇ ਤੋਂ ਉਠਾ ਲਿਆ। ਬਾਗ਼ ਲਾਗੇ ਈ ਸੀ। ਗਲਾਸੀ ਨਾਲ ਲੈ ਕੇ ਆਇਆ ਸਾਂ। ਇਕ ਹਾੜਾ ਪਾ ਕੇ ਉਸ ਨੂੰ ਦਿੱਤਾ। ਨਿਰੀ ਅੰਦਰ ਸੁੱਟ ਕੇ ਕਹਿੰਣ ਲੱਗਾ, 'ਬੜੀ ਤੇਜ ਐ। ਦੂਜੇ ਤੋੜ ਦੀ ਐ। ਤੂੰ ਵੀ ਗਲਾਸੀ ਧੋ ਕੇ ਲੈ ਲੈ ਇਕ ਹਾੜਾ।"

"ਨਹੀਂ, ਤਾਇਆ ਮੈਂ ਜਿੰਨੀ ਪੀਣੀ ਸੀ, ਪੀ ਲਈ। ਮਾਂ ਨੂੰ ਪਤਾ ਨਹੀਂ ਲੱਗਣ ਦੇਣਾ। ਆਹ ਲੈ ਅੰਬ ਦੀ ਫਾੜੀ ਤੇ ਗੰਢਾ। ਮੂੰਹ ਸੁਆਦੀ ਕਰ ਲੈ। ਪਾਵਾਂ ਇਕ ਹਾੜਾ ਹੋਰ ?"

"ਨਾ ਬਈ, ਨਾ, ਬੜੀ ਤੇਜ਼ ਐ। ਉਂਙ ਸੌਂਫ ਦਾ ਜੈਕਾ ਦਿੰਦੀ ਐ। ਅੰਗੂਰ ਵੀ ਵਿਚ ਪਏ ਹੋਣਗੇ ਜ਼ਰੂਰ।"

"ਲੈ ਤਾਇਆ ਪਾਣੀ ਪਾ ਦਿੰਨਾਂ। ਤੇ ਮੈਂ ਡਬਲ ਹਾੜਾ ਪਾ ਕੇ ਪਾਣੀ ਪਾ ਦਿੱਤਾ ਥੋੜ੍ਹਾ ਜਿਹਾ ਵਗਦੇ ਖਾਲ ਦਾ। ਤਾਏ ਨੇ ਝੱਟ ਈ ਸੂਤ ਲਿਆ ਤੇ ਅੰਬ ਦੀ ਫਾੜੀ ਚੱਟਣ ਲੱਗਾ। ਛਿੱਬੂ ਲਲਚਾ ਗਿਆ ਸੀ। ਇਹ ਮੈਨੂੰ ਪਤਾ ਲੱਗ ਗਿਆ ਸੀ। ਮੈਂ ਉਸ ਨੂੰ ਇਕ ਹਾੜਾ ਹੋਰ ਦਿੱਤਾ। ਤਾਇਆ ਤੋਤੇ ਵਾਂਗ ਬੋਲਣ ਲੱਗਾ। ਮੈਂ ਬਾਪੂ ਦੀ ਗੱਲ ਤੋਰੀ। ਕਹਿਣ ਲੱਗਾ, 'ਕਿਆ ਬਾਤ ਸੀ ਤੇਰੇ ਬਾਪੂ ਦੀ। ਸੋਹਣਾ ਜੁਆਨ ਸੀ। ਕੋਈ ਐਬ ਨਹੀਂ ਸੀ ਉਹਨੂੰ। ਬੜਾ ਖੜਕੇ ਦੜਕੇ ਵਾਲਾ ਸੀ। ਗਰੀਬ-ਗੁਰਬੇ ਨੂੰ ਦੇ ਕੇ ਰਾਜੀ ਹੁੰਦਾ ਸੀ। ਗੁਰਦੁਆਰੇ ਦੇ ਗ੍ਰੰਥੀ ਦੇ ਰਹਿਣ ਲਈ ਥਾਂ ਉਸੇ ਨੇ ਉਸਾਰੀ ਸੀ।' ਨਸ਼ੇ ਵਿਚ ਆ ਕੇ ਤਾਇਆ ਰੋਣ ਲੱਗ ਪਿਆ, 'ਮਾਰ ਦਿੱਤਾ ਦੁਸ਼ਮਣਾਂ ਨੇ। ਤਿੰਨੇ ਭਰਾ ਪੈ ਗਏ।' ਕੱਲੇ-ਕੱਲੇ ਤੋਂ ਨਹੀਂ ਸੀ ਲਈਦਾ ਉਹ।' ਅਚਾਨਕ ਉਹ ਚੁੱਪ ਹੋ ਗਿਆ ਤੇ ਫੇਰ ਬੋਲਿਆ ਈ ਨਹੀਂ। ਆਖਰ ਮੈਂ ਆਸਰਾ ਦੇ ਕੇ ਖੱਪੇ ਵਿਚੋਂ ਦੀ ਉਸ ਨੂੰ ਉਸ ਦੀ ਮੰਜੀ 'ਤੇ ਬਿਠਾ ਆਇਆ, ਪਰ ਉਹ ਬੇਹੋਸ਼ੀ ਵਿਚ ਲੇਟ ਗਿਆ। ਦੂਜੇ-ਬੰਨਿਓਂ ਕਿਸੇ ਦੇ ਹਾਤੇ ਵਿਚ ਵੜਨ ਦੀ ਬਿੜਕ ਹੋਈ ਤੇ ਮੈਂ ਖੱਪੇ ਵਿਚੋਂ ਬਾਹਰ ਨਿਕਲ ਆਇਆ।

ਅਗਲੇ ਦਿਨ ਮੈਂ ਮਾਂ ਨੂੰ ਕੋਠੜੀ ਵਿਚ ਸੱਦ ਕੇ ਕਿਹਾ, "ਮਾਂ, ਸੱਚ ਦੱਸੀਂ, ਮੇਰੇ ਬਾਪੂ ਨੂੰ ਸ਼ੇਰੂ ਕਿਆਂ ਮਾਰਿਆ ਸੀ ?'

"ਮੇਰੀ ਮਾਂ ਦਾ ਤ੍ਰਹੁ ਨਿਕਲ ਗਿਆ। ਉਸ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਉਸ ਨੇ ਮੈਨੂੰ ਛਾਤੀ ਨਾਲ ਲਾ ਲਿਆ। ਕਹਿਣ ਲੱਗੀ, 'ਵੇ ਪੁੱਤਾ, ਕਦੇ ਕੋਈ ਬਿਨਾਂ ਆਈ ਵੀ ਮਰਿਆ ਐ ? ਉਹਦੀ ਆਈ ਸੀ ਉਹ ਮਰ ਗਿਆ। ਮੈਂ ਮਸੀਂ ਮਸੀਂ ਆਪਣਾ ਬਾਗ ਪਰਵਾਰ ਕੈਮ ਕੀਤਾ ਐ। ਤੁਸੀਂ ਜੀਉਂਦੇ ਰਹੋ ! ਜੁਆਨੀਆਂ ਮਾਣੋ !' ਮੇਰੀ ਮਾਂ ਦੇ ਅੱਥਰੂਆਂ ਦੀ ਧਾਰ ਵਗਣ ਲੱਗੀ।

"ਮੈਂ ਕੜਕ ਕੇ ਕਿਹਾ, ਦੱਸਦੀ ਕਿਉਂ ਨਹੀਂ ? ਮੇਰੇ ਬਾਪੂ ਨੂੰ ਕਿਹਰੂ, ਸ਼ੇਰੂ ਨੇ ਮਾਰਿਆ ਸੀ ?'

"ਵੇ ਕਾਕਾ, ਕਿਸੇ ਨੇ ਅੱਖੀਂ ਥੋੜ੍ਹਾ ਦੇਖਿਆ ਸੀ ਕਿਨ੍ਹੇ ਮਾਰਿਆ। ਖਾਲ ਦੇ ਲਾਗੇ ਬਰਛਿਆਂ ਨਾਲ ਵਿੰਨ੍ਹਿਆਂ ਪਿਆ ਸੀ। ਛਿੱਬੂ ਦੂਰ ਕਿਆਰੇ ਮੋੜਦਾ ਸੀ। ਉਹ ਉਹਦੇ ਮਗਰ ਵੀ ਹੋਏ ਸੀ, ਪਰ ਉਹ ਭੱਜ ਕੇ ਪਿੰਡ ਆ ਵੜਿਆ। ਮੌਕੇ ਦਾ ਗਵਾਹ ਕੋਈ ਨਹੀਂ ਸੀ, ਨਾ ਈ ਡਰਦਾ ਭੁਗਤਿਆ ਕੋਈ।"

"ਤਾਂ ਮੇਰੇ ਬਾਪੂ ਦੀ ਮੌਤ ਕੁੱਤੇ ਗੁਆਉਣੀ ਹੋ ਗਈ ! ਮੇਰੀਆਂ ਅੱਖਾਂ ਵਿਚ ਲਹੂ ਉਤਰ ਆਇਆ ਸੀ। ਮੇਰੀ ਮਾਂ ਨੇ ਮੈਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ।

"ਦੇਖ ਰਾਮਿਆ ! ਹੁਣ ਪੁਰਾਣੇ ਮੁਰਦੇ ਪੁੱਟਣ ਦਾ ਕੀ ਫੈਦਾ ? ਪਿੰਡ ਸੁਖੀ ਵੱਸਦਾ ਏ। ਹੁਣ ਸਾਨੂੰ ਉਹ ਕੁਝ ਕਹਿੰਦੇ ਨਹੀਂ। ਸਾਡਾ ਘਰ ਵੱਸਦਾ ਐ। ਪੁੱਤਰੋ, ਤੁਸੀਂ ਮੇਰੇ ਤਿੰਨ ਸਾਈਂ ਓ। ਵੱਡਿਆਂ ਦੇ ਬੱਚੇ ਨੇ। ਤੇਰਾ ਵਿਆਹ ਹੋਵੇਗਾ, ਤੇਰੇ ਵੀ ਬੱਚਿਆਂ ਦਾ ਮੈਂ ਮੂੰਹ ਦੇਖ ਦੇਖ ਜੀਵਾਂਗੀ। ਉਹ ਭੈੜੇ ਸਨ, ਪਰ ਹੁਣ ਚੰਗੇ ਬਣਦੇ ਜਾਂਦੇ ਨੇ। ਜੋ ਹੋ ਗਿਆ, ਸੋ ਹੋ ਗਿਆ।'

"ਨਹੀਂ ਮਾਂ, ਉਹ ਚੰਗੇ ਨਹੀਂ। ਮੈਨੂੰ ਪਤਾ ਲੱਗ ਗਿਆ, ਉਹ ਚੰਗੇ ਨਹੀਂ। ਉਨ੍ਹਾਂ ਨੂੰ ਆਪਣੇ ਵੈਲੀ ਹੋਣ ਦੀ ਆਕੜ ਐ ਅਜੇ ਵੀ।"

"ਖਸਮਾਂ ਨੂੰ ਖਾਣ ! ਆਕੜ ਐ ਤੇ ਸਾਨੂੰ ਕੀ ? ਜੇ ਕੋਈ ਗੱਲ ਹੋਈ ਐ ਤੇ ਤੂੰ ਦਿਲੋਂ ਕੱਢ ਦੇ।

"ਮਾਂ ਨੂੰ ਠੰਡਿਆਂ ਕਰਨਾ ਜ਼ਰੂਰੀ ਸੀ। ਮੈਂ ਚੁੱਪ ਕਰ ਗਿਆ ਜਿਵੇਂ ਠੰਡਾ ਹੋ ਗਿਆ ਹੋਵਾਂ। ਪਰ ਅੰਦਰ ਅੱਗ ਲੱਗੀ ਹੋਈ ਸੀ, ਬਦਲੇ ਦੀ ਅੱਗ। ਪਾਣੀ ਪਿੱਛੇ ਮੇਰੇ ਬਾਪੂ ਨੂੰ ਮਾਰ ਦਿੱਤਾ ! ਦੁਨੀਆ 'ਤੇ ਕੋਈ ਅਨਸਾਫ਼ ਨਹੀਂ ! ਬੁਰਿਆਂ ਕੋਲੋਂ ਸਾਰੇ ਡਰਦੇ ਨੇ।

"ਹਨੇਰੇ ਹੋਏ ਮੈਂ ਕੰਮੀਆਂ ਦੀ ਪੱਤੀ ਫੱਜੇ ਲੁਹਾਰ ਕੋਲ ਗਿਆ। ਉਹ ਮੇਰਾ ਵੀਣੀ ਫੜਨ ਦਾ ਉਸਤਾਦ ਸੀ। ਘੁਲਣ ਤੇ ਕਬੱਡੀ ਦੇ ਕਈ ਦਾਅ ਮੈਂ ਉਸ ਤੋਂ ਸਿੱਖੇ ਸਨ। ਸਿਆਲ ਵਿਚ ਮੈਂ ਸੇਰ, ਦੋ ਸੇਰ ਘਰ ਦਾ ਘਿਉ ਉਸ ਨੂੰ ਦੇ ਦਿੰਦਾ ਹੁੰਦਾ ਸਾਂ ਤੇ ਸੇਪ ਵੱਖਰੀ।

"ਆ ਬਈ ਰਾਮਿਆਂ ਕਿੱਦਾਂ ਆਇਆਂ ?"

"ਭਾ, ਆਹ ਦਾਤਰ ਤਿੱਖਾ ਕਰਨਾ।"

"ਕਿਉਂ ? ਸੁਖ ਤੇ ਐ ਨਾ ?"

"ਮੈਂ ਹੱਸ ਕੇ ਕਿਹਾ, "ਤੈਨੂੰ ਪਤਾ ਨਹੀਂ ਮੇਰਾ ਵਿਆਹ ਐ, ਛੇਤੀ ਈ ? ਸਾਰੇ ਪਿੰਡ ਦੀ ਰੋਟੀ ਕਰਨੀ ਐ। ਸਾਕ-ਸੰਬੰਧੀ ਵੀ ਆਉਣਗੇ। ਬੱਕਰੇ ਦੋ ਤਿੰਨ ਬਣਾਉਣੇ ਈ ਪੈਣਗੇ। ਤੈਨੂੰ ਪਤਾ ਐ ਨਾ ਜੇ ਦਾਤਰ ਅੜ ਜਾਏ ਤਾਂ ਸਾਡਾ ਬੱਕਰਾ ਹਰਾਮ ਹੋ ਜਾਂਦਾ ਐ।"

"ਲੈ ਬੱਚੂ ਐਉਂ ਕਰ ਦਊਂ ਜੇ ਦੋ 'ਕੱਠੇ ਖਲ੍ਹਾ ਦਏਂ ਤਾਂ ਵੀ ਨਾ ਅੜੇ।"

"ਦਾਤਰ ਮੇਰਾ ਕਮਾਨੀ ਦਾ ਸੀ। ਸਾਣ 'ਤੇ ਲਾ ਕੇ ਫੱਜੇ ਨੇ ਉਪਰੋਂ ਪੱਥਰੀ ਰਗੜ ਦਿੱਤੀ। ਧਾਰ 'ਤੇ ਹੱਥ ਫੇਰ ਕੇ ਮੈਂ ਤਸੱਲੀ ਕਰ ਲਈ। ਦਾਤਰ ਲੁਕਾ ਕੇ ਆਂਦਾ ਤੇ ਲੁਕਾ ਕੇ ਐਸੀ ਥਾਂ ਰੱਖ ਦਿੱਤਾ ਕਿ ਕਿਸੇ ਨੂੰ ਵੀ ਪਤਾ ਨਾ ਲੱਗੇ।

"ਦੂਜੇ ਦਿਨ ਮਿਹਰੂ ਕਿਆਂ ਦੇ ਘਰ ਦਾ ਸਾਰਾ ਅਤਾ-ਪਤਾ ਲਿਆ। ਉਨ੍ਹਾਂ ਦਾ ਘਰ ਲੰਬੂਤਰਾ ਸੀ। ਗਲੀ ਵੱਲ ਦੋ ਕੁ ਗਜ਼ ਉੱਚੀ ਕੰਧ ਸੀ। ਵਿਚਕਾਹੇ ਇਕ ਚੌੜੇ ਫੱਟਾਂ ਵਾਲਾ ਚੌੜਾ ਬੂਹਾ ਸੀ। ਇਕ ਕੋਣੇ ਵਿਚ ਪਾਥੀਆਂ ਦਾ ਗਹੀਰਾ ਬਣਾ ਕੇ ਲਾਇਆ ਹੋਇਆ ਸੀ। ਦੋ ਕੁ ਮਰਲੇ ਥਾਂ ਛੱਡ ਕੇ ਪਿੱਛੇ ਬੈਠਕ ਬਣੀ ਹੋਈ ਸੀ, ਜਿਸਦੇ ਲਾਗੋਂ ਦੀ ਪਸ਼ੂਆਂ ਦੇ ਪਿੱਛੇ ਲੰਘਣ ਲਈ ਰਾਹ ਸੀ। ਪਿੱਛੇ ਖੁੱਲ੍ਹਾ ਵਿਹੜਾ ਸੀ। ਖੱਬੀ ਕੰਧ ਨਾਲ ਖੁਰਲੀਆਂ ਸਨ। ਸੱਜੇ ਬੰਨੇ ਦੋ ਕੋਠੜੀਆਂ ਸਨ। ਸਾਹਮਣੇ ਸਬਾਤ ਪਿੱਛੇ ਦੋ ਕੋਠੜੀਆਂ ਸਨ। ਜਿੱਥੇ ਖੁਰਲੀਆਂ ਮੁਕਦੀਆਂ ਸਨ, ਓਥੇ ਲੰਮੀ ਰਸੋਈ ਸੀ। ਤਿੰਨੇ ਭਰਾ ਇਹਨੀਂ ਦਿਨੀਂ ਬੂਹੇ ਤੇ ਬੈਠਕ ਵਿਚਲੀ ਥਾਂ ਵਿਚ ਸੌਂਦੇ ਸਨ। ਸੂਹੀਆਂ ਵਾਂਗ ਮੈਂ ਸਭ ਕਾਸੇ ਦੀ ਤਸੱਲੀ ਕੀਤੀ।

"ਮੈਂ ਆਪਣੇ ਘਰ ਬਾਹਰਲੇ ਵਿਹੜੇ ਸੌਂਦਾ ਸਾਂ। ਇਹਨੀਂ ਦਿਨੀਂ ਮੈਨੂੰ ਨੀਂਦ ਬਹੁਤ ਘੱਟ ਆਉਂਦੀ ਸੀ। ਤੀਜਾ ਪਹਿਰ ਅਧਾ ਬੀਤ ਗਿਆ ਹੋਵੇਗਾ। ਚਾਦਰਾ ਮੈਂ ਲਾਹ ਕੇ ਮੰਜੇ 'ਤੇ ਰੱਖ ਦਿੱਤਾ। ਬਸ ਅੱਧੀਆਂ ਬਾਹਾਂ ਵਾਲੀ ਕੁੜਤੀ ਤੇ ਕੱਛਾ ਹੀ ਰੱਖਿਆ ਤੇ ਮੂੰਹ ਵਲ੍ਹੇਟ ਕੇ ਮੁੜਾਸਾ ਬੰਨ੍ਹ ਲਿਆ। ਦਾਤਰ ਕੱਢ ਕੇ ਸੰਭਾਲਦਿਆਂ ਮੈਂ ਹੌਲੀ ਜਿਹੀ ਬਾਹਰਲਾ ਬੂਹਾ ਖੋਲ੍ਹਿਆ। ਛੋਪਲੀ ਬਾਹਰੋਂ ਕੁੰਡਾ ਅੜਾ ਦਿੱਤਾ। ਚੰਦਰਮਾ ਡੁੱਬਣ ਵਾਲਾ ਸੀ। ਕੰਧਾਂ ਦੇ ਪਰਛਾਵੇਂ ਲੰਮੇ ਸਨ, ਪਰ ਫੇਰ ਵੀ ਰਹੀ ਖੂਹੀ ਚਾਨਣੀ ਦੇ ਚਾਨਣ ਵਿਚ ਚੀਜ਼ਾਂ ਦਿਸ ਪੈਂਦੀਆਂ ਸਨ। ਕੰਧਾਂ ਦੇ ਨਾਲ ਤੁਰ ਤੁਰ ਕੇ ਮੈਂ ਸ਼ੇਰੂ ਕਿਆਂ ਦੀ ਕੰਧ ਹੇਠ ਪਹੁੰਚ ਗਿਆ। ਦਿਲ ਵਿਚ ਨਿਸਚਾ ਕਰ ਲਿਆ ਕਿ ਮੈਂ ਅੱਜ ਜੀਉਂਦਾ ਨਹੀਂ ਮੁੜਨਾ। ਦਾਤਰ ਨੂੰ ਮੋਟੇ ਰੁਖੋਂ ਵਿਚਕਾਹਿਓਂ ਦੰਦਾਂ ਨਾਲ ਫੜ ਕੇ ਮੈਂ ਉਚੀਆਂ ਬਾਹਾਂ ਕਰ ਕੇ ਸਾਰਾ ਜ਼ੋਰ ਲਾ ਕੇ ਭੁੜਕਿਆ। ਮੇਰੇ ਹੱਥ ਕੰਧ ਨੂੰ ਪੈ ਗਏ। ਮੈਂ ਬਹੁਤ ਔਖਿਆਈ ਨਾਲ 'ਕਠਾ ਹੋਇਆ ਤੇ ਬਾਹਾਂ ਦਾ ਸਾਰਾ ਜ਼ੋਰ ਲਾ ਕੇ ਕੰਧ 'ਤੇ ਜਾ ਬੈਠਾ। ਅੰਦਰ ਕੰਧ ਦੀ ਉਚਿਆਈ ਘੱਟ ਸੀ। ਮੈਂ ਬਿੱਲੀ ਵਾਂਗ ਛਹਿ ਕੇ ਅੰਦਰ ਉਤਰ ਕੇ ਹਨੇਰੇ ਵਿਚ ਹੋ ਗਿਆ। ਤਿੰਨੇ ਮੰਜੀਆਂ ਥੋੜ੍ਹੀ ਥੋੜ੍ਹੀ ਵਿੱਥ 'ਤੇ ਇਕੋਂ ਬੰਨੇ ਡਠੀਆਂ ਹੋਈਆਂ ਸਨ, ਸਰ੍ਹਾਣੇ ਬੈਠਕ ਵਲ ਤੇ ਪੁਆਂਦੀਆਂ ਬਾਹਰਲੀ ਕੰਧ ਵਲ। ਕੰਧ ਦੇ ਨਾਲ ਨਾਲ ਦੱਬੇ ਪੈਰੀਂ ਮੈਂ ਬੈਠਕ ਵੱਲ ਹੋ ਗਿਆ। ਤਿੰਨੇ ਭਰਾ ਗੂੜ੍ਹੀ ਨੀਂਦੇ ਸੁਤੇ

ਹੋਏ ਸਨ। ਪਹਿਲਾ ਵੱਖੀ ਪਰਨੇ ਸੀ। ਮੈਂ ਉਸ ਦੇ ਖੁੱਲ੍ਹੇ ਵਾਲਾਂ ਵਿਚ ਪੋਲੀ ਜਹੀ ਉਂਗਲਾਂ ਪਾ ਕੇ ਤੇ ਕੱਸ ਕੇ ਫੜ ਕੇ ਤੇ ਸਾਰਾ ਜ਼ੋਰ ਸੱਜੀ ਬਾਂਹ ਨਾਲ ਇਕੱਠਾ ਕਰ ਕੇ ਗਰਦਨ 'ਤੇ ਐਸਾ ਵਾਰ ਕੀਤਾ ਕਿ ਸਿਰ ਵੱਖਰਾ ਹੋ ਗਿਆ। ਮੇਰਾ ਖਿਆਲ ਸੀ ਕਿ ਦੂਸਰੇ ਭਰਾ ਜਾਗ ਪੈਣਗੇ। ਪਰ ਕੋਈ ਨਾ ਜਾਗਿਆ ! ਵਿਚਕਾਰਲੇ ਦੇ ਵੀ ਵਾਲ ਖੁੱਲ੍ਹੇ ਸਨ। ਮੈ ਉਸ ਦੇ ਕੇਸ ਖਿੱਚੇ ਨਹੀਂ, ਪਰ ਕੱਸ ਕੇ ਫੜ ਲਏ, ਭਾਈ ਜੇ ਉੱਠੇ ਵੀ ਤਾਂ ਉੱਠਣ ਨਾ ਦਿਆਂ। ਅੱਖ ਦੇ ਫੋਰ ਵਿਚ ਦੂਸਰਾ ਵਾਰ ਕੀਤਾ ਤੇ ਉਸ ਦਾ ਸਿਰ ਮੇਰੇ ਹੱਥ ਵਿਚ ਲਟਕਣ ਲੱਗਾ। ਖੜਾਕ ਨਾਲ ਤੀਜਾ ਭਰਾ ਜਾਗ ਪਿਆ ਤੇ ਉਠ ਕੇ ਮੇਰੇ ਗਲ ਪੈਣ ਲੱਗਾ। ਮੈਂ ਪਿੱਛੇ ਹਟ ਕੇ ਸਾਰੇ ਜ਼ੋਰ ਨਾਲ ਦਾਹ ਵਾਹਿਆ। ਮੈਨੂੰ ਮਲੂਮ ਹੋਇਆ ਕਿ ਦਾਤਰ ਉਸ ਦਾ ਹੱਸ ਕੱਟ ਕੇ ਕਈ ਪਸਲੀਆਂ ਵੀ ਕੱਟ ਗਿਆ। ਦਾਹ ਖਿੱਚਿਆ ਤੇ ਉਹ ਡਿੱਗ ਪਿਆ। 'ਹਾਇ' ਉਸ ਨੇ ਵੀ ਨਾ ਕੀਤਾ। ਮੈਂ ਛਾਲ ਮਾਰ ਕੇ ਗਹੀਰੇ 'ਤੇ ਚੜ੍ਹ ਗਿਆ। ਤੇ ਬਾਹਰ ਛਾਲ ਮਾਰ ਕੇ ਘਰ ਆ ਵੜਿਆ।

"ਮਾਂ ਨੂੰ 'ਵਾਜ ਦਿੱਤੀ। ਮਾਂ ਆਈ ਤੇ ਮੈਂ ਕਿਹਾ, 'ਮੈਂ ਤਿੰਨਾਂ ਦਾ ਕੰਮ ਕਰ ਆਇਆਂ।' ਮਾਂ ਕੁਝ ਬੋਲੀ ਨਹੀਂ। ਲਾਲਟੈਣ ਜਗਾਈ। ਭਰਾ ਭਰਜਾਈਆਂ ਜਾਗ ਪਏ। ਭਰਜਾਈਆਂ ਨੇ ਮੇਰੇ ਕਪੜੇ ਸਾੜ ਦਿੱਤੇ। ਭਰਾਵਾਂ ਨੇ ਦਾਤਰ ਸੰਭਾਲਿਆ। ਮੈਂ ਨਹਾਤਾ। ਮਲੂਮ ਹੋਇਆ, ਕਦੋਂ ਦਾ ਚੜ੍ਹਿਆ ਬੁਖਾਰ ਉੱਤਰ ਗਿਆ ਹੈ। ਮੈਂ ਸੌਂ ਗਿਆ। ਕੋਈ ਰੌਲਾ ਗੌਲਾ ਨਹੀਂ ਪਿਆ। ਸਵੇਰ ਸਾਰ ਵੈਣਾਂ ਦੀ ਆਵਾਜ਼ ਨੇ ਮੈਨੂੰ ਜਗਾ ਦਿੱਤਾ। ਪਿੰਡ ਵਿਚ ਰੌਲਾ ਪੈ ਗਿਆ, 'ਸ਼ੇਰੂ ਕੇ ਤਿੰਨ ਭਰਾ ਕਤਲ ਹੋ ਗਏ।' ਠਾਣਾ ਆ ਗਿਆ। ਠਾਣੇਦਾਰ ਨੇ ਪਿੰਡ ਦੇ ਕਈ ਬੰਦੇ ਫੜ ਬਹਾਏ। ਸ਼ੱਕੀਆਂ ਨੂੰ ਗਾਲ੍ਹਾਂ ਦਿਤੀਆਂ ਜਾਣ ਲੱਗੀਆਂ ਤੇ ਕੁੱਟ-ਮਾਰ ਹੋਣ ਲੱਗੀ। ਕਈ ਭਲੇਮਾਣਸ ਵੀ ਠਾਣੇਦਾਰ ਨੇ ਭੁੰਜੇ ਬਿਠਾਏ ਹੋਏ ਸਨ। ਮੈਨੂੰ ਇਹ ਕੁਝ ਚੰਗਾ ਨਾ ਲੱਗਾ। ਮੈਂ ਚਾਦਰਾ ਬੰਨ੍ਹਿਆ, ਕਪੜੇ ਪਾਏ, ਪੱਗ ਬੰਨ੍ਹੀ, ਜੁੱਤੀ ਅੜਾਈ ਤੇ ਠਾਣੇਦਾਰ ਦੇ ਪੇਸ਼ ਹੋ ਗਿਆ। ਮੈਂ ਉੱਚੀ ਦਿੱਤੀ ਕਿਹਾ, 'ਠਾਣੇਦਾਰ ਜੀ, ਸਾਰਿਆਂ ਨੂੰ ਛੱਡ ਦਿਓ। ਕਤਲ ਮੈਂ ਕੀਤੇ ਨੇ।"

"ਹੱਕੇ ਬੱਕੇ ਹੋਏ ਠਾਣੇਦਾਰ ਨੇ ਪੁੱਛਿਆ, "ਕੱਲੇ ਨੇ ?

"ਹਾਂ, ਕੱਲੇ ਨੇ।"

"ਏਨ੍ਹਾਂ ਮੇਰੇ ਬਾਪੂ ਨੂੰ ਕਤਲ ਕੀਤਾ ਸੀ।"

"ਕਦੋਂ ?"

"ਵੀਹ ਵਰ੍ਹੇ ਹੋਏ ! ਓਦੋਂ ਮੈਂ ਨਹੀਂ ਸੀ ਜੰਮਿਆ।"

"ਇਨ੍ਹਾਂ ਨੂੰ ਸਜ਼ਾ ਨਹੀਂ ਸੀ ਹੋਈ ?"

"ਨਹੀਂ, ਸਾਰੇ ਇਨ੍ਹਾਂ ਤੋਂ ਡਰਦੇ ਸਨ। ਕਿਸੇ ਗਵਾਹੀ ਨਹੀਂ ਸੀ ਦਿੱਤੀ।'

"ਤੂੰ ਪਿਓ ਦੇ ਮਰਨ ਪਿਛੋਂ ਕਿੰਨਾ ਚਿਰ ਮਗਰੋਂ ਜੰਮਿਆ ਸੀ ?"

"ਪੰਜ ਮਹੀਨੇ ਮਗਰੋਂ।"

"ਬੱਲੇ ! ਠਾਣੇਦਾਰ ਦੇ ਮੂੰਹੋਂ ਨਿਕਲ ਗਿਆ।

"ਉਸ ਨੇ ਸਾਰੇ ਸ਼ੱਕ ਵਿਚ ਫੜੇ ਛੱਡ ਦਿੱਤੇ। ਮੈਨੂੰ ਮੰਜੇ 'ਤੇ ਬਹਿਣ ਨੂੰ ਕਿਹਾ।

ਸਾਰੇ ਬਾਹਰੇ ਵਿਚ ਧੁੰਮ ਮਚ ਗਈ। ਜਦ ਤਫ਼ਤੀਸ਼ ਲਈ ਠਾਣੇਦਾਰ ਘਰ ਗਿਆ ਤਾਂ ਮੇਰੀ ਮਾਂ ਨੇ ਇਕ ਛੋਟੀ ਜਹੀ ਗੰਢੜੀ ਠਾਣੇਦਾਰ ਨੂੰ ਦਿੱਤੀ ਤੇ ਕਿਹਾ, 'ਵੀਰ ! ਮੇਰੇ ਸੂਰਮੇ ਪੁੱਤ ਨੂੰ ਕੁਝ ਨਾ ਹੋਵੇ।"

"ਭੈਣ, ਤੂੰ ਮੈਨੂੰ ਭਰਾ ਕਿਹਾ ਐ। ਮੈਂ ਆਪਣੀ ਵਲੋਂ ਸਾਰੀ ਵਾਹ ਲਾਵਾਂਗਾ। ਪਰ ਤੂੰ ਮੂੰਹ ਨਹੀਂ ਖੋਲ੍ਹਣਾ।"

"ਮੈਨੂੰ ਹੱਥ-ਕੜੀ ਬੇੜੀ ਲੱਗ ਗਈ। ਮੈਂ ਸੱਚਾ ਸੱਚਾ ਬਿਆਨ ਦਿੱਤਾ। ਪਤਾ ਨਹੀਂ ਠਾਣੇਦਾਰ ਨੇ ਕੀ ਲਿਖਿਆ।

"ਮੇਰਾ ਸਹੁਰਾ ਮੇਰੀ ਮਾਂ ਕੋਲ ਆਇਆ। ਦੋ ਹਜ਼ਾਰ ਰੁਪਏ ਦੇ ਗਿਆ ਤੇ ਕਹਿ ਗਿਆ, 'ਬੀਬੀ ਫਿਕਰ ਨਾ ਕਰੀਂ। ਅਸੀਂ ਸਾਰੀ ਵਾਹ ਲਾ ਦੇਵਾਂਗੇ। ਮੇਰੀ ਧੀ ਦਾ ਤੇਰੇ ਪੁੱਤਰ ਨਾਲ ਈ ਵਿਆਹ ਹੋਵੇਗਾ, ਨਹੀਂ ਤੇ ਉਹ ਸਾਰੀ ਉਮਰ ਕੁਆਰੀ ਰਹੇਗੀ।' ਮੇਰੀ ਮਾਂ ਨੇ ਸਰਗੋਧੇ ਦਾ ਸਭ ਤੋਂ ਤਗੜਾ ਫੌਜਦਾਰੀ ਵਕੀਲ ਕੀਤਾ। 3000 ਰੁਪਈਆ ਨਗਦ ਦਿੱਤਾ ਤੇ 2000 ਦੇਣ ਦਾ ਇਕਰਾਰ ਕੀਤਾ। ਉਹ ਡਟ ਕੇ ਲੜਿਆ, ਪਰ ਪਤਾ ਨਹੀਂ ਮੁਕੱਦਮੇ ਵਿਚ ਕੀ ਨੁਕਸ ਪੈ ਗਿਆ, ਮੈਨੂੰ ਫਿਰ ਵੀ ਸੱਤਾਂ ਸਾਲਾਂ ਦੀ ਸਜ਼ਾ ਹੋ ਗਈ। ਮੈਂ ਮਾਂ ਤੇ ਭਰਾਵਾਂ ਨੂੰ ਕਿਹਾ, ਹੁਣ ਮੈਂ ਬਚ ਗਿਆ ਹਾਂ, ਤੁਸੀਂ ਅਪੀਲ ਨਾ ਕਰਨੀ। ਮੈਂ ਸੱਤ ਸਾਲ ਕੱਟ ਆਵਾਂਗਾ। ਅਪੀਲ ਨਾਲ ਕੋਈ ਪੁੱਠਾ ਚੱਕਰ ਨਾ ਚੱਲ ਜਾਏ।' ਔਖੇ ਸੌਖੇ ਉਨ੍ਹਾਂ ਮੇਰੀ ਗੱਲ ਮੰਨ ਲਈ।

"ਚਾਰ ਸਾਲ ਕੈਦ ਕੱਟੀ ਸੀ ਕਿ ਦੇਸ-ਵੰਡ ਹੋ ਗਈ। ਸਾਲ ਮਗਰੋਂ ਕੈਦੀਆਂ ਦਾ ਤਬਾਦਲਾ ਹੋਇਆ ਤੇ ਮੈਂ ਫਰੋਜ਼ਪੁਰ ਜੇਲ੍ਹ ਵਿਚ ਆ ਗਿਆ। ਮੇਰਾ ਸਾਰਾ ਪਰਵਾਰ ਸਰਗੋਧੇ ਦੇ ਕਾਫ਼ਲੇ ਨਾਲ ਸਹੀ ਸਲਾਮਤ ਏਧਰ ਆ ਗਿਆ ਸੀ। ਮੇਰੇ ਭਰਾਵਾਂ ਨੇ ਮੇਰਾ ਪਤਾ ਕਰ ਲਿਆ। ਮੇਰੇ ਸਹੁਰੇ ਤੇ ਮੇਰੀ ਘਰ ਵਾਲੀ ਨੇ ਬੜਾ ਸਤ ਰੱਖਿਆ। ਜੇਲ੍ਹ ਤੋਂ ਛੁਟਣ ਮਗਰੋਂ ਮੇਰਾ ਵਿਆਹ ਹੋਇਆ। ਅਹੁ ਐ ਭਾਗਵਾਨ, ਮੇਰੇ ਘਰ ਵਾਲੀ, ਦੂਜੀ ਮੇਰੀ ਨੌਂਹ ਐ ਤੇ ਨਾਲ ਪੋਤਰਾ ਤੇ ਪੋਤਰੀ। ਪੁੱਤਰ ਮੇਰਾ ਚੰਡੀਗੜ੍ਹ ਸਰਕਾਰੀ ਨੌਕਰ ਐ। ਸਾਨੂੰ ਜ਼ਮੀਨ ਬੇਟ ਵਿਚ ਮਿਲੀ ਐ। ਮੈਂ ਈ ਸਾਰੀ ਜ਼ਮੀਨ ਵਾਹੁਨਾਂ ਹਾਂ। ਭਰਾਵਾਂ ਦੇ ਪੁੱਤਰ ਵੀ ਚੰਡੀਗੜ੍ਹ ਸਰਕਾਰੀ ਨੌਕਰ ਨੇ। ਉਹ ਵੀ ਓਨ੍ਹਾਂ ਕੋਲ ਈ ਰਹਿੰਦੇ ਨੇ।

"ਹਾਂ ਸੱਚ, ਮੈਂ ਜੀਹਦੇ ਕੋਲੋਂ ਵੀ ਪੁੱਛਦਾ — ਕਿ ਦੱਸੋ ਮੈਂ ਪਾਪ ਕੀਤਾ ਐ ਕਿ ਨਹੀਂ, ਉਹ ਕਹਿੰਦਾ ਐ ਕਿ ਮੈਂ ਕੋਈ ਪਾਪ ਨਹੀਂ ਕੀਤਾ। ਪਰ ਮੇਰਾ ਮਨ ਨਹੀਂ ਮੰਨਦਾ। ਬਦਲਾ ਲੈਣ ਲਈ ਮੈਂ ਬੰਦੇ ਮਾਰੇ ਨੇ। ਉਹ ਵੀ ਇਕ ਨਹੀਂ ਤਿੰਨ। ਤੁਸੀਂ ਦੱਸੋ ਬਦਲਾ ਲੈਣਾ ਚੰਗਾ ਐ ਕਿ ਮਾੜਾ ? ਉਂ ਤਾਂ ਉਨ੍ਹਾਂ ਦੇ ਪੁੱਤਰ ਵੀ ਮੈਥੋਂ ਬਦਲਾ ਲੈ ਸਕਦੇ ਨੇ। ਸੁਣਿਆਂ ਏ ਕਿ ਉਹ ਤਗੜੇ ਨੇ, ਪੜ੍ਹੇ-ਲਿਖੇ ਨੇ ਤੇ ਚੰਗੀਆਂ ਨੌਕਰੀਆਂ 'ਤੇ ਨੇ।"

ਮੇਰੇ ਕੋਲੋਂ ਰਾਮ ਸਿੰਘ ਦੀ ਹਾਲਤ ਦੇਖੀ ਨਾ ਗਈ। ਪਾਪ ਦੇ ਅਹਿਸਾਸ ਨੇ ਮੇਰੇ ਕੋਲੋਂ ਪੰਦਰਾਂ-ਵੀਹ ਸਾਲ ਛੋਟੇ ਆਦਮੀ ਨੂੰ ਬੁੱਢਾ ਬਣਾ ਦਿੱਤਾ ਸੀ।

"ਹਾਂ ਤੁਸੀਂ ਦੱਸਿਆ ਨਹੀਂ ਕਿ ਮੈਂ ਪਾਪ ਕੀਤਾ ਐ ਕਿ ਨਹੀਂ। ਇਹ ਪਾਪ ਕਦੇ ਧੋਤਾ ਵੀ ਜਾਊ ?" ਰਾਮ ਸਿੰਘ ਨੇ ਤਰਲੇ ਭਰੀ ਨਜ਼ਰ ਨਾਲ ਪੁੱਛਿਆ।

"ਮੈਂ ਤੇ ਮਾਸਟਰ ਐਂ, ਰਾਮ ਸਿਆਂ", ਮੈਂ ਕਿਹਾ, "ਮੈਂ ਤੇ ਘਟਾਉਣਾ, ਜੋੜ ਕਰਨਾ ਤੇ ਬਰਾਬਰ ਕਰਨ ਈ ਜਾਣਦਾਂ। ਪਾਪ ਤਾਂ ਸ਼ੇਰੂ ਕਿਆਂ ਨੇ ਵੀ ਕੀਤਾ ਸੀ। ਜੇ ਸਾਬਤ ਹੋ ਜਾਏ ਕਿ ਤਿੰਨਾਂ ਜਣਿਆਂ ਨੇ ਸਲਾਹ ਕਰ ਕੇ ਇਕ ਆਦਮੀ ਨੂੰ ਮਾਰਿਆ ਹੈ ਤਾਂ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਮਿਲੇਗੀ। ਏਦਾਂ ਇਕ ਦਾ ਕਤਲ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਦੇ ਬਰਾਬਰ ਹੋਇਆ ਨਾ। ਸ਼ੇਰੂ ਕਿਆਂ ਨੂੰ ਮੌਤ ਦੀ ਸਜ਼ਾ ਚਾਹੀਦੀ ਸੀ। ਉਨ੍ਹਾਂ ਨੂੰ ਨਾ ਮਿਲੀ। ਉਹ ਉਨ੍ਹਾਂ ਨੂੰ ਤੈਥੋਂ ਮਿਲ ਗਈ। ਬਰਾਬਰ ਹੋ ਗਿਆ ਨਾ ਲੇਖਾ। ਤੂੰ ਸੱਤ ਸਾਲ ਹੋਰ ਮੁਸ਼ੱਕਤੀ ਸਜ਼ਾ ਭੁਗਤੀ। ਇਹ ਵਾਧੂ ਹੋਈ ਨਾ। ਹੁਣ ਦੱਸ ਕਿਹੜਾ ਪਾਪ ਰਹਿ ਗਿਆ ਤੇਰੇ ਜ਼ੁੰਮੇ ? ਫੇਰ ਤੂੰ ਐਨਾ ਦਾਨ ਤੇ ਅਸ਼ਨਾਨ ਕੀਤਾ। ਰਹਿੰਦਾ-ਖੂੰਹਦਾ ਵੀ ਧੋਤਾ ਗਿਆ। ਤੇਰੇ ਅੰਦਰ ਜਿਹੜਾ ਇਹ ਖ਼ਿਆਲ ਆਇਆ ਕਿ ਬਦਲਾ ਲੈਣਾ ਚੰਗਾ ਨਹੀਂ, ਕਿਸੇ 'ਤੇ ਜ਼ੁਲਮ ਕਰਨਾ ਚੰਗਾ ਨਹੀਂ, ਇਸ ਨੇ ਤੇਰੇ ਮਨ ਨੂੰ ਹੋਰ ਪਵਿੱਤਰ ਕਰ ਦਿੱਤਾ। ਸ਼ਾਇਦ ਇਹੋ ਖ਼ਿਆਲ ਸ਼ੇਰੂ ਕਿਆਂ ਦੇ ਪੜ੍ਹੇ ਲਿਖੇ ਮੁੰਡਿਆਂ ਦੇ ਦਿਲ ਵਿਚ ਵੀ ਆਇਆ ਹੋਵੇ। ਮਨ ਨੂੰ ਸ਼ਾਂਤੀ ਲੜਾਈਆਂ ਮੁਕਾਇਆਂ ਈ ਆਉਂਦੀ ਐ, ਰਾਮ ਸਿੰਆਂ।"

"ਹਲਾ ਮਾਸਟਰਾ !" ਰਾਮ ਸਿੰਘ ਨੇ ਅਸਚਰਜ ਢੰਗ ਨਾਲ ਮੁਸਕਰਾਉਂਦਿਆਂ ਕਿਹਾ ਤੇ ਵਿਛੜਨ ਲੱਗਿਆਂ ਮੈਂ ਉਸ ਦੇ ਚਿਹਰੇ 'ਤੇ ਨੌਜਵਾਨਾਂ ਵਾਲੀ ਤਾਜ਼ਗੀ ਦੇਖੀ।

ਗੁਰਮੁਖ ਸਿੰਘ

ਗੁਰਮੁਖ ਸਿੰਘ ਸੱਚੀ ਮੁੱਚੀ ਇਕ ਗੁਰਮੁਖ ਸੀ। ਆਪਣਾ ਨਾਂ ਸਾਰਥਕ ਬਣਾਉਣ ਲਈ ਉਸ ਨੂੰ ਬੜੀ ਘਾਲਣਾ ਘਾਲਣੀ ਪਈ ਸੀ।

ਗੁਰਮੁਖ ਸਿੰਘ ਨੇ ਹੁਣ ਦੇ ਪਾਕਿਸਤਾਨ ਵਿਚ ਉਸ ਵੇਲੇ ਅਠੱਵੀਂ ਪਾਸ ਕੀਤੀ ਸੀ ਜਦੋਂ 1947 ਵਿਚ ਦੇਸ਼-ਵੰਡ ਹੋਈ ਸੀ। ਉਹ ਲਾਲੀਆਂ ਦੇ ਇਸਲਾਮੀਆਂ ਸਕੂਲ ਦੀ ਨੌਵੀਂ ਜਮਾਤ ਵਿਚ ਦਾਖ਼ਲ ਵੀ ਹੋ ਗਿਆ ਸੀ, ਪਰ ਗੜਬੜ ਦੇ ਵਧ ਜਾਣ ਕਾਰਨ ਪੜ੍ਹ ਨਹੀਂ ਸੀ ਜਾ ਸਕਿਆ। ਸਰਗੋਧੇ ਦੇ ਕਾਫ਼ਲੇ ਦੇ ਲਾਇਲਪੁਰ ਪਹੁੰਚਣ 'ਤੇ, ਮੁਸਲਮਾਨਾਂ ਦੇ ਹਮਲੇ ਕਾਰਨ ਗੋਲੀ ਲੱਗ ਜਾਣ ਕਰਕੇ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸ ਦੀ ਮਸਾਂ ਚੌਤੀਆਂ-ਪੈਂਤੀਆਂ ਸਾਲਾਂ ਦੀ ਮਾਂ ਅਤੇ ਉਸ ਦੀ ਆਪਣੇ ਤੋਂ ਤਿੰਨ ਸਾਲ ਛੋਟੀ ਭੈਣ, ਗੁਰਬਚਨ ਕੌਰ ਨੂੰ ਬੜਾ ਸਖ਼ਤ ਸਦਮਾ ਹੋਇਆ ਸੀ। ਰਸਤੇ ਵਿਚ ਬੜੀਆਂ ਔਕੜਾਂ ਝਾਗ ਕੇ ਉਹ ਅੰਮ੍ਰਿਤਸਰ ਪਹੁੰਚੇ ਸਨ।

ਰੁਲਦਿਆਂ ਖੁਲਦਿਆਂ ਤੇ ਮਿਹਨਤ ਮਜ਼ਦੂਰੀ ਕਰਦਿਆਂ, ਲਾਲਾ ਰਾਮ ਦਿਆਲ ਦੀ ਕਿਰਪਾ ਨਾਲ ਉਸ ਨੂੰ ਉਨ੍ਹਾਂ ਦੀ ਪ੍ਰਕਾਸ਼ ਵੀਵਿੰਗ ਫੈਕਟਰੀ, ਇਸਲਾਮਾਬਾਦ ਵਿਚ ਪੰਝੀ ਰੁਪਏ ਮਹੀਨੇ ਦੀ ਨੌਕਰੀ ਮਿਲ ਗਈ ਸੀ। ਲਾਲਾ ਜੀ ਦੀ ਧਰਮ-ਪਤਨੀ, ਰਤਨ ਕੌਰ ਗੁਰਮੁਖ ਸਿੰਘ ਕੋਲੋਂ ਭਾਰ ਚੁਕਵਾ ਕੇ ਲਿਆਈ ਸੀ ਤੇ ਉਸ ਦੀ ਦਰਦ-ਕਹਾਣੀ ਸੁਣ ਕੇ ਉਸ ਨੇ ਲਾਲਾ ਜੀ ਕੋਲ ਉਸ ਦੀ ਸਿਫ਼ਾਰਸ਼ ਕੀਤੀ ਸੀ। ਲਾਲਾ ਜੀ ਦੇ ਕਈ ਕੰਮ ਦੇ ਮਾਹਰ ਮੁਸਲਮਾਨ ਕਾਮੇ ਪਾਕਿਸਤਾਨ ਚਲੇ ਗਏ ਸਨ। ਪਹਿਲੋਂ ਗੁਰਮੁਖ ਸਿੰਘ ਨੂੰ ਨਲੀਆਂ ਵੱਟਣ ਦੇ ਕੰਮ ਦੀ ਸਿਖਲਾਈ ਸ਼ੁਰੂ ਕਰਾਈ ਗਈ। ਪੜ੍ਹਿਆ ਹੋਣ ਕਰਕੇ ਉਹ ਛੇਤੀ ਹੀ ਇਸ ਕੰਮ ਵਿਚ ਤਾਕ ਹੋ ਗਿਆ। ਪਰ ਲਾਲਾ ਜੀ ਉਸ ਦੀ ਹੋਰ ਵੀ ਮਦਦ ਕਰਨੀ ਚਾਹੁੰਦੇ ਸਨ।

ਕੁਝ ਚਿਰ ਮਗਰੋਂ ਲਾਲਾ ਜੀ ਨੇ, ਗੁਰਮੁਖ ਸਿੰਘ ਦੀ ਚੁਸਤੀ ਨਾਲ ਕੰਮ ਕਰਨ ਤੇ ਸਿੱਖਣ ਦੀ ਰੁਚੀ ਨੂੰ ਦੇਖ ਕੇ, ਉਸ ਨੂੰ ਇਕ ਭਲੇਮਾਣਸ ਹਿੰਦੂ ਕਾਰੀਗਰ ਨਾਲ ਖੱਡੀ 'ਤੇ ਕੱਪੜਾ ਉਣਨ ਦਾ ਕੰਮ ਸਿੱਖਣ 'ਤੇ ਲਾ ਦਿੱਤਾ। ਉਹ ਇਹ ਕੰਮ ਵੀ ਛੇਤੀ ਹੀ ਸਿੱਖ ਗਿਆ। ਨਾਬਾਲਿਗ ਹੋਣ ਕਰਕੇ ਉਸ ਨੂੰ ਹਾਲੀਂ ਪੂਰੇ ਕਾਰੀਗਰ ਦੀ ਉਜਰਤ ਨਹੀਂ ਸੀ ਦਿੱਤੀ ਜਾ ਸਕਦੀ, ਪਰ ਲਾਲਾ ਜੀ ਉਸ ਪੰਝੀ ਰੁਪਿਆਂ ਤੋਂ ਵੱਧ ਦੀ ਕੀਤੀ ਕਾਰ ਦੀ ਮਜ਼ਦੂਰੀ ਕਿਸੇ ਹੋਰ ਵੱਡੀ ਉਮਰ ਦੇ ਚੁਸਤ ਕਾਰੀਗਰ ਦੇ ਕੰਮ ਵਿਚ ਪਾ ਕੇ ਦਿਵਾ ਦਿੰਦੇ ਸਨ। ਲਾਲਾ ਜੀ ਨੇ ਆਪਣੇ ਰਸੂਖ ਨਾਲ ਲਾਹੌਰ ਦਰਵਾਜ਼ੇ ਲਾਗੇ ਗੁਰਮੁਖ ਸਿੰਘ ਦੀ ਮਾਤਾ ਨੂੰ ਇਕ ਮੁਸਲਮਾਨੀ ਘਰ ਵੀ ਛੇਤੀ ਅਲਾਟ ਕਰਵਾ ਦਿੱਤਾ ਸੀ।

ਲੋੜ ਪੈਣ 'ਤੇ ਲਾਲਾ ਜੀ ਕੱਪੜੇ ਦੇ ਉਲਝੇ ਹੋਏ ਜਾਂ ਉਭਰੇ ਹੋਏ ਸੂਤਰ ਨੂੰ ਕੱਟ ਕੇ ਸਾਫ ਕਰਨ ਦੇ ਕੰਮ 'ਤੇ ਗੁਰਮੁਖ ਸਿੰਘ ਦੀ ਮਾਤਾ ਤੇ ਭੈਣ ਨੂੰ ਲਾ ਦਿੰਦੇ। ਉਨ੍ਹਾਂ ਦੇ ਹੋਰ ਚਾਰ ਪੈਸੇ ਵੱਧ ਬਣ ਜਾਂਦੇ। ਇਕ ਦਿਨ ਗੁਰਮੁਖ ਸਿੰਘ ਦੀ ਮਾਤਾ ਨੇ ਲਾਲਾ ਜੀ ਦੀ ਦਇਆ ਤੇ ਅਹਿਸਾਨ ਦਾ ਖਿਆਲ ਕਰ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਉਣਾ ਚਾਹਿਆ, ਤਾਂ ਲਾਲਾ ਜੀ ਨੇ ਆਪਣੇ ਪੈਰ ਪਿੱਛੇ ਖਿਚ ਲਏ ਤੇ ਕਹਿਣ ਲੱਗੇ, "ਭੈਣ ਮੇਰੀਏ, ਪੰਜਾਬੀ ਆਪਣੀਆਂ ਭੈਣਾਂ ਤੋਂ ਪੈਰਾਂ ਨੂੰ ਹੱਥ ਨਹੀਂ ਲੁਆਉਂਦੇ। ਉਹ ਤਾਂ ਸਗੋਂ ਭੈਣਾਂ ਦੇ ਪੈਰ ਪੂਜਦੇ ਨੇ। ਧੀਆਂ-ਭੈਣਾਂ ਈ ਤਾਂ ਮਾਪਿਆਂ-ਭਰਾਵਾਂ ਦੀ ਇੱਜ਼ਤ ਦੀਆਂ ਭਾਈਵਾਲ ਹੁੰਦੀਆਂ ਨੇ।" ਇਹ ਸੁਣ ਕੇ ਕੇਸਰ ਕੌਰ ਦੀਆਂ ਅੱਖਾਂ ਵਿਚ ਹੰਝੂ ਡਲ੍ਹਕ ਪਏ ਸਨ।

ਗੁਰਮੁਖ ਸਿੰਘ ਅਠਾਰਾਂ ਵਰ੍ਹਿਆਂ ਦਾ ਹੋਣ ਤੋਂ ਪਹਿਲੋਂ ਹੀ ਕੱਪੜੇ ਬੁਣਨ ਦਾ ਮਾਹਰ ਹੋ ਗਿਆ ਸੀ। ਬਾਲਗ ਹੋਣ 'ਤੇ ਉਸਨੂੰ ਪੂਰੇ ਕਾਰੀਗਰ ਜਿੰਨੀ ਉਜਰਤ ਮਿਲਣ ਲੱਗ ਪਈ। ਉਂਜ ਵੀ ਉਹ ਕੰਮ ਵਿਚ ਚੁਸਤ ਤੇ ਫੁਰਤੀਲਾ ਸੀ। ਉਹ ਚੋਖਾ ਕੰਮ ਕਰ ਕੇ ਕਾਫੀ ਪੈਸੇ ਕਮਾ ਲੈਂਦਾ ਸੀ।

ਲਾਲਾ ਰਾਮ ਦਿਆਲ ਧਾਰਮਿਕ ਪ੍ਰਕਾਰ ਦੇ ਆਦਮੀ ਸਨ। ਉਨ੍ਹਾਂ ਦੀ ਪਤਨੀ ਸਿੱਖ ਘਰਾਣੇ ਵਿਚੋਂ ਸੀ। ਵਿਆਹ ਤੋਂ ਪਹਿਲਾਂ ਦੇਖਾ-ਦੇਖੀ ਕਦੀ-ਕਦਾਈਂ ਉਹ ਸਿਗਰਟ ਦਾ ਸੂਟਾ ਲਾ ਲੈਂਦੇ ਸਨ, ਪਰ ਵਿਆਹ ਤੋਂ ਮਗਰੋਂ ਉਨ੍ਹਾਂ ਇਹ ਇੱਲਤ ਉੱਕੀ ਹੀ ਛੱਡ ਦਿਤੀ ਸੀ। ਹੋਰ ਨਸ਼ਾ ਉਹ ਕੋਈ ਕਰਦੇ ਹੀ ਨਹੀਂ ਸਨ। ਗੁਰਮੁਖ ਸਿੰਘ ਉਨ੍ਹਾਂ ਨੂੰ ਕਦੇ ਕਦੇ ਗੁਰਬਾਣੀ ਦਾ ਪਾਠ ਕਰਦਿਆਂ ਸੁਣਦਾ। ਇਹ ਪਾਠ ਉਸ ਦੀ ਅਨਪੜ੍ਹ ਮਾਂ ਤੇ ਮਾਤਾ ਵੀ ਕਰਿਆ ਕਰਦੀ ਸੀ। ਉਸ ਨੂੰ ਬੜੀ ਸ਼ਰਮ ਆਈ। ਉਸ ਦੀ ਅਨਪੜ੍ਹ ਮਾਂ ਤੇ ਹਿੰਦੂ ਲਾਲਾ ਜੀ ਤਾਂ ਗੁਰਬਾਣੀ ਦਾ ਪਾਠ ਕਰ ਸਕਦੇ ਸਨ, ਪਰ ਉਹ ਨਹੀਂ ਸੀ ਕਰ ਸਕਦਾ।

ਉਸੇ ਦਿਨ ਤੋਂ ਉਸ ਨੇ ਆਪਣੇ ਵਿਹਲੇ ਸਮੇਂ ਵਿਚ ਗੁਰਦੁਆਰੇ ਦੇ ਗ੍ਰੰਥੀ ਜੀ ਤੋਂ ਪੰਜਾਬੀ ਸਿੱਖਣੀ ਸ਼ੁਰੂ ਕਰ ਦਿੱਤੀ। ਪਾਕਿਸਤਾਨ ਵਿਚ ਤਾਂ ਉਸਨੇ ਉਰਦੂ ਤੇ ਅੰਗ੍ਰੇਜ਼ੀ ਹੀ ਪੜ੍ਹਨੀ ਸਿੱਖੀ ਸੀ।

ਇਕ ਦਿਨ ਰੋਟੀ ਦੀ ਛੁੱਟੀ ਵੇਲ਼ ਲਾਲਾ ਜੀ ਨੇ ਗੁਰਮੁਖ ਸਿੰਘ ਨੂੰ ਪੰਜਾਬੀ ਦੀ ਦੂਸਰੀ ਪੁਸਤਕ ਪੜ੍ਹਦਿਆਂ ਦੇਖਿਆ। ਉਨ੍ਹਾਂ ਪੁੱਛਿਆ, "ਗੁਰਮੁਖ ਸਿੰਘਾ ! ਤੈਨੂੰ ਪੰਜਾਬੀ ਨਹੀਂ ਆਉਂਦੀ ?"

"ਲਾਲਾ ਜੀ, ਅੱਠਵੀਂ ਤਕ ਤਾਂ ਉਰਦੂ ਤੇ ਅੰਗ੍ਰੇਜ਼ੀ ਈ ਪੜ੍ਹੀ ਸੀ।"

"ਫੇਰ ਹੁਣ ਕਿਉਂ ਪੰਜਾਬੀ ਪੜ੍ਹਨ ਲੱਗਾ ਏਂ ?"

"ਲਾਲਾ ਜੀ, ਮੇਰੀ ਮਾਂ ਗੁਰਬਾਣੀ ਦਾ ਪਾਠ ਕਰਦੀ ਹੈ, ਤੁਸੀਂ ਵੀ ਪਾਠ ਕਰ ਲੈਂਦੇ ਓ, ਪਰ ਮੈਂ ਨਹੀਂ ਕਰ ਸਕਦਾ। ਮੈਨੂੰ ਬੜੀ ਸ਼ਰਮ ਆਈ ਐ।"

"ਉਂਜ ਵੀ, ਗੁਰਮੁਖ, ਅਸੀਂ ਪੰਜਾਬੀ ਆਂ। ਪੰਜਾਬੀ ਬੋਲਦੇ ਆਂ, ਪੰਜਾਬੀ ਵਿਚ ਸਾਰੇ ਕੰਮ ਸਾਰਦੇ ਆਂ। ਜੇ ਪੰਜਾਬੀ ਸਾਨੂੰ ਈ ਪੜ੍ਹਨੀ ਲਿਖਣੀ ਨਾ ਆਵੇ ਤਾਂ ਇਹ

ਸ਼ਰਮ ਵਾਲੀ ਗੱਲ ਤਾਂ ਆਪੇ ਹੋਈ", ਲਾਲਾ ਜੀ ਨੇ ਕਿਹਾ।

"ਲਾਲਾ ਜੀ, ਐਦਾਂ ਤਾਂ ਮੈਂ ਸੋਚਿਆ ਈ ਨਹੀਂ ਸੀ।"

"ਪਰ, ਗੁਰਮੁਖ, ਤੂੰ ਤੇ ਛੇਤੀ ਛੇਤੀ ਪੜ੍ਹਨਾ ਏਂ।"

"ਲਾਲਾ ਜੀ, ਕੈਦਾ ਤੇ ਪਹਿਲੀ ਪੁਸਤਕ ਤਾਂ ਮੈਂ ਮਹੀਨੇ ਦੇ ਅੰਦਰ ਅੰਦਰ ਈ ਮੁਕਾ ਲਈ ਸੀ।"

"ਹਈਂ ਸ਼ਾਬਾਸ਼ੇ । ਫੇਰ ਤੇ ਲਿਖਣ ਪੜ੍ਹਨ ਜੋਗਾ ਹੋ ਗਿਆ ਕਿ।"

ਦੋ-ਤਿੰਨਾਂ ਦਿਨਾਂ ਮਗਰੋਂ ਲਾਲਾ ਜੀ ਨੇ ਗੁਰਮੁਖ ਸਿੰਘ ਨੂੰ ਇਕ ਕਿਤਾਬ ਦੀ ਸ਼ਕਲ ਦਾ ਗੁਟਕਾ ਦਿੱਤਾ ਤੇ ਕਿਹਾ, "ਜਦੋਂ ਸ਼ਾਹਣੀ ਨੇ ਮੈਥੋਂ ਸੁਣਿਆਂ ਕਿ ਤੂੰ ਬਾਣੀ ਸਿੱਖਣ ਲਈ ਪੰਜਾਬੀ ਪੜ੍ਹਨਾ ਏਂ ਪਿਆ ਤਾਂ ਉਨ੍ਹਾਂ ਨੇ ਕਿਹਾ — "ਮੈਂ ਗੁਰਮੁਖ ਨੂੰ ਵਧੀਆ ਅਰਥਾਂ ਵਾਲਾ ਗੁਟਕਾ ਲਿਆ ਕੇ ਦਵਾਂਗੀ। ਕੱਲ੍ਹ ਗੱਲ ਹੋਈ ਤੇ ਅੱਜ ਗੁਟਕਾ ਲੈ ਵੀ ਆਈ।"

"ਲਾਲਾ ਜੀ, ਮਾਤਾ ਜੀ ਵੀ ਪਾਠ ਕਰਦੇ ਨੇ ?"

"ਸਿੱਖਾਂ ਦੀ ਧੀ ਏ। ਪਾਠ ਕਿਉਂ ਨਾ ਕਰੇਗੀ ? ਮੈਨੂੰ ਵੀ ਪਾਠ ਵੱਲ ਓਸੇ ਨੇ ਲਾਇਆ ਏ। ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਤਾਂ ਮੇਰੇ ਅੰਦਰ ਸ਼ਾਂਤੀ ਦੀ ਫੁਹਾਰ ਵਰ੍ਹਨ ਲੱਗ ਪੈਂਦੀ ਏ।"

ਗੁਰਮੁਖ ਸਿੰਘ ਨੇ ਛੇਤੀ ਹੀ ਪੰਜਾਬੀ ਤੇ ਚੰਗਾ ਵਸੀਕਾਰ ਪ੍ਰਾਪਤ ਕਰ ਲਿਆ। ਪੰਜਾਬੀ ਉਸ ਨੂੰ ਇਉਂ ਆਈ ਜਿਵੇਂ ਬਤਖ਼ ਦੇ ਬੱਚੇ ਨੂੰ ਤਰਨਾ ਆ ਜਾਂਦਾ ਹੈ। ਬਾਣੀ ਵੱਲ ਲੱਗ ਕੇ ਉਸ ਦੇਖਿਆ ਕਿ ਬਾਣੀ ਨਿਰੀ ਪੰਜਾਬੀ ਵਿਚ ਨਹੀਂ ਪੰਜਾਬੀ ਅੱਖਰਾਂ ਵਿਚ ਰੇਖਤਾ, ਹਿੰਦਵੀ, ਅਰਬੀ ਤੇ ਫ਼ਾਰਸੀ ਵੀ ਹੈ। ਹਿੰਦੀ ਵੀ ਉਸ ਨਾਲੇ ਪੜ੍ਹਨੀ ਸ਼ੁਰੂ ਕਰ ਦਿੱਤੀ। ਹਿੰਦੀ ਸਿੱਖਦਿਆਂ ਵੀ ਉਸ ਨੂੰ ਕੋਈ ਬਹੁਤੀ ਦੇਰ ਨਾ ਲੱਗੀ। ਤਿੰਨਾਂ ਸਾਲਾਂ ਵਿਚ ਉਸ ਵਿਦਵਾਨੀ, ਗਿਆਨੀ ਤੇ ਪ੍ਰਭਾਕਰ ਪ੍ਰੀਖਿਆਵਾਂ ਪਾਸ ਕਰ ਲਈਆਂ। ਬਾਣੀ ਦਾ ਉਸ ਨੂੰ ਬੜਾ ਅਨੰਦ ਆਉਣ ਲੱਗਾ। ਪਹਿਲੋਂ ਨਿਰਾ ਪਾਠ ਕਰਦਾ ਸੀ, ਫੇਰ ਸਮਝਣ ਲੱਗਾ ਅਤੇ ਫੇਰ ਯਥਾ-ਸ਼ਕਤ ਬਾਣੀ 'ਤੇ ਚੱਲਣ ਵੀ ਲੱਗਾ। ਆਖ਼ਰ ਉਹ ਅੰਮ੍ਰਿਤਧਾਰੀ ਸਿੱਖ ਬਣ ਗਿਆ। ਉਸ ਦੀ ਅਵਸਥਾ ਇਹ ਹੋ ਗਈ

ਬਿਸਰਿ ਗਈ ਸਭ ਤਾਤਿ ਪਰਾਈ।।
ਜਬ ਤੇ ਸਾਧ ਸੰਗਤਿ ਮੋਹਿ ਪਾਈ।।੧।। ਰਹਾਉ।।
ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿਆਈ।।
ਜੋ ਪ੍ਰਭ ਕੀਨੋ ਸੋ ਭਲ ਮਾਨਿਓ,
ਏਹ ਸੁਮਤਿ ਸਾਧੂ ਤੇ ਪਾਈ।।
ਸਭ ਮਹਿ ਰਵਿ ਰਹਿਆ ਪ੍ਰਭ ਏਕੈ,
ਪੇਖਿ ਪੇਖਿ ਨਾਨਕ ਬਿਗਸਾਈ।।

ਗੁਰਮੁਖ ਸਿੰਘ ਨੇ ਗੁਰਬਾਣੀ ਦੇ ਟੀਕੇ ਮੰਗਵਾਏ। 'ਗੁਰਸ਼ਬਦ ਰਤਨਾਕਰ',

ਕੋਸ਼' ਖਰੀਦਿਆ। ਗੁਰੂ ਗ੍ਰੰਥ ਕੋਸ਼ ਮੁੱਲ ਲਿਆ। ਉਸ ਨੇ ਸਿੱਖ ਇਤਿਹਾਸ ਪੜ੍ਹਨਾ ਸ਼ੁਰੂ ਕੀਤਾ। ਉਸਨੇ ਦੇਖਿਆ ਕਿ ਬਾਣੀ, ਸਿੱਖ ਇਤਿਹਾਸ ਨੂੰ ਤੇ ਸਿੱਖ ਇਤਿਹਾਸ, ਬਾਣੀ ਨੂੰ ਸਮਝਣ ਵਿਚ ਇਕ ਦੂਸਰੇ ਦੇ ਸਹਾਈ ਹਨ। ਉਸ ਨੂੰ ਇਹ ਸਮਝ ਆਈ ਕਿ ਇਕ ਗੁਰਮੁਖ ਸਿੰਘ ਦਾ ਜੀਵਨ ਗੁਰਬਾਣੀ ਦੇ ਆਦੇਸ਼ਾਂ ਤੇ ਸਿੱਖ ਇਤਿਹਾਸ ਦੇ ਉਦਾਹਰਣਾਂ ਉਤੇ ਢਲਿਆ ਹੋਣਾ ਚਾਹੀਦਾ ਹੈ। ਉਹ ਦਸਾਂ ਨਹੁੰਆਂ ਦੀ ਕਿਰਤ ਕਰਦਾ। ਵਿੱਤ ਅਨੁਸਾਰ ਵੰਡ ਛਕਦਾ ਤੇ ਨਾਮ ਜਪਦਾ ਹੈ। ਹੁਣ ਗੁਰਮੁਖ ਸਿੰਘ ਸੇਵਾ ਕਰਨ ਲੱਗਿਆਂ ਸਹਿਧਰਤੀ ਤੇ ਅੰਨਧਰਮੀ ਹੋਣ ਦਾ ਵਿਤਕਰਾ ਨਾ ਕਰਦਾ।

ਪਹਿਲੋਂ ਗੁਰਮੁਖ ਸਿੰਘ ਨੇ ਆਪਣੀ ਛੋਟੀ ਭੈਣ ਦਾ ਵਿਆਹ ਕੀਤਾ। ਇਸ ਕੰਮ ਵਿਚ ਲਾਲਾ ਰਾਮ ਦਿਆਲ ਨੇ ਉਸ ਦੀ ਸਕੇ ਸੰਬੰਧੀਆਂ ਵਾਂਗ ਸਹਾਇਤਾ ਕੀਤੀ। ਮਾਤਾ ਦੀ ਆਗਿਆ ਨਾਲ ਫੇਰ ਉਸ ਨੇ ਆਪਣਾ ਵਿਆਹ ਕਰਵਾਇਆ। ਉਸ ਨੇ ਟੁੱਟੇ ਫੁੱਟੇ ਮੁਸਲਮਾਨੀ ਘਰ ਨੂੰ ਵੀ ਨਵੇਂ ਸਿਰਿਓਂ ਉਸਾਰਿਆ।

ਉਸ ਨੇ ਆਪਣੇ ਵੱਡੇ ਲੜਕੇ ਨੂੰ ਚਾਅਵਾਂ ਨਾਲ ਪਾਲਿਆ ਤੇ ਪੜ੍ਹਾਇਆ। ਉਸ ਦੇ ਲੜਕੇ ਨੇ ਜਦ ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ ਤਾਂ ਲਾਲਾ ਜੀ ਦੇ ਜ਼ੋਰ ਦੇਣ ਤੇ ਉਸ ਨੂੰ ਗੌਰਮਿੰਟ ਵੀਵਿੰਗ ਇਨਸਟੀਚਿਊਟ ਵਿਚ ਦਾਖ਼ਲ ਕਰਵਾਇਆ ਗਿਆ। ਤਿੰਨ ਸਾਲ ਮਗਰੋਂ ਜਦੋਂ ਉਸ ਨੇ ਮੈਰਿਟ ਲੈ ਕੇ ਆਪਣਾ ਕੋਰਸ ਪਾਸ ਕੀਤਾ ਤਾਂ ਲਾਲਾ ਜੀ ਨੇ ਆਪਣੇ ਰਸੂਖ ਨਾਲ ਆਪਣੀ ਫੈਕਟਰੀ ਤੋਂ ਕਿਤੇ ਵੱਡੀ ਮੌਡਲ ਵੂਲਨ ਮਿਲਜ਼ ਵਿਚ ਉਹਨੂੰ ਸਹਾਇਕ ਵੀਵਿੰਗ ਮਾਸਟਰ ਲਗਵਾ ਦਿੱਤਾ।

ਲਾਲਾ ਰਾਮ ਦਿਆਲ ਆਪਣੀ ਫੈਕਟਰੀ ਦੇ ਕਾਮਿਆਂ ਵਿਚ ਕਿਸੇ ਪ੍ਰਕਾਰ ਦੀ ਬੇਚੈਨੀ ਹੋਣ 'ਤੇ ਗੁਰਮੁਖ ਸਿੰਘ ਤੋਂ ਸਲਾਹ ਲੈਂਦੇ। ਉਹ ਹਮੇਸ਼ਾ ਉਨ੍ਹਾਂ ਨੂੰ ਠੀਕ ਸਲਾਹ ਦਿੰਦਾ, ਭਾਵੇਂ ਉਹ ਉਨ੍ਹਾਂ ਦੇ ਜਾਂ ਉਨ੍ਹਾਂ ਦੇ ਕਿਸੇ ਅਫ਼ਸਰ ਦੇ ਖ਼ਿਲਾਫ਼ ਹੀ ਕਿਉਂ ਨਾ ਜਾਂਦੀ। ਉਹ ਆਪਣੇ ਸਾਥੀ ਕਾਮਿਆਂ ਨੂੰ ਵੀ ਠੀਕ ਹੀ ਸਲਾਹ ਦਿੰਦਾ, ਭਾਵੇਂ ਉਹ ਇਸ ਪਿੱਛੇ ਉਸ ਨਾਲ ਗੁੱਸੇ ਹੀ ਕਿਉਂ ਨਾ ਹੋ ਜਾਂਦੇ। ਇਹ ਆਮ ਮਸ਼ਹੂਰ ਸੀ ਕਿ ਪਿਛਲੇ ਕਈ ਸਾਲਾਂ ਤੋਂ ਲਾਲਾ ਜੀ ਦੀ ਫੈਕਟਰੀ ਵਿਚ ਕਦੇ ਹੜਤਾਲ ਨਹੀਂ ਸੀ ਹੋਈ। ਇਕ ਵਾਰੀ ਹੜਤਾਲ ਦੀ ਸੂਰਤ ਬਣਨ ਲੱਗਿਆਂ ਲਾਲਾ ਜੀ ਨੇ ਗੁਰਮੁਖ ਸਿੰਘ ਦੀ ਸਲਾਹ ਨਾਲ ਹੜਤਾਲ ਦੇ ਆਗੂਆਂ ਨੂੰ ਫੈਕਟਰੀ ਦਾ ਸਾਰਾ ਹਿਸਾਬ ਕਿਤਾਬ ਦਿਖਾ ਦਿੱਤਾ ਸੀ। ਹਿਸਾਬ ਨਾਲ ਦੇਣਾ ਤੇ ਨਹੀਂ ਸੀ ਬਣਦਾ ਪਰ ਫੇਰ ਵੀ ਲਾਲਾ ਜੀ ਨੇ ਉਨ੍ਹਾਂ ਨੂੰ ਕੁਝ ਨਾ ਕੁਝ ਦੇ ਹੀ ਦਿੱਤਾ ਸੀ।

ਗੁਰਮੁਖ ਸਿੰਘ ਅੰਮ੍ਰਿਤਧਾਰੀ ਹੋਣ ਦੇ ਨਾਤੇ, ਜੇ ਕੋਈ ਤਗੜਾ ਮਾੜੇ 'ਤੇ ਜ਼ੁਲਮ ਕਰੇ, ਤਾਂ ਵਿਚ ਖਲੋ ਜਾਂਦਾ ਸੀ। ਇਸ ਤਰ੍ਹਾਂ ਚੰਗੇ ਪਰ ਆਪਣੇ ਆਪ ਅੱਗੇ ਨਾ ਆਉਣ ਵਾਲੇ ਲੋਕ ਵੀ ਉਸ ਦੇ ਸਹਾਇਕ ਬਣ ਜਾਂਦੇ ਸਨ।

ਸਮਾਂ ਪਾ ਕੇ ਲਾਲਾ ਜੀ ਚਲਾਣਾ ਕਰ ਗਏ। ਪਰ ਲਾਲਾ ਜੀ ਦੇ ਵੱਡੇ ਪੁੱਤਰ ਰਾਮ ਪ੍ਰਕਾਸ਼ ਦਾ, ਜਿਹੜਾ ਗੁਰਮੁਖ ਸਿੰਘ ਦਾ ਹਾਣੀ ਹੀ ਸੀ, ਉਸ ਨਾਲ ਲਾਲਾ ਜੀ ਵਰਗਾ ਹੀ ਸੰਬੰਧ ਬਣਿਆ ਰਿਹਾ। ਲਾਲਾ ਜੀ ਦਾ ਛੋਟਾ ਪੁੱਤਰ ਅਵਿਨਾਸ਼ ਸਿੰਘ, ਜੋ ਕੇਸਾਧਾਰੀ ਸੀ, ਗੁਰਮੁਖ ਸਿੰਘ ਦਾ ਵੱਡੇ ਭਰਾ ਵਾਂਗ ਹੀ ਆਦਰ ਕਰਦਾ ਸੀ। ਗੁਰਮੁਖ

ਸਿੰਘ ਦੀ ਮਾਤਾ ਪ੍ਰਕਾਸ਼ ਤੇ ਅਵਿਨਾਸ਼ ਨੂੰ ਆਪਣੇ ਬੇਟੇ ਹੀ ਸਮਝਦੀ ਸੀ ਤੇ ਉਨ੍ਹਾਂ ਦੋਹਾਂ ਦੀ ਮਾਤਾ ਗੁਰਮੁਖ ਸਿੰਘ ਨੂੰ ਆਪਣੇ ਪੁੱਤਰ ਵਾਂਗ ਮੰਨਦੀ ਸੀ। ਉਸ ਨੇ ਵਿਚ ਪੈ ਕੇ ਆਪਣੇ ਪੇਕਿਆਂ ਵਿਚੋਂ ਇਕ ਚੰਗੇ ਘਰ ਦੀ ਪੜ੍ਹੀ-ਲਿਖੀ ਲੜਕੀ ਨਾਲ ਗੁਰਮੁਖ ਸਿੰਘ ਦੇ ਵੱਡੇ ਪੁੱਤਰ, ਪ੍ਰਤਿਪਾਲ ਸਿੰਘ ਦੀ ਸ਼ਾਦੀ ਕਰ ਦਿੱਤੀ ਸੀ।

ਗੁਰਮੁਖ ਸਿੰਘ ਨੂੰ ਸਿੱਖ ਧਰਮ ਦੀ ਰੌਸ਼ਨੀ ਵਿਚ ਹਿੰਦੂ, ਸਿੱਖ, ਈਸਾਈ ਤੇ ਹੋਰ ਧਰਮਾਂ ਦੇ ਲੋਕ ਰੱਬ ਦੀ ਔਲਾਦ ਹੀ ਜਾਪਦੇ ਸਨ। ਫੈਕਟਰੀ ਵਿਚ ਉਸ ਦਾ ਸਭ ਤਰ੍ਹਾਂ ਦੇ ਲੋਕਾਂ ਨਾਲ ਇਕੋ ਜਿਹਾ ਵਿਹਾਰ ਤੇ ਪਿਆਰ ਸੀ। ਪਰ ਹੁਣ ਥੋੜ੍ਹੇ ਦਿਨਾਂ ਤੋਂ ਪਤਾ ਨਹੀਂ ਕੀ ਹੋ ਗਿਆ ਸੀ ! ਇਕ ਧਰਮ ਦੇ ਹਿੰਦੁਸਤਾਨੀ ਦੂਜੇ ਧਰਮ ਦੇ ਬੇਗੁਨਾਹ ਤੇ ਨਿੱਹਥੇ ਹਿੰਦੁਸਤਾਨੀਆਂ ਨੂੰ ਦਾਅ ਲਾ ਲਾ ਕੇ ਕਤਲ ਕਰ ਰਹੇ ਸਨ। ਕੀ ਉਹ ਅੰਮ੍ਰਿਤਧਾਰੀ ਬਾਣੀ ਦਾ ਨੇਮੀ-ਪ੍ਰੇਮੀ ਤੇ ਜਾਣਕਾਰ ਹੋ ਕੇ ਵੀ ਗੁਰੂ-ਸਾਹਿਬਾਨਾਂ ਦੀ ਸਿੱਖੀ ਨੂੰ ਨਹੀਂ ਸੀ ਸਮਝ ਸਕਿਆ ? ਕੀ ਉਹ ਸੇਵਾ, ਸਿਮਰਨ, ਦਇਆ, ਦਾਨ ਤੇ ਦੀਨਾਂ ਦੀ ਰੱਖਿਆ ਕਰ ਕੇ ਸਿੱਖੀ ਅਨੁਸਾਰ ਗ਼ਲਤ ਕੰਮ ਕਰ ਰਿਹਾ ਸੀ ?

ਉਸ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਵਾਹਿਗੁਰੂ ਜੀ, ਮਿਹਰ ਕਰੋ ! ਮੈਨੂੰ ਚਾਨਣ ਬਖ਼ਸ਼ੋ ! ਹਨੇਰੇ ਨੇ ਮੈਨੂੰ ਭਟਕਾ ਦਿੱਤਾ ਹੈ। ਹੇ ਸਤਿਗੁਰੂ ਨਾਨਕ ਦੇਵ ਜੀ ! ਤੁਸੀਂ ਹੀ ਬਹੁੜੋ !"

ਉਸ ਨੂੰ ਸੁਣਾਈ ਦਿੱਤਾ :

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਉਸ ਦੇ ਅੰਦਰ ਦਾ ਹਨੇਰਾ ਦੂਰ ਹੋ ਗਿਆ। ਉਸ ਗੁਰੂ ਅਮਰ ਦਾਸ ਜੀ ਦੇ ਸਲੋਕ ਦੁਆਰਾ ਪ੍ਰਭੂ ਅੱਗੇ ਅਰਦਾਸ ਕੀਤੀ :

ਜਗਤ ਜਲੰਦਾ ਰਖਿ ਲੈ, ਅਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ॥

ਉਨ੍ਹਾਂ ਦਿਨਾਂ ਵਿਚ ਫੁੱਫੜ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਰਾਮ ਪ੍ਰਕਾਸ਼ ਨੂੰ ਲੁਧਿਆਣੇ ਜਾਣਾ ਪਿਆ। ਬੇਬੇ ਰਤਨ ਕੌਰ ਨੇ ਗੁਰਮੁਖ ਸਿੰਘ ਨੂੰ ਬੁਲਾਇਆ ਤੇ ਉਸ ਨੂੰ ਰਾਮ ਪ੍ਰਕਾਸ਼ ਨਾਲ ਜਾਣ ਲਈ ਕਿਹਾ।

ਪ੍ਰਕਾਸ਼ ਨੇ ਕਿਹਾ, "ਝਾਈ ਜੀ, ਆਹ ਤੇ ਲੁਧਿਆਣਾ ਹੈ। ਮੈਂ ਸਵੇਰੇ ਗਿਆ ਤੇ ਸ਼ਾਮੀਂ ਆਇਆ। ਭਾ ਜੀ ਨੂੰ ਕਿਉਂ ਤਕਲੀਫ਼ ਦੇਣੀ ਐ ?"

ਪਰ ਮਾਂ ਨੇ ਕਿਹਾ, "ਨਹੀਂ, ਪ੍ਰਕਾਸ਼ ! ਇਕ 'ਕੱਲਾ ਤੇ ਦੋ ਯਾਰਾਂ। ਤੂੰ ਗੁਰਮੁਖ ਸਿੰਘ ਨੂੰ ਨਾਲ ਲੈ ਜਾ। ਅਵਿਨਾਸ਼ ਆਪੇ ਫੈਕਟਰੀ ਸੰਭਾਲੇਗਾ।"

ਦੋਵੇਂ ਸਵੇਰ ਦੀ ਬੱਸੇ ਲੁਧਿਆਣੇ ਲਈ ਰਵਾਨਾ ਹੋਏ। ਨੌਂ ਵਜੇ ਲੁਧਿਆਣੇ ਪਹੁੰਚੇ। ਰਿਕਸ਼ਾ ਲੈ ਕੇ ਘਰ ਅੱਪੜੇ। ਘਰੋਂ ਪਤਾ ਲੱਗਾ ਕਿ ਫੁੱਫੜ ਜੀ ਨੂੰ ਕ੍ਰਿਸਚਿਅਨ ਮਿਸ਼ਨ ਹਸਪਤਾਲ ਦਾਖ਼ਲ ਕਰਾ ਦਿੱਤਾ ਹੈ ਤੇ ਹੁਣ ਉਨ੍ਹਾਂ ਦੀ ਹਾਲਤ ਅੱਗੇ ਨਾਲੋਂ

ਚੰਗੀ ਹੈ। ਨਾਸ਼ਤਾ ਕਰ ਕੇ ਹਸਪਤਾਲ ਪਹੁੰਚੇ। ਅੱਗੇ ਫੁੱਫੜ ਜੀ ਦੀ ਹਾਲਤ ਕਾਫੀ ਠੀਕ ਸੀ। ਡਾਕਟਰ ਨੇ ਕਿਹਾ, "ਹੁਣ ਕੋਈ ਫ਼ਿਕਰ ਦੀ ਗੱਲ ਨਹੀਂ। ਸਰਦਾਰ ਜੀ ਦੋ-ਚਾਰ ਦਿਨਾਂ ਵਿਚ ਬਿਲਕੁਲ ਠੀਕ ਹੋ ਕੇ ਘਰ ਚਲੇ ਜਾਣਗੇ।" ਭੂਆ ਦੇ ਪੁੱਤਰਾਂ ਨੇ ਵੀ ਤਸੱਲੀ ਦਿੱਤੀ।

ਉਥੋਂ ਦੋਵੇਂ ਜਣੇ ਆਪਣੀ ਫੈਕਟਰੀ ਦੀਆਂ ਮਸ਼ੀਨਾਂ ਦੇ ਹਿੱਸੇ ਪੁਰਜ਼ੇ ਖ਼ਰੀਦਣ ਲਈ ਉਣਾਈ ਦੀਆਂ ਮਸ਼ੀਨਾਂ ਬਣਾਉਣ ਵਾਲੇ ਕਾਰਖ਼ਾਨਿਆਂ ਵੱਲ ਚਲੇ ਗਏ। ਓਥੇ ਚੋਣ-ਪਰਖ ਕਰਦਿਆਂ ਚੋਖੀ ਦੇਰ ਹੋ ਗਈ।

ਆਖ਼ਰ ਉਨ੍ਹਾਂ ਸ਼ਾਮ ਦੇ ਪੰਜ ਵਜੇ ਬਾਈ-ਪਾਸ ਤੋਂ ਅੰਮ੍ਰਿਤਸਰ ਦੀ ਬੱਸ ਪਕੜੀ। ਇਹ ਸਾਢੇ ਛੇ ਵਜੇ ਜਲੰਧਰ ਪਹੁੰਚੀ। ਓਥੇ ਕੁਝ ਸਵਾਰੀਆਂ ਉਤਰੀਆਂ ਤੇ ਕੁਝ ਚੜ੍ਹੀਆਂ। ਵਰਕਸ਼ਾਪ ਲਾਗੋਂ ਵੀ ਕੁਝ ਸਵਾਰੀਆਂ ਚੜ੍ਹੀਆਂ। ਬੱਸ ਭਰ ਤਾਂ ਗਈ, ਪਰ ਭੀੜ-ਭੜੱਕਾ ਕੋਈ ਨਹੀਂ ਸੀ। ਕਰਤਾਰਪੁਰ ਪਹੁੰਚਦਿਆਂ ਚੰਗਾ ਹਨੇਰਾ ਹੋ ਗਿਆ। ਬੱਸ ਦਿਆਲਪੁਰ ਤੇ ਹਮੀਰਾ ਲੰਘਦੀ ਆਪਣੀ ਤਿੱਖੀ ਚਾਲੇ ਭੱਜੀ ਗਈ। ਗੁਰਮੁਖ ਸਿੰਘ ਦੀ ਅੱਖ ਲਗ ਗਈ ਸੀ। ਅਚਾਨਕ ਇਕ ਹਿਝੋਕਾ ਵੱਜਿਆ ਤੇ ਉਹ ਜਾਗ ਪਿਆ। ਉਸ ਨੇ ਝਟ ਪਛਾਣ ਲਿਆ ਕਿ ਬੱਸ ਸੁਬਹਾਨਪੁਰੋਂ ਇਕ ਹਿਝੋਕੇ ਨਾਲ ਸੱਜੀ ਸੜਕ 'ਤੇ ਮੁੜੀ ਹੈ। ਇਕ ਨੌਜਵਾਨ ਡਰਾਈਵਰ ਦੀ ਸੀਟ ਪਿੱਛੇ ਡਰਾਈਵਰ ਦੇ ਕੰਨ ਨਾਲ ਕੁਝ ਲਾਈ ਖੜਾ ਸੀ। ਬੱਸ ਦੀਆਂ ਸਵਾਰੀਆਂ ਘਬਰਾਈਆਂ ਹੋਈਆਂ ਸਨ, ਪਰ ਚੁੱਪ ਸਨ। ਬੱਸ ਅੰਮ੍ਰਿਤਸਰ ਵਾਲੀ ਸੜਕ ਨੂੰ ਛੱਡ ਕੇ ਟਾਂਡੇ ਵਾਲੀ ਸੜਕ 'ਤੇ ਦੌੜ ਰਹੀ ਸੀ। ਗੁਰਮੁਖ ਸਿੰਘ ਨੂੰ ਪ੍ਰਕਾਸ਼ ਨੇ ਕੂਹਣੀ ਚੁਭਾਈ। ਗੁਰਮੁਖ ਸਿੰਘ ਨੇ ਮੁੜ ਕੇ ਦੇਖਿਆ ਪਿਛਲੀ ਤਾਕੀ ਲਾਗੇ ਇਕ ਨੌਜਵਾਨ ਬ੍ਰੈੱਨ ਗੰਨ ਤਾਣੀ ਖੜਾ ਹੈ। ਅਗਲੀ ਤਾਕੀ ਲਾਗੇ ਇਕ ਹੋਰ ਰਿਵਾਲਵਰ ਲਈ ਸਾਵਧਾਨ ਸੀ। ਡਰਦਾ ਕੋਈ ਉੱਚਾ ਸਾਹ ਨਹੀਂ ਸੀ ਲੈ ਰਿਹਾ।

ਗੁਰਮੁਖ ਸਿੰਘ ਨੇ ਪੁਕਾਰ ਕੇ ਕਿਹਾ, "ਓ ਸਿੰਘੋ, ਤੁਸੀਂ ਕੀ ਕਰਦੇ ਓ ?"

ਰਿਵਾਲਵਰ ਵਾਲੇ ਨੇ ਅੰਮ੍ਰਿਤਧਾਰੀ ਗੁਰਮੁਖ ਸਿੰਘ ਦੇ ਗਾਤਰੇ ਕਿਰਪਾਨ ਦੇਖ ਕੇ ਕਿਹਾ, "ਬਹਿ ਜਾਓ, ਸਿੰਘ ਜੀ। ਤੁਹਾਨੂੰ ਕੋਈ ਕੁਝ ਨਹੀਂ ਕਹਿੰਦਾ।"

ਗ਼ੈਰ-ਸਿੱਖ ਸੁਆਰੀਆਂ ਦੇ ਸਾਹ ਸੁੱਕ ਗਏ। ਅਗਲੇ ਨੌਜਵਾਨ ਨੇ ਬੱਸ ਧੀਮੀ ਕਰਵਾ ਕੇ ਡਰਾਈਵਰ ਤੋਂ ਦਰਿਆ ਦੇ ਰੁਖ ਜਾਂਦੀ ਇਕ ਛੋਟੀ ਸੜਕ 'ਤੇ ਮੁੜਵਾਈ। ਅੱਧ ਕੁ ਮੀਲ ਜਾਣ ਮਗਰੋਂ ਬੱਸ ਰੁਕਵਾਈ ਗਈ। ਰਿਵਾਲਵਰ ਵਾਲੇ ਨੇ ਕੜਕਵੀਂ ਆਵਾਜ਼ ਵਿਚ ਹੁਕਮ ਦਿੱਤਾ, "ਸਿੱਖ ਬੈਠੇ ਰਹਿਣ। ਬਾਕੀ ਸਾਰੇ ਉੱਤਰ ਜਾਣ।"

ਸਵਾਰੀਆਂ ਮਾਨੋ ਸੀਟਾਂ ਨਾਲ ਜੁੜ ਗਈਆਂ।

ਬ੍ਰੈੱਨ ਗੰਨ ਵਾਲੇ ਨੇ ਨਾਲੀ ਸਿੱਧੀ ਕਰਦਿਆਂ ਗਰਜ ਕੇ ਕਿਹਾ, "ਉੱਤਰਦੇ ਓ ਕਿ ਏਥੇ ਈ . . . ।"

"ਇਹ ਨਹੀਂ ਉਤਰਨਗੇ।" ਸਾਹਮਣਿਓਂ ਗੁਰਮੁਖ ਸਿੰਘ ਨੇ ਵੀ ਗਰਜ ਕੇ ਕਿਹਾ।

ਉਤਰਨ ਉਤਰਨ ਕਰਦੀਆਂ ਸੁਆਰੀਆਂ ਟਿਕ ਗਈਆਂ।

"ਇਨ੍ਹਾਂ ਦੀ ਥਾਂ 'ਤੇ ਤੂੰ ਮਰੇਂਗਾ ?"

"ਹਾਂ।"

"ਕਿਉਂ ?"

"ਇਹ ਸਾਰੇ ਮੇਰੇ ਭਰਾ ਨੇ। ਹਿੰਦੂ, ਮੁਸਲਮਾਨ, ਈਸਾਈ, ਸਿੱਖ ਸਭ ਮੇਰੇ ਵੀਰ ਨੇ। 'ਏਕ ਪਿਤਾ ਏਕਸ ਕੇ ਹਮ ਬਾਰਕ'।"

"ਬਹੁਤੀ ਗੁਰਬਾਣੀ ਨਾ ਘੋਟ, ਗੱਦਾਰਾ।"

ਤੜਾਕ ਕਰ ਕੇ ਗੋਲੀ ਚਲੀ ਤੇ ਗੁਰਮੁਖ ਸਿੰਘ ਮੋਢਾ ਫੜ ਕੇ ਝੁਕ ਗਿਆ। ਇਕ ਫੈਰ ਵਿਚ ਉਸ ਦੀਆਂ ਅੱਖਾਂ ਅਗੋਂ ਕਈ ਨਜ਼ਾਰੇ ਫਿਰ ਗਏ — ਗੁਰੂ ਤੇਗ ਬਹਾਦਰ ਜੀ, ਚਾਂਦਨੀ ਚੌਂਕ ਵਿਚ ਮਜ਼ਲੂਮਾਂ ਲਈ ਸੀਸ ਦਾਨ ਕਰਦੇ, ਭਾਈ ਕਨ੍ਹਈਆ ਜੀ ਜੰਗ ਦੇ ਮੈਦਾਨ ਵਿਚ ਦੋਸਤ ਦੁਸ਼ਮਣ ਦੋਹਾਂ ਨੂੰ ਜਲ ਛਕਾਉਂਦੇ, ਜਥੇਦਾਰ ਜੱਸਾ ਸਿੰਘ ਜੀ ਹਿੰਦ ਦੀਆਂ ਬੇਟੀਆਂ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਛੁੜਾ ਕੇ ਮਥਰਾ ਬਿੰਦਰਾਬਨ ਪਹੁੰਚਾਉਂਦੇ, ਬਾਬਾ ਦੀਪ ਸਿੰਘ ਜੀ ਅੱਧ-ਕੱਟੇ ਗਲ ਨਾਲ ਜੰਗ ਕਰਦੇ।

ਝੱਟ ਹੀ ਗੁਰਮੁਖ ਸਿੰਘ ਸਿੱਧਾ ਹੋ ਕੇ ਖਲੋ ਗਿਆ। "ਇਹ ਨਹੀਂ ਉਤਰਨਗੇ ਜਿੰਨਾ ਚਿਰ ਮੈਂ ਜੀਉਂਦਾ ਹਾਂ।" ਉਸਦਾ ਹੱਥ ਲਹੂ ਨਾਲ ਭਰਿਆ ਹੋਇਆ ਸੀ।

ਇਕਦਮ ਬੱਸ ਵਿਚ ਬੈਠੇ ਸਾਰੇ ਸਿੱਖ ਉੱਠ ਖਲੋਤੇ।

"ਬੱਸ ਵਿਚੋਂ ਕੋਈ ਨਹੀਂ ਉਤਰੇਗਾ", ਇਕ ਨੌਜਵਾਨ ਸਿੱਖ ਬੋਲਿਆ।

"ਅਸੀਂ ਸਾਰੇ ਇਨ੍ਹਾਂ ਨਾਲ ਮਰਾਂਗੇ" ਇਕ ਅਧਖੜ ਸਿੱਖ ਨੇ ਖੜਕ ਕੇ ਕਿਹਾ।

ਅੱਗੇ, ਪਿੱਛੇ, ਵਿਚਕਾਰ ਸਾਰੇ ਸਿੱਖ ਖੜੇ ਸਨ। ਗ਼ੈਰ-ਸਿੱਖਾਂ ਅੱਗੇ ਮਾਨੋ ਇਕ ਕੰਧ ਬਣ ਗਈ ਸੀ।

ਹਥਿਆਰਬੰਦ ਨੌਜਵਾਨ ਬੱਸ ਵਿਚੋਂ ਉਤਰ ਗਏ। ਕੁਝ ਚਿਰ ਮਗਰੋਂ ਡਰਾਈਵਰ ਨੇ ਬੱਸ ਮੋੜ ਲਈ।

ਪ੍ਰਕਾਸ਼ ਕੂਕਿਆ, "ਅੰਮ੍ਰਿਤਸਰ . . . ਉੱਡ ਕੇ। ਪਹਿਲੋਂ ਗੁਰੂ ਤੇਗ ਬਹਾਦਰ ਹਸਪਤਾਲ।"

ਕਾਤਲ ਦੀ ਪਛਾਣ

ਮਹਾਂ ਨਗਰ ਵਿਚ ਤਿੰਨ ਦਿਨ ਜਬਰ-ਜ਼ੁਲਮ ਦਾ ਤੂਫ਼ਾਨ ਆਇਆ ਰਿਹਾ ਸੀ। ਸ਼ਹਿਰ ਦੇ ਬਾਹਰਲੇ ਇਲਾਕਿਆਂ ਵਿਚ ਤੇ ਕੁਝ ਵਿਚਲੇ ਇਲਾਕਿਆਂ ਵਿਚ ਵੀ ਲਾਟਾਂ ਉਠਦੀਆਂ ਰਹੀਆਂ ਸਨ ਤੇ ਧੂੰਏ ਦੇ ਬੱਦਲ ਆਸਮਾਨ ਨੂੰ ਛੂੰਹਦੇ ਰਹੇ ਸਨ। ਦੁਕਾਨਾਂ ਲੁੱਟੀਆਂ ਗਈਆਂ ਸਨ ਤੇ ਬੂਹੇ ਖੁਲ੍ਹੇ ਪਏ ਸਨ, ਜਿਵੇਂ ਕਿਸੇ ਅੱਸੀ ਸਾਲ ਤੋਂ ਗਰੀਬ ਬੁੱਢੇ ਦਾ ਦੰਦਾਂ ਰਹਿਤ ਮੂੰਹ। ਵਿਚ ਵਿਚ ਕਈ ਦੁਕਾਨਾਂ ਬਿਲਕੁਲ ਬਚੀਆਂ ਹੋਈਆਂ ਸਨ — ਜਿਨ੍ਹਾਂ 'ਤੇ ਹਿੰਦੂ ਜਾਂ ਮੁਸਲਿਮ ਮਾਲਕੀਅਤ ਜ਼ਾਹਰ ਕਰਦੇ ਸਾਈਨ ਬੋਰਡ ਲੱਗੇ ਹੋਏ ਸਨ। ਜਵਾਨ ਤੇ ਅੱਧਖੜ ਸਿੱਖ ਚੁਣ ਚੁਣ ਕੇ ਮਾਰੇ ਗਏ ਸਨ। ਜਵਾਨ ਕੁੜੀਆਂ ਅਗਵਾ ਕੀਤੀਆਂ ਗਈਆਂ ਸਨ। ਕਈਆਂ ਨਾਲ ਬਲਾਤਕਾਰ ਕਰ ਕੇ ਕਤਲ ਕਰ ਦਿੱਤੀਆਂ ਗਈਆਂ ਸਨ।

ਸਾੜ-ਫੂਕ ਤੇ ਕਤਲੋ-.ਗਾਰਤ ਕਰਨ ਵਾਲੇ ਹਜੂਮ ਜਾਂ ਝੁੱਗੀ-ਝੌਂਪੜੀ ਵਾਸੀਆਂ ਦੇ ਸਨ ਜਾਂ ਓਪਰੇ ਲੋਕਾਂ ਦੇ ਜੋ ਮਹਾਂ ਨਗਰ ਦੇ ਵਸਨੀਕ ਨਹੀਂ ਸਨ। ਇਲਾਕੇ ਦੇ ਗੁੰਡੇ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ ਤੇ ਅੱਗੇ ਉਨ੍ਹਾਂ ਦੀ ਅਗਵਾਈ ਕਰ ਰਹੇ ਸਨ ਖੱਦਰਧਾਰੀ ਸਿਆਸੀ ਆਗੂ। ਇਉਂ ਮਲੂਮ ਹੁੰਦਾ ਸੀ ਕਿ ਇਹ ਕਤਲੋ-.ਗਾਰਤ ਕਿਸੇ ਗਿਣੀ ਮਿੱਥੀ ਸਾਜ਼ਿਸ਼ ਅਧੀਨ ਹੋ ਰਹੇ ਹੋਣ।

ਆਗੂਆਂ ਕੋਲ ਘਰਾਂ ਦੇ ਨੰਬਰਾਂ ਦੀਆਂ ਸੂਚੀਆਂ ਸਨ, ਤੇ ਸਿੱਖਾਂ ਦੇ ਘਰਾਂ ਨੂੰ ਚੁਣ ਚੁਣ ਕੇ, ਉਨ੍ਹਾਂ ਦੇ ਜੀਅ ਕਤਲ ਤੇ ਅਗਵਾ ਕੀਤੇ ਜਾ ਰਹੇ ਸਨ। ਘਰਾਂ ਨੂੰ ਲੁੱਟ ਕੇ ਅੱਗਾਂ ਲਾਈਆਂ ਜਾ ਰਹੀਆਂ ਸਨ। ਅੱਗਾਂ ਲਾਉਣ ਲਈ ਇਹ ਕਾਤਲ-ਗ੍ਰੋਹ ਮਣਾਂ-ਮੂਹੀਂ ਪੈਟ੍ਰੋਲ ਤੇ ਮਿੱਟੀ ਦਾ ਤੇਲ ਪੀਪਿਆਂ, ਕੈਨਾਂ ਤੇ ਡਰੰਮਾਂ ਵਿਚ ਲਈ ਫਿਰਦੇ ਸਨ। ਪੈਟ੍ਰੋਲ ਨੂੰ ਇਕ ਨਵੇਂ ਪ੍ਰਯੋਗ ਵਿਚ ਲਿਆਇਆ ਜਾ ਰਿਹਾ ਸੀ। ਕਿਸੇ ਨੂੰ ਲੋਹੇ ਦੀਆਂ ਸੀਖਾਂ, ਡਾਗਾਂ, ਕੁਹਾੜੀਆਂ ਨਾਲ ਅਧਮੋਇਆ ਕੀਤਾ, ਪੈਟ੍ਰੋਲ ਉਤੇ ਪਾਇਆ ਤੇ ਅੱਗ ਲਾ ਦਿੱਤੀ, ਜਾਂ ਜੀਉਂਦੇ 'ਤੇ ਹੀ ਪੈਟ੍ਰੋਲ ਸੁੱਟਿਆ, ਦੂਰੋਂ ਹੀ ਤੀਲੀ ਦਿਖਾਈ, ਭਭਾਕਾ ਉਠਿਆ, ਸਰੀਰ ਡਿੱਗਾ ਤੇ ਰੂਹ ਪਰਵਾਜ਼ ਕਰ ਗਈ, ਜਾਂ ਟਾਇਰ ਨੂੰ ਅੱਗ ਲਾਈ ਤੇ ਜੀਉਂਦੇ ਆਦਮੀ ਦੇ ਗਲ ਵਿਚ ਪਾ ਦਿੱਤਾ, ਤੇ ਉਸ ਨੂੰ ਤੜਫਦਾ ਭੁੜਕਦਾ ਤੇ ਭੱਜਦਾ ਦੇਖ ਕੇ ਗਿੱਧਿਆਂ ਦਾ ਤਾਲ ਦਿੱਤਾ। ਕਿੱਡਾ ਭਿਆਨਕ ਸੀ ਇਹ ਨਾਚ ! ਜੀਉਂਦੇ ਸੜਨ ਵਾਲਿਆਂ ਦੀਆਂ ਚੀਕਾਂ ਦਾ ਪੱਥਰ ਦੇ ਦਿਲਾਂ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ !

ਤੇ ਹੁਣ ਬਚੀਆਂ ਹੋਈਆਂ ਵਿਧਵਾਵਾਂ, ਔਂਤਰੀਆਂ ਬਣਾ ਦਿੱਤੀਆਂ ਮਾਵਾਂ ਅਤੇ ਯਤੀਮ ਬੱਚਿਆਂ ਤੇ ਬੱਚੀਆਂ ਲਈ ਰਿਫੀਊਜੀ ਕੈਂਪ ਬਣਾ ਦਿੱਤੇ ਗਏ ਸਨ। ਇਹ

ਦੇਸ਼ ਦੀ ਵੰਡ ਵੇਲੇ ਦੇ ਰਿਫੀਊਜੀ ਕੈਂਪਾਂ ਤੋਂ ਭਿੰਨ ਸਨ। ਇਹ ਆਪਣੇ ਦੇਸ਼ ਵਾਲਿਆਂ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਮਾਰ ਕੇ ਬਚ ਗਏ ਅਨਾਥ ਬੱਚਿਆਂ, ਬੇਚਾਰਾ ਬੁੱਢਿਆਂ ਤੇ ਬੇਸਹਾਰਾ ਵਿਧਾਵਾਵਾਂ ਲਈ ਬਣਾਏ ਸਨ।

ਇਕ ਇਹੋ ਜਿਹਾ ਕੈਂਪ ਨਦੀਓਂ ਪਾਰਲੇ ਮਹਾਂ ਨਗਰ ਦੇ ਹਿੱਸੇ ਵਿਚ ਬਣਾਇਆ ਗਿਆ ਸੀ। ਇਸ ਕੈਂਪ ਵਿਚ ਕੋਈ ਕੋਈ ਨੌਜਵਾਨ ਵੀ ਸਨ ਜਿਨ੍ਹਾਂ ਦੀ ਜਾਨ ਬਚਾਉਣ ਲਈ ਉਨ੍ਹਾਂ ਦੇ ਦੂਸਰੇ ਧਰਮ ਦੇ ਮਿੱਤਰਾਂ ਨੇ ਉਨ੍ਹਾਂ ਦੇ ਵਾਲ ਕਟ ਕੇ, ਹਜਾਮਤ ਕਰ ਕੇ, ਇਨ੍ਹਾਂ ਅਧਮੂਲ ਦੇ ਦਿਨਾਂ ਵਿਚ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਰੱਖਣ ਦਾ ਖ਼ਤਰਾ ਮੁੱਲ ਲਿਆ ਸੀ, ਤੇ ਮਗਰੋਂ ਇਸ ਕੈਂਪ ਵਿਚ ਪਹੁੰਚਾਇਆ ਸੀ। ਇਕ ਬੁੱਢਾ ਝੂਰ ਰਿਹਾ ਸੀ ਜਿਸ ਦਾ ਇਕੋ ਇਕ ਪੁੱਤਰ ਤੇ ਦੋ ਪੋਤਰੇ ਸਮੇਂ ਤੋਂ ਪਹਿਲੋਂ ਰੱਬ ਦੇ ਘਰ ਭੇਜ ਦਿਤੇ ਗਏ ਸਨ। ਔਹ ਪੱਥਰਾਈ ਨਜ਼ਰ ਵਾਲੀ ਅਧਖੜ ਤੀਵੀਂ ਜਿਸ ਦੇ ਪਤੀ ਨੂੰ ਮਾਰ ਕੇ ਪੈਟ੍ਰੋਲ ਪਾ ਕੇ ਅੱਗ ਲਾ ਦਿੱਤੀ ਗਈ ਸੀ, ਘਰ ਦਾ ਫਰਨੀਚਰ ਪਤੀ ਦੀ ਬਲਦੀ ਲਾਸ਼ 'ਤੇ ਪਾਉਂਦੀ ਰਹੀ ਸੀ ਤਾਂ ਜੋ ਉਸ ਦੇ ਪਤੀ ਦੀ ਦੇਹ ਦਾ ਪੂਰੀ ਤਰ੍ਹਾਂ ਸਸਕਾਰ ਹੋ ਜਾਵੇ। ਦੋ, ਤਿੰਨ, ਚਾਰ, ਸਾਲ ਦੇ ਕਈ ਬੱਚੇ ਇਕ ਥਾਂ ਢੇਰੀ ਹੋਏ ਹੋਏ ਸਨ, ਜਿਨ੍ਹਾਂ ਨੂੰ ਪਤਾ ਨਹੀਂ ਸੀ ਕਿ ਕੀ ਹੋ ਗਿਆ ਹੈ। ਇਕ ਘਰ ਦੀਆਂ ਸੱਤ ਵਿਧਵਾਵਾਂ ਸਨ, ਜਿਨ੍ਹਾਂ ਦੇ ਵੱਡੇ ਪਰਵਾਰ ਵਿਚੋਂ ਕੋਈ ਮਰਦ ਨਹੀਂ ਸੀ ਬਚਿਆ। ਸਿਆਲ ਦੇ ਦਿਨਾਂ ਵਿਚ ਇਨ੍ਹਾਂ ਸਭਨਾਂ ਕੋਲ਼ ਠੰਡ ਤੋਂ ਬਚਣ ਲਈ ਕੋਈ ਸਾਧਨ ਨਹੀਂ ਸਨ।

ਦਿਨ ਚੜ੍ਹਿਆ। ਸੂਰਜ ਨਿਕਲਿਆ। ਹੱਡਾਂ ਨੂੰ ਸੇਕ ਲੱਗਾ। ਕੂਕਾਂ, ਚੀਕਾਂ ਤੇ ਪੁਕਾਰਾਂ ਨੇ ਜਾ ਅੰਬਰ ਨੂੰ ਛੋਹਿਆ। ਟਰੱਕ ਆ ਗਏ ਜਿਨ੍ਹਾਂ ਵਿਚ ਪੁਰਾਣੇ ਕੰਬਲ ਤੇ ਰਜਾਈਆਂ ਸਨ। ਸੇਵਾਦਾਰ ਇਨ੍ਹਾਂ ਨੂੰ ਵੰਡਣ ਲੱਗੇ। ਕੁਝ ਉਹ ਲੈ ਲੈਂਦੇ ਸਨ, ਕੁਝ ਬੇਪਰਵਾਹੀ ਨਾਲ ਉਨ੍ਹਾਂ ਅੱਗੇ ਪਇਆਂ ਨੂੰ ਘੂਰ ਘੂਰ ਦੇਖਦੇ ਰਹਿੰਦੇ ਸਨ, ਤੇ ਕਈ ਦੰਦੋ-ੜਿਕੋ ਵਾਲੀ ਠੰਡ ਦੇ ਹੁੰਦਿਆਂ ਵੀ ਉਨ੍ਹਾਂ ਨੂੰ ਵਗਾਹ ਮਾਰਦੇ ਸਨ। ਕਈ ਬਦਅਸੀਸਾਂ ਦਿੰਦੇ ਸਨ। ਕੁਝ ਗਾਲ੍ਹਾਂ 'ਤੇ ਉਤਰ ਆਉਂਦੇ ਸਨ। ਇਕ ਜਵਾਨ ਤੀਵੀਂ ਸੁੰਨ ਵੱਟਾ ਹੋਈ ਹੋਈ ਸੀ। ਕਦੇ ਕਦੇ ਉਹ ਪਾਗਲਾਂ ਵਾਂਗ ਬੁੜਬੁੜਾਂਦੀ ਸੀ।

ਦਿਨ ਚੜ੍ਹਨ 'ਤੇ ਦੇਗਾਂ, ਵਲਟੋਹੇ ਤੇ ਲੋਹਾਂ ਆ ਗਈਆਂ ਸਨ। ਫੌਜੀ ਟਰੱਕਾਂ ਵਿਚ ਰਾਸ਼ਨ ਆ ਰਿਹਾ ਸੀ। ਲੰਗਰ ਵਾਲੀ ਥਾਂ 'ਤੇ ਕਨਾਤਾਂ, ਛੋਲਦਾਰੀਆਂ, ਚਾਨਣੀਆਂ ਲੱਗ ਰਹੀਆਂ ਸਨ। ਖੱਦਰ ਦੇ ਕੱਪੜਿਆਂ ਵਾਲੇ ਵਲੰਟੀਅਰ ਹਦਾਇਤਾਂ ਦੇ ਕੇ ਮਜ਼ਦੂਰਾਂ, ਦਿਹਾੜੀਦਾਰਾਂ ਤੇ ਲਾਂਗਰੀਆਂ ਕੋਲੋਂ ਕੰਮ ਸ਼ੁਰੂ ਕਰਵਾ ਰਹੇ ਸਨ। ਬਾਲਣ ਦੇ ਵੱਡੇ ਵੱਡੇ ਮੋਛਿਆਂ ਦਾ ਟਰੱਕ ਲੱਥ ਗਿਆ ਸੀ। ਕੁਝ ਲੋਕ ਜ਼ਮੀਨ ਪੁੱਟ ਕੇ ਚੁੱਲ੍ਹੇ ਬਣਾ ਰਹੇ ਸਨ। ਕਈ ਪੱਕੀਆਂ ਇੱਟਾਂ ਦੀਆਂ ਅੰਗੀਠੀਆਂ ਖੜੀਆਂ ਕਰ ਰਹੇ ਸਨ।

ਛਾਹ ਵੇਲੇ ਲਈ ਰਾਤ ਦੀਆਂ ਪੱਕੀਆਂ ਰੋਟੀਆਂ ਤੇ ਟੀਨਾਂ ਵਿਚ ਬਾਜ਼ਾਰੀ ਅਚਾਰ ਆ ਗਿਆ ਸੀ। ਇਕ ਅੰਗੀਠੀ ਵਿਚ ਲੱਕੜਾਂ ਨੂੰ ਪਲੀਤਾ ਲਾ ਕੇ ਚਾਹ ਲਈ ਇਕ ਦੇਗ ਧਰ ਦਿੱਤੀ ਗਈ ਸੀ ਤੇ ਬਾਲਟੀਆਂ ਨਾਲ ਇਸ ਵਿਚ ਪਾਣੀ ਪਾਇਆ ਜਾ ਰਿਹਾ ਸੀ।

ਕਿਸੇ ਵੇਲੇ ਕਿਸੇ ਤੀਵੀਂ ਦੇ ਵੈਣ ਦੀ ਦਿਲ-ਚੀਰਵੀਂ ਕੂਕ ਨਿਕਲਦੀ ਤੇ ਕਾਮੇਂ ਰੋਕ ਕੇ ਉਸ ਪਾਸੇ ਦੇਖਣ ਲੱਗ ਪੈਂਦੇ। ਕਿਸੇ ਕੁੱਟੇ ਮਾਰੇ ਬਜ਼ੁਰਗ ਦੀ ਗੁੱਝੀ ਸੱਟ ਦੀ ਪੀੜ ਚਸਕ ਉੱਠਦੀ ਤਾਂ ਉਹ ਚੀਕ ਉੱਠਦਾ। ਰੈਡ ਕ੍ਰਾਸ ਦਾ ਇਕ ਵੈਨ ਆ ਗਿਆ ਸੀ। ਇਹੋ ਜਿਹੇ ਲੋਕਾਂ ਨੂੰ ਉਹ ਹਸਪਤਾਲ ਪਹੁੰਚਾਉਂਦਾ ਸੀ। ਅਨਾਥ ਉਦਾਸ ਬੱਚੇ ਖੇਡਣ ਦੀ ਥਾਂ ਤੇ ਇਕ ਥਾਂ ਉਤੇ ਗੁੱਛਾ ਮੁੱਛਾ ਹੋਏ ਪਏ ਸਨ। ਕਈ ਅਚਾਨਕ ਚੀਕਾਂ ਮਾਰਨ ਲੱਗਦੇ ਸਨ, ਕਈ ਡੁਸਕਦੇ ਸਨ ਤੇ ਕਈ ਗੁੰਮ ਸੁੰਮ ਸਨ। ਹਰਕਤ ਦੇ ਸੋਮੇਂ ਮਨੁੱਖ ਗੋਹੇ ਦੇ ਫੋਸਾਂ ਤੇ ਧੱਦਾਂ ਵਾਂਗ ਬੇਹਰਕਤ ਪਏ ਸਨ। ਮਨੁੱਖਾਂ ਦਾ ਕੀ ਹਾਲ ਕਰ ਦਿਤਾ ਗਿਆ ਸੀ !

ਕੁਝ ਨੌਜਵਾਨ ਜੋ ਆਪਣੇ ਬਚਾਉਣ ਵਾਲਿਆਂ ਨੂੰ ਬਚਾਉਣ ਲਈ ਤੇ ਆਪਣੇ ਆਪ ਨੂੰ ਬਚਾਉਣ ਲਈ ਸਿਰ-ਮੂੰਹ ਮੁਨਾ ਕੇ ਬਚੇ ਸਨ, ਬੜੀ ਬੇਇਜ਼ਤੀ ਮਹਿਸੂਸ ਕਰ ਰਹੇ ਸਨ। ਉਹ ਆਪਣੀਆਂ ਅੱਖਾਂ ਨਾਲ ਆਪਣੇ ਅੰਦਰ ਦੇਖਦੇ ਤੇ ਸਿਰ ਹਿਲਾਉਂਦੇ ਸਨ। ਇਹ ਸਿਰ ਹਿਲਾਉਣਾ ਪਛਤਾਵੇ ਦਾ ਸੀ ਜਾਂ ਬਦਲਾ ਲੈਣ ਦੇ ਇਰਾਦੇ ਦਾ, ਇਸ ਦਾ ਨਿਰਣਾ ਕਰਨਾ ਮੁਸ਼ਕਲ ਸੀ।

ਦੋਪਹਿਰ ਤਕ ਕੈਂਪ ਦੇ ਲੋਕਾਂ ਲਈ ਖਾਣੇ ਦਾ ਮਾੜਾ-ਮੋਟਾ ਪ੍ਰਬੰਧ ਹੋ ਗਿਆ। ਕਈਆਂ ਨੇ ਪੇਟ ਨੂੰ ਝੁਲਕਾ ਦਿੱਤਾ। ਕੁਝ ਇਕ ਨੇ ਕੁਝ ਨਾ ਖਾਧਾ ਕੇਵਲ ਪਾਣੀ ਹੀ ਪੀਤਾ। ਇਕ ਦੋ ਜ਼ਨਾਨੀਆਂ ਨੇ ਪਾਣੀ ਵੀ ਨਾ ਪੀਤਾ, ਜਿਵੇਂ ਉਨ੍ਹਾਂ ਭੁੱਖੀਆਂ ਪਿਆਸੀਆਂ ਰਹਿ ਕੇ ਸਤੀ ਹੋਣ ਦਾ ਨਿਸਚਾ ਕੀਤਾ ਹੋਇਆ ਹੋਵੇ। ਉਨ੍ਹਾਂ ਵਿਚੋਂ ਉਹ ਪਥਰਾਈ ਨਜ਼ਰ ਵਾਲੀ ਜ਼ਨਾਨੀ ਵੀ ਸੀ ਜਿਸ ਦੇ ਮਿੱਟੀ ਨਾਲ ਲਿਬੜੇ ਲੰਮੇ ਵਾਲ ਗਲ ਵਿਚ ਪਏ ਹੋਏ ਸਨ, ਪਿੱਠ 'ਤੇ ਲਮਕੇ ਹੋਏ ਸਨ ਤੇ ਚਿਹਰੇ 'ਤੇ ਖਿਲਰੇ ਹੋਏ ਸਨ। ਉਸ ਦੇ ਸਹੁਰਿਆਂ-ਪੇਕਿਆਂ ਵਿਚੋਂ ਕੋਈ ਵੀ ਨਹੀਂ ਸੀ ਬਚਿਆ।

ਦੋਪਹਿਰ ਤੋਂ ਮਗਰੋਂ ਇਕ ਝੰਡੇ ਵਾਲੀ ਲੰਮੀ ਕਾਰ ਕੈਂਪ ਵਿਚ ਆਈ। ਕਾਰ ਦੀ ਲੰਮੀ ਡਿੱਗੀ ਵਿਚੋਂ ਫਲਾਂ ਦੀਆਂ ਪੇਟੀਆਂ ਉਤਾਰੀਆਂ ਗਈਆਂ। ਪੇਟੀਆਂ ਨੂੰ ਖੋਲ੍ਹਿਆ ਗਿਆ। ਕਾਰ ਦਾ ਮਾਲਕ ਇਕ ਖੱਦਰਧਾਰੀ ਸੀ। ਉਸ ਨੇ ਚੂੜੀਦਾਰ ਪਜਾਮਾ ਤੇ ਗਰਮ ਖੱਦਰ ਦੀ ਅਚਕਨ ਪਹਿਨੀ ਹੋਈ ਸੀ। ਨੌਕਦਾਰ ਗਾਂਧੀ ਟੋਪੀ ਉਸ ਦੇ ਸਿਰ ਤੇ ਥੋੜ੍ਹੀ ਜਿਹੀ ਇੱਕ-ਪਾਸੀ ਟਿੱਕੀ ਹੋਈ ਸੀ। ਇਹ ਦਰਮਿਆਨੇ ਕੱਦ ਦਾ, ਨਾ ਮੋਟਾ, ਨਾ ਪਤਲਾ ਆਦਮੀ ਸੀ। ਉਸ ਦੇ ਚਿਹਰੇ 'ਤੇ ਦੁੱਖ ਤੇ ਹਮਦਰਦੀ ਦੇ ਚਿੰਨ੍ਹ ਸਨ। ਸਾਰੇ ਕੈਂਪ ਵਿਚ ਖ਼ਬਰ ਤੇਜ਼ ਹਵਾ ਵਾਂਗ ਫਿਰ ਗਈ ਕਿ ਲੀਡਰ ਸਾਹਿਬ ਆਪਣੀ ਹੱਥੀਂ ਕੈਂਪ ਨਿਵਾਸੀਆਂ ਨੂੰ ਫਲ ਵੰਡਣਗੇ।

ਕੁਝ ਚਿਰ ਮਗਰੋਂ ਲੀਡਰ ਜੀ ਫਲ ਵੰਡਣ ਲਈ ਤੁਰ ਪਏ। ਇਕ ਆਦਮੀ ਖੁੱਲ੍ਹੀ ਹੋਈ ਪੇਟੀ ਨੂੰ ਫੜੀ ਉਨ੍ਹਾਂ ਦੇ ਮਗਰ ਮਗਰ ਤੁਰ ਰਿਹਾ ਸੀ ਤੇ ਉਹ ਉਸ ਵਿਚੋਂ ਸੇਬ ਚੁੱਕ ਚੁੱਕ ਕੇ ਵੰਡਦੇ ਜਾ ਰਹੇ ਸਨ। ਜਦੋਂ ਪੇਟੀ ਮੁੱਕ ਜਾਂਦੀ ਇਕ ਹੋਰ ਪੇਟੀ ਆ ਜਾਂਦੀ। ਬਹੁਤ ਸਾਰਿਆਂ ਨੇ ਸੇਬ ਲੈ ਲਏ। ਕਈ ਕਤਾਰਾਂ ਵਿਚ ਖੜੇ ਹੀ ਨਾ ਹੋਏ। ਬੱਚਿਆਂ ਨੇ ਸੇਬ ਲੈ ਲਏ। ਕਦੇ ਕਦੇ ਲੀਡਰ ਸਾਹਿਬ ਕਿਸੇ ਬੱਚੇ ਦੇ ਸਿਰ 'ਤੇ ਹੱਥ ਫੇਰਦੇ, ਠੋਡੀ ਤੋਂ ਫੜ ਕੇ ਪਿਆਰ ਕਰਦੇ, ਥਪਥਪਾਉਂਦੇ।

ਕਿਸੇ ਨੇ ਪੱਥਰਾਈਆਂ ਹੋਈਆਂ ਅੱਖਾਂ ਵਾਲੀ ਅੱਧਖੜ ਤੀਵੀਂ ਬਾਰੇ ਲੀਡਰ ਸਾਹਿਬ ਨੂੰ ਦੱਸਿਆ। ਉਹ ਹਮਦਰਦੀ ਪ੍ਰਗਟ ਕਰਨ ਲਈ ਕਤਾਰ ਵਿਚ ਨਾ ਆਈ। ਉਸ ਜ਼ਨਾਨੀ ਵੱਲ ਉਹ ਉਚੇਚੇ ਵਧੇ। ਉਸ ਜ਼ਨਾਨੀ ਨੇ ਆਏ ਆਗੂ ਵੱਲ ਦੇਖਿਆ ਹੀ ਨਾ। ਆਗੂ ਨੇ ਦੁੱਖ ਨਾਲ ਚੋ ਚੋ ਪੈਂਦੇ ਹਮਦਰਦੀ ਦੇ ਸ਼ਬਦ ਕਹੇ। ਸੇਬ ਪੇਸ਼ ਕੀਤੇ। ਪਰ ਨਾ ਉਸ ਇਸਤਰੀ ਨੇ ਸੇਬਾਂ ਵੱਲ ਧਿਆਨ ਕੀਤਾ, ਨਾ ਹੀ ਕਿਸੇ ਹੋਰ ਵੱਲ। ਉਹ ਜਿਵੇਂ ਪੱਥਰ ਦੀ ਮੂਰਤ ਹੋਵੇ।

ਕਿਸੇ ਜ਼ਨਾਨੀ ਨੇ ਉਸ ਨੂੰ ਝੂਣ ਦੇ ਕਿਹਾ, "ਦੇਖ ਬੀਬਾ, ਲੀਡਰ ਸਾਹਿਬ ਆਪ ਆਏ ਹਨ।"

ਉਸ ਤੀਵੀਂ ਦੀ ਨਜ਼ਰ ਲੀਡਰ ਸਾਹਿਬ 'ਤੇ ਪਈ। ਉਹ ਨਜ਼ਰ ਕਾਫੀ ਚਿਰ ਓਥੇ ਹੀ ਟਿਕੀ ਰਹੀ। ਫੇਰ ਅਚਾਨਕ ਉਹ ਕੂਕੀ, "ਇਹੋ ਹੈ, ਇਹੋ ਹੈ !"

ਤੇ ਫਿਰ ! ਇਹੋ ਹੈ, ਇਹੋ ਹੈ!' ਕਰਦਿਆਂ ਉੱਠ ਕੇ, ਉਸ ਤੀਵੀਂ ਨੇ ਝਟ ਖੱਦਰਪੋਸ਼ ਲੀਡਰ ਦੀ ਬਾਂਹ ਨੂੰ ਹੱਥ ਪਾ ਲਿਆ।

ਲੀਡਰ ਸਾਹਿਬ ਨੇ ਸਾਰੇ ਜ਼ੋਰ ਦੇ ਝਟਕੇ ਨਾਲ ਆਪਣੀ ਬਾਂਹ ਉਸ ਤੀਵੀਂ ਦੀ ਪਕੜ ਵਿਚੋਂ ਛੁਡਾ ਲਈ। ਫਿਰ ਉਹ ਤਿੱਖੀ ਚਾਲੇ ਉਲਟੇ ਰੁਖ਼ ਤੁਰ ਪਏ। ਉਸ ਤੀਵੀਂ ਨੂੰ 'ਇਹੋ ਈ ਏ, ਇਹੋ ਈ ਏ !' ਕਹਿੰਦਿਆਂ ਮਗਰ ਭਜਦੀ ਦੇਖ ਕੇ ਲੀਡਰ ਸਾਹਿਬ ਵੀ ਭੱਜ ਉਠੇ ਆਪਣੀ ਕਾਰ ਵੱਲ। "ਇਹ ਪਾਗਲ ਹੋ ਗਈ ਹੈ", ਉਨ੍ਹਾਂ ਦੌੜੀ ਜਾਂਦਿਆਂ ਕਿਹਾ, ਤੇ ਤੇਜ਼ੀ ਨਾਲ ਖਿੜਕੀ ਖੋਲ੍ਹ ਕੇ ਕਾਰ ਵਿਚ ਬਹਿੰਦਿਆਂ, ਫੁਰਤੀ ਨਾਲ ਉਹ ਸਟਾਰਟ ਕੀਤੀ ਅਤੇ ਅਹੁ ਗਏ, ਅਹੁ ਗਏ। ਉਨ੍ਹਾਂ ਦੀ ਕਾਰ ਦਾ ਡਰਾਈਵਰ ਓਥੇ ਹੀ ਹੈਰਾਨ ਖੜਾ ਸੀ।

ਉਹ ਤੀਵੀਂ ਕੂਕੀ ਜਾ ਰਹੀ ਸੀ, "ਓਹੋ ਸੀ, ਓਹੋ ਸੀ, ਇਹ ਬੁੱਚੜ ! ਉਨ੍ਹਾਂ ਕਾਤਲਾਂ ਦਾ ਆਗੂ ਜਿਨ੍ਹਾਂ ਮੇਰੇ ਸਾਰੇ ਪਰਵਾਰ ਨੂੰ ਕਤਲ ਕੀਤਾ, ਸਾਡੇ ਘਰ ਨੂੰ ਅਗ ਲਾਈ। ਤੇ ਤੁਸਾਂ ਉਸ ਨੂੰ ਜਾਣ ਦਿੱਤਾ ! ਹਾਇ ! ਤੁਸਾਂ ਉਹਨੂੰ ਜਾਣ ਦਿੱਤਾ !"

ਵਲੰਟੀਅਰ ਕਹਿਣ ਲੱਗੇ, "ਠੀਕ ਹੀ ਇਹ ਪਾਗਲ ਹੋ ਗਈ ਐ।"

ਪਰ ਕਈ ਮਜ਼ਲੂਮਾਂ ਨੇ ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਬਿਨਾਂ ਬੋਲਿਆਂ ਕਿਹਾ, "ਇਹ ਤੀਵੀਂ ਪਾਗਲ ਨਹੀਂ, ਕਹਿਰ ਤੇ ਜ਼ੁਲਮ ਦੀ ਮਾਰੀ ਹੋਈ ਐ, ਪਰ ਸੱਚੀ ਐ।"

ਨੈਸ਼ਨਲ ਪ੍ਰੈੱਸ ਆਫ ਇੰਡੀਆ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-6 ਤੋਂ ਲੈਜ਼ਰ ਟਾਈਪਸੈਟਿੰਗ ਹੋ ਕੇ ਤਰੰਗ ਪ੍ਰਿੰਟਰਜ਼ ਲਕਸ਼ਮੀ ਨਗਰ, ਦਿੱਲੀ ਤੋਂ ਛਪੀ।